60 ਜਨਵਰੀ-ਮਾਰਚ, 2021

# ਕਹਾਣੀ ਧਾਰਾ



ਵਿਸ਼ੇਸ਼ ਅੰਕ:
ਨਾਰੀ ਕਥਾਕਾਰੀ: ਵਰਜਿਤ ਰਿਸ਼ਤੇ, 'ਮਕਾਨ' 'ਚੋਂ 'ਘਰ' ਲਈ ਤੜਫ

60 ਜਨਵਰੀ-ਮਾਰਚ,2021

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971
ISSN: 2321-4449



e-mail:
kahanidhara@gmail.com
bhagwantrasulpuri@gmail.com

ਸੰਪਾਦਕ:
ਭਗਵੰਤ ਰਸੂਲਪੁਰੀ
94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 50 ਰੁਪਏ, 10 ਅੰਕ: 500 ਰੁਪਏ ,
10 ਅੰਕ: ਡਾਲਰ 100 ਤੇ ਪੌਂਡ 80,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।



Title Painting: Savi Savarkar

The aesthetics and the politics of his art make Savindra "Savi" Sawakar quite possibly the most challenging dalit artist today. His representations track the interplay between meaning and power within hierarchical regimes of religion, caste, gender, and politics, while drawing upon distinctive artistic and ideological influences. Critical explorations of Savi's representations cannot shy away from the contexts they evoke, pointing rather toward a historical anthropology of a distinctive art and, what we might call, a critical ethnography of a dalit imagination.

I first met Savi in the late autumn of 1999. It was an entirely unexpected encounter, at a party celebrating deepawali (festival of lights) held in the bright premises of the Indian Embassy in Mexico City. As well-dressed women and smartly-spruced men came and went, speaking of friends and family, a dark man in casual clothes walked up to the quiet corner where I was fleeing from the fiesta. He introduced himself as Savi, an artist, who had recently arrived with three other sculptors and painters from India, on an exchange programme between the Mexican and Indian governments.

- Saurabh Dube

ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ

| | |
|---|---|
| Account Name | Account Name |
| **Kahani Dhara** | **Bhagwant Rasulpuri** |
| Current Account: 30111525066 | Account No.: 65089711724 |
| IFS Code: SBIN0002394 | IFS Code: SBIN0050485 |
| State Bank of India | State Bank of India |
| Khurla Kingra, Jalandhar | G.T.B. Nagar, Jalandhar |

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kirhanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਜਨਵਰੀ, 2021)'

*ਜਨਵਰੀ-ਮਾਰਚ,2021 ਅੰਕ :60*

**KAHANI DHARA (Punjabi Quarterly) R.N.I.Regd No.PUN PUN/2006/19971**
**ISSN: 2321- 4449**

**e-mail:**
kahanidhara@gmail.com
**ਸੰਪਾਦਕ :**
**ਭਗਵੰਤ ਰਸੂਲਪੁਰੀ**

## *ਇਕ ਅੰਕ ਵਿਚ*

*ਸੰਪਾਦਕੀ*
1. ਨਾਰੀ ਕਥਾਕਾਰੀ : ਵਰਜਿਤ ਰਿਸ਼ਤੇ, 'ਮਕਾਨ' 'ਚੋਂ 'ਘਰ' ਲਈ ਤੜਫ਼ 2
*ਵਿਚਾਰ ਚਰਚਾ :*
ਪੰਜਾਬੀ ਨਾਰੀ ਕਥਾਕਾਰੀ, ਸਿਰਜਣਾ, ਦ੍ਰਿਸ਼ਟੀ ਅਤੇ ਸਮਾਜਿਕ ਸਮਝ 8
1. ਕੁਲਬੀਰ ਬਡੇਸਰੋਂ 9
2. ਸਰਘੀ 17
3. ਨਿਰਮਲ ਜਸਵਾਲ 20
4. ਵਿਸ਼ਵ ਜੋਤੀ ਧੀਰ 25
5. ਤ੍ਰਿਪਤਾ ਕੇ. ਸਿੰਘ 30
6. ਨਰਿੰਦਰ ਕੌਰ ਭੱਚੂ 34
7. ਗੁਰਮੀਤ ਪਨਾਗ 40
8. ਦੀਪਤੀ ਬਬੂਟਾ 43
9. ਬਲਵੀਰ ਕੌਰ ਰੀਹਲ 47
*ਕਹਾਣੀਆਂ*
1. ਵਸ਼ੀਕਰਣ / ਦੀਪਤੀ ਬਬੂਟਾ 54
2. ਵੈੱਲ ਪਾਵਰ / ਨਰਿੰਦਰ ਕੌਰ ਭੱਚੂ 66
3. ਮੈਂ ਆਪ ਨਾ ਲਾਈਆ ਵੇ / ਬਲਵੀਰ ਕੌਰ ਰੀਹਲ 72
4. ਲਿਪ ਗਲੌਸ / ਅਰਵਿੰਦਰ ਕੌਰ ਧਾਲੀਵਾਲ 76
5. ਝੱਲੀ / ਸਿੰਮੀਪ੍ਰੀਤ ਕੌਰ 85
6. ਮਛਲੀ ਜਲ ਕੀ ਰਾਨੀ ਹੈ / ਵਿਪਨ ਗਿੱਲ 94
7. ਸ਼ਤਰੰਜ / ਕਮਲ ਸੇਖੋਂ 111
8. ਬੌਗਨਵਿਲੀਆ / ਜਸਪਾਲ ਕੌਰ 117
9. ਦੂਰ ਦਿਸੇਂਦੀ ਰੋਸ਼ਨ ੀ/ ਗੁਰਮੀਨ ਕੌਰ 125
*ਨਵੀਨ ਕਹਾਣੀ ਧਾਰਾ*
1. ਬੇਬਸੀ / ਅਨੁਰਾਧਾ 131
*ਆਲੋਚਨਾ ਲੇਖ:*
1. ਸਿਆਸਤ ਖੇਡ ਸਿਆਸਤ / - ਡਾ. ਮਿਨਾਕਸ਼ੀ ਰਾਠੌਰ 135
2. ਸੂਖਮ ਵਿਅੰਗ ਦੀ ਬੁਣਤੀ ਵਾਲੀਆਂ ਕਹਾਣੀਆਂ : ਜਨਾਨੀ ਪੌਦ / - ਜਸਵਿੰਦਰ ਕੌਰ ਬਿੰਦਰਾ 142
3. ਖੇਤੀ ਨਿਧਾਨ ਪੁਰਖਿਆਂ ਦੀ ਸੰਜੀਦਗੀ ਦਾ ਤ੍ਰਾਸਦੀਨਾਮਾ:ਆਖ਼ਰੀ ਬਾਬੇ – ਡਾ. ਗੁਰਮੀਤ ਸਿੰਘ ਬੈਦਵਾਣ 147
4. ਯਾਦੂਈ ਯਥਾਰਥਵਾਦ : ਅੰਬਰ ਪਰੀਆਂ /– ਡਾ. ਅਮਨਦੀਪ ਸਿੰਘ 151
*ਹੁੰਗਾਰਾ* 157



**ਸੰਪਾਦਕੀ**

# ਨਾਰੀ ਕਥਾਕਾਰੀ: ਵਰਜਿਤ ਰਿਸ਼ਤੇ, 'ਮਕਾਨ' 'ਚੋਂ 'ਘਰ' ਲਈ ਤੜਫ਼

ਜਦੋਂ ਮੈਂ ਨਾਰੀ ਕਥਾਕਾਰ ਦੀਆਂ ਏਸ ਅੰਕ ਵਿਚ ਸਾਮਿਲ ਕੀਤੀਆਂ ਕਹਾਣੀਆਂ ਬੱਝਵੇਂ ਰੂਪ ਵਿਚ ਪੜ੍ਹੀਆਂ ਅਤੇ ਨਾਲ ਹੀ ਨਾਰੀ ਕਥਾਕਾਰਾਂ ਵੱਲੋਂ ਲਿਖੇ ਮੇਰੇ ਵੱਲੋਂ ਭੇਜੇ ਸਵਾਲਾਂ ਦੇ ਜਵਾਨ ਪੜ੍ਹੇ ਤਾਂ ਮੇਰੇ ਮਨ ਵਿਚ ਪ੍ਰਸਿੱਧ ਕਥਾਕਾਰ ਅਜੀਤ ਕੌਰ ਦੇ ਕੁਝ ਵਾਕ ਘੁੰਮਣ ਲੱਗੇ। ਇਹ ਵਾਕ ਸਮਕਾਲ 'ਚ ਨਾਰੀ ਕਥਾਕਾਰਾਂ ਵੱਲੋਂ ਲਿਖੀ ਜਾ ਰਹੀ ਕਹਾਣੀ ਲਈ ਬਹੁਤ ਅਹਿਮ ਹਨ। ਅਜੀਤ ਕੌਰ ਕਹਿੰਦੀ ਏ, "ਔਰਤ ਮਰਦ ਦੇ ਵਿਚਕਾਰ ਕਈ Line of communications ਹੁੰਦੀਆਂ ਨੇ। ਕਈ ਵਾਰੀ ਇਕ ਅੱਧ ਵੀ ਕਾਇਮ ਹੋਵੇ–ਬਾਕੀ ਟੁੱਟ ਜਾਣ... ਤਾਂ ਭਾਵੇਂ ਓਪਰੀ ਓਪਰੀ ਹੀ, ਗੱਲ ਬਣੀ ਰਹਿੰਦੀ ਏ। ਪਰ ਕਈ ਵਾਰੀ ਸਾਰੀਆਂ ਲਾਈਨਾਂ ਵਿਚੋਂ ਇਕ ਵੀ ਟੁੱਟ ਜਾਵੇ ਤਾਂ ਬੱਸ ਖਤਮ 'ਘਰ' ਇਹਨਾਂ ਵਿਚੋਂ ਕਮਿਊਨੀਕੇਸ਼ਨ ਦੀ ਇਕ ਲਾਈਨ ਏ, ਬੱਸ। ...ਪਰ ਅਸਲ ਵਿਚ ਰਿਸ਼ਤੇ ਜੋੜਨ ਤੇ ਤੋੜਨ ਵਾਲੀਆਂ ਗੱਲਾਂ ਤੇ ਚੀਜ਼ਾਂ ਬਹੁਤ subtle ਹੁੰਦੀਆਂ ਨੇ... ਸੂਖ਼ਮ।"

ਅਜੀਤ ਕੌਰ ਦੀ ਨਾਰੀ ਜਿਵੇਂ 'ਮਕਾਨ' ਵਿਚੋਂ ਨਿਕਲ ਕੇ 'ਘਰ' 'ਚ ਜਾਣਾ ਚਾਹੁੰਦੀ ਹੈ, ਉਂਝ ਹੀ ਏਸ ਅੰਕ 'ਚ ਛਪੀਆਂ ਨਾਰੀ ਕਹਾਣੀਕਾਰਾਂ ਦੀਆਂ ਕਹਾਣੀਆਂ ਵੀ 'ਮਕਾਨ' ਵਿਚੋਂ ਨਿਕਲ ਕੇ 'ਘਰ' ਦੀ ਤਲਾਸ਼ 'ਚ ਭਟਕਦੀਆਂ ਹਨ। 'ਮਕਾਨ' ਤੇ 'ਘਰ' ਵਿਚਲੇ ਪਾੜੇ ਨੂੰ ਸਮਝਣ ਲਈ ਇਨ੍ਹਾਂ ਕਹਾਣੀਆਂ ਦੇ ਸਮਾਜਿਕ ਯਥਾਰਥ ਨੂੰ ਸਮਝਣ ਦੀ ਅੱਜ ਵੀ ਓਨੀ ਲੋੜ ਹੈ, ਜਿਨੀ ਅਜੀਤ ਕੌਰ ਦੇ ਸਮੇਂ ਸੀ। ਅਸੀਂ ਭਾਵੇਂ ਅੱਜ 21 ਵੀਂ ਸਦੀ ਦੇ ਦੋ ਦਹਾਕੇ ਪਾਰ ਕਰ ਲਏ ਹਨ ਪਰ 'ਔਰਤ' ਅੱਜ ਵੀ 'ਘਰ' ਦੀ ਤਲਾਸ਼ ਵਿਚ ਭਟਕ ਰਹੀ ਹੈ।

ਸੰਪੂਰਨ ਘਰ ਦੇ ਸੁਪਨੇ ਨੂੰ ਨਾ ਤਾਂ ਇੱਟਾਂ–ਸੀਮੈਂਟ ਦੇ ਘਰ ਨਾਲ ਸਕਾਰ ਕੀਤਾ ਜਾ ਸਕਦਾ ਹੈ ਨਾ ਹੀ ਕਥਿਤ 'ਸਾਂਝਾ', 'ਬੱਚਿਆਂ', 'ਰੋਟੀ ਦੇ ਜੁਗਾੜ' ਨਾਲ ਸਕਾਰ ਕੀਤਾ ਜਾ ਸਕਦਾ ਹੈ। ਅਸਲ ਮਸਲਾ ਔਰਤ–ਮਰਦ ਦੇ ਨਿਰਸਵਾਰਥ ਸਬੂਤੇ ਸੰਬੰਧਾਂ ਦਾ ਹੈ। ਦੋਹਾਂ ਦੀ ਸ਼ਖ਼ਸੀਅਤ ਦੀ ਸੁਤੰਤਰਤਾ ਦਾ ਹੈ। ਜਦੋਂ ਇਨ੍ਹਾਂ ਸਾਰੇ ਕਾਰਜਾਂ ਵਿਚ ਰੋਕਾ ਖੜੀਆਂ ਹੋ ਜਾਂਦੀਆਂ ਹਨ ਤਾਂ ਅਨੇਕ ਪ੍ਰਕਾਰ ਦੇ ਮਾਨਸਿਕ, ਦੈਹਿਕ, ਆਰਥਿਕ ਸੰਕਟ ਖੜੇ ਹੋ ਜਾਂਦੇ ਹਨ। ਇਹ ਸੰਕਟ ਅਜੀਤ ਕੌਰ ਦੇ ਸਮੇਂ ਵੀ ਸਨ ਅਤੇ ਅੱਜ 21 ਵੀ ਸਦੀ ਵਿਚ ਹੋਰ ਭਿਆਨਿਕ ਹੋ ਰਹੇ ਹਨ। ਇਨ੍ਹਾਂ ਸੰਕਟਾਂ ਦੀਆਂ ਸ਼ਕਲਾ ਭਾਵੇਂ ਬਦਲ ਗਈਆਂ ਹਨ ਪਰ ਜੜ੍ਹਾਂ ਇਕੋ ਜਿਹੀਆਂ ਵੇਖਣ ਤੇ ਸਮਝਣ ਨੂੰ ਮਿਲਦੀਆਂ ਹਨ।

ਅਜੀਤ ਕੌਰ ਦੀ ਕਹਾਣੀ ਦਾ ਮੁੱਖ ਥੀਮ 'ਫਾਲਤੂ ਔਰਤ' ਅਤੇ ਦੂਜੇ ਪਾਸੇ 'ਅੱਧਾ ਆਦਮੀ' ਹੈ। ਸਮਕਾਲੀ ਨਾਰੀ ਕਹਾਣੀ ਵਿਚ ਵੀ ਇਹ ਥੀਮ ਉਭਰਦਾ ਹੈ। ਇਸ ਦੀ ਝਲਕ ਹੱਥਲੇ ਅੰਕ ਵਿਚ ਵੀ ਪਾਠਕ ਵੇਖ, ਪੜ੍ਹ ਤੇ ਸਮਝ ਸਕਦੇ ਹਨ। ਅਜੀਤ ਕੌਰ ਦੀਆਂ ਕਹਾਣੀਆਂ ਦੇ ਪਾਤਰ ਔਰਤ ਨੂੰ ਕੇਵਲ 'ਫਾਲਤੂ' ਸਮਝਦੇ ਹਨ। ਮੁਹੱਬਤ ਉਨ੍ਹਾਂ ਲਈ ਸਾਈਡ ਬਿਜ਼ਨੈੱਸ ਹੈ। ਦੀਪਤੀ ਬਬੂਟਾ (ਵਸ਼ੀਕਰਣ), ਬਲਵੀਰ ਕੌਰ ਰੀਹਲ (ਮੈਂ ਆਪ ਨਾ ਲਾਈਆ ਵੇ), ਅਰਵਿੰਦਰ ਕੌਰ ਧਾਲੀਵਾਲ (ਲਿਪ ਗਲੌਸ), ਸਿੰਮੀਪ੍ਰੀਤ ਕੌਰ (ਝੱਲੀ), ਵਿਪਨ ਗਿੱਲ (ਮਛਲੀ ਜਲ ਕੀ ਰਾਨੀ ਹੈ), ਕਮਲ ਸੇਖੋਂ (ਸ਼ਤਰੰਜ), ਜਸਪਾਲ ਕੌਰ (ਬੌਗਨਵਿਲੀਆ), ਗੁਰਮੀਨ ਕੌਰ (ਦੂਰ ਦਿਸੇਂਦੀ ਰੋਸਨੀ) ਕਹਾਣੀ ਵਿਚ ਫਾਲਤੂ ਔਰਤ, ਅੱਧਾ ਅਧੂਰਾ ਆਦਮੀ, 'ਮਕਾਨ' ਤੇ 'ਘਰ' ਵਰਗੇ ਚਿਹਨ ਪ੍ਰਮੁੱਖਤਾ ਨਾਲ ਸਿੱਧੇ–ਅਸਿੱਧੇ ਵੇਖਣ ਨੂੰ ਮਿਲ ਜਾਂਦੇ ਹਨ। ਇਨ੍ਹਾਂ ਕਹਾਣੀਆਂ ਵਿਚ ਸਾਬਤ ਸਬੂਤੇ ਘਰ ਦਾ ਸੁਪਨਾ ਏਸ ਲਈ ਪੂਰਾ ਨਹੀਂ ਹੁੰਦਾ, ਕਿਉਂਕਿ ਸਾਲਮ

ਸਬੂਤਾ ਮਰਦ ਉਨ੍ਹਾਂ ਦੇ ਸੰਪਰਕ 'ਚ ਆਉਂਦਾ ਹੀ ਨਹੀਂ। ਏਹ ਉਪਰੋਕਤ ਚਿਹਨ ਤ੍ਰਿਪਤਾ ਕੇ. ਸਿੰਘ, ਸਰਘੀ, ਕੁਲਬੀਰ ਬਡੇਸਰੋਂ, ਸੁਰਿੰਦਰ ਨੀਰ, ਪਰਵੇਜ਼ ਸੰਧੂ, ਵਿਸ਼ਵ ਜੋਤੀ ਧੀਰ, ਦੀਪਤੀ ਬਬੂਟਾ, ਗੁਰਮੀਤ ਪਨਾਗ, ਨਿਰਮਲ ਜਸਵਾਲ, ਬਲਵੀਰ ਰੀਹਲ, ਨਰਿੰਦਰ ਕੌਰ ਭੱਚੂ ਵਰਗੀਆਂ ਸਮਕਾਲ ਵਿਚ ਕਹਾਣੀਆਂ ਲਿਖ ਰਹੀਆਂ ਨਾਰੀ ਕਹਾਣੀਕਾਰਾਂ ਵਿਚ ਵੀ ਵੇਖਣ-ਪੜ੍ਹਨ ਨੂੰ ਮਿਲਦੇ ਹਨ। ਭਾਵੇਂ ਕਿ ਇਨ੍ਹਾਂ ਦੀ ਕਹਾਣੀ ਦੇ ਵਿਸ਼ੇ ਹੋਰ ਧਰਾਤਲਾਂ ਵਾਲੇ ਵੀ ਹਨ। ਪਰ ਅੱਜ ਦੀਆਂ ਨਾਰੀ ਕਥਾਕਾਰਾਂ ਸਥਾਪਤ ਕਦਰਾਂ ਕੀਮਤਾਂ ਨੂੰ ਚੁਣੌਤੀ ਦਿੰਦੀਆਂ ਹਨ ਜਿਹੜਾ ਕਿ ਔਰਤ ਦੀ ਆਜ਼ਾਦੀ ਦਾ ਪ੍ਰਤੀਕ ਹੈ। ਇਹ ਕਹਾਣੀਕਾਰਾਂ ਕਹਾਣੀਆਂ ਵਿਚ ਪੇਸ਼ ਨਾਰੀ ਪਿਆਰ ਉੱਤੇ ਲੱਗੀਆਂ ਬੰਦਸਾਂ ਨੂੰ ਵੀ ਤੋੜ ਰਹੀਆਂ ਹਨ। ਉਨ੍ਹਾਂ ਦੀ ਦੇਹ ਉੱਤੇ ਤਾਂ ਮਰਦ ਕਾਬਜ ਹੋ ਜਾਂਦਾ ਹੈ ਪਰ ਮਨ 'ਤੇ ਨਹੀਂ।

ਸਿੱਧੇ ਰੂਪ ਵਿਚ ਇਹ ਕਹਾਣੀਆਂ 'ਜਿਨਸੀ ਭ੍ਰਿਸ਼ਟਾਚਾਰ' ਨੂੰ ਪੇਸ਼ ਕਰਦੀਆਂ ਹਨ। ਭਾਵੇਂ ਕਿ ਖੁੱਲ੍ਹੇ ਜਿਨਸੀ ਸੰਬੰਧਾਂ ਨੂੰ ਔਰਤ ਦੀ ਆਜ਼ਾਦੀ ਨਾਲ ਜੋੜਨ ਦਾ ਖ਼ਿਆਲ ਪੱਛਮ ਤੋਂ ਆਇਆ ਮੰਨਿਆ ਗਿਆ ਹੈ ਪਰ ਸਾਡੀ ਭਾਰਤੀ ਸੰਸਕ੍ਰਿਤੀ ਵਿਚ ਇਸ ਦੀਆਂ ਜੜ੍ਹਾਂ ਬਹੁਤ ਪੁਰਾਣੀਆਂ ਹਨ। ਅਜੰਤਾਂ ਆਲੋਰਾ ਦੀ ਮੂਰਤੀਆਂ ਅਤੇ ਵਾਤਸਇਨ ਦੇ 'ਕਾਮ ਸੂਤਰ' ਰਾਹੀਂ ਅਸੀਂ ਇਨ੍ਹਾਂ ਨੂੰ ਸਮਝ ਸਕਦੇ ਹਾਂ। ਏਥੇ ਮਸਲਾ ਜਿਨਸੀ ਖੇਡ 'ਚ ਔਰਤ ਦੀ ਬਰਾਬਰੀ ਦਾ ਨਹੀਂ ਸਗੋਂ ਜ਼ਿੰਦਗੀ ਦੀ ਖੇਡ 'ਚ ਔਰਤ ਦੀ ਬਰਾਬਰੀ ਦਾ ਹੈ। ਜਦੋਂ ਇਸ ਵਿਚ ਵਿਕਾਰ ਆਉਂਦੇ ਹਨ ਤਾਂ ਨਾਰੀ ਦੀ ਸਮਾਜਿਕ ਸਥਿਤੀ ਹਾਸ਼ੀਏ 'ਤੇ ਚਲੇ ਜਾਂਦੇ ਹੈ। ਉਹ ਮਾਨਸਿਕ ਕਸ਼ਟ ਝੱਲਦੀ ਹੈ।

'ਮਕਾਨ' ਤੋਂ 'ਘਰ' ਵੱਲ ਅੱਜ ਦੀ ਨਾਰੀ ਜਿਹੜਾ ਸਫ਼ਰ ਕਰਦੀ ਹੈ। ਉਸ ਸਫ਼ਰ ਵਿਚ ਜਿਹੜੇ ਆਰਥਿਕ, ਸਮਾਜਿਕ, ਮਾਨਸਿਕ ਮਸਲੇ ਆਉਂਦੇ ਹਨ ਅਤੇ ਉਨ੍ਹਾਂ ਮਸਲਿਆਂ ਵਿਚੋਂ ਜਿਹੜਾ 'ਜਿਨਸੀ ਭ੍ਰਿਸ਼ਟਾਚਾਰ' ਪੈਦਾ ਹੁੰਦਾ ਹੈ ਅੱਜ ਦੀ ਨਾਰੀ ਕਥਾਕਾਰ ਉਨ੍ਹਾਂ ਨੂੰ ਪ੍ਰਮੁੱਖਤਾ ਨਾਲ ਉਭਾਰ ਰਹੀ ਹੈ। ਇਹ ਸੰਭਾਵਨਾਵਾਂ ਬੀਜ ਰੂਪ 'ਚ ਨਹੀਂ ਬਲਕਿ ਵਿਕਸਿਤ ਰੂਪ ਵਿਚ ਵਿਦਮਾਨ ਹਨ। ਭਾਵੇਂ ਕਿ ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਅੱਜ ਦੀ ਨਾਰੀ ਕਥਾਕਾਰ ਇਨ੍ਹਾਂ ਮਸਲਿਆਂ ਤੋਂ ਪਾਰ ਜਾ ਕੇ ਵੀ ਕਹਾਣੀ ਦੀ ਪੂਰੀ ਸਮਰੱਥਾ ਨਾਲ ਸਿਰਜਣਾ ਕਰ ਰਹੀ ਹੈ। ਪਾਠਕ ਸਰਘੀ ਦੀ ਕਹਾਣੀ 'ਰਬਾਬੀ', ਕੁਲਬੀਰ ਬਡੇਸਰੋਂ ਦੀ ਕਹਾਣੀ 'ਤੁਸੀਂ ਕਿਓਂ ਉਦਾਸ ਹੋ?' ਤੇ ਦੀਪਤੀ ਬਬੂਟਾ ਦੀ ਕਹਾਣੀ 'ਭਗਵੇ ਬਦਲਾ 'ਚ' ਨੂੰ ਵੇਖ ਸਕਦੇ ਹਨ। ਹੋਰ ਕਹਾਣੀਆਂ ਵੀ ਹੋਣ ਗੀਆਂ।

ਸਮਕਾਲ ਦੀ ਨਾਰੀ ਕਥਾਕਾਰੀ ਦੀ ਗੱਲ ਕਰਦਿਆਂ ਮੈਂ ਮੁਢਲੀਆਂ ਨਾਰੀ ਕਥਾਕਾਰ ਦੀ ਦ੍ਰਿਸ਼ਟੀ ਅਤੇ ਸਮਾਜ ਪ੍ਰਤੀ ਉਨ੍ਹਾਂ ਦੀ ਪਹੁੰਚ ਬਾਰੇ ਗੱਲ ਕਰਨੀ ਵੀ ਜ਼ਰੂਰੀ ਸਮਝਦਾ ਹਾਂ। ਅੰਮ੍ਰਿਤਾ ਪ੍ਰੀਤਮ ਉਸ ਵੇਲੇ ਪੰਜਾਬੀ ਸਾਹਿਤ ਵਿਚ ਹਾਜ਼ਰੀ ਭਰਦੀ ਹੈ, ਜਦੋਂ ਨਾਰੀ ਲੇਖਕਾਵਾਂ ਹੈ ਹੀ ਨਹੀਂ ਸਨ। ਉਸ ਨੇ ਭਾਵੇਂ ਕਵਿਤਾ ਦੇ ਨਾਲ ਨਾਲ ਨਾਵਲਾਂ ਦੀ ਸਿਰਜਣਾ ਵੀ ਕੀਤੀ ਪਰ ਏਥੇ ਉਸ ਦੀ ਕਹਾਣੀ ਬਾਰੇ ਗੱਲ ਕਰਨੀ ਬਣਦੀ ਹੈ। ਏਸ ਵੇਲੇ ਮੇਰੇ ਜ਼ਿਹਨ ਵਿਚ ਉਸ ਦੀਆਂ ਕਹਾਣੀਆਂ 'ਸ਼ਾਹ ਦੀ ਕੰਜਰੀ', 'ਮੁਰੱਬਿਆਂ ਵਾਲੀ', 'ਲਟੀਆ ਦੀ ਛੋਕਰੀ', 'ਮਿੱਟੀ ਦੀ ਜ਼ਾਤ', 'ਹੀਰੇ ਦੀ ਕਣੀ', 'ਜੰਗਲੀ ਬੂਟੀ' ਘੁੰਮ ਰਹੀਆਂ ਹਨ। ਜਦੋਂ ਅੰਮ੍ਰਿਤਾ ਪ੍ਰੀਤਮ ਦੀ ਨਾਰੀ ਚੇਤਨਾ ਵਾਲੀਆਂ ਕਹਾਣੀਆਂ ਲਿਖਣ ਲੱਗੀ ਤਾਂ ਉਸ ਵੇਲੇ ਭਾਰਤੀ ਤੇ ਪੰਜਾਬੀ ਸਮਾਜ ਵਿਚ ਨਾਰੀ ਪਿੱਤਰੀ ਸੱਤਾਂ ਦੀ ਜਕੜ ਵਿਚ ਬੁਰੀ ਤਰਾਂ ਜਕੜੀ ਹੋਈ ਸੀ। ਪਰ ਉਸ ਵੇਲੇ ਦੱਬੂ ਕਿਸਮ ਦੀ ਨਾਰੀ ਦੇ ਮਨ ਨੂੰ ਉਹ ਚੰਗੀ ਤਰ੍ਹਾਂ ਪੜ੍ਹ ਰਹੀ ਸੀ। ਏਸੇ ਕਾਰਨ ਉਸ ਨੇ ਆਪਣੀਆਂ ਕਹਾਣੀਆਂ ਵਿਚ ਰੁਮਾਂਟਿਕ ਨਾਰੀ ਪਾਤਰਾਂ ਦੀ ਸਿਰਜਣਾ ਕਰਨ ਵਿਚ ਕਾਫੀ ਮੁਹਾਰਤ ਹਾਸਲ ਕਰ ਲਈ। ਖ਼ੁਦਮੁਖ਼ਤਿਆਰ ਨਾਰੀ ਦੀ ਮਨੋ ਅਵਸਥਾ ਪੇਸ਼ ਕਰਨ ਲਈ ਉਹ ਆਪਣੀ ਭਾਸ਼ਾ ਤੇ ਸ਼ੈਲੀ ਸਰੋਦੀ, ਅਲੰਕਾਰ ਨਾਲ ਭਰ ਦਿੰਦੀ ਹੈ। ਪਾਠਕ ਏਸ ਕਿਸਮ ਦੀ ਚੁੰਭਕੀ ਸ਼ੈਲੀ ਪਸੰਦ ਕਰਦਾ ਸੀ। ਅੰਮ੍ਰਿਤਾ ਹਰ



ਸਥਿਤੀ ਵਿਚ ਨਾਰੀ ਨੂੰ ਸੰਕਟਾਂ ਵਿਚੋਂ ਬਾਹਰ ਆਉਂਦੀ ਪੇਸ਼ ਕਰਦੀ ਹੈ। ਸਮਾਜ ਦੇ ਭਾਵੇਂ ਨਾਰੀ 'ਤੇ ਸਮਾਜਿਕ, ਆਰਥਿਕ, ਸਭਿਆਚਾਰਕ ਦਬਾਅ ਹੁੰਦੇ ਹਨ ਪਰ ਉਹ 'ਮਕਾਨ' 'ਚੋਂ ਬਾਹਰ ਆ ਜਾਂਦੀ ਹੈ। ਉਹਦੀਆਂ ਕਈ ਨਾਰੀ ਪਾਤਰ ਕਿਸਮਤਵਾਦ ਦਾ ਸ਼ਿਕਾਰ ਵੀ ਹੋ ਜਾਂਦੀਆਂ ਹਨ। ਉਸ ਦੀਆਂ ਕਹਾਣੀਆਂ ਵਿਚ ਇਕ 'ਪਤੀ' ਟਰੈਵਲ ਕਰਦਾ ਹੈ। ਜੋ ਔਰਤ ਦੇ ਰਹਿਣ ਲਈ 'ਮਕਾਨ' ਤਾਂ ਬਣਾ ਦਿੰਦਾ ਹੈ ਪਰ ਉਹ ਮਕਾਨ ਵਿਚ ਰਹਿ ਰਹੀ ਨਾਰੀ ਦੇ ਸਮਾਜਿਕ ਦਬਾਅ ਪਾਉਂਦਾ ਰਹਿੰਦਾ ਹੈ। ਜਿਸ ਕਾਰਨ 'ਘਰ' ਦਾ ਕਨਸੈਪਟ ਟੁੱਟ ਜਾਂਦਾ ਹੈ ਤੇ ਸੰਕਟ ਪੈਦਾ ਹੋ ਜਾਂਦਾ ਹੈ। ਜਿਥੋਂ ਨਾਰੀ ਪਾਤਰਾਂ ਵਿਚ ਨਾਬਰੀ ਦੀ ਸੁਰ ਪੈਦਾ ਹੋਣ ਲੱਗ ਪੈਂਦੀ ਹੈ।

'ਘਰ' ਨੂੰ ਤਾਂਘਦੀ ਅਜੀਤ ਕੌਰ ਦੀ ਨਾਰੀ ਸ਼ਹਿਰੀ ਮੱਧ ਵਰਗ ਵਿਚੋਂ ਆਉਂਦੀ ਹੈ। ਇਹ ਨਾਰੀ ਅੱਗੇ ਮਸਲੇ ਆਰਥਿਕ ਨਹੀਂ ਬਲਕਿ ਆਪਣੀ ਹੋਂਦ ਤੇ ਬਰਾਬਰੀ ਦੇ ਹਨ। ਉਸ ਦੀ ਕਹਾਣੀ ਦੀਆਂ ਨਾਰੀਆਂ ਰੱਜੀਆਂ-ਪੁੱਜੀਆਂ ਹਨ। ਉਨ੍ਹਾਂ ਦੇ ਬਾਹਰੋਂ ਦਿਸਦੇ ਘਰ ਹਨ ਪਰ ਅਸਲ 'ਚ ਉਹ 'ਮਕਾਨ' ਹਨ। ਮਾਨਸਿਕ ਰੂਪ ਵਿਚ ਉਹ ਘਰੋਂ ਸੱਖਣੀਆਂ ਹਨ। ਦਫ਼ਤਰੀ ਕਲਚਰ 'ਚ ਫਸੇ ਔਰਤ ਮਰਦ ਕੁਝ ਰਾਹਤ ਲਈ ਇਕ ਦੂਜੇ ਦੀ ਨੇੜਤਾ ਬਣਾਉਣ ਲਈ ਤਰਲੋ ਮੱਛੀ ਹੋ ਰਹੇ ਹਨ। ਉਹ ਔਰਤ-ਮਰਦ ਸੰਬੰਧਾਂ ਦਾ ਬਿਰਤਾਂਤ ਨਿਸੰਗਤਾ ਨਾਲ ਪ੍ਰਗਟ ਕਰਦੀ ਹੈ। 'ਫਾਲਤੂ' ਔਰਤ ਨੂੰ 'ਘਰ' 'ਚ ਸਪੇਸ ਦੇਣ ਲਈ ਉਹ ਤਤਪਰ ਰਹਿੰਦੀ ਹੈ। ਬੁੱਤ ਸ਼ਿਕਨ, ਪੋਸਟ ਮਾਰਟਮ, ਫਾਲਤੂ ਔਰਤ, ਗੁਲਬਾਨੋ ਕਹਾਣੀ ਪੜ੍ਹ ਕੇ ਏਸ ਮਸਲੇ ਨੂੰ ਸਮਝਿਆ ਜਾ ਸਕਦਾ ਹੈ। ਪਰ ਉਸ ਨੇ ਨਵੰਬਰ ਚੁਰਾਸੀ, ਸ਼ਹਿਰ ਨਹੀਂ, ਘੋਗਾ, ਮੌਤ ਅਲੀ ਬਾਬੇ ਦੀ, ਨਾ ਮਾਰੋ ਵਰਗੀਆਂ ਕਹਾਣੀਆਂ ਲਿਖ ਕੇ ਵੱਖਰੇ ਭਾਂਤ ਦੇ ਸਮਾਜਿਕ ਯਥਾਰਥ ਦੀ ਸਿਰਜਣਾ ਵੀ ਕੀਤੀ ਹੈ।

ਦਲੀਪ ਕੌਰ ਟਿਵਾਣ ਵੀ ਨਾਰੀ ਪੀੜਾ ਨੂੰ ਪੇਸ਼ ਕਰਨ ਵਾਲੀ ਕਹਾਣੀਕਾਰ ਹੈ। ਉਸ ਦੀਆਂ ਬਹੁਤੀਆਂ ਕਹਾਣੀਆਂ ਦਾ ਧਰਾਤਲ ਪੇਂਡੂ ਕਲਚਰ ਹੈ ਜਾਂ ਪਿਛੋਕੜ ਹੈ। ਇਥੋਂ ਹੀ ਸੰਤਾਪ ਅਤੇ ਦੁੱਖ ਭੋਗ ਰਹੀ ਨਾਰੀ ਪਾਤਰ ਲੈਂਦੀ ਹੈ। ਸ਼ਹਿਰੀ ਮੱਧ ਵਰਗੀ ਕਲਾਸ 'ਚ ਵਿਚਰਦੇ ਪਾਤਰ ਵੀ ਉਹ ਆਪਣੀਆਂ ਅਗਲੀਆਂ ਕਹਾਣੀਆਂ ਵਿਚ ਉਸਾਰਦੀ ਹੈ। ਕਹਾਣੀ ਦੀਆਂ ਸਥਿਤੀਆਂ, ਪਾਤਰਾ ਦਾ ਵਿਹਾਰ ਰਵਾਇਤੀ ਕਿਸਮ ਦਾ ਵੀ ਵੇਖਣ ਨੂੰ ਮਿਲਦਾ ਹੈ। ਤਾਂ ਵੀ ਉਹ ਪ੍ਰੰਪਰਕ ਕਹਾਣੀਆਂ ਲਿਖ ਕੇ ਆਪਣੀ ਸਾਹਿਤ ਵਿਚ ਸਪੇਸ ਬਣਾ ਲੈਂਦੀ ਹੈ। ਉਸ ਵੱਲੋਂ ਲਿਖੀ ਚਰਚਿਤ ਤੇ ਪ੍ਰਸਿੱਧ ਕਹਾਣੀ ਮੇਰੇ ਜ਼ਿਹਨ ਵਿਚ ਨਹੀਂ ਆ ਰਹੀ।

ਸੁਖਵੰਤ ਕੌਰ ਮਾਨ ਸਾਹਿਤ ਵਿਚ ਹਾਸ਼ੀਏ 'ਤੇ ਧੱਕੀ ਹੋਈ ਸਾਡੀ ਬਹੁਤ ਹੀ ਸੂਝਵਾਨ ਕਥਾਕਾਰ ਹੈ। ਉਸ ਨੇ ਆਪਣੇ ਸਮੇਂ ਵਿਚ ਬਹੁਤ ਹੀ ਮਾਅਰਕੇ ਦੀਆਂ ਕਹਾਣੀਆਂ ਲਿਖੀਆਂ ਹਨ। 'ਮਰਿਆ ਨਹੀਂ ਜਾਂਦਾ', 'ਚੱਟੂ', 'ਕੀੜੀਆਂ', 'ਚੂਹਾ', 'ਚਾਦਰ ਹੇਠਲਾ ਬੰਦਾ', 'ਬੋਲ ਮੇਰੀ ਮੱਛਲੀ' ਵਰਗੀਆਂ ਕਹਾਣੀਆਂ ਕਦੇ ਵੀ ਭੁਲਾਈਆਂ ਨਹੀਂ ਜਾ ਸਕਦੀਆਂ। ਛੋਟੀ ਕਿਸਾਨੀ ਦੇ ਸੰਕਟ ਉਸ ਨੇ ਪ੍ਰਮੁੱਖਤਾ ਨਾਲ ਆਪਣੀਆਂ ਕਹਾਣੀਆਂ ਵਿਚ ਉਭਾਰੇ ਹਨ। ਕਿਸਾਨੀ ਕਲਚਰ ਵਿਚ ਸੰਤਾਪ ਭੋਗਦੀਆਂ ਨਾਰੀਆਂ ਨੂੰ ਉਸ ਨੇ ਬਿਲਕੁਲ ਅਛੂਤੇ ਰੂਪ 'ਚ ਪੇਸ਼ ਕੀਤਾ ਹੈ। ਪੇਂਡੂ ਔਰਤ ਦੀ ਤ੍ਰਾਸਦੀ ਦੇ ਅਨੇਕ ਪਹਿਲੂ ਸੁਖਵੰਤ ਕੌਰ ਮਾਨ ਪੇਸ਼ ਕਰਨ ਵਿਚ ਸਫ਼ਲ ਹੁੰਦੀ ਹੈ। ਉਸ ਨੇ ਸ਼ੁਰੂ ਤੋਂ ਹੀ ਸਮਕਾਲੀ ਨਾਰੀ ਕਥਾਕਾਰੀ ਤੋਂ ਵਿੱਥ ਬਣਾ ਕੇ ਚੱਲਣਾ ਸ਼ੁਰੂ ਕਰ ਦਿੱਤਾ ਸੀ, ਇਸ ਕਰਕੇ ਉਹ ਆਪਣੀ ਨਿਵੇਕਲੀ ਸ਼ੈਲੀ ਵਿਕਸਤ ਕਰ ਪਾਈ ਹੈ।

ਚੰਦਨ ਨੇਗੀ ਹੁਰਾਂ ਨੂੰ ਵੀ ਨਾਰੀ ਕਥਾਕਾਰਾਂ ਦੀ ਕਤਾਰ ਵਿਚੋਂ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਸ ਨੇ ਪੱਠੋਹਾਰੀ ਪੁੱਠ ਵਾਲੀਆਂ ਮੱਧ ਵਰਗੀ ਨਾਰੀਆਂ ਨੂੰ ਆਪਣੀਆਂ ਕਹਾਣੀਆਂ ਵਿਚ ਪ੍ਰਮੁੱਖਤਾ ਨਾਲ ਉਭਾਰਿਆ ਹੈ। ਉਹ ਆਪਣੀ ਨਾਰੀ ਨੂੰ ਨਿਮਾਣੀ, ਨਿਤਾਣੀ ਪੇਸ਼ ਨਹੀਂ ਕਰਦੀ। ਔਰਤ ਮਰਦ ਦੇ ਰਿਸ਼ਤਿਆਂ ਨੂੰ ਤਰਕ ਨਾਲ ਪੇਸ਼ ਕਰਦੀ ਹੈ। ਮਰਦ ਦੀ ਪਿਤਰਕੀ ਹਾਉਮੇ ਜਿਹੜੀ ਘਰ ਬਣਨ ਵਿਚ ਰੋੜਾ ਬਣਦੀ ਹੈ, ਨੂੰ ਸਵਾਲਾ ਦੇ ਘੇਰੇ 'ਚ ਲੈਂਦੀ ਹੈ। ਪਿਸ਼ਾਵਰ ਦਾ ਕਲਚਰ, ਜੀਵਨ-ਜਾਚ ਉਸ

ਦੀਆਂ ਕਹਾਣੀਆਂ ਦੀ ਮੂਲ ਇਕਾਈ ਹੈ। 'ਹਰਖ ਸੋਗ', 'ਵਹਿੰਗੀ', 'ਖੁਣੇ ਹੋਏ ਤਿਲ' ਉਸ ਦੀਆਂ ਯਾਦਗਾਰੀ ਕਹਾਣੀਆਂ ਹਨ।

ਬਚਿੰਤ ਕੌਰ ਸਾਡੀ ਇਕ ਹੋਰ ਚਰਚਿਤ ਕਥਾਕਾਰ ਹੈ। ਉਸ ਦੀ ਪੰਜਾਬੀ ਕਹਾਣੀ ਨੂੰ ਦੇਣ ਵੀ ਅਹਿਮ ਹੈ। ਬਚਿੰਤ ਦੀ ਕਹਾਣੀ ਔਰਤ ਮਰਦ ਸੰਬੰਧਾਂ ਵਿਚੋਂ ਘਰ ਦੀ ਤਲਾਸ਼ ਕਰਦੀ ਨਾਰੀ ਦੀ ਕਹਾਣੀ ਹੈ। ਪਿਤਰੀ ਸੱਤਾ ਵਾਲੇ ਸਮਾਜ ਵਿਚ ਔਰਤ ਦਾ ਪੈਰ ਪੈਰ 'ਤੇ ਸ਼ੋਸ਼ਣ ਹੁੰਦਾ ਹੈ। ਉਸ ਦੇ ਪਾਤਰਾਂ ਕੋਲ ਮਾਨਵਤਾ ਦਾ ਕਣ ਵੀ ਕਾਇਮ ਰਹਿੰਦਾ ਹੈ। ਉਸ ਦੇ ਨਾਰੀ ਪਾਤਰ ਦੱਬੂ ਨਹੀਂ। 'ਮੁਕਲਾਵੇ ਵਾਲੀ ਰਾਤ, ਰਖੇਲ ਵੀ ਨਹੀਂ', 'ਕਤਲ, 'ਖੁਰੇ ਹੋਏ ਰੰਗ, 'ਮੁੱਲ ਖਰੀਦੀ ਔਰਤ, 'ਚੱਕਰਵਿਊ, 'ਕੁਲੱਛਣੀ' ਉਸ ਦੀਆਂ ਪੜ੍ਹਨਯੋਗ ਕਹਾਣੀਆਂ ਹਨ।

ਕੁਲਬੀਰ ਬਡੇਸਰੋਂ ਪੰਜਾਬੀ ਕਹਾਣੀ ਵਿਚ ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਇਕ ਖ਼ਤ ਪਾਪਾ ਦੇ ਨਾਂ' ਰਾਹੀਂ 1987 ਵਿਚ ਪ੍ਰਵੇਸ਼ ਕਰਦੀ ਹੈ। 90 ਵਿਚ ਉਸ ਦਾ ਦੂਜਾ ਕਹਾਣੀ ਸੰਗ੍ਰਹਿ 'ਮੁਹੱਬਤ' ਆਉਂਦਾ ਹੈ ਤੇ ਫਿਰ 2006 ਵਿਚ ਆਪਣੇ ਤੀਜੇ ਕਹਾਣੀ ਸੰਗ੍ਰਹਿ 'ਕਦੋਂ ਆਏਂਗੀ?' ਨਾਲ ਚਰਚਾ ਵਿਚ ਆ ਜਾਂਦੀ ਹੈ। ਉਸ ਦੀ ਕਹਾਣੀ ਬਾਰੇ ਰਾਮ ਸਰੂਪ ਅਣਖੀ ਅਤੇ ਜਸਵੰਤ ਸਿੰਘ ਕੰਵਲ ਲਿਖਦੇ ਹਨ। ਉਹ ਘਰੋਂ ਬਾਹਰ ਕੰਮ ਕਰਦੀ, ਪੜ੍ਹੀ ਲਿਖੀ ਨਾਰੀ ਦੀਆਂ ਵੇਦਨਾਵਾਂ ਨੂੰ ਆਪਣੀ ਕਹਾਣੀ ਦਾ ਅਧਾਰ ਬਣਾਉਂਦੀ ਹੈ। ਉਸ ਦੀ ਬਿਰਤਾਂਤ ਵਿਧੀ ਐਨੀ ਵੇਗ ਵਾਲੀ ਹੁੰਦੀ ਹੈ ਕਿ ਪਾਠਕ ਨੂੰ ਆਪਣੇ ਨਾਲ ਤੋਰ ਲੈਂਦੀ ਹੈ। ਕਹਾਣੀਆਂ ਦੇ ਵੇਰਵੇ ਅਤੇ ਪਾਤਰਾਂ ਦੀ ਘਾੜਤ ਐਨੀ ਯਥਾਰਥਵਾਦੀ ਹੁੰਦੀ ਹੈ ਕਿ ਪਾਤਰ ਸਾਨੂੰ ਹੱਡ ਮਾਸ ਦੇ ਲੱਗਦੇ ਹਨ। 'ਮੁਹੱਬਤਾਂ', 'ਮੇਰਾ ਘਰ', 'ਬਾਹਰਲੀ ਬੈਠਕ', 'ਕਦੋਂ ਆਏਂਗੀ', 'ਇਹ ਤੂੰ ਸੀ ਇਹ ਮੈਂ ਸੀ' ਉਸ ਦੀਆਂ ਜ਼ਿਕਰਯੋਗ ਕਹਾਣੀਆਂ ਹਨ। ਉਸ ਦੀਆਂ ਨਾਰੀ ਪਾਤਰ ਵੀ 'ਘਰ' ਦੀ ਤਲਾਸ਼ ਵਿਚ ਨਿਰੰਤਰ ਭਟਕਦੀਆਂ ਰਹਿੰਦੀਆਂ ਹਨ। 'ਮੈਂ ਕੀ ਕਰਾਂ', 'ਇਕ ਖ਼ਤ ਪਾਪਾ ਦੇ ਨਾਂ' ਕਹਾਣੀਆਂ ਦੀਆਂ ਨਾਰੀ ਪਾਤਰ 'ਘਰ' ਲਈ ਸਹਿਕਦੀਆਂ ਰਹਿੰਦੀਆਂ ਹਨ। ਇਨ੍ਹਾਂ ਨਾਰੀਆਂ ਦੇ ਸੁਪਨੇ ਵਿਆਹ ਉਪਰੰਤ ਟੁੱਟ ਜਾਂਦੇ ਹਨ। ਉਨ੍ਹਾਂ ਨੂੰ ਮਰਦ ਵਲੋਂ ਵਸਤੂ ਦੀ ਪੱਧਰ 'ਤੇ ਵਰਤਿਆਂ ਤੇ ਵੇਖਿਆ ਜਾਂਦਾ ਹੈ। ਉਹ ਮਹਾਂਨਗਰ ਵਿਚ ਵਿਚਰ ਰਹੇ ਮਰਦ-ਔਰਤ ਦੀਆਂ ਖਾਹਿਸ਼ਾ ਨੂੰ ਯਥਾਰਥਵਾਦੀ ਦ੍ਰਿਸ਼ਟੀ ਨਾਲ ਪੇਸ਼ ਕਰਦੀ ਹੈ।

'ਮੁੱਲ ਦੀ ਤੀਵੀ' ਨਾਲ 1992 ਵਿਚ ਵੀਨਾ ਵਰਮਾ ਪੰਜਾਬੀ ਨਾਰੀ ਕਥਾਕਾਰਾਂ ਦੇ ਤਕਰੀਬਨ ਖਾਲੀ ਵਿਹੜੇ ਵਿਚ ਇਕ ਦਮ ਧਮਾਕਾ ਕਰ ਦਿੰਦੀ ਹੈ। ਬਲਵੰਤ ਗਾਰਗੀ ਉਹਦੇ ਲਈ ਗੌਡ ਫਾਦਰ ਬਣ ਕੇ ਉਸ ਦੀ ਕਿਤਾਬ ਦੀ ਭੂਮਿਕਾ ਲਿਖਦਾ ਹੈ। ਪੰਜਾਬੀ ਪਾਠਕ, ਲੇਖਕ, ਆਲੋਚਕ ਉਹਨੂੰ ਸਿਰ 'ਤੇ ਚੁੱਕ ਲੈਂਦੇ ਹਨ। ਨਾਰੀ ਪਾਤਰਾਂ ਦੇ ਬੇਬਾਕ ਸੰਵਾਦ, ਚਸਕੇ ਦਾਰ ਬਿਰਤਾਂਤਕਾਰੀ, ਔਰਤ ਮਰਦ ਸੰਬੰਧਾਂ ਨੂੰ ਲੈ ਕੇ ਲੋੜ ਤੋਂ ਵੱਧ ਲਈ ਖੁੱਲ੍ਹ ਵਾਲੀਆਂ ਕਹਾਣੀਆਂ ਸਵਾਦ ਨਾਲ ਪੜ੍ਹੀਆਂ ਜਾਣ ਲੱਗਦੀਆਂ ਹਨ। ਪਰਵਾਸ ਕਰ ਗਈ ਉਸ ਔਰਤ ਦੀ ਸਥਿਤੀ ਨੂੰ ਉਸ ਨੇ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ, ਜਿਹਦੀ ਹੋਂਦ ਮਰਦ ਦੇ 'ਮਕਾਨ' ਵਿਚ ਤ੍ਰਿਪਤੀ ਦੀ ਵਸਤੂ ਮਾਤਰ ਬਣ ਗਈ ਸੀ। 'ਮੁੱਲ ਦੀ ਤੀਵੀ' ਦੀ ਭੂਮਿਕਾ ਵਿਚ ਗਾਰਗੀ ਲਿਖਦਾ ਹੈ, "ਸੈਕਸ ਨਾਲ ਲਬਰੇਜ਼ ਵੀਨਾ ਦੀਆਂ ਕਹਾਣੀਆਂ ਸਮਾਜ ਦਾ ਪਾਜ ਖੋਲ੍ਹਦੀਆਂ ਹਨ। ... ਉਹ ਸੈਕਸ ਦੇ 'ਵਰਜਿਤ ਸ਼ਬਦਾਂ' ਨੂੰ ਇੱਟ ਵਾਂਗ ਸਮਾਜ ਦੇ ਮੱਥੇ 'ਤੇ ਮਾਰਦੀ ਹੈ ਤੇ ਲਹੂ ਦੀਆਂ ਤਤੀਰੀਆਂ ਦੇਖ ਕੇ ਖ਼ੁਸ਼ ਹੁੰਦੀ ਹੈ। ...ਵੀਨਾ ਵਰਗਾ ਦਾ ਇਹ ਕਹਾਣੀ ਸੰਗ੍ਰਹਿ ਦਿਲਚਸਪ ਹੈ, ਦਲੇਰ ਹੈ, ਤੇ ਸੈਕਸ ਚੇਤਨਾ-ਪ੍ਰਵਾਹ ਦੀਆਂ ਕਹਾਣੀਆਂ ਵਿਚ ਇਕ ਲੰਮੀ ਛਲਾਂਗ।"

'ਮੁੱਲ ਦੀ ਤੀਵੀਂ' ਦੀਆਂ ਕਹਾਣੀਆਂ ਪੜ੍ਹਦਿਆਂ ਉਹ ਅਜੀਤ ਕੌਰ ਤੋਂ ਵੀ ਬੋਲਡ ਹੋ ਬੇਬਾਕ ਬਿਰਤਾਂਤ ਸਿਰਜਦੀ ਹੈ। ਉਹ ਪੱਛਮ ਦੀ ਪੰਜਾਬੀ ਨਾਰੀ ਦੀਆਂ ਦੈਹਿਕ ਲੋੜਾਂ ਨੂੰ ਬੜੀ ਸਿੱਦਤ ਨਾਲ ਉਭਾਰਦੀ ਹੈ। 'ਮੁੱਲ ਦੀ ਤੀਵੀ', 'ਖ਼ਾਲੀ ਪਲਾਟ', 'ਰੂਮ ਮੇਟ', 'ਮਰਿਆ ਚੂਹਾ', 'ਛੋਟੀ ਸਰਦਾਰਨੀ'



ਵਰਗੀਆਂ ਕਹਾਣੀਆਂ ਨਾਲ ਉਹ ਪ੍ਰਸਿੱਧ ਕਥਾਕਾਰ ਬਣ ਜਾਂਦੀ ਹੈ। ਖ਼ੁਸ਼ਵੰਤ ਸਿੰਘ ਏਸ ਕਿਤਾਬ ਬਾਰੇ ਲਿਖਦਾ ਹੈ। ਦੂਜੀ ਕਿਤਾਬ 'ਫਰੰਗੀਆਂ ਦੀ ਨੂੰਹ' ਵਿਚਲੀਆਂ ਕੁਝ ਕਹਾਣੀਆਂ ਜਿਵੇਂ 'ਰਜਾਈ', 'ਫਰੰਗੀਆਂ ਦੀ ਨੂੰਹ', 'ਸੁੱਕੀ ਖੂਹੀ' ਕਹਾਣੀਆਂ ਨਾਲ ਉਹ ਦੋ ਕਦਮ ਅੱਗੇ ਤੁਰਦੀ ਹੈ। ਉਸ ਤੋਂ ਉਪਰੰਤ ਉਹਦੇ ਕਹਾਣੀ ਸੰਗ੍ਰਹਿ 'ਇਕ ਕੁੜੀ ਇਕੱਲੀ' ਅਤੇ 'ਜੋਗੀਆਂ ਦੀ ਧੀ' ਛਪਦੇ ਹਨ। ਇਨ੍ਹਾਂ ਦੋ ਕਿਤਾਬਾਂ ਵਿਚ 35 ਕਹਾਣੀਆਂ ਹਨ। ਇਹ 35 ਕਹਾਣੀਆਂ ਪੜ੍ਹਦਿਆਂ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਉਹ ਆਪਣੀਆਂ ਪਹਿਲੀਆਂ ਕਹਾਣੀਆਂ ਦੇ ਪਾਤਰ ਬਦਲ ਬਦਲ ਕੇ , ਕਹਾਣੀਆਂ ਦੇ ਬਿਰਤਾਂਤ ਬੁਰੀ ਤਰ੍ਹਾਂ ਦੁਹਰਾਉਣ ਲੱਗ ਪੈਂਦੀ ਹੈ। ਉਹਦੀਆਂ ਕਹਾਣੀਆਂ ਦੇ ਵਿਕਾਸ ਦਾ ਗ੍ਰਾਫ ਇਕ ਦਮ ਥੱਲੇ ਡਿੱਗ ਪੈਂਦਾ ਹੈ। ਉਹ ਆਪਣੇ ਆਪ ਨੂੰ ਬੁਰੀ ਤਰ੍ਹਾਂ ਰਪੀਟ ਕਰਨ ਲੱਗ ਪੈਂਦੀ ਹੈ। ਚਾਰ ਕਿਤਾਬਾਂ ਵਿਚ ਉਸ ਦੀਆਂ 66 ਕੁ ਕਹਾਣੀਆਂ ਛਪਦੀਆਂ ਹਨ। ਮੁਢਲੇ ਦੌਰ ਦੀਆਂ ਪੰਜ-ਸੱਤ ਕਹਾਣੀਆਂ ਨੂੰ ਛੱਡ ਕੇ ਉਹ ਪੰਜਾਬੀ ਕਹਾਣੀ ਵਿਚ ਕੋਈ ਮਾਰਕੇ ਵਾਲੀ ਰਚਨਾ ਕਰਨ ਤੋਂ ਵਿਰਵੀ ਰਹਿ ਜਾਂਦੀ ਹੈ। ਜਿਵੇਂ ਉਪਰ ਚੜ੍ਹਦੀ ਹੈ ਉਂਝ ਹੀ ਥੱਲੇ ਡਿੱਗ ਪੈਂਦੀ ਹੈ।

ਉਪਰੰਤ ਨਾਰੀ ਕਥਾਕਾਰੀ ਦੇ ਪਿੜ ਵਿਚ ਬਲਬੀਰ ਕੌਰ ਸੰਘੇੜਾ, ਸੁਰਿੰਦਰ ਨੀਰ, ਨਿਰਮਲ ਜਸਵਾਲ ਦਾ ਦੌਰ ਆਉਂਦਾ ਹੈ। ਇਹ ਆਪਣੀ ਆਪਣੀ ਪੱਧਰ ਤੇ ਪੰਜਾਬੀ ਕਹਾਣੀ ਵਿਚ ਅਛੂਤੇ ਅਨੁਭਵ, ਨਵੇਂ ਸੁਭਾਅ ਦੇ ਨਾਰੀ ਪਾਤਰ, ਨਾਰੀ ਦੇ ਸਮਕਾਲ ਦੀਆਂ ਸਮੱਸਿਆ ਨੂੰ ਲੈ ਕੇ ਆਉਂਦੀਆਂ ਹਨ। ਏਸ ਦੌਰਾਨ ਰਮਿੰਦਰ ਬਰਾੜ ਵੀ ਕਹਾਣੀ ਦੇ ਖੇਤਰ ਵਿਚ ਪੈਰ ਰੱਖਦੀ ਹੈ। 1993 ਵਿਚ ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਘਰ ਦਾ ਚਿਰਾਗ਼' ਛਪਦਾ ਹੈ। ਫਿਰ 95 ਵਿਚ 'ਨਾ ਮੇਰੀ ਧਰਤੀ ਨਾ ਮੇਰਾ ਅੰਬਰ' ਛਪ ਜਾਂਦਾ ਹੈ। ਪਿੰਡੋ ਦੇ ਸਮਾਜਿਕ ਸੱਚ ਨੂੰ ਰਮਿੰਦਰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦੀ ਹੈ। ਪੇਂਡੂ ਔਰਤ ਦੇ ਮਨ ਦੀਆਂ ਕੁਝ ਪਰਤਾਂ ਨੂੰ ਉਹ ਆਪਣੀਆਂ ਕਹਾਣੀਆਂ ਵਿਚ ਸੁਚੱਜੇ ਤਰੀਕੇ ਨਾਲ ਪੇਸ਼ ਕਰ ਜਾਂਦੀ ਹੈ। ਪਰ ਫਿਰ ਕਹਾਣੀ ਦੇ ਪਿੜ ਵਿਚੋਂ ਇਕ ਦਮ ਅਲੋਪ ਹੋ ਜਾਂਦੀ ਹੈ। ਉਪਰੰਤ ਨਾਰੀ ਕਥਾਕਾਰ ਰਸ਼ਪਿੰਦਰ ਰਸ਼ਿਮ, ਵਿਸ਼ਵ ਜੋਤੀ ਧੀਰ, ਸੋਮਾ ਸਬਲੋਕ, ਸਰਘੀ, ਤ੍ਰਿਪਤਾ ਕੇ. ਸਿੰਘ, ਬਲਵੀਰ ਕੌਰ ਰੀਹਲ, ਨਰਿੰਦਰ ਕੌਰ ਭੱਚੂ, ਦੀਪਤੀ ਬੂਬਟਾ, ਗੁਰਮੀਤ ਪਨਾਗ ਤੇ ਸਮਕਾਲ ਵਿਚ ਲਿਖਣ ਵਾਲੀਆਂ ਨਾਰੀ ਕਥਾਕਾਰਾਂ ਆਪਣੇ ਆਪਣੇ ਹਿੱਸੇ ਦੀ ਪੰਜਾਬੀ ਕਹਾਣੀ ਵਿਚ ਸਪੇਸ ਹਾਸਲ ਕਰਨ ਲਈ ਯਤਨਸ਼ੀਲ ਹਨ।

ਤ੍ਰਿਪਤਾ ਨੇ ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਇਕ ਦਿਨ' ਰਾਹੀ ਗੰਭੀਰ ਪਾਠਕਾਂ ਦਾ ਧਿਆਨ ਖਿੱਚ ਲਿਆ ਹੈ। ਉਸ ਨੇ ਆਪਣੀ ਕਹਾਣੀ ਵਿਚ ਸਮਕਾਲ ਦੀ ਔਰਤ ਦੀਆਂ ਅਤ੍ਰਿਪਤ ਖਹਿਸ਼ਾਂ ਨੂੰ ਕੇਂਦਰ ਵਿਚ ਲੈ ਆਂਦਾ ਹੈ। ਉਸ ਦੀਆਂ ਕਹਾਣੀਆਂ ਵਿਚ ਰਿਸ਼ਤਿਆਂ ਦੀ ਟੁੱਟ ਭੱਜ ਵਿਚੋਂ ਆਪਣੇ ਅਸਤਿਤਵ ਦੀ ਤਲਾਸ਼ ਕਰਦੀ ਔਰਤ ਉਭਰਵੇਂ ਰੂਪ ਵਿਚ ਸਕਾਰ ਹੁੰਦੀ ਹੈ। ਔਰਤ ਮਰਦ ਦੇ ਦੈਹਿਕ ਰਿਸ਼ਤਿਆਂ ਦਾ ਯਥਾਰਥ ਉਸ ਦੀ ਕਹਾਣੀ ਦਾ ਪ੍ਰਮੁੱਖ ਲੱਛਣ ਹੈ। 'ਹਿਰਸ', 'ਇਕ ਦਿਨ', 'ਜਿੱਤੀ ਹੋਈ ਬਾਜ਼ੀ' ਤੇ 'ਭਲਾ ਆਦਮੀ' ਉਸ ਦੀਆਂ ਉੱਚ ਪਾਏ ਦੀਆਂ ਕਹਾਣੀਆਂ ਹਨ। ਤ੍ਰਿਪਤਾ ਦੀਆਂ ਕਹਾਣੀਆਂ ਵਿਚ ਪੇਸ਼ ਔਰਤਾਂ ਦੇ ਮਸਲੇ ਆਰਥਿਕ ਨਹੀਂ ਬਲਕਿ ਦੈਹਿਕ ਤੇ ਮਨ ਦੇ ਹਨ। ਉਹ ਦੀ ਔਰਤ ਵਰਤਮਾਨ ਨੂੰ ਰੱਜ ਕੇ ਜਿਊਣਾ ਚਾਹੁੰਦੀ ਹੈ। 'ਮਕਾਨ' 'ਚੋਂ ਨਿਕਲ ਕੇ 'ਘਰ' 'ਚ ਆਪਣੀ ਸਮਰੱਥਾ ਤੇ ਲਿਆਕਤ ਨਾਲ ਪੈਰ ਜ਼ਮਾਉਣ ਵੱਲ ਵਧਦੀ ਹੈ। ਤ੍ਰਿਪਤਾ ਨੇ ਆਪਣੇ ਪਹਿਲੇ ਕਹਾਣੀ ਸੰਗ੍ਰਹਿ ਰਾਹੀਂ ਆਪਣੀ ਪਛਾਣ ਗੂੜ੍ਹੀ ਕਰ ਲਈ ਹੈ।

ਸਰਘੀ ਦਾ ਪਲੇਠਾ ਕਹਾਣੀ ਸੰਗ੍ਰਹਿ 'ਆਪਣੇ ਆਪਣੇ ਮਰਸੀਏ' ਵਿਚ ਨਾਰੀ ਵੀ 'ਘਰ' ਲਈ ਤਾਂਘਦੀ ਦਿਸਦੀ ਹੈ। ਉਸ ਨੇ 'ਹੋਲੀਡੇ ਵਾਈਫ', 'ਰਾਡ', 'ਆਪਣੇ ਆਪਣੇ ਮਰਸੀਏ' ਕਹਾਣੀਆਂ ਰਾਹੀਂ ਮਰਦ ਵਲੋਂ ਨਾਰੀ ਦੀ ਕੀਤੀ ਦੈਹਿਕ ਲੁੱਟ ਨੂੰ ਕਹਾਣੀ ਕਲਾ ਨਾਲ ਬਿਆਨ ਕੀਤਾ ਹੈ। ਉਸ ਕੋਲ

ਇਕੀਵੀਂ ਸਦੀ ਦੀ ਉਹ ਨਾਰੀ ਹੈ ਜਿਹੜੀ ਮਰਦ ਦੀ 'ਨਿੱਜੀ ਜਾਇਦਾਦ' ਦੀ ਜਕੜ ਤੋਂ ਨਾਬਰੀ ਦੀ ਸੁਰ ਰੱਖਦੀ ਹੈ। 'ਰਾਡ' ਉਸ ਔਰਤ ਦੀ ਮਨੋ ਦਿਸ਼ਾ ਬਿਆਨ ਕਰਦੀ ਹੈ ਜਿਹੜੀ ਮਨੋਦਿਸ਼ਾ ਮੀਡੀਆ ਘੜਦਾ ਹੈ। ਨਾਰੀ ਦਾ ਦੈਹਿਕ ਸ਼ੋਸ਼ਣ ਇਕ ਮਾਂ ਤੇ ਐਨਾ ਅਸਰ ਕਰਦਾ ਹੈ ਕਿ ਉਹ ਮਨੋ ਰੋਗੀ ਬਣ ਜਾਂਦੀ ਹੈ ਤਾਂ ਹਰ ਥਾਂ ਉਸਨੂੰ ਰਾਡ ਦਿਸਣ ਲੱਗ ਪੈਂਦੀ ਹੈ। ਜਿਸ ਨਾਲ ਮਰਦ ਔਰਤ ਨੂੰ ਪੀੜਤ ਕਰਦਾ ਹੈ। ਇਸ ਸੰਵੇਦਨਸ਼ੀਲ ਮਨ 'ਤੇ ਸਮਾਜ ਵਿਚ ਵਪਰ ਰਹੀਆਂ ਭਿਆਨਿਕ ਘਟਨਾਵਾਂ ਕਿਵੇਂ ਅਸਰ ਕਰ ਜਾਂਦੀ ਹਨ ਕਹਾਣੀ ਬਾ ਖ਼ੂਬੀ ਬਿਆਨ ਕਰਦੀ ਹੈ। ਅੰਤ ਵਿਚ ਸਰਘੀ ਔਰਤ ਦਾ ਕਾਇਆ ਕਲਪ ਵੀ ਕਰ ਦਿੰਦੀ ਹੈ। 'ਆਪਣੇ ਆਪਣੇ ਮਰਸੀਏ' ਕਹਾਣੀ ਭਾਵੇਂ ਦੋ ਔਰਤਾਂ ਦੀ ਤ੍ਰਾਸ਼ਦੀ ਦੀ ਕਥਾ ਕਹਿੰਦੀ ਹੈ ਪਰ ਇਹ ਸਮੁੱਚੀ ਨਾਰੀ ਦੀ ਪੀੜਾ ਦੀ ਕਹਾਣੀ ਹੈ, ਜਿਹਨੂੰ ਹਰ ਪੱਧਰ 'ਤੇ ਸਫ਼ਰ ਕਰਨਾ ਪੈਂਦਾ ਹੈ। ਉਸ ਕੋਲ ਮਨੁੱਖੀ ਰਿਸ਼ਤਿਆਂ ਦੀ ਗਹਿਰੀ ਸਮਝ ਹੈ, ਇਹ ਸਮਝ ਉਹ ਕਹਾਣੀ ਬਿਰਤਾਂਤ ਵਿਚ ਪੂਰੀ ਸਮਰੱਥਾ ਨਾਲ ਢਾਲ਼ ਲੈਂਦੀ ਹੈ।

ਦੀਪਤੀ ਬਬੂਟਾ 'ਪਿੱਛਾ ਰਹਿ ਗਿਆ ਦੂਰ' ਨਾਲ ਚਰਚਾ ਵਿਚ ਆਈ ਹੈ। ਭਾਵੇਂ ਕਿ ਉਸ ਦੇ ਪਹਿਲਾ ਵੀ ਦੋ ਸੰਗ੍ਰਹਿ ਛਪ ਚੁੱਕੇ ਹਨ। ਇਨ੍ਹਾਂ ਕਹਾਣੀਆਂ ਦਾ ਬਿਰਤਾਂਤ ਲੰਮਾ, ਗਹਿਰਾ, ਬਹੁਪਰਤੀ ਤੇ ਸੰਘਣਾ ਹੈ। ਉਸ ਦੀਆਂ ਕਹਾਣੀਆਂ 'ਡਾਂਸ ਫਲੋਰ', 'ਬਦਨਾਮ ਬਸਤੀ' ਅਤੇ 'ਤੇਰੇ ਬਗੈਰ' ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਉਸ ਕੋਲ ਸਮਾਜ ਦਾ ਵਿਸ਼ਾਲ ਅਨੁਭਵ ਹੈ, ਉਹ ਕਹਾਣੀ ਨੂੰ ਸਟੱਡੀ ਕੇਸ ਵਾਗ ਲੈਂਦੀ ਹੋਈ ਲੰਮਾ ਬਿਰਤਾਂਤ ਸਿਰਜਦੀ ਹੈ। ਪਾਤਰਾਂ ਦਾ ਮਨੋਵਿਗਿਆਨ, ਸਮਾਜ ਵਿਗਿਆਨ ਅਤੇ ਆਰਥਿਕ ਟੁੱਟ ਭੱਜ ਵਿਚ ਵਿਚਰਦੇ ਪਾਤਰ ਜਿਉਂਦੇ ਹੱਡ ਮਾਸ ਦੇ ਲੱਗਦੇ ਹਨ। ਉਸ ਨੇ ਆਪਣੀਆਂ ਕਹਾਣੀਆਂ ਵਿਚ ਜਿਹੜੀਆਂ ਔਰਤਾਂ ਪੇਸ਼ ਕੀਤੀਆਂ ਹਨ, ਉਨ੍ਹਾਂ ਦੇ ਹਰ ਪੱਖ 'ਤੇ ਝਾਤ ਮਾਰੀ ਹੈ। 'ਘਰ' ਉਸ ਦੇ ਪਾਤਰਾਂ ਦੇ ਕੇਂਦਰ ਵਿਚ ਰਹਿੰਦਾ ਹੈ।

ਪਰਵਾਸੀ ਨਾਰੀ ਕਥਾਕਾਰ ਨੇ ਵੀ ਕਾਫੀ ਗਿਣਤੀ ਵਿਚ ਚੰਗੀਆਂ ਕਹਾਣੀਆਂ ਦੀ ਸਿਰਜਣਾ ਕਰਕੇ ਆਪਣੇ ਆਪ ਨੂੰ ਸਥਾਪਤ ਕਰਨ ਦਾ ਨਿੱਗਰ ਉਪਰਾਲਾ ਕੀਤਾ ਹੈ। ਜਿਨ੍ਹਾਂ ਵਿਚ ਮੈਨੂੰ ਕੈਲਾਸ਼ ਪੁਰੀ, ਸੁਰਜੀਤ ਕਲਸੀ, ਰਾਣੀ ਨਾਗੇਂਦਰ, ਮਿੰਨੀ ਗਰੇਵਾਲ, ਸੁਰਜੀਤ ਕੌਰ ਕਲਪਨਾ ਵਰਗੇ ਨਾਂ ਚੇਤੇ ਆਉਂਦੇ ਹਨ। ਕੁਝ ਮੇਰੇ ਚੇਤੇ ਵਿਚੋਂ ਨਾਂ ਕਿਰ ਗਏ ਹੋਣਗੇ। ਕੁਝ ਦਾ ਜ਼ਿਕਰ ਮੈਂ ਪਹਿਲਾਂ ਕਰ ਦਿੱਤਾ ਹੈ।

ਇਕ ਅੰਕ ਤੋਂ ਪਹਿਲਾਂ 'ਕਹਾਣੀ ਧਾਰਾ' ਦਾ ਜੁਲਾਈ, 2007 ਵਿਚ 'ਇਸਤਰੀ ਕਹਾਣੀਕਾਰ ਵਿਸ਼ੇਸ਼ ਅੰਕ' ਪ੍ਰਕਾਸ਼ਤ ਕੀਤਾ ਹੈ। ਇਹ ਦੂਜਾ ਅੰਕ ਹੈ। ਵਿਸ਼ੇਸ਼ ਅੰਕ ਤਿਆਰ ਕਰਨੇ ਆਪਣੇ ਆਪ ਵਿਚ ਚੁਣੌਤੀ ਪੂਰਨ ਰਹੇ ਹਨ। ਖਾਸ ਕਰਕੇ ਨਾਰੀ ਕਥਾਕਾਰ ਵਾਲਾ ਹੱਥਲਾ ਅੰਕ ਤਿਆਰ ਕਰਨ ਵਿਚ ਕਈ ਉਚੇਚ ਕਰਨੇ ਪਏ। ਮੈਂ ਪਿਛਲੇ ਛੇ ਕੁ ਮਹੀਨੇ ਤੋਂ ਇਸ ਅੰਕ ਨੂੰ ਤਿਆਰ ਕਰਨ ਵਿਚ ਲੱਗਿਆ ਹੋਇਆ ਹਾਂ। ਨਾਰੀ ਕਥਾਕਾਰ ਕੋਲੋਂ ਕਹਾਣੀਆਂ ਮੰਗਣੀਆਂ, ਫਿਰ ਉਨ੍ਹਾਂ ਨੂੰ ਪੜ੍ਹਨਾ, ਦੁਬਾਰਾ ਸੋਧ ਕੇ ਲਿਖਣ ਲਈ ਕਹਿਣਾ। ਇਸ ਲਈ ਸਮਾਂ ਤੇ ਸੰਜਮ ਦੋਵਾਂ ਦੀ ਲੋੜ ਹੁੰਦੀ ਹੈ। ਇਸ ਅੰਕ ਨੂੰ ਬਹਿਸ ਤਲਬ ਬਣਾਉਣ ਲਈ ਕੁਝ ਨਾਰੀ ਕਥਾਕਾਰਾਂ ਨੂੰ ਸਵਾਲ ਤਿਆਰ ਕਰਕੇ ਭੇਜੇ। ਤਾਂ ਕਿ ਉਨ੍ਹਾਂ ਸਵਾਲਾਂ ਦੇ ਜਵਾਬਾਂ ਨੂੰ ਇਕ ਥਾਂ ਛਾਪ ਕੇ ਨਾਰੀ ਕਥਾਕਾਰਾਂ ਵਿਚ ਆਪਸੀ ਸੰਵਾਦ ਚਲਾਇਆ ਜਾ ਸਕੇ। ਇਸ ਅੰਕ ਵਿਚ ਅਸੀਂ ਕੁਝ ਹੋਰ ਮੈਟਰ ਵੀ ਛਾਪਣਾ ਚਾਹੁੰਦੇ ਸੀ ਪਰ ਸਾਧਨਾ ਦੀ ਕਮੀ ਕਾਰਨ ਇਸ ਅੰਕ ਦਾ ਅਕਾਰ ਵੱਡਾ ਨਹੀਂ ਕੀਤਾ ਜਾ ਸਕਦਾ ਸੀ ਫਿਰ ਵੀ ਇਸ ਦੇ ਪੰਨੇ 160 ਹੋ ਗਏ ਹਨ। ਪਾਠਕਾਂ ਨੂੰ ਇਹ ਅੰਕ ਸਾਡੇ ਪਹਿਲੇ ਵਿਸ਼ੇਸ਼ ਅੰਕਾਂ ਵਾਂਗ ਜ਼ਰੂਰ ਪਸੰਦ ਆਵੇਗਾ। 'ਕਹਾਣੀ ਧਾਰਾ' ਆਪਣੇ 'ਵਿਸ਼ੇਸ਼ ਅੰਕ' ਤਿਆਰ ਕਰਨ ਦੀ ਪ੍ਰੰਪਰਾ ਭਵਿੱਖ ਵਿਚ ਜਾਰੀ ਰੱਖੇਗਾ। ਇਸੇ ਆਸ ਨਾਲ।

**- ਭਗਵੰਤ ਰਸੂਲਪੁਰੀ**



**ਵਿਚਾਰ ਚਰਚਾ-**

# ਪੰਜਾਬੀ ਨਾਰੀ ਕਥਾਕਾਰੀ, ਸਿਰਜਣਾ, ਦ੍ਰਿਸ਼ਟੀ ਅਤੇ ਸਮਾਜਿਕ ਸਮਝ

*ਜਦੋਂ ਮੈਂ ਪੰਜਾਬੀ ਨਾਰੀ ਕਥਾਕਾਰੀ ਬਾਰੇ 'ਕਹਾਣੀ ਧਾਰਾ' ਦਾ ਵਿਸ਼ੇਸ਼ ਅੰਕ ਉਲੀਕ ਰਿਹਾ ਸੀ ਤਾਂ ਕੁਝ ਪ੍ਰਮੁੱਖ ਨਾਰੀ ਕਥਾਕਾਰਾਂ ਨੂੰ ਦਸ ਸਵਾਲ ਲਿਖ ਕੇ ਭੇਜਣ ਬਾਰੇ ਸੋਚਿਆ ਤਾਂ ਕਿ ਉਹ ਆਪਣੀ ਸਿਰਜਣਾ, ਆਪਣੀ ਸਮਾਜ ਪ੍ਰਤੀ ਦ੍ਰਿਸ਼ਟੀ, ਪਿਤਰੀ ਸੱਤਾ ਵਿਚ ਪਿਸ ਰਹੀ ਨਾਰੀ ਕਿਵੇਂ ਕਹਾਣੀਆਂ ਵਿਚ ਆਉਂਦੀ ਹੈ, ਉਨ੍ਹਾਂ ਦੀ ਸਮਾਜ ਨੂੰ ਵੇਖਣ ਦੀ ਕਿਸ ਤਰ੍ਹਾਂ ਦੀ ਸਮਝ ਬਣੀ ਹੈ ਆਦਿ ਅਨੁਭਵ ਪੁੱਛੇ ਜਾਣ। ਇਸ ਲਈ ਮੈਂ ਉਨ੍ਹਾਂ ਨੂੰ ਦਸ ਸਵਾਲਾਂ ਦੇ ਉੱਤਰ ਲਿਖ ਕੇ ਭੇਜਣ ਲਈ ਬੇਨਤੀ ਕੀਤੀ। ਮੇਰਾ ਯਤਨ ਸੀ ਕਿ ਸਮਕਾਲ ਵਿਚ ਲਿਖਣ ਵਾਲੀਆਂ ਨਾਰੀ ਕਥਾਕਾਰਾਂ ਨੂੰ ਇਕ ਸਾਂਝਾ ਪਲੇਟ ਫਾਰਮ ਦਿੱਤਾ ਜਾਵੇ ਤਾਂ ਕਿ ਉਹ ਆਪਣੀ ਕਥਾ ਦੀ ਗੱਲ ਇਕ ਥਾਂ ਰੱਖ ਕੇ ਸਮਕਾਲ 'ਚ ਲਿਖੀ ਜਾ ਰਹੀ ਨਾਰੀ ਕਹਾਣੀ ਬਾਰੇ ਇਕ ਸੰਵਾਦ ਚਲਾਉਣ। ਆਪਣੀ ਕਹਾਣੀ ਦੀ ਵੀ ਗੱਲ ਕਰਨ, ਆਪਣੇ ਤੋਂ ਪਹਿਲੀਆਂ ਨਾਰੀ ਕਹਾਣੀਕਾਰਾਂ ਦੀ ਵੀ ਗੱਲ ਕਰਨ ਅਤੇ ਪੰਜਾਬੀ ਕਹਾਣੀ ਵਿਚ ਮਿਲੀ ਆਪਣੀ ਸਪੇਸ ਬਾਰੇ ਵੀ ਗੱਲ ਕਰਨ। ਕੁਝ ਨਾਰੀ ਕਥਾਕਾਰ ਆਪਣੇ ਪਰਿਵਾਰਕ ਰੁਝੇਵਿਆ ਕਾਰਨ ਸਵਾਲਾਂ ਦੇ ਉੱਤਰ ਦੇ ਨਹੀਂ ਸਕੀਆਂ। ਉਨ੍ਹਾਂ ਦੀ ਘਾਟ ਰੜਕਦੀ ਰਹੇਗੀ। ਨਾਰੀ ਕਥਾਕਾਰਾਂ ਦੀਆਂ ਲਿਖਤਾਂ ਦੀ ਤਰਤੀਬ ਮੈਂ ਆਪਣੀ ਸਹੂਲਤ ਲਈ ਅੱਗੇ ਪਿੱਛੇ ਕਰ ਦਿੱਤੀ ਹੈ, ਨਾਰੀਆਂ ਇਸ ਗੱਲ ਨੂੰ ਲੈ ਕੇ ਮੇਰੇ ਨਾਲ 'ਲੜ' ਹੀ ਨਾ ਪੈਣ। ਮੈਨੂੰ ਇਹ ਵੀ ਡਰ ਹੈ ਕਿ ਐਨੀਆਂ ਨਾਰੀਆਂ ਮੈਂ ਇਕ ਥਾਂ ਇਕੱਠੀਆਂ ਕਰ ਲਈਆਂ ਹਨ ਕਿਤੇ ਆਪਸ ਵਿਚ ਹੀ ਨਾ ਲੜ ਪੈਣ। ਖ਼ੈਰ ਇਹ ਸੂਝਵਾਨ ਨਾਰੀਆਂ ਹਨ। ਸਮਾਜ ਨੂੰ ਸਮਝਣ ਵਾਲੀਆਂ ਹਨ। ਅਜਿਹਾ ਨਹੀਂ ਕਰਨਗੀਆਂ। ਉਨ੍ਹਾਂ ਵੱਲੋਂ ਭੇਜੇ ਜਵਾਬਾਂ ਨੂੰ ਮੈਂ ਇਕ ਲੇਖ ਦੀ ਸ਼ਕਲ ਕੇ ਦੇ ਪਾਠਕਾਂ ਲਈ ਪੇਸ਼ ਕੀਤੇ ਹਨ। ਨਿਮਨ ਲਿਖਤ, ਦਸ ਸਵਾਲ ਭੇਜੇ ਗਏ ਸਨ,*

*1. ਜਦੋਂ ਤੁਸੀਂ ਕਹਾਣੀ ਲਿਖਣੀ ਸ਼ੁਰੂ ਕੀਤੀ ਉਸ ਵੇਲੇ ਸਮਾਜ 'ਚ ਔਰਤ ਦੀ ਸਥਿਤੀ ਕਿਸ ਤਰ੍ਹਾਂ ਦੀ ਸੀ, ਤੁਸੀਂ ਕਹਾਣੀ 'ਚ ਔਰਤ ਨੂੰ ਕਿਸ ਤਰ੍ਹਾਂ ਪੇਸ਼ ਕੀਤਾ?*

*2. ਤੁਹਾਡੇ ਤੋਂ ਪਹਿਲੀਆਂ ਨਾਰੀ ਕਹਾਣੀਕਾਰਾਂ ਨੇ ਮਰਦ ਤੇ ਔਰਤ ਨੂੰ ਕਿਸ ਤਰ੍ਹਾਂ ਪੇਸ਼ ਕੀਤਾ ਅਤੇ ਤੁਸੀਂ ਕਿਸ ਦ੍ਰਿਸ਼ਟੀ ਤੋਂ ਪੇਸ਼ ਕੀਤਾ?*

*3. ਤੁਹਾਡੀ ਕਹਾਣੀ 'ਚ ਕਿਹੜੀ ਨਿਵੇਕਲੀ ਖ਼ੂਬੀ ਹੈ ਜੋ ਤੁਹਾਨੂੰ ਪੰਜਾਬੀ ਕਹਾਣੀ ਤੋਂ ਵੱਖਰਾ ਕਰ ਸਕਦੀ ਹੈ ?*

*4. ਇੱਕੀਵੀਂ ਸਦੀਂ 'ਚ ਔਰਤ ਮਰਦ ਦੇ ਰਿਸ਼ਤੇ ਬਹੁਤ ਬਦਲ ਗਏ ਹਨ। ਇਨ੍ਹਾਂ ਰਿਸ਼ਤਿਆਂ ਨੂੰ ਤੁਸੀਂ ਕਿਸ ਤਰ੍ਹਾਂ ਕਹਾਣੀਆਂ ਰਾਹੀ ਫੜ ਸਕੇ ਹੋ ?*

*5. ਇਕ ਪਰਿਵਾਰਕ ਨਾਰੀ ਹੈ ਅਤੇ ਇਕ ਕਹਾਣੀਕਾਰ ਨਾਰੀ ਹੈ। ਇਹਦੇ 'ਚ ਤੁਸੀਂ ਕਿੰਨਾ ਕੁ ਵਖਰੇਵਾਂ-ਭਿੰਨਤਾ ਵੇਖਦੇ ਹੋ ਤੇ ਕਿਵੇਂ?*

*6. ਕੀ ਬਤੌਰ ਕਹਾਣੀਕਾਰ ਤੁਹਾਨੂੰ ਮਾਨਤਾ ਮਿਲੀ, ਜੇ ਨਹੀਂ ਤਾਂ ਇਹਦੇ ਕੀ ਕਾਰਨ ਹਨ। ਆਮ ਧਾਰਨਾ ਬਣ ਚੁੱਕੀ ਹੈ ਕਿ 'ਗੌਡ ਫਾਦਰ' ਰਾਹੀਂ ਹੀ ਸਾਹਿਤ ਰੂਪੀ ਪੌੜੀ ਦੇ ਸਿਖਰਲੇ ਡੰਡੇ ਤੱਕ ਪਹੁੰਚਿਆ ਜਾ ਸਕਦਾ ਹੈ?*


*7. ਕਹਾਣੀ ਦੀ ਸ਼ੈਲੀ, ਬਣਤਰ, ਬੁਣਤੀ, ਵਿਸ਼ਿਆ ਆਦਿ 'ਚ ਤੁਸੀਂ ਤਜ਼ਰਬੇ ਵੀ ਕੀਤੇ ਜੇ ਕੀਤੇ ਤਾਂ ਕਿਸ ਤਰ੍ਹਾਂ ਦੇ ਕੀਤੇ?*

*8. ਤੁਹਾਡੀ ਸਮੁੱਚੀ ਕਹਾਣੀ 'ਚ ਮਰਦ ਪਾਤਰ ਹਾਵੀ ਰਹਿੰਦੇ ਹਨ ਜਾਂ ਇਸਤਰੀ?*

*9. ਆਮ ਧਾਰਨਾ ਹੈ ਕਿ ਮਰਦ ਹੀ ਔਰਤ ਦਾ ਸ਼ੋਸ਼ਣ ਕਰਦਾ ਹੈ। ਇਸ ਦ੍ਰਿਸ਼ਟੀ ਤੋਂ ਤੁਸੀਂ ਕਹਾਣੀ ਉਸਾਰਦੇ ਹੋ? ਔਰਤ ਜਦੋਂ ਮਰਦ ਦਾ ਸ਼ੋਸ਼ਣ ਕਰਦੀ ਹੈ, ਇਹ ਨਾਰੀ ਦਾ ਰੂਪ ਵੀ ਤੁਹਾਡੀ ਕਹਾਣੀ 'ਚ ਆਇਆ?*

*10. ਔਰਤ ਮਰਦ ਦੇ ਰਿਸ਼ਤਿਆਂ ਨੂੰ ਤੁਸੀਂ ਕਿੰਨੇ ਕੁ ਤੇ ਕਿਵੇਂ ਕਹਾਣੀਆਂ 'ਚ ਫੜ ਸਕੇ ਹੋ। ਅਜਿਹੀਆਂ ਕਹਾਣੀਆਂ ਲਿਖਦਿਆਂ ਤੁਹਾਨੂੰ ਸਮਾਜ ਤੇ ਪਰਿਵਾਰ ਤੋਂ ਡਰ ਵੀ ਲਗਦਾ ਹੈ ਕਿ ਜੇ ਪੜ੍ਹਨਗੇ ਤੇ ਕੀ ਕਹਿਣਗੇ?*

## ''ਮੈਨੂੰ ਮਨੋਵਿਗਿਆਨਕ ਸੁਰ ਵਾਲੀ ਕਹਾਣੀ ਲਿਖਣੀ ਚੰਗੀ ਲੱਗਦੀ ਹੈ''
### -ਕੁਲਬੀਰ ਬਡੇਸਰੋਂ




ਕੁਝ ਮਹੀਨੇ ਪਹਿਲਾਂ ਦੀ ਗੱਲ ਹੈ, ਮੈਂ ਘਰੋਂ ਨਿਕਲੀ ਤੇ ਜਿਸ ਕੰਮ ਲਈ ਮੈਂ ਜਿਸ ਜਗ੍ਹਾ ਜਾ ਰਹੀ ਸਾਂ, ਰਾਹ 'ਚ ਕੋਈ ਪੰਜ ਛੇ ਚੌਂਕ ਆਉਂਦੇ ਸਨ ਮੈਂ ਵੇਖਿਆ ਹਰ ਚੌਂਕ ਦੇ ਇਕ ਪਾਸੇ ਸੜਕ 'ਤੇ ਇੱਕ ਇੱਕ ਹੋਰਡਿੰਗ ਕੋਈ ਵੀਹ ਬਾਈ ਫੁੱਟ ਚੌੜੀ ਤੇ ਲੰਬੀ ਲੱਗੀ ਹੋਈ ਸੀ, ਕੋਈ ਨਵੀਂ ਬਰਾ ਲਾਊਚ ਹੋਈ ਸੀ, ਹਰ ਹੋਰਡਿੰਗ 'ਚ ਇਕ ਮਾਡਲ ਕੁੜੀ ਉਹ ਬਰਾ ਪਾ ਕੇ ਖੜੀ ਸੀ ਤਾਂ ਮੈਨੂੰ ਆਪਣੀ ਜੁਆਨ ਏਜ਼ ਦੀ ਇੱਕ ਗੱਲ ਚੇਤੇ ਆ ਗਈ ਕਿ ਕਿਵੇਂ ਬੀਜੀ (ਮੇਰੀ ਮਾਂ) ਸਾਨੂੰ ਭੈਣਾਂ ਨੂੰ ਇਹ ਹਿਦਾਇਤ ਦਿੰਦੀ ਹੁੰਦੀ ਸੀ ਕਿ ਜਦ ਵੀ ਬਰਾ ਧੋ ਕੇ ਸੁੱਕਣੀ ਪਾਉਣੀ ਹੈ ਤਾਂ ਤਾਰ ਜਾਂ ਬਨੇਰੇ 'ਤੇ ਜਾਂ ਜਿੱਥੇ ਵੀ ਸੁੱਕਣੀ ਪਾਓ, ਉੱਪਰ ਹੋਰ ਕੱਪੜਾ ਵੀ ਪਾ ਦੇਣਾ ਹੈ, ਏਦਾ ਹੀ ਪਾ ਦਿਉਗੇ ਤਾਂ ਘਰ ਦੇ ਮਰਦ ਵੇਖਣਗੇ, ਜਾਂ ਆਂਢ-ਗੁਆਂਢ ਵੇਖੇਗਾ ਜਾਂ ਕੋਈ ਆਇਆ ਗਿਆ ਵੇਖੇਗਾ ਤਾਂ ਕੀ ਸੋਚਣਗੇ? ਚੰਗਾ ਥੋੜ੍ਹੀਂ ਲੱਗਦਾ ਹੈ... ਆਟਾ ਗੁੰਨ੍ਹਦਿਆਂ ਕਲੀਵਏਜ਼ ਨਹੀਂ ਦਿਖਣਾ ਚਾਹੀਦਾ... ਕਾਲਿਜ ਸਿਰ ਢੱਕ ਕੇ ਜਾਣਾ ਚਾਹੀਦਾ ਹੈ, ਚੁੰਨੀ ਸੁਆਰ ਕੇ ਲੈਣੀ ਚਾਹੀਦੀ ਹੈ... ਇਹ ਸਭ ਹਿਦਾਇਤਾਂ ਮਾਂ ਦਿੰਦੀ ਹੁੰਦੀ ਸੀ...। ਤੇ ਉਨੀਂ ਸੌ ਬਿਆਸੀ 'ਚ ਜਦ ਮੈਂ ਲਿਖਣਾ ਸ਼ੁਰੂ ਕੀਤਾ ਤਾਂ ਜ਼ਾਹਿਰ ਹੈ ਕਿ ਔਰਤ ਦੀ ਸਥਿਤੀ ਸਾਡੇ ਸਮਾਜ ਵਿੱਚ ਏਨੀਂ ਲਿਬਰਲ ਨਹੀਂ ਸੀ ਜਿੰਨੀ ਹੌਲੀ ਹੌਲੀ ਬਾਅਦ 'ਚ ਹੁੰਦੀ ਗਈ। ਹੁਣ ਦੀ ਤਰ੍ਹਾਂ ਔਰਤ ਲਿਵ ਇਨ ਰਿਲੇਸ਼ਿਨਸ਼ਿਪ 'ਚ ਰਹਿਣ ਦੀ ਹਿੰਮਤ ਨਹੀਂ ਜੁਟਾ ਪਾਉਂਦੀ ਸੀ ਜਾਂ ਖੁੱਲ੍ਹ ਕੇ ਡੇਟਿੰਗ ਕਰਨਾ, ਆਪਣੇ ਰਿਲੇਸ਼ਿਨਸ਼ਿਪ ਨੂੰ ਸਵੀਕਾਰਨਾ, ਇਹ ਸਭ ਟੈਬੂ ਸੀ।

ਅੱਜ ਦੀ ਔਰਤ ਆਪਣੇ ਫ਼ੈਸਲੇ ਜ਼ਿਆਦਾ ਦਲੇਰਾਨਾ ਤਰੀਕੇ ਨਾਲ ਲੈਂਦੀ ਹੈ, ਉਹ ਆਪਣੇ ਨਾਲ ਹੋ ਰਹੇ ਧੋਖੇ, ਫ਼ਰੇਬ ਤੇ ਜ਼ਿਆਦਤੀ ਨੂੰ ਚੁੱਪਚਾਪ ਨਹੀਂ ਸਹੀ ਜਾਂਦੀ, ਜਿਵੇਂ ਜਦੋਂ ਮੈਂ ਲਿਖਣਾ ਸ਼ੁਰੂ ਕੀਤਾ ਉਦੋਂ ਔਰਤ ਆਪਣੇ ਨਾਲ ਹੁੰਦੀ ਹਰ ਜ਼ਿਆਦਤੀ ਨੂੰ ਰੋ ਧੋ ਕੇ ਸਹੀ ਜਾਂਦੀ ਸੀ, ਸੋ ਮੈਂ ਪਹਿਲੀ ਕਿਤਾਬ 'ਦਾਇਰੇ' ਜਿਸ ਵਿੱਚ ਦੋ ਨਾਵਲਿਟਾਂ ਨੂੰ ਸ਼ਾਮਿਲ ਕੀਤਾ ਸੀ 'ਦਾਇਰੇ' ਤੇ 'ਖਲਾਅ' ਜੋ ਕਿ ਦੋ ਲੰਬੀਆਂ ਕਹਾਣੀਆਂ ਵੀ ਕਹੀਆਂ ਜਾ ਸਕਦੀਆਂ ਹਨ। ਉਸ ਵਿਚ 'ਦਾਇਰੇ' ਜੋ ਕਿ ਮੁੱਖ ਕਹਾਣੀ ਸੀ ਉਸ ਦੀ ਨਾਇਕਾ ਨੂੰ ਉਸੇ ਤਰ੍ਹਾਂ ਪੇਸ਼ ਕੀਤਾ ਜਿਵੇਂ ਅੱਜ ਤੋਂ ਪੈਂਤੀ ਸਾਲ ਪਹਿਲਾਂ ਔਰਤ ਦੀ ਸਥਿਤੀ ਸੀ। ਉਹ ਪਤੀ ਤੋਂ ਦੱਬ ਕੇ ਰਹਿੰਦੀ ਹੈ, ਖੁੱਲ੍ਹ ਕੇ ਕੋਈ ਫ਼ੈਸਲਾ ਨਹੀਂ ਲੈ ਪਾਉਂਦੀ। ਨਾਇਕਾ ਦੀ ਭੈਣ ਜੋ ਉਸ ਕੋਲ ਕੁੱਝ ਦਿਨਾਂ ਲਈ ਆਈ ਹੋਈ ਹੈ, ਉਸਦੇ ਦੇਵਰ ਨੂੰ ਪਿਆਰ ਕਰਨ ਲੱਗਦੀ ਹੈ, ਪਿਆਰ ਸਫ਼ਲ ਨਹੀਂ ਹੋ ਰਿਹਾ, ਭੈਣ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੀ ਹੈ ਪਰ ਨਾਇਕਾ ਸਿਰਫ਼ ਸੋਚਣ ਤੇ ਦੁੱਖੀ ਹੋਣ ਤੋਂ ਬਿਨਾਂ ਕੁੱਝ ਨਹੀਂ ਕਰ ਪਾ ਰਹੀ, ਉਸਦਾ ਬੱਚਾ ਉਸਦੀ ਨਨਾਣ ਆਪਣੇ ਨਾਲ ਲੈ ਜਾਂਦੀ ਹੈ ਤਾਂ ਉਹ ਵਿਰੋਧ ਨਹੀਂ ਕਰ ਪਾਉਂਦੀ।



ਇਸੇ ਤਰ੍ਹਾਂ ਉਨੀਂ ਸੌ ਸਤਾਸੀ 'ਚ ਆਈ ਮੇਰੀ ਦੂਜੀ ਕਿਤਾਬ 'ਇਕ ਖ਼ਤ ਪਾਪਾ ਦੇ ਨਾਂਅ' ਜੋ ਕਿ ਕਹਾਣੀਆਂ ਦੀ ਕਿਤਾਬ ਸੀ, ਵਿੱਚਲੀਆਂ ਕਹਾਣੀਆਂ 'ਚ ਵੀ ਮੇਰੀਆਂ ਨਾਇਕਾਵਾਂ ਦੀ ਸੁਰ ਦੱਬੂ ਸੀ! ਕਹਾਣੀ 'ਮੈਂ ਕੀ ਕਰਾਂ?' ਜਿਸ 'ਚ ਨਾਇਕਾ ਨਾਲ ਧੋਖਾ ਹੁੰਦਾ ਹੈ, ਇੱਕ ਵਿਆਹਿਆ ਹੋਇਆ ਪ੍ਰੋਫ਼ੈਸਰ ਸਰਕਾਰੀ ਨੌਕਰੀ ਕਰਦਾ ਹੋਇਆ ਨਾਇਕਾ ਨਾਲ ਪ੍ਰੇਮ-ਵਿਆਹ ਕਰਵਾ ਲੈਂਦਾ ਹੈ ਤੇ ਆਪਣੇ ਪਹਿਲੇ ਵਿਆਹ ਨੂੰ ਲੁਕੋ ਲੈਂਦਾ ਹੈ। ਨਾਇਕਾ ਨੂੰ ਪਤਾ ਲੱਗਣ ਤੇ ਉਹ ਰੋਂਦੀ ਕੁਰਲਾਉਂਦੀ ਹੈ ਤੇ ਆਪਣੇ ਆਪ ਨਾਲ ਹੀ ਮਾਨਸਿਕ ਤਨਾਓ 'ਚ ਰਹਿੰਦਿਆਂ ਪੁੱਛਦੀ ਹੈ ਕਿ "ਮੈਂ ਕੀ ਕਰਾਂ?", 'ਇੱਕ ਖ਼ਤ ਪਾਪਾ ਦੇ ਨਾਂਅ' 'ਚ ਵੀ ਉਹ ਆਪਣੇ ਸਾਰੇ ਦੁੱਖ ਦਰਦ ਇੱਕ ਖ਼ਤ 'ਚ ਲਿਖਦੀ ਹੈ, ਆਪਣੀ ਵੇਦਨਾ, ਆਪਣਾ ਇਕੱਲਾਪਣ, ਦਰਦ, ਉਦਾਸੀ ਤੇ ਪਿਆਰ ਲਈ ਸਹਿਕਦਾ ਦਿਲ ਖ਼ਤ 'ਚ ਖੋਲ੍ਹ ਕੇ ਰੱਖ ਦਿੰਦੀ ਹੈ ਪਰ ਅਖ਼ੀਰ ਇਸੀ ਦਵੰਦ 'ਚ ਖ਼ਤ ਲਿਖ ਕੇ ਸੋਚਦੀ ਰਹਿ ਜਾਂਦੀ ਹੈ ਕਿ ਖ਼ਤ ਪੋਸਟ ਕਰਨਾ ਚਾਹੀਦਾ ਹੈ ਕਿ ਨਹੀਂ? ਇਵੇਂ ਹੀ ਇਸ ਸੰਗ੍ਰਹਿ ਦੀਆਂ ਬਾਕੀ ਕਹਾਣੀਆਂ 'ਚ ਵੀ ਮਾਨਸਿਕ ਪੀੜਾ ਹੈ, ਦਵੰਦ ਹੈ, ਜ਼ਿੰਦਗੀ ਦੇ ਮਸਲਿਆਂ ਨੂੰ ਪਛਾਨਣਦੀ ਡੂੰਘੀ ਨੀਝ ਹੈ ਪਰ ਵਿਦਰੋਹ ਦੀ ਸੁਰ ਨਹੀਂ, ਚਾਹੇ ਉਹ ਕਹਾਣੀ 'ਮੇਰਾ ਘਰ ਹੋਵੇ' ,'ਦੋਸ਼ੀ', 'ਅਨਹੋਣੀ' ਜਾਂ 'ਬਨਵਾਸ' ਜਾਂ 'ਭਟਕਣ' ਜਾਂ 'ਗੱਡੀ ਦੇ ਡੱਬੇ' ਹੋਵੇ!

ਸੋ ਕਹਿਣ ਦਾ ਭਾਵ ਉਸ ਸਮੇਂ ਜੋ ਔਰਤ ਦੀ ਸਥਿਤੀ ਸਮਾਜ 'ਚ ਸੀ, ਮੈਂ ਉਸੇ ਤਰ੍ਹਾਂ ਹੀ ਪੇਸ਼ ਕੀਤਾ।

ਮੈਥੋਂ ਪਹਿਲਾਂ ਜੋ ਨਾਰੀ ਕਹਾਣੀਕਾਰਾਂ ਹੋਈਆਂ ਹਨ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ, ਰਾਜਿੰਦਰ ਕੌਰ, ਪ੍ਰਭਜੋਤ ਕੌਰ, ਅਨਵੰਤ ਕੌਰ, ਕਾਨ੍ਹਾ ਸਿੰਘ, ਸ਼ਰਨ ਮੱਕੜ, ਚੰਦਨ ਨੇਗੀ, ਬਚਿੰਤ ਕੌਰ, ਤਾਰਨ ਗੁਜਰਾਲ, ਸੁਖਵੰਤ ਕੌਰ ਮਾਨ, ਬਲਜੀਤ ਕੌਰ ਬੱਲੀ, ਸੁਰਜੀਤ ਸਰਨਾ, ਅਮਰਜੀਤ ਕੌਰ ਸੇਖੋਂ ਆਦਿ ਇਨ੍ਹਾਂ 'ਤੇ ਦੋਸ਼ ਲੱਗਦਾ ਹੀ ਰਿਹਾ ਹੈ ਕਿ ਇਨ੍ਹਾਂ ਨੇ ਔਰਤ ਦੇ ਪੱਖ 'ਚ ਲਿਖਿਆ। ਔਰਤ ਨੂੰ ਮਾਸੂਮ, ਨਿਰਛੱਲ ਤੇ ਮਰਦ ਨੂੰ ਫਰੇਬੀ ਤੇ ਜ਼ੁਲਮ ਕਰਨ ਵਾਲਾ ਵਿਖਾਇਆ।

ਪਰ ਮੇਰੇ ਖ਼ਿਆਲ ਅਨੁਸਾਰ ਇਨ੍ਹਾਂ ਲੇਖਿਕਾਵਾਂ ਨੇ ਔਰਤ ਲੇਖਿਕਾਵਾਂ ਹੋਣ ਦੇ ਨਾਤੇ ਜੇ ਔਰਤ ਦੇ ਹੱਕ 'ਚ ਲਿਖਿਆ ਹੋਵੇਗਾ ਜਾਂ ਔਰਤ ਦੇ ਮਨ ਦੀਆਂ ਥਾਹਾਂ ਪਾਈਆਂ ਹੋਣਗੀਆਂ ਤਾਂ ਇਹ ਵੀ ਸੱਚ ਹੈ ਕਿ ਇਨ੍ਹਾਂ ਨੇ ਜ਼ਿੰਦਗੀ ਦੇ ਹੋਰ ਰੰਗਾਂ ਦੀਆਂ ਵੀ ਕਹਾਣੀਆਂ ਲਿਖੀਆਂ ਹਨ। ਜ਼ਿੰਦਗੀ ਦੇ ਵਿਭਿੰਨ ਰੂਪ, ਅਕਸ, ਤ੍ਰਾਸਦੀਆਂ, ਖੁਸ਼ੀਆਂ ਗ਼ਮੀਆਂ, ਔਰਤ ਦੀ ਔਰਤ ਨਾਲ ਅਹਿਮ ਦੀ ਟੱਕਰ, ਜਿਵੇਂ ਅੰਮ੍ਰਿਤਾ ਪ੍ਰੀਤਮ ਦੀ ਕਹਾਣੀ 'ਸ਼ਾਹ ਦੀ ਕੰਜਰੀ' ਜਾਂ ਔਰਤ ਦਾ ਔਰਤ ਤੋਂ ਬਦਲਾ, ਜਿਵੇਂ ਬਚਿੰਤ ਕੌਰ ਦੀ 'ਮੇਮਣਾ' ਜਾਂ ਔਰਤ ਤੇ ਮਰਦ ਦੇ ਮਨਾਂ ਦੀ ਗੱਲ, ਦਲੀਪ ਕੌਰ ਟਿਵਾਣਾ ਦੀ ਕਹਾਣੀ 'ਤੇਰਾ ਕਮਰਾ ਮੇਰਾ ਕਮਰਾ' ਜਾਂ ਜ਼ਿੰਦਗੀ ਦੇ ਹੋਰ ਪੱਖ ਜਿਵੇਂ ਰਾਜਿੰਦਰ ਕੌਰ ਦੀ ਕਹਾਣੀ 'ਦੀ ਬ੍ਰੇਕਨ ਹਾਰਟ' ਜਿਸ 'ਚ ਨੌਜਵਾਨ ਪੀੜ੍ਹੀ ਦਾ ਬਾਰ ਬਾਰ ਰੋਮਾਂਚ ਤੋਂ ਦਿਲ ਟੁੱਟਣਾ ਤੇ ਜੁੜਨਾ ਵਿਖਾਇਆ ਹੈ। ਚੰਦਨ ਨੇਗੀ ਵੀ ਆਪਣੇ ਸਵੈ-ਕਥਨ ਵਿੱਚ ਆਖਦੀ ਹੈ "ਮੈਂ ਔਰਤ ਮਰਦ ਦੇ ਰਿਸ਼ਤਿਆਂ ਨੂੰ ਸੰਤੁਲਤ ਰੂਪ ਵਿੱਚ ਵੇਖਣ ਦਾ ਯਤਨ ਕੀਤਾ ਹੈ।"

ਪਰ ਔਰਤ ਮਰਦ ਦੇ ਵਿਸ਼ੇ ਤੋਂ ਉੱਪਰ ਉੱਠ ਕੇ ਸਭ ਤੋਂ ਵੱਧ ਸਫ਼ਲ ਕਹਾਣੀਆਂ ਜਿਨ੍ਹਾਂ ਦੋ ਔਰਤ ਕਹਾਣੀਕਾਰਾਂ ਨੇ ਲਿਖੀਆਂ ਉਹ ਹਨ ਅਜੀਤ ਕੌਰ ਤੇ ਸੁਖਵੰਤ ਕੌਰ ਮਾਨ। ਇਨ੍ਹਾਂ ਦੋਨਾਂ ਕਹਾਣੀਕਾਰਾਂ ਨੇ ਇਸਤਰੀ ਤੇ ਪੁਰਸ਼ ਦੋਵਾਂ ਨੂੰ ਵਿਅਕਤੀ ਮਨ ਕੇ ਕਹਾਣੀਆਂ ਲਿਖੀਆਂ। ਜਿਵੇਂ ਅਜੀਤ ਕੌਰ ਦੀਆਂ ਕੁੱਝ ਕਹਾਣੀਆਂ 'ਕਸਾਈਵਾੜਾ', ਨਾ ਮਾਰੋ', 'ਮੰਗਤਾ', 'ਦੂਜਾ ਡਾਕੂ', 'ਸੂਰਜ, ਚਿੜੀਆਂ ਤੇ ਰੱਬ' ਆਦਿ ਤੇ ਸੁਖਵੰਤ ਕੌਰ ਮਾਨ ਦੀਆਂ ਕਹਾਣੀਆਂ 'ਚਾਦਰ ਹੇਠਲਾ ਬੰਦਾ', 'ਖੁਸ਼ੀ', 'ਸੱਪ ਤੇ ਸ਼ਹਿਰ', 'ਕਾਣਾ ਦਿਓ', 'ਕੱਛੂ ਕੁੰਮਾ', 'ਬੋਲ ਮੇਰੀ ਮੱਛਲੀ' ਆਦਿ!

ਇਸ ਤਰ੍ਹਾਂ ਇਨ੍ਹਾਂ ਲੇਖਿਕਾਵਾਂ ਦੀਆਂ ਰਚਨਾਵਾਂ ਔਰਤ ਜਾਂ ਮਰਦ ਤੱਕ ਹੀ ਸੀਮਿਤ ਨਹੀਂ ਸਗੋਂ ਸਮੁੱਚੀ ਮਾਨਵੀ ਹੋਂਦ ਨੂੰ ਸਨਮੁੱਖ ਹਨ। ਮੇਰੀ ਵੀ ਇਹੀ ਕੋਸ਼ਿਸ਼ ਹੈ ਕਿ ਮੇਰੀਆਂ ਕਹਾਣੀਆਂ ਵੀ ਸਿਰਫ਼




ਮਰਦ ਤੇ ਔਰਤ ਦੇ ਸੰਬੰਧਾਂ ਤੱਕ ਹੀ ਸੀਮਿਤ ਹੋ ਕੇ ਨਾ ਰਹਿ ਜਾਣ ਸਗੋਂ ਸਮਾਜ ਦੇ ਹਰ ਰੰਗ ਨੂੰ ਪੇਸ਼ ਕਰਨ ਜਿਵੇਂ ਮੇਰੀਆਂ ਕੁਝ ਕਹਾਣੀਆਂ ਇਸੇ ਲੀਹ ’ਤੇ ਤੁਰਨ ਵਾਲੀਆਂ ਹਨ ਜਿਵੇਂ ਮੇਰੀ ਕਹਾਣੀ ‘ਵਿਚਾਰੀ’ ਭਰੂਣ ਹੱਤਿਆ ਦੇ ਵਿਰੁੱਧ ਹੈ।‘ਰੱਬ ਝੂਠ ਨਾ ਬੁਲਾਏ’ ਮੱਧ ਸ਼੍ਰੇਣੀ ਤੋਂ ਥੋੜ੍ਹੀ ਉਪਰਲੀ ਸ਼੍ਰੇਣੀ ਦੀ ਮਾਨਸਿਕਤਾ ਦੀ ਕਹਾਣੀ ਹੈ। ਜਿਸ ਵਿਚ ਸੁਆਰਥ ਤੇ ਚਾਲਾਕੀ ਲੁੱਕੀ ਹੋਈ ਹੈ। ‘ਕਦੋਂ ਆਏਂਗੀ?’ ਫ਼ਿਲਮੀ ਦੁਨੀਆਂ ਦੇ ਉਹ ਚਮਕਦੇ ਡਾਇਰੈਕਟਰ ਤੇ ਪ੍ਰੋਡਿਊਸਰ ਜੋ ਆਪਣੇ ਚਲ-ਚਿੱਤਰਾਂ ’ਚ ਬਾਤਾਂ ਤਾਂ ਪਾਉਂਦੇ ਹਨ ਆਦਰਸ਼ਵਾਦ ਦੀਆਂ ਪਰ ਉਨ੍ਹਾਂ ਨੂੰ ਹੀ ਆਦਰਸ਼ ਮੰਨ ਕੇ ਜਦੋਂ ਕਿਸੇ ਛੋਟੇ ਸ਼ਹਿਰ ਤੋਂ ਆਈ ਲੜਕੀ ਮਿਲਣ ਜਾਂਦੀ ਹੈ ਤਾਂ ਕਿਵੇਂ ਉਨ੍ਹਾਂ ਨਿਰਮਾਤਾ, ਨਿਰਦੇਸ਼ਕਾਂ ਦਾ ਮੁਖੌਟਾ ਉੱਤਰ ਜਾਂਦਾ ਵਿਖਾਇਆ ਹੈ। ਇਵੇਂ ਹੀ ‘ਹੋਇਆ ਜੀਉੜਾ ਉਦਾਸ’ ’ਚ ਕੈਂਸਰ ਨਾਂਅ ਦੀ ਨਾਮਰਾਦ ਬੀਮਾਰੀ ਅੱਗੇ ਕੋਈ ਕਿਵੇਂ ਬੇਬਸ ਹੋ ਸਕਦਾ ਹੈ। ਉਹ ਚਾਹੇ ਦੇਸ਼ ਹੋਵੇ ਜਾਂ ਵਿਦੇਸ਼।“ਮਿਸਿਜ਼ ਮੈਨਾ’ ’ਚ ਉਸ ਅਫ਼ਸਰ ਔਰਤ ਦੇ ਚਿਹਰੇ ਤੋਂ ਪਰਦਾ ਉਠਾਇਆ ਹੈ ਜੋ ਸਿਰਫ਼ ਆਪਣੇ ਆਫ਼ਿਸ ’ਚ ਆਪਣੇ ਜੂਨੀਅਰ ਕੁਲੀਗਜ਼ ’ਤੇ ਰੋਹਬ ਪਾਉਣ ਲਈ ਹੀ, ਝੂਠ ਤੇ ਦੰਭ ਦਾ ਸਹਾਰਾ ਲੈਂਦੀ ਹੈ। ‘ਕਰਜ਼’ ਕਹਾਣੀ ’ਚ ਵਿਦੇਸ਼ਾਂ ਲਈ ਵੀਜ਼ੇ ਮਿਲਣ ’ਚ ਜੋ ਤਕਲੀਫ਼ਾਂ ਤੇ ਮਾਨਸਿਕ ਤਣਾਓ ’ਚੋਂ ਗੁਜ਼ਰਨਾ ਪੈਂਦਾ ਹੈ, ਉਸਦਾ ਬਿਆਨ ਹੈ ਤੇ ‘ਇਹ ਵੀ ਸੱਚ ਹੈ’ ਕਹਾਣੀ ’ਚ ਜਦੋਂ ਕਿਸੇ ਜੁਆਨ ਕੁੜੀ ਦੀ ਉਮਰ ਵਿਆਹ ਯੋਗ ਹੋ ਕੇ ਓਵਰਏਜ਼ ਹੋ ਜਾਂਦੀ ਹੈ ਤਾਂ ਉਹ ਕਿਸ ਡਿਪਰੈਸ਼ਨ, ’ਚੋਂ ਲੰਘਦਿਆਂ, ਇਸ ਗੱਲ ਤੇ ਵੀ ਖੁਸ਼ ਹੋ ਸਕਦੀ ਹੈ ਜਦ ਬੱਸ ’ਚ ਕੋਈ ਜੁਆਨ ਮੁੰਡਾ ਉਸ ਉੱਤੇ ਕੰਪਲੀਮੈਂਟ ਵਾਲਾ ਰਿਮਾਰਕ ਕੱਸਦਾ ਹੈ... ਕਿਵੇਂ ਉਹ ਬੱਸ ’ਚੋਂ ਉਤਰਨ ਵੇਲੇ ਉਸ ਮੁੰਡੇ ਵੱਲ ਮੁੜ ਕੇ ਵੇਖਦੀ ਹੈ ! ਫੇਰ ਇਸ ਤਰ੍ਹਾਂ ਹੀ ਹੋਰ ਕਹਾਣੀਆਂ ਹਨ, ਜਿਵੇਂ ਬਾਲ ਮਜ਼ਦੂਰੀ ’ਤੇ ਹੈ ‘ਤੁਮ ਕਿਉਂ ਉਦਾਸ ਹੋ?” ਬਾਲ-ਮਨ ਦੀ ਮਾਨਸਿਕਤਾ ਜੋ ਉਮਰ ਭਰ ਤੁਹਾਡਾ ਪਿੱਛਾ ਕਰਦੀ ਹੈ, ਉਹ ਘਟਨਾਵਾਂ ਜੋ ਬਚਪਨ ’ਚ ਵਾਪਰਦੀਆਂ ਹਨ, ਉਹ ਵਿਤਕਰਾ ਤੇ ਜ਼ਿਆਦਤੀ ਜੋ ਬਚਪਨ ’ਚ ਸਹੀ ਹੁੰਦੀ ਹੈ, ਉਮਰ ਭਰ ਪਿੱਛਾ ਨਹੀਂ ਛੱਡਦੇ, ਇਹ ਵਿਖਾਇਆ ਹੈ ਕਹਾਣੀ ‘ਭੈਣ ਜੀ’ ਵਿੱਚ ! ਆਰਥਿਕ ਪਹਿਲੂ ਸੰਕਟ ਤੇ ਸਿੰਗਲ ਮਾਂ ਦੀਆਂ ਤਕਲੀਫ਼ਾਂ ਵਿਖਾਈਆਂ ਹਨ ਜੋ ਕਹਾਣੀਆਂ ’ਚ ‘ਮਾਂ ਨੀ’ ਤੇ ‘ਸਕੂਲ-ਟਰਿੱਪ’ ’ਚ’ ! ਅਕਸਰ ਲੋਕ ਦੂਜੇ ਦੀ ਤ੍ਰਾਸਦੀ ਦੀ ਕਥਾ ਧਿਆਨ ਨਾਲ ਨਹੀਂ ਸੁਣਦੇ, ਅੱਧੀ ਪਚੱਦੀ ਸੁਣ ਕੇ ਹੀ, ਆਪਣੀ ਸੁਣਾਉਣ ਲੱਗ ਪੈਂਦੇ ਹਨ ਇਸ ਵਿਸ਼ੇ ’ਤੇ ਲਿਖੀ ਕਹਾਣੀ ਹੈ ‘ਫੇਰ’ ਤੇ ਹੁਣੇ ਹੁਣੇ ਵਾਪਰ ਤੇ ਵਾਪਰ ਰਹੀ ਮਹਾਂਮਾਰੀ ਕਰੋਨਾ ’ਤੇ ਕਹਾਣੀ ਲਿਖੀ ਹੈ ਮੈਂ ‘ਬੱਕ ਬੱਕ’ ਤੇ ਰਿਸ਼ਤਿਆਂ ਦੀ ਮਾਨਸਿਕਤਾ, ਗੁੰਝਲਾਂ ਤੇ ਮੋਹ ਦੀਆਂ ਤੰਦਾਂ ਦੀ ਨਨਾਣ-ਭਰਜਾਈ ਦੀ ਮਨੋਵਿਗਿਆਨਕ ਕਹਾਣੀ ਲਿਖੀ ਹੈ ਮੈਂ, ‘ਤੂੰ ਵੀ ਖਾ ਲੈ’ ! ਇਹ ਸਭ ਕਹਾਣੀਆਂ ਕਿਤੇ ਨਾ ਕਿਤੇ ਛਪ ਚੁੱਕੀਆਂ ਹਨ ਜਾਂ ਤਿੰਨ ਕੁ ਨਵੀਆਂ ਕਹਾਣੀਆਂ ਛਪਣ ਲਈ ਗਈਆਂ ਹਨ ਜੋ ਨੇੜੇ ਭਵਿੱਖ ’ਚ ਇਕ ਨਵੇਂ ਕਹਾਣੀ ਸੰਗ੍ਰਹਿ ਵਿੱਚ ਆ ਰਹੀਆਂ ਹਨ।

ਮੈਨੂੰ ਮਨੋਵਿਗਿਆਨਕ ਸੁਰ ਵਾਲੀ ਕਹਾਣੀ ਲਿਖਣੀ ਚੰਗੀ ਲੱਗਦੀ ਹੈ। ਕਿਸੇ ਵੀ ਵਾਦ ਨਾਲ ਨਾ



ਜੁੜ ਕੇ ਆਪਣੀ ਗੱਲ ਕਹਿਣੀ ਤੇ ਇਸਤਰੀ ਮਰਦ ਦੇ ਸੰਬੰਧਾਂ ਨੂੰ ਬਿਨ੍ਹਾਂ ਨੰਗੇਜ ਤੋਂ ਪੇਸ਼ ਕਰ ਦੇਣਾ ਤੇ ਉਹ ਵੀ ਖੂਬਸੂਰਤੀ ਨਾਲ ਮੈਨੂੰ ਲੱਗਦਾ ਹੈ ਮੇਰੀ ਖੂਬੀ ਕਹੀ ਜਾ ਸਕਦੀ ਹੈ। ਪੰਜਾਬੀ ਸੱਥ ਵਲੋਂ ਅਪ੍ਰੈਲ 2019 ’ਚ ਨੂੰਹ-ਸੱਸ ਦੇ ਰਿਸ਼ਤੇ ਤੇ ‘ਰਿਸ਼ਤਾ ਨੂੰਹ-ਸੱਸ ਦਾ’ ਕਹਾਣੀ ਸੰਗ੍ਰਹਿ ਛਾਪਿਆ ਗਿਆ। ਜਿਸ ’ਚ ਮੇਰੀ ਲਿੱਖੀ ਕਹਾਣੀ ‘ਨੂੰਹ-ਸੱਸ’ ਸ਼ਾਮਿਲ ਕੀਤੀ ਗਈ। ਇਸ ਕਹਾਣੀ ਵਿਚ ਇਸਤਰੀ ਮਰਦ ਦੇ ਵਰਜਿਤ ਰਿਸ਼ਤੇ ਦੀ ਗੱਲ ਕੀਤੀ ਗਈ ਹੈ। ਔਰਤ ਦੇ ਮਨ ’ਚ ਅਚੇਤ ਰੂਪ ’ਚ ਪਿਆ ਇਕ ਪੂਰਾ ਸੰਸਾਰ ਹੈ, ਮੁੱਹਬਤ ਦੀ, ਜ਼ਿੰਦਗੀ ਦੇ ਨਿੱਕੇ ਨਿੱਕੇ ਚਾਵਾਂ ਦੀ, ਭੁੱਖਾਂ ਦੀ ਗੱਲ ਕੀਤੀ ਗਈ ਹੈ ਜੋ ਕਿ ਏਨੀਂ ਸੂਖ਼ਮ, ਤਰਲ ਤੇ ਡੂੰਘੀ ਹੈ ਕਿ ਕਹਾਣੀ ਲਿਖ ਕੇ ਮੈਂ ਆਪ ਵੀ ਅਚੰਭਿਤ ਸਾਂ ! ਇਨਸਾਨੀ ਰਿਸ਼ਤਿਆਂ ਦੀਆਂ ਬੜੀਆਂ ਬਰੀਕ, ਸੂਖ਼ਮ ਤੇ ਅਹਿਮ ਤੰਦਾਂ ਹੁੰਦੀਆਂ ਹਨ, ਉਨ੍ਹਾਂ ਤੰਦਾਂ ਨੂੰ ਫੜਨਾ ਤੇ ਬਿਆਨਣਾ, ਬਿਨਾਂ ਨਿਸੰਗ ਹੋਇਆਂ ਮੈਨੂੰ ਦੂਜਿਆਂ ਨਾਲੋਂ ਵੱਖਰਾ ਕਰਦੀ ਹੈ, ਫੇਰ ਉਹ ਮੇਰੀ ਕਹਾਣੀ ‘ਨੂੰਹ-ਸੱਸ’ ਤੋਂ ਇਲਾਵਾ ‘ਇਹ ਤੂੰ ਸੀ ਇਹ ਮੈਂ ਸੀ’ ਹੋਵੇ ਜਾਂ ‘ਤੂੰ’ ਹੋਵੇ ਜਾਂ ‘ਮੁੱਹਬਤ’ ਹੋਵੇ ਤੇ ਜਾਂ ‘ਅਣਕਹੀ’ ਹੋਵੇ ! ਮੈਂ ਆਪਣੇ ਮੂੰਹ ਮਿਆਂ ਮਿੱਠੂ ਬਣ ਰਹੀ ਹਾਂ, ਆਪਣੀ ਗੱਲ ਨੂੰ ਪੁਖ਼ਤਾ ਕਰਨ ਲਈ ਮੈਂ ਪਰਮਪਾਲ ਸਿੰਘ ਸੋਢੀ ਵਲੋਂ ਲਿਖੇ (ਕਿਤਾਬ ‘ਰਿਸ਼ਤਾ ਨੂੰਹ ਸੱਸ ਦਾ ਦੇ ਮੁੱਢ ’ਚ) ਆਪਣੀ ਕਹਾਣੀ ‘ਨੂੰਹ-ਸੱਸ ਬਾਰੇ ਵਿਚਾਰ ਇਥੇ ਤੁਹਾਡੇ ਸਾਹਮਣੇ ਰੱਖ ਰਹੀ ਹਾਂ।“ਇਸ ਪੀੜ੍ਹੀ ਦੀ ਸਭ ਤੋਂ ਸਮਰੱਥ ਤੇ ਸੁਹਿਰਦ ਕਹਾਣੀਕਾਰਾ ਕੁਲਬੀਰ ਬਡੇਸਰੋਂ ਦੀ ਕਹਾਣੀ ‘ਨੂੰਹ-ਸੱਸ’ ਨੂੰਹ ਸੱਸ ਦੇ ਰਿਸ਼ਤੇ ਦੇ ਇੱਕ ਵਿਲੱਖਣ ਪੱਖ ਨੂੰ ਪੇਸ਼ ਕਰਦੀ ਇਸ ਕਹਾਣੀ ਸੰਗ੍ਰਹਿ ਦੀਆਂ ਸ੍ਰੇਸ਼ਟ ਕਹਾਣੀਆਂ ਵਿਚੋਂ ਇੱਕ ਹੈ। ਇਸ ਕਹਾਣੀ ਵਿੱਚ ਉਸਨੇ ਸੱਸ-ਸਹੁਰੇ ਦੇ ਇਸ਼ਕ, ਪਿਆਰ, ਨਿੱਘ ਅਤੇ ਅਪਣੱਤ ਭਰੇ ਰਿਸ਼ਤੇ ਦੀ ਤੁਲਨਾ ਪੁੱਤਰ ਤੇ ਨੂੰਹ ਦੇ ਖੁਸ਼ਕ ਤੇ ਬੇਜਾਨ ਰਿਸ਼ਤੇ ਨਾਲ ਬੜੀ ਖ਼ੂਬਸੂਰਤੀ ਨਾਲ ਕੀਤੀ ਹੈ। ਹੇਰਵੇ ਨਾਲ ਨੂੰਹ ਕਹਿੰਦੀ ਹੈ, ਕਿ ਕੀ ਫ਼ਾਇਦਾ ਸੱਸ-ਸਹੁਰੇ ਦੇ ਰੋਮਾਂਸ ਦਾ ਜੇ ਉਹ ਇੱਕ ਰੁਮਾਂਟਿਕ ਪੁੱਤਰ ਹੀ ਨਹੀਂ ਜੰਮ ਸਕੇ। ਜਿਸ ਆਦਮੀ ਨੂੰ ਨਾ ਕੋਈ ਸ਼ਊਰ ਹੈ, ਨਾ ਕੋਈ ਸ਼ੌਂਕ ਹੈ। ਕਹਾਣੀਕਾਰਾ ਅਨੁਸਾਰ ਭੁੱਖ ਲੱਗੀ ਤੇ ਫਟਾਫਟ ਰੋਟੀ ਖਾ ਕੇ ਡਕਾਰ ਮਾਰਨਾ ਹੀ ਸਭ ਕੁੱਝ ਨਹੀਂ ਹੁੰਦਾ, ਭੁੱਖ ਨੂੰ ਮਹਿਸੂਸ ਕਰਨਾ, ਰੋਟੀ ਨੂੰ ਤਿਆਰ ਕਰਨਾ, ਖ਼ੂਬਸੂਰਤੀ ਨਾਲ ਥਾਲੀ ਵਿੱਚ ਪਰੋਸਣਾ, ਸਜਾਉਣਾ ਤੇ ਪਹਿਲਾਂ ਉਸਨੂੰ ਸਰਾਹੁਣਾ, ਉਸਦੀ ਖੁਸ਼ਬੂ ਨੂੰ ਮਾਨਣਾ, ਫਿਰ ਪਿਆਰ ਨਾਲ ਖਾਣਾ, ਬੇਹੱਦ ਪਿਆਰ ਨਾਲ ਤੇ ਫਿਰ ਖਾ ਕੇ ਵੀ ਰੋਟੀ ਦੇ ਸੁਆਦ ਨੂੰ ਮਹਿਸੂਸ ਕਰਨਾ ਅਤੇ ਸਲਾਹੁਣਾ, ਇਹ ਹੁੰਦਾ ਹੈ ਢਿੱਡ ਭਰਨ ਦਾ ਸਹੀ ਤਰੀਕਾ। ਨੂੰਹ ਦਾ ਇਹ ਕਹਿਣਾ ਕਿ ਉਸ ਦਾ ਜੀਅ ਕਰਦਾ ਹੈ ਕਿ ਉਹ ਆਪਣੇ ਪਤੀ ਨੂੰ ਕਹੇ ਕਿ ਉਹ ਆਪਣੇ ਪਿਓ ਨਾਲ ਉੱਠਿਆ ਬੈਠਿਆ ਕਰੇ ਅਤੇ ਵੇਖਿਆ ਕਰੇ ਕਿ ਕਿਵੇਂ ਉਹ ਆਪਣੀ ਪਤਨੀ ਨੂੰ ਵੇਖ ਵੇਖ ਕੇ ਨਹੀਂ ਰੱਜਦਾ, ਕਿਵੇਂ ਉਹ ਮੋਹ ਨਾਲ ਰੋਟੀ ਖਾਂਦੇ ਹਨ ਜਿਵੇਂ ‘ਏਕ ਜੋਤਿ ਦੋਇ ਮੂਰਤੀ’ ਹੋਣ, ਔਰਤ ਦੀਆਂ ਅੰਤਰੀਵ ਭਾਵਨਾਵਾਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪ੍ਰਗਟ ਕਰਦਾ ਹੈ। ਹਰ ਪਤਨੀ ਆਪਣੇ ਪਤੀ ਤੋਂ ਐਸੀ ਹੀ ਸੱਚੀ ਮੁੱਹਬਤ, ਨਿੱਘ ਤੇ ਇਸ਼ਕ ਭਰੀ ਅਪਣੱਤ ਦੀ ਉਮੀਦ ਕਰਦੀ ਹੈ। ਇੱਕ ਦਿਨ ਜਦ ਸਹੁਰਾ ਨੂੰਹ ਨੂੰ ਘਰ ਵਿੱਚ ਇਕੱਲੇ ਹੁੰਦੇ ਹਨ ਤਾਂ ਆਪਣਾ ਮਜ਼ਬੂਤ ਤੇ ਮਰਦਾਨਗੀ ਭਰਿਆ ਹੱਥ ਨੂੰਹ ਦੇ ਮੋਢੇ ਤੇ ਰੱਖ ਕੇ ਬੜੇ ਮੋਹ ਨਾਲ ਉਸਦੀ ਉਦਾਸੀ ਦਾ ਕਾਰਨ ਪੁੱਛਦਾ ਹੈ ਤਾਂ ਨੂੰਹ ਦਾ ਮਨ ਭਰ ਆਉਂਦਾ ਹੈ ਅਤੇ ਇੱਕ ਝਰਨੇ ਦੀ ਤਰ੍ਹਾਂ ਫੁੱਟ ਪੈਂਦਾ ਹੈ। ਉਹ ਸੋਚਦੀ ਹੈ, ਪਤਾ ਨਹੀਂ ਇਸ ਬੰਦੇ ਨੇ ਕਿਵੇਂ ਉਸ ਦਾ ਮਨ ਪੜ੍ਹ ਲਿਆ ਹੈ। ਉਸਦਾ ਜੀਅ ਕੀਤਾ ਕਿ ਅੱਜ ਰੋ ਰੋ ਆਪਣੇ ਮਨ ਦੀ ਅੱਗ ਬੁਝਾ ਲਵੇ। ਬਾਅਦ ਵਿੱਚ ਜਦ ਇਹ ਪਤਾ ਲੱਗਦਾ ਹੈ ਕਿ ਨੂੰਹ ਅਤੇ ਸੱਸ ਦੋਹੇਂ ਹੀ ਇਕੋ ਵਕਤ ਖੁਸ਼ਖ਼ਬਰੀ ਦੇਣ ਵਾਲੀਆਂ ਹਨ ਤਾਂ ਨੂੰਹ ਹੱਸ-ਹੱਸ ਕੇ ਦੂਹਰੀ ਹੋਈ ਜਾਂਦੀ ਹੈ ਤੇ ਸੱਸ ਉਸ ਦੀ ਹੱਸਦੀ ਦਾ ਮੂੰਹ ਤੱਕਦੀ ਰਹਿ ਜਾਂਦੀ ਹੈ। ਕਹਾਣੀ ’ਚ ਪਾਠਕ ਦੀ ਦਿਲਚਸਪੀ ਅੰਤ ਤੱਕ ਬਣੀ ਰਹਿੰਦੀ ਹੈ। ਇਹ ਕਹਾਣੀਕਾਰ ਦਾ ਸਫ਼ਲਤਾ ਦਾ ਪ੍ਰਤੱਖ ਪ੍ਰਮਾਣ ਹੁੰਦਾ ਹੈ। ਇਹ ਕਹਾਣੀ ਪਾਠਕ ਨੂੰ ਕੁੱਝ ਸੋਚਣ ’ਤੇ ਵੀ ਮਜਬੂਰ ਕਰਦੀ ਹੈ।”

ਜਿਵੇਂ ਕਿ ਮੈਂ ਪਹਿਲੇ ਕਿਹਾ ਹੈ ਕਿ ਸਮਾਂ ਬਦਲ ਗਿਆ ਹੈ, ਔਰਤ ਹੁਣ ਪਹਿਲਾਂ ਵਾਂਗ ਛੂਈ ਮੂਈ ਜਾਂ

ਆਪਣੇ ਹੱਕਾਂ ਤੋਂ ਵਿਚਾਰਾਂ ਤੋਂ ਅਣਜਾਣ ਜਾਂ ਦਵੰਧ ’ਚ ਨਹੀਂ ਹੈ। ਮੇਰੀ ਪਹਿਲੀ ਕਿਤਾਬ ‘ਦਾਇਰੇ’ ਤੇ ਦੂਜੀ ਕਿਤਾਬ ‘ਇੱਕ ਖ਼ਤ ਪਾਪਾ ਦੇ ਨਾਂਅ’ ’ਚ ਜ਼ਰੂਰ ਮੇਰੀਆਂ ਕਹਾਣੀਆਂ ਦੀਆਂ ਨਾਇਕਾਵਾਂ ਸਦੀਆਂ ਤੋਂ ਮਰਦ ਦੇ ਦਾਬੇ ਤੋਂ ਉਪਜੇ ਆਕ੍ਰੋਸ਼ ਤੇ ਭਾਵਨਾ ਰੱਤੇ ਸੰਵਾਦੀ ਵੇਗ ’ਚ ਮਚਲਦੀਆਂ ਹਨ, ਪਰ ਚੁੱਪ ਹਨ। ਪਰ ਸਮੇਂ ਦੇ ਨਾਲ ਨਾਲ ਸੋਚ ਬਦਲਦੀ ਹੈ, ਮੇਰੇ ਤੀਜੇ ਕਹਾਣੀ ਸੰਗ੍ਰਹਿ ‘ਕਦੋਂ ਆਏਂਗੀ?’ ’ਚ ਔਰਤ ਮਰਦ ਦੇ ਬਦਲਦੇ ਰਿਸ਼ਤਿਆਂ ਦਾ ਪੁਰਜ਼ੋਰ ਅਸਰ ਹੈ। ਇਸ ਸੰਗ੍ਰਹਿ ਦੀਆਂ ਕਈ ਕਹਾਣੀਆਂ ’ਚ ਮੈਂ ਔਰਤ ਦੀ ਦੇਹ ਤੇ ਭਾਵਨਾ ਸੰਸਾਰ ਉੱਪਰ ਮਰਦ ਸੱਤਾ ਦੇ ਦਾਬੇ ਨੂੰ ਧੀਮੀ ਪਰ ਕਟਾਖ਼ਸ਼ੀ ਮੁਦਰਾ ’ਚ ਰੂਪਮਾਨ ਕੀਤਾ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਚਾਹੇ ਉਹ ‘ਕਦੋਂ ਆਏਂਗੀ?” ਹੋਵੇ, “ਇਹ ਤੂੰ ਸੀ ਇਹ ਮੈਂ ਸੀ’ ਹੋਵੇ ਜਾਂ ‘ਮੁਹੱਬਤ’ ਹੋਵੇ। ਇਨ੍ਹਾਂ ਵਿੱਚ ਇੱਕੀਵੀਂ ਸਦੀ ਦੀ ਸੋਚਵਾਨ, ਸੰਵੇਦਨਸ਼ੀਲ ਨਾਰ ਦੇ ਮਨ ਵਿੱਚ ਚੱਲ ਰਹੇ ਦਵੰਦਮਈ ਆਮ-ਸੰਵਾਦ ਦਾ ਤੀਖ਼ਣ ਵਿਵਰਣ ਹੈ। ਜਿਸ ਵਿੱਚ ਰੋਸ ਹੈ, ਉਦਾਸੀ ਹੈ, ਤੇ ਵਿਦਰੋਹ ਹੈ। ਇਨ੍ਹਾਂ ਕਹਾਣੀਆਂ ਵਿੱਚ ਮੈਂ ਆਪਣੀਆਂ ਨਾਇਕਾਵਾਂ ਦੇ ਉਹ ਚਿਹਰੇ ਉਦੈ ਕੀਤੇ ਹਨ ਜਿਨ੍ਹਾਂ ਵਿੱਚ ਭਾਵਨਾ ਹੈ ਤਾਂ ਵਿਵੇਕ ਵੀ ਹੈ, ਸੰਵੇਦਨਾ ਹੈ ਤਾਂ ਆਤਮ-ਸਨਮਾਨ ਵੀ ਹੈ। ਤੇ ਜਿਨ੍ਹਾਂ ਲਈ ਮੁਕਤੀ ਦਾ ਅਰਥ ਹੈ ਆਤਮ ਚੇਤਨਾ।

ਮੇਰੇ ਖ਼ਿਆਲ ’ਚ ਕਹਾਣੀਕਾਰ ਨਾਰੀ ਹਰ ਸਮੇਂ ਚੇਤੰਨ ਰੂਪ ’ਚ ਕਹਾਣੀਕਾਰ ਨਾਰੀ ਨਹੀਂ ਰਹਿੰਦੀ। ਪਰੰਤੂ ਇੱਕ ਪਰਿਵਾਰਕ ਨਾਰੀ ਹਰ ਸਮੇਂ ਚੌਵੀ ਘੰਟੇ ਚੇਤੰਨ ਰੂਪ ’ਚ ਇੱਕ ਪਰਿਵਾਰਕ ਨਾਰੀ ਰਹਿੰਦੀ ਹੈ। ਹਰ ਔਰਤ ਦੀ ਪਹਿਲੀ ਪਸੰਦ ਜਾਂ ਪਹਿਲਾ ਵਿਕਲਪ ਉਸਦਾ ਪਰਿਵਾਰ ਹੁੰਦਾ ਹੈ। ਕਹਾਣੀਕਾਰ ਨਾਰੀ ਅਚੇਤ ਰੂਪ ’ਚ ਜੀਉਂਦੀ ਰਹਿੰਦੀ ਹੈ, ਸੁਚੇਤ ਰੂਪ ’ਚ ਪਰਿਵਾਰਕ ਨਾਰੀ ਰਹਿੰਦੀ ਹੈ, ਪਰ ਕੋਈ ਨੁਕਤਾ, ਕੋਈ ਘਟਨਾ ਉਸ ਅੰਦਰ ਸੁੱਤੀ ਪਈ ਜਾਂ ਅਚੇਤ ਮਨ ’ਚ ਬੈਠੀ ਕਹਾਣੀਕਾਰ ਨਾਰੀ ਨੂੰ ਛੂਹ ਜਾਂਦੀ ਹੈ, ਅਸਰ ਕਰ ਜਾਂਦੀ ਹੈ ਤਾਂ ਜਾ ਕੇ ਉਸਦੇ ਅਚੇਤ ਮਨ ’ਚ ਬੈਠੀ ਨਾਰੀ ਕੋਲ ਜਾ ਕੇ ਜਮਾਂ ਹੋ ਜਾਂਦੀ ਹੈ ਤੇ ਵਕਤ ਆਉਣ ਤੇ ਜਦੋਂ ਉਹ ਕਹਾਣੀਕਾਰ ਨਾਰੀ ਕਲਮ ਲੈ ਕੇ ਬੈਠਦੀ ਹੈ ਤਾਂ ਉਸ ਨੁਕਤੇ ਨੂੰ, ਉਸ ਘਟਨਾ ਨੂੰ ਕਹਾਣੀ ਦਾ ਜਾਮਾ ਪਹਿਨਾਉਂਦੀ ਹੈ।

ਪਰਿਵਾਰਕ ਨਾਰੀ ਜੇ ਬਦਕਿਸਮਤੀ ਨਾਲ ਕਿਤੇ ਸਿੰਗਲ ਮਦਰ ਹੋਵੇ ਤਾਂ ਹੋਰ ਵੀ ਜਟਿਲ ਤੇ ਦਇਆਵਾਨ ਸਥਿਤੀ ਉਪਜਦੀ ਹੈ ਕਿਉਂਕਿ ਸਿੰਗਲ ਮਦਰ ਨੇ ਰੋਜ਼ੀ ਰੋਟੀ ਵੀ ਕਮਾਉਣੀ ਹੁੰਦੀ ਹੈ ਤੇ ਬੱਚੇ ਵੀ ਪਾਲਣੇ ਹੁੰਦੇ ਹਨ। ਕੰਮ ਦਾ ਦਬਾਅ ਤੇ ਘਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ’ਚ ਉਹ ਦਿਨ-ਰਾਤ ਉਲਝੀ ਰਹਿੰਦੀ ਹੈ, ਅਜਿਹੀ ਦਿਨਚਰਿਆ ’ਚ ਦਇਆਵਾਨ ਸਥਿਤੀ ਉਦੋਂ ਉਪਜਦੀ ਹੈ ਜਦੋਂ ਕਹਾਣੀਕਾਰ ਨਾਰੀ ਉਸ ਅੰਦਰੋਂ ਸਿਰ ਚੁੱਕਦੀ ਹੈ, ਪੜ੍ਹਨਾ ਲਿਖਣਾ ਚਾਹੁੰਦੀ ਹੈ, ਪਰ ਹਾਲਾਤ ਨਾਲ ਜੂਝਦੀ ਉਹ ਅਜਿਹਾ ਕਰ ਨਹੀਂ ਪਾਉਂਦੀ। ਇਉਂ ਦਿਨ, ਮਹੀਨੇ ਸਾਲ ਸਰਕਦੇ ਰਹਿੰਦੇ ਹਨ। ਉਹ ਕਦੇ ਕਦੇ ਕਹਾਣੀ ਲਿਖ ਤਾਂ ਲੈਂਦੀ ਹੈ ਕਿਤੇ ਨਾ ਕਿਤੇ ਛਪ ਵੀ ਜਾਂਦੀ ਹੈ, ਇੱਕ ਦੋ ਲੋਕ ਤਾਰੀਫ਼ ਦੇ ਦੋ ਬੋਲ ਵੀ ਬੋਲ ਦਿੰਦੇ ਹਨ ਪਰ ਉਹ ਜੋ ਹੁੰਦਾ ਹੈ ਨਾ ਕਿਤਾਬ ਉੱਤੇ ਕਿਤਾਬ ਛਪਣੀ, ਗੋਸ਼ਟੀਆਂ ਹੋਣੀਆਂ, ਚਰਚਾਵਾਂ ਹੋਣੀਆਂ, ਇਨਾਮ ਮਿਲਣੇ, ਸਨਮਾਨ ਹੋਣੇ... ਉਹ ਨਹੀਂ ਹੁੰਦਾ। ਉਸ ਤੋਂ ਉਹ ਪਰਿਵਾਰਕ ਨਾਰੀ ਵਾਂਝੀ ਰਹਿ ਜਾਂਦੀ ਹੈ ਤੇ ਮਨ ਮਸੋਸ ਕੇ ਰਹਿ ਜਾਂਦੀ ਹੈ।

ਬਤੌਰ ਕਹਾਣੀਕਾਰ ਮੈਨੂੰ ਓਨੀਂ ਮਾਨਤਾ ਨਹੀਂ ਮਿਲੀ ਜਿੰਨੀ ਮਿਲਣੀ ਚਾਹੀਦੀ ਸੀ। ਮੈਂ ਮੰਨਦੀ ਹਾਂ ਕਿ ਮੈਂ ਓਨਾ ਨਹੀਂ ਲਿਖਿਆ, ਜਿੰਨਾ ਬਾਕੀ ਕਹਾਣੀਕਾਰ ਮਰਦ ਹੋਣ ਜਾਂ ਔਰਤ ਕਹਾਣੀਕਾਰ ਲਿਖਦੇ ਹਨ। ਮੇਰੀਆਂ ਧੜਾਧੜ ਕਿਤਾਬਾਂ ਨਹੀਂ ਛਪਦੀਆਂ ਪਰ ਮੈਂ ਏਨਾਂ ਘੱਟ ਵੀ ਨਹੀਂ ਲਿਖਿਆ ਕਿ ਕਿਤੇ ਜ਼ਿਕਰ ਕਰਨਾ ਵੀ ਯੋਗ ਨਾ ਸਮਝਿਆ ਜਾਵੇ ਤੇ ਏਨਾ ਖਰਾਬ ਤੇ ਕੱਚਾ ਪੱਕਾ ਸਾਹਿਤ ਵੀ ਨਹੀਂ ਲਿਖਿਆ ਕਿ ਅਣਗੌਲਿਆ ਕਰ ਦਿੱਤਾ ਜਾਵੇ। ਮੈਂ ਚਾਲੀ ਦੇ ਲਗਭਗ ਕਹਾਣੀਆਂ ਲਿਖੀਆਂ ਹਨ। ਨਾਵਲਿਟ ਲਿਖੇ ਹਨ। ਇੱਕ ਕਵਿਤਾਵਾਂ ਦੀ ਕਿਤਾਬ ਛਪ ਚੁੱਕੀ ਹੈ, ਦੂਜੀ ਦਾ ਪੂਰਾ ਖ਼ਰੜਾ ਤਿਆਰ ਹੈ। ਦੋ



ਕਿਤਾਬਾਂ ਬੱਚਿਆਂ ਲਈ ਹੋਰ ਭਾਸ਼ਾਵਾਂ ਤੋਂ ਪੰਜਾਬੀ ਵਿੱਚ ਅਨੁਵਾਦ ਕਰ ਕੇ ਛਪਵਾਈਆਂ ਹਨ, “ਪੀਲੀ ਬੱਤਖ’ ਤੇ ‘ਬਨ ਬਨ ਗੈਂਡੇ ਦੀ ਕਹਾਣੀ’ ਤੇ ਕਵਿਤਾਵਾਂ ਦੀ ਜੋ ਕਿਤਾਬ ਛਪ ਚੁੱਕੀ ਹੈ ਉਸਦਾ ਨਾਂਅ ਹੈ ‘ਹਉਂਕੇ ਦੀ ਭਟਕਣ’ ਮੇਰੀ ਪਹਿਲੀ ਕਿਤਾਬ ‘ਦਾਇਰੇ’ ਜਿਸ ਵਿੱਚ ਦੋ ਨਾਵਲਿਟ ਸ਼ਾਮਿਲ ਹਨ, ਦਾ ਮੁੱਖਬੰਧ ਜਸਵੰਤ ਸਿੰਘ ਕੰਵਲ ਹੋਰਾਂ ਲਿਖਿਆ ਸੀ ਤੇ ਉਨ੍ਹਾਂ ਲਿਖਿਆ ਸੀ, “ਕੁਲਬੀਰ ਬਡੇਸਰੋਂ ਦੀ ਕਲਮ ਵਿੱਚ ਨਰੋਈ ਜਾਨ ਤੇ ਤਾਅ ਹੈ, ਜਿਹੜੇ ਲੇਖਕ ਜ਼ਿੰਦਗੀ ਦੀ ਵਫ਼ਾ ਵਿੱਚ ਮਨੁੱਖ ਮਿੱਤਰ ਬਣ ਕੇ ਆਉਂਦੇ ਹਨ, ਪਾਠਕ ਉਨ੍ਹਾਂ ਨੂੰ ਦਿਲੋਂ ਜੀ ਆਇਆ ਆਖਦੇ ਨੇ।” ਮੇਰੀ ਦੂਜੀ ਕਹਾਣੀਆਂ ਦੀ ਕਿਤਾਬ ਜਿਸ ਵਿਚ ਚੌਦਾ ਕਹਾਣੀਆਂ ਸ਼ਾਮਿਲ ਹਨ ਦੇ ਮੁੱਖ ਸਫ਼ੇ ’ਤੇ ‘ਮੁੱਢਲੀ ਗੱਲ’ ਵਿੱਚ ਮਨਜੀਤ ਸਿੰਘ ਰੱਤੂ ਨੇ ਲਿਖਿਆ ਸੀ, “ਕਹਾਣੀਆਂ ਦੀ ਇਸ ਕਿਤਾਬ ਵਿੱਚ ਸ਼ਾਮਿਲ ਸਭ ਕਹਾਣੀਆਂ ਵਿੱਚ ਸਵੈ ਜੀਵਨੀ ਵਰਗੀਆਂ ਛੋਹਾਂ ਤੇ ਸਫ਼ਰਨਾਮਿਆਂ ਵਰਗੀਆਂ ਹਕੀਕਤਾਂ ਤੇ ਬਿਰਤਾਂਤ ਹਨ। ਲੇਖਿਕਾ ਪਾਸ ਜ਼ਿੰਦਗੀ ਦੇ ਮਸਲਿਆਂ ਨੂੰ ਪਛਾਨਣ ਵਾਲੀ ਡੂੰਘੀ ਨੀਝ ਹੈ। ਉਹ ਹਰ ਗੱਲ ਦੀ ਤਹਿ ਤੀਕ ਪੁੱਜਦੀ ਹੈ ਅਤੇ ਵਿਗਿਆਨਕ ਦ੍ਰਿਸ਼ਟੀ ਰਾਹੀਂ ਵਿਸ਼ਲੇਸ਼ਣ ਕਰ ਕੇ ਬੜੇ ਭਾਵ-ਪੂਰਤ ਸਿੱਟੇ ਕੱਢਦੀ ਹੈ। ਉਸਦੇ ਵਿਚਾਰਾਂ ਵਿੱਚ ਬੜੀ ਗੰਭੀਰਤਾ ਤੇ ਨਰੋਆ-ਪਣ ਹੈ। ਉਸਦਾ ਨਜ਼ਰੀਆ ਅਗਾਂਹਵਧੂ ਅਤੇ ਸੋਚ ਸੈਕੂਲਰ ਹੈ। ਪੰਜਾਬੀ ਗਲਪ ਵਿੱਚ ਕੁਲਬੀਰ ਬਡੇਸਰੋਂ ਦੀਆਂ ਇਹ ਕਹਾਣੀਆਂ ਆਪਣੀ ਕਿਸਮ ਦੀਆਂ ਵੱਖਰੇ ਅੰਦਾਜ਼ ਨੂੰ ਪੇਸ਼ ਕਰਦੀਆਂ ਹਨ। ਉਸਨੇ ਕਹਾਣੀਆਂ ਵਿੱਚ ਪਦਾਰਥਕ ਬਹੁਲਤਾ ਵਿੱਚ ਮੋਹ-ਭੰਗ ਦੇ ਉਦਰੇਵੇਂ ਦਾ ਟਾਕਰਾ ਤੇ ਮਾਨਸਿਕ ਸਮੱਸਿਆਵਾਂ ਨੂੰ ਬੜੀ ਬਾਰੀਕੀ ਨਾਲ ਚਿਤਰਿਆ ਹੈ। ਪੰਜਾਬੀ ਗਲਪ ਵਿੱਚ ਕੁਲਬੀਰ ਦੀਆਂ ਕਹਾਣੀਆਂ ਨਿਵੇਕਲੀਆਂ ਹਨ। ਉਹ ਇਸ ਪ੍ਰਸੰਗ ਵਿੱਚ ਮੋਢੀ ਸਾਬਤ ਹੋਵੇਗੀ। ਇਸ ਵਿੱਚ ਲੁਕਵਾਂ ਵਿਅੰਗ ਉਹਨਾਂ ਸਮਾਜਵਾਦੀ ਦੇਸ਼ਾਂ ਉੱਤੇ ਵੀ ਹੈ, ਜਿੱਥੇ ਹਰ ਪਦਾਰਥਕ ਉਪਲੱਭਦੀ ਹੈ ਪਰ ਭਾਵਨਾਵਾਂ ਦੀ ਕਦਰ ਨਹੀਂ। ‘ਬਨਵਾਸ’, ‘ਔਤਰੀ’, ‘ਇਹ ਉਹ ਨਹੀਂ ਸੀ’, ‘ਭਟਕਣ’ ‘ਅਨਹੋਣੀ’, ‘ਸੂਹੀ ਸਵੇਰ’ ਕਹਾਣੀਆਂ ਵਿਚੋਂ ਨਸਲੀ ਵਿਤਕਰੇ ਦੀ ਚੱਕੀ ਪਿਸ ਚੁੱਕੇ ਲੋਕਾਂ ਦੀ ਸਧਾਰਣ ਜ਼ਿੰਦਗੀ ਦੀਆਂ ਕਹਾਣੀਆਂ ਹਨ। ਉਹ ਸਮਾਜਿਕ ਜ਼ਿੰਦਗੀ ਵਿੱਚ ਵਿਚਰ ਰਹੇ ਇਕੱਲੇ ਅਤੇ ਵਿਸ਼ਾਦ-ਗ੍ਰਸਤ ਮਾਨਵ ਦੀ ਪੀੜਾ ਚਿੱਤ੍ਰਣ ਵਿੱਚ ਨਿਪੁੰਨ ਹੈ।”

ਮੇਰਾ ਤੀਜਾ ਕਹਾਣੀ ਸੰਗ੍ਰਹਿ ‘ਕਦੋਂ ਆਏਂਗੀ?’ ਦੇ ਬੈਕ ਪੇਜ਼ ਤੇ ਬ੍ਰਹਮ ਜਗਦੀਸ਼ ਸਿੰਘ ਜੀ ਨੇ ਲਿਖਿਆ ਸੀ, “ਕੁਲਬੀਰ ਦਾ ਕਹਾਣੀ ਕਹਿਣ ਦਾ ਅੰਦਾਜ਼ ਬੜਾ ਪ੍ਰਭਾਵਸ਼ਾਲੀ ਹੈ। ਉਹ ਆਪਣੀ ਹਰ ਕਹਾਣੀ ਨੂੰ ਇਤਨੇ ਵੇਗ ਨਾਲ ਸ਼ੁਰੂ ਕਰਦੀ ਹੈ, ਜਿਵੇਂ ਕਹਾਣੀ ਦੀ ਵਸਤੂ ਨੇ ਉਸ ਅੰਦਰ ਹਲਚਲ ਮਚਾ ਰੱਖੀ ਹੋਵੇ। ਉਹ ਆਪਣੀ ਤੀਖਣ ਦ੍ਰਿਸ਼ਟੀ ਨਾਲ ਵਸਤੂਗਤ ਯਥਾਰਥ ਜਿਸ ਰੂਪ ਵਿੱਚ ਦੇਖਦੀ ਹੈ ਉਸਨੂੰ ਸੱਚੇ ਰੂਪ ਵਿਚ ਪਾਠਕਾਂ ਤੱਕ ਪਹੁੰਚਾਉਣ ਦਾ ਪ੍ਰਯਤਨ ਕਰਦੀ ਹੈ, ਇਹੀ ਕਾਰਣ ਹੈ ਕਿ ਉਸਦੀਆਂ ਕਹਾਣੀਆਂ ਵਿੱਚ ਅਨੁਭੂਤੀ ਦੀ ਸ਼ਿਦਤ ਬਰਕਰਾਰ ਰਹੀ ਹੈ।”

ਤੇ ਕਿਤਾਬ ਦੇ ਮੁੱਖ ਬੰਦ ਵਿਚ ਰਾਮ ਸਰੂਪ ਅਣਖੀ ਜੀ ਨੇ ਲਿਖਿਆ ਸੀ, “ਕੁਲਬੀਰ ਦੀ ਕਲਮ ਵਿੱਚ ਇੱਕ ਧੂਹਵੀਂ ਕਥਾ-ਸ਼ੈਲੀ ਹੈ। ਉਹਦੀ ਕੋਈ ਵੀ ਕਹਾਣੀ ਇਕੋ ਸਾਹ ਪੜ੍ਹਨੀ ਪੈਂਦੀ ਹੈ। ਜ਼ਿੰਦਗੀ ਦੀਆਂ ਤੰਗੀਆਂ-ਤੁਰਸ਼ੀਆਂ, ਤਣਾਓ ਤੇ ਘੇਰੇ, ਸਮਾਜ ਦੀਆਂ ਵਲਗਣਾਂ ਲਗਾਓ ਦਾ ਅਮੁੱਕ ਬਿਰਤਾਂਤ ਅਤੇ ਮਨ ਦੀਆਂ ਉੱਚੀਆਂ ਉਡਾਰੀਆਂ ਉੱਤੇ ਛਾਏ ਕਾਲੇ ਬੱਦਲ ਉਹਦੀਆਂ ਕਹਾਣੀਆਂ ਸਭ ਕਾਸੇ ਨੂੰ ਸਮੇਟਦੀਆਂ ਤੁਰੀਆਂ ਜਾਂਦੀਆਂ ਹਨ। ”

ਆਪਣੇ ਫੇਸ ਬੁੱਕ ਤੇ ਇਕ ਪੋਸਟ ਵੇਖੀ, “ਕਦੋਂ ਆਏਂਗੀ?’ ਕਿਤਾਬ ਕਿਤੇ ਲੁੱਕ ਗਈ ਸੀ, ਇਹਨੇ ਅੱਜ ਅੱਖ ਪੱਟੀ ! ਕੁਲਬੀਰ ਬਡੇਸਰੋਂ ਦੀਆਂ ਕਹਾਣੀਆਂ ਦਾ ਇਕਲਾਪਾ ਮੇਰੇ ਅੰਦਰੋਂ ਝਰ ਰਿਹਾ ਹੈ ! ਇੱਕ ਸੁੰਨ ਪਸਰੀ ਪਈ ਹੈ ! ਇਹ ਮੇਰੇ ਹੱਥ ਨੇ ਜੋ ਤੇਰੇ ਹੱਥਾਂ ’ਚ ਪਿਘਲ ਰਹੇ ਨੇ।’ ਕਿਆ ਫ਼ਿਕਰਾ ਲਿਖਿਆ ਹੈ। ਕਿਆ ਅਹਿਸਾਸ ਹੈ। ਔਰ ਕਹਾਣੀਆਂ ਆਪਣੇ ਆਪ ’ਚ ਕਿਸੇ ਹਉਂਕੇ ਦਾ ਪ੍ਰਭਾਵ ਹੋਣ ਜਿਵੇਂ ! ਕਿਸੇ

ਕਸਕ ਦੀਆਂ ਪ੍ਰਭਾਵੀ। ਕਿਸੇ ਮਹਿਕ ਦੀਆਂ ਪਿਆਸੀਆਂ ! ਕਿਸੇ ਸੁਪਨੇ ਦੇ ਟੁੱਟ ਜਾਣ ਕੋਲੋਂ ਤ੍ਰਬਕਦੀਆਂ, ਸਾਰੀ ਰਾਤ ਨਹੀਂ ਸੌਂਦੀਆਂ ! 'ਪੰਮੀ ਦੇ ਨਿਆਣਿਆਂ' ਵਰਗੀਆਂ ਮਾਸੂਮ ! ਇੱਕ ਕਹਾਣੀ ਹੈ 'ਇਹ ਤੂੰ ਸੀ, ਇਹ ਮੈਂ ਸੀ' ਨੇ ਤਾਂ ਜਾਨ ਹੀ ਕੱਢ ਲਈ। ਕਿਵੇਂ ਇਕਲਾਪੇ 'ਚੋਂ ਸੋਹਜ਼ ਤੇ ਫ਼ਿਰ ਸੋਹਜ 'ਚੋਂ ਸਹਿਜ ਰਿਸ਼ਤੇ ਦੀ ਉਪਜ ਹੁੰਦੀ ਹੈ। ਫਿਰ ਕਿਵੇਂ ਉਹ ਰਿਸ਼ਤਾ ਸਾਹ-ਸਾਹ ਜਿਉਂਦਾ ਹੈ। ਸਾਹ-ਸਾਹ ਮਰਦਾ ਹੈ। ਫਿਰ ਸਾਹ ਸਾਹ ਤੜਪਦਾ ਹੈ। ਰਿਸ਼ਤੇ ਦੀ ਸਹਿਜ ਗਤੀ 'ਚ ਇੱਕ ਫ਼ਲਸਫ਼ਾ ਪਿਆ ਹੈ। ਜੀਉਣ ਦਾ ਫਲਸਫ਼ਾ। ਉਸ ਫ਼ਲਸਫ਼ੇ ਅੱਗੇ ਮੈਂ ਨਤਮਸਤਕ ਹਾਂ।"

ਜਤਿੰਦਰ ਪਾਲ ਕੌਰ ਨੇ 'ਕੁਲਬੀਰ ਬਡੇਸਰੋਂ ਦੀ ਕਹਾਣੀ ਕਲਾ' ਤੇ ਐਮ ਫਿੱਲ ਦੀ ਡਿਗਰੀ ਪ੍ਰਾਪਤ ਕਰ ਕੇ ਮੈਨੂੰ ਅਚੰਭਿਤ ਕਰ ਦਿੱਤਾ। ਬਹੁਤ ਸਾਰੀਆਂ ਕਹਾਣੀਆਂ ਸੰਪਾਦਿਤ ਪੁਸਤਕਾਂ ਵਿਚ ਸ਼ਾਮਿਲ ਹੋਈਆਂ। ਇਸ ਤੋਂ ਇਲਾਵਾਂ ਅੱਧੀ ਦਰਜ਼ਨ ਹਿੰਦੀ ਤੇ ਪੰਜਾਬੀ ਫਿਲਮਾਂ ਦੀ ਕਥਾ, ਪਟਕਥਾ ਤੇ ਡਾਇਲਾਗਜ਼ ਲਿਖੇ ਹਨ ਜਿਵੇਂ 'ਪੁਰਜ਼ਾ ਪੁਰਜ਼ਾ ਕੱਟ ਮਰੈ', 'ਤੇਰੀਆਂ ਮੁਹੱਬਤਾਂ', 'ਵੰਗਾ', 'ਦੁੱਖ ਪਰਦੇਸਾਂ ਦੇ', 'ਨਇਆ ਤੋਹਫਾ' ਤੇ 'ਸਕੈਂਡਲ'।

ਮੈਂ ਇਹ ਉਪਰੋਕਤ ਵੇਰਵਾ ਇਸ ਲਈ ਦਿੱਤਾ ਹੈ ਕਿ ਇੰਜ ਨਹੀਂ ਕਿ ਮੈਂ ਪੂਰੀ ਤਰ੍ਹਾਂ ਪੰਜਾਬੀ ਸਾਹਿਤ 'ਚੋਂ ਗਾਇਬ ਰਹੀ ਹੋਵਾਂ, ਸਮਕਾਲੀ ਪਰਚਿਆਂ ਵਿਚ ਮੇਰੀਆਂ ਕਹਾਣੀਆਂ ਛਪਦੀਆਂ ਰਹਿੰਦੀਆਂ ਹਨ। ਫਿਰ ਵੀ ਗੱਲ ਚਾਹੇ ਨਵੀਂ ਕਹਾਣੀ ਦੀ ਚੱਲ ਰਹੀ ਹੋਵੇ ਜਾਂ ਪੁਰਾਣੀ ਕਹਾਣੀ ਦੀ ਜਾਂ ਵਿਚਕਾਰਲੀ ਕਹਾਣੀ ਦੀ, ਇਸਤਰੀ ਲੇਖਿਕਾਵਾਂ ਦੀ ਜਾਂ ਮਨੋ ਵਿਗਿਆਨਕ ਕਹਾਣੀ ਦੀ ਮੇਰਾ ਜ਼ਿਕਰ ਕਿਤੇ ਨਹੀਂ ਹੁੰਦਾ ! ਸਭ ਅਲੋਚਕਾਂ ਤੇ ਲੇਖਕਾਂ ਦੇ ਮੂੰਹ ਬਸ ਕੁੱਝ ਨਾਂਅ ਚੜ੍ਹੇ ਹਨ, ਉਨ੍ਹਾਂ ਦਾ ਹੀ ਜ਼ਿਕਰ ਪੜ੍ਹਨ ਨੂੰ ਮਿਲਦਾ ਹੈ। ਕੁਝ ਮੇਰੇ ਪ੍ਰੋਫੈਸ਼ਨ ਦਾ ਪ੍ਰੈਸ਼ਰ ਤੇ ਰੁਝੇਂਵੇ ਤੇ ਕੁਝ ਆਲੋਚਕਾਂ ਤੇ ਧੜੇਬੰਦੀਆਂ, ਗਰੁੱਪਾਂ, ਸਾਹਿਤਕ ਸਭਾਵਾਂ ਦੀ ਬੇਰੁਖੀ, ਮੈਂ ਤਾਂ ਕਈ ਵਾਰ ਬਹੁਤ ਮਾਯੂਸ ਹੋ ਜਾਂਦੀ ਹਾਂ। ਪਰ 13 ਸਤੰਬਰ ਨੂੰ ਜਦ ਅਚਾਨਕ ਫੇਸ ਬੁੱਕ 'ਤੇ ਪੋਸਟ ਪੜੀ ਤਾਂ ਦਿਲ ਬਹੁਤ ਹੌਂਸਲੇ 'ਚ ਆ ਗਿਆ। ਇੱਕ ਦਮ ਇੰਜ ਲੱਗਾ ਜਿਵੇਂ ਮੇਰੀ ਕਲਮ 'ਚ ਉਸਨੇ ਜਾਨ ਫੂਕ ਦਿੱਤੀ ਹੋਵੇ। ਇਕ ਸਾਲ ਵਿਚ ਮੈਂ ਸੱਤ ਕਹਾਣੀਆਂ ਲਿਖੀਆਂ।

ਬਾਕੀ ਰਹੀ ਗੌਡ-ਫਾਦਰ ਰਾਹੀਂ ਸਾਹਿਤ ਰੂਪੀ ਪੌੜੀ ਦੇ ਸਿਖਰਲੇ ਡੰਡੇ ਤੱਕ ਪਹੁੰਚਣ ਦੀ ਗੱਲ ! ਇਹ ਤਾਂ ਸੱਚ ਹੀ ਹੈ। ਮੈਂ ਇਸ ਧਾਰਨਾ ਨਾਲ ਬਿਲਕੁਲ ਸਹਿਮਤ ਹਾਂ ! ਗੌਡ ਫਾਦਰ ਹੋਵੇਗਾ ਤਾਂ ਸਾਹਿਤ ਸਭਾਵਾਂ ਤੇ ਫੰਕਸ਼ਨਾਂ 'ਚੋਂ ਸੱਦੇ ਆਉਣਗੇ, ਥਾਂ ਥਾਂ ਲਿਖੇ ਜਾਂਦੇ ਆਲੋਚਨਾਤਮਕ ਤੇ ਚਰਚਾ ਵਾਲੇ ਲੇਖਾਂ ਤੇ ਇੰਟਰਵਿਊਂ ਵਿੱਚ ਜ਼ਿਕਰ ਹੋਵੇਗਾ, ਮਾਣ-ਸਨਮਾਨ ਵੀ ਮਿਲ ਜਾਣਗੇ। ਲੇਖਣੀ ਥੋੜੀ ਕਮਜ਼ੋਰ ਵੀ ਹੋਵੇ ਤਾਂ ਚਲ ਨਿਕਲੇਗੀ !

ਮੈਂ ਜਾਣ-ਬੁੱਝ ਕੇ ਜਾਂ ਚੇਤੰਨ ਹੋ ਕੇ ਆਪਣੀ ਕਿਸੀ ਕਹਾਣੀ ਦੀ ਸ਼ੈਲੀ, ਬਣਤਰ ਜਾਂ ਬੁਣਤੀ ਜਾਂ ਵਿਸ਼ੇ ਨੂੰ ਨਹੀਂ ਉਲੀਕਿਆ, ਕੋਈ ਤਜਰਬਾ ਵੀ ਨਹੀਂ ਕੀਤਾ ਪਰ ਕਈ ਵੇਰ ਜਦ ਕੋਈ ਸਥਾਪਿਤ ਲੇਖਕ ਜਿਸਦਾ ਆਪਣਾ ਇੱਕ ਮਜਬੂਤ ਵਜੂਦ ਹੋਵੇ, ਮੇਰੀਆਂ ਕਹਾਣੀਆਂ ਬਾਰੇ ਕਹੇ ਕਿ 'ਅਜਿਹੀਆਂ ਕਹਾਣੀਆਂ ਮੈਂ ਪਹਿਲਾਂ ਨਹੀਂ ਪੜ੍ਹੀਆਂ' ਤਾਂ ਇਸਦਾ ਮਤਲਬ ਇਹੀ ਹੋਇਆ ਨਾ ਕਿ ਮੈਂ ਵਿਸ਼ਿਆ ਬਾਰੇ ਤਜਰੁਬਾ ਕੀਤਾ ਨਹੀਂ ਪਰ ਹੋ ਗਏ।

ਮੇਜ਼ਰ ਮਾਂਗਟ ਜੀ ਨੇ ਮੇਰੀ ਕਿਤਾਬ 'ਕਦੋਂ ਆਏਂਗੀ?' ਪੜ੍ਹ ਕੇ ਜੋ ਪ੍ਰਤੀਕਰਮ ਲਿਖ ਕੇ ਭੇਜੇ ਸਨ ਮੈਂ ਇੱਥੇ ਜ਼ਿਕਰ ਕਰਨਾ ਚਾਹਾਂਗੀ, 'ਰੱਬ ਝੂਠ ਨਾ ਬੁਲਾਏ' ਵਿੱਚ ਉਰਮਿਲਾ ਦਾ ਕਿਰਦਾਰ ਤੁਸਾਂ ਬਾਖੂਬੀ ਚਿਤਰਿਆ ਹੈ। ਇਸ ਹਕੀਕਤ ਨੂੰ ਕਿਸੇ ਨਹੀਂ ਬਿਆਨਿਆ। 'ਹੋਇਆ ਜੀਉੜਾ ਉਦਾਸ' ਪਿਓ ਦੇ ਪਿਆਰ ਦੀਆਂ ਗੂੜੀਆਂ ਤੰਦਾਂ ਧੂਹ ਪਾਉਂਦੀਆਂ ਹਨ। ਕਹਾਣੀ ਐਨਾ ਘਸਰ ਕੇ ਲੰਘੀ ਕਿ ਸਭ ਕੁੱਝ ਹਿੱਲਾ ਗਈ। 'ਤੂੰ' ਕਹਾਣੀ ਵਿੱਚ ਤੁਸਾਂ ਕਿਆ ਕਮਾਲ ਕੀਤਾ ਹੈ। ਹੂ ਬ ਹੂ ਯਥਾਰਥਕ। ਕਲਾ ਭਰਪੂਰ। ਪਾਤਰ ਉਸਾਰੀ ਕਮਾਲ ਦੀ ਹੈ। 'ਮਿਸਿਜ਼ ਮੈਨਾ' ਮੱਧ ਵਰਗੀ ਕਲਾਸ ਦੇ ਦੋਹਰੇ ਮਾਪਦੰਡਾ ਦੀ ਖੂਬਸੂਰਤ



ਕਹਾਣੀ ਹੈ। 'ਕਰਜ਼' ਕਹਾਣੀ ਨਿਵੇਕਲੀ ਤੇ ਸਫ਼ਲ ਕਹਾਣੀ ਹੈ। "ਇਹ ਤੂੰ ਸੀ ਇਹ ਮੈਂ ਸੀ' ਵਿੱਚ ਫੇਰ ਤੁਹਾਡਾ ਕਮਾਲ ਹੈ। ਪਾਤਰਾਂ ਦੇ ਮਨਾਂ ਵਿਚ ਉਤਰ ਜਾਣ ਦਾ ਤੁਹਾਡਾ ਢੰਗ ਹੈ। ਤੁਹਾਡੀਆਂ ਕਹਾਣੀਆਂ ਵਿੱਚ ਸੱਜਰਾਪਨ ਤੇ ਖੁਸ਼ਬੂ ਹੈ। 'ਇਹ ਵੀ ਸੱਚ ਹੈ' ਕਹਾਣੀ ਤੇ ਜਿਨ੍ਹਾਂ ਦਾ ਮੈਂ ਜ਼ਿਕਰ ਕੀਤਾ, ਅਜਿਹੀਆਂ ਕਹਾਣੀਆਂ ਮੈਂ ਪਹਿਲਾਂ ਨਹੀਂ ਪੜ੍ਹੀਆਂ। ਜੋ ਇਸ ਤਰ੍ਹਾਂ ਅਸਰ ਅੰਦਾਜ਼ ਹੋਣ। 'ਮਾਂ' ਕਹਾਣੀ ਦੀਆਂ ਘਟਨਾਵਾਂ ਝੱਟ ਝੱਟ ਬਦਲਦੀਆਂ ਹਨ। ਇਸ ਸਭ ਪਿੱਛੇ ਤੁਹਾਡੀ ਲਿਖਣ ਕਲਾ ਹੈ, ਜਿਸਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਹੈ।"

ਵੈਸੇ ਭਵਿੱਖ 'ਚ ਮੈਂ ਜ਼ਰੂਰ ਨਵੇਂ ਤਜਰਬੇ ਕਰਨਾ ਚਾਹਾਂਗੀ, ਜਿਵੇਂ ਬਿੰਦਰ ਬਸਰਾ ਦੀ ਕਹਾਣੀ 'ਸਵਾਰ' ਦਾ ਕਥਾਨਕ ਵੇਖਿਆ, ਬਣਤਰ 'ਚ ਤਜ਼ਰਬਾ ਵੇਖਿਆ ! ਬਹੁਤ ਕਮਾਲ ਸੀ।

ਮੈਂ ਪਲੈਨ ਕਰ ਕੇ ਕੁੱਝ ਨਹੀਂ ਲਿਖਦੀ। ਅਚੇਤ ਮਨ 'ਚ ਜੋ ਨੁਕਤੇ, ਖ਼ਿਆਲ ਘਟਨਾਵਾਂ ਜਮਾਂ ਹੋਈਆਂ ਰਹਿੰਦੀਆਂ ਹਨ, ਜਦੋਂ ਬੇਕਾਬੂ ਹੋ ਜਾਣ ਤਾਂ ਲਿਖਣ ਲੱਗਦੀ ਹਾਂ ਤਾਂ ਇਹ ਨਹੀਂ ਪਤਾ ਹੁੰਦਾ ਕਿ ਮਰਦ ਪਾਤਰ ਭਾਰੂ ਰਹੇਗਾ ਜਾਂ ਇਸਤਰੀ ਪਾਤਰ ! ਪਰ ਅੱਜ ਜੇ ਮੁਲਾਂਕਣ ਕਰਾਂ ਤਾਂ ਇਹੀ ਲੱਗਦਾ ਹੈ ਕਿ ਇਸਤਰੀ ਪਾਤਰ ਹੀ ਭਾਰੂ ਹਨ ! ਸ਼ਾਇਦ ਇਸ ਲਈ ਕਿ ਮੈਂ ਇਸਤਰੀ ਕਹਾਣੀਕਾਰ ਹਾਂ ! ਮੈਂ ਕੀ ਸੋਚਦੀ ਹਾਂ, ਉਹੀ ਤਾਂ ਹੋਏਗਾ ਮੇਰੀ ਕਹਾਣੀਆਂ 'ਚ !


ਸਾਡੇ ਸਮਾਜ ਦੀ ਬਣਤਰ ਹੀ ਅਜਿਹੀ ਹੈ। ਜਿੱਥੇ ਹਰ ਇੰਡਸਟਰੀ 'ਚ ਮਰਦ ਪ੍ਰਧਾਨ ਹੈ, ਚਾਹੇ ਉਹ ਪ੍ਰਾਇਵੇਟ ਇੰਡਸਟਰੀਜ਼ ਹੋਣ ਜਾਂ ਸਰਕਾਰੀ ਅਦਾਰੇ ਜਾਂ ਕੋਈ ਵੀ ਖੇਤਰ ! ਫੇਰ ਜ਼ਾਹਿਰ ਹੈ ਕਿ ਮਰਦ ਹੀ ਔਰਤ ਦਾ ਸ਼ੋਸ਼ਣ ਕਰਨਾ ਚਾਹੇਗਾ ! ਪਰ ਔਰਤ ਵੀ ਹੁੰਦੀ ਹੈ ਜੋ ਮਰਦ ਦਾ ਸ਼ੋਸ਼ਣ ਕਰਦੀ ਹੈ, ਮੇਰੀ ਇੱਕ ਨਵੀਂ ਕਹਾਣੀ ਜੋ ਆਉਣ ਵਾਲੀ ਮੇਰੀ ਕਿਤਾਬ, ਨਵੇਂ ਕਹਾਣੀ ਸੰਗ੍ਰਹਿ 'ਚ ਸ਼ਾਮਿਲ ਹੋਏਗੀ, "ਦੋ ਔਰਤਾਂ" , ਉਸ ਵਿੱਚ ਮੈਂ ਇਸ ਵਿਸ਼ੇ ਨੂੰ ਛੁਹਿਆ ਹੈ, ਜਿੱਥੇ ਇੱਕ ਔਰਤ , ਔਰਤ ਇਹ ਜਾਣਦਿਆਂ ਹੋਇਆਂ ਵੀ ਕਿ ਮਰਦ ਵਿਆਹਿਆ ਹੋਇਆ ਹੈ, ਬਾਲ-ਬੱਚੇਦਾਰ ਹੈ, ਪਰ ਉਹ ਆਪਣੇ ਸੁਆਰਥ ਲਈ, ਆਪਣੀ ਸਫ਼ਲਤਾ ਨੂੰ ਪਾਉਣ ਲਈ, ਮਰਦ ਦਾ ਸ਼ੋਸ਼ਣ ਕਰਦੀ ਹੈ, ਉਸਨੂੰ ਇਸਤੇਮਾਲ ਕਰਦੀ ਹੈ ਤੇ ਉਸਦਾ ਆਰ ਪਰਿਵਾਰ ਤੋੜ ਕੇ ਬਰਬਾਦ ਕਰ ਦਿੰਦੀ ਹੈ !

ਔਰਤ ਮਰਦ ਦੇ ਰਿਸ਼ਤਿਆਂ ਨੂੰ ਮੈਂ ਆਪਣੀਆਂ ਕਹਾਣੀਆਂ 'ਚ ਇੰਜ ਫੜਨਾ ਚਾਹੁੰਦੀ ਸਾਂ ਤੇ ਹਾਂ ਕਿ ਜਿਵੇਂ ਅਜੀਤ ਕੌਰ ਆਪਣੀਆਂ ਕਹਾਣੀਆਂ 'ਚ ਫੜਦੀ ਹੈ, ਉਸਦੀਆਂ ਮਰਦ ਔਰਤ ਦੇ ਰਿਸ਼ਤਿਆਂ ਦੀਆਂ ਕਹਾਣੀਆਂ ਪੜ੍ਹ ਕੇ ਇੰਝ ਲੱਗਦਾ ਹੈ, ਜਿਵੇਂ ਕਿਸੇ ਨੇ ਤੁਹਾਡੇ ਉੱਤੇ ਟੂਣਾ ਕਰ ਦਿੱਤਾ ਹੋਵੇ। ਦੋ ਤਿਨ ਦਿਨ ਤੁਹਾਡੇ ਸਿਰ ਦੁਆਲੇ ਉਸਦੀਆਂ ਕਹਾਣੀਆਂ ਦਾ ਜਾਦੂ ਘੂੰ ਘੂੰ ਕਰ ਕੇ ਘੁੰਮਦਾ ਰਹਿੰਦਾ ਹੈ ਉਸਦੀਆਂ ਕੁੱਝ ਕਹਾਣੀਆਂ ਜਿਵੇਂ 'ਫਾਲਤੂ ਔਰਤ', 'ਅੱਧਾ ਆਦਮੀ, ਸਾਬਤ ਆਦਮੀ' , 'ਪੰਜ ਰੁਪਏ ਵਾਲਾ ਕੰਮ', 'ਇਕ ਖ਼ਤ' , 'ਕਮਰਾ ਨੰਬਰ ਅੱਠ' ਤੇ ਜਾਂ ਉਸਦੀ ਸਵੈ ਜੀਵਨੀ 'ਕੂੜਾ ਕਬਾੜਾ'...।

ਮੈਂ ਚਾਹੁੰਦੀ ਹਾਂ ਮੇਰੀ ਕਹਾਣੀ ਵੀ ਪਾਠਕ ਪੜ੍ਹਨ ਤਾਂ ਉਨ੍ਹਾਂ ਤੇ ਟੂਣਾ ਧੂੜਿਆ ਜਾਵੇ ! ਘੱਟੋ ਘੱਟ ਦੋ ਤਿੰਨ ਦਿਨ ਜਾਂ ਬਹੁਤ ਸਮੇਂ ਤੱਕ ਉਹ ਜਾਦੂ ਪਾਠਕਾਂ ਦੇ ਸਿਰਾਂ ਦੁਆਲੇ ਘੂੰ ਘੂੰ ਕਰ ਕੇ ਘੁੰਮਦਾ ਰਹੇ ! ਜਦੋਂ ਕੋਈ ਸਿਆਣਾ ਪਾਠਕ ਮੇਰੀਆਂ ਕਹਾਣੀਆਂ ਦੀ ਸਿਫ਼ਤ ਕਰਦਾ ਹੈ ਤਾਂ ਸਿਫ਼ਤ ਵੀ ਉਹੋ ਜਿਹੀ ਜਿਹੋ ਜਿਹੀ ਅਜੀਤ ਕੌਰ ਦੀ ਹੁੰਦੀ ਹੈ ਤਾਂ ਮੈਨੂੰ ਲੱਗਦਾ ਹੈ, ਮੇਰੀ ਕਹਾਣੀ ਕਿਸੇ ਹੱਦ ਤੱਕ ਸਫ਼ਲ ਹੋ ਗਈ ਹੈ।

ਹਾਂ ਮੈਨੂੰ ਅਜਿਹੀਆਂ ਬੋਲਡ ਕਹਾਣੀਆਂ ਲਿਖਣ ਤੋਂ ਡਰ ਲੱਗਦਾ ਹੈ, ਮੈਂ ਜੋ ਵੀ ਲਿਖਦੀ ਹਾਂ ਸੰਕੋਚ ਤੇ ਸੰਕੇਤਮਈ ਤਰੀਕੇ ਨਾਲ ਲਿਖਦੀ ਹਾਂ, ਤੇ ਇਸਨੂੰ ਮੈਂ ਆਪਣੀ ਖ਼ੂਬੀ ਬਣਾ ਲਿਆ ਹੈ। ਔਰਤ ਮਰਦ ਦੇ ਰਿਸ਼ਤਿਆਂ ਨੂੰ ਖੁੱਲ੍ਹ ਕੇ ਲਿਖਣ ਵੇਲੇ ਮੈਨੂੰ ਸੱਚ ਮੁੱਚ ਆਰ ਪਰਿਵਾਰ ਤੇ ਨੇੜਲੇ ਰਿਸ਼ਤੇਦਾਰਾਂ ਦਾ ਖ਼ਿਆਲ ਆ ਜਾਂਦਾ ਹੈ ਕਿ ਉਹ ਪੜ੍ਹਨਗੇ ਤਾਂ ਕੀ ਸੋਚਣਗੇ? ਪਰ ਕਦੀ ਕਦੀ ਲੱਗਦਾ ਹੈ ਸਨਸ਼ਸ਼ਨਲ ਲਿਖਣ ਨਾਲ ਚਰਚਾ ਵੀ ਤਾਂ ਹੁੰਦੀ ਹੈ, ਸ਼ੋਹਰਤ ਵੀ ਤਾਂ ਮਿਲਦੀ ਹੈ, ਘੱਟੋਘੱਟ ਆਲੋਚਕ ਤੇ ਬਾਕੀ ਲੇਖਕ ਨਾਂਅ ਲੈਣਾ ਤਾਂ ਨਹੀਂ ਭੁੱਲਣਗੇ **ਸੰਪਰਕ: 98190-77617**

## ''ਫਿਊਡਲ ਪ੍ਰਬੰਧ ਅੰਦਰ ਔਰਤ ਤੇ ਮਰਦ ਦੋਵੇਂ ਹੀ ਤਣਾਅ ਪੂਰਣ ਸਥਿਤੀਆਂ ਹੰਢਾਉਂਦੇ ਹਨ'' - ਸਰਘੀ




2003 'ਚ ਮੈਂ ਪਹਿਲੀ ਕਹਾਣੀ 'ਉਲਝੇ ਪਲ' ਲਿਖੀ। 21 ਵੀਂ ਸਦੀ ਦਾ ਇਹ ਦੌਰ ਔਰਤ ਦੀ ਆਰਥਿਕ ਅਜ਼ਾਦੀ ਦਾ ਸਮਾਂ ਹੈ। ਤੇ ਕਿਹਾ ਜਾ ਸਕਦਾ ਹੈ ਕਿ ਇਸ ਸਮੇਂ ਵਿਚ ਔਰਤ ਦੀ ਸਥਿਤੀ ਕਾਫ਼ੀ ਸੁਖਾਵੀ ਤੇ ਖੁਸ਼ਹਾਲ ਹੈ।ਆਪਣੀ ਪਹਿਲੀ ਕਹਾਣੀ ਤੋਂ ਲੈ ਕੇ ਹੁਣ ਤੱਕ ਦੀਆਂ ਕਹਾਣੀਆਂ 'ਤੇ ਨਜ਼ਰ ਮਾਰਾਂ ਤਾਂ ਕਿਹਾ ਜਾ ਸਕਦਾ ਹੈ ਕਿ ਇਹਨਾਂ ਕਹਾਣੀਆਂ ਦੇ ਔਰਤ ਪਾਤਰ ਹਰ ਸਥਿਤੀ ਨਾਲ ਨਿਭਦੇ ਹੋਏ ਆਪਣੀਆਂ ਉਚਾਣਾਂ ਨਿਵਾਣਾਂ ਸਮੇਤ ਹਾਜ਼ਰ-ਨਾਜ਼ਰ ਹੁੰਦੇ ਹਨ। ਔਰਤ ਦੀ 'ਸਮਾਜਿਕ ਹਕੀਕਤ' ਇਹਨਾਂ ਕਹਾਣੀਆਂ ਦਾ 'ਸਾਹਿਤ ਯਥਾਰਥ' ਬਣ ਕੇ ਪੇਸ਼ ਹੁੰਦੀ ਹੈ।

ਹਰ ਲੇਖਕ, ਹਰ ਦੌਰ ਵਿਚ ਆਪਣੀ-ਆਪਣੀ ਸਮਰੱਥਾ ਤੇ ਆਪਣੀ-ਆਪਣੀ ਦ੍ਰਿਸ਼ਟੀ ਤੋਂ ਔਰਤ /ਮਰਦ ਨੂੰ ਪਰਿਭਾਸ਼ਤ ਕਰਦੇ ਹਨ।ਅੰਮ੍ਰਿਤਾ ਪ੍ਰੀਤਮ ਸੁਤੰਤਰ ਪਿਆਰ ਦੀ ਲੋਚਾ ਰੱਖਦਿਆਂ ਔਰਤ / ਮਰਦ ਦੇ ਰਿਸ਼ਤੇ ਨੂੰ ਰੁਮਾਂਸਵਾਦੀ ਰੰਗਤ ਦੇ ਕੇ ਪੇਸ਼ ਕਰਦੇ ਹਨ। ਦਲੀਪ ਕੌਰ ਟਿਵਾਣਾ ਇਹਨਾਂ ਰਿਸ਼ਤਿਆਂ ਦੀ ਨਿਰਖ-ਪਰਖ 'ਸਮਾਜਿਕ ਪੱਖ' ਤੋਂ ਕਰਦੇ ਹਨ।ਅਜੀਤ ਕੌਰ ਇਹਨਾਂ ਰਿਸ਼ਤਿਆਂ ਨੂੰ ਵਧੇਰੇ ਯਥਾਰਥਕ ਢੰਗ ਨਾਲ ਚਿਤਰਦੇ ਹਨ।ਉਹਨਾਂ ਦੀਆਂ ਕੁਝ ਰਚਨਾਵਾਂ ਵਿਚ ਔਰਤ /ਮਰਦ ਇਕ ਵਿਰੋਧੀ ਧਿਰ ਬਣ ਕੇ ਵੀ ਪੇਸ਼ ਹੁੰਦੇ ਹਨ ਤੇ ਅਜੀਤ ਕੌਰ ਵਾਰ-ਵਾਰ ਇੱਕ ਨੁਕਤੇ ਨੂੰ ਉਘਾੜਦੀ ਨਜ਼ਰ ਆਉਂਦੀ ਹੈ ਕਿ ਔਰਤ ਨੂੰ ਮਰਦ 'ਫਾਲਤੂ ਔਰਤ' ਸਮਝਦਾ ਹੈ।ਖੋਪੇ ਦੀ ਠੂਠੀ, ਦਾਦ ਦੇਣ ਵਾਲੇ, ਜੂਠ, ਫਾਲਤੂ ਔਰਤ, ਇਕ ਹੋਰ ਫਾਲਤੂ ਔਰਤ, ਕਹਾਣੀਆਂ 'ਚ ਇਹ ਵਰਤਾਰਾ ਵੇਖਿਆ ਜਾ ਸਕਦਾ ਹੈ।

ਮੇਰੀ ਕਹਾਣੀ 'ਚ ਔਰਤ, ਮਰਦ ਸਾਹਵੇਂ ਬਰਾਬਰ ਦੀ ਧਿਰ ਬਣ ਖਲੋਂਦੀ ਹੈ।ਉਹਦੀ ਸੋਚ ਹੈ ਕਿ ਜੇ ਪਤਨੀ ਲਈ, ਪਤੀ ਪ੍ਰਮੇਸ਼ਵਰ ਹੈ ਤਾਂ ਪਤੀ ਲਈ ਪਤਨੀ ਵੀ ਪ੍ਰਮੇਸ਼ਵਰ ਹੋ ਜਾਣੀ ਚਾਹੀਦੀ ਹੈ। ਕਿਤੇ ਉਹ 'ਹਾਣੀ ਅੰਬਰ' ਲਈ ਤਾਂਘਦੀ ਹੈ ਤੇ ਕਿਤੇ ਕਿਤੇ ਉਹ ਮਨ ਦੇ ਮਹਿਰਮ ਤੋਂ 'ਤਨ ਦੀ ਤ੍ਰਿਪਤੀ' ਦੀ ਲੋਚਾ ਵੀ ਰੱਖਦੀ ਹੈ।ਉਹ ਅੜਬੰਗ ਹੈ ਤੇ ਆਪਣੇ ਢੰਗ ਨਾਲ ਜ਼ਿੰਦਗੀ ਜੀਣ ਦੀ ਤਲਬਗਾਰ ਵੀ।

ਆਪਣੀ ਖੂਬੀ ਬਾਰੇ ਦੱਸਣਾ ਔਖਾ ਲੱਗ ਰਿਹਾ।ਪਰ ਜੇਕਰ ਅਲੋਚਕ ਦੀ ਅੱਖ ਤੋਂ ਆਪਣੀ ਕਹਾਣੀ ਨੂੰ ਵੇਖਾਂ ਤਾਂ ਇਹਨਾਂ ਕਹਾਣੀਆਂ ਦੀ ਖੂਬੀ ਇਹਨਾਂ ਪਾਤਰਾਂ ਦਾ ਮਨੋਵਿਗਿਆਨ ਹੈ। ਇਹ ਪਾਤਰ ਆਪਣੀ ਚੰਗਿਆਈ / ਬੁਰਾਈ ਸਮੇਤ ਹਾਜਰ ਹੁੰਦੇ ਹਨ। ਟਕਰਾਅ ਤੇ ਤਣਾਅ ਦੀਆਂ ਅਵੱਸਥਾਵਾਂ ਝਲਦੇ ਇਹ ਪਾਤਰ, ਜ਼ਿੰਦਗੀ ਦੇ ਅਣਦਿਸਦੇ ਸੰਸਾਰ ਵੱਲ ਇਸ਼ਾਰਾ ਕਰਦੇ ਦਿਖਾਈ ਦਿੰਦੇ ਹਨ।

21 ਵੀ ਸਦੀ 'ਚ ਔਰਤ ਆਰਥਿਕ ਪੱਖੋਂ ਆਤਮ ਨਿਰਭਰ ਤੇ ਨਿਆਇਕ ਵਿਵਸਥਾ ਵੱਲੋਂ ਵਧੇਰੇ ਸੁਰੱਖਿਅਤ ਹੋਈ ਹੈ।ਇਹ ਦੋ ਪੱਖ ਔਰਤ ਮਰਦ ਦੇ ਰਿਸ਼ਤਿਆਂ 'ਚ ਬਦਲਾਅ ਦੇ ਕਾਰਨ ਹਨ।ਅੰਮ੍ਰਿਤਾ ਹੁਰਾਂ ਦੀ ਸਾਹਿਤਕ ਸਾਧਨਾ ਅੱਗੇ ਨਤਮਸਤਕ ਹੁੰਦਿਆਂ ਹੋਇਆ ਵੀ ਮੈਂ ਇਹ ਗੱਲ ਕਹਿਣਾ ਚਾਹੁੰਦੀ ਹਾਂ



ਕਿ ਅੱਜ ਉਹਨਾਂ ਦੀ ਕਵਿਤਾ, "ਮੈਂ ਕਿਵੇਂ ਬੋਲਾ ਮੇਰੇ ਅੰਨਦਾਤਾ, ਮੇਰੇ ਬੋਲਣ ਤੋਂ ਪਹਿਲਾ ਬੋਲ ਪੈਂਦਾ ਹੈ ਤੇਰਾ ਅੰਨ ਦਾਤਾ" ਦੇ ਮਾਇਨੇ ਬਦਲ ਗਏ ਹਨ।ਅੱਜ ਦੀ ਔਰਤ ਆਪਣੀ 'ਅੰਨਦਾਤਾ' ਖੁਦ ਹੈ ਤੇ ਉਹ ਬੋਲਣ ਦੀ ਵੀ ਜੁਰੱਅਤ ਰੱਖਦੀ ਹੈ।ਜੇ ਮੈਂ ਆਪਣੀ ਨਿੱਜੀ ਜ਼ਿੰਦਗੀ ਰਾਹੀ ਇਸ ਬਦਲਾਅ ਨੂੰ ਸਮਝਣਾ ਹੋਵੇ ਤਾਂ ਮੈਂ ਦੱਸਣਾ ਚਾਹੁੰਦੀ ਹਾਂ ਕਿ ਮੇਰੀ ਮਾਂ 'ਕਮਾਊ' ਔਰਤ ਹੋਣ ਦੇ ਬਾਵਜੂਦ ਵੀ ਮੇਰੇ ਬਾਪ ਸਾਹਮਣੇ ਬਰਾਬਰ ਦੀ ਧਿਰ ਬਣ ਕੇ ਖਲੋਂਦੀ ਨਹੀਂ ਸੀ।ਬਾਪ ਨੇ ਜੋ ਵੀ ਕਹਿਣਾ, ਸਭ ਖਿੜੇ ਮੱਥੇ ਪ੍ਰਵਾਨ ਕਰ ਲੈਂਦੀ ਸੀ।ਬਿਲਕੁਲ ਉਵੇਂ "ਤੁਮ ਦਿਨ ਕੋ ਅਗਰ ਰਾਤ ਕਹੋ, ਰਾਤ ਕਹੇਗੇ।" ਪਰ ਮੈਂ ਆਪਣੀ ਮਾਂ ਵਰਗੀ ਨਹੀਂ "ਮੈਂ ਦਿਨ ਨੂੰ ਦਿਨ ਕਹਿੰਦੀ ਹਾਂ ਤੇ ਰਾਤ ਨੂੰ ਰਾਤ' ਕਹਿੰਦੀ ਹਾਂ।

ਰਿਸ਼ਤਿਆਂ ਦੀ ਇਸ ਬਦਲਦੀ ਵਿਆਕਰਣ ਨੂੰ ਕਹਾਣੀਆਂ ਰਾਹੀ ਪਕੜਣ ਦਾ ਯਤਨ ਕੀਤਾ ਹੈ। 'ਹੌਲੀਡੇ-ਵਾਈਫ਼', 'ਆਪਣੇ ਆਪਣੇ ਮਰਸੀਏ', 'ਬਰਸੇ ਮੇਘ', 'ਕੁੜੀਆਂ' ਆਦਿ ਕਹਾਣੀਆਂ ਇਸ ਬਦਲਾਵ ਨੂੰ ਸਿੱਧੇ ਤੇ ਅਸਿੱਧੇ ਢੰਗ ਨਾਲ ਪੇਸ਼ ਕਰਦੀਆਂ ਹਨ।

ਜਿਵੇਂ 'ਪਰਿਵਾਰਕ ਨਾਰੀ' ਤੇ 'ਕਹਾਣੀਕਾਰ ਨਾਰੀ' 'ਚ ਨਾਰੀ ਸ਼ਬਦ ਦੀ ਸਾਂਝ ਹੈ। ਉਸੇ ਤਰ੍ਹਾਂ 'ਪਰਿਵਾਰਕ ਨਾਰੀ' ਪਰਿਵਾਰ 'ਚ ਵਿਚਰਦੀ ਹੋਈ ਵੀ ਕਹਾਣੀਆਂ ਲੱਭ ਰਹੀ ਹੁੰਦੀ ਹੈ ਤੇ ਇਸੇ ਤਰ੍ਹਾਂ ਹੀ 'ਕਹਾਣੀਕਾਰ ਨਾਰੀ' ਕਹਾਣੀਆਂ ਲਿਖਦੀ ਹੋਈ ਪਰਿਵਾਰ ਤੇ ਸਮਾਜਿਕ ਤਾਣੇ-ਬਾਣੇ ਦੇ 'ਸਮਝੋਂ ਪਰ੍ਹੇ' ਪਏ ਸੱਚ ਨੂੰ ਆਪਣੀਆਂ ਲਿਖਤਾਂ ਰਾਹੀ ਲੱਭ ਰਹੀ ਹੁੰਦੀ ਹੈ।ਪਰਿਵਾਰਕ ਨਾਰੀ ਨੂੰ ਕਈ ਵਾਰ ਉਹ ਕੁਝ ਵੀ ਕਰਨਾ ਪੈਂਦਾ ਹੈ, ਜੋ ਉਸਦੀ ਇੱਛਾ ਨਹੀਂ ਹੁੰਦੀ। ਪਰ ਕਹਾਣੀਕਾਰ ਨਾਰੀ ਆਪਣੇ ਪਾਤਰਾਂ ਰਾਹੀ, ਆਪਣੀਆਂ ਕਹਾਣੀਆਂ ਰਾਹੀ, ਆਪਣੀ ਬਾਤ ਵੀ ਪਾਉਂਦੀ ਹੈ ਤੇ ਆਪਣੇ ਹਿੱਸੇ ਦਾ ਜਿਊਂਦੀ ਵੀ ਹੈ।

ਮੇਰੀਆਂ ਕਹਾਣੀਆਂ ਬਾਰੇ ਮੇਰੇ ਸਮਕਾਲੀਆਂ, ਅਲੋਚਕਾਂ ਤੇ ਪਾਠਕਾਂ ਦੀਆਂ ਕਹੀਆਂ/ ਸੁਣੀਆਂ ਦੱਸ ਪਾਉਂਦੀਆਂ ਹਨ ਕਿ ਬਤੌਰ ਕਹਾਣੀਕਾਰ ਮੈਨੂੰ ਮਾਨਤਾ ਮਿਲੀ ਹੈ।ਪੰਜਾਬੀ ਕਹਾਣੀ ਦੀ ਇਹ ਖੁਸ਼ਨਸੀਬੀ ਹੈ ਕਿ ਬਲਦੇਵ ਧਾਲੀਵਾਲ ਵਰਗੇ ਸਮਰੱਥ ਅਲੋਚਕ ਉਸ ਕੋਲ ਮੌਜੂਦ ਹੈ।ਬਲਦੇਵ ਧਾਲੀਵਾਲ ਸਮਕਾਲ ਵਿੱਚ ਲਿਖੀ ਜਾ ਰਹੀ ਹਰ ਕਹਾਣੀ ਦੀ ਨਬਜ਼ ਫੜਦੇ ਹਨ।ਆਪਣੀ ਕਹਾਣੀ ਦੇ ਸੰਦਰਭ ਵਿੱਚ ਕਹਿ ਸਕਦੀ ਹਾਂ ਕਿ ਮੇਰੀ ਹਰ ਕਹਾਣੀ ਨੂੰ ਉਹਨਾਂ ਆਪਣੀ ਅਲੋਚਨਾਤਮਕ ਦ੍ਰਿਸ਼ਟੀ ਤੋਂ ਨਿਵਾਜ਼ਿਆ ਹੈ।

'ਗੌਡ ਫਾਦਰ' ਰਾਹੀ ਸਾਹਿਤ ਰੂਪੀ ਪੌੜੀ ਦੇ ਸਿਖਰਲੇ ਡੰਡੇ ਤੱਕ ਪਹੁੰਚ ਵਾਲੀ ਧਾਰਨਾ ਨੂੰ ਮੂਲੋ ਰੱਦ ਕਰਦੀ ਹੋਈ ਇਹ ਦੱਸਣਾ ਚਾਹੁੰਦੀ ਹਾਂ ਕਿ ਮੇਰੇ ਫਾਦਰ ਹੀ ਮੇਰੇ 'ਗੌਡ ਫਾਦਰ' ਹਨ। ਉਹਨਾਂ ਦੀਆਂ ਕਹੀਆਂ ਸੁਣੀਆਂ ਅੱਜ ਵੀ ਮੇਰਾ ਰਾਹ ਦਿਸੇਰਾ ਬਣਦੀਆਂ ਨੇ।ਉਹ ਕਹਿੰਦੇ ਹੁੰਦੇ ਸੀ, "ਬਿਗਾਨੇ ਪੈਰਾਂ ਦਾ ਸਫ਼ਰ ਬਹੁਤ ਲੰਮਾ ਨਹੀਂ ਹੁੰਦਾ।" ਮੈਂ ਕਦੇ ਵੀ ਬਿਗਾਨੇ ਪੈਰਾਂ ਨਾਲ ਸਫ਼ਰ ਨਹੀਂ ਕੀਤਾ।ਸਰਵਣ ਕੁਮਾਰ ਵਰਮਾ ਦਾ ਸ਼ੇਅਰ ਹੈ-

ਚਲੋ ਤੋਂ ਖੁਦ ਕੋ ਹੀ ਹਮਕਦਮ ਰੱਖਣਾ
ਰਾਸਤੇ ਮੇਂ, ਕਿਸੀ ਔਰ ਸੇ ਉਮੀਦ ਕਮ ਰੱਖਣਾ॥

ਤੇ ਮੈਂ ਬੱਸ ਇਹੀ ਕਹਿਣਾ ਚਾਹੁੰਦੀ ਹਾਂ, ਮੈਂ ਖੁਦ ਦੀ ਹਮਦਰਦ ਹਾਂ।ਕਿਸੇ ਤੋਂ ਕੋਈ ਉਮੀਦ ਨਹੀਂ।ਕਿਸੇ 'ਤੇ ਕੋਈ ਗਿਲਾ ਨਹੀਂ।ਜੇ ਸਾਹਿਤ ਵਿਚ ਗੌਡ ਫਾਦਰ ਹੁੰਦੇ ਹਨ ਤਾਂ ਗੌਡ ਮਦਰ ਵੀ ਜ਼ਰੂਰ ਹੁੰਦੀਆਂ ਹੋਣਗੀਆਂ।

ਕਹਾਣੀ ਦੇ ਵਿਸ਼ੇ ਦੇ ਨਿਭਾਅ ਲਈ, ਕੁਝ ਤਜ਼ਰਬੇ ਕੀਤੇ ਹਨ। ਹਰ ਕਹਾਣੀ ਦਾ ਵਿਸ਼ਾ ਵੱਖਰੇ ਤਜ਼ਰਬੇ ਦੀ ਮੰਗ ਕਰਦਾ ਸੀ ਤੇ ਉਹ ਤਜ਼ਰਬੇ ਮੇਰੇ ਕੋਲੋਂ ਹੋ ਗਏ।ਰਾਡ, ਰਬਾਬੀ, ਆਪਣੇ ਆਪਣੇ ਮਰਸੀਏ, ਹੌਂਟਡ ਹਾਊਸ ਵਿਚ ਇਹ ਵੰਨ-ਸੁਵੰਨੇ ਤਜ਼ਰਬੇ ਵੇਖੇ ਜਾ ਸਕਦੇ ਹਨ।

ਉਂਝ ਤਾਂ ਹਰ ਕਹਾਣੀ ਦੇ ਪਾਤਰ ਦਾ ਹਾਵੀ ਹੋਣਾ ਕਹਾਣੀ ਦੇ ਵਿਸ਼ੇ 'ਤੇ ਨਿਰਭਰ ਕਰਦਾ ਹੈ।ਪਰ ਜਦੋਂ ਆਪਣੀਆਂ ਕਹਾਣੀਆਂ 'ਤੇ ਨਜ਼ਰ ਮਾਰਾਂ ਤਾਂ ਔਰਤ ਪਾਤਰ ਜ਼ਿਆਦਾ ਹਾਵੀ ਨਜ਼ਰ ਆਉਂਦੀ ਹੈ।ਮੇਰੇ

ਅੰਦਰ ਸੱਜੇ ਪਾਸੇ ਬੈਠੇ ਮਰਦ ਨੇ ਹੀ ਸ਼ਾਇਦ ਮੈਨੂੰ ਇਹ ਅਹਿਸਾਸ ਕਰਵਾਇਆ ਹੈ ਕਿ ਔਰਤ, ਮਰਦ ਨਾਲੋਂ ਮਾਨਸਿਕ ਤੌਰ 'ਤੇ ਵਧੇਰੇ ਬਲਵਾਨ ਹੈ। ਇਹ ਔਰਤ ਪਾਤਰ ਜ਼ਿੰਦਗੀ ਦੇ ਕੁਰੱਖਤ ਪਲਾਂ ਨੂੰ ਝੱਲਦੀ ਹੋਈ ਵੀ ਤਰਸ ਦੀ ਪਾਤਰ ਨਹੀਂ ਬਣਦੀ ਤੇ ਸ਼ਾਇਦ ਇਸੇ ਲਈ ਮੇਰੀ ਸਿਰਜੀ ਪਾਤਰ ਕਹਿੰਦੀ ਹੈ,

"ਮੈਂ ਸਭ ਕੁਝ ਬਣ ਸਕਦੀ ਹਾਂ, ਪਰ ਤਰਸ ਦੀ ਪਾਤਰ ਨਹੀਂ।" (ਆਪਣੇ ਆਪਣੇ ਮਰਸੀਏ)

ਇਸ ਸਬੰਧੀ ਬਹੁਤ ਸਾਰੀਆਂ ਕਹਾਣੀਆਂ ਲਿਖੀਆਂ ਜਾ ਚੁੱਕੀਆਂ ਹਨ। ਜੋ ਇਹ ਦੱਸ ਪਾਉਂਦੀਆਂ ਹਨ ਕਿ ਔਰਤ ਇੱਕ ਵਸਤ ਜਾਂ ਸ਼ੈਅ ਵਾਂਗ ਹੈ, ਜਿਸਨੂੰ ਮਰਦ ਆਪਣੇ ਤਰੀਕੇ ਨਾਲ ਵਰਤਦਾ ਜਾ ਉਸਦਾ ਸ਼ੋਸ਼ਣ ਕਰਦਾ ਹੈ। ਅਜੀਤ ਕੌਰ, ਦਲੀਪ ਕੌਰ ਟਿਵਾਣਾ, ਅੰਮ੍ਰਿਤਾ ਪ੍ਰੀਤਮ ਦੀਆਂ ਕਹਾਣੀਆਂ ਇਸ ਪ੍ਰਸੰਗ ਵਿਚ ਵੇਖੀਆਂ ਜਾ ਸਕਦੀਆਂ ਹਨ। ਅਜੀਤ ਕੌਰ ਦੀਆਂ ਕਹਾਣੀਆਂ ਦੀ ਔਰਤ ਪੜ੍ਹੀ ਲਿਖੀ ਹੈ ਪਰ ਫਿਰ ਵੀ ਮਰਦ ਉਸਨੂੰ ਸੈਅ ਵਾਂਗ ਵਰਤ ਰਿਹਾ ਹੈ। ਪਰਵੇਜ਼ ਸੰਧੂ ਦੀਆਂ ਕਹਾਣੀਆਂ ਵਿੱਚ ਔਰਤ/ ਮਰਦ ਦਾ ਰਿਸ਼ਤਾ ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ ਹੋ ਰਿਹਾ ਹੈ। ਰੂਹ ਦੇ ਹਾਣ ਦਾ, ਉੱਥੇ ਲੈ ਚੱਲ ਚਰਖਾ ਮੇਰਾ, ਟੁੱਕੜੇ, ਰੁੱਖ ਵੇਲਾ ਤੇ ਸ਼ੌਂਕਣ ਆਦਿ ਕਹਾਣੀਆਂ 'ਚ ਸਿਰਜੇ ਔਰਤ / ਮਰਦ ਪਾਤਰ, ਪਿਆਰ ਕਰਦੇ ਨੇ, ਤਕਰਾਰ ਕਰਦੇ ਹਨ। ਪਰ ਇੱਕ ਦੂਜੇ ਨੂੰ ਸੈਅ ਵਾਂਗ ਨਹੀਂ ਵਰਤਦੇ।

ਮੈਂ ਆਪਣੀਆਂ ਕਹਾਣੀਆਂ ਨੂੰ ਇਸ ਨੁਕਤਾ ਨਿਗਾਹ ਤੋਂ ਵੇਖਾਂ ਤਾਂ ਮੇਰੀ ਸਮਝ ਇਹ ਬਣਦੀ ਹੈ ਕਿ ਇਹਨਾਂ ਕਹਾਣੀਆਂ ਵਿੱਚ ਔਰਤ / ਮਰਦ ਦੋਵੇਂ ਧਿਰਾਂ ਆਪਣੀ ਮਰਜੀ ਮੁਤਾਬਿਕ ਕਿਸੇ ਵੀ ਤਰ੍ਹਾਂ ਦੇ ਰਿਸ਼ਤੇ 'ਚ ਬੱਝਦੇ ਦਿਖਾਈ ਦੇਂਦੇ ਹਨ। ਕਿਤੇ ਔਰਤ ਦੀ ਧਰਤ ਨੂੰ 'ਹਾਣੀ ਅੰਬਰ' ਦੀ ਉਡੀਕ ਹੈ ਤੇ ਕਿਤੇ ਮਰਦ ਨੂੰ ਰੂਹ ਦੇ 'ਗੀਤ' ਦੀ ਤਲਾਸ਼ ਹੈ। ਇਹ ਦੋਵੇਂ ਧਿਰਾਂ 'ਭਾਵੁਕ ਰਿਸ਼ਤਿਆਂ' 'ਚ ਬੱਝਦੇ ਹੋਏ ਭਾਵੁਕਤਾ ਦੇ ਵਹਿਣ 'ਚ ਨਹੀਂ ਵਹਿੰਦੇ। ਇਸ ਸਥਿਤੀ 'ਚ ਵੀ ਔਰਤ ਆਪਣੀ ਹੋਂਦ ਬਾਰੇ ਗੱਲ ਕਰਦੀ ਦਿਖਾਈ ਦਿੰਦੀ ਹੈ। ਜਿਵੇਂ

"ਔਰਤ ਕੋਈ ਸ਼ਾਮਲਾਟ 'ਚ ਲੱਗਿਆ ਨਲਕਾ ਨਹੀਂ ਹੁੰਦੀ, ਜਿਹਨੂੰ ਹਰ ਕੋਈ ਆਪਣੀ ਮਰਜੀ ਨਾਲ ਗੇੜ ਕੇ ਪਿਆਸ ਬੁਝਾਵੇ ਤੇ ਤੁਰਦਾ ਬਣੇ।" (ਬਰਸੇ ਮੇਘ)

'ਬਰਸੇ ਮੇਘ' ਕਹਾਣੀ ਦਾ ਮਰਦ ਪਾਤਰ ਕਈ ਔਰਤਾਂ ਦਾ ਸਾਥ ਮਾਣਦਾ ਹੋਇਆ ਵੀ ਇਹ ਮਹਿਸੂਸ ਕਰਦਾ ਹੈ ਕਿ "ਕਈ ਵਾਰ ਮੈਨੂੰ ਆਪਣਾ ਘਰ ਕੋਠਾ" ਨਜ਼ਰ ਆਉਂਦਾ ਹੈ, ਜਿੱਥੇ ਮੈਂ ਕਿਸੇ ਨੂੰ ਵਰਤਦਾ ਹੋਇਆ ਵੀ, ਆਪ ਵੀ ਵਰਤਿਆ ਜਾ ਰਿਹਾ ਹੋਵਾਂ।"

ਇਸ ਲਈ ਮੇਰੀਆਂ ਕਹਾਣੀਆਂ ਵਿਚ ਔਰਤ ਕਿਧਰੇ ਵੀ ਸ਼ੈਅ ਜਾਂ ਵਸਤ ਵਾਂਗ ਵਰਤੀ ਨਹੀਂ ਜਾ ਰਹੀ। ਉਂਝ ਵੀ ਔਰਤ / ਮਰਦ ਦੋਵੇਂ ਹੀ ਜਦ ਕਿਧਰੇ ਮਤਲਬ ਲਈ ਇੱਕ ਦੂਜੇ ਨਾਲ ਜੁੜਦੇ ਹਨ ਤਾਂ ਉਹ ਦੋਵੇਂ ਹੀ ਇਕ ਦੂਜੇ ਨੂੰ ਸ਼ੈਅ ਵਾਂਗ ਵਰਤਦੇ ਹਨ। ਮਿਸਾਲ ਦੇ ਤੌਰ ਤੇ ਮਰਦ, ਔਰਤ ਦਾ ਜਿਸਮ, ਵਰਤ ਰਿਹਾ ਹੁੰਦਾ ਹੈ ਤੇ ਔਰਤ ਉਸਦੀ ਦੋਸਤੀ, ਸ਼ੋਹਰਤ ਨੂੰ ਵਰਤ ਰਹੀ ਹੁੰਦੀ ਹੈ। ਤੇ ਜਦ ਕਦੇ 'ਔਰਤ ਦੀ ਧਰਤ' ਨੂੰ 'ਹਾਈ ਅੰਬਰ' ਮਿਲ ਜਿਵੇਂ ਤਾਂ ਧਰਤ 'ਤੇ ਹੀ ਸਤਰੰਗੀ ਪੈਣ ਲੱਗਦੀ ਹੈ। ਇਹੋ ਜਿਹੇ ਮੁਹੱਬਤੀ ਰਿਸ਼ਤੇ ਜਿਉਂਦੇ ਔਰਤ /ਮਰਦ ਜ਼ਿੰਦਗੀ ਲਈ ਸੋਹਣੀ ਇਬਾਰਤ ਲਿਖਦੇ ਦਿਖਾਈ ਦੇਂਦੇ ਹਨ।

ਔਰਤ / ਮਰਦ ਦੇ ਰਿਸ਼ਤਿਆਂ ਦੇ ਵਿਭਿੰਨ ਪਹਿਲੂਆਂ ਨੂੰ ਆਪਣੀ ਸਮਰੱਥਾ ਅਨੁਸਾਰ ਕਹਾਣੀਆਂ 'ਚ ਪਕੜਣ ਦੀ ਕੋਸ਼ਿਸ਼ ਕੀਤੀ ਹੈ। ਇਹ ਕਹਾਣੀਆਂ ਦੱਸਦੀਆਂ ਹਨ ਕਿ ਫਿਊਡਲ ਪ੍ਰਬੰਧ ਅੰਦਰ ਔਰਤ ਤੇ ਮਰਦ ਦੋਵੇਂ ਹੀ ਤਨਾਅ ਪੂਰਣ ਸਥਿਤੀਆਂ ਹੰਢਾਉਂਦੇ ਹਨ।


ਬਾਕੀ ਰਹੀ ਗੱਲ ਡਰਨ ਦੀ ਉਹ ਮੈਨੂੰ ਬਿਲਕੁਲ ਨਹੀਂ ਲੱਗਦਾ, ਕਈ ਵਾਰ ਸੋਚਦੀ ਹਾਂ, ਬੰਦੇ ਨੇ ਜੋ ਭੇਦ 'ਮੁਹੱਬਤੀ ਰਿਸ਼ਤਿਆਂ' ਬਾਰੇ ਸਾਂਭ ਰੱਖੇ ਨੇ, ਉਹ ਨਿਸ਼ਚੈ ਹੀ ਬਹੁਤ ਬਾਕਮਾਲ ਤੇ ਖੂਬਸੂਰਤ ਹੋਣਗੇ। ਜਦ ਕਿ ਕਦੇ ਮੇਰੀ ਕਲਮ ਇਹਨਾਂ ਰਿਸ਼ਤਿਆਂ ਦੇ ਸੱਚ ਦੀ ਕਹਾਣੀ ਲਿਖਦੀ ਹੈ, ਉਹ ਬਹੁਤ ਰਵਾਨੀ ਨਾਲ ਚੱਲਦੀ ਹੈ ਤੇ ਕਿਸੇ ਤੋਂ ਵੀ ਡਰਦੀ ਨਹੀਂ ਹੈ।

**ਸੰਪਰਕ: 99888-54454**



# "ਪਰਿਵਾਰਕ ਨਾਰੀ ਆਦਰਸ਼ਵਾਦੀ ਲੇਖਿਕਾ ਹੀ ਹੋ ਸਕਦੀ ਹੈ"

## - ਨਿਰਮਲ ਜਸਵਾਲ





ਮੈਂ ਤਾਂ ਬਚਪਨ ਤੋਂ ਕਹਾਣੀ ਕਵਿਤਾਵਾਂ ਲਿਖਣੀਆਂ ਅਰੰਭੀਆਂ ਸਨ। ਉਦੋਂ ਔਰਤ ਦਾ ਰੂਪ ਮਾਂ ਜਾਂ ਭੈਣ ਤੋਂ ਵੱਖ ਨਹੀਂ ਸੀ ਵੇਖਿਆ ਜਾਂ ਇਹ ਕਹਿ ਲਵੋ ਆਪਣੀ ਆਪਣੀ ਪਰਿਵਾਰਕ ਸਥਿਤੀ ਜਾਂ ਮਾਹੌਲ ਦੀ ਗੱਲ ਹੁੰਦੀ ਹੈ। ਆਪਣੀ ਟੀਚਰ ਨੂੰ ਵੀ ਮਾਂ ਜਾਂ ਭੈਣ ਤੋਂ ਉੱਪਰ ਸਮਝਿਆ ਜਾਂਦਾ ਰਿਹਾ ਹੈ।

ਮੈਂ ਇਕ ਕਹਾਣੀ ਲਿਖੀ ਸੀ, ਜੋ 'ਵੀਰ ਪ੍ਰਤਾਪ' ਅਖਬਾਰ 'ਚ ਛਪੀ, ਉਸ ਵਿੱਚ ਮੁੰਡੇ ਪਾਤਰ ਦੀ ਟੀਚਰ ਵੱਲ ਖਿੱਚ ਨੂੰ ਵੀ ਭੈਣ-ਭਰਾ ਦੇ ਪਿਆਰ ਨੂੰ ਵਿਖਾ ਕੇ ਅੰਤ ਕੀਤਾ.. ਬੜੀ ਸ਼ਲਾਘਾ ਹੋਈ.. ਨੇਕੀ- ਬਦੀ ਨਾਟਕ ਲਿਖਿਆ ਮਤਲਬ ਹਰ ਚੀਜ਼ ਆਦਰਸ਼ ਵਾਦੀ।

ਐਮ.ਏ. ਤੱਕ ਆਉਂਦੇ ਆਉਂਦੇ ਸਮਾਜ ਵਿੱਚ ਮਰਦ-ਔਰਤਾਂ ਦੀ ਬਿਰਤੀ ਦਾ ਪਤਾ ਲਗਨਾ ਸ਼ੁਰੂ ਹੋਇਆ, ਉਦੋਂ ਹੀ ਮੇਰੀ ਕਲਮ ਨੇ ਆਪਣਾ ਰੁੱਖ ਵੀ ਬਦਲ ਲਿਆ, 1998 'ਚ ਮੈਂ 'ਖਿੰਡਿਆ ਆਦਮੀ' ਕਹਾਣੀ ਦੀ ਵਿੱਚਲੀ ਔਰਤ ਨੂੰ, ਉਸਦੇ ਅਹਿਸਾਸ ਨੂੰ ਬਿਲਕੁਲ ਵੱਖਰਾ ਵਿਖਾਇਆ। ਪੰਜਾਬੀ ਸਾਹਿਤ ਵਿੱਚ ਉਸ ਕਹਾਣੀ ਦੀ ਇਕ ਵੱਖਰੀ ਪਹਿਚਾਣ ਬਣੀ। ਪੰਜਾਬੀ ਸਾਹਿਤ ਦੇ ਦਰਿਸ਼ਟੀਕੋਣ ਤੋਂ ਜੇਕਰ ਵੇਖੀਏ ਤਾਂ ਨਾਮ ਖੱਟਣ ਵਾਲੀਆਂ ਲੇਖਿਕਾਵਾਂ ਵੀ ਬੋਲਡ ਸਨ। ਜੇਕਰ ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਨੇਗੀ, ਯੂ.ਕੇ. ਦੀ ਅੰਮ੍ਰਿਤਾ ਸ਼ੇਰਗਿੱਲ, ਦਲੀਪ ਕੌਰ ਟਿਵਾਣਾ ਆਦਿ ਦੀਆਂ ਲਿਖਤਾਂ ਨੂੰ ਵਿਚਾਰੀਏ ਤਾਂ ਉਨ੍ਹਾਂ ਨੇ ਔਰਤ ਨੂੰ ਕਮਜ਼ੋਰ ਨਹੀਂ ਦਰਸਾਇਆ ਭਾਵੇਂ ਟਿਵਾਣਾ ਨੇ ਕਿਸੇ ਹੋਰ ਢੰਗ ਨਾਲ ਕਹਾਣੀ ਵਿਚ ਔਰਤ-ਮਰਦ ਦੇ ਸਬੰਧਾਂ ਨੂੰ ਜਾਂ ਉਨ੍ਹਾਂ ਦੇ ਵਤੀਰੇ ਨੂੰ ਲਿੱਖਿਆ ਹੈ। ਅੰਮ੍ਰਿਤਾ ਅਤੇ ਅਜੀਤ ਕੌਰ ਦੀ ਮਰਦ-ਔਰਤਾਂ ਦੀ ਸੰਵੇਦਨਾ ਜੱਗ ਜ਼ਾਹਿਰ ਹੈ-ਕਦੇ ਕਿਸੇ ਦੀ ਪਰਵਾਹ ਨਹੀਂ ਕੀਤੀ।

ਟਿਵਾਣਾ ਬਾਰੇ ਮੈਨੂੰ ਪ੍ਰੇਮ ਪ੍ਰਕਾਸ਼ ਦੀ ਇਕ ਗੱਲ ਯਾਦ ਆ ਗਈ। ਟਿਵਾਣਾ ਆਪਣੇ ਪਿਤਾ ਜੀ ਨੂੰ ਬਹੁਤ ਸ਼ਾਂਤ ਤੇ ਮਹਾਂਪੁਰਸ਼ ਦੀ ਮੂਰਤੀ ਕਹਿੰਦੇ ਸਨ, ਉਨ੍ਹਾਂ ਦੀ ਭੈਣ ਮਨਜੀਤ ਟਿਵਾਣਾ ਉਸ ਦੇ ਉਲਟ ਆਪਣੇ ਪਿਤਾ ਨੂੰ ਚੰਗਾ ਮਰਦ ਨਹੀਂ ਸੀ ਕਹਿੰਦੀ। ਪ੍ਰੇਮ ਪ੍ਰਕਾਸ਼ ਨੇ ਹੱਸਦੇ ਹੋਏ ਟਿਵਾਣਾ ਨੂੰ ਪੁੱਛਿਆ, 'ਬਈ ਕੀ ਤੁਹਾਡੇ ਬਾਪ ਅੱਡ ਅੱਡ ਨੇ... 'ਮੇਰੀ ਦ੍ਰਿਸ਼ਟੀ ਇਨ੍ਹਾਂ ਤੋਂ ਵੱਖ ਹੈ। ਮੈਂ ਮਰਦ ਨੂੰ ਜਾਂ ਔਰਤ ਨੂੰ ਬਰਾਬਰ ਦੀ ਦ੍ਰਿਸ਼ਟੀ ਨਾਲ ਵੇਖਦੀ ਹਾਂ-ਮੈਨੂੰ ਔਰਤ ਨਿਮਾਣੀ ਨਿਤਾਣੀ ਨਹੀਂ ਸੀ ਲੱਗੀ ਅਤੇ ਨਾ ਹੀ ਲਗਦੀ ਹੈ। ਹੋ ਸਕਦਾ ਹੈ ਸਾਡੇ ਘਰ 'ਚ ਮਰਦ ਘੱਟ ਸਨ-ਮੈਂ ਮਾਤਰੀ-ਸੱਤਾ ਦੀ ਦਬੰਗਤਾ ਹੀ ਵੇਖੀ। ਪਿਤਾ ਸੀ ਨਹੀਂ-ਭਰਾ ਛੋਟਾ ਸੀ, ਚਾਚੇ ਦੀ ਮਾਂ ਅੱਗੇ ਚਲਦੀ ਨਹੀਂ ਸੀ ਜੋ ਮਾਂ ਨੇ ਕਿਹਾ ਉਹੀਓ ਹੋਇਆ। ਇਸੇ ਕਰਕੇ ਮੇਰੇ 'ਚ ਵੀ ਉਹੀਓ ਗੁਣ ਆਏ। ਇਸਨੂੰ ਮੈਂ ਔਗੁਣ ਨਹੀਂ ਕਹਿ ਸਕਦੀ-ਕਿਉਂਕਿ ਉਧਰੋਂ ਮੇਰੇ ਨਾਨਕੇ 'ਚ ਮੇਰੇ ਨਾਨੀ ਵੀ ਚੰਗੀ ਤੈਰਾਕ ਅਤੇ ਘੁੜਸਵਾਰ ਸੀ। ਇਸੇ ਕਰਕੇ 'ਖਿੰਡਿਆ ਆਦਮੀ', 'ਪਾਰਦਰਸ਼ੀ', 'ਅੱਧੀ ਕੰਧ' ਆਦਿ ਕਹਾਣੀਆਂ ਵੱਖਰੀਆਂ ਕਹਾਣੀਆਂ ਨੇ ।

ਮੈਨੂੰ ਨੀ ਪਤਾ ਕਿਹੜੀ ਨਿਵੇਕਲੀ ਖੂਬੀ ਹੈ, ਪਰ-ਮੈਂ ਕਹਾਣੀ ਨੂੰ ਕਲਾ ਅਤੇ ਕਲਪਨਾ ਦਾ ਸੰਗਮ ਸਮਝ ਕੇ ਲਿਖਦੀ ਹਾਂ। ਕਹਾਣੀ ਸੱਚ ਦੀ ਤੰਦ ਨੂੰ ਲੈ ਕੇ ਚੱਲਦੀ ਹੈ ਤੇ ਕਲਪਨਾ ਰਾਹੀਂ ਤੁਰਦੀ ਰਹਿੰਦੀ ਹੈ। ਉਸ ਟੋਰ 'ਚ ਤੁਰਨ ਦੀ ਚਾਲ ਨੂੰ ਮੈਂ 'ਕਲਾ' ਪੱਖੋਂ ਮਜ਼ਬੂਤੀ ਨਾਲ ਲੈ ਕੇ ਤੁਰਨ ਦਾ ਯਤਨ ਕਰਦੀ ਹਾਂ।




ਪੰਜਾਬੀ ਕਹਾਣੀ 'ਚ ਮੈਂ ਕਈ ਇਸ ਤਰ੍ਹਾਂ ਦੀਆਂ ਕਹਾਣੀਆਂ ਦਿੱਤੀਆਂ ਜੋ ਬਾਕੀ ਨਾਲੋਂ ਵੱਖਰੀਆਂ ਸਨ। ਮਸਲਨ 'ਰੇਤ ਦਾ ਰਿਸ਼ਤਾ', 'ਰੇਤਲਾ', 'ਪਾਰਦਰਸ਼ੀ', 'ਅੱਧੀ ਕੰਧ', 'ਜਸ਼ਨ', 'ਉਹ ਇਕ ਚੂਹਾ' ਆਦਿ ਕਈ ਕਹਾਣੀਆਂ ਹਨ। ਕਈਆਂ ਨੇ ਤਾਂ ਮੇਰੀ ਕਹਾਣੀਆਂ ਦੇ ਥੀਮ, ਨਾਂਅ ਤੱਕ ਥੋੜ੍ਹੇ ਜਿਹੇ ਬਦਲ ਕੇ ਰੱਖ ਲਏ, ਮੇਰੀ ਕਹਾਣੀ ਦਾ ਥੀਮ ਹੀ ਚੋਰੀ ਕਰ ਲਿਆ। ਹਾ... ਹਾ... ਹਾ ...!!

ਮੇਰੀਆਂ ਕਹਾਣੀਆਂ ਨੂੰ ਭਾਵੇਂ ਅਸ਼ਲੀਲ ਕਹਿ ਦਿੰਦੇ ਹਨ ਪਰ ਅਸਲੀਅਤ ਤੋਂ ਮੁਨਕਰ ਨਹੀਂ ਹੁੰਦੇ। ਮੈਂ ਕਿਸੇ ਗੂਗਲ ਨੂੰ ਫਰੋਲ ਕੇ ਨਹੀਂ ਲਿੱਖਿਆ। ਮੇਰੀਆਂ ਕਹਾਣੀਆਂ ਸਿਰਜੀਆਂ ਹੋਈਆਂ ਨੇ-'ਭੋਗਿਆ ਹੋਇਆਂ ਯਥਾਰਥ' ਸੰਸਾਰ ਨੂੰ ਅੱਖਾਂ ਖੋਲ੍ਹ ਕੇ ਵੇਖਿਆ-ਜਜ਼ਬ ਕੀਤਾ, ਉਦੋਂ ਹੀ ਨਵੇਂ ਵਿਸ਼ਿਆਂ ਦਾ ਜਨਮ ਹੋਇਆ। 'ਕਾਕਟੇਲ' ਵਰਗੀ ਕਹਾਣੀ ਬਿਲਕੁਲ ਨਿਵੇਕਲੀ ਹੈ, ਪਾਰਦਰਸ਼ੀ ਆਮ ਕਹਾਣੀਆਂ ਤੋਂ ਹੱਟ ਕੇ ਹੈ, ਨਿਮੋਲੀਆਂ 'ਚ ਔਰਤ ਅਤੇ ਮਰਦ ਦੇ ਸੁਫ਼ਨੇ ਹੀ ਅੱਡ ਅੱਡ ਹਨ। ਇਸੇ ਕਰਕੇ ਪੰਜਾਬੀ ਕਹਾਣੀ ਤੋਂ ਮੇਰੀਆਂ ਕਹਾਣੀਆਂ ਵੱਖਰੀਆਂ ਹੈ। ਇਹ ਸਾਰੇ ਸੰਸਾਰ ਨੂੰ ਹੀ ਪਤਾ ਹੈ ਸੰਸਾਰੀਕਰਨ ਕਾਰਨ-ਸੰਸਾਰ ਵਿਚ ਮਰਦ-ਔਰਤ ਦੇ ਸੰਬੰਧਾਂ ਵਿਚ ਵੀ ਤਬਦੀਲੀ ਹੋਈ ਹੈ।

ਸੰਸਾਰ ਦੀ ਨਵੀਂ ਪੌਦ ਪੜ੍ਹੀ ਲਿਖੀ ਪੱਛਮ ਵੱਲ ਝੁਕਾਅ ਅਤੇ ਆਪਣੇ ਹੱਕਾਂ ਨੂੰ ਪਛਾਣਨ ਵਾਲੀ ਹੈ। ਅੱਜ ਕੱਲ੍ਹ, ਮੁੰਡੇ-ਕੁੜੀਆਂ ਵੱਖਰੇ ਨਹੀਂ। ਕੋਈ ਵੀ ਲਿਟਰੇਚਰ, ਸਿਨੇਮਾ, ਯੂ-ਟਿਊਬ....ਆਦਿ ਤੋਂ ਜਾਣਕਾਰੀ ਲੈ ਲੈਂਦੇ ਨੇ ਬੱਚੇ ਛੇਤੀ ਵੱਡੇ ਹੋ ਰਹੇ ਹਨ। ਹਰ ਜੁਆਨ ਹੁੰਦਾ ਬੱਚਾ ਆਪਣੇ ਤਜ਼ਰਬੇ ਆਪ ਕਰਦਾ ਹੈ ਤੇ ਆਪਣੀ ਅੱਖੀਂ ਹੀ ਵੇਖਣਾ ਚਾਹੁੰਦਾ ਹੈ। ਹੁਣ ਉਹ ਰਿਸ਼ਤੇ ਨਹੀਂ ਰਹੇ ਜੋ ਪਹਿਲਾਂ ਲੁਕ ਛਿਪ ਕੇ ਹੁੰਦੇ ਸਨ- ਹੁਣ ਜੇ ਨਹੀਂ ਪਸੰਦ ਤਾਂ ਛੱਡ ਦੇਵੋ-ਤਲਾਕ ਲੈ ਲਵੋ ਜੇ ਪਸੰਦ ਤਾਂ ਵਿਆਹ ਦੀ ਕੀ ਲੋੜ-ਲਿਵ-ਇਨ ਰਿਲੇਸ਼ਨ ਕਰ ਲਵੋ। ਅੱਜ ਕੱਲ ਪੌਦ ਜਿੰਮੇਵਾਰੀ ਤੋਂ ਮੁਕਤ ਰਹਿਣਾ ਚਾਹ ਰਹੀ ਹੈ-ਇਸਦੇ ਰਿਸ਼ਤੇ ਵੀ ਬਦਲ ਗਏ ਹਨ-ਜੇਂਡਰ ਵੀ ਬਦਲ ਗਏ ਨੇ। ਮੈਂ ਆਪਣੀ ਕਹਾਣੀਆਂ 'ਜਸ਼ਨ', 'ਅੰਗਾਰ', 'ਮੱਛੀਆਂ' 'ਚ ਇਸ ਫਿਤਰਤ ਨੂੰ ਫੜਿਆ ਤੇ ਲਿਖਿਆ।

ਵੇਖੋ-ਹਰ ਕਿਸੇ ਦਾ ਵਿਅਕਤੀਤਵ ਅੱਡ ਹੁੰਦਾ ਹੈ। ਇਕ ਲੇਖਿਕਾ ਪਰਿਵਾਰਕ ਵੀ ਹੋ ਸਕਦੀ ਹੈ ਜੇਕਰ ਉਸਨੂੰ ਪਰਿਵਾਰ 'ਚ ਲੇਖਿਕਾ ਦੇ ਤੌਰ 'ਤੇ ਮਾਨਤਾ ਮਿਲੇ ਤਾਂ, ਪਰ ਪਰਿਵਾਰਕ ਨਾਰੀ-ਆਦਰਸ਼ ਵਾਦੀ ਲੇਖਿਕਾ ਹੀ ਹੋ ਸਕਦੀ ਹੈ-ਖੁੱਲ੍ਹ ਕੇ ਨਹੀਂ ਲਿਖ ਸਕਦੀ, ਨਾ ਹੀ ਦਬੰਗ ਹੋ ਸਕਦੀ ਹੈ-ਨਾ ਹੀ ਸੈਕਸ ਬਾਰੇ ਮਰਦਾਂ ਵਾਂਗ ਗੱਲ ਕਰ ਸਕਦੀ ਹੈ। ਪਰ ਪਰਿਵਾਰ ਤੋਂ ਹੱਟ ਕੇ ਲੇਖਿਕਾ ਆਪਣੇ ਪ੍ਰੇਮੀ, ਪਤੀ, ਸਾਕ-ਸਬੰਧੀ, ਆਪਣੇ ਇਸ਼ਕ, ਆਪਣੇ ਰਿਲੇਸ਼ਨ ਖੁੱਲ੍ਹ ਕੇ ਲਿਖ ਸਕਦੀ ਹੈ। ਕਿਸੇ ਨਾਲ ਵੀ ਪੰਗੇ ਲੈ ਸਕਦੀ ਹੈ, ਕਿਸੇ ਵੀ ਹਾਈ ਆਫਿਸ਼ਅਲ ਅਫਸਰ ਨੂੰ ਮਿਲ ਸਕਦੀ ਹੈ, ਮਦਦ ਲੈ ਵੀ ਸਕਦੀ ਹੈ, ਮਦਦ ਦੇ ਵੀ ਸਕਦੀ ਹੈ। ਪੰਜਾਬੀ ਦੀਆਂ ਲੇਖਿਕਾਵਾਂ 'ਚ ਅੰਮ੍ਰਿਤਾ ਪ੍ਰੀਤਮ, ਮਨਜੀਤ ਟਿਵਾਣਾ, ਦਲੀਪ ਕੌਰ ਟਿਵਾਣਾ, ਪ੍ਰਭਜੋਤ ਕੌਰ, ਅਜੀਤ ਕੌਰ, ਸ਼ੇਰਗਿਲ, ਵੀਨਾ ਵਰਮਾ ਅਤੇ ਹਿੰਦੀ 'ਚ ਵੀ ਕਈ ਲੇਖਿਕਾਵਾਂ ਨੇ, ਜੇਕਰ ਉਹ ਪਰਿਵਾਰਕ ਸੋਚ ਨਾਲ ਜੁੜੀਆਂ ਹੁੰਦੀਆਂ ਤਾਂ-ਉਨ੍ਹਾਂ ਦਾ ਨਾਂਅ ਸਾਹਿਤ 'ਚ ਹੋਰ ਤਰ੍ਹਾਂ ਦਾ ਹੁੰਦਾ।

ਮੈਂ ਆਪਣੀ ਕਹਾਣੀਆਂ 'ਚ ਮਰਦ-ਔਰਤਾਂ ਦੇ ਰਿਸ਼ਤਿਆਂ ਨੂੰ, ਮਨੋਵਿਗਿਆਨਕ ਢੰਗ ਨਾਲ ਕੁਰੇਦਨ ਦਾ ਯਤਨ ਕੀਤਾ ਹੈ। 'ਕਾਕਟੇਲ', 'ਖਿੰਡਿਆ ਆਦਮੀ', 'ਉਹ ਇਕ ਚੂਹਾ', 'ਸਰਸਰਾਹਟ', ਕਈ ਕਹਾਣੀਆਂ ਨੇ...ਸਾਰਿਆਂ 'ਚ ਵੱਖਰੇਵਾਂ ਹੈ। ਪਰੰਤੂ ਜੇਕਰ ਮੇਰੇ ਹਸਬੈਂਡ ਜਿਉਂਦੇ ਹੁੰਦੇ ਤਾਂ ਸ਼ਾਇਦ ਮੈਂ ਦਬੰਗ ਜਾਂ ਖੁੱਲ੍ਹ ਕੇ ਕਹਾਣੀਆਂ ਨਾ ਲਿਖਦੀ। ਮੈਨੂੰ ਯਾਦ ਹੈ-ਮੇਰੀ ਕਹਾਣੀਆਂ, ਕਵਿਤਾਵਾਂ ਮੇਰੇ ਹਸਬੈਂਡ



ਰਾਣਾ ਨੇ ਪਾੜ ਕੇ ਸੁੱਟ ਦਿੱਤੀਆਂ ਸਨ- 'ਕੀ ਕਰਨਾ ਇੰਨਾ ਕਾਗਜ਼ਾਂ ਦਾ... ਪੜਾਉ ਤੇ ਘਰ ਆਉ...।' ਮੈਂ ਵੀ ਸੰਤੁਸ਼ਟ ਸਾਂ, ਉਨ੍ਹਾਂ ਦੀ ਅਤੇ ਬੇਟੇ ਦੀ ਡੈੱਥ ਤੋਂ ਬਾਅਦ-ਇਕਲੌਤਾ ਨੇ ਕਲਮ ਫੜਾਈ-ਫੇਰ ਜੋ ਵੇਖਿਆ, ਹੰਢਾਇਆ-ਫਿਲਾਸਫੀ ਅਤੇ ਮਨੋਵਿਗਿਆਨ ਪੜ੍ਹਨ ਕਰਕੇ ਮਰਦ-ਔਰਤ ਦੇ ਰਿਸ਼ਤਿਆਂ 'ਚ ਸਮਾਜ ਦੇ ਨੈਗੇਟਿਵ ਪੱਖ ਨੂੰ ਪਰਖਿਆ। ਜੇ ਸਮਾਜ ਹੈ ਤਾਂ ਲੋਕਾਂ ਨੂੰ ਸਮਾਜ ਦੇ ਨਿਯਮ ਮੰਨ ਕੇ ਹੀ ਤੁਰਨਾ ਪੈਣਾ, ਮਨੁੱਖ ਦੀ ਫ਼ਿਤਰਤ ਇਸ ਤੋਂ ਉਲਟ ਹੈ, ਉਹ ਆਪਣੇ ਹੀ ਬਣਾਏ ਨਿਯਮਾਂ ਨੂੰ ਤੋੜਨ ਦੀ ਘਾਲਣਾ ਕਰਦਾ ਹੈ। ਆਪਣੀਆਂ ਕਹਾਣੀਆਂ 'ਚ ਮੈਂ ਸਮਾਜ ਦੇ ਕਈ ਨਿਯਮਾਂ ਨੂੰ ਤੋੜਦੀ, ਸਮਾਜ ਨੂੰ ਉਸਦਾ ਸ਼ੀਸ਼ਾ ਵਿਖਾਉਂਦੀ ਚਲਦੀ ਹਾਂ। ਜਿਸ ਨੂੰ ਆਮ ਲੋਕ ਹਜ਼ਮ ਨਹੀਂ ਕਰ ਪਾਉਂਦੇ।

ਕਈ ਕਹਾਣੀਆਂ ਐਸੀਆਂ ਲਿਖੀਆਂ ਜਾਂਦੀਆਂ ਨੇ ਕਿ ਬਦੋ ਬਦੀ ਕਹਾਣੀਕਾਰ ਬਣਾ ਦਿੰਦੀਆਂ ਨੇ ਮੈਨੂੰ ਮਾਣ ਹੈ ਕਿ ਪ੍ਰੇਮ ਪ੍ਰਕਾਸ਼, ਸੰਤੋਖ ਸਿੰਘ ਧੀਰ, ਸਤਿੰਦਰ ਸਿੰਘ ਨੂਰ, ਗੁਲਜ਼ਾਰ ਸਿੰਘ ਸੰਧੂ, ਜਸਵੰਤ ਸਿੰਘ ਕੰਵਲ, ਰਜਨੀਸ਼ ਬਹਾਦੁਰ ਸਿੰਘ, ਦਲੀਪ ਕੌਰ ਟਿਵਾਣਾ ਅਤੇ ਜੋਗਿੰਦਰ ਸਿੰਘ ਨਿਰਾਲਾ ਆਦਿ ਕਈ ਵੱਡੇ ਲੇਖਕਾਂ ਅਤੇ ਕਈ ਵੱਡੇ ਮੈਗਜ਼ੀਨਾਂ ਨੇ ਮੇਰੀਆਂ ਕਹਾਣੀਆਂ ਨੂੰ ਥਾਂ ਦਿੱਤੀ ਅਤੇ ਪਾਠਕਾਂ ਦਾ ਵੀ ਵੱਡਾ ਦਾਇਰਾ ਮਿਲਿਆ। ਕਈ ਲੇਖਕ/ਲੇਖਿਕਾਵਾਂ ਜਿਹਨਾਂ ਨੇ 'ਗੌਡਫਾਦਰ' ਦੇ ਸਹਾਰੇ ਰਾਹ ਬਣਾਈ ਹੈ, ਉਨਾਂ ਦਾ ਏਨਾ ਹੀ ਫ਼ਾਇਦਾ ਹੈ ਕਿ -'ਹਮ ਤੋਂ ਡੂਬੇਗੇਂ ਸਨਮ, ਤੁਮਹੇਂ ਭੀ ਲੈ ਡੂਬੇਗੇਂ ..' ਕਿਉਂਕਿ ਕਹਾਣੀਆਂ ਨੂੰ ਪਾਠਕਾਂ ਨੇ ਪੜ੍ਹਨਾਂ ਹੁੰਦਾ ਹੈ, ਉਨਾਂ ਨੇ ਹੀ ਮੁਲਾਂਕਣ ਕਰਨਾ ਹੁੰਦਾ ...।

'ਗਾਡਫਾਦਰ' ਸੱਚਾ- ਸੁੱਚਾ, ਅਸਾਧਾਰਨ, ਬਿਨਾ ਲਾਲਚ ਤੋਂ ਕੰਮ ਕਰਨ ਵਾਲਾ ਉਹੀ ਹੋ ਸਕਦਾ ਹੈ, ਜਿਸਦੀ ਸਮਾਜ 'ਚ ਕੋਈ ਇੱਜਤ ਅਤੇ ਕੋਈ ਖ਼ੂਬੀ ਹੋਵੇ। ਕਈ ਲੇਖਿਕਾਵਾਂ 'ਤੇ ਆਰੋਪ ਵੀ ਲੱਗਦੇ ਰਹੇ ਹਨ ਕਿ ਫਲਾਂਣੀ ਨੇ ਇਹ ਜੁਗਤ ਕਿਤੀ ਜਾਂ ਖ਼ਾਸ ਕਰਕੇ ਕਈ ਲੇਖਕਾਵਾਂ ਨੇ ਅੰਗਰੇਜ਼ੀ ਰਸਾਲਿਆਂ / ਪੁਸਤਕਾਂ ਤੋਂ ਪੜ੍ਹ ਕੇ, ਅੰਗ੍ਰੇਜ਼ੀ ਪਿਕਚਰਾਂ ਵੇਖ ਕੇ, ਸੁਣ ਕੇ, ਗੁੱਗਲ਼ ਫਰੋਲ ਕੇ, ਅਖ਼ਬਾਰਾਂ 'ਚੋ ਨਿਊਜ਼ ਪੜ੍ਹ ਕੇ-ਮਾੜੀ-ਮੋਟੀ ਤਬਦੀਲੀ ਲਿਆ ਕੇ ਕਹਾਣੀਆਂ ਬਣਾ ਦਿੱਤੀਆਂ, ਉਹ ਕੁੱਝ ਕਦਮ ਤਾਂ ਚਲ ਸਕਦੀਆਂ ਹਨ, ਪਰ ਰੇਤ ਦੇ ਢੇਰ ਤਾਂ ਹੁੰਦੇ ਹੀ ਹਨ ਢਹਿਣ ਲਈ।

ਨਕਲ ਕਰਕੇ, ਇਧਰੋਂ -ਉਧਰੋਂ ਚੋਰੀ ਕਰਕੇ ਉਹ ਲੇਖਕ ਤਾਂ ਇਹੋ ਸੋਚਦੇ ਹਨ ਕਿ ਬਾਕੀ ਲੇਖਕ ਅਤੇ ਪਾਠਕ ਅੰਨ੍ਹੇ-ਬੋਲੇ ਜਾਂ ਅਨ੍ਹਪੜ੍ਹ ਹਨ। ਉਨਾਂ ਨੂੰ ਇਹ ਨਹੀਂ ਪਤਾ ਕਿ ਗੱਬੀ ਵਰਗੇ ਲੇਖਕ ਨੇ ਤਾਂ ਇਹ ਵੀ ਲਿਖ ਦੇਣਾ ਕਿ 'ਕਿਸੇ ਲੇਖਿਕਾ ਨੇ 'ਤਨ ਮਨ ਧਨ' ਦੇ ਕੇ ਇਨਾਮ ਲਿੱਤਾ'....

ਪਰਤੂੰ ਲੇਖਕਾਵਾਂ ਤੋਂ ਅੱਡ ਕਈ ਵੱਡੇ ਲੇਖਕ ਵੀ ਇਸ ਜੁਗਾੜ ਜਾਂ ਨਕਲ 'ਚ ਸ਼ਾਮਿਲ ਹਨ।

ਪਾਠਕ ਬੜਾ ਸੁਚੇਤ ਅਤੇ ਸਮਝਦਾਰ ਹੁੰਦਾ ਉਸਨੂੰ ਸਭ ਪਤਾ ਕਿ ਸਿਰਜਣਾ ਕੀ ਹੈ ਅਤੇ ਨਕਲ ਕੀ। ਭਾਈ ਜੇਕਰ ਕਹਾਣੀ ਨਹੀਂ ਬਣਦੀ, ਨਹੀਂ ਕ੍ਰੀਏਟ ਹੁੰਦੀ ਤਾਂ ਜ਼ਰੂਰੀ ਤਾਂ ਨਹੀਂ ਕਿ ਕਹਾਣੀ ਹੀ ਲਿੱਖਣੀ ਹੈ ?? ਫੇਰ ਇਸ ਨੂੰ ਫੜੋ, ਉਸ ਤੋਂ ਪਰਚਾ ਲਿਖਵਾਓ ਤਾਂ ਹਾਸੇ ਵਿੰਨੀ, ਮਜ਼ਾਕ ਦੀ ਗੱਲ ਹੋ ਮੁੱਕਦੀ ਹੈ। ਇਹ ਚੀਜਾਂ? ਬਹੁਤੀ ਦੇਰ ਨਹੀਂ ਟਿੱਕਦੀਆਂ, ਸ਼ਰਮਿੰਦਾ ਹੋਣਾ ਪੈਂਦਾ ...।

ਗੌਡਫਾਦਰ ਨਾਲ ਇੰਨਾਂ ਹੀ ਹੋ ਸਕਦਾ ਕਿ ਤੁਹਾਡਾ ਮਾਲ ਮਾਰਕੀਟ 'ਚ ਆ ਜਾਂਦਾ ਹੈ, ਰਸੂਖ਼ ਨਾਲ ਥੋੜ੍ਹਾ ਬਹੁਤ ਵਿਕ ਵੀ ਜਾਂਦਾ ਹੈ, ਸਾਹਿਤ ਦੇ ਸ਼ਿਖਰ 'ਤੇ ਨਹੀਂ ਪੁੱਜ ਸਕਦਾ ਜਾਂ 'ਗੌਡਫਾਦਰ' ਹੀ 'ਪੈਸਾ ਫੈਂਕ ਤਮਾਸ਼ਾ ਦੇਖ' ਵਾਲੀ ਗੱਲ ਸਿੱਧ ਕਰ ਦੇਣ ਤਾਂ ਕੋਈ ਕੁੱਝ ਨਹੀਂ ਕਰ ਸਕਦਾ ...।

ਸਗੋਂ ਮੈਂ ਤਾਂ ਇਹ ਵੀ ਸੋਚਦੀ ਹਾਂ ਕਿ ਪੜ੍ਹਣ ਵਾਲਾ ਕੀ ਸੋਚੇਗਾ - 'ਪੰਜਾਬੀ ਕਹਾਣੀ ਦੂਜੀਆਂ ਭਾਸ਼ਾਵਾਂ ਤੋਂ ਇੰਨੇ ਨੀਵੇਂ ਥਾਂ ਤੇ ਆ ਗਈ, ਇੰਨਾਂ ਮਾੜਾ ਹਾਲ ਹੈ ..?? ਵਿੰਅਗ ਕਰਨਗੇ, ਨਵੇਂ ਵਿਦਿਆਰਥੀ ਤਾਂ ਪੜਣੋਂ ਹੀ ਹੱਟ ਜਾਵਣਗੇ ..??'ਸਟਾਈਲ ਇਜ ਦਾ ਮੈਨ,- ਸ਼ੈਲੀ ਲਈ ਕਹਾਵਤ ਹੈ। ਹਰ ਚੰਗੇ ਲੇਖਕ ਦਾ ਆਪਣਾ ਸਟਾਈਲ ਹੁੰਦਾ ਹੈ-ਉਨ੍ਹਾਂ ਦੀਆਂ ਲਿਖਤਾਂ ਤੋਂ ਹੀ ਜਾਹਿਰ ਹੋ ਜਾਂਦਾ ਹੈ ਕਿ ਇਹ ਕਿਸ ਲੇਖਕ ਦੀ ਲਿਖਤ ਹੈ। ਬਣਤਰ, ਬੁਣਤੀ 'ਚ ਵੀ ਫਰਕ ਹੁੰਦਾ-ਕੋਈ ਪਾਤਰ ਵਲੋਂ ਹੀ ਕਹਾਣੀ

ਕੁਹਾ ਦਿੰਦਾ ਹੈ-ਕਿਸੇ 'ਚ ਲੇਖਕ ਵਲੋਂ-ਮੈਂ ਆਪਣੀ ਕਹਾਣੀਆਂ ਮੈਂ ਸ਼ੈਲੀ 'ਚ ਹੀ ਲਿਖਦੀ ਹਾਂ-ਇਹ ਸ਼ੈਲੀ ਵੱਖਰੀ ਹੈ। ਜਸਵੰਤ ਸਿੰਘ ਕੰਵਲ, ਟਿਵਾਣਾ ਅਤੇ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ 'ਚ ਫਰਕ ਨਜ਼ਰ ਆ ਜਾਵੇਗਾ। ਇਹ ਫਰਕ ਵਿਸ਼ਿਆਂ ਕਾਰਨ ਵੀ ਹੁੰਦਾ ਹੈ।

ਪ੍ਰੇਮ ਪ੍ਰਕਾਸ਼ 'ਰਿਸ਼ਤਿਆਂ' ਦੇ ਜਾਂ ਵਿਅੰਗ ਵਿਸ਼ੇ ਚੁਣਦੇ ਹਨ। ਜਸਵੰਤ ਕੰਵਲ -ਖਾੜਕੂ ਨੌਜਵਾਨਾਂ ਜਾਂ ਇਸ਼ਕੀਆ, ਦਲੀਪ ਕੌਰ ਟਿਵਾਣਾ ਦੇ ਘਰੇਲੂ ਜਾਂ ਸਮਾਜਿਕ, ਮਤਲਬ ਪਤਾ ਲੱਗ ਜਾਂਦੀ ਹੈ ਕਿ ਕਿਸ ਦੀ ਕਹਾਣੀ ਹੋਵੇਗੀ। ਅਣਖੀ ਤਾਂ ਆਪਣੇ ਹਰ ਨਾਵਲ 'ਚ ਪਿੰਡ ਦੀ ਜੱਟੀਆਂ ਦਾ ਜ਼ਿਕਰ ਹੀ ਨਹੀਂ ਕਰਦੇ ਸਨ, ਉਨਾਂ ਦੀਆਂ ਜੜ੍ਹਾਂ ਵੀ ਪੱਟ ਦਿੰਦੇ ਸਨ।

ਮੈਂ ਆਪਣੀਆਂ ਕਹਾਣੀਆਂ 'ਚ ਹਰ ਕਿਸਮ ਦੇ ਵਿਸ਼ੇ 'ਚ ਤਜ਼ਰਬੇ ਕੀਤੇ-ਜਿਵੇਂ ਥਰਡ ਜੇਂਡਰ ਤੇ ਕਹਾਣੀ 'ਰੇਤਲਾ', 'ਲੈਸਬੀਅਨ', 'ਰੇਤ ਦਾ ਰਿਸ਼ਤਾ', ਪਤੀ ਤੋਂ ਵੱਖ ਪਤਨੀ ਦੇ ਰਿਸ਼ਤੇ-ਪਾਰਦਰਸ਼ੀ, ਪਿਆਰ ਜਤੀ ਕੇ ਸ਼ੌਂਨ 'ਗੰਧ', ਫੌਜੀਆਂ ਦੇ ਚਸਕੇ 'ਕਾਕਟੇਲ', ਮਨੁੱਖਤਾਂ ਪ੍ਰਤੀ ਦਰਿੰਦਗੀ 'ਵੈਮਪਾਇਰ', ਹਰ ਕਹਾਣੀ 'ਚ ਔਰਤ ਅਤੇ ਮਰਦ ਫਿਤਰਤ ਨੂੰ ਫੜਿਆ। ਮਤਲਬ ਮੇਰੀਆਂ ਕਹਾਣੀਆਂ ਦੇ ਟੋਟਲੀ ਵਿਸ਼ੇ ਅਤੇ ਸ਼ੈਲੀ ਅੱਡ ਹੀ ਹੁੰਦੇ ਨੇ । ਸਮੁੱਚੀਆਂ ਕਹਾਣੀਆਂ 'ਚ ਜ਼ਿਆਦਾਤਰ ਮਰਦਾਂ ਨੂੰ ਹਾਵੀ ਵਿਖਾਇਆ ਜਾਂਦਾ ਰਿਹਾ ਹੈ ਤੇ ਔਰਤਾਂ ਨੂੰ ਰੋਂਦੇ, ਮਾਨਸਿਕ- ਸ਼ਰੀਰਕ ਤੌਰ 'ਤੇ ਤਸ਼ੱਦਦ ਸਹਿੰਦੀ ਵਿਖਾਇਆ ਜਾਂਦਾ ਰਿਹਾ ਹੈ, ਪ੍ਰੰਤੂ ਹਾਲਾਤ ਬਦਲਣ ਕਾਰਨ ਸਮੇਂ ਸਮੇਂ 'ਚ ਔਰਤਾਂ ਨੂੰ ਵੀ ਹਾਵੀ ਵਿਖਾਇਆ ਜਾਣ ਲੱਗਾ, ...ਮੇਰੀਆਂ ਕਈ ਕਹਾਣੀਆਂ 'ਚ ਔਰਤ ਹੀ ਹਾਵੀ ਹੈ, ਜਿਵੇਂ 'ਉਹ ਇਕ ਚੂਹਾ', 'ਗਲੇਸ਼ਿਅਰ', ਆਦਿ ਕਿਉਂਕਿ ਮੇਰੀਆਂ ਕਹਾਣੀਆਂ ਸ਼ਹਿਰੀ, ਉੱਚ ਸਿੱਖਿਅਕ, ਰੱਜੀ-ਪੁੱਜੀ ਔਰਤ-ਮਰਦ ਦੀਆਂ ਕਹਾਣੀਆਂ - ਬਰਾਬਰ ਹੱਕਾਂ ਦੀਆਂ ਬੋਲਡ ਕਹਾਣੀਆਂ ਨੇ ।

ਧਾਰਨਾ ਜੋ ਮਰਜ਼ੀ ਰਹੇ, ਪਰ ਔਰਤ ਵੀ ਘੱਟ ਨਹੀਂ। ਦੁਨੀਆ ਦਾ ਵਿਕਾਸ ਨਰ ਹੀਣ ਨਾਰੀ ਤੋਂ ਹੋ ਹੀ ਨਹੀਂ ਸਕਦਾ। ਮਨੋਵਿਗਿਆਨ ਦੀ ਇਕ ਗੱਲ ਜ਼ਰੂਰ ਸਾਹਮਣੇ ਆਈ ਕਿ ਕਈ ਮਰਦਾਂ ਵਿੱਚ 'ਏਨੀਮਸ' ਔਰਤ ਗੁਣ ਜ਼ਿਆਦਾ ਹੁੰਦੇ ਨੇ ਅਤੇ ਕਈ ਔਰਤਾਂ ਵਿੱਚ 'ਏਨੀਆ' ਮਰਦ ਗੁਣ ਜ਼ਿਆਦਾ ਹੁੰਦੇ ਹਨ । ਇਨ੍ਹਾਂ ਗੁਣਾਂ ਕਰਕੇ ਹੀ ਔਰਤ ਮਰਦ ਵਾਂਗ ਅਤੇ ਮਰਦ ਔਰਤ ਵਾਂਗ ਵਿਹੇਵ ਕਰਦਾ ਹੈ। ਹਰਜੀਤ ਅਟਵਾਲ ਦੀ ਇਕ ਕਹਾਣੀ। ਮੈਨੂੰ ਨਾਂ ਯਾਦ ਨਹੀਂ। ਜਿਸ ਵਿੱਚ ਔਰਤ, ਮਰਦ ਵਾਂਗ ਆਪਣੇ ਮੋਢੇ ਛੰਢਦੀ ਉਠਦੀ ਹੈ । ਉਸ 'ਚ ਮਰਦ ਹੋਣ ਦਾ ਝਲਕਾਰਾ ਪੈਂਦਾ ਹੈ। ਔਰਤ ਸੁਚੇਤ ਹੋ ਕੇ ਸ਼ੋਸ਼ਣ ਹੋਣ ਹੀ ਨਹੀਂ ਦਿੰਦੀ। ਮਰਦ ਹੀ ਸ਼ੋਸ਼ਣ ਨਹੀਂ ਕਰਦਾ, ਸਗੋਂ ਔਰਤ ਵੀ ਸ਼ੋਸ਼ਣ ਕਰਦੀ ਹੈ । ਔਰਤ ਸਮਰੱਥ, ਬੋਲਡ ਅਤੇ ਹੱਕਾਂ ਪ੍ਰਤੀ ਸੁਚੇਤ ਹੈ। 'ਖਿੰਡਿਆ ਆਦਮੀ' ਦੀ 'ਮੈਂ', 'ਗਾਰਸਾ' ਦੀ ਰੀਮਾ, ਪਾਰਦਰਸ਼ੀ, ਤਿਲਕਣ, ਮਿੱਤਰ ਪਿਆਰੇ ਨੂੰ, ਸਰਸਰਾਹਟ, ਕਾਕਟੇਲ, ਮੱਛੀਆਂ ਵਿੱਚ ਮਲਿਕਾ ਅਤੇ ਮੀਰਾ ਵਰਗੀਆਂ ਕਈ ਨਾਇਕਾਵਾਂ ਹਨ ਜੋ ਬੰਧਨ ਮੁਕਤ ਹੋ ਕੇ ਮਨਮਾਨੀਆਂ ਕਰਦੀਆਂ ਹਨ।

ਮੈਂ ਇਹ ਰਿਸ਼ਤਿਆਂ ਦੀ ਤਹਿ ਤੱਕ ਜਾਣ ਲਈ ਪੂਰੀ ਤਰ੍ਹਾਂ ਸਫ਼ਲ ਰਹੀ ਹਾਂ। ਸਗੋਂ ਇਨ੍ਹਾਂ ਦੀਆਂ ਚੰਚਲਤਾ ਨੂੰ ਮਨੋਵਿਗਿਆਨਕ ਆਧਾਰ 'ਤੇ ਪਰਖਿਆ ਵੀ ਹੈ। ਵੈਸੇ ਮੈਂ ਹਰ ਤਰ੍ਹਾਂ ਦੀਆਂ ਪਰਤਾਂ ਨੂੰ ਕਹਾਣੀਆਂ 'ਚ ਫੜਨ ਦਾ ਯਤਨ ਕੀਤਾ ਵੀ, ਤੇ ਹੁਣੇ ਵੀ ਕਰ ਰਹੀ ਹਾਂ। 'ਕਾਕਟੇਲ' 'ਚ ਮਰਦਾਂ ਦੀਆਂ ਜੁਗਤਾਂ ਤੇ ਉਨ੍ਹਾਂ ਦੀਆਂ ਫੀਲਿੰਗਜ਼ 'ਅਭੀ ਤੋ ਮੈਂ ਜਵਾਨ ਹੂੰ' ਨੂੰ ਜ਼ਾਹਿਰ ਕੀਤਾ। ਇਸੇ ਤਰ੍ਹਾਂ ਮੇਰੀਆਂ ਕਹਾਣੀਆਂ 'ਪਾਰਦਰਸ਼ੀ', 'ਜਸ਼ਨ', 'ਮੱਛੀਆਂ', 'ਉਹ ਇਕ ਚੂਹਾ' ਆਦਿ। 'ਰੇਤ ਦਾ ਰਿਸ਼ਤਾ' ਅੱਜ ਕੱਲ ਦੇ ਮਨੁੱਖੀ ਵਿਵਹਾਰ ਦੇ ਭਖਦੇ ਰਿਸ਼ਤਿਆਂ-ਲੈਸਬੀਅਨ ਇਛਾਵਾਂ ਨੂੰ ਉਭਾਰਨ ਦਾ ਯਤਨ ਕੀਤਾ। 'ਰੇਤਲਾ' ਇਕ ਡਾਕਟਰ ਯੁਨੁਕਸ਼ ਮਤਲਬ ਹਿਜੜਾ ਔਰਤ ਦੀ ਕਹਾਣੀ ਨੂੰ 'ਖਿੰਡਿਆ ਆਦਮੀ' ਵਿਚ ਵਿਆਹੇ ਵਰ੍ਹੇ ਆਦਮੀ ਦੇ ਬਾਹਰ ਦੇ ਸੰਬੰਧ, 'ਮੱਛੀਆਂ' 'ਚ ਮੈਨ ਪਰਵਸ਼ਨ ਅਤੇ ਉਸ ਦੇ ਵਿਵਹਾਰ ਨੂੰ, ਔਰਤ-ਮਰਦ ਦੇ ਰਿਸ਼ਤੇ ਹੀ ਇਹੋ ਜਿਹੇ ਹਨ, ਜਿੱਥੇ ਭਾਵੇਂ ਔਰਤ ਭਾਵੁਕ ਹੋ ਕੇ ਜੁੜਦੀ ਹੈ, ਪਰ ਮਰਦ



ਸਰੀਰਕ ਜ਼ਰੂਰਤਾਂ ਜਾਂ ਐਕਸਟਰਾ 'ਫਲੇਵਰ' ਲੈਣ ਲਈ ਮੋਹ ਦੀ ਪਰਤ ਚੜਾਉਂਦਾ ਹੈ।

ਵੈਸੇ ਇਸ ਤਰ੍ਹਾਂ ਦੀਆਂ ਕਹਾਣੀਆਂ ਹਰ ਕੋਈ ਨਹੀਂ ਲਿਖ ਸਕਦਾ। ਵਿਸ਼ੇਸ਼ ਤੌਰ 'ਤੇ ਔਰਤ ਕਹਾਣੀਕਾਰਾਂ, ਜੇ ਉਹ 'ਕੱਲੀ ਹੈ ਜਾਂ ਉਸਨੂੰ ਪਰਿਵਾਰ ਤੋਂ ਕੋਈ ਕਹਿਣ ਵਾਲਾ ਨਹੀਂ ਜਾਂ ਉਹ ਰਿਸ਼ਤਿਆਂ ਦੀ ਪਰਵਾਹ ਨਾ ਕਰਦੀ ਹੋਵੇ ਜਾਂ ਨਿਡੱਰ ਜਾਂ ਬੇਬਾਕ, ਤਾਂਹਿਓਂ ਉਹ ਲਿਖ ਸਕਦੀ ਹੈ। ਬਹੁਤਾ ਸਮਾਜਿਕ ਸਰੋਕਾਰਾਂ ਦੀਆਂ ਜਾਂ ਅਖਬਾਰਾਂ ਦੀਆਂ ਕਟਿੰਗਿਜ਼ ਤੋਂ ਹੀ ਕਹਾਣੀਆਂ ਜਾਂ ਨਾਵਲ ਉਭਾਰੇ ਜਾਂਦੇ ਰਹੇ ਹਨ।

ਪਰੰਤੂ ਜਿੰਨਾ ਨੇ ਖੁੱਲ੍ਹ ਕੇ ਇਸ ਤਰ੍ਹਾਂ ਦੇ ਜਜ਼ਬਿਆਂ ਨੂੰ ਜਾਂ ਸਮਾਜ ਦੇ ਇਸ ਤਰ੍ਹਾਂ ਦੇ ਪੱਖ ਨੂੰ ਲਿਖਿਆ- ਉਨ੍ਹਾਂ ਦਾ ਕਈ ਵਾਰ ਬਾਇਕਾਟ ਕੀਤਾ ਗਿਆ ਜਾਂ ਵਿਅੰਗ ਕੀਤਾ ਜਾਂ ਬੇਬਾਕ ਕਹਿ ਕੇ ਸ਼ਰਾਰਤ ਕਰਕੇ ਜ਼ਲੀਲ ਕਰਨ ਦੀ, ਬੇਇੱਜ਼ਤੀ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਪਰ ਇੰਨਾ ਔਰਤਾਂ ਨੇ ਪਰਵਾਹ ਨਹੀਂ ਕੀਤੀ। ਸਮਾਜ ਦੇ ਇਸ ਦੋਹਰੇ ਅਤੇ ਦੋਗਲੇ ਰਿਸ਼ਤਿਆਂ ਦੀਆਂ ਕਹਾਣੀਆਂ ਲਿਖੀਆਂ ਅਤੇ ਉਹ ਰਿਸ਼ਤੇ ਹੰਢਾਏ ਵੀ। ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਪ੍ਰਭਜੋਤ ਕੌਰ ਕਈ ਕਹਾਣੀਕਾਰਾਂ ਨੇ ਜੁਰਅਤ ਤੇ ਸਮਾਜ ਦੇ ਓਹਲੇ ਵਾਲੇ ਵੀ ਰਿਸ਼ਤੇ ਨਿਭਾਏ। ਪਤੀ-ਪਰਮੇਸ਼ਵਰ ਦੀ ਜਾਂ ਆਪਣੇ ਪ੍ਰੇਮੀਆਂ ਦੀ ਪ੍ਰਵਾਹ ਨਹੀਂ ਕੀਤੀ। ਮੈਂ ਜਦੋਂ ਇਸ ਤਰ੍ਹਾਂ ਦੀਆਂ ਕਹਾਣੀਆਂ ਜਿਵੇਂ 'ਸਰਸਰਾਹਟ', 'ਰੇਤ ਦਾ ਰਿਸ਼ਤਾ', 'ਚੂਹੀ', 'ਪਾਰਦਰਸ਼ੀ', 'ਗਲੇਸ਼ੀਅਰ', ਆਦਿ ਕਹਾਣੀਆਂ ਲਿਖੀਆਂ ਤਾਂ ਹੱਥ ਕੰਬੇ ਵੀ, ਸੋਚਦੀ ਵੀ ਰਹੀ, ਕਿਉਂਕਿ ਕਈ ਵਾਰ ਇਸ ਤਰਾਂ ਦੇ ਸ਼ਬਦ ਲਿਖ ਹੋ ਜਾਂਦੇ ਸਨ ਜੋ ਆਮ ਵਰਤੋਂ 'ਚ ਨਹੀਂ ਹਨ ਜਾਂ ਅਸ਼ਲੀਲਤਾ 'ਚ ਲੈ ਲੈਂਦੇ ਹਨ।

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਬਾਰੇ ਉਹ ਖ਼ੁਦ ਇਹ ਦੱਸਦੇ ਹਨ ਕਿ ਮੈਂ ਕਈ ਵਾਰ ਸੋਚਦਾ ਹਾਂ ਕਿ ਮੇਰੀ ਧੀ-ਪੁੱਤ ਕੀ ਕਹਿਣਗੇ ? ਜਾਂ 'ਰੇਤ ਦਾ ਰਿਸ਼ਤਾ' ਕਹਾਣੀ ਦਾ ਜਦੋਂ ਮੇਰੀ ਬੇਟੀ ਨੂੰ ਉਸ ਬਾਰੇ ਕਿਸੇ ਨੇ ਦੱਸਿਆ ਤਾਂ ਉਸ ਮੈਨੂੰ ਪ੍ਰਸ਼ਨ ਕੀਤਾ- 'ਤੁਸੀਂ ਲੈਸਬੀਅਨ ਬਾਰੇ ਕਹਾਣੀ ਲਿਖੀ ?' ਜਵਾਬ ਦੇਣ ਲੱਗੇ ਮੇਰੀ ਜ਼ੁਬਾਨ ਥਥਲਾ ਗਈ। 'ਖਿੰਡਿਆ ਆਦਮੀ' ਪੜ੍ਹ ਕੇ ਇਕ ਦੋ ਔਰਤਾਂ ਨੇ ਮੈਨੂੰ ਥਰੈਟ ਵੀ ਕੀਤਾ।

ਹੁਣੇ 'ਨਜ਼ਾਕਤਾਂ' ਵੇਲੇ ਵੀ ਮੰਨੀ ਪ੍ਰਮੰਨੀ ਕਹਾਣੀਕਾਰਾਂ ਅਤੇ ਇਕ ਕਵਿੱਤਰੀ ਨੇ ਮੇਰੇ ਤੇ ਪ੍ਰਸ਼ਨ ਕੀਤਾ-'ਹੈਂਅ ਇਹ ਕੀ? ਅਸੀਂ ਤਾਂ ਇਕੱਠੇ ਹੱਸ ਬੋਲ ਲੈਣੇ ਆਂ। ਇਸ ਤਰ੍ਹਾਂ ਥੋੜ੍ਹਾ ਹੁੰਦਾ ਹੈ।

ਇਸ ਤਰ੍ਹਾਂ ਨਹੀਂ ਲਿਖਣਾ ਚਾਹੀਦਾ? ਫੇਰ ਕਿਸ ਤਰ੍ਹਾਂ ਲਿਖਣਾ ਚਾਹੀਦਾ? ਕੀ ਮਰਦ ਨੂੰ ਸਿਰਫ ਬਾਪ, ਭਰਾ, ਬੇਟਾ ਬਣਾ ਕੇ ਹੀ ਕਹਾਣੀ 'ਚ ਪਰੋਸਨਾ ਚਾਹੀਦਾ ਹੈ ?


ਮੇਰੇ ਕੁਲੀਗ, (ਬਾਅਦ 'ਚ ਐਕਸ ਪ੍ਰਿੰਸੀਪਲ) ਨੇ ਕਿਤਾਬ ਦੀ ਚਰਚਾ ਵਾਲੇ ਦਿਨ ਪ੍ਰਸ਼ਨ ਚੁੱਕਿਆ ਤੇ ਕਿਹਾ- 'ਪ੍ਰੇਮ ਪ੍ਰਕਾਸ਼ ਤੁਹਾਡੇ ਦੋਸਤ ਨੇ?-'ਮੇਰੇ 'ਤੇ ਛੀਟਾਂ ਕਸੀ ਕਰਦੇ ਕਹਿੰਦੇ '...ਇਹ ਲੋਕ ਕਹਿੰਦੇ ਨੇ ..।' ਮਤਲਬ ਉਹ ਲੁੱਚੀਆਂ ਕਹਾਣੀਆਂ ਲਿਖਦਾ ਅਤੇ ਤੇਰੇ ਨਾਲ ਬੀਬਾ 'ਇਹ ਦੋਸਤੀ??' ਹਾਹਾਹਾ...!! ਕਮਾਲ ਹੈ ਕੋਈ ਦੁਸ਼ਮਣ ਵੀ ਹੋ ਸਕਦਾ ਹੈ। ਦੋਸਤ ਹੀ ਹਨ।

ਵੈਸੇ ਆਦਮੀ ਦੀ ਕੀ ਜੁਰਅਤ ਕੁੱਝ ਕਹੇ..? ਔਰਤਾਂ ਹੀ ਔਰਤਾਂ ਨੂੰ ਬਦਨਾਮ ਕਰਨ ਤੇ ਆਉਣਗੀਆਂ, ਦਸੋ ਜਰਾ -'ਬਦਨਾਮ ਹੁਏ ਤੋ ਕਿਆ ਨਾਮ ਨਾ ਹੋਗਾ....!'

ਖੈਰ ਮੈਨੂੰ ਕੋਈ ਫਰਕ ਨਹੀਂ ਪੈਂਦਾ। ਪਤੀ ਹੁੰਦਾ ਤਾਂ ਸ਼ਾਇਦ !! ਉਹ ਵੀ ਤਾਂਅ ... ਜੇਕਰ ਮੈਂ ਆਪਣੇ ਪੈਰਾ 'ਤੇ ਖੜੀ ਨਾ ਹੁੰਦੀ। ਮੁੱਕਦੀ ਗੱਲ ਔਰਤ ਨੂੰ ਪੈਸਿਆਂ ਦਾ ਮੋਹਤਾਜ ਨਹੀਂ ਹੋਣਾ ਚਾਹੀਦਾ, ਦੂਸਰੇ 'ਤੇ ਨਿਰਭਰ ਹੋਣਾ ਹੀ ਸ਼ੋਸ਼ਿਤ ਹੋਣ ਦੀ ਜਾਂ ਸ਼ੋਸ਼ਣ ਕਰਨ ਦਾ ਮੌਕਾ ਮਿਲ ਜਾਂਦਾ ਹੈ। ਪਰ ਅੱਜ ਦੇ ਬੱਚੇ ਚੇਤੰਨ ਯੁੱਗ 'ਚ ਜੀ ਰਹੇ ਹਨ। ਸਭ ਜਾਣਦੇ ਹਨ। ਸੱਚੋ-ਸੱਚੀ ਕਹਿਣ ਤੇ ਲੋਕ ਭਰਮ ਪਾਲ ਲੈਂਦੇ ਨੇ... ਸੱਚੀ ਗੱਲ ਚੁੱਭ ਜਾਂਦੀ ਹੈ...ਆਨੇ ਬਹਾਨੇ ਤੋਹਮਤਾਂ ਲਗਾਉਣੀਆਂ ਸ਼ੁਰੂ ਕਰ ਦੇਣਗੇ ਜਾਂ ਝੰਡਾ ਚੱਕ ਲੈਣਗੇ, ਸਾਨੂੰ ਆਜ਼ਾਦ ਕਰੋ.. ਫੇਰ ਤੜਫਣਗੇ..'ਪਰਿਵਾਰ ਤਾਂ ਦੋ ਪਹੀਆ ਨਾਲ ਤੁਰਦਾ ..!' ਕਰੋ ਗੱਲ ... ਭਰਾ, ਪੁੱਤਰ ਨੂੰ ਕਿਵੇਂ ਕੁਝ ਕਹੀਏ..ਹਾਹਾਹਾ। ' ਹਮ ਰੁਸਵਾ ਨਾ ਹੋਂਗੇ, ਜੱਗ ਸਾਰਾ ਜਾਣਤਾ ਹੈ।'

**ਸੰਪਰਕ-** +1416-839-3878

## "ਮੇਰੀ ਹਰ ਨਾਇਕਾ ਨੇ ਅੱਜ ਤੋਂ ਵੀਹ ਸਾਲ ਪਹਿਲਾਂ ਹੀ ਪੇਟ੍ਰੀਆਰਕੀ ਦੇ ਖ਼ਿਲਾਫ਼ ਬਿਗੁਲ ਵਜਾ ਦਿੱਤਾ ਸੀ" - ਵਿਸ਼ਵ ਜੋਤੀ ਧੀਰ




ਮੈਂ ਅੱਜ ਤੋਂ ਦੋ ਦਹਾਕੇ ਪਹਿਲਾਂ ਕਹਾਣੀ ਲਿਖਣੀ ਸ਼ੁਰੂ ਕੀਤੀ, ਉਸ ਸਮੇਂ ਦੀ ਔਰਤ ਦੇ ਹਾਲਾਤ ਤੇ ਅੱਜ ਦੀ ਔਰਤ ਦੇ ਹਾਲਾਤ ਵਿਚ ਅੰਤਰ ਹੈ। ਉਸ ਸਮੇਂ ਔਰਤ ਪੂਰੀ ਤਰ੍ਹਾਂ ਪੇਟ੍ਰੀਆਰਕੀ ਦੇ ਕੰਟਰੋਲ ਵਿਚ ਸੀ। ਅੱਜ ਦੀ ਔਰਤ ਵਾਂਗ ਬਹੁਤੀ ਪੜ੍ਹੀ ਲਿਖੀ ਨਹੀਂ ਸੀ। ਆਪਣੇ ਪ੍ਰਤੀ ਜਿਆਦਾ ਸੋਚਵਾਨ ਨਹੀਂ ਹੋਈ ਸੀ। ਅੱਜ ਦੀ ਔਰਤ ਵਾਂਗ ਸਮਾਜਿਕ ਤੇ ਰਾਜਨੀਤਿਕ ਲੜਾਈ ਨਹੀਂ ਲੜਦੀ ਸੀ। ਘਰ ਤੇ ਸਮਾਜ ਵਿਚ ਉਸਦਾ ਸ਼ੋਸ਼ਣ ਹੋ ਰਿਹਾ ਸੀ। ਭਾਵੇਂ ਅਸੀਂ ਬੜੀ ਤੇਜੀ ਨਾਲ 21 ਵੀਂ ਸਦੀ ਵੱਲ ਵਧ ਰਹੇ ਸੀ। ਅਸੀਂ ਆਪਣੇ ਆਪ ਨੂੰ ਮੌਡਰਨ ਸਮਝਣ ਲੱਗ ਪਏ ਸੀ ਪਰ ਔਰਤ ਪ੍ਰਤੀ ਸਾਡੀ ਮਾਨਸਿਕਤਾ ਵਿਚ ਕੋਈ ਬਦਲਾਅ ਨਹੀਂ ਸੀ, ਸਮਾਜ ਤੇ ਘਰ ਨੂੰ ਔਰਤ 18 ਵੀਂ ਸਦੀ ਵਾਲੀ ਹੀ ਪਸੰਦ ਸੀ, ਦਲੀਜ਼ਾਂ ਦੇ ਅੰਦਰ ਰਹਿਣ ਵਾਲੀ, ਰਸੋਈ ਵਿਚ ਕੰਮ ਕਰਦੀ ਹੋਈ, ਘਰ ਤੇ ਸਿਸਟਮ ਦੀ ਕਠਪੁਤਲੀ। ਮੈਂ ਇਹਨਾਂ ਔਰਤਾਂ ਨੂੰ ਸੰਤਾਪ ਭੋਗਦਿਆਂ ਵੇਖਿਆ, ਮਹਿਸੂਸ ਵੀ ਕੀਤਾ। ਔਰਤਾਂ ਦੇ ਇਸ ਸੰਤਾਪ ਨੂੰ ਮੈਂ ਕਹਾਣੀ ਵਿਚ ਪੇਸ਼ ਕੀਤਾ। ਮੇਰੀ 'ਆਖਿਰ ਸਿਕੰਦਰ ਜਿੱਤ ਗਿਆ' ਕਹਾਣੀ ਦੀ ਪਾਤਰ ਦੇ ਹਾਲਾਤ ਉਸਦੇ ਘਰ ਦੇ ਕਾਮੇ ਦੇ ਹਾਣ ਦੇ ਸੀ। ਦੋਹੇ ਸੱਤਾ ਦੇ ਗੁਲਾਮ ਸਨ। ਇਸੇ ਤਰ੍ਹਾਂ ਮੇਰੀ ਕਹਾਣੀ 'ਇੱਕ ਮੁੱਠੀ ਅਸਮਾਂ' ਦੀ ਪਾਤਰ ਪੇਟ੍ਰੀਆਰਕੀ ਵਿਚ ਜਕੜੀ ਸਦਾ ਹੀ ਆਪਣੇ ਹਿੱਸੇ ਦੇ ਇੱਕ ਮੁੱਠੀ ਆਸਮਾ ਦੀ ਕਲਪਨਾ ਕਰਦੀ ਹੈ। ਸੱਤਾ ਦੀਆਂ ਗੁਲਾਮ ਮੇਰੀਆਂ ਔਰਤ ਪਾਤਰ ਦੀ ਸੰਘੀ ਘੁੱਟੀ ਹੋਈ ਹੈ ਪਰ ਕੈਦ ਵਿਚ ਹੁੰਦਿਆਂ ਹੋਇਆ ਵੀ ਮੇਰੀ ਹਰ ਨਾਇਕਾਂ ਨੇ ਸੱਤਾ ਦੀਆਂ ਜੰਜੀਰਾਂ ਨੂੰ ਤੋੜਨ ਦਾ ਭਰਪੂਰ ਯਤਨ ਕੀਤਾ। ਮੇਰੀਆਂ ਔਰਤ ਪਾਤਰਾਂ ਕੋਲ ਚੇਤਨਾ ਸੀ, ਉਹ ਘਰ ਤੇ ਸਿਸਟਮ ਵਿਚ ਆਪਣੀ ਹੋਂਦ ਲਈ ਲੜਾਈ ਲੜਦੀਆਂ ਹਨ। ਕਹਿ ਸਕਦੇ ਹਾਂ ਕਿ ਮੇਰੀ ਹਰ ਨਾਇਕਾ ਨੇ ਅੱਜ ਤੋਂ ਵੀਹ ਸਾਲ ਪਹਿਲਾ ਹੀ ਪੇਟ੍ਰੀਆਰਕੀ ਦੇ ਖਿਲਾਫ਼ ਬਿਗੁਲ ਵਜਾ ਦਿੱਤਾ ਸੀ।

ਮੇਰੇ ਤੋਂ ਪਹਿਲਾਂ ਨਾਰੀ ਕਹਾਣੀਕਾਰਾਂ ਨੇ ਮਰਦ ਤੇ ਔਰਤ ਦੇ ਰਿਸ਼ਤਿਆਂ ਨੂੰ ਆਪਣੇ ਆਪਣੇ ਨਜ਼ਰੀਏ ਨਾਲ ਪੇਸ਼ ਕੀਤਾ। ਉਹਨਾਂ ਨੇ ਆਪਣੇ ਸਮੇਂ ਵਿਚ ਔਰਤਾਂ ਦੀ ਪੁਰਖ ਤੰਤਰ ਹੇਠ ਦੱਬੀ ਛਟਪਟਾਹਟ ਦੀ ਗੱਲ ਕੀਤੀ ! ਮਰਦ ਕੋਲ ਸੱਤਾ ਹੋਣ ਕਰਕੇ ਔਰਤ ਘਰ ਤੇ ਸਮਾਜ ਦੀ ਗੁਲਾਮ ਸੀ। ਆਪਣੇ ਸਮੇਂ ਵਿਚ ਦਲੀਪ ਕੌਰ ਟਿਵਾਣਾ ਨੇ ਔਰਤ ਤੇ ਮਰਦ ਦੇ ਰਿਸ਼ਤੇ ਵਿਚ ਔਰਤ ਦਾ ਮਰਦ ਪ੍ਰਤੀ ਸਮਰਪਣ ਪੇਸ਼ ਕੀਤਾ। ਟਿਵਾਣਾ ਨੇ ਦੋਹਾਂ ਦੇ ਰਿਸ਼ਤਿਆਂ ਵਿਚਲੀਆਂ ਗ਼ਲਤ ਫਹਿਮੀਆਂ ਨੂੰ ਦੂਰ ਕਰਨ ਦਾ ਯਤਨ ਕੀਤਾ। ਉਹਨਾਂ ਦੀ ਕਹਾਣੀ 'ਬੱਸ ਕੰਡਕਟਰ' ਵਿਚ ਕੰਡਕਟਰ ਔਰਤ ਪਾਤਰ ਦੀ ਟਿਕਟ ਨਹੀਂ ਕੱਟਦਾ। ਔਰਤ ਮਰਦ ਦੀ ਇਸ ਨਜ਼ਰ ਨੂੰ ਗ਼ਲਤ ਸਮਝਦੀ ਹੈ। ਪਰ ਕਹਾਣੀ ਦੇ ਅੰਤ ਵਿਚ ਕੰਡਕਟਰ ਕਹਿੰਦਾ, "ਮੈਨੂੰ ਤੇਰੇ ਵਿੱਚ ਆਪਣੀ ਭੈਣ ਨਜ਼ਰ ਆਉਂਦੀ ਹੈ। ਦਲੀਪ ਕੌਰ ਟਿਵਾਣਾ ਦੀਆਂ ਔਰਤਾ, ਅਡਜਸਟਿੰਗ ਤੇ ਸੋਬਰ ਹਨ। ਅਜੀਤ ਕੌਰ ਦੀ ਔਰਤ ਪਾਤਰ ਰੈਡੀਕਲ ਹੈ। ਉਹ ਵਿਦਰੋਹ ਕਰਦੀ ਹੈ। ਉਹਨਾਂ ਦੀ 'ਫਾਲਤੂ ਔਰਤ'



ਕਹਾਣੀ ਇਸ ਦਾ ਉਦਾਹਰਣ ਹੈ। ਇਹਨਾਂ ਤੋਂ ਬਾਅਦ ਸੁਖਵੰਤ ਕੌਰ ਮਾਨ ਦੀ ਗੱਲ ਕਰੀਏ ਤਾਂ ਉਹ ਮਨੁੱਖਤਾ ਵਾਦੀ ਕਹਾਣੀਕਾਰ ਹੈ। ਉਸਦੀ ਕਹਾਣੀ ਵਿੱਚ ਲਿੰਗ ਚੇਤਨਾ ਭਾਰੂ ਨਹੀਂ। ਵੀਨਾ ਵਰਮਾ ਨੇ ਆਪਣੀਆਂ ਰਚਨਾਵਾਂ ਵਿਚ ਔਰਤ ਮਰਦ ਦੇ ਰਿਸ਼ਤੇ ਨੂੰ ਬੜਾ ਬੋਲਡ ਪੇਸ਼ ਕੀਤਾ ਹੈ। ਇਹਨਾਂ ਦੀ ਔਰਤ ਮਰਦ ਨਾਲ ਵਿਦਰੋਹ ਕਰਦੀ ਵਿਖਾਈ ਦਿੰਦੀ ਹੈ। ਉਹਨਾਂ ਦੀ ਕਹਾਣੀ 'ਰਜਾਈ' ਤੇ 'ਮਰਿਆ ਚੂਹਾ' ਇੱਕ ਵੱਡਾ ਉਦਾਹਰਣ ਹੈ।

ਮੇਰੀਆਂ ਕਹਾਣੀਆਂ ਵਿਚਲੀ ਔਰਤ ਸਿਸਟਮ ਨਾਲ ਲੜਦੀ ਹੈ। ਮਰਦ ਦੇ ਬਰਾਬਰ ਉਸਰਣ ਦਾ ਯਤਨ ਕਰਦੀ ਹੈ। ਮੇਰੀ ਪਾਤਰ ਛੇਤੀ ਛੇਤੀ ਆਪਣੇ ਹਾਲਾਤਾਂ ਨਾਲ ਸਮਝੌਤਾ ਨਹੀਂ ਕਰਦੀ। ਕਹਾਣੀਆਂ ਦੇ ਅੰਤ ਵਿਚ ਉਹ ਸਮਾਜ ਤੇ ਘਰ ਦੀਆਂ ਬੇੜੀਆਂ ਤੋੜ ਕੇ ਆਜ਼ਾਦ ਹੁੰਦੀ ਹੈ। ਵਿਦਰੋਹ ਕਰਕੇ ਆਪਣਾ ਰਸਤਾ ਆਪ ਚੁਣਦੀ ਹੈ। ਮੱਧਵਰਗੀ ਔਰਤ ਰਿਵਾਇਤਾਂ ਦੇ ਉਲਟ ਜਾ ਕੇ ਸਾਹ ਲੈਂਦੀ ਹੈ। ਕਾਬਜ ਮਰਦ ਦੀ ਗ੍ਰਿਫ਼ਤ ਵਿੱਚੋਂ ਨਿਕਲ ਕੇ ਬਾਹਰਲੇ ਮਰਦਾਂ ਨਾਲ ਸੰਬੰਧ ਵੀ ਬਣਾਉਂਦੀ ਹੈ। ਮੇਰੀ ਨਾਇਕਾ 'ਲਿਵ ਇਨ' ਵਿਚ ਵੀ ਰਹਿ ਰਹੀ ਹੈ। ਮੇਰੀਆਂ ਔਰਤ ਪਾਤਰਾਂ ਹਰ ਹੀਲੇ ਮੁਕਤੀ ਦਾ ਰਾਹ ਤਲਾਸ਼ਦੀਆਂ ਨਜ਼ਰ ਆਉਂਦੀਆਂ ਹਨ।

ਔਰਤ ਕਹਾਣੀਕਾਰ ਹੋਣ ਦੇ ਨਾਤੇ ਮੇਰੀਆਂ ਕਹਾਣੀਆਂ ਵਿਚ ਸਮਾਜ ਤੇ ਪਰਿਵਾਰ ਵਿਚ ਔਰਤ ਦੀ ਸਥਿਤੀ ਦੀ ਪੇਸ਼ਕਾਰੀ ਜ਼ਰੂਰ ਹੁੰਦੀ ਹੈ ਪਰ ਮੇਰੀਆਂ ਬਹੁਤੀਆਂ ਕਹਾਣੀਆਂ ਮਨੁੱਖਵਾਦੀ ਹਨ। ਪਹਿਲੀਆਂ ਕਹਾਣੀਆਂ ਵਿਚ ਮੇਰੇ ਪਾਤਰ ਮਰਦ, ਔਰਤ, ਬੱਚਾ, ਬੁੱਢਾ, ਕਾਮਾ ਕਲਾਕਾਰ ਵੀ ਹਨ। ਇਹ ਸਾਰੇ ਪਾਤਰ ਵੱਖਰੇ ਵੱਖਰੇ ਤਬਕੇ ਦੇ ਹਨ ਤੇ ਵੱਖਰੀ ਵੱਖਰੀ ਮਾਨਸਿਕਤਾ ਵਾਲੇ ਹਨ। ਇਹ ਕਹਾਣੀਆਂ ਇਕ ਮੱਧ ਵਰਗੀ ਸਧਾਰਣ ਮਨੁੱਖ ਦੀ ਜ਼ਿੰਦਗੀ ਨਾਲ ਸੰਬੰਧਤ ਹਨ। ਮੇਰੇ ਪਾਠਕਾਂ ਦੀਆਂ ਢੇਰਾਂ ਚਿੱਠੀਆਂ ਵਿਚ ਇਹੀ ਲਿਖਿਆ ਹੁੰਦਾ ਹੈ, 'ਇਹ ਕਹਾਣੀ ਤਾਂ ਸਾਡੀ ਜ਼ਿੰਦਗੀ ਦੀ ਕਹਾਣੀ ਹੈ।' ਕਹਾਣੀ ਪੜ੍ਹ ਕੇ ਮੇਰਾ ਪਾਠਕ ਆਪਣੇ ਆਪ ਨੂੰ ਕਹਾਣੀ ਦੇ ਨਾਲ ਇਕ ਮਿੱਕ ਮਹਿਸੂਸ ਕਰਦਾ ਸੀ ਤੇ ਪਾਤਰਾਂ ਦੇ ਨਾਲ ਨਾਲ ਤੁਰਨ ਲੱਗ ਪੈਂਦਾ ਸੀ। ਮੇਰੀ ਪਹਿਲੀ ਕਹਾਣੀ 'ਛਿੰਦਾ ਪੁੱਤ' 2005 ਵਿਚ ਅਖ਼ਬਾਰ ਵਿੱਚ ਛਪੀ ਕਹਾਣੀ ਦੀ ਪਾਤਰ ਔਰਤ ਇਕ ਬੇਟੀ ਹੈ। ਜਿਸਨੂੰ ਉਸਦਾ ਪਿਤਾ 'ਛਿੰਦਾ ਪੁੱਤ' ਕਹਿ ਕੇ ਬੁਲਾਉਂਦਾ ਹੈ। 'ਛਿੰਦਾ' ਸ਼ਬਦ ਉਸ ਬੇਟੀ ਦੇ ਵਜੂਦ ਨੂੰ ਕਈ ਗੁਣਾਂ ਭਾਰਾ ਕਰ ਦਿੰਦਾ ਹੈ। ਜਿਸ ਦਿਨ ਇਹ ਕਹਾਣੀ ਜਗਬਾਣੀ ਵਿੱਚ ਛਪੀ ਤਾਂ ਰਾਤ ਨੂੰ 10 ਵਜੇ ਬਾਪੂ ਰਾਮ ਸਰੂਪ ਅਣਖੀ ਦਾ ਫੋਨ ਆਇਆ। ਉਹਨਾਂ ਨੂੰ ਇਹ ਕਹਾਣੀ ਬਹੁਤ ਭਾਵੁਕ ਤੇ ਖ਼ੂਬਸੂਰਤ ਲੱਗੀ। ਉਹ ਕਹਿੰਦੇ, 'ਮੇਰੀਆਂ ਅੱਖਾਂ ਗਿੱਲੀਆਂ ਹੋ ਗਈਆਂ। ਇਹ ਕਹਾਣੀ ਮੈਨੂੰ ਆਪਣੀ ਕਹਾਣੀ ਲੱਗੀ ! ਮੈਂ ਭਾਵੁਕ ਹੋ ਕੇ ਪਹਿਲਾਂ ਆਪਣੀਆਂ ਬੇਟੀਆਂ ਨੂੰ ਫੋਨ ਕੀਤਾ ਫੇਰ ਤੈਨੂੰ ਕੀਤਾ। ਮੈਂ ਭਾਵੇਂ ਲੇਟ ਫੋਨ ਕਰ ਰਿਹਾ ਹਾਂ ਪਰ ਮੈਂ ਫੋਨ ਕੀਤੇ ਬਿਨਾਂ ਰਹਿ ਨਹੀਂ ਸਕਿਆ।' ਉਹਨਾਂ ਦੇ ਇਹ ਸ਼ਬਦ ਮੇਰੇ ਲਈ 'ਰਿਵਾਰਡ' ਸਨ। 'ਛਿੰਦਾ ਪੁੱਤ' ਕਹਾਣੀ ਐਮ. ਏ. ਪੰਜਾਬੀ ਫਾਈਨਲ (ਗੁਰੂ ਨਾਨਕ ਦੇਵ ਯੂਨੀਵਰਸਿਟੀ) ਦੇ ਸਿਲੇਬਸ ਵਿੱਚ ਵੀ ਸ਼ਾਮਿਲ ਕੀਤੀ ਗਈ ਹੈ।

2007 ਵਿਚ ਮੇਰੀ ਕਿਤਾਬ 'ਆਖਿਰ ਸਿਕੰਦਰ ਜਿੱਤ ਗਿਆ' ਪਾਠਕਾਂ ਦੇ ਹੱਥਾਂ ਵਿਚ ਆ ਗਈ ਤਾਂ ਇਸਦੀ ਸ਼ੈਲੀ ਤੇ ਭਾਸ਼ਾ ਪੱਖ ਨੂੰ ਵੀ ਸਲਾਹਿਆ ਗਿਆ। ਕਿਤਾਬ ਤੋਂ ਬਾਅਦ ਮੇਰੀਆਂ ਕਹਾਣੀਆਂ ਬਹੁਤੀਆਂ ਔਰਤਾਂ ਦੇ ਦੁਖਾਂਤ, ਸਿਸਟਮ ਪ੍ਰਤੀ ਉਹਨਾਂ ਦੀ ਲੜਾਈ ਨਾਲ ਸਬੰਧਤ ਸਨ। ਮੇਰੀਆਂ ਨਵੀਆਂ ਕਹਾਣੀਆਂ ਵਿੱਚ ਔਰਤ ਦੇ ਸਸ਼ਕਤੀਕਰਣ ਦੀ ਗੱਲ ਵੀ ਹੈ। ਬਹੁਤੀਆਂ ਪਾਤਰ ਔਰਤ ਪੁਰਖ ਤੰਤਰ ਨੂੰ ਲਤਾੜ ਕੇ ਮੁਕਤੀ ਦਾ ਰਾਹ ਵੀ ਚੁਣਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਮੇਰੀਆਂ ਕਹਾਣੀਆਂ 'ਰਿਲੇਅ ਰੇਸ, 'ਮੈਨਗਰੂਵ', 'ਦਾਮਨੇ ਕੋਹ', 'ਅਨੰਤ ਕਥਾ' ਵਰਗੀਆਂ ਕਹਾਣੀਆਂ ਹਨ। ਜੋ ਮੇਰੀ ਆਉਣ ਵਾਲੀ ਨਵੀਂ ਕਿਤਾਬ ਵਿੱਚ ਸਾਮਿਲ ਹਨ। ਕਹਾਣੀਆਂ ਇਸ ਪੱਖੋਂ ਨਿਵਕਲੀਆਂ ਹਨ। ਕਿਉਂਕਿ ਮੇਰੀ ਔਰਤ ਪਾਤਰ ਨੇ ਇਕ ਸਧਾਰਨ ਘਰ ਤੋਂ ਸਫ਼ਰ ਸ਼ੁਰੂ ਕੀਤਾ ਸੀ, ਉਸ ਦੀ ਸਿਸਟਮ ਨਾਲ ਲੜਾਈ ਹੁੰਦੀ ਹੈ।

ਵਧੇਰੇ ਸੋਚਵਾਨ ਹੋਣ ਨਾਲ ਮੇਰੀ ਔਰਤ ਪਾਤਰ ਰੈਡੀਕਲ ਹੋ ਗਈ। ਵਿਦਰੋਹ ਕਰਦੀ ਹੈ। 'ਲਿਵ ਇਨ' ਰਿਲੇਸ਼ਨ ਵਿਚ ਵੀ ਰਹਿ ਰਹੀ ਹੈ। ਮੇਰੇ ਪਾਤਰ ਚਾਹੇ ਉਹ ਮਰਦ ਹਨ ਜਾਂ ਔਰਤਾਂ ਸਿਸਟਮ ਨੂੰ ਤਹਿਸ ਨਹਿਸ ਕਰਕੇ ਮੁਕਤੀ ਦੇ ਰਾਹ ਤੇ ਤੁਰ ਪਏ ਹਨ।

21 ਵੀ ਸਦੀ ਵਿਚ ਔਰਤ ਮਰਦ ਦੇ ਰਿਸ਼ਤੇ ਵਿੱਚ ਬਹੁਤ ਵੱਡਾ ਬਦਲਾਅ ਆਇਆ ਹੈ। ਮਰਦ ਔਰਤ ਦੇ ਰਿਸ਼ਤੇ ਵਿੱਚ ਇਕੂਲੈਟੀ ਦੀ ਬਜਾਏ ਕਨਫਲੈਕਟ ਆ ਗਿਆ। ਔਰਤਾਂ ਕੰਪਰੋਮਾਇਜ਼ ਵੱਲ ਵਧ ਰਹੀਆਂ ਨੇ। ਨਾਰੀਵਾਦ ਦੀ ਲੜਾਈ ਲੜੀ ਜਾ ਰਹੀ ਹੈ, ਪਰ ਨਾਰੀ ਦਾ ਸ਼ੋਸ਼ਣ ਡਬਲ ਹੋ ਗਿਆ, ਘਰ ਵਿਚ ਵੀ ਤੇ ਆਫ਼ਿਸ ਵਿੱਚ ਵੀ। ਨਾਰੀ ਪੈਸੇ ਵੀ ਲਿਆਉਂਦੀ ਹੈ ਤੇ ਅਧੀਨਗੀ ਵੀ ਸਹਿੰਦੀ ਹੈ। ਅੱਜ ਦੇ ਬਾਜ਼ਾਰ ਨੇ ਇਹਨਾਂ ਰਿਸ਼ਤਿਆਂ ਦੀ ਲੜਾਈ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ। ਜਿਹੜਾ ਪਾਵਰਫੁੱਲ ਹੈ ਉਹੋ ਹੀ ਡੈਮੀਨੈਂਟ ਹੈ। ਔਰਤ ਕੋਲ ਆਰਥਿਕ ਪਾਵਰ ਨਹੀਂ, ਇਸੇ ਕਰਕੇ ਉਹ ਸਮਾਜ ਅਤੇ ਘਰ ਦੀ ਕਠਪੁਤਲੀ ਹੈ। ਘਰ ਦੇ ਕੰਟਰੋਲ ਵਿਚ ਹੈ। ਘਰ ਪ੍ਰਤੀ ਜੋ ਵੀ ਉਸਦੀ ਕਿਰਤ ਹੈ, ਸੰਵੇਦਨਾ ਹੈ ਉਸ ਦਾ ਕੋਈ ਮੁੱਲ ਨਹੀਂ ਮਿਲਦਾ। ਜੇ ਭੂਮੰਡਲੀਕਰਨ ਦੀ ਗੱਲ ਕੀਤੀ ਜਾਵੇ ਤਾਂ ਔਰਤ ਇਕੱਲਤਾ ਦਾ ਸ਼ਿਕਾਰ ਹੋ ਗਈ ਹੈ ਤੇ ਇਸਤਰੀ ਦੀ ਹੋਂਦ ਨੂੰ ਖ਼ਤਰਾ ਹੋ ਗਿਆ। ਮਰਦ ਬਜ਼ਾਰ ਦੀ ਸ਼ਿਕਾਰ ਔਰਤ ਦਾ ਵਿਅਕਤੀਗਤ ਤੌਰ ਤੇ ਵਿਰੋਧੀ ਹੋ ਗਿਆ। ਤੇ ਔਰਤ ਮਰਦ ਦੇ ਰਿਸ਼ਤੇ ਵਿਚ ਪਾੜਾ ਵਧ ਗਿਆ। ਇਹ ਬਦਲਦੇ, ਰਿਸ਼ਤਿਆਂ ਨੂੰ ਮੈਂ ਆਪਣੀਆਂ ਕਹਾਣੀਆਂ ਵਿੱਚ ਪਕੜਿਆ ਹੈ। ਕਹਾਣੀ 'ਰਿਲੇਅ ਰੇਸ' ਵਿਚ ਔਰਤ ਪਾਤਰ ਚੇਤਨਾ ਪੜ੍ਹੀ-ਲਿਖੀ ਕੁੜੀ ਹੈ। ਉਸਨੇ ਆਪਣੇ ਪਰਿਵਾਰ ਵਿਚ ਪੇਟ੍ਰੀਆਰਕੀ ਦੇ ਸਿੱਟੇ ਭੁਗਤੇ ਹਨ। ਉਹ 'ਲਿਵ ਇਨ' ਰਿਲੇਸ਼ਨ ਵਿਚ ਰਹਿ ਰਹੀ ਹੈ। ਕਹਾਣੀ ਵਿਚਲਾ ਮਰਦ ਪਾਤਰ ਪਿਓ, ਜੀਜਾ ਤੇ ਮੰਗੇਤਰ ਉਸਦੇ ਸ਼ੋਸ਼ਣ ਦਾ ਕਾਰਣ ਬਣੇ ਪਰ ਉਸ ਕੋਲ ਚੇਤਨਾ ਹੈ, ਉਸਨੇ 'ਲਿਵ ਇਨ' ਵਿਚ ਰਹਿਣਾ ਠੀਕ ਸਮਝਿਆ। ਉਹ ਰਿਲੇਸ਼ਨ ਵਿਚ ਰਹਿ ਰਹੇ ਮਰਦ ਪਾਤਰ ਦੇ ਸਮਾਨ ਹੈ। ਇਹਨਾਂ ਵਿੱਚ ਪੇਟ੍ਰੀਆਰਕੀ ਦਾ ਕੋਈ ਸੰਕਟ ਨਹੀਂ। 'ਦਾਮਨੇ ਕੋਹ' ਦੇ ਪ੍ਰੇਮੀ ਦੋਵੇਂ ਆਪਣੀ ਹੋਂਦ ਨੂੰ ਮੁਹੱਬਤ ਵਿਚੋਂ ਤਲਾਸ਼ਦੇ ਹਨ। ਦੋਹੇ ਸਮਾਨ ਹਨ। ਇੱਥੇ ਵੀ ਪੇਟ੍ਰੀਆਰਕੀ ਦੀ ਕੋਈ ਸਮੱਸਿਆ ਨਹੀਂ। ਮੇਰੀਆਂ ਕਹਾਣੀਆਂ ਦੇ ਔਰਤ ਮਰਦ ਦੋਹੇ ਬਰਾਬਰੀ ਤੇ ਸਾਂਝ ਦੀ ਗੱਲ ਕਰਦੇ ਹਨ ਤੇ ਪੁਰਖ ਤੰਤਰ ਤੋਂ ਮੁਕਤੀ ਵੱਲ ਨੂੰ ਜਾਂਦੇ ਹਨ।

ਨਾਰੀ ਚਾਹੇ ਪਰਿਵਾਰਿਕ ਹੋਵੇ ਤੇ ਚਾਹੇ ਕਹਾਣੀਕਾਰ ਹੋਵੇ, ਹੈ ਤਾਂ ਨਾਰੀ। ਕਹਾਣੀਕਾਰ ਔਰਤ ਦੇ ਕਿਰਦਾਰ ਨਿਭਾਉਂਦੀ ਹੈ। ਮੇਰਾ ਮੰਨਣਾ ਹੈ ਕਿ ਜੇ ਇੱਕ ਕਹਾਣੀਕਾਰ ਔਰਤ ਕਹਾਣੀ ਵਿਚ ਆਹਲਾ ਰੋਲ ਨਿਭਾਉਂਦੀ ਹੈ ਪਰ ਜੀਵਨ ਵਿਚ ਅਜਿਹਾ ਨਹੀਂ ਕਰਦੀ ਤਾਂ ਇਸਦਾ ਕੋਈ ਮਤਲਬ ਨਹੀਂ। ਔਰਤ ਜਾਣਦੀ ਹੈ ਕਿ ਔਰਤ ਦੀ ਲੇਖਣੀ ਦੀ ਅੰਤਰਝਾਤ ਉਸਦੇ ਕਿਰਦਾਰ ਦਾ ਪਤਾ ਦਿੰਦੀ ਹੈ। ਲੇਖਕ ਜੋ ਵੀ ਹੈ। ਜਿਹੋ ਜਿਹਾ ਵੀ ਹੈ। ਉਹ ਆਪਣੀ ਰਚਨਾ ਵਿਚ ਪਿਆ ਹੁੰਦਾ ਹੈ ! ਉਸਦਾ ਆਲੋਚਕ ਉਸ ਨੂੰ ਲੱਭ ਹੀ ਲੈਂਦਾ ਹੈ। ਰਚਨਾ ਕਦੇ ਵੀ ਰਚਨਾਕਾਰ ਤੋਂ ਵੱਖਰੀ ਨਹੀਂ ਹੋ ਸਕਦੀ ਤੇ ਹੋਣੀ ਵੀ ਨਹੀਂ ਚਾਹੀਦੀ ! ਇਹਨਾਂ ਕਾਰਨਾਂ ਕਰਕੇ ਨਾਰੀ ਦੋਹਾਂ ਥਾਂਵਾਂ ਤੇ ਵੱਖਰੀ ਵੱਖਰੀ ਹੋ ਜਾਂਦੀ ਹੈ।

ਮੈਨੂੰ ਬਤੌਰ ਕਹਾਣੀਕਾਰ ਮਾਨਤਾ ਮਿਲੀ। ਮੇਰੀ ਕਿਤਾਬ 'ਆਖਿਰ ਸਿਕੰਦਰ ਜਿੱਤ ਗਿਆ' ਅਤੇ ਮੇਰੀਆਂ ਹੋਰ ਕਹਾਣੀਆਂ ਨੂੰ ਮੇਰੇ ਪਾਠਕਾਂ ਨੇ ਬੜੀ ਸ਼ਿੱਦਤ ਨਾਲ ਪਰਵਾਨ ਕੀਤਾ ਪਰ ਤੁਹਾਡੀ ਗੱਲ ਨਾਲ ਵੀ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਅੱਜ ਕੱਲ੍ਹ ਗੌਡਫਾਦਰ ਵਾਲੀ ਧਾਰਨਾ ਵੀ ਪ੍ਰਚਲਿਤ ਹੈ। ਸਿਖਰਲੇ ਡੰਡੇ ਤੱਕ ਪਹੁੰਚਣ ਲਈ ਲੇਖਕ ਅਜਿਹੇ ਹੱਥ ਕੰਡੇ ਅਪਨਾਉਂਦੇ ਹਨ। ਇਹ ਸਹੀ ਹੈ ਕਿ ਸੱਤਾ ਨਾਲ ਆੜੀ ਪਾ ਕੇ ਬਹੁਤ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ ਪਰ ਇਹ ਫਾਇਦੇ ਬੜੇ ਥੋੜ੍ਹੇ ਸਮੇਂ ਲਈ ਹੁੰਦੇ ਹਨ। ਅਜਿਹੇ ਰਿਸ਼ਤਿਆਂ ਦੀ ਉਮਰ ਲੰਮੀ ਨਹੀਂ ਹੁੰਦੀ। ਇੰਜ ਕਰਨ ਨਾਲ ਤੁਸੀਂ ਵਧੀਆ ਸਾਹਿਤਕਾਰ ਨਹੀਂ ਰਹੋਗੇ। ਤੁਹਾਡੀ ਆਪਣੀ 'ਹੋਂਦ' ਗੁਆਚ ਜਾਵੇਗੀ। ਇਹ ਸਿਰਫ਼ ਤੇ ਸਿਰਫ਼ ਕੁਝ ਪਲ ਦਾ ਜਸ਼ਨ ਹੈ। ਇਕ ਲੇਖਕ ਨੂੰ ਆਪਣੀ ਮਿਹਨਤ ਨਾਲ, ਲਿਆਕਤ ਨਾਲ, ਆਪਣੀ ਈਮਾਨਦਾਰੀ ਨਾਲ ਮੂਹਰੇ ਆਉਣਾ



ਚਾਹੀਦਾ ਹੈ ਕਿਉਂਕਿ ਲਿਖਣਾ ਇੱਕ ਮੁਹੱਬਤ ਕਰਨ ਵਾਂਗ ਹੈ। ਪ੍ਰਤੀਬੱਧਤਾ ਹੈ। ਆਪ ਆਪਾ ਵਾਰਨਾ ਹੈ।

ਮੇਰੀ ਪਹਿਲੀ ਕਿਤਾਬ 'ਆਖਿਰ ਸਿਕੰਦਰ ਜਿੱਤ ਗਿਆ' 2007 ਵਿਚ ਛਪੀ ਸੀ। ਇਸ ਦੀ ਸ਼ੈਲੀ ਬਣਤਰ ਤੇ ਵਿਸ਼ੇ ਸਮਕਾਲੀ ਕਹਾਣੀ ਤੋਂ ਵੱਖਰੇ ਸਨ। ਪਹਿਲੀਆਂ ਕਹਾਣੀਆਂ ਵਿਚ ਲਿੰਗ ਭਾਰੂ ਨਹੀਂ ਸੀ। ਬਹੁਤੀਆਂ ਕਹਾਣੀਆਂ ਮਨੁੱਖਤਾ ਵਾਦੀ ਸੀ। ਇਹ ਕਹਾਣੀਆਂ ਮਨੁੱਖੀ ਦੁਖਾਂਤ ਤੇ ਮਨੁੱਖੀ ਸੰਵੇਦਨਾ ਨੂੰ ਪੇਸ਼ ਕਰਦੀਆਂ ਸਨ। ਇਹ ਕਹਾਣੀਆਂ ਇਕਹਰੀ ਪਰਤ ਵਾਲੀਆਂ ਤੇ ਸਾਧਾਰਨ ਮਨੁੱਖ ਦੀ ਜ਼ਿੰਦਗੀ ਦੇ ਵੱਖ ਵੱਖ ਸ਼ੇਡਸ ਨੂੰ ਪੇਸ਼ ਕਰਦੀਆਂ ਹਨ। ਉਸ ਤੋਂ ਬਾਅਦ ਹੌਲੀ-ਹੌਲੀ ਕਹਾਣੀ ਦੀ ਸ਼ੈਲੀ ਬਣਤਰ ਤੇ ਵਿਸ਼ਿਆ ਪੱਖੋ ਮੇਰੀ ਕਹਾਣੀ ਵਿਚ ਬਦਲਾਅ ਆਉਂਦਾ ਗਿਆ। ਵਿਸ਼ਵੀਕਰਨ ਹੋ ਰਿਹਾ ਸੀ। ਸਮਾਂ ਬਦਲ ਰਿਹਾ ਸੀ। ਜ਼ਿੰਦਗੀ ਦਾ ਵਰਤਾਰਾ ਬਦਲ ਗਿਆ ਤੇ ਮੇਰੀ ਕਹਾਣੀ ਵੀ ਬਦਲ ਗਈ। ਜ਼ਿੰਦਗੀ ਗੁੰਝਲਦਾਰ ਹੋ ਗਈ। ਮੇਰੇ ਪਾਤਰ ਤੇ ਖਾਸ ਕਰਕੇ ਔਰਤ ਪਾਤਰ ਉੱਤੇ ਘਰੇਲੂ ਤੇ ਸਮਾਜਿਕ ਦਬਾਅ ਵਧ ਗਿਆ। ਕਿਉਂਕਿ ਪੇਟ੍ਰੀਆਰਕੀ ਹੋਰ ਗੂੜੀ ਹੋ ਗਈ ਸੀ। ਬਜ਼ਾਰ ਦੇ ਯੁੱਗ ਨੇ ਔਰਤ ਮਰਦ ਦੇ ਰਿਸ਼ਤਿਆਂ ਵਿਚ ਵੀ ਬਦਲਾਅ ਕੀਤਾ ! ਮੇਰੇ ਪਾਤਰ ਹੁਣ ਵੱਖਰੀ ਵੱਖਰੀ ਮਾਨਸਿਕਤਾ ਵਾਲੇ ਹੋ ਗਏ। ਮੈਂ ਬਹੁ ਪਾਤਰੀ ਕਹਾਣੀ ਵੀ ਲਿਖੀ। ਮੇਰੀ ਕਹਾਣੀ ਬਹੁ ਪਾਤਰੀ ਹੋ ਗਈ। ਜ਼ਿੰਦਗੀ ਦੇ ਨਾਲ ਨਾਲ ਹੁਣ ਮੇਰੀ ਕਹਾਣੀ ਸਧਾਰਣ ਨਹੀਂ ਰਹੀ ਬਲਕਿ ਗੁੰਝਲਦਾਰ ਹੋ ਗਈ। ਇਨ੍ਹਾਂ ਕਹਾਣੀਆਂ ਅੰਦਰ ਲਿੰਗ ਚੇਤਨਾ ਭਾਰੂ ਸੀ। ਮੇਰੀਆਂ ਕਹਾਣੀਆਂ ਦੀ ਔਰਤ ਪਾਤਰ ਨੇ ਚੁੱਪੀ ਤੋੜ ਦਿੱਤੀ ਸੀ ਤੇ ਦਹਿਲੀਜ਼ ਤੋਂ ਬਾਹਰ ਕਦਮ ਰੱਖ ਲਿਆ ਸੀ। ਹੁਣ ਉਹਦੀ ਲੜਾਈ ਸਿਸਟਮ ਨਾਲ ਸੀ। ਮੇਰੀਆਂ ਇਹ ਕਹਾਣੀਆਂ ਨੂੰ ਬੜੀ ਸ਼ਿੱਦਤ ਨਾਲ ਪਾਠਕਾਂ ਨੇ ਪ੍ਰਵਾਨ ਕੀਤਾ। ਇਸ ਗੱਲ ਦੇ ਨਾਲ ਨਾਲ ਮੈਂ ਇਹ ਵੀ ਮਹਿਸੂਸ ਕੀਤਾ ਕਿ ਕਹਾਣੀ ਦੇ ਗੁੰਝਲਦਾਰ ਹੋਣ ਨਾਲ ਕਹਾਣੀ ਜਿਆਦਾ ਤਰ ਸਾਹਿਤਕ ਹੱਥਾਂ ਵਿੱਚ ਸੁੰਗੜ ਗਈ। ਸਾਧਾਰਣ ਪਾਠਕ ਤੋਂ ਦੂਰ ਹੋ ਗਈ ਪਰ ਮੈਨੂੰ ਅੱਜ ਵੀ ਮੇਰੀ ਪਹਿਲੀ ਕਹਾਣੀ ਬਹੁਤ ਮਾਸੂਮ ਤੇ ਪਿਆਰੀ ਲੱਗਦੀ ਹੈ। ਮੇਰੇ ਦਿਲ ਦੇ ਬਹੁਤ ਕਰੀਬ ਹੈ।

ਇਹ ਇਕ ਲੇਖਕ ਦੀ ਦ੍ਰਿਸ਼ਟੀ 'ਤੇ ਨਿਰਭਰ ਕਰਦਾ ਹੈ ਕਿ ਉਹ ਆਪਣੀ ਕਹਾਣੀ ਵਿਚ ਔਰਤ ਨੂੰ ਹਾਵੀ ਵੇਖਣਾ ਚਾਹੁੰਦਾ ਹੈ ਜਾਂ ਮਰਦ ਨੂੰ। ਮੈਂ ਇਕ ਔਰਤ ਕਹਾਣੀਕਾਰ ਹੋਣ ਦੇ ਨਾਤੇ ਬਹੁਤੀਆਂ ਕਹਾਣੀਆਂ ਵਿਚ ਔਰਤ ਦੀ ਆਰਥਿਕ ਤੇ ਸਮਾਜਿਕ ਸਥਿਤੀਆਂ ਨੂੰ ਪੇਸ਼ ਕੀਤਾ। ਉਸ ਦੀ ਪੇਟ੍ਰੀਆਰਕੀ ਹੇਠ ਦੱਬੀ ਸਹਿਕਦੀ ਛਵੀ, ਮੇਰੀਆਂ ਕਹਾਣੀਆਂ ਵਿਚ ਵਿਖਾਈ ਦਿੰਦੀ ਹੈ। ਮੇਰੀਆਂ ਔਰਤ ਪਾਤਰ ਦੀ ਲੜਾਈ ਇਕ ਮਰਦ ਨਾਲ ਨਹੀਂ ਸਗੋਂ ਸਿਸਟਮ ਨਾਲ ਹੈ। ਮੇਰੀਆਂ ਕਹਾਣੀਆਂ ਵਿਚ ਹੀਰੋ ਜਾਂ ਹੀਰੋਇਨ ਦੇ ਹਾਵੀ ਹੋਣ ਦੀ ਗੱਲ ਨਹੀਂ ਬਲਕਿ ਮਨੁੱਖੀ ਅਜ਼ਾਦੀ ਦੀ ਗੱਲ ਹੈ। ਚਾਹੇ ਉਹ ਗੁਲਾਮ ਔਰਤ ਹੈ ਜਾਂ ਮਰਦ। ਮੇਰੀ ਪਾਤਰ ਔਰਤਾਂ ਲੱਛਮੀ, ਕੋਮਲ, ਚੇਤਨਾ, ਸੰਧਿਆ ਵਰਗੀਆਂ ਹਨ। ਜੋ ਘਰ ਤੇ ਸਮਾਜ ਵਿੱਚ ਲੜਾਈ ਲੜ੍ਹਦੀਆਂ ਹਨ। 'ਮੈਨਗਰੂਵ' ਕਹਾਣੀ ਦੀ ਚੰਚਲ ਸਿਸਟਮ ਦੀ ਦਲਦਲ ਵਿਚੋਂ ਹਰ ਵਸੀਲੇ ਆਪਣੀ ਮੁਕਤੀ ਦਾ ਰਾਹ ਲੱਭਦੀ ਹੈ। ਇਸ ਕਹਾਣੀ ਦੀ ਸੰਧਿਆ ਜੋ ਸੱਤਾ ਦੀ ਜੰਜ਼ੀਰ ਨੂੰ ਤੋੜ ਕੇ ਅਜਿਹਾ ਰਸਤਾ ਅਪਨਾਉਂਦੀ ਹੈ ਜੋ ਸਿਸਟਮ ਨੂੰ ਹਜ਼ਮ ਕਰਨਾ ਔਖਾ ਹੈ। 'ਰਿਲੇਅ ਰੇਸ' ਕਹਾਣੀ ਦੀ ਚੇਤਨਾ ਕੋਲ ਵਿਵੇਕ ਹੈ, ਚਿਣਗ ਹੈ ਜਿਸਦਾ ਸੰਚਾਰ ਉਹ ਕਮਜੋਰ ਔਰਤਾਂ ਵਿੱਚ ਕਰਦੀ ਹੈ ਤੇ ਕੌਮਲ ਵਰਗੀਆਂ ਦੱਬੀਆਂ ਕੁਚਲੀਆਂ ਔਰਤਾਂ ਵੀ ਵਿਦਰੋਹ ਦਾ ਸੁਰ ਅਲਾਪਦੀਆਂ ਹਨ। 'ਰਿਲੇਅ ਰੇਸ' ਦੀ ਕ੍ਰਾਂਤੀ ਕਪੜੇ ਪ੍ਰੈਸ ਕਰਨ ਵਾਲੀ ਔਰਤ ਹੈ ਉਸਨੇ ਵੀ ਸੱਤਾ ਦੇ ਤੰਤਰ ਨੂੰ ਤਹਿਸ ਨਹਿਸ ਕੀਤਾ। ਮੇਰੀਆਂ ਕਹਾਣੀਆਂ ਵਿਚ ਸਿਕੰਦਰ ਜਿਹਾ ਪੁਰਸ਼ ਪਾਤਰ ਵੀ ਹੈ ਜੋ ਕਾਮਾ ਹੈ। ਸੱਤਾ ਦਾ ਗੁਲਾਮ ਹੈ। ਉਸਨੇ ਵੀ ਸੱਤਾ ਦੀ ਸ਼ਰਣ ਵਿੱਚ ਜਾਣ ਤੋਂ ਬਗਾਵਤ ਕੀਤੀ। 'ਜਗ ਜੀਵਨ ਮਰਨ ਅਪਵਸ' ਕਹਾਣੀ ਦਾ ਇਕ ਕਲਰਕ ਪਾਤਰ ਵੀ ਗਲੇ ਸੜੇ ਸਿਸਟਮ ਦਾ ਸ਼ਿਕਾਰ ਹੋ ਜਾਂਦਾ ਹੈ। 'ਮੈਨਗਰੂਵ' ਕਹਾਣੀ ਦਾ ਪੂਰਨ ਇੱਕ ਨੌਕਰ ਹੈ। ਜਿਹੜਾ ਬੁਰੀ ਤਰ੍ਹਾਂ ਸਿਸਟਮ ਦੇ ਸ਼ੋਸ਼ਣ ਦਾ ਸ਼ਿਕਾਰ ਹੈ। ਕਹਾਣੀ ਦੇ ਅੰਤ ਵਿਚ ਸੱਤਾ ਦੀ


ਜੰਜ਼ੀਰਾਂ ਨੂੰ ਤੋੜ ਕੇ ਉਹ ਮੁਕਤ ਹੋ ਜਾਂਦਾ ਹੈ। ਮੇਰੀਆਂ ਕਹਾਣੀਆਂ ਦੇ ਸਾਰੇ ਪਾਤਰ ਚਾਹੇ ਉਹ ਔਰਤ ਹੈ ਚਾਹੇ ਮਰਦ ਉਹ ਸਿਸਟਮ ਨਾਲ ਲੜ ਰਹੇ ਹਨ। ਹਾਵੀ ਹੋਣ ਦੀ ਨਹੀਂ ਸਗੋਂ ਸੜੇ ਗਲੇ ਸਿਸਟਮ ਦੀ ਦਲਦਲ ਵਿਚੋਂ ਨਿਕਲ ਕੇ ਆਜ਼ਾਦ ਹੋਣਾ ਚਾਹੁੰਦੇ ਹਨ।

ਚਾਹੇ ਔਰਤ ਹੈ ਚਾਹੇ ਮਰਦ ਘਰ ਤੇ ਸਮਾਜ ਵਿਚ ਦੋਵੇਂ ਹੀ ਸ਼ੋਸ਼ਣ ਦਾ ਸ਼ਿਕਾਰ ਹਨ। ਮੇਰੀਆਂ ਬਹੁਤੀਆਂ ਕਹਾਣੀਆਂ ਵਿਚ ਮੈਂ ਔਰਤ ਨੂੰ ਪੇਟ੍ਰੀਆਰਕੀ ਦੇ ਕੰਟਰੋਲ ਵਿਚ ਪੇਸ਼ ਕੀਤਾ। ਉਹ ਘਰ ਤੇ ਸਮਾਜ ਵਲੋਂ ਸ਼ੋਸ਼ਿਤ ਹੈ। ਸਿਸਟਮ ਨੇ ਉਸ ਨੂੰ ਜਕੜ ਰੱਖਿਆ ਹੈ। ਪਰ ਮੇਰੀਆਂ ਕਹਾਣੀਆਂ ਦਾ ਮਰਦ ਪਾਤਰ ਵੀ ਸੱਤਾ ਦਾ ਗੁਲਾਮ ਹੈ। ਉਸਦਾ ਵੀ ਸ਼ੋਸ਼ਣ ਘਰ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਮੇਰੀ ਕਹਾਣੀ 'ਦਾਮਨ-ਏ- ਕੋਹ' ਦਾ ਪਾਤਰ ਪ੍ਰੋਫੈਸਰ ਇਕ ਜ਼ਹੀਨ ਕਲਾਕਾਰ ਹੈ। ਉਹ ਇੱਕ ਸੰਵੇਦਨਸ਼ੀਲ ਚਿੱਤਰਕਾਰ ਹੈ ਪਰ ਬੁਰੀ ਤਰ੍ਹਾਂ ਘਰ ਦੇ ਸ਼ੋਸ਼ਣ ਦਾ ਸ਼ਿਕਾਰ ਹੈ। ਇਹ ਪਾਤਰ ਮੇਨ economy ਹੈ। ਆਪਣੀ ਔਰਤ ਤੇ ਬੱਚਿਆ ਨੂੰ ਖੁਸ਼ ਰੱਖਣ ਲਈ ਉਸਨੂੰ ਜ਼ਿੰਦਗੀ ਨਾਲ ਕਈ ਸਮਝੌਤੇ ਕਰਨੇ ਪੈਂਦੇ ਹਨ। ਨਾ ਚਾਹੁੰਦੇ ਹੋਏ ਵੀ ਪੈਸੇ ਖ਼ਾਤਰ ਆਪਣਾ ਦੇਸ਼ ਛੱਡਣਾ ਪੈਂਦਾ ਹੈ। ਆਪਣੀ ਕਲਾ ਦੀ ਕੁਰਬਾਨੀ ਵੀ ਦੇਣੀ ਪੈਂਦੀ ਹੈ। ਉਹ ਕਹਾਣੀ ਵਿਚ ਕਹਿੰਦਾ ਹੈ, "ਹੁਣ ਮੇਰੇ ਹੱਥ ਕੈਨਵਸ ਤੇ ਬੁਰਸ਼ ਨਹੀਂ ਚਲਾਉਂਦੇ, ਪੀਜ਼ਾ ਹੱਟ ਦੀਆਂ ਪਲੇਟਾਂ ਸਾਫ਼ ਕਰਦੇ ਨੇ।" ਇਸ ਕਹਾਣੀ ਦੀ ਪਾਤਰ ਇਕੱਲਤਾ ਦਾ ਸ਼ਿਕਾਰ ਹੈ। ਚੰਦ ਮਿੰਟਾਂ ਦੀ ਖੁਸ਼ੀ ਲਈ ਉਸਨੂੰ ਬਾਜ਼ਾਰ ਦੀ ਚੀਜ ਚਾਹੀਦੀ ਹੈ। ਉਹ ਆਪਣੇ ਪਤੀ ਕੋਲੋਂ ਡਿਮਾਂਡ ਕਰਦੀ ਹੈ ਤੇ ਪਤੀ ਡਾਲਰ ਕਮਾਉਣ ਖ਼ਾਤਰ ਹਰ ਪਲ ਸ਼ੋਸ਼ਣ ਦਾ ਸ਼ਿਕਾਰ ਹੋ ਰਿਹਾ ਹੈ। ਇਸੇ ਤਰ੍ਹਾਂ 'ਮੈਨਗਰੂਵ' ਕਹਾਣੀ ਦਾ ਪਾਤਰ ਪੂਰਨ ਕਾਮਾ ਹੈ। ਉਹ ਆਪਣੇ ਮਾਲਿਕ ਦੀ ਗੁਲਾਮੀ ਦਾ ਸ਼ਿਕਾਰ ਹੈ। ਉਸਦਾ ਮਾਲਕ ਉਸਨੂੰ ਬੁਰੀ ਤਰ੍ਹਾਂ ਲਤਾੜਦਾ ਹੈ। ਉਸਦਾ ਸ਼ੋਸ਼ਣ ਕਰਦਾ ਹੈ। ਕਹਾਣੀ 'ਆਖਿਰ ਸਿਕੰਦਰ ਜਿੱਤ ਗਿਆ' ਦਾ ਸਿਕੰਦਰ ਹਰ ਪਲ ਆਪਣੇ ਹਾਕਮ ਵੱਲੋਂ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ। ਇਸ ਕਰਕੇ ਸ਼ੋਸ਼ਣ ਦੀ ਲੜਾਈ ਔਰਤ ਤੇ ਮਰਦ ਦੋਹਾਂ ਨੂੰ ਲੜਨੀ ਪੈਂਦੀ ਹੈ। ਫ਼ਰਕ ਇਹ ਹੈ ਕਿ ਔਰਤ ਕੋਲ ਸਪੇਸ ਬਹੁਤ ਘੱਟ ਹੈ। ਉਸਦੇ ਚਰਿੱਤਰ 'ਤੇ ਉਂਗਲੀ ਚੁੱਕਣੀ ਸੌਖੀ ਹੈ ਪਰ ਮਰਦ ਕੋਲ ਬਹੁਤ ਸਪੇਸ ਹੈ ਉਹ ਇਸ ਗੱਲ ਤੋਂ ਬਚ ਜਾਂਦਾ ਹੈ।

ਔਰਤ ਮਰਦ ਦੇ ਰਿਸ਼ਤਿਆਂ ਤੇ ਮੇਰੀਆਂ ਕਈ ਕਹਾਣੀਆਂ ਹਨ। ਜਿਹਨਾਂ ਵਿੱਚ ਮੈਂ ਕਾਫੀ ਸੰਵੇਦਨਸ਼ੀਲ ਵਿਸ਼ਿਆ ਨੂੰ ਛੋਹਿਆ। ਜਿਵੇਂ ਕਿ ਮੇਰੀ ਕਹਾਣੀ 'ਦਾਮਨ-ਏ- ਕੋਹ' ਵਿਚ ਇੱਕ ਕਲਾਕਾਰ ਪ੍ਰੇਮੀ ਦੇ ਰੂਪ ਵਿੱਚ ਆਪਣੀ ਪ੍ਰੇਮਿਕਾ ਦੀ ਜ਼ਿੰਦਗੀ ਨੂੰ ਬਦਲ ਕੇ ਸ਼ਾਹਕਾਰ ਰਚਨਾ ਦਾ ਨਾਂਅ ਦਿੰਦਾ ਹੈ। ਦੂਜੇ ਪਾਸੇ ਉਹ ਇੱਕ ਪਤੀ ਵੀ ਹੈ ਤੇ ਆਪਣੀ ਪਤਨੀ ਵੱਲੋਂ ਸ਼ੋਸ਼ਣ ਦਾ ਸ਼ਿਕਾਰ ਹੈ। ਮੇਰੀ ਕਹਾਣੀ 'ਮੈਨਗਰੂਵ' ਦਰਖ਼ਤ ਦੀ ਜੜ੍ਹ ਵਾਂਗ ਉਲਟ ਦਿਸ਼ਾ ਵਿੱਚ ਜਾ ਕੇ ਸਾਹ ਲੈਣ ਲੱਗਦੀ ਹੈ। ਉਹ ਵੀ ਇੱਕ ਪਰਾਏ ਮਰਦ ਨਾਲ ਸਾਂਝ ਪਾ ਲੈਂਦੀ ਹੈ ਤੇ ਅਜਿਹਾ ਰਸਤਾ ਚੁਣਦੀ ਹੈ ਜੋ ਕਿ ਸਿਸਟਮ ਨੂੰ ਕਦੇ ਵੀ ਹਜ਼ਮ ਨਹੀਂ ਹੁੰਦਾ। 'ਰਿਲੇਅ ਰੇਸ' ਕਹਾਣੀ ਦੀ ਚੇਤਨਾ ਸਮਾਜ ਦੀ ਪਰਵਾਹ ਨਾ ਕਰਦੇ ਹੋਏ 'ਲਿਵ ਇਨ' ਰਿਲੇਸ਼ਨ ਨੂੰ ਚੁਣਦੀ ਹੈ। 'ਅਨੰਤ ਕਥਾ' ਕਹਾਣੀ ਦੀ ਔਰਤ ਆਪਣੀ ਜ਼ਿੰਦਗੀ ਦੀ ਘੁਟਣ ਵਿਚੋਂ ਕੁਝ ਪਲ ਚੋਰੀ ਕਰ ਕੇ ਆਪਣੇ ਪ੍ਰੇਮੀ ਨੂੰ ਮਿਲਣ ਜਾਂਦੀ ਹੈ ਤੇ ਉਹਨਾਂ ਪਲਾਂ ਨੂੰ ਆਪਣੀ ਜ਼ਿੰਦਗੀ ਦੇ ਸਭ ਤੋਂ ਹੁਸੀਨ ਪਲ ਕਹਿੰਦੀ ਹੈ। ਮੇਰੀਆਂ ਕਹਾਣੀਆਂ ਵਿਚ ਡਿਮਾਂਡ ਅਨੁਸਾਰ ਮੇਰੇ ਪਾਤਰਾਂ ਨੇ ਬੋਲਡ ਭਾਸ਼ਾ ਦਾ ਪ੍ਰਯੋਗ ਵੀ ਕੀਤਾ ਹੈ। ਔਰਤ ਲੇਖਕਾਂ ਲਈ ਬੋਲਡ ਹੋ ਕੇ ਲਿਖਣਾ ਅਕਸਰ ਪ੍ਰਾਬਲਮ ਕ੍ਰੀਏਟ ਕਰਦਾ ਹੈ। ਔਰਤਾਂ ਬੋਲਡ ਵਿਸ਼ੇ ਘੱਟ ਛੋਂਹਦੀਆਂ ਹਨ। ਉਹਨਾਂ ਉੱਤੇ ਪਰਵਾਰਕ ਤੇ ਸਮਾਜਿਕ ਦਬਾਅ ਹੁੰਦਾ ਹੈ ਪਰ ਜੇ ਕਹਾਣੀ ਬੋਲਡਨੈਸ ਦੀ ਡਿਮਾਂਡ ਕਰਦੀ ਹੈ ਤੇ ਅਸੀਂ ਇਹ ਡਿਮਾਂਡ ਪੂਰੀ ਨਹੀਂ ਕਰ ਰਹੇ ਤਾਂ ਰਚਨਾ ਬੇਮਾਨੀ ਹੈ। ਬਹੁਤ ਸਾਰੀਆਂ ਔਰਤਾਂ ਨੇ ਡਿਮਾਂਡ ਅਨੁਸਾਰ ਬੇਬਾਕ ਲਿਖਿਆ। ਇਸਮਤ ਚੁਗਤਾਈ ਨੇ 'ਲਿਹਾਫ਼' ਜਿਹੀ ਕਹਾਣੀ ਲਿਖੀ। ਅਰੁੰਧਤੀ ਰਾਏ ਵਰਗੀ ਲੇਖਕਾਂ ਨੇ ਵੀ ਕਦੇ ਆਪਣੇ ਪਾਤਰਾਂ ਦੀ ਸੰਘੀ ਨਹੀਂ ਘੁੱਟੀ। ਪੰਜਾਬੀ ਕਹਾਣੀ ਵਿੱਚ ਵੀਨਾ ਵਰਮਾ ਨੇ ਵੀ ਬਹੁਤ ਬੋਲਡ ਹੋ ਕੇ ਲਿਖਿਆ ਹੈ।



## "ਮੈਂ ਅਤੇ ਮੇਰੀ ਕਹਾਣੀ ਦੋਵੇਂ ਔਰਤ ਅਤੇ ਮਰਦ ਦੇ ਸਾਂਵੇਂ ਸੰਬੰਧਾਂ ਦੇ ਧਾਰਣੀ ਹਾਂ"- ਤ੍ਰਿਪਤਾ ਕੇ. ਸਿੰਘ



ਸਾਡਾ ਸਮਾਜ ਭਾਵੇਂ ਆਧੁਨਿਕਤਾ ਵੱਲ ਵਧ ਰਿਹਾ ਹੈ ਪਰ ਔਰਤ ਪ੍ਰਤੀ ਸੋਚ ਅਜੇ ਵੀ ਜਗੀਰੂ ਕਿਸਮ ਦੀ ਹੀ ਰਹਿੰਦੀ ਹੈ। ਸਾਡੇ ਦੇਸ਼ ਵਿੱਚ ਅਰਧ ਨਾਰੀਸ਼ਵਰ ਦਾ ਸੰਕਲਪ ਮੌਜੂਦ ਹੈ ਪਰ ਔਰਤ ਹਮੇਸ਼ਾਂ ਦੁਜੈਲੇ ਸਥਾਨ 'ਤੇ ਰਹੀ ਹੈ। ਜਦੋਂ ਮੈਂ ਕਹਾਣੀਆਂ ਪੜ੍ਹਨੀਆਂ (ਲਿਖਣੀਆਂ ਨਹੀਂ) ਸ਼ੁਰੂ ਕੀਤੀਆਂ ਸਨ ਤਾਂ ਉਨ੍ਹਾਂ ਵੇਲਿਆਂ ਵਿਚ ਰਚੀ ਜਾ ਰਹੀ ਕਹਾਣੀ ਵਿੱਚ ਔਰਤ ਦੀਆਂ ਹੂਕਾਂ, ਹਾਉਂਕੇ, ਹੰਝੂ, ਚੀਸਾਂ ਅਤੇ ਮਰਦ ਦੇ ਗਲਬੇ ਹੇਠ ਸਾਹ ਲੈ ਰਹੀ ਔਰਤ ਦੀ ਗੱਲ ਕੀਤੀ ਜਾਂਦੀ ਸੀ। ਜਿਸ ਵਿੱਚ ਔਰਤ ਬਹੁਤ ਵਿਚਾਰੀ ਜਿਹੀ ਘਰ ਦੀਆਂ ਵਲਗਣਾਂ 'ਚ ਕੈਦ ਪਿਤਾ, ਪਤੀ ਅਤੇ ਪੁੱਤਰ 'ਤੇ ਨਿਰਭਰ ਸੀ। ਪੰਜਾਬੀ ਕਹਾਣੀ ਜਦੋਂ ਥੋੜ੍ਹਾ ਅਗਾਂਹ ਵਧਦੀ ਹੈ ਤਾਂ ਔਰਤ ਦੀਆਂ ਦੱਬੀਆਂ ਖਵਾਹਿਸ਼ਾ ਦੀ ਗੱਲ ਹੋਣ ਲੱਗ ਪੈਂਦੀ ਹੈ। ਉਹ ਘਰ ਦੀ ਚਾਰ ਦੀਵਾਰੀ ਵਿਚੋਂ ਨਿਕਲ ਕੇ ਆਜ਼ਾਦ ਫ਼ਿਜ਼ਾ ਵਿੱਚ ਸਾਹ ਲੈਂਦੀ ਹੈ। ਪਰ ਇਥੇ ਵੀ ਅਜੇ ਉਹ ਦੋਹਰੀ ਮਾਰ ਝੱਲ ਰਹੀ ਵਿਖਾਈ ਦਿੰਦੀ ਹੈ। ਨੌਕਰੀ ਦੇ ਨਾਲ ਨਾਲ ਘਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਸੰਭਾਲਦੀ ਹੈ। ਆਪਣੀ ਖੂਨ ਪਸ਼ੀਨੇ ਦੀ ਕਮਾਈ 'ਤੇ ਵੀ ਪੂਰਣ ਤੌਰ 'ਤੇ ਉਸ ਦਾ ਅਖ਼ਤਿਆਰ ਨਹੀਂ ਹੈ।

ਜਦੋਂ ਮੈਂ ਕਹਾਣੀ ਲਿਖਣੀ ਸ਼ੁਰੂ ਕਰਦੀ ਹਾਂ ਤਾਂ ਪੰਜਾਬੀ ਕਹਾਣੀ ਕਾਫ਼ੀ ਅੱਗੇ ਵੱਧ ਚੁੱਕੀ ਹੈ। ਔਰਤ ਆਰਥਿਕ ਪੱਖ ਤੋਂ ਕਾਫ਼ੀ ਮਜਬੂਤ ਹੋ ਕੇ ਉਭਰਦਾ ਹੈ। ਉਹ ਦਫ਼ਤਰ ਦੇ ਸਾਥੀਆਂ ਨਾਲ ਖੁੱਲ੍ਹ ਕੇ ਵਿਚਰਦੀ ਹੈ। ਹੁਣ ਕਹਾਣੀ ਵਿੱਚ ਉਸ ਦੀਆਂ ਦਮਿਤ ਇਛਾਵਾਂ ਦੀ ਗੱਲ ਹੋਣ ਲਗ ਪਈ ਹੈ। ਉਸ ਦੀਆਂ ਮਾਨਸਿਕ ਅਤੇ ਸ਼ਰੀਰਕ ਲੋੜਾਂ ਨੂੰ ਸਮਝਿਆ ਜਾਣ ਲੱਗਾ ਹੈ।

ਮੇਰੀਆਂ ਕਹਾਣੀਆਂ ਅੰਦਰਲੀ ਔਰਤ ਪਾਤਰ ਔਰਤ ਮਰਦ ਦੇ ਸਾਵੇਂ ਸੰਬੰਧਾਂ ਦੀ ਬਾਤ ਪਾਉਂਦੀ ਹੈ। ਉਹ ਰਿਸ਼ਤਿਆਂ ਦੀ ਅਹਿਮੀਅਤ ਨੂੰ ਸਮਝਦੀ ਹੋਈ ਆਪਣੀ ਗੱਲ ਕਹਿਣ ਦੀ ਸਮਰਥਾ ਰੱਖਦੀ ਹੈ। ਉਹ ਅਜ਼ਾਦੀ ਨਾਲ ਘਰੋਂ ਬਾਹਰ ਜਾ ਕੇ ਘਰ ਪਰਤਣ ਨੂੰ ਤਤਪਰ ਹੈ। ਮੇਰੀ ਕਹਾਣੀ ਦੀਆਂ ਪਾਤਰ ਔਰਤਾਂ ਮਗਰ ਪਰਾਏ ਮਰਦ ਨਾਲ ਦੋਸਤੀ ਕਰਦੀਆਂ ਵੀ ਹਨ ਤਾਂ ਉਹ ਆਪਣੀਆਂ ਹੱਦਾਂ ਜਾਣਦੀਆਂ ਹਨ। ਇਸੇ ਤਰ੍ਹਾਂ 'ਜਿੱਤੀ ਹੋਈ ਬਾਜੀ' ਦੀ ਪਾਤਰ ਰਾਣੋ ਜਗੀਰਦਾਰ ਦੀ ਮੈਲ਼ੀ ਅੱਖ ਨੂੰ ਭਾਂਪ ਕੇ ਉਹਦੀ ਦਾਹੜੀ ਪੁੱਟਣ ਤੱਕ ਜਾਂਦੀ ਹੈ। 'ਜਾਇਆ ਵੱਢੀ' ਦੀ ਜੀਤੋ ਆਪਣੀ ਅਣਖ ਦੀ ਖਾਤਰ ਆਪਣੇ ਪੁੱਤ ਦਾ ਕਤਲ ਤੱਕ ਕਰ ਬੈਠਦੀ ਹੈ। ਇਸ ਤਰ੍ਹਾਂ ਮੇਰੀਆਂ ਕਹਾਣੀਆਂ ਦੀਆਂ ਔਰਤ ਪਾਤਰ ਸ਼ਸ਼ਕਤ ਰੂਪ ਵਿੱਚ ਪੇਸ਼ ਹੁੰਦੀਆਂ ਹਨ।

ਬਕੌਲ ਡਾ. ਬਲਦੇਵ ਸਿੰਘ ਧਾਲੀਵਾਲ ਮੇਰੀ ਕਹਾਣੀ ਅਲੰਕਾਰਾਂ ਤੋਂ ਮੁਕਤ, ਸਹਿਜ, ਸਰਲ ਅਤੇ ਜੀਵੰਤ ਗਲਪੀ ਭਾਸ਼ਾ ਸਿਰਜਦੀ ਹੈ ਅਤੇ ਮਨੋਵਿਗਿਆਨਕ ਛੋਹਾਂ ਨਾਲ ਮਨੁੱਖੀ ਅਵਚੇਤਨ ਦੀਆਂ

ਹਨੇਰੀਆਂ ਗੁਫ਼ਾਫ਼ਾਂ ਤੱਕ ਪਾਠਕ ਦੀ ਝਾਤ ਪੁਆ ਸਕਣ ਦੇ ਸਮਰੱਥ ਹੈ। ਮੇਰੀ ਕਹਾਣੀ ਬਹੁਤ ਵੱਡੀਆਂ ਵੱਡੀਆਂ ਗੱਲਾਂ ਨਹੀਂ ਬਲਕਿ ਜ਼ਿੰਦਗੀ ਵਿੱਚ ਫ਼ੈਲੇ ਛੋਟੇ ਛੋਟੇ ਨੁਕਤਿਆਂ ਦੇ ਵੱਡੇ ਅਰਥ ਸਿਰਜਣ ਵਿੱਚ ਸਮਰੱਥ ਹੈ। ਇਸ ਵਿੱਚ ਸਤਹੀ ਨਹੀਂ ਬਲਕਿ ਸੂਖ਼ਮ, ਗਹਿਰੀ ਤੇ ਬਾਰੀਕ ਗੱਲ ਸੁਹਜਾਤਮਕ ਢੰਗ ਨਾਲ ਪ੍ਰਸਤੁਤ ਹੁੰਦੀ ਹੈ। ਕੀ ਲਿਖਣ ਨਾਲੋਂ ਕੀ ਨਹੀਂ ਲਿਖਣਾ ਹੈ, ਇਸ ਪ੍ਰਤੀ ਮੈਂ ਹਮੇਸ਼ਾ ਸੁਚੇਤ ਰਹਿੰਦੀ ਹੈ। ਕਹਾਣੀ ਵਿੱਚ ਬੇਲੋੜੇ ਵਿਸਥਾਰ ਉਸ ਦੇ ਕਲਾਤਮਕ ਪੱਖ ਨੂੰ ਢਾਹ ਲਾਉਂਦੇ ਹਨ। ਮੈਂ ਆਪਣੀ ਗੱਲ ਬਹੁਤ ਘੱਟ ਸ਼ਬਦਾਂ ਵਿੱਚ ਬਹੁਤ ਸਪਸ਼ਟ ਰੂਪ ਵਿੱਚ ਕਰਨ ਦੀ ਧਾਰਨੀ ਹਾਂ।

ਦ੍ਰਿਸ਼ਟ ਅਤੇ ਅਦ੍ਰਿਸ਼ਟ ਸਮਾਜਿਕ ਵਰਤਾਰੇ ਨੂੰ ਘੋਖਵਾਂ, ਪਰਖਣਾ ਅਤੇ ਸਮਝਣਾ ਤੇ ਉਸ ਨੂੰ ਸੁਹਜ ਸਮੇਤ ਆਪਣੀ ਰਚਨਾ ਵਿੱਚ ਪੇਸ਼ ਕਰਨਾ, ਮਾਨਵੀਂ ਪ੍ਰਵਿਰਤੀਆਂ ਨੂੰ ਸਹਿਜ ਬਿਰਤਾਂਤ ਰਾਹੀਂ ਆਪਣੀ ਰਚਨਾ ਵਿੱਚ ਲੈ ਕੇ ਆਉਣਾ ਵਰਗੀਆਂ ਗੱਲਾਂ ਮੇਰੀ ਕਹਾਣੀ ਨੂੰ ਸਮਕਾਲੀ ਪੰਜਾਬੀ ਕਹਾਣੀ ਨਾਲੋਂ ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੀਆਂ ਹਨ।

ਇੱਕੀਵੀਂ ਸਦੀ ਤੱਕ ਪਹੁੰਚਦੇ ਪਹੁੰਚਦੇ ਸਾਡੇ ਸਮਾਜਿਕ ਢਾਂਚੇ ਵਿੱਚ ਮਨੁੱਖੀ ਰਿਸ਼ਤਿਆਂ ਦਾ ਵਿਘਠਨ, ਟੁੱਟ ਭੱਜ ਅਤੇ ਮਾਨਵੀਕਰਨ ਬੁਰੀ ਤਰ੍ਹਾਂ ਪੈਰ ਪਸਾਰ ਰਿਹਾ ਹੈ। ਇਸੇ ਸਮਾਜਿਕ ਵਰਤਾਰੇ ਵਿਚ ਕਿਰਿਆਸ਼ੀਲ ਲੇਖਕ ਮਨੁੱਖ ਦੀ ਵੇਦਨਾ ਨੂੰ ਆਪਣੇ ਅਨੁਭਵ ਦਾ ਹਿੱਸਾ ਬਣਾ ਕੇ ਆਪਣੇ ਸਿਰਜੇ ਹੋਏ ਪਾਤਰਾਂ ਰਾਹੀ ਆਪਣੀ ਰਚਨਾ ਵਿਚ ਪੇਸ਼ ਕਰਦਾ ਹੈ। ਮਨੁੱਖੀ ਮਨ ਦੇ ਜਟਿਲ ਬਿਰਤਾਂਤ ਨੂੰ ਸਹਿਜ ਨਾਲ ਆਪਣੀ ਰਚਨਾ ਵਿਚ ਪੇਸ਼ ਕਰਨਾ ਹੀ ਹਰ ਲੇਖਕ ਦੀ ਕੋਸ਼ਿਸ਼ ਰਹਿੰਦੀ ਹੈ। ਮੇਰੀ ਵੀ ਇਹ ਕੋਸ਼ਿਸ਼ ਰਹੀ ਹੈ ਕਿ ਮੈਂ ਮਨੁੱਖੀ ਮਨ ਦੀ ਜਟਿਲਤਾ ਨੂੰ ਸਮਝ ਕੇ ਉਸ ਨੂੰ ਆਪਣੀ ਰਚਨਾ ਵਿਚ ਪੇਸ਼ ਕਰਾਂ। ...ਮੇਰੀਆਂ ਕਹਾਣੀਆਂ ਵਿਚ ਔਰਤ ਅਤੇ ਮਰਦ ਪਾਤਰ ਮਰਿਯਾਦਾ ਅਤੇ ਅਕਾਂਖਿਆ ਦੇ ਤਣਾਓ ਨੂੰ ਭੋਗ ਰਹੇ ਹਨ। ਇਹੀ ਦਵੰਦ ਮੇਰੀਆਂ ਔਰਤ ਅਤੇ ਮਰਦ ਪਾਤਰਾਂ ਰਾਹੀਂ ਉਭਰਵੇਂ ਰੂਪ ਵਿਚ ਪੇਸ਼ ਹੋਇਆ ਹੈ। ਸਮਾਜਿਕ ਮਰਿਯਾਦਾਵਾਂ ਔਰਤ ਉਪਰ ਕਈ ਤਰ੍ਹਾਂ ਦੀਆਂ ਰੋਕਾਂ ਲਾਉਂਦੀਆਂ ਹਨ। ਮਨਾਹੀਆਂ ਦੇ ਇਸ ਦੌਰ ਵਿੱਚ ਜਦੋਂ ਔਰਤ ਆਪਣੀ ਆਈ ਤੇ ਆ ਜਾਵੇ ਤਾਂ ਉਹ ਕੁਝ ਵੀ ਕਰ ਗੁਜਰਨ ਲਈ ਤਿਆਰ ਹੋ ਜਾਂਦੀ ਹੈ। ਮੇਰੀਆਂ ਕਹਾਣੀਆਂ ਵਿੱਚ ਮੈਂ ਆਪਣੇ ਪਾਤਰਾਂ ਰਾਹੀਂ ਸਮਾਜ ਦੇ ਜਟਿਲ ਅਤੇ ਗੁੰਝਲਦਾਰ ਵਰਤਾਰਿਆਂ ਨੂੰ ਬੜੇ ਸੂਖ਼ਮ ਸੰਕੇਤਾਂ ਰਾਹੀਂ ਫੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਔਰਤ ਅਤੇ ਮਰਦ ਦੀ ਕਸ਼ਮਕਸ਼ ਦੇ ਨਾਲ ਨਾਲ ਉਸ ਨੂੰ ਸਮਾਜਿਕ ਵਿਰੋਧਾਭਾਸ ਵਿੱਚ ਖੜੇ ਵਿਖਾ ਕੇ ਆਪਣੀ ਮਨ ਮਰਜੀ ਦੀ ਜ਼ਿੰਦਗੀ ਜਿਊਣ ਲਈ ਕਦਮ ਵਧਾਉਂਦੇ ਵਿਖਾਇਆ ਹੈ।

ਲੇਖਕ ਹੋਣਾ ਬਹੁਤ ਹੀ ਜ਼ਿੰਮੇਵਾਰੀ ਵਾਲਾ ਕੰਮ ਹੈ। ਪਰ ਔਰਤ ਲੇਖਕ ਹੋਣਾ ਹੋਰ ਵੀ ਜਿਆਦਾ ਚੈਲਿੰਜਿੰਗ ਹੁੰਦਾ ਹੈ। ਬਹੁਤ ਵਾਰ ਤੁਹਾਨੂੰ ਬਾਹਰ ਤੋਂ ਵੀ ਵੱਖ ਘਰ ਵਿੱਚ ਕਈ ਤਰ੍ਹਾਂ ਦੇ ਵਿਰੋਧਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਉਂਕਿ ਲੇਖਕਾ ਪਹਿਲਾਂ ਕਿਸੇ ਦੀ ਬੀਵੀ ਹੈ ਕਿਸੇ ਦੀ ਮਾਂ ਤੇ ਕਿਸੇ ਦੀ ਧੀ। ਉਹ ਸਾਰੇ ਪਰਿਵਾਰਿਕ ਮੈਂਬਰ ਲੇਖਕਾ ਦੇ ਉਸੀ ਸਮਾਜ ਦਾ ਹਿੱਸਾ ਹਨ ਜਿਨ੍ਹਾਂ ਦੀਆਂ ਸੱਚਾਈਆਂ ਉਸ ਨੇ ਸਮਾਜ ਦੇ ਸਾਹਮਣੇ ਰੱਖਣੀਆਂ ਹੁੰਦੀਆਂ ਹਨ। ਕਈ ਵਾਰ ਉਸ ਦੀ ਕਲਮ ਤੇ ਵਿਸ਼ਿਆਂ ਨੂੰ ਲੈ ਕੇ ਪਰਿਵਾਰ ਵਲੋਂ ਬੰਦਿਸ਼ਾ ਵੀ ਲਗਾਈਆਂ ਜਾਂਦੀਆਂ ਹਨ। ਮੁਸ਼ਕਲ ਉਦੋਂ ਹੋਰ ਵੀ ਵਧ ਜਾਂਦੀ ਹੈ ਜਦੋਂ ਬਾਹਰੀ ਸਮਾਜ ਉਸਦੀਆਂ ਲਿਖਤਾਂ ਵਿਚੋਂ ਲੇਖਕਾ ਨੂੰ ਹੀ ਲੱਭਣ ਤੁਰ ਪੈਂਦਾ ਹੈ। ਤੇ ਜੇ ਕੋਈ ਮੇਰੇ ਵਰਗੀ ਬੋਲਡ ਵਿਸ਼ਿਆਂ ਤੇ ਲਿਖਣ ਵਾਲੀ ਲੇਖਕਾ ਹੋਵੇ ਤਾਂ ਮੁਸੀਬਤ ਦੁੱਗਣੀ ਹੋ ਜਾਂਦੀ ਹੈ। ਪਰ ਬਤੌਰ ਕਹਾਣੀਕਾਰਾ ਮੈਂ ਇਹਨਾਂ ਸਭ ਗੱਲਾਂ ਦੀ ਪ੍ਰਵਾਹ ਨਹੀਂ ਕਰਦੀ। ਆਪਣੀ ਗੱਲ ਸਪਸ਼ਟ ਰੂਪ ਵਿੱਚ ਕਹਿ ਸਕਣ ਦੀ ਸਮਰੱਥਾ ਰੱਖਦੀ ਹਾਂ। ਪਰਿਵਾਰ ਅਤੇ ਲੇਖਣੀ ਵਿੱਚ ਸਮਤੋਲ ਕਰਨਾ ਮੈਨੂੰ ਚੰਗੀ ਤਰ੍ਹਾਂ ਆਉਂਦਾ ਹੈ।

ਬਤੌਰ ਕਹਾਣੀਕਾਰਾਂ ਮੈਨੂੰ ਮਾਨਤਾ ਮਿਲੀ ਜਾਂ ਨਹੀਂ ਇਹਦਾ ਜੁਆਬ ਤਾਂ ਤੁਹਾਡੇ ਖੁਦ ਕੋਲ ਮੌਜੂਦ ਹੈ। 'ਕਹਾਣੀ ਧਾਰਾ' ਵਰਗੇ ਵੱਕਾਰੀ ਰਸਾਲੇ ਦੇ ਸੰਪਾਦਕ ਹੋਣ ਦੇ ਨਾਤੇ ਤੁਸਾਂ ਮੈਨੂੰ ਇਸ ਯੋਗ ਸਮਝਿਆ



ਕਿ ਮੈਨੂੰ ਆਪਣੀਆਂ ਸਮਕਾਲੀ ਅਤੇ ਕੁਝ ਸੀਨੀਅਰ ਲੇਖਕਾਵਾਂ ਕਹਾਣੀ ਸੰਬੰਧੀ ਸੰਵਾਦ ਕਰਨ ਲਈ ਚੁਣਿਆ। ਮੈਂ ਪਿਛਲੇ ਪੰਦਰਾ ਸਾਲ ਤੋਂ ਕਹਾਣੀ ਲਿਖ ਰਹੀ ਹਾਂ। ਸਾਲ ਵਿੱਚ ਇਕ ਅੱਧੀ ਕਹਾਣੀ ਹੀ ਲਿਖਦੀ ਹਾਂ। ਫਿਰ ਕਾਫੀ ਲੰਮਾ ਸਮਾਂ ਆਪਣੇ ਪਾਠਕਾਂ ਨਾਲ ਕਹਾਣੀ ਬਾਰੇ ਵਿਚਾਰ ਵਟਾਂਦਰਾਂ ਚਲਦਾ ਰਹਿੰਦਾ। ਪੰਦਰਾਂ ਸਾਲ ਬਾਅਦ ਮੇਰੀ ਪਲੇਠੀ ਕਿਤਾਬ 'ਇਕ ਦਿਨ' ਛਪੀ ਹੈ। ਪਰ ਕਿਤਾਬ ਛੱਪਣ ਤੋਂ ਪਹਿਲਾਂ ਹੀ ਇਸ ਵਿੱਚ ਸ਼ਾਮਿਲ ਹਰ ਕਹਾਣੀ ਸਾਹਿਤਕ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਰਹੀ ਹੈ। ਪਾਠਕਾਂ ਅਤੇ ਆਲੋਚਕਾਂ ਨੇ ਮੇਰੀਆਂ ਕਹਾਣੀਆਂ ਨੂੰ ਭਰਪੂਰ ਪਿਆਰ ਦਿੱਤਾ। ਪਹਿਲੀ ਹੀ ਕਿਤਾਬ ਨੂੰ ਉੱਘੇ ਕਹਾਣੀਕਾਰ ਦਲਬੀਰ ਚੇਤਨ ਦੀ ਯਾਦ ਵਿੱਚ ਦਿੱਤਾ ਜਾਣ ਵਾਲਾ 'ਦਲਬੀਰ ਚੇਤਨ ਯਾਦਗਾਰੀ ਪੁਰਸਕਾਰ' ਮਿਲਣਾ ਮੇਰੀ ਕਿਤਾਬ ਲਈ ਮਾਣ ਵਾਲੀ ਗੱਲ ਹੈ। ਕਿਤਾਬ ਛਪਣ ਤੋਂ ਪਹਿਲਾਂ ਹੀ 'ਪ੍ਰਿ. ਸੁਜਾਨ ਸਿੰਘ ਉਤਸ਼ਾਹ ਵਰਧਕ' ਪੁਰਸਕਾਰ ਵੀ ਮੇਰੀ ਕਹਾਣੀ ਲਈ ਮਾਣ ਵਾਲੀ ਗੱਲ ਸੀ। ਇਹ ਇਨਾਮ ਸਨਮਾਨ ਲਿਖਣ ਨੂੰ ਹੋਰ ਚੰਗਾ ਲਿਖਣ ਲਈ ਪ੍ਰੇਰਿਤ ਕਰਦੇ ਹਨ। ਬਤੌਰ ਕਹਾਣੀਕਾਰਾਂ ਤੁਹਾਨੂੰ ਕਿੰਨੀ ਕੁ ਮਾਨਤਾਂ ਮਿਲੀ ਹੈ' ਇਸਦਾ ਅਹਿਸਾਸ ਤੁਹਾਨੂੰ ਤੁਹਾਡੇ ਪਾਠਕ ਕਰਵਾਉਂਦੇ ਰਹਿੰਦੇ ਹਨ।

ਰਹੀ ਗੱਲ ਗੌਡਫਾਦਰ ਦੀ ਤਾਂ ਮੈਨੂੰ ਇਸ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ, ਕਿਉਂਕਿ ਸਾਹਿਤ ਵਿੱਚ ਮੇਰਾ ਕੋਈ ਗੌਡਫਾਦਰ ਨਹੀਂ ਹੈ। ਹਾਂ ਰਾਹ-ਦਸੇਰੇ ਤੇ ਮਾਰਗ ਦਰਸ਼ਨ ਕਰਨ ਵਾਲੇ ਬਹੁਤ ਸਾਰੇ ਸਾਹਿਤਕ ਮਿੱਤਰ ਜ਼ਰੂਰ ਹਨ। ਮੇਰੇ ਖਿਆਲ ਵਿੱਚ ਰਚਨਾ ਵਿੱਚ ਅਗਰ ਕੋਈ ਗੱਲਬਾਤ ਹੋਏਗੀ ਤਾਂ ਉਹ ਆਪਣਾ ਮੁੱਲ ਆਪ ਹੀ ਪੁਆ ਲਏਗੀ। ਕੋਈ ਵੀ ਗੌਡਫਾਦਰ ਕਿਸੇ ਵੀ ਲੇਖਕ ਨੂੰ ਸਾਹਿਤ ਦੇ ਸਿਖਰਲੇ ਡੰਡੇ 'ਤੇ ਨਹੀਂ ਪਹੁੰਚਾ ਸਕਦਾ। ਹਾਂ ਇਨਾਮਾਂ ਸਨਮਾਨਾਂ ਦੀ ਦੌੜ ਵਿਚ ਜ਼ਰੂਰ ਸ਼ਾਮਿਲ ਕਰਾ ਸਕਦਾ ਤੇ ਦਾਅ ਲੱਗੇ ਤਾਂ ਦਿਲਵਾ ਵੀ ਸਕਦਾ। ਪਰ ਕਿਸੇ ਵੀ ਰਚਨਾ ਲਈ ਸਾਹਿਤ ਦਾ ਸਿਖਰਲਾ ਡੰਡਾ ਉਸ ਦੇ ਪਾਠਕਾਂ ਦੇ ਮਨ ਵਿੱਚ ਹੀ ਹੁੰਦਾ ਹੈ।

ਕੋਈ ਵੀ ਰਚਨਾਕਾਰ ਆਪਣੀ ਰਚਨਾ ਪਾਠਕ ਦੇ ਹਿਰਦੇ ਨੂੰ ਕਿੰਨਾ ਕੁ ਪ੍ਰਭਾਵਿਤ ਕਰ ਸਕਣ ਦੀ ਸਮਰਥਾ ਰੱਖਦਾ ਹੈ? ਇਹ ਉਸ ਦੀ ਸ਼ੈਲੀ ਅਤੇ ਭਾਸ਼ਾ 'ਤੇ ਨਿਰਭਰ ਕਰਦਾ ਹੈ। ਇਹ ਸ਼ੈਲੀ ਹੀ ਹੈ ਜੋ ਇਕ ਰਚਨਾ ਵਿੱਚ ਭਾਸ਼ਾਈ ਸਾਧਨਾ ਦੁਆਰਾ ਪ੍ਰਾਪਤ ਕੀਤਾ ਗਿਆ ਭਾਵਾਤਮਕ ਪ੍ਰਭਾਵ ਹੁੰਦਾ ਹੈ। ਕਹਾਣੀ ਲਿਖਣ ਵੇਲੇ ਸੁਚੇਤ ਰੂਪ ਵਿੱਚ ਮੇਰੀ ਇਹ ਕੋਸ਼ਿਸ਼ ਹੁੰਦੀ ਹੈ ਕਿ ਜਟਿਲ ਤੋਂ ਜਟਿਲ ਬਿਰਤਾਂਤ ਨੂੰ ਸਰਲ ਸ਼ਬਦਾਂ ਵਿੱਚ ਬਿਆਨ ਕਰ ਸਕਾਂ ਤਾਂ ਜੋ ਪਾਠਕ ਦੇ ਮਨ ਤੇ ਕਿਸੇ ਕਿਸਮ ਦਾ ਬੋਝ ਨਾ ਪਵੇ। ਇਹੀ ਵਜ੍ਹਾ ਹੈ ਕਿ ਮੇਰੀਆਂ ਕਹਾਣੀਆਂ ਵਿੱਚ ਸੰਜਮਤਾ ਹੁੰਦੀ ਹੈ, ਅਤੇ ਮੈਂ ਸੰਕੋਚਵੇਂ ਸ਼ਬਦਾਂ ਵਿੱਚ ਆਪਣੀ ਗੱਲ ਕਹਿੰਦੀ ਹਾਂ ਜੋ ਕਿ ਰਚਨਾ ਦੇ ਮਿਆਰ ਨੂੰ ਵਧਾਉਂਦੀ ਹੈ। ਮੇਰੀ ਇਹ ਕੋਸ਼ਿਸ਼ ਹੁੰਦੀ ਹੈ ਕਿ ਜਿਹੜੀ ਗੱਲ ਇਕ ਪੈਰ੍ਹੇ ਵਿੱਚ ਹੁੰਦੀ ਹੈ ਉਹਨੂੰ ਇਕ ਫ਼ਿਕਰੇ ਵਿੱਚ ਮੁਕੰਮਲ ਕਰ ਸਕਾਂ। ਭਾਸ਼ਾ ਦੀ ਇਹੀ ਸੰਖੇਪਤਾ, ਸਪਸ਼ਟਤਾ ਅਤੇ ਸੰਜ਼ਮ ਮੇਰੀ ਰਚਨਾ ਵਿੱਚ ਪਾਠਕ ਦੀ ਦਿਲਚਸਪੀ ਬਣਾਈ ਰੱਖਦਾ ਹੈ। ਇਹੀ ਮੇਰੀਆਂ ਕਹਾਣੀਆਂ ਦਾ ਗੁਣਾਤਮਕ ਤੇ ਕਲਾਤਮਿਕ ਪੱਖ ਹੈ। ਕਿਸ ਵੀ ਲੇਖਕ ਨੂੰ ਆਪਣੇ ਵਸਤੂ ਅਨੁਭਵ ਦੇ ਪ੍ਰਗਟਾਵੇ ਲਈ ਸਹਿਜ ਅਤੇ ਸੁਭਾਵਕ ਰਹਿਣਾ ਜ਼ਰੂਰੀ ਹੈ। ਇਹ ਸਹਿਜਤਾ ਅਤ ਸੁਭਾਵਿਕਤਾ ਆਪ ਮੁਹਾਰੀ ਨਹੀਂ ਸਗੋਂ ਬੇਹੱਦ ਨਿਯੰਤਰਿਤ ਅਤੇ ਵਿਉਂਤਵਧ ਹੁੰਦੀ ਹੈ। ਇਹੀ ਮੇਰੀ ਰਚਨਾ ਨੂੰ ਯਥਾਰਥਕ ਬਣਾਉਂਦੀ ਹੈ।

ਆਪਣੀ ਰਚਨਾ ਅੰਦਰ ਮੈਂ ਆਪਣੇ ਪਾਤਰਾਂ ਨੂੰ ਕਠਪੁਤਲੀ ਨਹੀਂ ਬਣਾਉਂਦੀ ਸਗੋਂ ਉਹ ਜਿਵੇਂ ਦੇ ਵੀ ਹਨ ਉਵੇਂ ਦੇ ਹੀ ਖੁਦ ਨੂੰ ਮੇਰੀ ਕਲਮ ਰਾਹੀਂ ਪੇਸ਼ ਕਰ ਲੈਂਦੇ ਹਨ। ਮੇਰੀਆਂ ਔਰਤ ਪਾਤਰ ਆਪਣੇ ਆਪ ਨੂੰ ਆਪਣੀ ਚੁੱਪ ਰਾਹੀਂ ਵੀ ਬਹੁਤ ਸ਼ਕਤੀ ਸ਼ਾਲੀ ਢੰਗ ਨਾਲ ਪੇਸ਼ ਹੋ ਕੇ ਮਰਦ ਦੇ ਅੰਦਰ ਇਕ ਤਿਲਮਿਲਾਹਟ ਪੈਦਾ ਕਰਨ ਦੀ ਸਮਰੱਥਾ ਰੱਖਦੀਆਂ ਹਨ। ਮੇਰੀਆਂ ਕਹਾਣੀਆਂ ਦੇ ਮਰਦ ਪਾਤਰ ਵੀ ਆਪਣੀਆਂ ਕਮਜ਼ੋਰੀਆਂ, ਚਲਾਕੀਆਂ, ਮੁਹੱਬਤਾਂ ਸਮੇਤ ਆਪਣੀ ਦੋਹਰੀ ਮਾਨਸਿਕਤਾ ਦੇ ਪੇਸ਼ ਹੁੰਦੇ ਹਨ। ਔਰਤ ਅਤੇ

ਮਰਦ ਪਾਤਰ ਪ੍ਰਤੱਖ ਰੂਪ ਵਿੱਚ ਇਕ ਦੂਜੇ 'ਤੇ ਹਾਵੀ ਹੁੰਦੇ ਨਜ਼ਰ ਨਹੀਂ ਆਉਂਦੇ।

ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ ਕਿ ਸਦੀਆਂ ਤੋਂ ਸਾਡੇ ਸਮਾਜ ਵਿੱਚ ਔਰਤ ਹਮੇਸ਼ਾ ਦੁਜੈਲੇ ਸਥਾਨ 'ਤੇ ਰਹੀ ਹੈ।ਅਤੇ ਨਿਸ਼ਚਿਤ ਹੀ ਸ਼ੋਸ਼ਿਤ ਧਿਰ ਵਜੋਂ ਸਾਹਿਤ ਦਾ ਹਿੱਸਾ ਬਣਦੀ ਰਹੀ ਹੈ।ਅਜੋਕੇ ਸਮੇਂ ਵਿੱਚ ਔਰਤਾਂ ਵਲੋਂ ਮਰਦਾਂ ਦੇ ਸ਼ੋਸ਼ਣ ਤੋਂ ਮੈਂ ਇਨਕਾਰੀ ਤਾਂ ਨਹੀਂ ਪਰ ਮੈਂ ਇਸ ਗੱਲ ਨਾਲ ਵੀ ਸਹਿਮਤ ਨਹੀਂ ਕਿ ਇਹ ਸਮੱਸਿਆ ਆਮ ਜਨ ਦੀ ਸਮੱਸਿਆ ਹੈ।ਔਰਤਾਂ ਨੂੰ ਸਦੀਆਂ ਲੱਗ ਗਈਆਂ ਇਹ ਸਮਾਜਿਕ ਬੇੜੀਆਂ ਨੂੰ ਤੋੜਨ ਵਿੱਚ।ਮੈਂ ਨਹੀਂ ਚਾਹੁੰਦੀ ਕਿ ਔਰਤਾਂ ਮਰਦਾਂ ਨੂੰ ਪਛਾੜ ਕੇ ਬਹੁਤ ਅਗਾਂਹ ਨਿਕਲ ਜਾਵੇ।ਮੈਂ ਅਤੇ ਮੇਰੀ ਕਹਾਣੀ ਦੋਵੇਂ ਔਰਤ ਅਤੇ ਮਰਦ ਦੇ ਸਾਂਵੇਂ ਸੰਬੰਧਾਂ ਦੇ ਧਾਰਣੀ ਹਾਂ।ਇਹ ਸਾਵਾਂਪਨ ਹੀ ਇਸ ਸਮਾਜ ਨੂੰ ਖੁਸ਼ਹਾਲ ਅਤੇ ਇਥੇ ਰਹਿਣਯੋਗ ਬਣਾ ਸਕਦਾ ਹੈ।ਮੇਰੀ ਕਹਾਣੀ ਪੱਛਮੀ ਤਰਜ਼ 'ਤੇ ਸਿਰਜੀ ਜਾ ਰਹੀ ਸੋ ਕਾਲਡ ਵਿਮੈਨ ਲਿਬਰੇਸ਼ਨ ਦੀ ਵੀ ਹਾਮੀ ਨਹੀਂ ਭਰਦੀ।ਔਰਤ ਅਤੇ ਮਰਦ ਦੋਵਾਂ ਨੂੰ ਹੀ ਆਪਣੀ ਅਸਲ ਆਜ਼ਾਦੀ ਦੇ ਅਸਲ ਮਾਇਨਿਆਂ ਤੋਂ ਬਾਖੂਬੀ ਵਾਕਿਫ਼ ਹੋਣ ਦੀ ਲੋੜ ਹੈ।

ਮੇਰੀਆਂ ਬਹੁਤੀਆਂ ਕਹਾਣੀਆਂ, (ਸਾਰੀਆਂ ਨਹੀਂ) ਦੇ ਪ੍ਰਮੁੱਖ ਸਰੋਕਾਰ ਔਰਤ-ਮਰਦ ਦੇ ਮਾਨਸਿਕ ਅਤੇ ਦੈਹਿਕ ਰਿਸ਼ਤਿਆਂ ਦੀ ਵਿਆਕਰਣ ਸਿਰਜਣ ਨਾਲ ਜੁੜੇ ਹੋਏ ਹਨ।ਮੈਂ ਆਪਣੀਆਂ ਕਹਾਣੀਆਂ ਵਿੱਚ ਔਰਤ ਅਤੇ ਮਰਦ ਦੀ ਮਾਨਸਿਕਤਾ ਨੂੰ ਬਹੁਤ ਬਾਰੀਕੀ ਨਾਲ ਪਕੜਨ ਦੀ ਕੋਸ਼ਿਸ਼ ਕੀਤੀ ਹੈ, ਅਤੇ ਕਾਫ਼ੀ ਹੱਦ ਤੱਕ ਕਾਮਯਾਬ ਵੀ ਹੋਈ ਹਾਂ।ਵਿਆਹ ਦੀ ਉਮਰ ਵਿਹਾ ਚੁੱਕੀ ਕੁੜੀ ਦੀਆਂ ਸਰੀਰਕ ਲੋੜਾਂ ਦੀ ਗੱਲ ਕਰਦੀ ਸੁਪਨ ਸੰਸਾਰ ਨੂੰ ਵੇਖ ਲਓ।ਬਹੁਤ ਸੈਂਸਟਿਵ ਵਿਸ਼ੇ ਨੂੰ ਸ਼ਬਦਾ ਦੀ ਸੰਜਮਤਾ ਨਾਲ ਪੇਸ਼ ਕੀਤਾ ਗਿਆ ਹੈ। ਇਸੇ ਤਰ੍ਹਾਂ 'ਭਲਾ ਆਦਮੀ' ਅਤੇ 'ਹਿਰਸ' ਕਹਾਣੀ ਵਿੱਚ ਬਜ਼ੁਰਗ ਮਰਦਾਂ ਦੀ ਮਾਨਸਿਕਤਾ ਨੂੰ ਬਹੁਤ ਬਾਰੀਕੀ ਨਾਲ ਫੜਨ ਦੀ ਸਹਿਜ ਕੋਸ਼ਿਸ਼ ਕੀਤੀ ਗਈ ਹੈ। ਮਾਂ ਅਤੇ ਧੀ ਦੇ ਰਵਾਇਤੀ ਰਿਸ਼ਤੇ ਨੂੰ ਤੋੜਦੀ ਕਹਾਣੀ 'ਮਾਵਾਂ ਤੇ ਧੀਆਂ ਰਲ਼ ਬੈਠੀਆਂ' ਕਹਾਣੀ ਵਿੱਚ ਅਜੋਕੇ ਸਮਾਜ ਵਿਚਲੇ ਮਾਂ ਅਤੇ ਧੀ ਦੇ ਰਿਸ਼ਤੇ ਨੂੰ ਵੱਖਰੇ ਜਾਵੀਏ ਤੋਂ ਪੇਸ਼ ਕੀਤਾ ਗਿਆ ਹੈ। 'ਬਿਨਾ ਧੁੱਪ ਪਰਛਾਵਾਂ' ਕਹਾਣੀ ਵਿੱਚ ਔਰਤ ਦੀ ਬੱਚੇ ਲਈ ਚਾਹ ਉਸ ਨੂੰ ਮਾਨਸਿਕ ਰੋਗੀ ਬਣਾ ਦਿੰਦੀ ਹੈ ਪਰ ਕਹਾਣੀ ਦਾ ਅੰਤ ਪਾਠਕ ਦੇ ਸੋਚੇ ਹੋਏ ਅੰਤ ਤੋਂ ਬਿਲਕੁਲ ਵੱਖਰਾ ਹੁੰਦਾ ਹੈ ਤਾਂ ਪਾਠਕ ਸੁੰਨ ਹੋ ਕੇ ਰਹਿ ਜਾਂਦਾ ਹੈ।ਇਸੇ ਤਰ੍ਹਾਂ 'ਮਰੀਆਂ ਹੋਈਆਂ ਮਛਲੀਆਂ', 'ਕੰਧ 'ਤੇ ਟੰਗਿਆ ਸਕੈਚ' ਅਤੇ 'ਇੱਕ ਦਿਨ' ਵਰਗੀਆਂ ਕਹਾਣੀਆਂ ਵਿੱਚ ਔਰਤ ਦਾ ਕਿਰਦਾਰ ਸ਼ਸ਼ਕਤ ਰੂਪ ਵਿੱਚ ਪ੍ਰਸਤੁਤ ਹੁੰਦਾ ਹੈ। 'ਸੈਵਨਥ ਸੈਂਸ' ਵਿੱਚ ਸਮਾਜ ਦਾ ਅੰਦਰੂਨੀ ਸੱਚ ਸਾਹਮਣੇ ਆਉਂਦਾ ਹੈ।

ਰਹੀ ਗੱਲ ਕਹਾਣੀ ਲਿਖਦਿਆਂ ਸਮਾਜ ਅਤੇ ਪਰਿਵਾਰ ਦਾ ਡਰ, ਤਾਂ ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਕਦੀ ਵੀ ਕੁਝ ਲੀਕ ਤੋਂ ਹਟ ਕੇ ਲਿਖਣ ਵੇਲੇ ਕਿਸੇ ਵੀ ਲੇਖਕ ਖਾਸ ਕਰਕੇ ਲੇਖਿਕਾਂ ਨੂੰ ਸਮਾਜ ਤੋਂ ਪਹਿਲਾਂ ਪਰਿਵਾਰ ਦਾ ਡਰ ਸਤਾਉਂਦਾ ਹੈ।ਪਰ ਮੇਰੀ ਖੁਸ਼ਕਿਸਮਤੀ ਹੈ ਕਿ ਮੈਨੂੰ ਮੇਰੇ ਪਤੀ ਅਤੇ ਬੱਚਿਆਂ ਵਲੋਂ ਪੂਰਨ ਸਹਿਯੋਗ ਮਿਲਦਾ ਹੈ।ਮੇਰਾ ਪਰਿਵਾਰ ਮੇਰੀ ਹਰ ਰਚਨਾ ਦੀ ਪਹਿਲਾ ਪਾਠਕ ਹੁੰਦਾ ਹੈ।ਘਰ ਦਾ ਮਾਹੌਲ ਖੁੱਲ੍ਹਾ ਹੈ।ਮੇਰਾ ਪਰਿਵਾਰ ਬੇਸ਼ਕ ਸਿੱਧੇ ਤੌਰ 'ਤੇ ਸਾਹਿਤ ਨਾਲ ਨਹੀਂ ਜੁੜਿਆ ਹੋਇਆ ਪਰ ਉਹਨਾਂ ਵਿੱਚ ਏਨੀ ਸਮਝ ਜ਼ਰੂਰ ਵਿਕਸਿਤ ਹੈ ਕਿ ਉਹ ਮੇਰੀਆਂ ਕਹਾਣੀਆਂ ਵਿਚੋਂ ਸਮਾਜ ਵਿੱਚ ਵਾਪਰ ਰਹੇ ਨੂੰ ਲੱਭ ਰਹੇ ਹੁੰਦੇ ਨੇ ਨਾ ਕਿ ਮੈਨੂੰ।ਮੈਂ ਇਹੋ ਜਿਹੇ ਲੇਖਕਾਂ ਨੂੰ ਵੀ ਜਾਣਦੀ ਹਾਂ ਜੋ ਰਚਨਾ ਵਿਚੋਂ ਰਚਨਾਕਾਰ ਨੂੰ ਲੱਭਦੇ ਰਹਿੰਦੇ ਹਨ।ਸੋ ਮੈਨੂੰ ਕਿਸੇ ਸਬਜੈਕਟ 'ਤੇ ਲਿਖਣ ਵੇਲੇ ਕਿਸੇ ਕਿਸਮ ਦਾ ਕੋਈ ਡਰ ਭੈਅ ਨਹੀਂ ਸਤਾਉਂਦਾ ਅਤੇ ਇੱਕ ਲੇਖਕ ਹੋਣ ਦੇ ਨਾਤੇ ਮੈਨੂੰ ਆਪਣੀਆਂ ਸੀਮਾਵਾਂ ਦਾ ਭਲੀ-ਭਾਂਤ ਗਿਆਨ ਹੈ।

**ਸੰਪਰਕ-94783-90062**



# "ਮੇਰੀਆਂ ਕਹਾਣੀਆਂ ਸਮਾਜ ਦੇ ਯਥਾਰਥ ਦੀ ਨਿੱਗਰ ਪੇਸ਼ਕਾਰੀ ਕਰਦੀਆਂ ਹਨ"- ਨਰਿੰਦਰ ਕੌਰ ਭੱਚੂ

ਸਾਡਾ ਸਮਾਜ ਮਖੌਟਾਧਾਰੀ ਹੈ, ਜੋ ਦਿਖਦਾ ਹੈ ਉਹ ਹੁੰਦਾ ਨਹੀਂ ਜੋ ਹੁੰਦਾ ਹੈ ਉਹ ਦਿਖਦਾ ਨਹੀਂ।ਅੰਦਰੋਂ ਹੋਰ ਬਾਹਰੋਂ ਹੋਰ।ਖੁਸ਼ਹਾਲ ਦਿਸਦੀ ਔਰਤ ਦੀ ਹਾਲਤ ਵੀ ਇਸ ਤਰ੍ਹਾਂ ਦੀ ਹੀ ਸੀ।ਚੰਗੀ ਨਹੀਂ ਸੀ।ਔਰਤ ਧੱਕੇਸ਼ਾਹੀ, ਬਦਸਲੂਕੀ, ਬੇਪਤੀ, ਵਿਤਕਰੇ ਦਾ ਸੰਤਾਪ ਸਹਿੰਦੀ ਸੀ।ਉਸਦਾ ਸ਼ੋਸ਼ਣ ਹੁੰਦਾ, ਉਸ 'ਤੇ ਜ਼ੁਲਮ ਹੁੰਦਾ ਸੀ।ਜਦੋਂ ਤੱਕ ਔਰਤ ਮਰਦ ਦੀਆਂ ਵਲ਼ੀਆਂ ਵਲਗਣਾਂ ਵਿੱਚ ਰਹਿੰਦਾ ਤਾਂ ਉਸਨੂੰ ਠੀਕ ਲੱਗਦੀ, ਜਦੋਂ ਥੋੜ੍ਹੀ ਬਾਹਰ ਨਿਕਲੀ ਉਸ ਲਈ ਨਵੀਆਂ ਮੁਸੀਬਤਾਂ ਮੂੰਹ ਚੁੱਕੀ ਖੜ੍ਹੀਆਂ ਹੁੰਦੀਆਂ ਸਨ।

ਮੇਰੀਆਂ ਕਹਾਣੀਆਂ ਦੀ ਔਰਤ ਰਵਾਇਤਾਂ, ਹਾਲਤਾਂ, ਪ੍ਰੰਪਰਾਵਾਂ ਵਿੱਚ ਬੱਝੀ ਤੜਫਦੀ, ਕੁੜਦੀ, ਪੀੜਤ ਧਿਰ ਹੈ। ਉਸ ਦੇ ਅੰਦਰ ਰੋਹ, ਵਿਦਰੋਹ ਦੀ ਚਿਣਗ ਵੀ ਹੈ, ਜੋ ਸਿਸਟਮ ਦੇ ਖਿਲਾਫ਼ ਖੜਦੀ ਲੜਦੀ ਵੀ ਹੈ।ਜ਼ਿਆਦਾਤਰ ਔਰਤ ਆਦਰਸ਼ਵਾਦੀ, ਸਮਝੌਤਾਵਾਦੀ ਹੈ, ਜ਼ਿੰਦਗੀ ਨੂੰ ਚੰਗੇਰਾ ਬਣਾਉਣ ਲਈ, ਸਾਵੀਂ ਪੱਧਰੀ, ਸੁਖਾਵੀਂ ਰੱਖਣ ਲਈ ਹੰਭਲੇ ਮਾਰਦੀ ਹੈ।ਸੁਧਾਰ ਲਈ ਯਤਨਸ਼ੀਲ ਹੈ।ਇਹ ਮੇਰੀ ਵਿਚਾਰਧਾਰਾ ਵੀ ਹੈ।

ਸਮੇਂ ਸਥਾਨ, ਸਥਿਤੀਆਂ ਪ੍ਰਸਥਿਤੀਆਂ ਅਨੁਸਾਰ ਹਰ ਲੇਖਕ ਦਾ ਆਪਣਾ ਅਨੁਭਵ ਤੇ ਨਜ਼ਰੀਆ ਹੁੰਦਾ ਹੈ।ਦਲੀਪ ਕੌਰ ਟਿਵਾਣਾ, ਅਜੀਤ ਕੌਰ, ਬਚਿੰਤ ਕੌਰ, ਚੰਦਨ ਨੇਗੀ, ਸੁਖਵੰਤ ਕੌਰ ਮਾਨ, ਬਲਵੀਰ ਕੌਰ ਸੰਘੇੜਾ, ਪ੍ਰੀਤਮ ਦੋਮੇਲ, ਪ੍ਰਭਜੋਤ ਕੌਰ, ਰਸਪਿੰਦਰ ਰਿਸ਼ਮ, ਵੀਨਾ ਵਰਮਾ, ਬਲਜੀਤ ਕੌਰ ਬੱਲੀ, ਮਨਮੋਹਨ ਕੌਰ, ਰਾਣੀ ਨਗੇਂਦਰ, ਸੋਮਾ ਸਬਲੋਕ ਆਦਿ ਨਾਰੀ ਕਹਾਣੀਕਾਰਾਂ ਦੀਆਂ ਕਹਾਣੀਆਂ ਵਿੱਚ ਮਰਦ ਔਰਤ 'ਤੇ ਹਾਵੀ ਰਹਿੰਦੇ ਹਨ।ਔਰਤ ਮਰਦਾਂ ਹੱਥੋਂ ਪੀੜਤ ਹੁੰਦੀਆਂ ਹਨ।ਅਜੀਤ ਕੌਰ ਤੇ ਵੀਨਾ ਵਰਮਾ ਨੇ ਮਰਦ ਔਰਤ ਦੇ ਜਿਸਮਾਨੀ ਸੰਬੰਧਾਂ ਨੂੰ ਖੁੱਲ੍ਹ ਕੇ ਪੇਸ਼ ਕੀਤਾ ਹੈ। ਬਹੁਤਾਤ ਵਿੱਚ ਨਾਰੀ ਤੇ ਅੱਤਿਆਚਾਰ ਦੀ ਕਹਾਣੀ ਪੇਸ਼ ਹੋਈ ਹੈ। ਜਿਸ ਤਰ੍ਹਾਂ ਦਾ ਪ੍ਰਭਾਵ ਲੇਖਕ ਕਬੂਲਦਾ ਹੈ। ਜੋ ਦੇਖਦਾ ਹੰਢਾਉਂਦਾ ਹੈ।

ਮੇਰੀਆਂ ਕਹਾਣੀਆਂ ਵਿਚ ਔਰਤ, ਮਰਦ ਦੇ ਜ਼ੁਲਮ ਦੀ ਸ਼ਿਕਾਰ ਘੱਟ ਹੁੰਦੀ ਹੈ, ਸਤਾਈ ਜ਼ਰੂਰ ਜਾਂਦੀ ਹੈ।ਨਸ਼ੇ ਦੀ ਹਾਲਤ 'ਚ ਮਰਦ ਕਰੂਰ ਹੁੰਦਾ ਹੈ।ਨਜ਼ਾਇਜ਼ ਸੰਬੰਧਾਂ ਕਾਰਨ ਮਰਦ ਔਰਤ ਹਤਿਆਰੇ ਬਣਦੇ ਹਨ।ਔਰਤ ਮਰਦ ਦਾ ਚੰਗਾ-ਮਾੜਾ ਹਰ ਰੂਪ ਮੇਰੀਆਂ ਕਹਾਣੀਆਂ 'ਚ ਨਜ਼ਰ ਆਉਂਦਾ ਹੈ।

ਮੈਂ ਮਰਦ ਔਰਤ ਦੇ ਸੰਬੰਧਾਂ ਨੂੰ ਦੁੱਖ-ਸੁੱਖ ਦੇ ਸਾਂਝੀ, ਦੋਹਾਂ ਦੇ ਰਿਸ਼ਤੇ ਨੂੰ ਖ਼ੂਬਸੂਰਤ, ਸੰਤੁਲਿਤ ਬਣਾਉਣ ਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ।ਚੰਗੇ-ਮਾੜੇ ਪੱਖਾਂ, ਤੰਗੀਆਂ-ਤੁਰਸ਼ੀਆਂ ਸਮੇਤ ਰੋਜ਼ਾਨਾ ਜ਼ਿੰਦਗੀ ਵਿੱਚ ਪਤੀ-ਪਤਨੀ ਦੀਆਂ ਰੁਮਾਂਟਿਕ ਲੋੜਾਂ, ਸਮੱਸਿਆਵਾਂ, ਨੋਕ-ਝੋਕ ਮੇਰੀਆਂ ਕਹਾਣੀਆਂ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ।ਮੇਰੀਆਂ ਕਹਾਣੀਆਂ ਸਮਾਜ ਦੇ ਯਥਾਰਥ ਦੀ ਨਿੱਗਰ ਪੇਸ਼ਕਾਰੀ ਕਰਦੀਆਂ ਹਨ।ਇਹਨਾਂ ਵਿੱਚ ਮਾਨਵੀ ਰਿਸ਼ਤਿਆਂ ਦੇ ਪਿਆਰ, ਮੁਹੱਬਤ ਸੁੱਖ-ਦੁੱਖ, ਦੁਸ਼ਵਾਰੀਆਂ, ਵਲਵਲ਼ੇ, ਭਾਵ, ਮਨੋਭਾਵ, ਮਿਠਾਸ-ਖਟਾਸ, ਪ੍ਰਗਟ ਹੋਏ ਹਨ।ਇਹ ਪਾਠਕ ਨੂੰ ਸਿੱਧਾ ਹਿੱਟ ਕਰਦੀਆਂ ਹਨ।ਇਹ ਪਾਠਕ ਦੇ ਧੁਰ ਅੰਦਰ ਲਹਿ ਜਾਂਦੀਆਂ ਹਨ।ਪਾਠਕ ਕਹਾਣੀ ਨੂੰ ਦੇਖ, ਸੁਣ, ਮਾਣ, ਮਹਿਸੂਸ ਕਰ ਸਕਦਾ ਹੈ।ਮੇਰੀਆਂ ਕਹਾਣੀਆਂ ਦੇ ਪਾਤਰ ਜਿਉਂਦੇ ਜਾਗਦੇ ਹਨ, ਆਲੇ-ਦੁਆਲੇ ਵਿਚਰਦੇ ਦਿਖਾਈ ਦਿੰਦੇ ਹਨ।

ਕਹਾਣੀ ਪੜ੍ਹਦਿਆਂ ਪਾਠਕ ਨੂੰ ਜਾਪਦਾ ਹੈ, ਮੇਰੀ ਗੱਲ ਹੋ ਰਹੀ ਹੈ। ਇਹ ਬਹੁ-ਪਰਤੀ ਕਹਾਣੀਆਂ ਹਨ। ਇਹਨਾਂ ਵਿੱਚ ਸਹਿਜਤਾ, ਸਰਲਤਾ ਕਥਾ ਰਸ ਸਹਿਜ ਸੁਭਾਵਿਕਤਾ ਹੈ। ਕਹਾਣੀਆਂ ਦੀ ਚਾਲ ਮੜ੍ਹਕ ਵਾਲੀ ਹੈ। ਇਹਨਾਂ ਵਿੱਚ ਜ਼ਿੰਦਗੀ ਦੀ ਤਸਵੀਰ ਵੀ ਹੈ। ਤਕਦੀਰ ਵੀ ਹੈ। ਇਹਨਾਂ ਦੀ ਭਾਸ਼ਾ




ਆਮ ਪਾਠਕ ਦੇ ਪੱਧਰ ਦੀ ਸਰਲ ਹੈ। ਪਾਤਰਾਂ ਅਨੁਸਾਰ ਢੁੱਕਵੀਂ ਹੈ। ਵਾਰਤਾਲਾਪ, ਸੰਵਾਦ ਰਚਾਉਂਦੀ ਕਹਾਣੀ ਅੱਗੇ ਵੱਧਦੀ ਹੈ। ਪਾਠਕ ਨੂੰ ਉਂਗਲ ਲਾ ਨਾਲ ਲੈ ਤੁਰਦੀ ਹੈ, ਅੱਕਣ-ਥੱਕਣ ਨਹੀਂ ਦਿੰਦੀ।

ਹਲੂਣਾ, ਹੌਂਸਲਾ, ਸੇਧ, ਸੰਦੇਸ਼ ਦਿੰਦੀਆਂ ਕਹਾਣੀਆਂ ਪਾਠਕ ਨੂੰ ਸੋਚਣ ਲਾ ਦਿੰਦੀਆਂ ਹਨ। ਪਾਠਕਾਂ ਦੇ ਚੇਤਿਆਂ 'ਚ ਵਸਣ ਵਾਲੀਆਂ ਕਹਾਣੀਆਂ ਹਨ। ਇਹਨਾਂ ਬਹੁਤ ਸਾਰੀਆਂ ਖ਼ੂਬੀਆਂ ਦੇ ਨਾਲ ਸਮਰੱਥ ਕਥਾਕਾਰਾਂ ਵਿਦਵਾਨਾਂ ਦੀ ਰਾਏ ਇਸ ਤਰ੍ਹਾਂ ਹੈ।

ਭਗਵੰਤ ਰਸੂਲਪੁਰੀ , "ਇਹ ਨਾਰੀ ਪੀੜਾ ਦੀਆਂ, ਰੁਦਨ ਦੀਆਂ ਕਹਾਣੀਆਂ ਹਨ। ਇਹਨਾਂ ਵਿੱਚ ਦੁਆਬੇ ਦੀ ਆਂਚਲਿਕਤਾ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ।'

ਡਾ. ਸੰਦੀਪ ਰਾਣਾ, "ਇਹਨਾਂ ਕਹਾਣੀਆਂ ਵਿੱਚ ਸਮਾਜਿਕ ਰਿਸ਼ਤੇ ਤੇ ਉਹਨਾਂ ਨਾਲ ਜੁੜੇ ਮਸਲੇ ਮਨੋਵਿਗਿਆਨ ਨੂੰ ਸਮਝਣ ਦਾ ਉਪਰਾਲਾ ਹੈ। ਇਹਨਾਂ ਕਹਾਣੀਆਂ ਵਿੱਚ ਨਾਰੀ ਦੀਆਂ ਨਿੱਕੀਆਂ ਨਿੱਕੀਆਂ ਖੁਸ਼ੀਆਂ ਦੇ ਨਾਲ ਵੱਡੇ ਗ਼ਮਾਂ ਦਾ ਚਿਤਰਣ ਹੈ।" ਉਨ੍ਹਾਂ ਫ਼ੋਨ 'ਤੇ ਕਿਹਾ ਕਿ ਏਹੋ ਜਿਹੀਆਂ ਕਹਾਣੀਆਂ ਦੀ ਕਿਤਾਬ ਮੈਂ ਪਹਿਲਾਂ ਕਦੇ ਨਹੀਂ ਪੜ੍ਹੀ। ਇਹਨਾਂ ਨੂੰ ਪੜ੍ਹ ਕੇ ਮੈਂ ਬਹੁਤ ਭਾਵੁਕ ਹੋਈ। ਮੈਂ ਆਪਣੀ ਸਾਥਣਾਂ ਨੂੰ ਇਹ ਕਹਾਣੀਆਂ ਪੜ੍ਹਨ ਨੂੰ ਦਿੱਤੀਆਂ। ਜ਼ਿੰਦਗੀ ਦੇ ਯਥਾਰਥ, ਸੱਚ ਨੂੰ ਪੇਸ਼ ਕਰਦੀਆਂ ਬਹੁਤ ਵਧੀਆਂ ਕਹਾਣੀਆਂ ਹਨ।" ਵਿਦਵਾਨਾਂ ਕਥਾਕਾਰਾਂ ਦੁਆਰਾ ਕੀਤੀਆਂ ਟਿੱਪਣੀਆਂ ਦੇ ਅਧਾਰ ਤੇ ਮੈਂ ਕਹਿ ਸਕਦੀ ਹਾਂ ਕਿ ਮੈਂ ਆਪਣੀਆਂ ਕਹਾਣੀਆਂ ਵਿਚ ਕੁਝ ਵੱਖਰਾ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ।

ਸਭ ਤੋਂ ਪਹਿਲਾਂ ਨਾਰੀ ਨਾਰੀ ਹੈ। ਇੱਕ ਪਰਿਵਾਰਕ ਨਾਰੀ। ਕਹਾਣੀਕਾਰ ਬਾਅਦ ਵਿੱਚ ਹੈ। ਉਹ ਵੀ ਪਰਿਵਾਰਕ ਨਾਰੀ ਵਾਂਗ ਆਪਣੇ ਘਰ, ਪਰਿਵਾਰ ਦੀਆਂ ਜ਼ਿੰਮੇਵਾਰੀਆਂ, ਫਰਜ਼ ਨਿਭਾਉਂਦੀ ਹੈ। ਇਸ ਸਭ ਦੇ ਨਾਲ ਉਹ ਸਮਾਜ ਲਈ ਵੀ ਕੰਮ ਕਰਦੀ ਹੈ। ਪਰਿਵਾਰਕ ਨਾਰੀ ਆਪਣੇ ਘਰ-ਪਰਿਵਾਰ ਤੱਕ ਸੀਮਿਤ ਰਹਿੰਦੀ ਹੈ। ਉਹ ਜਿਵੇਂ ਹੈ ਠੀਕ ਹੈ, ਵਾਲੀ ਸੋਚ ਅਧੀਨ ਰਹਿੰਦੀ ਹੈ। ਇਸ ਤੋਂ ਅੱਗੇ ਕੁਝ ਨਹੀਂ ਸੋਚਦੀ। ਉਹ ਅਨਿਆਂ, ਜ਼ੁਲਮ, ਚੁੱਪ-ਚਾਪ ਜਰਦੀ ਹੈ। ਉਸ ਖ਼ਿਲਾਫ਼ ਖੜ੍ਹਦੀ ਨਹੀਂ। ਮੇਰੇ ਅੰਦਰਲੀ ਕਹਾਣੀਕਾਰ ਨਾਰੀ ਅਨਿਆ ਖ਼ਿਲਾਫ਼ ਸਿਰ ਚੁੱਕਦੀ ਹੈ। ਉਸ ਦੀ ਨਜ਼ਰ, ਸੋਚ, ਸੂਝ ਪਰਿਵਾਰਕ ਨਾਰੀ ਤੋਂ ਤਿੱਖੀ, ਡੂੰਘੀ, ਵੱਖਰੀ ਹੁੰਦੀ ਹੈ। ਉਹ ਜਾਗਰੂਕ, ਸੁਚੇਤ, ਚਿੰਤਨਸ਼ੀਲ, ਗੰਭੀਰ, ਜ਼ਿਆਦਾ ਸੰਵੇਦਨਸ਼ੀਲ ਹੁੰਦੀ ਹੈ। ਅਨਿਆ, ਵਿਵਸਥਾ ਵਿਰੁੱਧ ਕਈ ਸਵਾਲ ਉਹਦੇ ਦਿਮਾਗ਼ ਵਿੱਚ ਖੌਰੂ ਪਾਉਂਦੇ, ਤਰਥਲੀ ਮਚਾਈ ਰੱਖਦੇ ਹਨ। ਕੀ ਹੈ?... ਕਿਉਂ ਹੈ?... ਨਹੀਂ ਹੋਣਾ ਚਾਹੀਦਾ?... ਬਦਲਣਾ ਚਾਹੀਦਾ ਆਦਿ। ਸਵਾਲ ਅੰਦਰ ਬੈਠੀ ਕਹਾਣੀਕਾਰ ਦੇ ਮਨ ਵਿਚ ਚਲਦੇ ਰਹਿੰਦੇ ਹਨ।

ਆਦਰਸ਼, ਪ੍ਰੰਪਰਾਵਾਂ ਉਹਦੇ ਮੇਚ ਨਹੀਂ ਆਉਂਦੀਆਂ, ਉਹ ਚਾਹ ਕੇ ਵੀ ਉਹਨਾਂ ਦੇ ਮੇਚ ਦੀ ਨਹੀਂ ਹੋ ਸਕਦੀ। ਇੱਕ ਸੀਤ ਯੁੱਧ ਉਹਦੇ ਅੰਦਰ ਚੱਲਦਾ ਰਹਿੰਦਾ ਹੈ, ਕਦੇ ਖ਼ੁਦ ਨਾਲ ਕਦੇ ਆਲੇ ਦੁਆਲੇ ਨਾਲ। ਉਹ ਪੁਰਾਤਨ ਤੇ ਨਵੀਨਤਮ ਦੇ ਸਬੰਧ ਵਿੱਚ ਫਸੀ ਮਾਨਸਿਕ ਪੀੜ ਹੰਢਾਉਂਦੀ ਹੈ। ਜ਼ਿੰਦਗੀ ਦੇ ਅਰਥ



ਲੱਭਦੀ ਰਹਿੰਦੀ ਹੈ। ਉਸ ਅੰਦਰ ਜਾਨਣ ਦੀ ਜਗਿਆਸਾ ਜਿਆਦਾ ਹੁੰਦੀ ਹੈ। ਜਨੂਨ ਹੁੰਦਾ ਹੈ। ਉਸ ਅੰਦਰ ਬਾਗ਼ੀਪਨ ਬੈਠਾ ਹੁੰਦਾ ਹੈ ਤੇ ਉਸ ਦੇ ਪੈਰਾਂ 'ਚ ਸਮਾਜਿਕ ਪ੍ਰੰਪਰਾਵਾਂ ਦੀਆਂ ਬੇੜੀਆਂ ਹੁੰਦੀਆਂ ਹਨ। ਜਿੱਥੇ ਬਹੁਤ ਸਾਰੇ ਸਵਾਲ ਚਿੰਤਾਵਾਂ ਉਹਦੀ ਰਾਤਾਂ ਦੀ ਨੀਂਦ ਵੀ ਖ਼ਰਾਬ ਕਰਦੇ ਹਨ। ਉੱਥੇ ਪਰਿਵਾਰਕ ਨਾਰੀ ਘੋੜੇ ਵੇਚ ਕੇ ਸੌਂਦੀ ਹੈ। ਸਮਾਜਿਕ ਵਰਤਾਰੇ ਦੇ ਸੁਖਾਵੇਂ ਅਣਸੁਖਾਵੇਂ ਵਕਤ ਪਰਿਵਾਰਕ ਨਾਰੀ ਹੰਢਾਉਂਦੀ ਹੈ, ਕਹਾਣੀਕਾਰ ਨਾਰੀ ਕਮਜ਼ੋਰ, ਪੀੜਤ ਧਿਰ ਨਾਲ ਖੜ੍ਹਦੀ ਹੈ।

ਵਿਚਾਰਾਂ ਦੀ ਭਿੰਨਤਾ, ਬੁੱਧੀ ਦੀ ਤੀਖਣਤਾ, ਕੁਝ ਨਵਾਂ, ਵੱਖਰਾ ਸਿਰਜਣ ਦੀ ਚਾਹਤ ਦੋਹਾਂ ਨਾਰੀਆਂ ਨੂੰ ਵੱਖ ਕਰਦੀ ਹੈ। ਵੱਖਰਤਾ, ਵਿਰੋਧ ਵਿਚੋਂ ਕਹਾਣੀਕਾਰ ਨਾਰੀ ਦਾ ਜਨਮ ਹੁੰਦਾ ਹੈ। ਸਮਾਜਿਕ ਸਮੱਸਿਆਵਾਂ ਨੂੰ ਸਾਹਿਤਕ ਜਾਮਾ ਪਹਿਨਾ ਕੇ ਕਹਾਣੀਕਾਰ ਨਾਰੀ ਪਰਿਵਾਰਕ ਨਾਰੀ ਤੋਂ ਭਿੰਨ ਹੋ ਜਾਂਦੀ ਹੈ।

ਮੇਰੇ ਲਈ ਇਹ ਮਾਨਤਾ ਵਾਲਾ ਸਵਾਲ ਅੜਾਉਣੀ ਵਰਗਾ ਹੈ। ਮਾਨਤਾ ਮਿਲੀ ਜਾਂ ਨਹੀਂ? ਵੈਸੇ ਵੀ ਕਈ ਚੀਜ਼ਾਂ ਸਾਰਿਆਂ ਦੇ ਹਿੱਸੇ ਨਹੀਂ ਹੁੰਦੀਆਂ। ਮੈਂ ਕੰਮ ਕਰਨ ਵਿੱਚ ਵਿਸ਼ਵਾਸ ਰੱਖਦੀ ਹਾਂ। ਬਤੌਰ ਕਹਾਣੀਕਾਰ ਮੈਂ ਆਪਣਾ ਕੰਮ ਨਿਸ਼ਠਾ ਨਾਲ ਕਰਦੀ ਹਾਂ। ਜਿੰਨਾ ਕੰਮ ਮੈਂ ਕੀਤਾ ਹੈ, ਉਸਦੀ ਸਾਬਾਸ਼ ਮੈਨੂੰ ਮਿਲਦੀ ਰਹੀ ਹੈ, ਇਹੀ ਮੇਰੀ ਮਾਨਤਾ ਹੈ।

ਵੈਸੇ ਵੀ ਰਚਨਾ ਹਮੇਸ਼ਾਂ ਪਹਿਲਾਂ ਕਾਰਜ ਰਹੀ ਹੈ, ਮਾਨਤਾ ਬਾਅਦ ਦਾ। ਤੁਸੀਂ ਮੈਨੂੰ ਸਥਾਪਿਤ, ਮਾਨਤਾ ਪ੍ਰਾਪਤ ਕਹਾਣੀਕਾਰਾਂ ਨਾਲ ਸਥਾਨ ਦਿੱਤਾ ਹੈ, ਕਿ ਮੈਂ ਆਪਣੀ ਕਹਾਣੀ ਦੀ ਗੱਲ ਰੱਖ ਸਕਾਂ। ਇਹ ਵੀ ਮੇਰੀ ਮਾਨਤਾ ਹੈ। ਜੇ ਨਹੀਂ ਤਾਂ ਤੁਸੀਂ ਕਾਰਨ ਪੁੱਛਿਆ ਹੈ? ਜੇ ਕਥਾਕਾਰ ਪਿੜ ਵਿੱਚ ਹੋਵੇਗਾ ਤਾਂ ਉਸਦੀ ਮਾਨਤਾ ਵੀ ਹੋਵੇਗੀ, ਜੇ ਨਹੀਂ ਤਾਂ ਮਾਨਤਾ ਕਿਸ ਦੀ?

ਕਾਰਨ ਇਹ ਵੀ ਹੈ, ਮੈਂ ਇਸ ਪਾਸੇ ਤੋਂ ਟੁੱਟ ਗਈ ਸੀ, ਸਾਹਿਤਕ ਹਲਕੇ ਵਿਚ ਸਰਗਰਮ ਨਹੀਂ ਰਹੀ। ਉਸ ਦਾ ਵੀ ਕਾਰਨ ਹੈ। ਮੇਰੀ ਨਿੱਜੀ ਜ਼ਿੰਦਗੀ ਦਾ ਅਤਿ ਦੁਖਦਾਈ ਹਾਦਸਾ ! ਕਈ ਹਾਦਸੇ ਵੀ ਕਾਰਨ ਬਣ ਜਾਂਦੇ ਹਨ। ਤੁਸੀਂ ਹਰ ਪਾਸਿਓਂ ਪਛੜ ਜਾਂਦੇ ਓ। ਉਸ ਕਾਰਨ ਨੂੰ ਦੱਸਣਾ ਕਹਿਣਾ ਮੇਰੇ ਵਸੋਂ ਬਾਹਰ ਹੋ ਜਾਂਦਾ ਹੈ। ਮੇਰੀਆਂ ਅੱਖਾਂ ਭਰ-ਭਰ ਡੁੱਲ੍ਹਣ ਲੱਗਦੀਆਂ ਹਨ। ਜੋ ਹੁਣ ਵੀ ਮੇਰੇ ਆੜੇ ਆ ਰਹੀਆਂ ਹਨ। ਮੇਰੇ ਕੰਮ 'ਚ ਖਲਲ ਪਾ ਰਹੀਆਂ ਹਨ। ਮੈਂ ਦੱਸਣ ਦਾ ਹੌਸਲਾ ਕਰਦੀ ਹਾਂ...ਜਦੋਂ ਮੇਰੇ 'ਤੇ ਕਹਿਰ ਢੱਠਾ ਸੀ, ਜਦੋਂ ਮੈਂ ਬਿਲਕੁਲ ਟੁੱਟ ਚੁੱਕੀ ਸਾਂ, ਮੇਰੇ ਸਹੁਰੇ ਪਰਿਵਾਰ ਦੇ ਸਕੇ ਸੰਬੰਧੀਆਂ, ਮੈਨੂੰ ਤੇ ਮੇਰੇ ਬੱਚਿਆਂ ਨੂੰ ਜੋੜਨ ਦੀ ਥਾਂ ਤੋੜਨ, ਮਾਰ ਮੁਕਾਉਣ ਦੀਆਂ ਕੋਝੀਆਂ, ਦਿਲ ਕੰਬਾਊ ਚਾਲਾਂ ਚੱਲੀਆਂ। ਉਹਨਾਂ ਦੇ ਕਾਲੇ ਕਾਰਨਾਮੇ ਜਦ ਸਾਡੇ ਸਾਹਮਣੇ ਆਏ ਸਾਨੂੰ ਅਚੰਭੇ ਭਰੀ ਹੈਰਾਨੀ ਹੋਈ। ਐਸਾ ਧੱਕਾ ਲੱਗਾ, ਜਿਸ ਨੇ ਮੇਰੇ ਹੋਸ਼ ਹਵਾਸ਼ ਗੁੰਮ ਕਰ ਦਿੱਤੇ। ਸੁੰਨ ਅਵਸਥਾ ਵਿੱਚ ਮੈਂ ਸਾਹ ਲੈਂਦੀ ਲਾਸ਼ ਸਮਾਨ ਹੋ ਗਈ ਸਾਂ।

ਖ਼ੈਰ ! ਜਾ ਕੇ ਰਾਖੈ ਸਾਈਆਂ ! ਅਸੀਂ ਬਚ ਗਏ। ਮੁੜ ਪੈਰਾਂ ਸਿਰ ਹੋਣ ਲਈ ਸਾਨੂੰ ਵਕਤ ਲੱਗਾ। ਵਕਤ ਬਹੁਤ ਬਲਵਾਨ ਹੈ ਤੇ ਸਭ ਤੋਂ ਵਧੀਆ ਦਵਾ। ਹਾਦਸੇ ਕਈ ਭੁੱਲਦੇ ਨਹੀਂ। ਇਹਨਾਂ ਦੇ ਜ਼ਖ਼ਮ ਹਮੇਸ਼ਾਂ ਰਿਸਦੇ ਰਹਿੰਦੇ ਹਨ। ਪਰ ਇਹ ਬਹੁਤ ਕੁਝ ਸਿਖਾ ਜਾਂਦੇ ਹਨ। ਆਪਣ ਪਰਾਇਆਂ ਦੀ ਪਹਿਚਾਣ ਕਰਵਾਉਂਦੇ ਹਨ। ਦੁਨੀਆ 'ਚ ਵਿਚਰਨ ਦੀ ਸੋਝੀ, ਬਲ ਦਿੰਦੇ ਹਨ। ਸੋ ਮੈਂ ਉਹ ਭਿਆਨਿਕ ਅੱਗ ਦਾ ਸ਼ੂਕਦਾ ਸਮੁੰਦਰ ਤੈਰ ਕੇ, ਬਹੁਤ ਕੁਝ ਸਹਿ ਹੰਢਾ ਕੇ ਹੁਣ ਫਿਰ ਤੁਹਾਡੇ ਵਿੱਚ ਹਾਜ਼ਰ ਹਾਂ। ਇਨਸਾਨ ਦਾ ਹੋਣਾ ਅਹਿਮੀਅਤ ਰੱਖਦਾ ਹੈ, ਮੈਂ ਇਹੋ ਮਹਿਸੂਸ ਕਰਦੀ ਹਾਂ।

ਹਾਂ ਮੈਂ ਤੁਹਾਡੇ ਨਾਲ ਆਪਣੇ ਸਾਹਿਤਕ ਸਫ਼ਰ ਸਾਂਝਾ ਕਰਦੀ ਹਾਂ... 2004 ਤੋਂ ਅਖ਼ਬਾਰਾਂ ਵਿਚ ਨਿੱਕੀਆਂ ਕਹਾਣੀਆਂ ਛਪਣ ਲੱਗੀਆਂ। 2005 ਵਿਚ 'ਕਹਾਣੀ ਧਾਰਾ' ਦੇ ਪਹਿਲੇ ਸਰੂਪ ਗਲਪ ਨੂੰ ਸਮਰਪਤ 'ਸੁਰ ਸਾਂਝ' ਨੇ ਮੇਰੇ ਨਾਲ ਸਾਂਝ ਕਾਇਮ ਕੀਤੀ। ਮੇਰੀ ਕਹਾਣੀ 'ਨਵੀਂ ਸ਼ਕਤੀ' ਛਾਪ ਕੇ ਮੈਨੂੰ ਹੌਸਲਾ ਦਿੱਤਾ। ਉਸ ਤੋਂ ਉਪਰੰਤ... ਤ੍ਰਿਸ਼ਨਾ, ਤੇਰਾਂ ਨੰਬਰ ਗਲੀ, ਤਮੰਨਾ, ਤਈਆ ਆਦਿ ਕਹਾਣੀਆਂ

'ਕਹਾਣੀ ਧਾਰਾ' ਵਿਚ ਛਪ ਕੇ ਪਾਠਕਾਂ ਤੱਕ ਪਹੁੰਚੀਆਂ। ਇਕ ਕਹਾਣੀ 'ਪ੍ਰਵਚਨ' ਨੇ ਵੀ ਛਾਪੀ। ਉਦੋਂ ਬਤੌਰ ਕਹਾਣੀਕਾਰ ਮੇਰਾ ਨੋਟਿਸ ਲਿਆ ਜਾਣ ਲੱਗ ਪਿਆ ਸੀ। 'ਤ੍ਰਿਸ਼ਨਾ' ਕਹਾਣੀ ਨੇ ਦੂਰ ਤੱਕ ਪ੍ਰਭਾਵ ਪਾਇਆ। ਦਿੱਲੀ ਵਾਲੇ ਡਾ. ਚਰਨਜੀਤ ਸਿੰਘ ਨੇ ਇਸ ਕਹਾਣੀ ਨੂੰ ਹਿੰਦੀ ਵਿਚ ਅਨੁਵਾਦ ਕਰਕੇ '101 ਪੰਜਾਬੀ ਮਹਿਲਾਂ ਕਥਾਕਾਰੋਂ ਦੀ ਸ੍ਰੇਸ਼ਟ ਕਹਾਣੀਆਂ' ਵਿਚ ਛਾਪੀ। 'ਤ੍ਰਿਸ਼ਨਾ' ਕਹਾਣੀ ਦੇ ਤੋਤਾ ਨਾਂ ਦੇ ਪਾਤਰ ਨੂੰ ਪਾਠਕਾਂ ਨੂੰ ਬਹੁਤ ਟੁੰਬਿਆ। ਤੇ ਚਰਨਜੀਤ ਹੁਰਾਂ ਨੇ ਏਸੇ ਕਹਾਣੀ ਨੂੰ 2012 ਵਿਚ ਬਾਲ ਮਨੋਵਿਗਿਆਨ ਤੇ ਅਧਾਰਿਤ ਪੰਜਾਹ ਪੰਜਾਬੀ ਕਹਾਣੀਆਂ ਦੀ ਕਿਤਾਬ 'ਨਿੱਕੇ ਪੈਰ ਕੰਡਿਆਲੇ ਰਾਹ' ਵਿਚ ਸਾਮਿਲ ਕੀਤਾ। ਇਕ ਕਹਾਣੀ ਸਰਵੇ ਵਿਚ 'ਤ੍ਰਿਸ਼ਨਾ' ਕਹਾਣੀ ਦੀ ਚਰਚਾ ਹੋਈ। ਭਰੂਣ ਹੱਤਿਆ ਤੇ ਨਾਰੀ ਮਸਲਿਆਂ ਨਾਲ ਸਬੰਧਤ ਲੇਖ ਵੀ ਕਿਤਾਬਾਂ ਵਿਚ ਸੰਪਾਦਿਤ ਹੋਏ। ਅਤੇ 'ਮਿੰਨੀ', 'ਦਰਪਣ' ਰਸਾਲਿਆਂ ਵਿਚ ਵੀ ਮੇਰੀਆਂ ਕਹਾਣੀਆਂ ਛਪੀਆਂ। ਪਰਿਵਾਰਕ ਹਾਸਦੇ ਕਾਰਨ 2010 ਤੋਂ ਬਾਅਦ ਦੇ ਸਾਲ ਖੜੋਤ ਵਿਚ ਨਿਕਲ ਗਏ। ਇਕੋ ਖ਼ਿਆਲ ਘੇਰਾ ਪਾਈ ਰੱਖਦਾ ਸੀ, ਹੁਣ ਨ੍ਹੀਂ ਬਚਣਾ, ਛੇਤੀ ਮਰ ਜਾਣਾ। ਮੌਤ ਨੂੰ ਮੈਂ ਆਪਣੇ ਅੰਗ-ਸੰਗ ਹੀ ਦੇਖਦੀ ਸਾਂ। ਮੌਤ ਸ਼ਾਇਦ ਮੇਰੇ ਨਾਲ ਅਠਖੇਲੀਆਂ ਕਰਦੀ ਸੀ। ਮੇਰੀ ਮਾਂ, ਮੇਰੇ ਬੱਚਿਆਂ, ਮੇਰੇ ਅੰਮਾ ਜਾਏ ਭੈਣ-ਭਰਾਵਾਂ ਨੇ ਜਿਵੇਂ ਮੈਨੂੰ ਮੌਤ ਕੋਲੋਂ ਲੁਕਾ ਲਿਆ ਸੀ। ਮੇਰੀ ਹੋਸ਼ ਪਰਤਣ ਲੱਗੀ ਸੀ। ਮੇਰੀ ਸੋਚ ਕੰਬਦੀ ਸੀ, 'ਇਹ ਸਾਡੇ ਨਾਲ ਕੀ ਹੋ ਗਿਆ? ਮੈਂ ਕਿਉਂ ਜੀ ਰਹੀ ਹਾਂ? ਮੇਰੇ ਜਿਊਣ ਦਾ ਮਕਸਦ ਕੀ ਹੈ? ਮੇਰੇ ਬੱਚਿਆ ਮੈਨੂੰ ਕਹਿਣਾ, "ਮੰਮਾ ਤੁਸੀਂ ਲਿਖਿਆ ਕਰੋ।"

ਮੇਰਾ ਜਿਹਨ ਤਾਂ ਦਹਿਸ਼ਤਗਰਦੀ ਨੇ ਮੱਲਿਆ ਹੋਇਆ ਸੀ। ਹੋਰ ਕੁਝ ਇਸ 'ਚੋਂ ਫੁੱਟਦਾ ਹੀ ਨਹੀਂ ਸੀ। ਮੈਂ ਜ਼ਿਆਦਾਤਰ ਚੁੱਪ ਹੀ ਰਹਿੰਦੀ। ਇਕ ਵਾਰ ਮਨ ਦੀ ਗੱਲ ਕਹਿ ਦਿੱਤੀ, 'ਮੈਂ ਮਰਨਾ ਚਾਹੁੰਨੀ, ਹੁਣ ਜੀਣ ਨੂੰ ਮੇਰਾ ਦਿਲ ਨਹੀਂ ਕਰਦਾ।'

ਬੱਚੇ ਨਾਰਾਜ਼ ਹੋਏ, ਰੋਣ ਲੱਗ ਗਏ। ਉਹਨਾਂ ਨੂੰ ਰੋਂਦੇ ਦੇਖ ਮੇਰੇ ਮਨ ਨੂੰ ਡੋਬ ਪੈਣ ਲੱਗੇ। ਮੈਂ ਉਹਨਾਂ ਨੂੰ ਹੌਂਸਲਾ ਦਿੱਤਾ, 'ਮੈਂ ਚੰਗੀ ਤਰ੍ਹਾਂ ਠੀਕ ਹੋ ਜਾਂ, ਫਿਰ ਲਿਖਣ ਦੀ ਕੋਸ਼ਿਸ਼ ਕਰਾਂਗੀ, ਜੇ ਲਿਖ ਹੋ ਗਿਆ ਤਾਂ।"

ਇਸ ਲਈ ਵੀ ਮੌਕਾ ਮੇਲ ਬਣ ਗਿਆ। 2015 ਵਿਚ ਡਾ. ਚਰਨਜੀਤ ਸਿੰਘ ਹੋਰਾਂ ਦਾ ਦਿੱਲੀ ਤੋਂ ਫ਼ੋਨ ਆਇਆ, 'ਬਾਲ ਬਜ਼ਦੂਰੀ ਤੇ ਅਧਾਰਿਤ ਇਕ ਕਹਾਣੀ ਭੇਜੋ।' ਉਦੋਂ ਮੈਂ ਕੋਸ਼ਿਸ਼ ਕਰਕੇ ਆਪਣੀ ਇਕ ਲਿਖੀ ਹੋਈ ਕਹਾਣੀ 'ਪੇਟ ਨਾ ਪਾਈਆਂ ਰੋਟੀਆਂ' ਸੋਧ ਕੇ ਭੇਜ ਦਿੱਤੀ। ਉਸ ਤੋਂ ਬਾਅਦ ਫਿਰ ਘਰ ਦੀਆਂ ਜ਼ਿੰਮੇਵਾਰੀਆਂ 'ਚ ਫਸੀ ਰਹੀ। ਇਕ ਸਾਲ ਫਿਰ ਸਿਹਤ ਪੱਖੋਂ ਬਹੁਤ ਮਾੜਾ ਰਿਹਾ। ਮਨ ਕਿਤੇ ਟਿਕਦਾ ਨਹੀਂ ਸੀ। ਲਿਖਣ ਦੀ ਕੋਸ਼ਿਸ਼ ਕਰਦੀ ਸਾਂ ਲੜੀ ਕੋਈ ਚੰਗੀ ਤਰ੍ਹਾਂ ਜੁੜਦੀ ਨਹੀਂ ਸੀ। ਫਿਰ ਮੈਂ ਸੋਚਦੀ ਸਾਂ, "ਮੈਂ ਕਿਉਂ ਲਿਖ ਰਹੀ ਹਾਂ? ਕੀ ਫਾਇਦਾ ਲਿਖਣ ਦਾ? ਬਥੇਰੇ ਲੋਕ ਲਿਖਦੇ ਨੇ। ਮੈਂ ਨਾ ਵੀ ਲਿਖਾਂਗੀ ਤਾਂ ਕਿਹੜਾ ਧਰਤੀ ਫਟ ਜਾਊ।' ਧਰਤੀ ਚਾਹੇ ਨਾ ਫਟਦੀ, ਨਾ ਇਹਨੇ ਫਟਣਾ ਸੀ। ਮੇਰਾ ਦਿਮਾਗ਼ ਜ਼ਰੂਰ ਫਟ ਜਾਣਾ ਸੀ। ਜਿਹੜਾ ਦਵਾਈਆਂ ਸਹਾਰੇ ਚੱਲਣ ਲੱਗ ਗਿਆ ਸੀ। ਮੈਨੂੰ ਲੱਗਦਾ ਲਿਖਣ ਕਾਰਜ ਮਨੋਰੋਗ ਜਿਹਾ ਹੈ। ਕਦੇ ਲੱਗਦਾ ਹੈ, ਇਹ ਮੁਕਤੀ ਦਾ ਸਾਧਨ ਹੈ। ਇਹ ਰੱਬ ਦੀ ਭਗਤੀ ਜਿਹਾ ਕਾਰਜ ਹੈ। ਚਰਨਜੀਤ ਹੁਰਾਂ ਨੇ ਪਿਤਾ ਨਾਲ ਸਬੰਧਤ ਇਕ ਕਹਾਣੀ ਦੀ ਮੰਗ ਕੀਤੀ ਤੇ ਮੈਂ 'ਨਿੰਮ ਦਾ ਦਰੱਖਤ' ਦੀ ਰਚਨਾ ਕੀਤੀ। ਉਨ੍ਹਾਂ ਸੰਪਾਦਤ ਕਿਤਾਬ ਦਾ ਨਾਂ ਹੀ 'ਨਿੰਮ ਦਾ ਰੁੱਖ' ਰੱਖ ਲਿਆ।

ਇਸ ਤੋਂ ਉਪਰੰਤ ਮੇਰੇ ਮਨ 'ਚ ਕਿਤਾਬ ਛਪਵਾਉਣ ਦਾ ਵਿਚਾਰ ਪ੍ਰਬਲ ਹੋਣ ਲੱਗਾ। ਉਨ੍ਹਾਂ ਸਾਲਾਂ ਵਿਚ 'ਕਹਾਣੀ ਧਾਰਾ' ਮੈਨੂੰ ਵਿਸਾਰ ਚੁੱਕਾ ਸੀ। ਪਰ ਮੈਨੂੰ ਯਾਦ ਸੀ। 2018 ਵਿਚ ਮੇਰਾ ਪਹਿਲਾਂ ਕਹਾਣੀ ਸੰਗ੍ਰਹਿ 'ਨਿੰਮ ਦਾ ਦਰੱਖ਼ਤ' ਛਪ ਗਿਆ। ਕਈ ਸਾਲਾਂ ਬਾਅਦ ਭਗਵੰਤ ਰਸੂਲਪੁਰੀ ਹੁਰਾਂ ਨਾਲ ਮੇਰੀ ਮੁਲਾਕਾਤ ਹੋਈ। ਉਨ੍ਹਾਂ 'ਕਹਾਣੀ ਧਾਰਾ' ਦੇ ਪੁਰਾਣੇ ਅੰਕ ਦਿੱਤੇ ਤੇ ਮੈਂ 'ਨਿੰਮ ਦਾ ਦਰੱਖਤ' ਭੇਟ ਕੀਤੀ। ਪਹਿਲੀ ਕਿਤਾਬ ਤੋਂ ਉਪਰੰਤ ਮੈਂ ਮੁੜ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਤੇ ਬਹੁਤ ਜਲਦੀ



ਦੂਜੀ ਕਹਾਣੀਆਂ ਦੀ ਕਿਤਾਬ 'ਇੱਕ ਸੁੱਖ' ਛਾਪ ਦਿੱਤੀ। ਇਸ ਦੀਆਂ ਬਾਰਾਂ ਕਹਾਣੀਆਂ ਵਿਚ ਦੋ ਕਹਾਣੀਆਂ ਪਰਵਾਸ, ਵਿਛੋੜੇ ਤੇ ਬਜ਼ੁਰਗਾਂ ਦੇ ਇਕਲਾਪੇ ਨਾਲ ਸੰਬੰਧਿਤ ਹਨ। ਬਾਕੀ ਪਰਿਵਾਰਕ ਮਸਲਿਆਂ ਬਾਰੇ ਹਨ। ਜਿਨ੍ਹਾਂ ਦਾ ਕੇਂਦਰੀ ਬਿੰਦੂ ਔਰਤ ਹੈ।

'ਕਹਾਣੀ ਧਾਰਾ' ਦੇ ਜਨਵਰੀ ਅੰਕ ਵਿਚ ਭਗਵੰਤ ਰਸੂਲਪੁਰੀ ਨੇ 'ਮੇਰਾ ਸਟੱਡੀ ਟੇਬਲ' ਵਿਚ ਮੇਰੀਆਂ ਦੋਵੇਂ ਕਿਤਾਬਾਂ, **'ਨਿੰਮ ਦਾ ਦਰੱਖ਼ਤ', 'ਇੱਕ ਸੁੱਖ'** ਕਿਤਾਬਾਂ ਦੇ ਟਾਇਟਲ ਲਗਾ ਕੇ ਵਿਸ਼ੇਸ਼ ਜ਼ਿਕਰ ਕੀਤਾ ਤੇ ਲਿਖਿਆ, "ਪਤਾ ਨਹੀਂ ਕਿਓਂ ਉਸ ਨੇ ਕਹਾਣੀਆਂ ਨੂੰ ਪਹਿਲਾਂ ਪਰਚਿਆਂ ਨੂੰ ਛਾਪਣ ਲਈ ਨਹੀਂ ਭੇਜਿਆ ਏ?' .. ਮੈਨੂੰ ਇਹ ਪਤਾ ਹੀ ਨਹੀਂ ਸੀ ਕਿ ਕਹਾਣੀਆਂ ਪਹਿਲਾਂ ਪਰਚਿਆਂ ਨੂੰ ਭੇਜੀਦੀਆਂ ਹਨ। ਬਾਅਦ ਵਿਚ ਕਿਤਾਬਾਂ ਵਿਚ ਸ਼ਾਮਿਲ ਕੀਤੀਆਂ ਜਾਂਦੀਆਂ ਹਨ। ਮੈਨੂੰ ਉਦੋਂ ਲੱਗਣ ਲੱਗ ਪਿਆ ਸੀ ਕਿ ਮੇਰੇ ਕੋਲੋਂ ਸਮਾਂ ਬਹੁਤ ਘੱਟ ਹੈ। ਮੇਰੀ ਮਾਨਸਿਕਤਾ ਅਜਿਹੀ ਬਣ ਗਈ ਸੀ। ਮੈਂ ਜਾਣ ਤੋਂ ਪਹਿਲਾਂ ਕੁਝ ਅਹਿਮ ਛਾਪ ਲਿਖ ਕੇ ਛੱਡ ਕੇ ਜਾਣਾ ਚਾਹੁੰਦੀ ਸੀ, ਤਾਂ ਕਿ ਮੈਂ ਜਿਉਂਦੀ ਰਹਿ ਸਕਾਂ। 'ਇਕ ਸੁੱਖ' ਨਾਂ ਦੀ ਕਿਤਾਬ ਦੇ ਸਿਰਲੇਖ ਵਾਲੀ ਕਹਾਣੀ ਪਹਿਲਾਂ 'ਤਮੰਨਾ' ਨਾਂ ਹੇਠ 'ਕਹਾਣੀ ਧਾਰਾ' 'ਚ ਛਪੀ ਸੀ। ਮੈਂ ਇਸ ਦਾ ਨਾਂ ਬਦਲ ਦਿੱਤਾ ਸੀ। ਮੇਰੀ ਮਾਨਸਿਕਤਾ ਨੇ ਥੋੜੇ ਵਕਤ ਵਿਚ ਮੇਰੀਆਂ ਦੋ ਕਿਤਾਬਾਂ ਪੈਦਾ ਕਰ ਦਿੱਤੀਆਂ। ਹੁਣ ਅਕਤੂਬਰ 2020 ਵਿਚ ਭਗਵੰਤ ਰਸੂਲਪੁਰੀ ਨੇ ਆਪਣੇ ਪ੍ਰਕਾਸ਼ਨ ਅਦਾਰੇ 'ਪਰਵਾਜ਼ ਪ੍ਰਕਾਸ਼ਨ' ਅਧੀਨ ਮੇਰੀ ਤੀਜੀ ਕਿਤਾਬ 'ਖ਼ੌਫ਼ਨਾਕ ਪੈਂਡੇ' ਛਾਪੀ ਹੈ। ਜਿਹੜਾ ਕਿ ਇਕ ਉਸ ਮੁੰਡੇ ਦਾ ਸਫ਼ਰ ਹੈ ਜਿਹੜਾ ਆਪਣੀ ਜਾਨ ਤਲ਼ੀ ਤੇ ਰੱਖ ਕੇ ਅਨੇਕਾਂ ਬਾਰਡਰ ਟੱਪਦਾ ਹੋਇਆ ਜਰਮਨ ਪਹੁੰਚਦਾ ਹੈ। ਮੇਰੀ ਇਸ ਕਿਤਾਬ ਨੂੰ ਪਾਠਕਾਂ ਵੱਲੋਂ ਥੋੜ੍ਹੇ ਸਮੇਂ ਵਿਚ ਬਹੁਤ ਹੁੰਗਾਰਾ ਮਿਲਿਆ ਹੈ। 'ਕਹਾਣੀ ਧਾਰਾ' ਨੇ ਮੇਰੀ ਨਵੀਂ ਕਹਾਣੀ 'ਕੀ ਕਿਹਾ ਭਰਜਾਈ' ਏਸੇ ਸਾਲ ਅਪ੍ਰੈਲ ਅੰਕ ਵਿਚ ਛਾਪ ਕੇ ਮੈਨੂੰ ਚੰਗਾ ਲਿਖਣ ਲਈ ਉਤਸਾਹ ਦਿੱਤਾ ਹੈ। ... ਤੇ ਮੈਨੂੰ ਇਕ ਸ਼ੇਅਰ ਚੇਤੇ ਆਉਂਦਾ ਹੈ-

ਬੇ ਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ,
ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾ ਦਾ।

ਇਸ ਤੋਂ ਅਗਾਂਹ ਦਾ ਕੰਮ ਮਾਨਤਾ ਦੇਣ ਵਾਲੇ ਪਾਠਕਾਂ, ਵਿਦਵਾਨਾਂ, ਆਲੋਚਕਾਂ ਦਾ ਹੈ। ਤੁਰਨਾ ਇਕੱਲਿਆ ਪੈਂਦਾ ਹੈ ਕਾਫ਼ਲੇ ਜੁੜ ਜਾਂਦੇ ਹਨ। ਸਿੰਮੀਪ੍ਰੀਤ ਕੌਰ ਤੇ ਬਲਬੀਰ ਕੌਰ ਰੀਹਲ ਮੈਨੂੰ ਸਮੇਂ ਸਮੇਂ ਲਿਖਣ ਲਈ ਉਤਸਾਹ ਦਿੰਦੀਆਂ ਰਹਿੰਦੀਆਂ ਹਨ। ਜੇ ਤੁਹਾਨੂੰ ਸੁੱਟਣ ਵਾਲੇ ਹਨ ਤਾਂ ਉਠਾਉਣ ਵਾਲੇ ਵੀ ਮਿਲ ਜਾਂਦੇ ਹਨ। ਗੌਡਫਾਦਰ ਬਾਰੇ ਮੇਰਾ ਕੋਈ ਨਿੱਜੀ ਤਜਰਬਾ, ਜਾਣਕਾਰੀ ਨਹੀਂ ਹੈ। ਜਿੰਨਾ ਕੁ ਮੈਂ ਕਿਤਾਬਾਂ ਵਿਚੋਂ ਪੜ੍ਹਿਆ , ਇਸ ਬਾਰੇ ਉਂਗਲ ਉੱਠਦੀ ਰਹਿੰਦੀ ਹੈ। ਅੱਗ ਬਲੇ ਬਿਨਾਂ ਧੂੰਆਂ ਨਹੀਂ ਉੱਠਦਾ। ਕੁਝ ਵਾਪਰਦਾ ਹੈ ਤਾਂ ਹੀ ਧਾਰਨਾਵਾਂ ਬਣਦੀਆਂ ਹਨ। ਕਾਬਲੀਅਤ ਨਾਲ ਪੌੜੀ ਦੇ ਸਿਖਰਲੇ ਡੰਡੇ 'ਤੇ ਚੜ੍ਹਿਆ ਜਾ ਸਕਦਾ ਹੈ। ਨਿਰਪੱਖਤਾ ਇਸ ਦਾ ਮੂਲ ਆਧਾਰ ਹੈ। **ਮੇਰਾ ਗੌਡ ਫਾਦਰ ਜ਼ਿੰਦਗੀ ਤੇ ਜ਼ਿੰਦਗੀ ਦਾ ਤਜ਼ਰਬਾ ਹੈ।**

ਮੈਂ ਕਿਸੇ ਉਚੇਚ ਜਾਂ ਸੋਚ ਸਮਝ ਕੇ ਤਜਰਬੇ ਨਹੀਂ ਕੀਤੇ। ਇਹ ਮੇਰੇ ਅਨੁਭਵ 'ਚੋਂ ਨਿਕਲੀਆਂ ਕਹਾਣੀਆਂ ਹਨ। ਕਥਾ, ਘਟਨਾਵਾਂ, ਪਾਤਰਾਂ ਦੀ ਲੋੜ ਅਨੁਸਾਰ ਮੇਰੀ ਕਹਾਣੀ ਤੁਰਦੀ, ਅਸਲੀਅਤ ਬਿਆਨ ਕਰਦੀ ਹੈ। ਮਨੁੱਖ ਦਾ ਜੋ ਵਤੀਰਾ ਬਾਹਰੋਂ ਨਜ਼ਰ ਆਉਂਦਾ ਹੈ, ਉਸ ਦੀ ਜੜ੍ਹ ਉਸਦੇ ਮਨ 'ਚ ਕਿਤੇ ਪਈ ਹੁੰਦੀ ਹੈ। ਬੀਤੇ ਸਮੇਂ ਦੀਆਂ ਘਟਨਾਵਾਂ ਵਿੱਚ ਵੀ ਹੋ ਸਕਦੀ ਹੈ। ਕਹਾਣੀਆਂ ਵਿਚ ਦਿਸਦਾ ਅਣ ਦਿਸਦਾ ਸੰਸਾਰ ਹੈ।

ਬਿਰਤਾਂਤਕ, ਉੱਤਮ ਪੁਰਖੀ, ਜੀਵਨੀ ਮੂਲਕ, ਸੰਵਾਦੀ ਸ਼ੈਲੀ ਵਿੱਚ ਮੇਰੀਆਂ ਕਹਾਣੀਆਂ ਪੇਸ਼ ਹੋਈਆਂ ਹਨ। ਸਮਾਜਿਕ ਆਰਥਿਕ, ਮਾਨਸਿਕ ਉਲ਼ਝਣਾਂ, ਸਰੀਰਕ ਜਟਿਲਾਤਾਵਾਂ, ਥੁੜਾਂ ਮਾਰੀ ਕਿਸਾਨੀ, ਬੇਰੁਜ਼ਗਾਰੀ, ਪਰਿਵਾਰਕ ਔਖਾਂ, ਮਨੁੱਖ ਦੇ ਮਨੋਵਿਕਾਰ, ਸੰਘਰਸ਼, ਪੀੜਾਂ, ਨਸ਼ੇ, ਪਰਵਾਸ,

ਵਿਛੋੜਾ, ਇਕੱਲਤਾ ਦਾ ਸੰਤਾਪ, ਖ਼ਾਸ ਤੌਰ ਤੇ ਨਾਰੀ ਸੰਕਟ ਵਰਗੇ ਵਿਸ਼ੇ ਮੇਰੀਆਂ ਕਹਾਣੀਆਂ ਦੇ ਹਨ। ਪਰ ਕਹਾਣੀਆਂ ਦੀ ਕੇਂਦਰ ਵਿਚ ਘਰੇਲੂ ਔਰਤ ਹੈ। ਘਟਨਾਵਾਂ ਪਰਿਵਾਰ ਦੁਆਲੇ ਘੁੰਮਦੀਆਂ ਹਨ। ਬਣਤਰ ਬਹੁ-ਪਰਤੀ, ਗੁੰਦਵੀਂ, ਸੰਘਣੀ, ਦਿਲ ਟੁੰਬਵੀਂ ਬਣਾਉਣ ਦੀ ਕੋਸ਼ਿਸ਼ ਕਰਦੀ ਹਾਂ।

ਮੇਰੀ ਸਮੁੱਚੀ ਕਹਾਣੀ ਦੀ ਕੇਂਦਰ ਬਿੰਦੂ ਇਸਤਰੀ ਹੈ। ਉਹ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾਈ ਰੱਖਣ ਦੇ ਆਹਰ ਵਿਚ ਹੈ। ਕਹਾਣੀਆਂ ਨਿੰਮ ਦਾ ਦਰੱਖ਼ਤ, ਤੇਰਾਂ ਨੰਬਰ ਗਲੀ, ਪਿੱਤਲ ਦੀ ਘੰਟੀ ਵਿੱਚ ਮਰਦ ਔਰਤ ਤੇ ਹਾਵੀ ਹੁੰਦੇ ਹਨ। ਔਰਤ ਮਾਨਸਿਕ ਸੰਤਾਪ ਭੋਗਦੀ ਹੈ। ਜ਼ਿਆਦਾਤਰ ਮਰਦ-ਇਸਤਰੀ ਸਹਿਯੋਗੀ ਦੇ ਰੂਪ ਵਿੱਚ ਵਿਚਰਦੇ ਹਨ।

ਇਹ ਧਾਰਨਾ ਨਹੀਂ ਹੈ। ਇਹ ਅਸਲੀਅਤ ਸਚਾਈ ਹੈ। ਪਰ ਮੈਂ ਇਸ ਦ੍ਰਿਸ਼ਟੀ ਤੋਂ ਕਹਾਣੀ ਨਹੀਂ ਉਸਾਰਦੀ। ਜੋ ਆਲੇ-ਦੁਆਲੇ, ਸਮਾਜ ਵਿਚ ਵਾਪਰਦਾ ਹੈ ਮੈਂ ਉਸ ਅਨੁਭਵ ਵਿਚੋਂ ਕਹਾਣੀ ਉਸਾਰਦੀ ਹਾਂ। ਸਾਹਿਤ ਸਮਾਜ ਦਾ ਪ੍ਰਤੀਬਿੰਬ ਹੈ। ਲੇਖਕ ਜੋ ਸਮਾਜ ਕੋਲੋਂ ਲੈਂਦਾ ਹੈ ਉਹੋ ਸਮਾਜ ਨੂੰ ਦਿੰਦਾ ਹੈ। ਜੇ ਔਰਤ ਜਾਗਰੂਕ ਹੋਈ ਹੈ ਤਾਂ ਮਰਦ ਵੀ ਸਮਝਦਾਰ ਹੋਇਆ ਹੈ। ਜ਼ਿੰਦਗੀ 'ਚ ਤਾਲਮੇਲ ਬਿਠਾਉਣ ਦਾ ਉਹਨਾਂ ਵਲ ਸਿੱਖਿਆ ਹੈ। ਜ਼ਿੰਦਗੀ ਪ੍ਰਤੀ ਉਹਨਾਂ ਦਾ ਨਜ਼ਰੀਆਂ ਕਾਫ਼ੀ ਬਦਲ ਗਿਆ ਹੈ, ਉਤਸ਼ਾਹਪੂਰਨ ਹੈ। ਉਹਨਾਂ ਸਮਝ ਲਿਆ ਹੈ ਕਿ ਜ਼ਿੰਦਗੀ ਇੱਕ ਵਾਰ ਹੀ ਮਿਲਣੀ ਹੈ ਦੁਬਾਰਾ ਨਹੀਂ। ਉਹ ਇਕ ਦੂਜੇ ਦੀਆਂ ਕਮੀਆਂ ਪੇਸ਼ੀਆਂ ਸੁਖਾਂ-ਦੁੱਖਾਂ ਨੂੰ ਸਮਝਦੇ, ਸੁਲਝਾਉਂਦੇ ਹੋਏ ਖ਼ੁਸ਼ਹਾਲ ਜ਼ਿੰਦਗੀ ਬਤੀਤ ਕਰਨ ਵੱਲ ਰੁਚਿਤ ਹਨ।

ਜ਼ਿੰਦਗੀ ਦਾ ਉਹ ਪੱਖ ਵੀ ਹੈ ਜਿੱਥੇ ਮਰਦ ਔਰਤ ਨੂੰ ਜ਼ਲੀਲ ਕਰਦਾ ਹੈ, ਉਸ ਦਾ ਸ਼ੋਸ਼ਣ ਕਰਦਾ ਹੈ। ਛੇੜਛਾੜ, ਜਬਰ ਜਨਾਹ ਦੀਆਂ ਵਾਰਦਾਤਾਂ ਦਿਨੋਂ ਦਿਨ ਵਧ ਰਹੀਆਂ ਹਨ। ਔਰਤ ਵਿੱਚ ਅਸੁਰੱਖਿਆ ਦੀ ਭਾਵਨਾ ਵਧੀ ਹੈ। ਦੂਜੇ ਪਾਸੇ ਔਰਤਾਂ ਵੀ ਔਰਤ ਹੋਣ ਦੇ ਗ਼ਲਤ ਫਾਇਦੇ ਚੁੱਕਦੀਆਂ ਹਨ, ਮਰਦ ਦਾ ਸ਼ੋਸ਼ਣ ਕਰਦੀਆਂ ਹਨ। ਕਤਲ, ਖ਼ੁਦਕੁਸ਼ੀਆਂ ਇਸ ਦੀਆਂ ਉਦਾਹਰਣਾ ਹਨ। ਔਰਤ ਦੇ ਇਹ ਵੱਖ ਵੱਖ ਰੂਪ ਅਤੇ ਮਰਦ ਦੇ ਰੂਪ ਮੈਂ ਆਪਣੀਆਂ ਕਹਾਣੀਆਂ ਵਿਚ ਲਿਆਉਣ ਦੀ ਪੂਰੀ ਕੋਸ਼ਿਸ਼ ਕਰਦੀ ਹਾਂ। ਬਦਲ ਰਹੀ ਨਾਰੀ ਦੇ ਰੂਪ ਵਿਚ ਪਾਠਕਾਂ ਨੂੰ ਮੇਰੀਆਂ ਕਹਾਣੀਆਂ ਵਿਚ ਪੜ੍ਹਨ ਨੂੰ ਮਿਲ ਜਾਣਗੇ।

ਇਹ ਸਮਾਜ ਤੇ ਸੰਸਾਰ ਔਰਤ-ਮਰਦ ਦੇ ਰਿਸ਼ਤਿਆਂ ਨਾਲ ਹੀ ਬੱਝਾ ਹੈ। ਮੇਰੀ ਹਰ ਕਹਾਣੀ ਔਰਤ-ਮਰਦ ਦੇ ਉਲਝੇ-ਸੁਲਝੇ , ਸੁਖਾਵੇਂ ਰਿਸ਼ਤਿਆਂ ਦੀ ਹੀ ਗੱਲ ਕਰਦੀ ਹੈ। ਕਹਾਣੀ ਸਾਹਿਤ ਨੇ ਸਮਾਜ ਦੀਆਂ ਅੰਦਰਲੀਆਂ ਬਾਹਰਲੀਆਂ ਪਰਤਾਂ ਨੂੰ ਹੀ ਕਹਾਣੀ ਦੇ ਤਾਣੇ-ਬਾਣੇ ਵਿੱਚ ਬੁਣਨਾ ਹੁੰਦਾ ਹੈ। ਮੈਂ ਔਰਤ-ਮਰਦ ਦੀ ਮਾਨਸਿਕ ਟੁੱਟ-ਭੱਜ, ਸਮਾਜਿਕ ਆਰਥਿਕ, ਰੁਮਾਂਟਿਕ, ਸੁਖਾਂਤਕ, ਅੱਤਿਆਚਾਰਕ ਪੱਖਾਂ ਨੂੰ ਆਪਣੀਆਂ ਕਹਾਣੀਆਂ ਵਿਚ ਫੜ੍ਹਿਆ ਹੈ। ਲੇਖਕ ਦਾ ਧਰਮ ਹੈ, ਫਰਜ਼ ਵੀ ਹੈ ਕਿ ਉਹ ਸਮਾਜ ਦੀ ਹਰ ਚੰਗਿਆਈ, ਬੁਰਾਈ, ਊਣਤਾਈ, ਵਡਿਆਈ ਨੂੰ ਆਪਣੀ ਲਿਖਤ ਵਿੱਚ ਪੇਸ਼ ਕਰੇ।

ਲੇਖਕ ਨੂੰ ਸਮਾਜ ਨਾਲ ਜੁੜਨਾ ਪੈਂਦਾ ਹੈ। ਉਹ ਸਮਾਜ ਦੇ ਵਿਵਹਾਰ ਨੂੰ ਹੀ ਚਿਤਰਦਾ ਹੈ। ਫਿਰ ਡਰਨਾ ਕਿਉਂ? ਡਰਦਾ ਝੂਠ ਹੈ। ਸੱਚ ਕਦੇ ਨਹੀਂ ਡਰਦਾ। ਸੱਚ ਛੇਤੀ ਕੀਤੇ ਹਜ਼ਮ ਵੀ ਨਹੀਂ ਹੁੰਦਾ। ਸੱਚ ਨੂੰ ਬਹੁਤ ਸਮੱਸਿਆਵਾਂ, ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸ਼ੁਰੂ ਦੇ ਦੌਰ ਵਿਚ ਮੇਰੇ ਨਾਲ ਇਸ ਤਰ੍ਹਾਂ ਵਾਪਰ ਚੁੱਕਾ ਹੈ। ਸੱਚ ਬੋਲਣ ਦੇ ਇਵਜ਼ ਵਿੱਚ ਮੈਨੂੰ ਪੁਲਿਸ ਦੀਆਂ ਧਮਕੀਆਂ ਮਿਲੀਆਂ ਸਨ। ਮੈਨੂੰ ਅਣਉਮੀਦੇ ਦਾ ਸਾਹਮਣਾ ਕਰਨਾ ਪਿਆ ਸੀ। ਮੈਨੂੰ ਆਪਣੀ ਕਲਮ ਦੀ ਤਾਕਤ ਦਾ ਅਹਿਸਾਸ ਵੀ ਹੋਇਆ ਸੀ। ਜਿਸ ਨੇ ਮੇਰੇ ਮਨ ਵਿਚ ਉਤਸਾਹ ਭਰਿਆ ਸੀ। ਹਾਂ ਕਿਤੇ ਕਿਤੇ ਮਨ 'ਚ ਖ਼ਦਸ਼ਾ ਉੱਠਦਾ ਹੈ, ਡਰ ਨਹੀਂ ਲੱਗਦਾ। ਮੈਂ ਅਜਿਹਾ ਕੁਝ ਲਿਖਿਆ ਵੀ ਨਹੀਂ ਹੈ। ਜਿਸ ਤੋਂ ਡਰ ਲੱਗੇ। ਤੁਹਾਡਾ ਸਵਾਲ ਹੈ, ਪੜ੍ਹ ਕੇ ਲੋਕ ਕੀ ਕਹਿਣਗ? ਲੋਗ ਕੁਛ ਕਹੇਂਗੇ ਲੋਗੋਂ ਕਾ ਕਾਮ ਹੈ ਕਹਿਣਾ!

**ਸੰਪਰਕ-99889-30287**



# "ਮੇਰੀਆਂ ਕਹਾਣੀਆਂ ਦੇ ਔਰਤ ਪਾਤਰ ਬਾਹਲੇ ਪਦਾਰਥਵਾਦੀ ਨਹੀਂ"

## - ਗੁਰਮੀਤ ਪਨਾਗ

ਮੈਨੂੰ ਕਹਾਣੀ ਲਿਖਦਿਆਂ ਬਹੁਤਾ ਸਮਾਂ ਨਹੀਂ ਹੋਇਆ। ਪਹਿਲੀ ਕਹਾਣੀ 2013 ਵਿਚ 'ਵੀਜ਼ਾ ਨਾਨੀ ਦਾ' ਲਿਖੀ। ਹਾਂ, ਇਹ ਜ਼ਰੂਰ ਹੈ ਕਿ ਮੈਂ ਗੱਡਾ ਯੁੱਗ ਤੋਂ ਇੰਟਰਨੈੱਟ ਟੈਕਨੌਲੋਜੀ ਦੀ ਹਨੇਰੀ ਤੱਕ ਦੀ ਗਵਾਹ ਹਾਂ। ਇਸ ਸਮੇਂ ਦੌਰਾਨ ਹਰ ਪੱਧਰ 'ਤੇ ਆਏ ਇਨਕਲਾਬ ਵੀ ਦੇਖੇ ਤੇ ਨਿਘਾਰ ਵੀ।

ਮੈਂ ਜਿਆਦਾਤਰ ਸਮਕਾਲੀ ਕਹਾਣੀਕਾਰਾਂ ਨੂੰ ਹੀ ਪੜ੍ਹਿਆ ਹੈ। ਕੈਨੇਡਾ ਆ ਕੇ ਵੀ ਕੰਨਟੈਪਰੇਰੀ ਫਿਕਸ਼ਨ 'ਚ ਹੀ ਦਿਲ ਰਮਿਆ। ਇਸ ਦੇ ਨਾਲ ਹੀ ਵਿਸ਼ਵ ਪੱਧਰ ਦੇ ਵਰਤਾਰਿਆਂ 'ਚ ਵੀ ਰੁਚੀ ਰਹੀ। ਸਰਘੀ ਤੇ ਤ੍ਰਿਪਤਾ ਕੇ ਸਿੰਘ ਦੀਆਂ ਕਹਾਣੀਆਂ ਦੀ ਕਲਾਤਮਿਕਤਾ ਤੇ ਭਾਸ਼ਾ ਦੀ ਹੁਨਰਮੰਦੀ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਹੈ।

ਮੇਰੀਆਂ ਕਹਾਣੀਆਂ ਦੀਆਂ ਔਰਤ ਪਾਤਰ ਇਕ ਇਨਸਾਨ ਦੀ ਹੈਸੀਅਤ 'ਚ ਸਹਿਜ ਜ਼ਿੰਦਗੀ ਜੀਣ ਦੀਆਂ ਇੱਛਕ ਹਨ। ਉਹ ਪੜ੍ਹੀ ਲਿਖੀ ਹੈ, ਚੇਤੰਨ ਹੈ ਤੇ ਆਪਣੇ ਹੱਕਾਂ ਨੂੰ ਸਮਝਦੀ ਹੈ। ਉਹ ਇਨਸਾਨੀ ਕਦਰਾਂ-ਕੀਮਤਾਂ 'ਚ ਯਕੀਨ ਰੱਖਦੀ ਹੈ। ਉਸਦੀ ਆਪਣੀ ਸਪੇਸ ਲਈ ਬਗਾਵਤ ਬਹੁਤੀ ਲਾਊਡ ਨਹੀਂ।

ਮੇਰੀਆਂ ਨਾਰੀ ਪਾਤਰਾਂ ਬਦਲੇਖੋਰ ਨਹੀਂ, ਉਹਨਾਂ ਦਾ ਸਵੈਮਾਣ ਉਹਨਾਂ ਨੂੰ ਅਜਿਹਾ ਕਰਨੋ ਰੋਕਦਾ ਹੈ। ਉਹ ਸੰਘਰਸ਼ ਕਰਦੀਆਂ ਨੇ। ਪਤੀ ਪਤਨੀ ਦੇ ਰਿਸ਼ਤੇ ਤੋਂ ਇਲਾਵਾ ਉਹਨਾਂ ਸਾਹਮਣੇ ਜ਼ਿੰਦਗੀ ਦੇ ਵਿਸ਼ਾਲ ਮਾਇਨੇ ਨੇ। ਆਹੌਤ ਰੂਥ' ਦੀ ਕਿਰਨ ਆਪਣੀ ਧੀ ਨੂੰ ਸੋਹਣੀ ਤਰ੍ਹਾਂ ਪਾਲਣ ਪੋਸ਼ਣ ਲਈ ਆਪਣੀ ਸਮਰੱਥਾ ਬਣਾ ਰਹੀ ਹੈ। ਮੂੰਹ ਬੋਲੀ ਮਾਂ ਰੂਥ ਵੀ ਉਸਨੂੰ ਅਜਿਹੀਆਂ ਹੁੱਜਾਂ ਨਹੀਂ ਮਾਰਦੀ ਕਿ ਤੂੰ ਇਕੱਲੀ ਕਿਵੇਂ ਜ਼ਿੰਦਗੀ ਕੱਟੇਗੀ।

ਮੇਰੇ ਪਾਤਰ ਉਹ ਹਨ ਜੋ ਬਹੁ ਪਸਾਰੀ ਹਨ। ਜਿਹਨਾਂ ਦੀ ਹੋਰ ਮੂਲ ਦੇ ਲੋਕਾਂ ਨਾਲ ਸਾਂਝ ਭਿਆਲੀ ਹੈ। ਇਹ ਪਾਤਰ ਇਕਹਰੇ ਨਹੀਂ, ਇਹਨਾਂ ਦੀਆਂ ਸਮੱਸਿਆਵਾਂ ਵੀ ਜਾਣੀਆਂ ਪਛਾਣੀਆਂ ਨਹੀਂ। ਕਹਾਣੀਆਂ ਦੇ ਵਿਸ਼ੇ ਨਵੇਕਲੇ ਹਨ ਜੋ ਮੇਰੇ ਦਿਲ ਦੇ ਬਹੁਤ ਕਰੀਬ ਹਨ। ਹਾਸ਼ੀਆਗਤ ਕੌਮਾਂ ਤੇ ਥੋਪਿਆ ਸ਼ੋਸ਼ਣ ਤੇ ਬਰਬਰਤਾ ਦਰਸਾਉਂਦੀਆਂ 'ਮੁਰਗਾਬੀਆਂ' ਤੇ 'ਗੋਰੀ ਅੱਖ ਦਾ ਟੀਰ' ਦਾ ਹਵਾਲਾ ਦੇ ਸਕਦੀ ਹਾਂ।

ਜੰਗਾਂ ਦੀ ਵਿਕਰਾਲਤਾ ਨੂੰ ਪੇਸ਼ ਕਰਦੀਆਂ ਕਹਾਣੀਆਂ 'ਕੋਈ ਦੇਸ਼ ਨਾ ਜਾਣੇ ਮੇਰਾ', 'ਮਿਸ ਇੱਜ਼ੀ' ਤੇ 'ਆਹੌਤ ਰੂਥ' ਇਹਨਾਂ ਨੂੰ ਪੜ੍ਹਦਿਆਂ ਜੋ ਨੁਕਤੇ ਪ੍ਰਤੱਖ ਰੂਪ 'ਚ ਸਾਹਮਣੇ ਆਉਂਦੇ ਹਨ। ਉਹ ਪਾਰ ਰਾਸ਼ਟਰੀ ਅੰਤਰ ਦ੍ਰਿਸ਼ਟੀ ਵਾਲੇ ਹਨ।

ਮੇਰੀਆਂ ਕਹਾਣੀਆਂ ਦੇ ਔਰਤ ਮਰਦ ਪਾਤਰ ਬਾਹਲੇ ਪਦਾਰਥਵਾਦੀ ਨਹੀਂ। ਉਹ ਸੁਹਿਰਦਤਾ, ਇਮਾਨਦਾਰੀ, ਵਿਸ਼ਵਾਸ਼ ਦੀ ਤਵੱਕੋ ਰੱਖਦੇ ਹਨ। 'ਮਾਈ ਲਾਈਫ਼ ਮਾਈ ਵੇਅ' 'ਚ ਜਦੋਂ ਪਵਲੀਨ ਦਾ ਘਰ ਤਿੜਕਦਾ ਹੈ, ਉਹ ਕੁਝ ਦੇਰ ਲਈ ਆਪਣੀ ਸਹੇਲੀ ਕੋਲ ਫਰਾਂਸ ਜਾਣ ਦਾ ਮਨ ਬਣਾਉਂਦੀ ਹੈ। ਕਹਾਣੀ ਦਾ ਅੰਤ ਖੁੱਲ੍ਹਾ ਹੈ। ਪਾਠਕ ਜੋ ਮਰਜੀ ਫੈਸਲਾ ਕਰੇ, ਉਹ ਵਾਪਸ ਆਵੇਗੀ ਕਿ ਨਹੀਂ।

'ਕਾਸ਼ਨੀ ਸੁਪਨੇ' ਦੀ ਕੁਲਦੀਪ ਤੇ ਡਾ. ਸਿੱਧੂ ਉਮਰ ਦੇ ਤੀਜੇ ਪੜਾਅ 'ਚ ਵਿਚਰ ਰਹੇ ਹਨ। ਦੋਹਾਂ ਦੀ ਇਕੱਲਤਾ ਉਹਨਾਂ 'ਚ ਇੱਕ ਭਾਵੁਕ ਸਾਂਝ ਪੈਦਾ ਕਰਦੀ ਹੈ। 'ਮੁਰਗ਼ਾਬੀਆਂ' ਦੀ ਟੋਮਾ ਆਪਣੀ ਸਿਆਣਪ ਤੇ ਉਤਸਾਹ ਨਾਲ ਨਸ਼ੇੜੀ ਹੋ ਚੁੱਕੇ ਨੌਜੁਆਨ ਚਾਚੇ ਨੂੰ ਮੁੜ ਪਰਵਾਜ਼ ਭਰਨ ਜੋਗਾ ਕਰਦੀ ਹੈ। 'ਹੁਸ਼ੀਨ ਖ਼ਾਬ' ਵਿਚਲੀਆਂ ਪਾਤਰ ਮੌਡਰਨ ਹਨ, ਆਪਣੇ ਪੈਰਾਂ ਉੱਤੇ ਖੜੀਆਂ ਹਨ ਪਰ ਸੈੱਟ ਹੁੰਦੇ ਹੁੰਦੇ ਓਵਰਏਜ਼ ਹੋ ਗਈਆਂ ਹਨ। ਪਰ ਸਾਥੀ ਦੀ ਤਲਾਸ਼ ਜਾਰੀ ਹੈ। ਮਿਸ ਇੱਜ਼ੀ ਇੰਗਲੈਂਡ ਦੀ ਉਹ ਸਿਦਕਵਾਨ ਔਰਤ ਹੈ ਜੋ ਵਿਆਹ ਤੋਂ ਚਾਰ ਮਹੀਨੇ ਬਾਅਦ ਹੀ ਆਪਣਾ ਪਤੀ ਨੂੰ ਦੂਜੀ ਵੱਡੀ ਜੰਗ 'ਚ ਗੁਆ ਬੈਠਦੀ ਹੈ।

ਪਰ ਉਹ ਆਪਣੇ ਬੱਚੇ ਨੂੰ ਜਨਮ ਉਸਦੇ ਪਿਤਾ ਦੀ ਜਨਮ ਭੂਮੀ ਕੈਨੇਡਾ 'ਚ ਦੇਣਾ ਚਾਹੁੰਦੀ ਹੈ, ਸਫ਼ਲ ਵੀ ਹੁੰਦੀ ਹੈ।




ਕਿਰਨ ਤੇ ਰੂਥ 'ਆਹੌਤ ਰੂਥ' ਵਿਚਲੀਆਂ ਉਹ ਪਾਤਰ ਹਨ ਜੋ ਹਾਲਾਤਾਂ ਦੀ ਭੱਠੀ 'ਚ ਤਪਕੇ ਬਣਿਆ ਕੁੰਦਨ ਹਨ। ਉਹ ਮਾਂ ਧੀ ਵਾਂਗ ਵਿਚਰਦੀਆਂ ਹਨ, ਇਕ ਦੂਜੇ ਦੇ ਪਿਆਰ, ਨਿੱਘ 'ਚ ਸੋਹਣਾ ਸਮਾਜ ਸਿਰਜਣ ਦੇ ਆਹਰ 'ਚ ਲੱਗੀਆਂ ਹੋਈਆਂ ਹਨ। ਲੈਵੀ ਵੀ ਉਹਨਾਂ ਦੇ ਮਿਲਣ 'ਚ ਪੈਰ ਪੈਰ ਤੇ ਸਹਾਈ ਹੁੰਦਾ ਹੈ।

ਇਹ ਸਵਾਲ ਮੈਨੂੰ ਬਹੁਤ ਰੌਚਕ ਲੱਗਾ। ਮੇਰੇ ਅੰਦਰਲੀਆਂ ਦੋਨੋਂ ਨਾਰੀਆਂ ਸਹਿਹੋਂਦ 'ਚ ਵਿਚਰਦੀਆਂ ਹਨ। ਦਰਵਾਜ਼ਾ ਬੰਦ ਕਰਕੇ ਲਿਖਣ ਬੈਠਦੀ ਹਾਂ। ਆਪਣੇ ਆਪ ਨੂੰ ਫੋਕਸ ਕਰਕੇ ਪਾਤਰਾਂ ਨੂੰ ਸਾਹਮਣੇ ਤੁਰਦੇ ਫਿਰਦੇ ਦੇਖਦੀ ਹਾਂ। ਨਾਰੀ ਦੀ ਅਵਾਜ਼ ਆਉਂਦੀ ਹੈ, "ਮੈਂ ਭਲਾ ਅੱਜ ਦਵਾਈ ਲੈ ਲਈ ਤੀ? ਮੈਨੂੰ ਉਰੇ ਆ ਕੇ ਦੱਸ ਪੁੱਤ।"

ਨਾਨੀ ਕੋਲ ਪਲ ਭਰ ਬੈਠ ਕੇ ਚਾਹ ਦਾ ਕੱਪ ਬਣਾਉਣ ਲੱਗ ਪੈਂਦੀ ਹਾਂ। ਕਹਾਣੀਕਾਰ ਨਾਰੀ ਬੈਠੀ ਮੇਰਾ ਇੰਤਜ਼ਾਰ ਕਰ ਰਹੀ ਹੁੰਦੀ ਹੈ। ਮੁੜ ਚਾਹ ਦਾ ਕੱਪ ਲੈ ਕੇ ਉਸ ਕੋਲ ਜਾਂਦੀ ਹਾਂ। ਅਸੀਂ ਦੋਨੋਂ ਮੰਤਰ ਮੁਗਧ ਹੋ ਕੇ ਕੰਮ ਸ਼ੁਰੂ ਕਰ ਦਿੰਦੀਆਂ ਹਾਂ। ਦਿਲ ਕਰਦਾ ਹੁੰਦੈ, ਕੋਈ ਨਾ ਹੁਣ ਬੁਲਾਵੇ ਬੱਸ ਲਿਖਦੇ ਜਾਈਏ। ਹਸਬੈਂਡ ਦਾ ਫ਼ੋਨ ਆਉਂਦਾ ਹੈ, "ਤੂੰ ਚਾਰ ਵਜੇ ਤੋਂ ਪਹਿਲਾਂ ਪਹਿਲਾਂ ਦੋ ਕੁ ਬਿੱਲ ਪੇਅ ਕਰਨ ਜਾ ਸਕਦੀ ਐਂ?

ਫਟਾਫਟ ਤਿਆਰ ਹੋ ਕੇ ਕਾਰ 'ਚ ਬੈਠਦੀ ਹਾਂ। ਕਹਾਣੀਕਾਰ ਨਾਰੀ ਫੇਰ ਸਿਰ ਚੁੱਕਦੀ ਹੈ। ਨਵੇਂ ਫ਼ੁਰਨੇ ਫ਼ੁਰਨ ਲੱਗਦੇ ਨੇ। ਇਕ ਵਾਕਿਆ ਯਾਦ ਆਇਆ ਜਿੰਮ 'ਚ ਕਿੱਕ ਬੌਕਸਿੰਗ ਦੀ ਕਲਾਸ ਖਤਮ ਹੁੰਦਿਆਂ ਹੀ ਸਾਰੇ ਖਿੰਡਣ-ਪੁੱਡਣ ਲੱਗੇ। ਇੰਸਟੱਰੁਕਟਰ ਨੇ ਮੈਨੂੰ ਪਾਸੇ ਲਿਜਾ ਕੇ ਪੁੱਛਿਆ, "ਇਜ਼ ਐਵਰੀਥਿੰਗ ਓਕੇ ? ਯੂ ਲੁੱਕ ਸੈਡ ...।"

ਮੈਂ ਹਲਕਾ ਜਿਹਾ ਮੁਸਕਰਾਈ, ਫੇਰ ਉਸਨੂੰ ਦੱਸਣ ਲੱਗੀ, ਕਿ ਮੈਨੂੰ ਤਾਂ ਅਹੌਤ ਰੂੱਥ ਦੀ  ਕਸਰ ਹੋਈ ਆ। ਉਹ ਮੇਰੇ ਅੰਦਰ ਆਣ ਬੈਠੀ ਆ। ਕਿਉਂਕਿ ਉਹ ਆਪਣੀ ਕੰਨਸੈਂਟਰੇਸ਼ਨ ਕੈਂਪ ਦੀ ਕਹਾਣੀ ਸੁਣਾ ਰਹੀ ਹੈ, ਮੇਰੇ ਦਿਲ ਨੂੰ ਘੇਰ ਪਈ ਜਾਂਦੇ ਨੇ।"

ਇੰਸਟਰੱਕਟਰ ਨੇ ਮੈਨੂੰ ਘੁੱਟ ਕੇ ਜੱਫੀ ਪਾਈ। ਬੜੇ ਮਾਣ ਨਾਲ ਮੇਰੇ ਵੱਲ ਤੱਕਿਆ । ਸ਼ਰਾਰਤ 'ਚ ਆਖਣ ਲੱਗੀ, "ਕੱਲ੍ਹ ਤੋਂ ਤੇਰੇ ਲਈ ਦੋ ਬੌਕਸਿੰਗ ਬੈਗ ਸੈੱਟ ਕਰਕੇ ਰੱਖਾਂਗੀ। ਰੂਥ ਵੀ ਤਾਂ ਸਾਡੇ ਨਾਲ ਹੋਏਗੀ।"

ਮੇਰੇ ਪਲੇਠੇ ਕਹਾਣੀ ਸੰਗ੍ਰਹਿ 'ਮੁਰਗਾਬੀਆਂ' ਤੇ 'ਰਾਗ' ਮੈਗਜ਼ੀਨ 'ਚ ਛਪੀ 'ਆਹੌਤ ਰੂਥ' ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲਿਆ ਹੈ। ਕਿਤਾਬ ਦੇ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸਿਲੇਬਸ 'ਚ ਲੱਗ ਜਾਣ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਿਲੇਬਸ 'ਚ ਸ਼ਾਮਲ ਹੋਣਾ, ਮੇਰੇ ਲਈ ਮਾਣ ਵਾਲੀ ਗੱਲ ਹੈ। ਮੈਂ ਸੰਤੁਸ਼ਟ ਹਾਂ। ਬਹੁਤ ਖੁਸ਼ ਹਾਂ। ਬਾਕੀ 'ਗੌਡਫਾਦਰ' ਟਰਮ ਤਾਂ ਫਿਲਮ ਜਗਤ ਜਾਂ ਅਪਰਾਧ ਜਗਤ ਨਾਲ ਜੁੜੀ ਹੋਈ ਹੈ, ਸਾਹਿਤ 'ਚ ਪਤਾ ਨਹੀਂ ਕਿਉਂ ਆ ਗਈ। ਮੇਰੇ ਲਈ ਗੌਡਫਾਦਰ ਦੇ ਅਰਥ ਹਨ ਕਿ ਕੋਈ ਮੈਂਟੋਰ ਜਾਂ ਗਾਈਡ ਜੋ ਤੁਹਾਡੀ ਰਚਨਾ ਨੂੰ ਪੜ੍ਹ ਕੇ ਇਮਾਨਦਾਰੀ ਨਾਲ ਆਪਣੇ ਸੁਝਾਅ ਦੇਵੇ। ਜੇ ਰਚਨਾ ਹਾਲੇ ਕੱਚ ਘਰੜ ਹੈ, ਤੁਹਾਨੂੰ ਕਿਤੇ ਵੀ ਛਪਵਾਉਣੋਂ ਵਰਜੇ, ਉਸ ਤੇ ਹੋਰ ਮਿਹਨਤ ਕਰਨ ਲਈ ਆਖੇ। ਪੜ੍ਹੇ ਲਿਖੇ ਦੋਸਤਾਂ ਨਾਲ ਵੀ ਜਦੋਂ ਇੰਨਟਰ ਐਕਸ਼ਨ ਹੁੰਦੀ ਹੈ, ਮੇਰੇ ਲਈ ਇਹ ਵੀ ਇਵੌਲਵ ਹੋਣ ਵਾਲਾ



ਅਮਲ ਹੈ।

ਆਪਣੇ ਗਾਈਡ ਦੀ ਗੱਲ ਕਰਾਂ, ਮੇਰੇ ਸਤਿਕਾਰਤ ਗਾਈਡ ਨੇ ਇਹ ਧਰਮ ਨਿਭਾਇਆ ਹੈ। ਇੱਕ ਪੁਆਇੰਟ ਤੇ ਆ ਕੇ ਉਹਨਾਂ ਨੇ ਮੇਰਾ ਭੇਜਿਆ ਕੁਝ ਵੀ ਪੜ੍ਹਨੋ ਇਨਕਾਰ ਕਰ ਦਿੱਤਾ। ਇਹ ਕਹਿ ਕੇ ਕਿ ਹੁਣ ਤੂੰ ਆਪ ਤੁਰ ਸਕਦੀ ਹੈ। ਇਸ ਭਰੋਸੇ ਨੇ ਮੈਨੂੰ ਡਰਾਇਆ ਵੀ। ਮੈਨੂੰ ਹੋਰ ਵੀ ਜਿਆਦਾ ਮਿਹਨਤ ਕਰਨੀ ਪੈਂਦੀ ਹੈ।

ਕਿਤਾਬ ਜਲਦਬਾਜ਼ੀ 'ਚ ਨਾ ਛਪਵਾਉਣ ਦਾ ਮਸ਼ਵਰਾ ਵੀ ਉਨ੍ਹਾਂ ਨੇ ਹੀ ਦਿੱਤਾ ਸੀ। ਕਹਾਣੀਆਂ ਨੂੰ ਵਾਰ ਵਾਰ ਘੋਖਣ ਵਿਚਾਰਨ ਲਈ ਕਿਹਾ ਤੇ ਮੈਂ ਨਮੋਸ਼ੀ ਤੋਂ ਬਚ ਗਈ। ਉਹ ਆਪ ਵੀ ਬਹੁਤ ਸ਼ਿੱਦਤ ਨਾਲ ਆਪਣੇ ਸਾਹਿਤਕ ਕਾਰਜ 'ਚ ਜੁੜੇ ਹੋਏ ਹਨ। ਬਹੁਤੀ ਵਾਰ ਉਹਨਾਂ ਨਾਲ ਫ਼ੋਨ ਤੇ ਵੀ ਗੱਲ ਨਹੀਂ ਕਰ ਸਕਦੀ ਕਿਉਂਕਿ ਉਹਨਾਂ ਦੇ ਚੱਲ ਰਹੇ ਕਾਰਜਾਂ 'ਚ ਵਿਘਨ ਪੈਂਦਾ ਹੈ। ਕਿੰਨਾ ਕੁਝ ਤਾਂ ਅਸੀਂ ਕਿਸੇ ਦੇ ਵਤੀਰੇ ਤੋਂ ਹੀ ਸਿੱਖਣਾ ਹੁੰਦਾ ਹੈ। ਉਹਨਾਂ ਨੇ ਮੈਨੂੰ ਆਪਣੀ ਅਲੋਚਕ ਆਪ ਬਣਨਾ ਸਿਖਾਇਆ। ਮੈਂ ਕਹਾਂਗੀ, ਕਿਸੇ ਵੀ ਲਿਖਤ ਨੇ ਆਪਣੇ ਬਲਬੂਤੇ ਤੇ ਹੀ ਕਿਤੇ ਪਹੁੰਚਣਾ ਹੁੰਦਾ ਹੈ। ਵਕਤੀ ਤੌਰ ਤੇ ਕਈ ਵਾਰ ਲਗਦਾ ਹੁੰਦਾ ਹੈ ਕਿਸੇ ਗੌਡਫਾਦਰ ਨੇ ਫਲਾਣੇ ਨੂੰ ਕਿੰਨਾ ਚੜ੍ਹਾ ਦਿੱਤਾ ਪਰ ਪਾਠਕਾਂ ਦੇ ਮਨ ਤੇ ਕਿਸੇ ਦਾ ਕੋਈ ਜ਼ੋਰ ਕਿਵੇਂ ਹੋ ਸਕਦਾ ਹੈ ਕਿ ਉਸਨੂੰ ਕੀ ਚੰਗਾ ਲਗਦਾ ਹੈ? ਉਸਦੇ ਮਨ ਤੇ ਕਿਸੇ ਗੌਡਫਾਦਰ ਦੀ ਜ਼ਬਰਦਸਤੀ ਕਿਵੇਂ ਚੱਲ ਸਕਦੀ ਹੈ? ਜਦੋਂ ਪਾਠਕਾਂ ਦੇ ਕਿਸੇ ਲੇਖਕ ਨੂੰ ਫੋਨ ਆਉਂਦੇ ਹਨ, ਉਹਨਾਂ ਦੀ ਕੋਈ ਇਹ ਮਜ਼ਬੂਰੀ ਤਾਂ ਨਹੀਂ ਹੁੰਦੀ। ਉਦੋਂ ਇਹ ਜ਼ਰੂਰ ਅਹਿਸਾਸ ਹੁੰਦਾ ਕਿ ਮਿਹਨਤ ਸਫ਼ਲ ਰਹੀ।

'ਮੁਰਗ਼ਾਬੀਆਂ' ਕਹਾਣੀ 'ਚ ਸਮਾਨ ਅੰਤਰ ਚਲਦੀ ਲੋਕ ਕਥਾ ਦੇ ਹਵਾਲੇ ਨਾਲ ਗੋਰੀ ਹਕੂਮਤ ਦੇ ਜ਼ੁਲਮਾਂ, ਠੱਗੀਆਂ, ਲਾਲਚਾਂ ਨੂੰ ਲੂੰਮੜੀ ਦੇ ਪ੍ਰਤੀਕ ਰਾਹੀਂ ਦਰਸਾਉਣ ਦੀ ਕੋਸ਼ਿਸ਼ ਕੀਤੀ। 'ਮੁਰਗਾਬੀਆਂ' ਉਹ ਸਵੱਛ, ਅਣਭੋਲ ਮੂਲਵਾਸੀ ਸਨ ਜਿਹਨਾਂ ਦੇ ਖੰਭ ਰੂਪੀ ਉੱਡਣ ਦਾ ਬਲ ਤੇ ਹੁਨਰ ਗੋਰੇ  ਠੱਗਦੇ ਰਹੇ।

'ਗੋਰੀ ਅੱਖ ਦਾ ਟੀਰ' 'ਚ ਕਾਲਾ ਨੌਜੁਆਨ ਨੇਥਨ ਬਰਾਊਨ ਆਪਣੀ ਦੁੱਖ ਭਰੀ ਵਿਥਿਆ ਸਾਈਕੈਟਰਿਸਟ ਨੂੰ ਛੇ ਸ਼ੈਸ਼ਨਾ 'ਚ ਦੱਸਦਾ ਹੈ। ਅੰਤ 'ਚ  ਉਸ ਤੋਂ ਇਮਾਨਦਾਰੀ ਨਾਲ ਰਿਪੋਰਟ 'ਚ ਸੱਚ ਬਿਆਨ ਕਰਨ ਦੀ ਅਪੀਲ ਕਰਦਾ ਹੈ।

'ਆਹੌਤ ਰੂਥ' 'ਚ ਵੱਖ ਵੱਖ ਮੁਲਕਾਂ, ਕੌਮਾਂ ਨੇ ਜੋ ਜ਼ਬਰ ਸਿਹਾ, ਉਸ ਰਾਹੀਂ ਆਪਸੀ ਸੰਵਾਦ, ਰਚਾਉਣਾ, ਆਉਣ ਵਾਲੀਆਂ ਨਸਲਾਂ ਨੂੰ ਕੋਮਲ ਭਾਵੀ ਬਣਾਉਣ ਦਾ ਯਤਨ ਕਰਨਾ ਮੇਰੀ ਨਜ਼ਰ 'ਚ ਇੱਕ ਤਜਰਬਾ ਹੀ ਹੈ।

ਇਹੋ ਜਿਹੀ ਕੋਈ ਗੱਲ ਮੇਰੀਆਂ ਕਹਾਣੀਆਂ 'ਚ ਵਿਸ਼ੇਸ਼ ਤੌਰ ਤੇ ਸਾਹਮਣੇ ਨਹੀਂ ਆਉਂਦੀ। ਮੇਰੇ ਪਾਤਰ ਜ਼ਿੰਦਗੀ ਦੇ ਉਤਰਾਵਾ ਚੜ੍ਹਾਵਾਂ ਦੇ ਆਰ ਪਾਰ ਭਲੀ ਜ਼ਿੰਦਗੀ ਜਿਊਣ ਦੇ ਖਾਹਿਸ਼ਮੰਦ ਹਨ। ਉਹ ਸੰਘਰਸ਼ ਕਰਦੇ ਹਨ। ਉਹਨਾਂ ਦਾ ਸੰਘਰਸ਼ ਮੇਰੀ ਕਹਾਣੀ ਨੂੰ ਖ਼ੂਬਸੂਰਤੀ ਪ੍ਰਦਾਨ ਕਰਦਾ ਹੈ।


ਦੇਖੋ ! ਜਿਸ ਧਿਰ ਕੋਲ ਸੱਤਾ ਹੈ, ਉਹ ਦੂਜੀ ਨੂੰ ਦਬਾਉਣ 'ਚ ਕਾਮਯਾਬ ਹੋ ਜਾਂਦੀ ਹੈ, 'ਕੋਈ ਦੇਸ਼ ਨਾ ਜਾਣੇ ਮੇਰਾ' ਦੀ ਗੇਲ ਪਾਤਰ ਦਾ ਪੰਜਾਬੀ ਪਰਿਵਾਰ ਜਿਵੇਂ ਨਜਾਇਜ਼ ਫਾਇਦਾ ਉਠਾਉਂਦਾ ਹੈ, ਇਹ ਮਨੁੱਖ ਦੇ ਸਵਾਰਥ ਤੇ ਦੋਗਲੇਪਣ ਦੀ ਤਸਵੀਰਕਸ਼ੀ ਹੈ। ਗੇਲ ਤਾਂ ਐਨੀ ਮੋਹਵੰਤੀ ਤੇ ਸੁਹਿਰਦ ਹੈ ਉਸਨੂੰ ਅਹਿਸਾਸ ਵੀ ਨਹੀਂ ਕਿ ਵਰਤਿਆ ਜਾ ਰਿਹਾ ਹੈ। ਜਦ ਤੱਕ ਹੱਡ ਚੱਲਦੇ ਸਨ, ਉਹ ਪਰਿਵਾਰ ਦੀ ਮੈਂਬਰ ਸੀ, ਮੁੜ ਓਹੀ ਹਾਲ ਜੋ ਪਿੰਡ ਦੇ ਸੀਰੀ ਦਾ ਹੁੰਦਾ ਹੈ। ਸੀਨੀਅਰ ਹੋਮ 'ਚ ਮੌਤ ਨੂੰ ਉਡੀਕਦੀ ਗੇਲ ਨੂੰ ਕੋਈ ਮਿਲਣ ਵੀ ਨਹੀਂ ਆਉਂਦਾ।

ਮੇਰਾ ਮੰਨਣਾ ਹੈ ਕਿ ਰਿਸ਼ਤਿਆਂ ਦੇ ਕੇਂਦਰ 'ਚ ਔਰਤ ਹੁੰਦੀ ਹੈ। ਛੇਤੀ ਕੀਤਿਆਂ ਤਾਂ ਉਹ ਹਾਰ ਮੰਨਦੀ ਨਹੀਂ। ਵਿਪਰੀਤ ਸਥਿਤੀਆਂ 'ਚ ਵੀ ਉਹ ਅਮਨ ਸ਼ਾਂਤੀ ਦੀ ਕਾਮਨਾ ਕਰਦੀ ਹੈ।

ਹਾਲੇ ਤੱਕ ਤਾਂ ਕੋਈ ਪਾਤਰ ਇਹੋ ਜਿਹਾ ਨਹੀਂ ਚਿਤਰਿਆ ਕਿ ਮੈਨੂੰ ਸੋਚਣਾ ਪਵੇ, ਕੋਈ ਕੀ ਕਹੇਗਾ।

**ਸੰਪਰਕ**- 001-226-920-8266

# “ਮੇਰੇ ਪਾਤਰ ਬਗਾਵਤ ਕਰਦੇ-ਕਰਦੇ ਵੀ ਆਦਰਸ਼ ਮੋੜਾ ਖਾ ਜਾਂਦੇ ਹਨ”- ਦੀਪਤੀ ਬਬੂਟਾ




ਜੇ ਮੈਂ ਗੱਲ ਕਰਾਂ, ਜਦੋਂ ਮੈਂ ਕਹਾਣੀ ਲਿਖਣੀ ਸ਼ੁਰੂ ਕੀਤੀ ਉਸ ਵੇਲੇ ਔਰਤ ਦੀ ਸਮਾਜਿਕ ਸਥਿਤੀ ਕਿਸ ਤਰ੍ਹਾਂ ਦੀ ਸੀ, ਤਾਂ ਮੈਂ ਕਾਲਜ ਦੇ ਦਿਨਾਂ ’ਚ ਪਹੁੰਚ ਜਾਂਦੀ ਹਾਂ। ਜੇ ਗੱਲ ਕਰਾਂ ਉਸ ਵੇਲੇ ਦੀ ਜਦੋਂ ਮੇਰਾ ਪਹਿਲਾ ਕਹਾਣੀ ਸੰਗ੍ਰਹਿ ਛਪਦਾ ਹੈ ਤਾਂ ਮੈਂ ਇੱਕ ਮੁਕੰਮਲ ਔਰਤ ਦਾ ਕਿਰਦਾਰ ਨਿਭਾਉਂਦੀ ਸਮਾਜ ਵਿੱਚ ਵਿਚਰਨ ਲੱਗਦੀ ਹਾਂ। ਕਾਲਜ ਪੜ੍ਹਦਿਆਂ ਮੈਂ ‘ਪਿੰਜਰੇ ਦਾ ਪੰਛੀ, ਮਜ਼ਬੂਰੀ ਕਹਾਣੀਆਂ ਲਿਖੀਆਂ ਜਿਨ੍ਹਾਂ ਵਿਚ ਔਰਤ ਦੱਬੂ ਬਿਰਤੀ ਵਾਲੀ ਹੈ। ਹੁਣ ਮੈਂ ਸਮਾਜ ਨੂੰ ਵੱਖਰੇ ਦ੍ਰਿਸ਼ਟੀਕੋਣ ਨਾਲ ਵੇਖਣ ਲੱਗਦੀ ਹਾਂ ਤੇ ਕਹਾਣੀ ਲਿਖਦੀ ਹੈ ਡਾਂਸ ਫਲੌਰ, ਬਦਨਾਮ ਬਸਤੀ, ਚੰਨ ਦਾ ਟੁਕੜਾ, ਤੇਰੇ ਬਗੈਰ, ਪੀੜਾਂ ਦੀ ਸਾਂਝ, ਔਝੜ ਰਾਹਾਂ ਦੇ ਪਾਂਧੀ(ਤੀਜੇ ਪਿੰਡ ਦੇ ਲੋਕ-2016, ਪਿੱਛਾ ਰਹਿ ਗਿਆ ਦੂਰ-2019) ਆਦਿ।

ਇਹਨਾ ਕਹਾਣੀਆਂ ਦੀ ਔਰਤ ਆਪਣੀ ਹੋਂਦ ਨੂੰ ਪ੍ਰਗਟਾਉਣ ਦੇ ਨਾਲ-ਨਾਲ ਆਪਣੀ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਜੀਉਣ ਦੀ ਖੁੱਲ੍ਹ ਵੀ ਲੈਣ ਲੱਗਦੀ ਹੈ।

ਨਾਰੀ ਹੋਵੇ ਜਾਂ ਪੁਰਖ, ਜਿਸ ਤਰ੍ਹਾਂ ਦਾ ਅਨੁਭਵ ਵਿਰੋਧੀ ਲਿੰਗ ਤੋਂ ਮਿਲਿਆ ਹੋਵੇਗਾ ਉਹੋ ਜਿਹਾ ਰੂਪ ਲੈ ਕੇ ਕਹਾਣੀਆਂ ’ਚ ਪਾਤਰ ਬਣ ਕੇ ਵਿਚਰਨ ਲੱਗਦੇ ਹਨ। ਜਿਸ ਕਾਲਖੰਡ, ਜਾਂ ਜਿਸ ਸਮਾਜਿਕ ਅਤੇ ਪਰਿਵਾਰਿਕ ਮਾਹੌਲ ਵਿੱਚ ਨਾਰੀ ਲੇਖਕ ਵਿਚਰ ਰਹੀ ਹੈ, ਨਾ ਚਾਹ ਕੇ ਵੀ ਬਦੋਬਦੀ ਉਸ ਦਾ ਨਿੱਜ ਕਹਾਣੀ ਵਿੱਚ ਝਲਕਾਰਾ ਮਾਰ ਜਾਂਦਾ ਹੈ। ਜਿੱਥੋਂ ਤੱਕ ਮੇਰੀਆਂ ਕਹਾਣੀਆਂ ਵਿੱਚ ਮਰਦ ਤੇ ਔਰਤ ਦੀ ਪੇਸ਼ਕਾਰੀ ਦਾ ਸਵਾਲ ਆਉਂਦਾ ਹੈ ਤਾਂ ਮੇਰੇ ਪਾਤਰ ਵਕਤ ਦੇ ਮਾਰੇ ਤਾਂ ਹੋ ਸਕਦੇ ਹਨ, ਪਰ ਹਾਰਨ ਵਾਲੇ ਨਹੀਂ। ਉਹ ਨਿਰੰਤਰ ਸੰਘਰਸ਼ ਕਰਦੇ ਚਲੇ ਜਾਂਦੇ ਹਨ, ਭਾਵੇਂ ਪਾਣੀ ਪੁਲਾਂ ਦੇ ਹੇਠੋਂ ਵਹਿ ਰਿਹਾ ਹੋਵੇ ਜਾਂ ਫਿਰ ਬੰਨ੍ਹ ਤੋੜ ਕੇ ਉਫ਼ਾਨ ਮਚਾ ਦੇਵੇ। ਉਹਨਾਂ ਦਾ ਸੰਘਰਸ਼ ਉਦੋਂ ਵੀ ਰੁਕਦਾ ਨਹੀਂ ਜਦੋਂ ਪਾਣੀ ਉਲਟੇ ਵਹਾਅ ਵਹਿਣ ਲੱਗਦਾ ਹੈ। ਉਹਨਾ ਕੋਲ ਵੱਖ-ਵੱਖ ਦਿਸ਼ਾਵਾਂ ਹੋ ਸਕਦੀਆਂ ਹਨ ਪਰ ਮੰਜ਼ਿਲ ਨਿਰਧਾਰਿਤ ਹੈ ਜਿਸ ਦੀ ਪ੍ਰਾਪਤੀ ਲਈ ਮੁਸ਼ਕਿਲਾਂ ’ਤੇ ਪਾਰ ਪਾਉਣਾ ਪਾਤਰ ਦਾ ਹਠ ਬਣ ਜਾਂਦਾ ਹੈ। ਪਰਸਥਿਤੀਆਂ ਕੁੱਝ ਵੀ ਹੋਣ ਉਹ ਆਪਣੇ ਆਸ਼ੇ ਤੋਂ ਭਟਕਦੇ ਨਹੀਂ। ਨਾ ਹੀ ਡਾਵਾਂਡੋਲ ਮਨੋ-ਅਵਸਥਾ ’ਚ ਵਿਚਰਦੇ ਹਨ, ਬਲਕਿ ਆਰ ਜਾਂ ਪਾਰ ਦੀ ਸੂਰਤ-ਏ-ਹਾਲ ’ਚ ਸਦਾ ਅਡਿੱਗ ਰਹਿੰਦੇ ਹਨ। ਹਾਸਾ-ਰੋਣਾ ਜ਼ਿੰਦਗੀ



ਦਾ ਅੰਗ ਹਨ, ਪਰੰਤੂ ਉਹ ਨਾ ਤਾਂ ਦੁੱਖ ’ਚ ਡੋਲਦੇ ਹਨ ਤੇ ਨਾ ਹੀ ਸੁੱਖ ’ਚ ਉਲ੍ਹਾਰ ਹੁੰਦੇ ਹਨ।

ਵੈਸੇ ਤਾਂ ਇਹ ਕੰਮ ਆਲੋਚਕਾਂ ਤੇ ਪਾਠਕਾਂ ਦਾ ਹੈ, ਪਰੰਤੂ ਲੇਖਕ ਖੁਦ ਵੀ ਆਪਣੀ ਲਿਖਤ ਬਾਰੇ ਪੂਰਨ ਰੂਪ ਵਿੱਚ ਜਾਗਰੂਕ ਹੁੰਦਾ ਹੈ। ਸੋ ਜੇ ਮੈਂ ਆਪਣੀ ਕਹਾਣੀ ਨੂੰ ਪੰਜਾਬੀ ਕਹਾਣੀ ਤੋਂ ਵੱਖ ਕਰਕੇ ਵੇਖਣ ਦੀ ਕੋਸ਼ਿਸ਼ ਕਰਾਂ ਤਾਂ ਮੇਰੇ ਕੋਲ ਵਿਸ਼ਿਆਂ ਦੀ ਵਿਭਿੰਨਤਾ ਹੈ। ਨਵੇਕਲੀ ਪੇਸ਼ਕਾਰੀ ਹੈ। ਭਾਸ਼ਾ ਦੀ ਪਕੜ ਹੈ, ਜੋ ਸਹਿਜ ਸੁਭਾਅ ਮੇਰੀ ਲੇਖਣੀ ਦਾ ਅੰਗ ਹੈ। ਮੈਂ ਕਹਾਣੀ ਲਿਖਣ ਲਈ ਉਚੇਚੇ ਤੌਰ ’ਤੇ ਭਾਵਾਂ ਦੇ ਪ੍ਰਗਟਾਅ ਲਈ ਸ਼ਬਦਾਂ ਦੀ ਚੋਣ ਨਹੀਂ ਕਰਦੀ, ਬਲਕਿ ਲਿਖਣ ਲੱਗਿਆਂ ਕਿਹੜਾ ਸ਼ਬਦ ਮੇਰੇ ਪਾਤਰਾਂ ਦੇ ਚਰਿੱਤਰ ਦਾ ਅੰਗ ਬਣ ਜਾਏ, ਉਹ ਪਾਤਰ ਤੇ ਸ਼ਬਦਾਂ ਦੀ ਆਪਸੀ ਸਾਂਝ ਹੈ। ਜਿਸ ਸਮਾਜਿਕ ਬਣਤਰ ਵਿੱਚ ਪਾਤਰ ਵਿਚਰ ਰਹੇ ਹੁੰਦੇ ਹਨ, ਉਹੀ ਭਾਸ਼ਾ ਬੋਲਣ ਲੱਗਦੇ ਹਨ ਤੇ ਸ਼ਬਦ ਪਾਤਰਾਂ ਦੀ ਪਰਿਕਰਮਾਂ ਕਰਨ ਲੱਗਦੇ ਹਨ। ਮੇਰਾ ਕੰਮ ਕੇਵਲ ਕਲਮ ਦੀ ਮਜ਼ਦੂਰੀ ਕਰਨਾ ਹੈ।

ਮੇਰੀ ਕਹਾਣੀ ਦੀ ਨਾਇਕਾ ਪਤੀ ਦੇ ਕੁਰੱਖਤ ਸੁਭਾਅ ਨਾਲ ਜੂਝਦੇ ਹੋਏ ਆਪਣੇ ਪਰਿਵਾਰ ਨੂੰ ਮਾਲਾ ਦੇ ਮੋਤੀਆਂ ਵਿੱਚ ਪਰੋਈ ਰੱਖਣ ’ਚ ਕਾਮਯਾਬ ਹੋਈ ਹੈ, ਤੇ ਉਹ ਸਿੰਗਲ ਮਦਰ ਬਣ ਕੇ ਪੁੰਨਿਆ ਦੇ ਚੰਨ ਦੀ ਸੰਪੂਰਨਤਾ ’ਚ ਉੱਭਰ ਕੇ ਆਏ ਦਾਗ ਨੂੰ ਸੋਹਣੇ ਮੁੱਖੜੇ ’ਤੇ ਤਿਲ ਦੀ ਤੁਲਨਾ ਦੇਣ ਦਾ ਹੌਸਲਾ ਵੀ ਰੱਖਦੀ ਹੈ। ਉਹ ਘੁੱਟ-ਘੁੱਟ ਕੇ ਜ਼ਿੰਦਗੀ ਜਿਉਂਦਿਆਂ ਵੀ ਆਪਣੇ ਲਈ ਸੌਖੇ ਸਾਹਾਂ ਵਾਸਤੇ ਸਵੱਛ ਹਵਾ ਲੱਭ ਹੀ ਲੈਂਦੀ ਹੈ। ਜਟਿਲ ਮੁਕਾਬਲੇ ਭਰੀ ਜ਼ਿੰਦਗੀ ਜਿਉਂਦਿਆਂ ਮਰਦ ਤੇ ਔਰਤ ਵੱਖ-ਵੱਖ ਧਰਾਤਲਾਂ ’ਤੇ ਵਿਚਰਨ ਚਾਹੇ ਲੱਗੇ ਹਨ, ਪਰੰਤੂ ਪਰਵਾਰਿਕ ਜ਼ਿੰਮੇਦਾਰੀਆਂ ਦਾ ਸੂਤਰ ਉਨ੍ਹਾਂ ਨੂੰ ਛੇਤੀ ਕਿੱਧਰੇ ਟੁੱਟਣ ਨਹੀਂ ਦਿੰਦਾ।

ਅਸਲ ਵਿੱਚ ਸਾਡੀ ਸਮੱਸਿਆ ਇਹ ਹੈ ਕਿ ਇੱਕੀਵੀਂ ਸਦੀ ਵਿੱਚ ਔਰਤ ਮਰਦ ਦੇ ਰਿਸ਼ਤੇ ਤਾਂ ਬਹੁਤ ਬਦਲ ਗਏ ਹਨ ਪਰੰਤੂ ਅਸੀਂ ਨਾਰੀ ਕਹਾਣੀਕਾਰਾਂ ਕੋਲੋਂ ਨਾਰੀਵਾਦੀ ਕਹਾਣੀ ਦੀ ਹੀ ਮੰਗ ਕਰਦੇ ਹਾਂ। ਪ੍ਰਬੁੱਧ ਬੁੱਧੀਜੀਵੀ ਵਰਗ ਵੀ ਜਦੋਂ ਲੇਖਕ ਨੂੰ ਲਿੰਗ ਭੇਦ ਤੋਂ ਵੱਖ ਕਰਕੇ ਵੇਖਣ ਲਈ ਤਿਆਰ ਨਹੀਂ ਤਾਂ ਸਮਾਜਿਕ ਸੋਚ ਕਿਸ ਧਰਾਤਲ ’ਤੇ ਵਿਚਰ ਰਹੀ ਹੈ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਅਸੀਂ ਨਾਰੀ ਲੇਖਕਾਂ ਕੋਲੋਂ ਬੇਬਾਕ ਲੇਖਣੀ ਦੀ ਆਸ ਤਾਂ ਕਰਦੇ ਹਾਂ, ਪਰੰਤੂ ਆਪਣੇ ਘਰ ਦੀ ਔਰਤ (ਕਿਸੇ ਵੀ ਰੂਪ ਵਿੱਚ, ਮਾਂ, ਪਤਨੀ, ਭੈਣ ਆਦਿ) ਨੂੰ ਸੱਤ ਪਰਦਿਆਂ ’ਚ ਕੈਦ ਕਰਨ ਦੀ ਹਿਮਾਇਤੀ ਹਾਂ। ਅੱਜ ਦੀ ਔਰਤ ਖੁੱਲੀ ਕੈਦ ਭੁਗਤ ਰਹੀ ਹੈ ਜੋ ਪੁਰਾਤਨ ਚਾਰਦੀਵਾਰੀ ਅੰਦਰ ਕੈਦ ਜ਼ਿੰਦਗੀ ਨਾਲੋਂ ਕਿੱਧਰੇ ਵੱਧ ਕਰੂਰ ਹੈ। ਜੇ ਉਹ ਜ਼ੁਲਮ ਦਾ ਚੁੱਪ-ਚਾਪ ਸਾਹਮਣਾ ਕਰਦੀ ਹੈ ਤਾਂ ਅਸੀਂ ਉਸ ’ਤੇ ਇਲਜ਼ਾਮ ਧਰਦੇ ਹਾਂ ਇਗਨੋਰੇਂਟ ਤੇ ਡਰਪੋਕ ਹੋਣ ਦਾ। ਜੇ ਉਹ ਸਮਾਜ ਵਿੱਚ ਖੁੱਲ੍ਹ ਕੇ ਵਿਚਰਦੀ ਹੈ ਤਾਂ ਅਸੀਂ ਉਸ ਨੂੰ ਜਾਗਰੂਕ ਹੋਣ ਦਾ ਮਾਣ ਦੇਣ ਦੀ ਬਜਾਏ ਬਦਚਲਨੀ ਜਿਹੇ ਆਰੋਪ ਮੜ੍ਹਨ ਲੱਗਿਆਂ ਰਤਾ ਝਾਕਾ ਨਹੀਂ ਖਾਂਦੇ।

ਮੰਦਭਾਗਾ ਵਰਤਾਰਾ ਸਮਾਜ ਦੀ ਜੜ੍ਹ ਹੋਣ ਲੱਗਿਆ ਹੈ, ਔਰਤ ਤੇ ਮਰਦ ਨੂੰ ਪਰਿਵਾਰ ਬੰਧਨ ਨਹੀਂ ਬੰਦਿਸ਼ ਲੱਗਣ ਲੱਗਿਆ ਹੈ ਜਿਸ ਤੋਂ ਮੁਕਤ ਹੋਣ ਲਈ ਉਹ ਇਕੱਲ ਦੀ ਚੋਣ ਕਰਨ ਲੱਗਿਆ ਹੈ। ਇਹ ਬਦਲਾਅ ਅਜੋਕੀ ਕਹਾਣੀ ਨੂੰ ਪੜ੍ਹਦਿਆਂ-ਪਰਖਦਿਆਂ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ।

ਪਰਿਵਾਰਿਕ ਨਾਰੀ ਦਾ ਦਾਇਰਾ ਘਰ-ਪਰਿਵਾਰ ਤੱਕ ਸੀਮਿਤ ਹੁੰਦਾ ਹੈ ਜਦੋਂ ਕਿ ਕਹਾਣੀਕਾਰ ਨਾਰੀ ਦੇ ਕਲਾਵੇ ’ਚ ਕੁੱਲ ਆਲਮ ਸਮਾਇਆ ਹੁੰਦਾ ਹੈ। ਪਰਿਵਾਰਿਕ ਨਾਰੀ ਦਾ ਫੋਕਸ ਪਤੀ, ਬੱਚੇ ਤੇ ਰਸੋਈ ’ਤੋਂ ਪਰ੍ਹੇ ਨਹੀਂ ਜਾਂਦਾ, ਪਰ ਕਹਾਣੀਕਾਰ ਨਾਰੀ ਰੋਟੀ ਵੇਲਦੀ ਵੀ ਚੰਨ ਦੀ ਪਰਿਕਰਮਾ ਕਰਦੀ ਰਹਿੰਦੀ ਹੈ। ਇਹ ਪਰਿਕਰਮਾ ਕਦੀ ਉਸ ਕੋਲੋਂ ਸਵਾਦਿਸ਼ਟ ਵਿਅੰਜਨ ਤਿਆਰ ਕਰਵਾ ਦਿੰਦੀ ਹੈ ਤੇ ਕਦੀ ਬਣੇ-ਬਣਾਏ ’ਚ ਝੱਖੜ ਝੁਲਾ ਦਿੰਦੀ ਹੈ। ਹਾਲਾਂਕਿ ਪਰਿਵਾਰਿਕ ਨਾਰੀ ਵੀ ਹਰ ਵੇਲੇ ਆਪਣੇ ਪਰਿਵਾਰ ਨੂੰ ਹਰ ਤਰ੍ਹਾਂ ਖੁਸ਼ੀ ਦੇਣ ਲਈ ਵਿਉਂਤਬੰਦੀ ਕਰਦੀ ਰਹਿੰਦੀ ਹੈ ਪਰੰਤੂ ਕਹਾਣੀਕਾਰ ਨਾਰੀ ਨੂੰ ਉੱਠਦੇ-ਬਹਿੰਦੇ ਕਹਾਣੀ ਵਿੱਚ ਢਲਣ ਲਈ ਕਾਹਲੇ ਪੈਂਦੇ ਪਾਤਰ ਘੇਰੀ ਰੱਖਦੇ ਹਨ। ਪਰਵਾਰਿਕ ਨਾਰੀ ਪਰਿਵਾਰ

ਨੂੰ ਸ਼ਿੰਗਾਰਨ ਸੰਵਾਰਨ ਦਾ ਆਹਰ ਕਰਦੀ ਹੈ। ਜਦੋਂਕਿ ਕਹਾਣੀਕਾਰ ਨਾਰੀ ਦੀਨ-ਦੁਨੀਆ ਦੇ ਫਿਕਰ ਸਿਰ 'ਤੇ ਚੁੱਕੀ ਸਮਾਜ ਦਾ ਸ਼ਿੰਗਾਰ ਕਰਨ ਲਈ ਕਲਮ 'ਤੇ ਪਹਿਰਾ ਲਾਈ ਰੱਖਦੀ ਹੈ।

ਮੇਰੀ ਲੇਖਣੀ ਦਾ ਮਕਸਦ ਸਥਾਪਿਤ ਹੋਣਾ ਜਾਂ ਮਾਨਤਾ ਹਾਸਲ ਕਰਨਾ ਕਦੀ ਰਿਹਾ ਹੀ ਨਹੀਂ, ਪਰ ਜੇ ਤੁਸੀਂ ਕਹਾਣੀਧਾਰਾ ਲਈ ਮੈਨੂੰ ਕੁੱਝ ਲਿਖਣ ਲਈ ਕਹਿ ਰਹੇ ਹੋ ਤਾਂ ਯਕੀਨਨ ਕਹਿ ਸਕਦੀ ਹਾਂ, ਮੇਰੀ ਕਹਾਣੀ ਦਾ ਪੰਜਾਬੀ ਸਾਹਿਤ ਜਗਤ ਨੇ ਨੋਟਿਸ ਜ਼ਰੂਰ ਲਿਆ ਹੈ। ਪਾਠਕਾਂ ਦਾ ਭਰਪੂਰ ਪਿਆਰ ਮਿਲਿਆ ਹੈ। ਤੁਹਾਡੇ ਜਿਹੇ ਮੈਗਜ਼ੀਨ ਸੰਪਾਦਕ ਸਾਥੀ ਕਹਾਣੀ ਛਾਪ ਪਾਠਕਾਂ ਦੀ ਕਚਿਹਰੀ 'ਚ ਲਿਆ ਖੜ੍ਹਾ ਕਰਦੇ ਹਨ, ਇਹ ਕਹਾਣੀ ਨੂੰ ਮਾਨਤਾ ਨਹੀਂ ਤਾਂ ਹੋਰ ਕੀ ਹੈ। ਰਹੀ ਗੱਲ ਗੌਡ ਫਾਦਰ ਦੀ ਤਾਂ ਤੁਸੀਂ ਹੈਰਾਨ ਹੋਵੋਗੇ, ਚਾਰ ਕੁ ਸਾਲ ਪਹਿਲਾਂ ਮੈਨੂੰ ਇਸ ਸ਼ਬਦ ਆਖੋ ਜਾਂ ਸਾਹਿਤਕ ਵਰਤਾਰੇ ਬਾਰੇ ਪਤਾ ਹੀ ਨਹੀਂ ਸੀ, ਹੁਣ ਜਦੋਂ ਪਤਾ ਹੈ ਤਾਂ ਵੀ ਪਤਾ ਰੱਖਣ ਵਿੱਚ ਕੋਈ ਰੁਚੀ ਨਹੀਂ। ਤੁਸੀਂ ਮੇਰੀ ਅਗਿਆਨਤਾ ਤੇ ਹੈਰਾਨ ਹੋਵੋਂ ਜਾਂ ਮਜ਼ਾਕ ਉਡਾਓ, ਪਰ ਇੱਕ ਗੱਲ ਸਾਂਝੀ ਕਰੇ ਬਗੈਰ ਰਿਹਾ ਨਹੀਂ ਜਾ ਰਿਹਾ। ਹੋਇਆ ਇੰਝ ਕਿ ਮੇਰੀ ਮੋਗਾ ਪੋਸਟਿੰਗ ਸੀ। ਨੌਕਰੀ ਦੌਰਾਨ ਮੈਂ ਬੱਸ ਦੀ ਲੰਬੀ ਸਵਾਰੀ ਕੀਤੀ, ਜਿਸ ਨੇ ਮੈਨੂੰ ਸਮਾਜ ਦਾ ਅੰਦਰੂਨੀ ਪੱਖ ਬੜੀ ਨੇੜਿਓਂ ਵੇਖਣ, ਪਰਖਣ ਦਾ ਮੌਕਾ ਦਿੱਤਾ। ਮੋਰਿੰਡਾ ਤੋਂ ਇੱਕ ਲੜਕੀ ਲੁਧਿਆਣਾ ਕਿਸੇ ਕਾਲਜ ਪੜ੍ਹਾਉਣ ਜਾਂਦੀ ਸੀ। ਅਸੀਂ ਅਕਸਰ ਲੁਧਿਆਣਾ ਤੱਕ ਇਕੱਠੀਆਂ ਹੀ ਸਫ਼ਰ ਕਰਦੀਆਂ। ਉਹਨੀਂ ਦਿਨੀਂ ਉਹ ਪੰਜਾਬੀ ਦੀ ਪੀ.ਐਚਡੀ ਵਿਚਾਲੇ ਛੱਡ ਕੇ ਕਿਸੇ ਬਾਹਰੀ ਰਾਜ ਤੋਂ ਐਜੂਕੇਸ਼ਨ ਵਿੱਚ ਪੀ.ਐਚਡੀ ਕਰ ਰਹੀ ਸੀ। ਮੈਨੂੰ ਕੋਈ ਨਾ ਕੋਈ ਸਾਹਿਤਕ ਕਿਤਾਬ ਪੜ੍ਹਦੀ ਵੇਖ ਉਹ ਵੀ ਸਾਹਿਤ ਦੀਆਂ ਗੱਲਾਂ ਕਰਨ ਲੱਗੀ। ਮੈਂ ਉਸ ਨੂੰ ਦੱਸਿਆ ਕਿ ਮੈਂ ਵੀ ਲਿਖਦੀ ਹਾਂ। ਪੈਂਦੀ ਸੱਟੇ ਉਸ ਨੇ ਸਵਾਲ ਦਾਗਿਆ, "ਤੁਹਾਡਾ ਗੌਡ ਫਾਦਰ ਕੌਣ ਹੈ?" ਮੇਰੇ ਕੋਲ ਉਸ ਨੂੰ ਹੈਰਾਨੀ ਨਾਲ ਤੱਕਣ ਤੋਂ ਸਿਵਾਏ ਕੁੱਝ ਵੀ ਨਹੀਂ ਸੀ। ਝਕਦੇ-ਝਕਦੇ ਮੈਂ ਉਸ ਨੂੰ ਪੁੱਛ ਲਿਆ, "ਗੌਡ ਫਾਦਰ ਕੀ ਹੁੰਦਾ ਹੈ?" ਉਹ ਵੱਖ-ਵੱਖ ਗੌਡ ਫਾਦਰਾਂ ਦੀਆਂ ਉਦਾਹਰਣਾਂ ਦੇ ਕੇ ਮੈਨੂੰ ਸਮਝਾਉਣ ਦੇ ਨਾਲ ਹੀ ਕਹਿਣ ਲੱਗੀ, " ਗੌਡ ਫਾਦਰ ਬਗੈਰ ਤੁਸੀਂ ਕਿਵੇਂ ਸਥਾਪਿਤ ਹੋ ਸਕਦੇ ਹੋ?" ਮੈਨੂੰ ਤਾਂ ਸੱਚੀਂ ਆਪਣੇ ਹੱਥੋਂ ਗੇਮ ਜਾਂਦੀ ਲੱਗੀ। ਗੌਡ ਫਾਦਰ ਦਾ ਪਾਣੀ ਭਰਨਾ ਮੇਰੇ ਸੁਭਾਅ 'ਚ ਹੀ ਨਹੀਂ ਸੀ। ਮੈਨੂੰ ਆਪਣੇ-ਆਪ 'ਤੇ ਫਖਰ ਮਹਿਸੂਸ ਹੁੰਦਾ ਹੈ ਕਿ ਮੇਰੀ ਅੱਜ ਥੋੜ੍ਹੀ-ਬਹੁਤ ਜਿੰਨੀ ਵੀ ਸਾਹਿੱਤਕ ਪਛਾਣ ਹੈ ਮੇਰੀ ਕਲਮ ਦੀ ਦੇਣ ਹੈ। ਮੇਰੇ ਖੰਭ ਮੇਰੇ ਹਨ, ਮੈਂ ਕਿਸੇ ਦੇ ਖੰਭਾਂ 'ਤੇ ਸਵਾਰ ਹੋ ਕੇ ਉੱਡਣ ਨਾਲੋਂ ਧਰਤੀ 'ਤੇ ਰੇਂਗਦੇ ਰਹਿਣ ਨੂੰ ਤਰਜੀਹ ਦੇਣ 'ਚ ਵਿਸ਼ਵਾਸ ਰੱਖਦੀ ਹਾਂ। ਮੇਰੇ ਲਈ ਮੇਰੇ ਪਾਠਕ ਤੇ ਉਹ ਸਾਥੀ ਸਾਰੇ ਹੀ ਗੌਡ ਫਾਦਰ ਹਨ ਜੋ ਸਮੇਂ-ਸਮੇਂ 'ਤੇ ਮੇਰੀ ਕਹਾਣੀ ਬਾਰੇ ਸੱਚੇ ਦੋਸਤ ਬਣ ਕੇ ਸਲਾਹ ਦਿੰਦੇ ਰਹਿੰਦੇ ਹਨ।

ਬਿਲਕੁਲ ਕੀਤੇ ਹਨ ਤਜ਼ਰਬੇ। ਜੇ ਆਖੋ ਤਾਂ ਰਿਸਕ ਵੀ ਲਏ ਹਨ। ਮੈਨੂੰ ਮੇਰੇ ਪਾਤਰਾਂ ਨਾਲ ਖੇਡਣ 'ਚ ਬੜਾ ਆਨੰਦ ਆਉਂਦਾ ਹੈ। 'ਤੀਜੇ ਪਿੰਡ ਦੇ ਲੋਕ' ਕਹਾਣੀ ਸੰਗ੍ਰਿਹ ਦੀ ਇੱਕ ਕਹਾਣੀ ਹੈ, ਤੇ ਰੰਗ ਬੋਲ ਪਏ। ਪਾਤਰਾਂ ਨੂੰ ਇੰਟਰਨੈੱਟ ਮੁਹੱਬਤ 'ਚ ਗੜੁੱਚ ਹੋ ਕੇ ਸ਼ਾਇਰੀ 'ਚ ਗੱਲਾਂ ਕਰਵਾਉਣਾ ਮੈਨੂੰ ਵੱਖਰਾ ਅਨੁਭਵ ਲੱਗਿਆ। 'ਬਦਨਾਮ ਬਸਤੀ' ਤੇ 'ਡਾਂਸ ਫਲੌਰ' ਦੇ ਵਿਸ਼ੇ ਆਮ ਹੋਣ ਦੇ ਬਾਵਜੂਦ ਮੈਂ ਕਹਾਣੀਆਂ ਦੀ ਬਣਤਰ ਤੇ ਸ਼ੈਲੀ ਬਾਰੇ ਦਾਅਵਾ ਕਰ ਸਕਦੀ ਹਾਂ ਕਿ ਮੈਂ ਦੋਹਾਂ ਵਿਸ਼ਿਆਂ ਨਾਲ ਵੱਖਰਾ ਟ੍ਰੀਟਮੈਂਟ ਕਰਨ ਵਿੱਚ ਸਫ਼ਲ ਰਹੀ ਹਾਂ। 'ਮੇਲਦੀ ਨਾਗਨ' ਕਹਾਣੀ ਦੀ ਪਾਤਰ ਦੀ ਮਨੋ-ਅਵਸਥਾ ਨੂੰ ਸਮਝਣ ਲਈ ਪਾਠਕ ਨੂੰ ਉਸ ਦੀ ਸਥਿਤੀ 'ਚੋਂ ਗੁਜਰਨ ਦਾ ਜੇ ਅਹਿਸਾਸ ਨਹੀਂ ਹੁੰਦਾ ਤਾਂ ਉਹ ਕਹਾਣੀ ਦਾ ਵਖਰੇਵਾਂ ਮਹਿਸੂਸ ਹੀ ਨਹੀਂ ਕਰ ਪਾਏਗਾ।

ਮੇਰੇ ਪਾਤਰ ਬਗਾਵਤ ਕਰਦੇ-ਕਰਦੇ ਵੀ ਆਦਰਸ਼ ਮੋੜਾ ਖਾ ਜਾਂਦੇ ਹਨ। ਚਾਹ ਕੇ ਵੀ ਮੈਂ ਉਹਨਾ ਨੂੰ ਦਗੇਬਾਜ਼ ਨਹੀਂ ਦਿਖਾ ਪਾਉਂਦੀ। ਅਸਲ ਵਿੱਚ ਪਾਤਰ ਆਪਣੀ ਸਪੇਸ ਆਪ ਨਿਰਧਾਰਿਤ ਕਰਦੇ ਹਨ। ਔਰਤ ਹੋਵੇ ਜਾਂ ਮਰਦ, ਕਾਨੂੰਨੀ ਅਧਿਕਾਰ ਚਾਹੇ ਬਰਾਬਰ ਮਿਲ ਜਾਣ, ਪਰ ਇੱਕ ਗੱਲ ਪੱਥਰ 'ਤੇ ਲਕੀਰ




ਹੈ ਕਿ ਉਹ ਸੀ-ਸਾ ਗੇਮ ਵਾਂਗ ਕਦੀ ਇੱਕ ਉੱਪਰ ਉੱਠ ਜਾਂਦਾ ਹੈ ਤਾਂ ਕਦੀ ਦੂਸਰੇ। ਕਦੀ-ਕਦੀ ਜੋਰ ਅਜਮਾਇਸ਼ ਕਰਨ 'ਤੇ ਪੱਲੜਾ ਬੈਲੇਂਸ 'ਚ ਵੀ ਖਲ੍ਹਾਰਿਆ ਜਾ ਸਕਦਾ ਹੈ, ਪਰੰਤੂ ਦੋਹਾਂ 'ਚੋਂ ਇੱਕ ਬਗੈਰ ਖੇਡ ਖੇਡਣਾ ਸੰਭਵ ਨਹੀਂ। ਠੀਕ ਮੇਰੀ ਵੀ ਕਿਸੇ ਕਹਾਣੀ ਵਿੱਚ ਮਰਦ ਦਾ ਪੱਲੜਾ ਭਾਰੀ ਰਹਿੰਦਾ ਤਾਂ ਕਿਸੇ ਵਿੱਚ ਇਸਤਰੀ ਦਾ, ਪਰੰਤੂ ਦੋਹਾਂ ਨੂੰ ਇੱਕ ਪੱਲੜੇ 'ਚ ਬਰਾਬਰ ਤੋਲਦੀ ਹੈ ਕਹਾਣੀ ' ਪਿੱਛਾ ਰਹਿ ਗਿਆ ਦੂਰ'। ਅਸਲ ਵਿੱਚ ਔਰਤ ਤੇ ਮਰਦ ਦੋ ਫਰੰਟ 'ਤੇ ਸਮਾਨਾਂਤਰ ਯੁੱਧ ਲੜਦੇ ਆਪਣਾ ਘਰ-ਪਰਿਵਾਰ ਬਚਾਈ ਰੱਖਣ ਦੀ ਜੱਦੋ-ਜਹਿਦ ਵਿੱਚ ਪਏ ਰਹਿੰਦੇ ਹਨ। ਘਰ ਆਪਣੀ ਥਾਂ ਪਿਆ ਰਹਿ ਜਾਂਦਾ ਹੈ ਪਰਿਵਾਰ ਆਪਣੀਆਂ ਉਡਾਰੀਆਂ ਦੇ ਹਾਣ ਦਾ ਆਕਾਸ਼ ਬਾਹਾਂ 'ਚ ਸਮੇਟਣ ਲਈ ਖੰਭ ਫੈਲਾਉਣ ਲੱਗਦਾ ਹੈ। ਅਚਿੰਤੇ ਬਾਜ ਪੈਂਦੇ ਹਨ, ਕੈਲਾਂ ਵਿਸਰ ਜਾਂਦੀਆਂ ਹਨ। ਦੋਹਾਂ 'ਚੋਂ ਇੱਕ ਦੀ ਮੌਤ ਦੂਸਰੇ ਲਈ ਔਲਾਦ ਨੇਕ ਹੋਣ ਦੇ ਬਾਵਜੂਦ ਵੀ ਦੁਨੀਆ ਬੇਰੰਗ ਹੋ ਜਾਂਦੀ ਹੈ।

ਪਹਿਲੀ ਗੱਲ, ਮਰਦ ਹੋਵੇ ਜਾਂ ਔਰਤ। ਕੋਈ ਕਿਸੇ ਦਾ ਉਦੋਂ ਹੀ ਸ਼ੋਸ਼ਣ ਕਰ ਸਕਦਾ ਹੈ ਜਦੋਂ ਇੱਕ ਜਣਾ ਦੂਸਰੇ ਹੱਥੋਂ ਸ਼ੋਸ਼ਿਤ ਹੋਣਾ ਪਰਵਾਨ ਕਰਦਾ ਹੈ। ਹਾਲਾਤ ਤੋਂ ਬੇਵੱਸ ਹੋ ਕੇ ਜਾਂ ਫਿਰ ਇਮੋਸ਼ਨਲੀ ਅਟੈਚ ਹੋ ਕੇ ਜਦੋਂ ਇਕ ਧਿਰ ਦੂਜੇ ਪ੍ਰਤੀ ਖੁਦ ਨੂੰ ਸਮਰਪਿਤ ਕਰ ਦਿੰਦੀ ਹੈ ਤਾਂ ਸ਼ੋਸ਼ਣ ਦਾ ਚਾਂਸ ਵਧੇਰੇ ਹੋ ਜਾਂਦਾ ਹੈ। ਜਦੋਂ ਇਮੋਸ਼ਨਲ ਓਰੇ 'ਚ ਸ਼ੋਸ਼ਿਤ ਹੋ ਰਹੀ ਧਿਰ ਜਾਗਰੂਕ ਹੋ ਜਾਂਦੀ ਹੈ ਤਾਂ ਉਹ ਬਗਾਵਤ 'ਤੇ ਉਤਰ ਆਉਂਦੀ ਹੈ। ਮੇਰੀਆਂ ਕਹਾਣੀਆਂ ਵਿੱਚ ਅਜਿਹੇ ਸ਼ੋਸ਼ਣ ਤੇ ਬਗਾਵਤੀ ਸੁਰ ਦੀ ਬਾਖ਼ੂਬ ਝਲਕ ਪਾਠਕ ਨੂੰ ਮਿਲ ਸਕਦੀ ਹੈ।

ਜਦੋਂ ਮੈਂ ਆਪਣੇ ਆਪ ਨੂੰ ਲੇਖਕ ਨਹੀਂ ਕੇਵਲ ਔਰਤ ਮੰਨ ਕੇ ਕਹਾਣੀ ਸਿਰਜਣਾ ਕਰਾਂਗੀ ਤਾਂ ਸਾਰੇ ਡਰ ਮੇਰੇ 'ਤੇ ਹਾਵੀ ਹੋ ਜਾਣਗੇ। ਮਰਦ ਮੇਰੇ ਲਈ ਸ਼ਿਕਾਰੀ ਤੇ ਔਰਤ ਸ਼ਿਕਾਰ ਦਾ ਰੂਪ ਧਾਰਨ ਕਰ ਜਾਏਗੀ। ਪਹਿਲਾਂ-ਪਹਿਲ ਮੈਂ ਸੁਚੇਤ ਹੋ ਕੇ ਕਹਾਣੀਆਂ ਲਿਖੀਆਂ। ਦੇਸ਼ ਸੇਵਕ ਦੇ ਸਾਹਿਤਕ ਸੰਪਾਦਕ ਹੋਇਆ ਕਰਦੇ ਸਨ, ਸਰਬਜੀਤ ਧੀਰ ਜੀ। ਸ਼ੁਰੂਆਤੀ ਦੌਰ ਵਿੱਚ ਮੈਂ ਉਹਨਾਂ ਕੋਲੋਂ ਬਹੁਤ ਕੁੱਝ ਸਿੱਖਿਆ। 'ਕੁੱਝ ਤੇਰੀਆਂ, ਕੁੱਝ ਮੇਰੀਆਂ' ਕਹਾਣੀ ਸੰਗ੍ਰਿਹ ਦੀਆਂ ਕਹਾਣੀਆਂ ਪੜ੍ਹ ਕੇ ਕਹਿਣ ਲੱਗੇ, "ਕੀ ਇਹ ਕਹਾਣੀਆਂ ਤੁਸੀਂ ਕਿਸੇ ਸਰਕਾਰੀ ਪ੍ਰੌਜੈਕਟ ਤਹਿਤ ਲਿਖੀਆਂ ਹਨ?" ਮੇਰੀ ਜਾਣੇ ਬਲਾਂ ਕਿ ਸਰਕਾਰੀ ਪ੍ਰੌਜੈਕਟ ਲਈ ਵੀ ਕਹਾਣੀਆਂ ਲਿਖੀਆਂ ਜਾਂਦੀਆਂ ਹਨ। ਮੈਂ ਪੁੱਛ ਲਿਆ, "ਕੀ ਗੱਲ ਸਰ?" ਕਹਿੰਦੇ, "ਨਹੀਂ ਮੈਨੂੰ ਲੱਗਿਆ ਜਿਵੇਂ ਸ਼ਿਵ ਕੁਮਾਰ ਬਟਾਲਵੀ ਨੇ ਸਰਕਾਰੀ ਪ੍ਰੌਜੈਕਟਾਂ 'ਤੇ ਕੰਮ ਕੀਤਾ।" ਹੋਰ ਵੀ ਲੇਖਕਾਂ ਦਾ ਹਵਾਲੇ ਦੇ ਕੇ ਸਮਝਾਉਣ ਲੱਗੇ। ਤਾਂ ਸਮਝ ਆਈ ਉਹ ਦੌਰ ਮੇਰੀ ਕਹਾਣੀ ਦਾ ਬਾਲਪਨ ਸੀ। ਇਸੇ ਪੁਸਤਕ ਦੀਆਂ ਕਹਾਣੀਆਂ ਪੜ੍ਹ ਕੇ ਲੰਦਨ ਵੱਸਦੇ ਡਾ. ਤਾਰਾ ਸਿੰਘ ਆਲਮ ਜੀ ਨੇ ਸਵਾਲ ਕੀਤਾ, "ਦੀਪਤੀ ਸੱਚ ਦੱਸਣਾ ਬੇਟਾ। ਮੈਨੂੰ ਤੁਹਾਡੀਆਂ ਕਹਾਣੀਆਂ ਪੜ੍ਹ ਕੇ ਤੁਹਾਡੇ ਅੰਦਰ ਦੇ ਡਰ ਦਾ ਆਭਾਸ ਹੋਇਆ। ਇੰਝ ਲੱਗਦੈ, ਤੁਸੀਂ ਕੋਈ ਗੱਲ ਕਹਿੰਦੇ-ਕਹਿੰਦੇ ਰੁਕ ਜਾਂਦੇ ਹੋ ਕਿ ਜੇ ਮੈਂ ਇਹ ਲਿਖ ਦਿੱਤਾ ਤਾਂ ਸਮਾਜ ਮੇਰੇ ਬਾਰੇ ਕੀ ਸੋਚੇਗਾ?" ਮੈਂ ਇਮਾਨਦਾਰੀ ਨਾਲ 'ਹਾਂਜੀ' ਕਹਿ ਦਿੱਤਾ। ਕਹਿੰਦੇ, " ਦੇਖੋ ਬੇਟਾ, ਜੇ ਲਿਖਣਾ ਹੈ ਤਾਂ ਸਭ ਤੋਂ ਪਹਿਲਾਂ ਆਪਣੇ-ਆਪ ਨੂੰ ਔਰਤ ਹੋਣ ਦੀ ਕੈਦ 'ਚੋਂ ਆਜ਼ਾਦ ਕਰੋ ਤੇ ਲੇਖਕ ਬਣੋ। ਲੇਖਕ ਇੱਕੋ ਸਮੇਂ ਪੁਰਖ ਵੀ ਹੁੰਦਾ ਹੈ, ਔਰਤ ਵੀ, ਬੱਚਾ ਵੀ ਤੇ ਬਿਰਧ ਵੀ। ਉਹ ਦਰਖਤ ਵੀ ਹੈ ਤੇ ਕੱਖ-ਕਾਨਾ ਵੀ। ਕੁਦਰਤ ਦੇ ਸਾਰੇ ਰੂਪ ਲੇਖਕ ਹੋਵੇ ਜਾਂ ਕੋਈ ਵੀ ਕਲਾਕਾਰ ਉਸ 'ਚ ਅਭੇਦ ਹੋ ਜਾਂਦੇ ਹਨ। ਜੇ ਤੁਸੀਂ ਇੱਕੋ ਰੂਪ ਦਾ ਪੱਲਾ ਫੜੀ ਰੱਖੋਗੇ ਤਾਂ ਕਦੀ ਵੀ ਚੰਗੀ ਕਹਾਣੀ ਨਹੀਂ ਲਿਖ ਸਕੋਗੇ। ਜਦੋਂ ਤੁਸੀਂ ਜਿਸ ਪਾਤਰ ਦੀ ਉਸਾਰੀ ਕਰ ਰਹੇ ਹੁੰਦੇ ਹੋ, ਉਸ ਵੇਲੇ ਤੁਸੀਂ ਦੀਪਤੀ ਨਹੀਂ ਹੁੰਦੇ ਉਹ ਪਾਤਰ ਹੁੰਦੇ ਹੋ। ਜੇ ਉਸ ਦੀ ਰੂਹ 'ਚ ਨਹੀਂ ਉਤਰੋਗੇ ਤਾਂ ਕਹਾਣੀ ਪਾਤਰ 'ਤੇ ਦੀਪਤੀ ਦੀ ਭਟਕਣਾ ਦਾ ਸ਼ਿਕਾਰ ਹੋ ਜਾਵੇਗੀ।" ਹੁਣ ਕਹਾਣੀ ਲਿਖਦਿਆਂ ਦੀਪਤੀ ਹੋਰ ਸਭ ਕੁੱਝ ਹੁੰਦੀ ਹੈ ਬਸ ਦੀਪਤੀ ਨਹੀਂ। ਇਹੀ ਮੇਰੀ ਕਹਾਣੀ ਦਾ ਨਿਵੇਕਲਾਪਨ ਬਣਨ ਲੱਗਿਆ ਹੈ।

**ਸੰਪਰਕ-98146-70707**

## ''ਮੈਂ ਆਪਣੀਆਂ ਕਹਾਣੀਆਂ ਵਿਚ ਮਰਦ ਦਾ ਭੰਡੀ ਪ੍ਰਚਾਰ ਨਹੀਂ ਕਰਦੀ'' - ਬਲਵੀਰ ਕੌਰ ਰੀਹਲ




ਮੈਂ 1992 ਤੋਂ ਮਿੰਨੀ ਕਹਾਣੀ ਲਿਖਣ ਨਾਲ ਕਹਾਣੀ ਦੀ ਸ਼ੁਰੂਆਤ ਕੀਤੀ ਤੇ ਸਭ ਤੋਂ ਪਹਿਲਾਂ ਜੋ ਮੈਂ ਮਿੰਨੀ ਕਹਾਣੀ ਲਿਖੀ ਉਸ ਦਾ ਕੇਂਦਰ ਬਿੰਦੂ ਔਰਤ ਸੀ, ਉਸ ਲੜਕੀ ਦਾ ਵਿਆਹ ਲਾਲਚ ਦੇ ਚੱਕਰ ਵਿਚ ਪਰਿਵਾਰ ਵਾਲੇ ਵਿਦੇਸ਼ੀ ਅਪਾਹਿਜ ਲੜਕੇ ਨਾਲ ਕਰ ਦਿੰਦੇ। ਪੰਜਾਬੀ ਪਰਚਾਰ ਕੇਂਦਰ ਜਲੰਧਰ ਵਲੋਂ ਕਰਵਾਏ ਗਏ ਕਹਾਣੀ ਮੁਕਾਬਲੇ ਵਿਚ ਹੀ ਮੇਰੀ ਪਹਿਲੀ ਕਹਾਣੀ ਨੇ ਪਹਿਲਾਂ ਇਨਾਮ ਜਿੱਤਿਆ ਸੀ ਇਸ ਤਰ੍ਹਾਂ ਮੇਰੀਆਂ ਲਿਖੀਆਂ ਮਿੰਨੀ ਕਹਾਣੀਆਂ ਦੀ ਕਿਤਾਬ 2004 ਵਿਚ 'ਦੋ ਕਦਮ' ਟਾਇਟਲ ਨਾਲ ਪ੍ਰਕਾਸ਼ਿਤ ਹੋਈ ਸੀ। ਮੇਰੀ ਇਸ ਕਿਤਾਬ ਨੂੰ ਬਹੁਤ ਸਾਰੇ ਪਾਠਕਾਂ ਨੇ ਇਹ ਰਾਏ ਦਿੱਤੀ ਕਿ ਤੁਸੀਂ ਲੰਬੀ ਕਹਾਣੀ ਲਿਖਿਆ ਕਰੋ। ਦਰਪਣ ਸਾਹਿਤ ਸਭਾ ਵਲੋਂ ਵੀ ਕਰਵਾਏ ਗਏ ਮੁਕਾਬਲਿਆਂ ਵਿਚ ਮੇਰੀਆਂ ਕਹਾਣੀਆਂ ਤਿੰਨ ਵਾਰ ਮੁਕਾਬਲਾ ਜਿੱਤ ਚੁੱਕੀਆਂ ਹਨ।

2004 ਵਿਚ ਹੀ ਮੇਰੀ ਪਹਿਲੀ ਕਹਾਣੀ 'ਲਕੀਰ' ਵਿਚ ਛਪੀ, ਜਿਹੜੀ ਬਹੁਤ ਚਰਚਾ ਦਾ ਵਿਸ਼ਾ ਬਣੀ। ਮੈਂ ਜਦੋਂ ਕਹਾਣੀ ਲਿਖਣੀ ਆਰੰਭ ਕੀਤੀ ਜਾਂ ਹੁਣ ਵੇਖਦੀ ਹਾਂ, ਸਮਾਜ ਵਿਚ ਔਰਤ ਦੀ ਸਥਿਤੀ ਪ੍ਰਾਇਮਰੀ ਨਹੀਂ ਹੈ। ਕੁੱਝ ਔਰਤਾਂ ਨੂੰ ਛੱਡ ਕੇ ਸਮੁੱਚੀ ਔਰਤ ਹਮੇਸ਼ਾਂ ਹੀ ਸੈਕੰਡਰੀ ਰਹੀ ਹੈ। ਮੇਰੀਆਂ ਕਹਾਣੀਆਂ ਵਿਚ ਜੁਝਾਰੂ ਔਰਤ ਪੇਸ਼ ਹੋਈ ਹੈ। ਮੈਂ ਔਰਤ ਨੂੰ ਕਦੇ ਵੀ ਕੰਮਜੋਰ ਨਹੀਂ ਸਮਝਦੀ। ਔਰਤ ਤੇ ਮਰਦ ਬਗ਼ੈਰ ਸ੍ਰਿਸ਼ਟੀ ਅਧੂਰੀ ਹੈ।ਦੋਹਾਂ ਧਿਰਾਂ ਦਾ ਬਰਾਬਰ ਦਾ ਯੋਗਦਾਨ ਹੈ। ਔਰਤ ਦੇ ਬਲਬੂਤੇ ਹੀ ਸੰਸਾਰ ਚੱਲ ਰਿਹਾ ਹੈ। ਜੇ ਮੇਰੀਆਂ ਸਿਰਜੀਆਂ ਔਰਤ ਪਾਤਰ ਨਜ਼ਾਇਜ ਸਰੀਰਕ ਸੰਬੰਧਾਂ ਦਾ ਰਸਤਾ ਚੁਣਦੀਆਂ ਹਨ ਤਾਂ ਉਹਨਾਂ ਹਾਲਾਤਾਂ ਲਈ ਔਰਤਾਂ ਜਿੰਮੇਵਾਰ ਨਹੀਂ ਹਨ, ਉਹਨਾਂ ਲਈ ਅਜਿਹੇ ਹਾਲਾਤ ਮਰਦਾਂ ਦੁਆਰਾ ਪੈਦਾ ਕੀਤੇ ਜਾਂਦੇ ਹਨ ਜਾਂ ਪੈਦਾ ਹੋ ਜਾਂਦੇ ਹਨ ਜਿਹਨਾਂ ਕਰਕੇ ਉਹ ਅਨੈਤਿਕ ਸੰਬੰਧਾਂ ਦਾ ਰਸਤਾ ਚੁਣਦੀਆਂ ਹਨ। ਚਾਚੀ ਰੁੱਸ ਗਈ ਲੱਗਦੀ ਹੈ ( ਭਾਗ ਇਕ ਤੇ ਦੋ ), ਹੜੰਬਾ ਅਜਿਹੀਆਂ ਇਸਤਰੀ ਪਾਤਰਾਂ ਨੂੰ ਮੁੱਖ ਰੱਖ ਕੇ ਲਿਖੀਆਂ ਗਈਆਂ ਕਹਾਣੀਆਂ ਹਨ। ਸਮਾਜ ਅਜਿਹੀਆਂ ਔਰਤਾਂ ਨੂੰ ਬੁਰੀ ਨਜ਼ਰ ਨਾਲ ਵੇਖਦਾ ਹੈ। ਮੈਂ ਸਮਝਦੀ ਹਾਂ ਉਹ ਬੁਰੀਆਂ ਨਹੀਂ ਉਹਨਾਂ ਨੂੰ ਮਜਬੂਰੀ ਵੱਸ ਗਲਤ ਰਸਤਾ ਚੁਣਨਾ ਪੈਂਦਾ ਹੈ।

ਮੇਰੀਆਂ ਸਿਰਜੀਆਂ ਔਰਤ ਪਾਤਰ ਮਰਦੇ ਦਮ ਤੱਕ ਸੰਘਰਸ਼ ਦਾ ਪੱਲਾ ਨਹੀਂ ਤਿਆਗਦੀਆਂ। ਅਜਿਹੇ 'ਪਾਤਰ ਚੱਕ ਘੁੰਮ ਰਿਹਾ ਹੈ' ਤੇ 'ਗੋਲਡਨ ਅੱਖਰ' ਵਿਚ ਤੁਸੀਂ ਵੇਖ ਸਕਦੇ ਹੋ। ਇਹਨਾਂ ਕਹਾਣੀਆਂ ਦੀਆਂ ਮੁੱਖ ਪਾਤਰ ਹਿੰਮਤੀ ਔਰਤਾਂ ਹਨ।ਹਾਲਾਤਾਂ ਨਾਲ ਦੋ ਚਾਰ ਹੱਥ ਹੁੰਦੀਆਂ ਹਨ। 'ਪਾਸਵਰਡ' ਕਹਾਣੀ ਦੀ ਪਤਨੀ ਪਾਤਰ ਪਹਿਲਾਂ ਪਤੀ ਦੀਆਂ ਵਧੀਕੀਆਂ ਸਹਿਣ ਕਰਦੀ ਹੈ ਪਰ ਅਖੀਰ ਉਹ ਆਪਣੇ ਆਪ ਨੂੰ ਸਮੇਂ ਅਨੁਸਾਰ ਬਦਲ ਲੈਂਦੀ ਹੈ। ਉਸ ਦਾ ਬਦਲਾਵ ਪਤੀ ਨੂੰ ਪਸੰਦ ਨਹੀਂ ਆਉਂਦਾ। ਸਮਾਂ



ਬਦਲ ਰਿਹਾ ਹੈ ਔਰਤ ਵੀ ਬਦਲ ਰਹੀ ਹੈ ਤੇ ਕਹਾਣੀਆਂ ਦੇ ਪਾਤਰ ਵੀ ਬਦਲ ਰਹੇ ਹਨ।

ਔਰਤ ਮਹਿਫ਼ੂਜ਼ ਨਹੀਂ ਇਸ ਦੀ ਉਦਾਹਰਣ ਹੁਣੇ-ਹੁਣੇ ਵਾਪਰੀ ਹਾਥਰਸ ਦੀ ਘਟਨਾ ਹੈ। ਅਜਿਹੀਆਂ ਬਹੁਤ ਘਟਨਾਵਾਂ ਵਾਪਰਦੀਆਂ ਹਨ ਜਿਹਨਾਂ ਨੂੰ ਦਬਾ ਦਿੱਤਾ ਜਾਂਦਾ ਹੈ। ਸੋ ਅਜਿਹੇ ਹਾਲਾਤਾਂ ਨੂੰ ਸਮਝ ਕੇ ਹੀ ਮੈਂ ਆਪਣੀਆਂ ਕਹਾਣੀਆਂ ਵਿਚ ਔਰਤਾਂ ਦੀ ਪੇਸ਼ਕਾਰੀ ਕਰਦੀ ਹਾਂ।

ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਬਚਿੰਤ ਕੌਰ, ਵੀਨਾ ਵਰਮਾ, ਸੁਖਵੰਤ ਕੌਰ ਮਾਨ, ਰਸ਼ਪਿੰਦਰ ਰਿਸ਼ਮ, ਦਲੀਪ ਕੌਰ ਟਿਵਾਣਾ, ਆਦਿ ਨਾਰੀ ਕਹਾਣੀਕਾਰਾਂ ਦਾ ਇਕ ਲੰਬਾ ਇਤਿਹਾਸ ਹੈ। ਬਚਿੰਤ ਕੌਰ ਦੀਆਂ ਕਹਾਣੀਆਂ ਵਿਚ ਮਰਦ ਔਰਤ 'ਤੇ ਅੱਤਿਆਚਾਰ ਕਰਦੇ ਹਨ। ਅਜੀਤ ਕੌਰ ਦੀਆਂ ਕਹਾਣੀਆਂ ਵਿਚ ਮਰਦ ਔਰਤ ਨੂੰ ਵਰਤ ਕੇ ਖਾਲੀ ਬੋਤਲ ਦੀ ਤਰ੍ਹਾਂ ਪਰ੍ਹੇ ਸੁੱਟ ਦਿੰਦਾ ਹੈ। ਔਰਤਾਂ ਤਸ਼ੱਦਦ ਦਾ ਸ਼ਿਕਾਰ ਹੁੰਦੀਆਂ ਦਿਖਾਈਆਂ ਗਈਆਂ ਹਨ। ਚਾਹੇ ਸਰੀਰਕ ਹੋਵੇ ਚਾਹੇ ਮਾਨਸਿਕ ਹੋਵੇ। ਕੁਲਬੀਰ ਬਡੇਸਰੋਂ ਨੇ ਵੱਖਰੀ ਕਿਸਮ ਦੇ ਵਿਸ਼ਿਆਂ ਨੂੰ ਹੱਥ ਪਾਇਆ ਹੈ।

ਵੀਨਾ ਵਰਮਾ ਨਾਲ ਕਹਾਣੀ ਨਵਾਂ ਮੋੜਾ ਕੱਟਦੀ ਹੈ। ਉਸ ਦੀਆਂ ਕਹਾਣੀਆਂ ਵਿਚ ਔਰਤ ਦੀ ਬੋਲਡਨੈਸਤਾ ਪੇਸ਼ ਹੋਈ ਹੈ। ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿਚ ਅਨੈਤਿਕ ਸੰਬੰਧਾਂ ਦੀ ਬੇਬਾਕੀ ਨਾਲ ਪੇਸ਼ਕਾਰੀ ਕੀਤੀ ਹੈ। ਮੈਂ ਪ੍ਰਸ਼ਨ ਤੋਂ ਇਕ ਗੱਲ ਹਟਵੀਂ ਕਰ ਰਹੀ ਹਾਂ ਇਸ ਸਮੇਂ ਪ੍ਰਵਾਸ ਵਿਚ ਨਾਰੀ ਕਹਾਣੀਕਾਰਾਂ ਵਧੀਆਂ ਕਹਾਣੀਆਂ ਲਿਖ ਰਹੀਆਂ ਹਨ। ਇਹਨਾਂ ਵਿਚ ਮਿੰਨੀ ਗਰੇਵਾਲ, ਬਲਵੀਰ ਸੰਘੇੜਾ, ਰਾਣੀ ਨਗੇਂਦਰ, ਪ੍ਰਵੇਜ਼ ਸੰਧੂ, ਗੁਰਮੀਤ ਪਨਾਗ, ਸੁਰਜੀਤ ਕੌਰ, ਰਛਪਾਲ ਕੌਰ ਗਿੱਲ, ਜਤਿੰਦਰ ਰੰਧਾਵਾ, ਅਮਰਜੀਤ ਪੰਨੂ। ਇਹਨਾਂ ਵਿਚੋਂ ਕਈ ਤਾਂ ਸਥਾਪਿਤ ਕਹਾਣੀਕਾਰ ਹਨ। ਰਾਣੀ ਨਗੇਂਦਰ ਦੀ ਪੰਘੂੜਾਂ ਅਤੇ ਪ੍ਰਵੇਜ਼ ਸੰਧੂ ਦੀ ਸੌਕਣ ਬਾਕਮਾਲ ਰਚਨਾਵਾਂ ਹਨ। ਵੀਨਾ ਵਰਮਾ ਨੇ ਬਹੁਤ ਸਾਰੀਆਂ ਪਾਏਦਾਰ ਕਹਾਣੀਆਂ ਦੀ ਸਿਰਜਣਾ ਕੀਤੀ ਹੈ। ਗੁਰਮੀਤ ਪਨਾਗ ਦੀ ਵੀ ਕਹਾਣੀ 'ਤੇ ਕਮਾਲ ਦੀ ਪਕੜ ਹੈ।

ਮੇਰੀਆਂ ਸਮਕਾਲੀ ਤੇ ਪੂਰਵ ਕਹਾਣੀਕਾਰਾਂ ਨੇ ਆਪਣੇ ਸਮੇਂ ਦੇ ਮੁਤਾਬਿਕ ਪੰਜਾਬੀ ਕਹਾਣੀ ਖੇਤਰ ਵਿਚ ਗੁਣਾਤਮਕ ਤੇ ਗਿਣਾਤਮਕ ਪੱਖੋਂ ਚੋਖਾਂ ਵਾਧਾ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਪੰਜਾਬੀ ਦੀ ਪਹਿਲੀ ਕਹਾਣੀਕਾਰਾਂ ਹੈ , ਉਸ ਸਮੇਂ ਤੋਂ ਲੈ ਕੇ ਹੁਣ ਦੇ ਸਮੇਂ ਤੱਕ ਨਾਰੀ ਪੰਜਾਬੀ ਕਹਾਣੀ ਦਾ 100 ਸਾਲਾਂ ਸਮਾਂ ਪੂਰਾ ਹੋਣ ਵਾਲਾ ਹੈ। ਆਰੰਭ ਵਿਚ ਜੋ ਕਹਾਣੀ ਲਿਖੀ ਜਾ ਰਹੀ ਸੀ ਤੇ ਜੋ ਹੁਣ ਕਹਾਣੀ ਲਿਖੀ ਜਾ ਰਹੀ ਹੈ।ਉਸ ਵਿਚ ਬਹੁਤ ਵੱਡਾ ਅੰਤਰ ਆ ਚੁੱਕਾ ਹੈ ਇਹ ਵਿਸ਼ਿਆਂ, ਸ਼ੈਲੀ, ਬੁਣਤ, ਬਣਤਰ ਤੇ ਹੋਰ ਕਈ ਪੱਖਾ ਤੋਂ ਪਤਾ ਲੱਗ ਜਾਂਦਾ ਹੈ।

ਮੈਂ ਆਪਣੀ ਕਹਾਣੀਆਂ ਵਿਚ ਮਰਦ ਦਾ ਭੰਡੀ ਪ੍ਰਚਾਰ ਨਹੀਂ ਕਰਦੀ ਨਾ ਹੀ ਮੇਰਾ ਅਜਿਹਾ ਕੋਈ ਮਕਸਦ ਹੈ। ਹਾਲਾਤ ਕੀ ਹਨ ਉਹਨਾਂ ਪ੍ਰਸਥਿਤੀਆਂ ਵਿਚੋਂ ਔਰਤ ਦਾ ਪਾਤਰ ਕਿਵੇਂ ਨਿਕਲਦਾ ਹੈ। ਉਸੇ ਯਥਾਰਥਕ ਰੰਗਣ ਨੂੰ ਮੈਂ ਆਪਣੀਆਂ ਕਹਾਣੀਆਂ ਵਿਚ ਸਿਰਜਣ ਦੀ ਕੋਸ਼ਿਸ਼ ਕਰਦੀ ਹਾਂ।

ਬਹੁਤ ਸਾਰੀਆਂ ਮੇਰੀਆਂ ਸਮਕਾਲੀ ਕਹਾਣੀਕਾਰ ਔਰਤ ਮਰਦ ਦੇ ਰਿਸ਼ਤਿਆਂ ਦੀ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕਰ ਰਹੀਆਂ ਹਨ। ਤ੍ਰਿਪਤਾ ਕੇ. ਸਿੰਘ ਦੀ ਕਹਾਣੀ 'ਇਕ ਦਿਨ' ਦੀ ਪਤਨੀ ਪਾਤਰ ਪਤੀ ਕੋਲੋਂ 'ਇਕ ਦਿਨ' ਦੀ ਅਜ਼ਾਦੀ ਦੀ ਮੰਗ ਕਰਦੀ ਹੈ।ਉਸ ਲਈ ਅਜ਼ਾਦੀ ਦਾ ਕੋਈ ਅਰਥ ਨਹੀਂ ਹੈ। ਬੇਸ਼ੱਕ ਇਹ ਪਾਤਰ ਆਧੁਨਿਕ ਹੈ ਪਰ ਆਧੁਨਿਕ ਹੋ ਕੇ ਵੀ ਉਹ ਬੰਦਿਸ਼ਾਂ ਵਿਚ ਘਿਰੀ ਹੋਈ ਹੈ। ਸੋ ਇਹ ਕਹਾਣੀ ਔਰਤ ਨੂੰ ਪੇਸ਼ ਕਰ ਰਹੀ ਹੈ ਜਿਹੜੀ 21ਵੀਂ ਸਦੀ ਵਿਚ ਵਿਚਰ ਰਹੀ ਹੈ।

'ਚੁੱਪ ਦੀ ਆਵਾਜ਼' ਕਹਾਣੀ ਦੀ ਪਤਨੀ ਪਾਤਰ ਪਿਆਰ ਵਿਆਹ ਕਰਵਾਉਂਦੀ ਹੈ। ਪਰ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦਾ ਪਤੀ ਨਮਰਦ ਹੈ ਤਾਂ ਉਹ ਉਸ ਨੂੰ ਛੱਡ ਕੇ ਚਲੀ ਜਾਂਦੀ ਹੈ 'ਪਾਸਵਰਡ' ਕਹਾਣੀ ਦਾ ਪਤੀ ਪਾਤਰ ਆਪਣੀ ਪੂਰੀ ਜ਼ਿੰਦਗੀ ਆਜ਼ਾਦੀ ਨਾਲ ਜਿਉਂਣਾ ਚਾਹੁੰਦਾ ਹੈ ਪਰ ਇਹੀ

ਆਜ਼ਾਦੀ ਉਹ ਪਤਨੀ ਨੂੰ ਨਹੀਂ ਦੇਣਾ ਚਾਹੁੰਦਾ।

'ਪੱਲੇ ਤੈਡੇ ਲਾਗੀ', ਕਹਾਣੀ ਦੀ ਪਾਤਰ ਦੂਜੀ ਵਾਰ ਵਿਆਹ ਕਰਵਾਉਂਦੀ ਹੈ ਪਰ ਉਹ ਨੂੰ ਫਿਰ ਤਲਾਕ ਲੈਣਾ ਪੈਂਦਾ ਹੈ, ਉਸ ਦੀ ਮਾਂ ਉਸ ਨੂੰ ਨਸੀਹਤ ਦਿੰਦੀ ਆਖਦੀ ਹੈ, "ਪਹਾੜ ਜਿੱਡੀ ਜ਼ਿੰਦਗੀ ਇਕੱਲੀ ਕਿਵੇਂ ਕੱਟੇਗੀ ?"

ਤਾਂ ਧੀਅ ਉਸ ਨੂੰ ਆਖਦੀ ਹੈ, "ਮੈਂ ਜਿਉਂ ਸਕਦੀ ਹਾਂ।"

ਇਹ ਔਰਤ ਦੇ ਆਧੁਨਿਕ ਰੂਪ ਹਨ। 'ਬੰਦਾ ਗੈਰਹਾਜ਼ਰ' ਕਹਾਣੀ ਦੀਆਂ ਕੁੜੀਆਂ ਪਾਤਰ ਬਹੁਤ ਬਹਾਦਰੀ ਨਾਲ ਤਾਏ ਦੇ ਵਧ ਰਹੇ ਅਨੈਤਿਕ ਹੱਥਾਂ ਨੂੰ ਰੋਕ ਕੇ ਉਸ ਨੂੰ ਥਾਂਏ ਹੀ ਚਿੱਤ ਕਰ ਦਿੰਦੀਆਂ ਹਨ। 'ਬੰਦਾ ਗੈਰਹਾਜ਼ਰ' ਕਹਾਣੀ ਦਾ ਤਾਇਆ ਪਾਤਰ, 'ਸੁਪਨਿਆਂ ਵਾਲਾ ਕੰਬਲ' ਕਹਾਣੀ ਦਾ ਅੰਕਲ ਪਾਤਰ ਕੁੜੀਆਂ ਪ੍ਰਤੀ ਮਾੜੀ ਨੀਅਤ ਰੱਖਦੇ ਹਨ। ਮੇਰੀਆਂ ਕਹਾਣੀਆਂ ਦੀਆਂ ਔਰਤ ਪਾਤਰ ਅਜਿਹੇ ਮਰਦਾਂ ਦਾ ਸਾਹਮਣਾ ਕਰਕੇ ਉਹਨਾਂ ਨੂੰ ਕਰਾਰਾ ਜੁਆਬ ਦਿੰਦੀਆਂ ਹਨ। ਮੁੱਕਦੀ ਗੱਲ ਇਹ ਹੈ ਕਿ ਔਰਤ ਮਰਦ ਦੇ ਯਥਾਰਥਕ ਰੂਪ ਨੂੰ ਪੇਸ਼ ਕੀਤਾ ਹੈ। ਜੇ ਮਰਦ ਚੰਗਾ ਹੈ ਤਾਂ ਉਹ ਚੰਗੇ ਰੂਪ ਵਿਚ ਪੇਸ਼ ਹੋਇਆ ਹੈ ਜੇ ਮਾੜਾ ਹੈ ਤਾਂ ਉਸ ਨੂੰ ਮਾੜਾਂ ਹੀ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਮੇਰੀਆਂ ਔਰਤ ਪਾਤਰ ਹਨ।

ਮੈਂ ਸਮਝਦੀ ਹਾਂ ਕਿ ਹਰੇਕ ਲੇਖਕ ਦੀ ਆਪਣੀ ਸ਼ੈਲੀ, ਵਿਸ਼ੇ, ਬਣਤਰ, ਬੁਣਤਰ ਵੱਖੋਂ ਵੱਖਰੀ ਹੁੰਦੀ ਹੈ। ਬਹੁਤ ਜਣਿਆ ਨੂੰ ਇਕ ਵਿਸ਼ਾ ਦੇ ਦਿੱਤਾ ਜਾਵੇ ਤਾਂ ਸਭ ਅਲੱਗ ਹੀ ਕਹਾਣੀ ਲਿਖਣਗੇ। ਜਿਸ ਤਰ੍ਹਾਂ ਇਕ ਬੰਦੇ ਦੀ ਸਖਸ਼ੀਅਤ ਕਿਸੇ ਨਾਲ ਨਹੀਂ ਮਿਲ ਸਕਦੀ ਇਸੇ ਤਰ੍ਹਾਂ ਹੀ ਮੇਰੀਆਂ ਕਹਾਣੀਆਂ ਵੀ ਬਾਕੀ ਔਰਤ ਕਹਾਣੀਕਾਰਾਂ ਨਾਲੋਂ ਵੱਖਰੀਆਂ ਹਨ। ਪਹਿਲੀ ਗੱਲ ਮੇਰੇ ਸਿਰਜੇ ਪਾਤਰ ਰੋਂਦੇ ਨਹੀਂ ਹਨ, ਹਾਲਾਤਾਂ ਨਾਲ ਹੀ ਸਮਝੌਤਾ ਨਹੀਂ ਕਰ ਕੇ ਬੈਠ ਜਾਂਦੇ ਸਗੋਂ ਉਹ ਹਾਲਾਤਾਂ ਨਾਲ ਦੋ ਚਾਰ ਹੱਥ ਹੁੰਦੇ ਹਨ ਅਤੇ ਜ਼ਿੰਦਗੀ ਦਾ ਭਰਪੂਰ ਆਨੰਦ ਮਾਣਦੇ ਹਨ। ਭਾਵੇਂ ਉਹ ਜੀਵਨ ਵਿਚ ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਕਰ ਰਹੇ ਹੋਣ ਪਰ ਹਿੰਮਤ ਨਹੀਂ ਹਾਰਦੇ। ਇਕ ਗੱਲ ਹੋਰ ਮੇਰੀਆਂ ਕੁੱਝ ਕਹਾਣੀਆਂ ਅਜਿਹੀਆਂ ਹਨ ਜਿਹੜੀਆਂ ਸ਼ੁਰੂ ਤਾਂ ਇਕ ਕਹਾਣੀ ਤੋਂ ਹੁੰਦੀਆਂ ਹਨ ਪਰ ਉਸ ਵਿਚ ਦੋ ਕਹਾਣੀਆਂ ਹੁੰਦੀਆਂ ਹਨ ਪਾਠਕਾਂ ਨੂੰ ਇਹ ਗੱਲ ਵੱਖਰੀ ਤਾਂ ਲੱਗਦੀ ਹੈ ਪਰ ਮੈਂ ਜਾਣਦੀ ਹਾਂ ਕਿ ਪਹਿਲੀ ਕਹਾਣੀ ਦਾ ਸੰਬੰਧ ਦੂਜੀ ਨਾਲ ਜੁੜਦਾ ਹੈ।'ਕਲਕੱਤੇ ਵਾਲੀ ਚੁੰਨੀ' ਤੇ 'ਸੁਪਨਿਆਂ ਵਾਲਾ ਕੰਬਲ' ਅਜਿਹੀਆਂ ਹੀ ਕਹਾਣੀਆਂ ਹਨ।

ਮੇਰੀਆਂ ਕਹਾਣੀਆਂ ਦੇ ਨਾਰੀ ਪਾਤਰ ਮਰਦਾਂ ਦੀ ਨਿੰਦਿਆਂ ਨਹੀਂ ਕਰਦੇ ਸਗੋਂ ਹਾਲਾਤਾਂ ਵਿਚੋਂ ਉੱਭਰ ਕੇ ਜ਼ਿੰਦਗੀ ਦਾ ਆਨੰਦ ਮਾਣਦੇ ਹਨ। ਮੈਂ ਬਹੁਤੀਆਂ ਲੰਬੀਆਂ ਕਹਾਣੀਆਂ ਨਹੀਂ ਲਿਖਦੀ। ਮੇਰਾ ਮਕਸਦ ਕਹਾਣੀ ਰਾਹੀ ਉਦੇਸ਼ ਜੋ ਮੈਂ ਮਿੱਥ ਲਿਆ ਹੈ ਉਸ ਨੂੰ ਪਾਠਕਾਂ ਤੱਕ ਪਹੁੰਚਾਉਣਾ ਹੈ। ਇਸ ਲਈ ਮੈਂ ਕਹਾਣੀ ਨੂੰ ਬਹੁਤਾ ਲਮਕਾਉਂਦੀ ਨਹੀਂ ਹਾਂ। ਮੈਂ ਮੁਹਾਵਰੇ ਵਰਤਦੀ ਹਾਂ ਇਹ ਸਹਿਜ ਸੁਭਾਵਿਕ ਹੀ ਹੋ ਜਾਂਦਾ ਹੈ, ਮੇਰਾ ਸੰਬੰਧ ਪੇਂਡੂ ਲੋਕਾਂ ਨਾਲ ਹੈ ਮੈਂ ਉਹਨਾਂ ਦੇ ਜੀਵਨ ਵਿਚੋਂ ਹੀ ਬਹੁਤੀਆਂ ਕਹਾਣੀਆਂ ਦੇ ਵਿਸ਼ੇ ਚੁਣੇ ਹਨ। ਮੈਂ ਕਹਾਣੀ ਆਮ ਪਾਠਕਾਂ ਲਈ ਲਿਖਦੀ ਹਾਂ ਇਸੇ ਕਰਕੇ ਸਰਲ ਤੇ ਸੌਖੀ ਭਾਸ਼ਾ ਦਾ ਪ੍ਰਯੋਗ ਕਰਦੀ ਹਾਂ। ਕਹਾਣੀ ਲਿਖਣ ਤੋਂ ਪਹਿਲਾਂ ਮੈਂ ਪਾਤਰਾਂ ਨਾਲ ਲੰਬਾ ਸੰਵਾਦ ਰਚਾਉਂਦੀ ਹਾਂ। ਫਿਰ ਪਾਤਰ ਮੇਰੇ ਦਿਮਾਗ ਤੇ ਬਹੁਤ ਭਾਰੂ ਹੋ ਜਾਂਦੇ ਹਨ। ਇਸ ਤੋਂ ਬਾਅਦ ਮੈਂ ਕਹਾਣੀ ਇਕ ਹੀ ਬੈਠਕ ਵਿਚ ਲਿਖ ਲੈਂਦੀ ਹਾਂ ਤੇ ਉਸ ਤੋਂ ਬਾਅਦ ਸੋਧ ਸੁਧਾਈ ਕਰਦੀ ਹਾਂ।

ਕਹਾਣੀ ਲਿਖਣ ਤੋਂ ਪਹਿਲਾਂ ਪਾਤਰ ਮੇਰਾ ਜੀਣਾ ਦੁੱਭਰ ਕਰ ਦਿੰਦੇ ਹਨ। ਉਹਨਾਂ ਨਾਲ ਮੈਂ ਜੀਵਨ ਜਿਉਂਦੀ ਹਾਂ ਉੱਠਦੀ ਬੈਠਦੀ। ਔਰਤਾਂ ਮਰਦਾਂ ਦਾ ਮਨੋਵਿਗਿਆਨ ਮੇਰੇ ਦਿਮਾਗ ਵਿਚ ਪਿਆ ਹੁੰਦਾ ਹੈ। ਮੈਂ ਸਮਾਜ ਸ਼ਾਸਤਰੀ ਪੱਖੋਂ ਵੀ ਵਿਸ਼ੇ ਦਾ ਅਨੁਭਵ ਕਰਦੀ ਹਾਂ। ਮੇਰੇ ਸਾਹਮਣੇ ਮੇਰਾ ਸਮਾਜ ਪਿਆ ਹੁੰਦਾ ਹੈ। ਮੁੱਕਦੀ ਗੱਲ ਇਹ ਹੈ ਕਿ ਇਹ ਤਾਂ ਪਾਠਕ ਤੇ ਆਲੋਚਕ ਹੀ ਦੱਸ ਸਕਦੇ ਹਨ ਉਹਨਾਂ ਨੂੰ ਮੇਰੀਆਂ



ਕਹਾਣੀਆਂ ਵਿਚ ਕਿਹੜੀ ਖ਼ੂਬੀ ਮਹਿਸੂਸ ਹੁੰਦੀ ਹੈ। ਜਿਸ ਕਰਕੇ ਉਹਨਾਂ ਨੂੰ ਮੇਰੀ ਕਹਾਣੀ ਚੰਗੀ ਲੱਗਦੀ ਹੈ। ਜਾਂ ਬਾਕੀਆਂ ਨਾਲੋਂ ਵੱਖਰੀ ਹੈ।

ਮੈਂ ਸਿੱਖਿਆ ਦੇ ਖੇਤਰ ਵਿਚ ਆ ਰਹੇ ਨਿਘਾਰ ਅਤੇ ਸਮਾਜ ਸਿਰਜਕ ਅਧਿਆਪਕ ਵਰਗ ਨੂੰ ਲੈ ਕੇ ਕਈ ਕਹਾਣੀਆਂ ਲਿਖੀਆਂ ਹਨ।ਅਜਿਹੇ ਵਿਸ਼ੇ ਮੈਂ ਹੀ ਪਹਿਲੀ ਵਾਰ ਜਿਆਦਾ ਗਿਣਤੀ ਵਿਚ ਛੋਹੇ ਹਨ। 'ਮੈਂ ਗੌਤਮ ਨਹੀਂ ਹਾਂ', 'ਬਾਪੂ ਦਾ ਇੰਜੀਨੀਅਰ ਪੁੱਤ' , 'ਕਠਪੁਤਲੀ' , 'ਸੱਤੇ ਧੀਆਂ ਕੁਆਰੀਆਂ' ਆਦਿ ਅਜਿਹੇ ਹੀ ਵਿਸ਼ਿਆਂ ਨੂੰ ਲੈ ਕੇ ਲਿਖੀਆਂ ਗਈਆਂ ਕਹਾਣੀਆਂ ਹਨ। ਮੈਂ ਨਵੀਆਂ ਲਿਖੀਆਂ ਕਹਾਣੀਆਂ ਵਿਚ ਵੱਖਰੇ ਤਜਰਬੇ ਕੀਤੇ ਹਨ। ਉਹ ਕਹਾਣੀਆਂ ਮੇਰੀਆਂ ਪਹਿਲੀਆਂ ਕਹਾਣੀਆਂ ਤੋਂ ਵੀ ਅਲੱਗ ਕਿਸਮ ਦੀਆਂ ਹਨ। ਮੈਂ ਉਹਨਾਂ ਰਾਹਾਂ ਤੇ ਨਹੀਂ ਤੁਰਦੀ ਜਿਹਨਾਂ ਤੇ ਬਾਕੀ ਤੁਰਦੇ ਹਨ। ਇਹੀ ਗੱਲ ਮੇਰੀਆਂ ਕਹਾਣੀਆਂ ਦੀ ਹੈ।

ਸਮੇਂ ਦੇ ਅਨੁਸਾਰ ਬਹੁਤ ਕੁੱਝ ਬਦਲ ਜਾਂਦਾ ਹੈ। ਵਿਸ਼ਵੀਕਰਣ ਤੇ ਸੰਚਾਰ ਦੇ ਸਾਧਨਾਂ ਨਾਲ ਸਭਿਆਚਾਰਕ ਪਰਿਵਰਤਨ ਆਏ ਹਨ। ਇਕ ਨਵੀਂ ਕ੍ਰਾਂਤੀ ਆਈ ਹੈ। 20 ਕੁ ਸਾਲਾਂ ਵਿਚ ਤਬਦੀਲ਼ੀਆਂ ਬਹੁਤ ਤੇਜੀ ਨਾਲ ਹੋ ਰਹੀਆਂ ਹਨ ਇਹਨਾਂ ਤਬਦੀਲੀਆਂ ਨੇ ਔਰਤ ਮਰਦ ਦੇ ਰਿਸ਼ਤਿਆਂ ਨੂੰ ਬਹੁਤ ਬਦਲ ਦਿੱਤਾ ਹੈ। ਔਰਤ ਹੌਲੀ ਹੌਲੀ ਔਰਤ ਆਰਥਿਕ ਪੱਖੋਂ ਵੀ ਸੁੰਤਤਰ ਹੋ ਰਹੀ ਹੈ ਭਾਵੇਂ ਇਹ ਗਿਣਤੀ ਘੱਟ ਹੈ ਪਰ ਇਹ ਬਦਲਾਵ ਦਾ ਵੱਡਾ ਕਾਰਣ ਹੈ। ਮੇਰੀਆਂ ਲਿਖੀਆਂ ਕਹਾਣੀਆਂ 'ਕਾਲਾ ਘੱਗਰਾ','ਹੇਰਵਾ' ਵੀਂਹਵੀਂ ਸਦੀ ਦੀ ਪ੍ਰਤੀਨਿਧਤਾ ਕਰਦੀਆਂ ਹਨ। ਦੂਜੇ ਪਾਸੇ 'ਪਾਸਵਰਡ' ਕਹਾਣੀ ਦੀ ਪਤਨੀ ਪਾਤਰ, 'ਗੋਲਡਨ ਅੱਖਰ' ਦੀ ਮੁੱਖ ਪਾਤਰ, 'ਮੈਂ ਨਹੀਂ ਤੂੰ ਹੀ ਤੂੰ' ਦਾ ਪਤੀ ਪਾਤਰ 21ਵੀਂ ਸਦੀ ਦੀ ਪ੍ਰਤੀਨਿਧਤਾ ਕਰ ਰਹੇ ਪਾਤਰ ਹਨ। ਇਹ ਬਦਲਾਵ ਸਮੇਂ ਦੇ ਅਨੁਸਾਰ ਵਾਪਰੇ ਵਰਤਾਰਿਆਂ ਕਾਰਣ ਹਨ।

'ਮੈਂ ਨਹੀਂ ਤੂੰ ਹੀ ਤੂੰ' ਦਾ ਮਰਦ ਪਾਤਰ ਸਮਾਜ ਦੀਆਂ ਜਾਤੀਗਤ ਬੰਦਿਸ਼ਾਂ ਨੂੰ ਤੋੜ ਰਿਹਾ ਹੈ। ਉਸਦਾ ਜਾਤੀਬੰਧਨ ਤੋੜਨਾ ਪ੍ਰੇਮ ਵਿਆਹ ਕਰਵਾਉਣਾ ਤੇ ਆਪਣੀ ਪਤਨੀ ਨਾਲ ਜੀਵਨ ਜਿਉਣਾ 21ਵੀਂ ਸਦੀ ਦੀ ਹੀ ਸੋਚ ਦਾ ਨਤੀਜਾ ਹੈ।

ਮੇਰੀਆਂ ਕਹਾਣੀਆਂ ਵਿਚ ਔਰਤ ਮਰਦ ਨਜ਼ਾਇਜ ਰਿਸ਼ਤੇ ਕਾਇਮ ਕਰਦੇ ਹਨ। ਹੜੰਬਾ, ਚਾਚੀ ਰੁੱਸ ਗਈ ਲੱਗਦੀ ਹੈ (ਭਾਗ ਪਹਿਲਾਂ ਤੇ ਦੂਜਾ), ਪਾਸਵਰਡ ਤੇ ਚੁੱਪ ਦੀ ਆਵਾਜ਼ ਕਹਾਣੀਆਂ ਬਦਲੇ ਹੋਏ ਸਮਾਜ ਦੀ ਪੇਸ਼ਕਾਰੀ ਕਰ ਰਹੀਆਂ ਹਨ। ਮੈਂ ਆਪਣੀਆਂ ਕਹਾਣੀਆਂ ਵਿਚ ਇਹ ਦੱਸਣ ਦੀ ਕੋਸ਼ਿਸ਼ ਕਰ ਰਹੀ ਹਾਂ ਕਿ ਜੇ ਔਰਤ ਆਰਥਿਕ ਪੱਖੋਂ ਆਜ਼ਾਦ ਹੋ ਜਾਵੇ ਤਾਂ ਉਹ ਮਰਦ ਦੀ ਬਹੁਤੀ ਦੇਰ ਗੁਲਾਮੀ ਨਹੀਂ ਸਹਿਣ ਕਰੇਗੀ।

ਪਹਿਲੀ ਗੱਲ ਤਾਂ ਇਹ ਹੈ ਕਿ ਨਾਰੀ ਨਾਰੀ ਹੀ ਹੈ। ਪਰਿਵਾਰਕ ਨਾਰੀ ਬੰਦਿਸ਼ਾਂ ਭਰਿਆ ਜੀਵਨ ਜਿਉਂਦੀ ਹੈ। ਬਹੁਤ ਹੱਦ ਤੱਕ ਨਾਰੀ ਕਹਾਣੀਕਾਰਾਂ ਨੂੰ ਵੀ ਬੰਦਿਸ਼ਾਂ ਭਰਿਆ ਜੀਵਨ ਜਿਉਣਾ ਪੈਦਾ ਹੈ। ਪਰਿਵਾਰ ਔਰਤ ਲਈ ਪਹਿਲਾਂ ਹੈ ਉਹ ਬੱਚਿਆਂ ਦੇ ਫ਼ਰਜ਼ਾਂ ਤੋਂ ਅਵੇਸਲੀ ਨਹੀਂ ਹੋ ਸਕਦੀ। ਪਰਿਵਾਰ, ਬੱਚੇ ਤੇ ਫ਼ਰਜ਼ ਪਹਿਲਾਂ ਹਨ। ਦੋਹਾਂ ਔਰਤਾਂ ਲਈ ਪਰਿਵਾਰ ਦਾ ਪਾਲਣ ਪੋਸ਼ਣ ਸਬਜ਼ੀਆਂ ਦੇ ਸੁਆਦ ਪਰਿਵਾਰ ਦੇ ਸੁੱਖ ਦਾ ਖਿਆਲ ਰੱਖਣਾ ਜ਼ਰੂਰੀ ਹੈ। ਜੇ ਉਹ ਅਜਿਹਾ ਨਹੀਂ ਕਰਦੀ ਤਾਂ ਪਰਿਵਾਰ ਵਿਚ ਉਸ ਦੇ ਲਿਖਣ ਦਾ ਕੋਈ ਮਹੱਤਵ ਨਹੀਂ ਹੈ। ਲਿਖਣਾ ਬਾਅਦ ਵਿਚ ਰਹਿ ਜਾਂਦਾ ਹੈ। ਇਸ ਪੱਖੋਂ ਬਹੁਤ ਹੱਦ ਤੱਕ ਮਰਦ ਸਾਹਿਤਕਾਰ ਖੁਸ਼ਕਿਸਮਤ ਕਹੇ ਜਾ ਸਕਦੇ ਹਨ। ਉਹਨਾਂ ਉੱਤੇ ਔਰਤਾਂ ਵਾਂਗ ਬਹੁਤੀਆਂ ਬੰਦਿਸ਼ਾਂ ਨਹੀਂ ਹਨ।

ਦੋਹਾਂ ਔਰਤਾਂ ਦੀ ਸੀਮਾ ਸਮਾਜ ਨਿਰਧਾਰਤ ਕਰਦਾ ਹੈ ਪਰ ਸਾਹਿਤਕਾਰ /ਕਹਾਣੀਕਾਰ ਨਾਰੀ ਆਪਣੀ ਸੀਮਾ ਆਪ ਤੈਅ ਕਰਦੀ ਹੈ। ਕਹਾਣੀਕਾਰ ਔਰਤ ਆਪਣੀ ਕਲਮ ਨਾਲ ਸਮਾਜ ਦੀਆਂ ਕੁਰੀਤੀਆਂ ਅਤੇ ਆਪਣੀ ਸਵੈ-ਹੋਂਦ ਨੂੰ ਕਾਇਮ ਕਰਦੀ ਹੈ।ਕੁੱਝ ਹੱਦ ਤੱਕ ਉਹ ਔਰਤਾਂ ਦੇ ਮਨੋਵਿਗਿਆਨ

ਅਤੇ ਸਮਾਜ ਦੇ ਅੰਦਰ ਛੁਪੀਆਂ ਕੁਰੀਤੀਆਂ ਨੂੰ ਸਮਾਜ ਸਾਹਮਣੇ ਪੇਸ਼ ਕਰਨ ਦੇ ਯਤਨ ਵਿਚ ਕਾਮਯਾਬ ਹੁੰਦੀ ਹੈ।

ਨਾਰੀ ਕਹਾਣੀਕਾਰ ਦੀਆਂ ਜਿੰਮੇਵਾਰੀਆਂ ਵਧ ਜਾਂਦੀਆਂ ਹਨ। ਪਰਿਵਾਰ ਤਾਂ ਉਸ ਦੇ ਗਲ ਵਿਚ ਪਏ ਉਸ ਪਟੇ ਦੇ ਸਮਾਨ ਹੈ ਜੇ ਉਸ ਤੋਂ ਦੂਰ ਭੱਜੇਗੀ ਤਾਂ ਉਸ ਦਾ ਖੁਦ ਦਾ ਹੀ ਗਲਾ ਖਿੱਚਿਆ ਜਾਵੇਗਾ। ਉਹ ਪਰਿਵਾਰ ਅਤੇ ਜਿੰਮੇਵਾਰੀਆਂ ਤੋਂ ਮੁਕਤ ਨਹੀਂ ਹੋ ਸਕਦੀ। ਪਰਿਵਾਰ ਅਤੇ ਸਾਹਿਤ ਦੇ ਖੇਤਰ ਵਿਚ ਉਸ ਨੂੰ ਆਪਣੀ ਸਮਰੱਥਾ ਦਰਸਾਉਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਉਸ ਕੋਲ ਜੋ ਆਪਣੇ ਆਰਾਮ ਦਾ ਸਮਾਂ ਹੈ ਉਸੇ ਦੀ ਵਰਤੋਂ ਕਰਕੇ ਉਹ ਸਾਹਿਤ ਸਿਰਜਣਾ ਕਰ ਸਕਦੀ ਹੈ। ਸਾਡਾ ਸਮਾਜਿਕ ਢਾਂਚਾ ਸਤੀ ਸਵਿੱਤਰੀ ਇਸਤਰੀ ਦੀ ਲੋਚਾ ਕਰਦਾ ਹੈ। ਕਹਾਣੀਕਾਰ ਨਾਰੀ ਜੇ ਕੋਈ ਅਸ਼ਲੀਲ ਕਹਾਣੀ ਲਿਖਦੀ ਹੈ ਤਾਂ ਉਸ ਦੇ ਮੂੰਹ ਤੇ ਬਹੁਤ ਤਾਰੀਫਾਂ ਕੀਤੀਆਂ ਜਾਂਦੀਆਂ ਹਨ ਤੇ ਉਸ ਦੀ ਪਿੱਠ ਪਿੱਛੇ ਉਸ ਦੀ ਸਾਹਿਤਕ ਕਲਾ ਨੂੰ ਪਿੱਛੇ ਰੱਖ ਦਿੱਤਾ ਜਾਂਦਾ ਹੈ ਪਰ ਉਸ ਦੀ ਅਸ਼ਲੀਲ (ਸੱਚ ਦੇ ਨੇੜੇ ਜਾਂ ਸੱਚ) ਰਚਨਾ ਨੂੰ ਜਿਆਦਾ ਅਹਿਮੀਅਤ ਦਿੱਤੀ ਜਾਂਦੀ ਹੈ। ਨਾਰੀ ਕਹਾਣੀਕਾਰ ਲਈ ਸਾਹਿਤ ਦਾ ਖੇਤਰ ਖੰਡੇ ਦੀ ਧਾਰ 'ਤੇ ਤੁਰਨ ਦੇ ਬਰਾਬਰ ਹੈ।

**6. ਹਾਂ** ਜੀ ਮੈਨੂੰ ਕਹਾਣੀਕਾਰ ਦੇ ਤੌਰ ਤੇ ਮਾਨਤਾ ਪ੍ਰਾਪਤ ਹੈ। ਮੈਂ ਕਿਸੇ ਦਾ ਸਹਾਰਾ ਨਹੀਂ ਲਿਆ। ਮੈਂ ਸਾਹਿਤ ਖੇਤਰ ਵਿਚ ਬਹੁਤ ਵਰ੍ਹੇ ਮਿਹਨਤ ਕੀਤੀ ਹੈ। ਬੇਸ਼ੱਕ 2020 ਵਿਚ ਜਾ ਕੇ ਮੇਰਾ ਪਹਿਲਾਂ ਕਹਾਣੀ ਸੰਗੀਹਿ 'ਮੈਂ ਗੌਤਮ ਨਹੀਂ ਹਾਂ' ਪ੍ਰਕਾਸ਼ਿਤ ਹੋਇਆ ਹੈ। ਇਸ ਸੰਗ੍ਰਹਿ ਦੀਆਂ ਕੁੱਝ ਇਕ ਨੂੰ ਛੱਡ ਕੇ ਸਾਰੀਆਂ ਕਹਾਣੀਆਂ ਪਹਿਲਾਂ ਹੀ ਛਪ ਚੁੱਕੀਆਂ ਹਨ ਤੇ ਪਾਠਕਾਂ ਨੇ ਭਰਪੂਰ ਹੁੰਗਾਰਾ ਦਿੱਤਾ ਹੈ। ਕੁੱਝ ਹੀ ਕਹਾਣੀਆਂ ਅਣਛਪੀਆਂ ਹਨ, ਬਾਕੀ ਕਹਾਣੀਆਂ 2004 ਤੋਂ ਵੱਖ ਵੱਖ ਅਖਬਾਰਾਂ ਰਸਾਲਿਆਂ ਵਿਚ ਛਪਦੀਆਂ ਰਹੀਆਂ ਹਨ। ਮੇਰੀਆਂ ਕਹਾਣੀਆਂ ਉੱਤੇ ਸਾਂਝੇ ਰੂਪ ਵਿਚ ਦੋ ਯੂਨੀਵਰਸਿਟੀਆਂ ਵਿਚ ਪੀਐੱਚ. ਡੀ ਹੋ ਚੁੱਕੀ ਹੈ। ਗੁਰੂ ਕਾਂਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ (ਨਿੰਦਰਪਾਲ ਕੌਰ:ਪੰਜਾਬੀ ਕਹਾਣੀ ਵਿਚ ਨਾਰੀ ਸੰਵੇਦਨਾ: ਵਸਤੂ ਵਿਧੀ ਅਤੇ ਵਿਚਾਰਧਾਰਾ (ਇਸਤਰੀ ਕਹਾਣੀਕਾਰਾ ਦੇ ਪ੍ਰਸੰਗ ਵਿਚ) 2019) ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ (ਹਰਪ੍ਰੀਤ ਸਿੰਘ ਰਾਣਾ) ਦੋ ਖੋਜਾਰਥੀਆਂ ਨੇ ਆਪਣੇ ਖੋਜ ਕਾਰਜ ਦੌਰਾਨ ਮੇਰੀਆਂ ਕਹਾਣੀਆਂ ਨੂੰ ਚੁਣਿਆ ਹੈ।

ਸਾਹਿਤਕਾਰ ਆਪਣੀ ਮਿਹਨਤ ਨਾਲ ਹੀ ਸਫਲ ਹੋ ਸਕਦਾ ਹੈ, ਕਿਸੇ ਦੇ ਸਹਾਰੇ ਪ੍ਰਾਪਤ ਕੀਤਾ ਗਿਆ ਕੋਈ ਵੀ ਮੁਕਾਮ ਬਹੁਤ ਹੀ ਥੋੜ੍ਹ ਚਿਰ੍ਹਾ ਹੁੰਦਾ ਹੈ। ਸੋ ਮੈਨੂੰ ਕਿਸੇ ਗੋਡ ਫਾਦਰ ਦੀ ਲੋੜ ਨਹੀਂ ਪਈ। ਮੈਨੂੰ ਜੇ ਕੋਈ ਜਾਣਦਾ ਹੈ ਤਾਂ ਉਹ ਮੇਰੀ ਆਪਣੀ ਮਿਹਨਤ ਦਾ ਨਤੀਜਾ ਹੈ।

ਮੈਨੂੰ ਵੱਖਰਤਾ ਪਸੰਦ ਹੈ। ਮੈਂ ਜੋ ਵੀ ਲਿਖਿਆ ਆਪਣੇ ਤਰੀਕੇ ਨਾਲ ਹੀ ਲਿਖਿਆ ਹੈ। ਮੇਰੀ ਸ਼ੈਲੀ ਆਪਣੀ ਹੈ ਸਰਲ ਸਪੱਸ਼ਟ ਤੇ ਸਾਦੀ। ਮੇਰੀਆਂ ਕਹਾਣੀਆਂ ਬਣਤਰ ਪੱਖੋਂ ਗੁੰਝਲਦਾਰ ਨਹੀਂ ਹਨ, ਮੈਂ ਆਮ ਪਾਠਕਾਂ ਦੀ ਸਮਝ ਵਿਚ ਆਉਣ ਵਾਲੀਆਂ ਕਹਾਣੀਆਂ ਦੀ ਹੀ ਸਿਰਜਣਾ ਕਰਦੀ ਹਾਂ। ਮੈਂ ਸਧਾਰਣ ਪਾਠਕਾਂ ਲਈ ਕਹਾਣੀਆਂ ਦੇ ਵਿਸ਼ਿਆਂ ਦੀ ਚੋਣ ਕਰਦੀ ਹਾਂ। ਇਹਨਾਂ ਕਹਾਣੀਆਂ ਦੇ ਪਾਤਰ ਵੀ ਸਧਾਰਣ ਹੁੰਦੇ ਹਨ। ਮੈਂ ਇਹ ਸਮਝਦੀ ਹਾਂ ਕਿ ਮੈਂ ਬਹੁਤੀਆਂ ਕਹਾਣੀਆਂ ਵਿਚ ਤਜਰਬੇ ਵੀ ਕੀਤੇ ਹਨ। ਤ੍ਰਿਪਤਾ ਕੇ. ਸਿੰਘ ਹੋਵੇ ਜਾਂ ਅਰਵਿੰਦਰ ਕੌਰ ਧਾਲੀਵਾਲ ਜਾ ਨਰਿੰਦਰ ਕੌਰ ਭੱਚੂ ਇਹਨਾਂ ਦੀ ਕਿਸੇ ਵੀ ਕਹਾਣੀ ਨਾਲ ਮੇਰੀ ਲਿਖੀ ਕਹਾਣੀ ਮੇਲ ਨਹੀਂ ਖਾਦੀ। ਮੈਂ ਵਿਸ਼ਿਆਂ ਅਤੇ ਨਿਭਾਅ ਪੱਖੋਂ ਨਵੇਂ ਤਜਰਬੇ ਕਰ ਰਹੀ ਹਾਂ ਮੇਰੀਆਂ ਬਹੁਤੀਆਂ ਕਹਾਣੀਆਂ ਕਿਸੇ ਦੂਜੀ ਨਾਲ ਮੇਲ ਵੀ ਨਹੀਂ ਖਾਦੀਆਂ। ਟੀਨੇਏਜ਼ ਕੁੜੀਆਂ / ਮੁੰਡਿਆਂ ਦੀ ਮਾਨਸਿਕਤਾ ਨੂੰ ਮੈਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਔਰਤ ਨੂੰ ਸਮੇਂ ਦੇ ਮੁਤਾਬਕ ਸਮਾਜਕ ਕਦਰਾਂ ਕੀਮਤਾਂ ਤੋਂ ਨਾਬਰ ਹੁੰਦਿਆਂ ਦਿਖਾਇਆ ਹੈ, ਔਰਤ ਨੂੰ ਸੰਘਰਸ਼ ਕਰਦਿਆ ਦਿਖਾਇਆ ਹੈ। 'ਹਲਕਾਅ' ਕਹਾਣੀ ਵਿਚ ਮੈਂ ਮਨੁੱਖ ਦੀ ਮਾਨਸਿਕਤਾ ਨੂੰ ਪੇਸ਼ ਕਰਨ ਲਈ ਕੁੱਤੇ ਦਾ ਚਿੰਨ੍ਹ



ਵਰਤਿਆ ਹੈ।1947 ਦੀ ਵੰਡ ਵੇਲੇ ਹਿੰਦੂ ਮੁਸਲਿਮ ਤੇ ਸਿੱਖ ਪਾਤਰਾਂ ਦੀਆਂ ਧੀਆਂ ਭੈਣਾਂ ਦੇ ਕਤਲ ਹੋਏ ਬਲਾਤਕਾਰ ਹੋਏ। ਮੈਂ ਸਿੱਖ ਧਰਮ ਵਿਚ ਬੇਸ਼ੱਕ ਜਨਮ ਲਿਆ ਹੈ ਪਰ ਇਸ ਕਹਾਣੀ ਵਿਚ ਮੈਂ ਆਪਣੀ ਹਮਦਰਦੀ ਹਬੀਬ ਰਾਣੇ ਅਤੇ ਮੁਸਲਿਮ ਪਾਤਰਾਂ ਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨਾਲ ਨਿਭਾਈ ਹੈ। ਮੈਂ ਅਸਲ ਵਿਚ ਮਾਨਵਤਾਵਾਦੀ ਹਾਂ। ਮੇਰੀਆਂ ਕਹਾਣੀਆਂ ਵਿਚ ਪ੍ਰਮੁੱਖਤਾ ਇਨਸਾਨੀਅਤ ਲਈ ਹੈ। ਮੈਂ ਆਪਣੀਆਂ ਕਹਾਣੀਆਂ ਵਿਚ ਆਦਰਸ਼ਵਾਦ,ਯਥਾਰਥਵਾਦ, ਮਾਨਵਤਾਵਾਦ ਅਤੇ ਮਨੋਵਿਗਿਆਨ ਨੂੰ ਪਹਿਲ ਦਿੰਦੀ ਹਾਂ।

ਮੇਰੀ ਹਰੇਕ ਕਹਾਣੀ ਵਿਚ ਕੁੱਝ ਵੱਖਰਾ ਹੀ ਹੁੰਦਾ ਹੈ ਚਾਹੇ ਉਹ ਸ਼ੈਲੀ ਹੈ ਜਾ ਵਿਸ਼ਾ ਹੈ।ਮੇਰੀ ਹਰੇਕ ਕਹਾਣੀ ਸਮੇਂ ਅਤੇ ਹਾਲਾਤਾਂ ਅਨੁਸਾਰ ਵੱਖਰੇਪਨ ਦਾ ਅਹਿਸਾਸ ਕਰਵਾਉਂਦੀ ਹੈ।ਮੈਂ ਕੁੱਝ ਵੱਖਰਾ ਕਰਨਾ ਚਾਹੁੰਦੀ ਹਾਂ।ਮੁਹਾਵਰੇ ਮੈਂ ਬਹੁਤ ਵਰਤਦੀ ਹਾਂ ਕਾਵਿ ਟੂਕਾਂ ਦਾ ਪ੍ਰਯੋਗ ਕਰਦੀ ਹਾਂ।

ਮੇਰੀਆਂ ਕਹਾਣੀਆਂ ਵਿਚ ਮਰਦ ਔਰਤ ਦਾ ਮਸਲਾ ਨਹੀਂ ਹੈ। ਮੈਂ ਆਪਣੀਆਂ ਕਹਾਣੀਆਂ ਵਿਚ ਸਮਾਜਿਕ ਮੁੱਦਿਆਂ ਨੂੰ ਪਹਿਲ ਦਿੰਦੀ ਹਾਂ। ਇਹਨਾਂ ਮਸਲਿਆਂ ਵਿਚ ਔਰਤ ਮਰਦ ਦੋਵੇਂ ਸ਼ਾਮਿਲ ਹੁੰਦੇ ਹਨ। ਹਲਕਾਅ, ਮੈਂ ਗੌਤਮ ਨਹੀਂ ਹਾਂ, ਕਠਪੁਤਲੀ, ਕਲਕੱਤੇ ਵਾਲੀ ਚੁੰਨੀ, ਰੌਣਕਾਂ ਉੱਡ ਗਈਆਂ, ਮੈਂ ਨਹੀਂ ਤੂੰ ਹੀ ਤੂੰ, ਪਾਸਵਰਡ, ਚੁੱਪ ਦੀ ਆਵਾਜ਼ ਇਹ ਸਾਰੀਆਂ ਕਹਾਣੀਆਂ ਮਰਦ ਪਾਤਰਾਂ ਦੁਆਲੇ ਹੀ ਘੁੰਮਦੀਆਂ ਹਨ। ਮੈਂ ਨਾਰੀਵਾਦੀ ਕਹਾਣੀਕਾਰਾ ਨਹੀਂ ਹਾਂ। ਸਾਂਝੇ ਪਾਤਰਾਂ ਦੀ ਪੈਰਵੀ ਮੇਰੀਆਂ ਕਹਾਣੀਆਂ ਕਰਦੀਆਂ ਹਨ। ਕਲਕੱਤੇ ਵਾਲੀ ਚੁੰਨੀ ਕਹਾਣੀ ਦਾ ਪਾਤਰ ਤਾਇਆ ਜੋ ਆਪਣੇ ਆਪ ਨੂੰ ਅੰਕਲ ਕਹਾ ਕੇ ਖੁਸ਼ ਹੈ। ਉਸ ਦੀ ਅੰਤਰ ਸੰਵੇਦਨਾ , ਮਨੋਵੇਗਾਂ ਨੂੰ ਮੈਂ ਪਕੜਿਆ ਹੈ ਕਿਵੇਂ ਉਹ ਔਰਤ ਦੇ ਸਾਥ ਲਈ ਤੜਫਦਾ ਤੜਫਦਾ ਮਰ ਗਿਆ। ਇਸੇ ਤਰ੍ਹਾਂ ਰੰਘੜ ਕਹਾਣੀ ਵਿਚ ਵੀ ਇਕ ਪਰਿਵਾਰ ਦੇ ਤਿੰਨ ਮਰਦ ਪਾਤਰ ਹੀ ਆਏ ਹਨ। ਉਹਨਾਂ ਦਾ ਸੰਬੰਧ ਰਸਤੇ ਤੋਂ ਭਟਕ ਚੁੱਕੇ ਪਾਤਰਾਂ ਨਾਲ ਜੁੜਦਾ ਹੈ, ਜਿਹੜੇ ਕਰਾਇਮ ਨਾਲ ਜੁੜੇ ਹੋਏ ਹਨ। ਇਹਨਾਂ ਪਾਤਰਾਂ ਨੂੰ ਮੈਂ ਆਪਣੇ ਆਲੇ ਦੁਆਲੇ ਵਿਚਰਦਿਆਂ ਵੇਖਿਆ ਹੈ। ਕਮਰੀਆਂ ਲਾਲੀਪੋਪ ਲਾਗੇਲੂ ਮਰਦ ਪ੍ਰਧਾਨ ਕਹਾਣੀ ਹੈ। ਮੈਂ ਸਾਰੇ ਮਰਦ ਔਰਤ ਪਾਤਰਾਂ ਨੂੰ ਆਪਣੇ ਸਮਾਜਕ ਦਾਇਰੇ ਵਿਚੋਂ ਹੀ ਤਰਾਸ਼ਿਆ ਹੈ ।

ਮੇਰੇ ਹਿੱਸੇ ਦੀ ਮਿੱਟੀ ਕਹਾਣੀ ਵੀ ਮਰਦ ਪ੍ਰਧਾਨ ਕਹਾਣੀ ਹੈ। ਪਾਤਰ ਮੇਰੇ ਸਾਹਮਣੇ ਹਨ ਉਹਨਾਂ ਦੀ ਮਾਨਸਿਕਤਾ ਨੂੰ ਮੈਂ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਮੇਰੀਆਂ ਕਹਾਣੀਆਂ ਔਰਤ ਮਰਦ ਨੂੰ ਬਰਾਬਰ ਹੀ ਚਿੱਤਰ ਰਹੀਆਂ ਹਨ।

**ਸ਼ੋਸ਼ਣ** ਇਕੱਲਾ ਮਰਦ ਹੀ ਨਹੀਂ ਕਰਦਾ ਔਰਤ ਵੀ ਕਰਦੀ ਹੈ। ਜਦੋਂ ਸ਼ੋਸ਼ਣ ਦੀ ਗੱਲ ਆਉਂਦੀ ਹੈ ,ਉਸ ਸਮੇਂ ਦੋ ਧਿਰਾਂ ਹੁੰਦੀਆਂ ਹਨ, ਜਿਹੜੀ ਧਿਰ ਭਾਰੂ ਹੈ ਉਹ ਕੰਮਜੋਰ ਦਾ ਸ਼ੋਸ਼ਣ ਕਰੇਗੀ। ਸ਼ੋਸ਼ਣ ਤੋਂ ਭਾਵ ਇਕੱਲੇ ਸਰੀਰਕ ਸੋਸ਼ਣ ਤੋਂ ਨਹੀਂ ਲਿਆ ਜਾ ਸਕਦਾ। ਇਹ ਸਰੀਰਕ, ਮਾਨਸਿਕ, ਆਰਥਿਕ ਕਿਸੇ ਵੀ ਰੂਪ ਦਾ ਹੋ ਸਕਦਾ ਹੈ। 'ਹਲਕਾਅ' ਕਹਾਣੀ ਵਿਚ ਮਰਦਾਂ ਦੁਆਰਾ ਸ਼ੋਸ਼ਣ ਹੋ ਰਿਹਾ ਹੈ ਮਰਦਾਂ ਦਾ ਤੇ ਔਰਤਾਂ ਦਾ।

ਬਾਪੂ ਦਾ ਇੰਜੀਨੀਅਰ ਪੁੱਤ,ਮੈਂ ਗੌਤਮ ਨਹੀਂ ਹਾਂ, ਕਠਪੁਤਲੀ ਇਹ ਕਹਾਣੀਆਂ ਵੀ ਸੋਸ਼ਣ ਨੂੰ ਪੇਸ਼ ਕਰਦੀਆਂ ਹਨ। ਇੱਥੇ ਸਿੱਖਿਆਤੰਤਰ ਦੇ ਪਾਜ ਉਘੇੜੇ ਗਏ ਹਨ। ਇਹ ਸ਼ੋਸ਼ਣ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦਾ। ਜੇ ਮਰਦ ਦੁਆਰਾ ਔਰਤ ਦੇ ਸ਼ੋਸ਼ਣ ਦੀ ਗੱਲ ਕਰੀਏ ਤਾਂ ਮਰਦ ਔਰਤ ਨੂੰ ਸੁਤੰਤਰ ਵਿਚਰਨ ਦੀ ਖੁੱਲ ਨਹੀਂ ਦਿੰਦਾ। ਲੁਪਤ ਰੂਪ ਵਿਚ ਮਰਦ ਔਰਤ ਦਾ ਸ਼ੋਸ਼ਣ ਕਰਦਾ ਹੈ।

'ਚੁੱਪ ਦੀ ਆਵਾਜ਼' ਕਹਾਣੀ ਵਿਚ ਗੂੰਗੀ ਔਰਤ 'ਤੇ ਤਰਸ ਕਰਕੇ ਭਾਵੇਂ ਵਿਆਹ ਕਰਵਾ ਲਿਆ ਜਾਂਦਾ ਹੈ। ਪਰ ਅਖੀਰ ਪਤਨੀ ਨਮਰਦ ਪਤੀ ਨੂੰ ਛੱਡ ਕੇ ਚਲੀ ਜਾਂਦੀ ਹੈ। 'ਸੁਪਨਿਆਂ ਵਾਲਾ ਕੰਬਲ' ਕਹਾਣੀ ਵਿਚ ਤਾਂ ਮਰਦ ਪਾਤਰ ਅੰਕਲ ਹਰ ਹੀਲਾ ਅਪਣਾਉਣਾ ਚਾਹੁੰਦਾ ਹੈ ਆਪਣੀ ਧੀ ਦੇ ਬਰਾਬਰ

ਕੁੜੀ ਨੂੰ ਪਾਉਣ ਦੀ ਖਾਤਰ। ਪਰ ਕੁੜੀ ਆਪਣੀ ਸਮਝਦਾਰੀ ਨਾਲ ਸਹੇਲੀ ਦੇ ਦਿਓਰ ਤੋਂ ਆਪਣਾ ਬਚਾ ਕਰਦੀ ਹੈ, ਫਿਰ ਅੰਕਲ ਤੋਂ। 'ਬੰਦਾ ਗੈਰਹਾਜ਼ਰ ਨਹੀਂ' ਕਹਾਣੀ ਦਾ ਤਾਇਆ ਪਾਤਰ ਕੁੜੀਆਂ ਦੇ ਘਰ ਹਰ ਰੋਜ਼ ਗੇੜੀ ਇਸੇ ਮਨਸ਼ਾ ਨਾਲ ਮਾਰ ਰਿਹਾ ਹੈ। ਸਿਸਟਮ ਦੇ ਵਿਚ ਆਈ ਗਿਰਾਵਟ ਨੂੰ ਮੈਂ ਆਪਣੀਆਂ ਕਹਾਣੀਆਂ ਵਿਚ ਫੜ੍ਹਨ ਦੀ ਕੋਸ਼ਿਸ਼ ਕੀਤੀ ਹੈ।

ਕੁੱਝ ਕਹਾਣੀਆਂ ਵਿਚ ਔਰਤਾਂ ਵੀ ਔਰਤਾਂ ਦਾ ਸ਼ੋਸ਼ਣ ਕਰਦੀਆਂ ਹਨ। ਜਿਵੇਂ 'ਕਾਲਾ ਘੱਗਰਾ' ਕਹਾਣੀ ਦੀ ਤਾਈ ਦਾ ਜੋ ਚਰਿੱਤਰ ਉੱਘੜਦਾ ਹੈ, ਉਸ ਲਈ ਪਹਿਲਾਂ ਤਾਂ ਉਸ ਦਾ ਪਤੀ ਜਿੰਮੇਵਾਰ ਹੈ, ਫਿਰ ਉਸ ਦੀ ਸ਼ੋਂਕਣ ਜਿੰਮੇਵਾਰ ਹੈ ਜਿਹਦੇ ਕਰਕੇ ਸਾਰਾ ਪਰਿਵਾਰ ਉਸ ਨਾਲ ਨਫ਼ਰਤ ਕਰਦਾ ਹੈ।

'ਮੈਂ ਨਹੀਂ ਤੂੰ ਹੀ ਤੂੰ' ਕਹਾਣੀ ਵਿਚ ਪ੍ਰੇਮ ਵਿਆਹ ਅਤੇ ਅੰਤਰਜਾਤੀ ਵਿਆਹ ਤੇ ਉੱਚੀ ਨੀਵੀਂ ਜਾਤ ਦਾ ਮਸਲਾ ਲਿਆ ਹੈ। ਦੋਵੇਂ ਪਤੀ-ਪਤਨੀ ਤਾਂ ਖੁਸ਼ ਹਨ। ਪਰ ਪਰਿਵਾਰ ਵਿਚ ਅਸ਼ਾਤ ਮਾਹੌਲ ਦਾ ਕਾਰਣ ਮੁੰਡੇ ਦੀ ਮਾਂ ਹੈ ਜਿਹੜੀ ਸਭ ਕੁੱਝ ਵਾਪਰਨ ਦਾ ਦੋਸ਼ ਆਪਣੀ ਨੂੰਹ ਦੇ ਸਿਰ ਮੜ੍ਹਦੀ ਹੈ। ਪਤੀ ਪਤਨੀ ਇਕੱਠੇ ਰਹਿ ਕੇ ਵੀ ਅੰਦਰੋਂ ਖੁਸ਼ ਨਹੀਂ ਹਨ ਕਿਉਂਕਿ ਮਾਂ ਨੂੰ ਲੱਗਦਾ ਹੈ ਕਿ ਉਸ ਦਾ ਪੁੱਤਰ ਨੂੰਹ ਨੇ ਕਾਬੂ ਕਰ ਲਿਆ ਹੈ।

**'ਮੈਂ ਗੌਤਮ ਨਹੀਂ ਹਾਂ'** ਕਹਾਣੀ ਸੰਗ੍ਰਹਿ ਤੋਂ ਇਲਾਵਾ ਮੈਂ ਕੁੱਝ ਹੋਰ ਕਹਾਣੀਆਂ ਲਿਖੀਆ ਹਨ। 'ਕਮਰੀਆ ਲਾਲੀਪੋਪ ਲਾਗੇਲੂ' ਕਹਾਣੀ ਵਿਚ ਸ਼ੋਸ਼ਣ ਹੋਰ ਹੀ ਕਿਸਮ ਦਾ ਹੈ ਇਹ ਕਹਾਣੀ ਪੰਜਾਬ ਦੇ ਪ੍ਰਵਾਸੀ ਮਜਦੂਰਾਂ ਕਰਕੇ ਬਦਲ ਰਹੇ ਪੰਜਾਬ ਦੇ ਸਮੀਕਰਣ , ਪੰਜਾਬ ਵਿਚ ਪ੍ਰਵਾਸੀ ਮਜਦੂਰਾਂ ਦੇ ਆਉਣ ਨਾਲ ਇਕ ਤੀਜੀ ਧਿਰ ਨੂੰ ਉਭਾਰ ਰਹੀ ਕਹਾਣੀ ਹੈ।

ਪੰਜਾਬੀ ਹੱਥੀ ਕੰਮ ਕਰਨ ਤੋਂ ਭੱਜ ਰਹੇ ਹਨ, ਇਸ ਦੇ ਉਲਟ ਸਾਰੇ ਛੋਟੇ ਮੋਟੇ ਕੰਮ ਧੰਦੇ ਉਹਨਾਂ ਦੇ (ਪ੍ਰਵਾਸੀ ਮਜਦੂਰਾਂ ) ਹੱਥਾਂ ਵਿਚ ਜਾ ਰਹੇ ਹਨ। ਇਹ ਤੀਜੀ ਧਿਰ ਆਉਣ ਵਾਲੇ ਸਮੇਂ ਵਿਚ ਪੰਜਾਬੀਆਂ ਦਾ ਸ਼ੋਸ਼ਣ ਕਰੇਗੀ, ਹੁਣ ਵੀ ਰਾਜਨੀਤੀ ਨੂੰ ਪ੍ਰਭਾਵਿਤ ਕਰ ਰਹੀ ਹੈ। ਇਹ ਇਕ ਵੱਖਰੀ ਕਿਸਮ ਦਾ ਸ਼ੋਸ਼ਣ ਮੈਂ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ।

ਮੈਂ ਸਮਝਦੀ ਹਾਂ ਕਿ ਜਦੋਂ ਮੈਂ ਕਹਾਣੀ ਲਿਖਣੀ ਸ਼ੁਰੂ ਕੀਤੀ ਤੇ ਹੁਣ ਜੋ ਕਹਾਣੀ ਲਿਖ ਰਹੀ ਹਾਂ ਉਸ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਇਹਨਾਂ ਕਹਾਣੀਆਂ ਵਿਚ ਮੈਂ ਆਪ ਨਾ ਲਾਈਆਂ ਵੇ, ਕਮਰੀਆਂ ਲਾਲੀਪੋਪ ਲਾਗੇਲੂ ਅਤੇ ਇਕ ਨਵੇਂ ਵਿਸ਼ੇ ਤੇ ਮੈਂ ਕੰਮ ਕਰ ਰਹੀ ਹਾਂ ਕਹਾਣੀਆਂ ਲਈਆਂ ਜਾ ਸਕਦੀਆਂ ਹਨ। 6-7 ਕਹਾਣੀਆਂ ਬਿਲਕੁਲ ਨਵੀਆਂ ਅਤੇ ਨਵੇਂ ਸ਼ੋਸ਼ਣ ਨੂੰ ਪੇਸ਼ ਕਰ ਰਹੀਆਂ ਹਨ।

ਮੈਂ ਆਪਣੀਆਂ ਕਹਾਣੀਆਂ ਔਰਤ ਮਰਦ ਦੇ ਸੰਬੰਧਾਂ ਨੂੰ ਕੇਂਦਰ ਵਿਚ ਰੱਖ ਕੇ ਉਸਾਰ ਰਹੀ ਹਾਂ। ਪਤੀ-ਪਤਨੀ ਸੰਬੰਧ, ਪ੍ਰੇਮੀ ਪ੍ਰੇਮਿਕਾ ਸੰਬੰਧ, ਔਰਤ ਮਰਦ ਦੇ ਅਨੈਤਿਕ ਸੰਬੰਧ, ਵਿਆਹ ਬਾਹਰੇ ਸੰਬੰਧ ਇਹਨਾਂ ਸਭਨਾਂ ਸੰਬੰਧਾਂ ਨੂੰ ਮੈਂ ਆਪਣੀਆਂ ਕਹਾਣੀਆਂ ਦਾ ਅਤੇ ਹਰੇਕ ਰਿਸ਼ਤੇ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਨ ਦਾ ਯਤਨ ਕਰ ਰਹੀ ਹਾਂ। ਮੈਂ ਕਹਾਣੀਆਂ ਦੇ ਵਿਸ਼ੇ ਚੁਣਨ ਵੇਲੇ ਕਦੇ ਵੀ ਪਰਿਵਾਰ ਜਾ ਸਮਾਜ ਤੋਂ ਨਹੀਂ ਡਰਦੀ। ਕਿਉਂਕਿ ਜੋ ਕਹਾਣੀਆਂ ਵਿਚ ਪੇਸ਼ ਕੀਤਾ ਜਾ ਰਿਹਾ ਹੈ ਉਹ ਸਮਾਜ ਵਿਚ ਵਾਪਰ ਰਿਹਾ ਹੈ। ਸਾਰੇ ਵਿਸ਼ੇ ਸਮਾਜ ਦੇ ਹੀ ਹਿੱਸੇ ਹਨ। ਹੜੰਬਾ, ਚਾਚੀ ਰੁੱਸ ਗਈ ਲੱਗਦੀ ਹੈ (ਭਾਗ ਇਕ ਦੋ), ਮੈਂ ਆਪ ਨਾ ਲਾਈਆਂ ਵੇ,ਧੋਖਾ, ਰੰਘੜ ਅਜਿਹੀਆਂ ਹੀ ਕਹਾਣੀਆਂ ਹਨ ਜਿਹੜੀਆਂ ਅਨੈਤਿਕਤਾ ਨੂੰ ਪੇਸ਼ ਕਰਦੀਆਂ ਹਨ। ਮੈਂ ਉਹੀ ਲਿਖਣ ਨੂੰ ਪਹਿਲ ਦਿੰਦੀ ਹਾਂ ਜੋ ਸਮਾਜ ਦਾ ਹਿੱਸਾ ਹੈ ਤੇ ਮੇਰੀਆਂ ਕਹਾਣੀਆਂ ਤੋਂ ਇਲਾਵਾ ਸਮਾਜ ਵਿਚ ਕਰੂਰ ਯਥਾਰਥ ਭਰਿਆ ਪਿਆ ਹੈ। ਜੋ ਅਜੇ ਮੈਂ ਆਉਣ ਵਾਲੇ ਸਮੇਂ ਵਿਚ ਨਿਡਰ ਹੋ ਕੇ ਲਿਖਣਾ ਹੈ। ਬਾਕੀ ਫੈਸਲਾ ਤਾਂ ਪਾਠਕਾਂ ਨੇ ਕਰਨਾ ਹੈ।

**ਸੰਪਰਕ-**94643-30803



## ਕਹਾਣੀ / ਵਸ਼ੀਕਰਣ /- ਦੀਪਤੀ ਬਬੂਟਾ

*(ਪਿਤਰੀ ਸੱਤਾ, ਮਾਤਰੀ ਸੱਤਾ ਨੂੰ ਕਿਵੇਂ ਆਤਮਸਾਤ ਕਰਦੀ ਹੈ, ਦੀਪਤੀ ਦੀ ਏਸ ਕਹਾਣੀ ਰਾਹੀ ਸਮਝਿਆ ਜਾ ਸਕਦਾ ਹੈ। ਕਹਾਣੀ ਦੀ ਮੁੱਖ ਪਾਤਰ ਨਾਰੀ ਅੰਦਰੋਂ ਤਾਂ ਅਭੀਜੀਤ ਨਾਲ ਜੁੜ ਜਾਂਦੀ ਹੈ ਪਰ ਪਿਤਰੀ ਸੱਤਾ ਉਹਨੂੰ ਤਹਿਸੀਲਦਾਰ ਨਾਲ ਜੋੜ ਦਿੰਦੀ ਹੈ। ਪਲ ਪਲ ਸਾਹਿਕ ਰਹੀ ਸੰਗੀਤਾ ਅੰਤ ਤੱਕ ਸਿਮਰ ਨਾਲ ਜੁੜੀ ਰਹਿੰਦੀ ਹੈ। ਪਲ ਪਲ ਪਿਆਰ ਅਨੁਭਵ ਦੇ ਤਰਸੇਵੇ ਨੂੰ ਭੋਗਦੀ ਹੈ। ਕਹਾਣੀ ਵਿਚ ਉਸ ਵੇਲੇ ਸੰਕਟ ਪੈਦਾ ਹੁੰਦਾ ਹੈ ਜਦੋਂ 'ਸੰਗੀਤਾ' ਦੀ ਪਛਾਣ ਗਵਾ ਚੁੱਕੀ ਨਾਰੀ ਦੀ ਪਛਾਣ ਉਸ ਨੂੰ ਚਹੁਣ ਵਾਲਾ ਉਸ ਦੀ ਪਛਾਣ 'ਤਹਿਸ਼ੀਲਦਾਰਨੀ' ਨਾਲ ਕਰਦਾ ਹੈ, ਜਿਹੜੀ ਪਛਾਣ ਉਸ ਨਾਰੀ ਦੇ ਪਤੀ ਕਰਕੇ ਬਣੀ ਹੁੰਦੀ ਹੈ। ਜਿਸ ਪਛਾਣ ਨੂੰ ਉਹ ਤਨੋ-ਮਨੋ ਲਹੁਣਾ ਚਾਹੁੰਦੀ ਹੈ। ਅਭੀਜੀਤ ਦੀ ਭੋਗੀ ਮਾਨਸਿਕਤਾ ਨੂੰ ਸਮਝ ਕੇ ਸੰਗੀਤਾ ਇਕ ਆਦਰਸ਼ ਨਾਰੀ ਵਜੋਂ ਉਭਰਦੀ ਹੈ।-ਸੰਪਾਦਕ)*

"ਚੱਲੀਏ ਜੀ...?" ਸੀਟ ਬੈੱਲਟ ਲਗਾਉਂਦਿਆਂ ਅਭੀਜੀਤ ਨੇ ਪੁੱਛਿਆ। ਚਾਸ਼ਨੀ ਜਿਹੇ ਬੋਲਾਂ ਨੇ ਝਰਨਾਹਟ ਛੇੜੀ।

"ਹਾਂਜੀ?" ਆਖਦਿਆਂ ਮੇਰਾ ਚਿਹਰਾ ਸੁਰਖ਼ ਹੋ ਗਿਆ। ਹੱਥਾਂ-ਪੈਰਾਂ ਦੀਆਂ ਤਲੀਆਂ 'ਚੋਂ ਸੇਕ ਨਿਕਲੇ। ਠੀਕ ਉਵੇਂ, ਜਿਵੇਂ ਕਈ ਸਾਲ ਪਹਿਲਾਂ ਉਸ ਦੀ ਪਹਿਲੀ ਤੱਕਣੀ ਭਾਂਬੜ ਬਣ ਮੱਚ ਉੱਠੀ ਸੀ ਮੇਰੇ ਅੰਦਰ।

ਕਿੰਨੇ ਸਾਲ ਬਾਦ ਮਿਲ ਰਹੇ ਸੀ ਅਸੀਂ। ਉਹ ਵੀ ਇਕੱਲੇ।

ਕੁਝ ਮਹੀਨੇ ਪਹਿਲਾਂ ਉਸ ਦਾ ਫ਼ੋਨ ਆਇਆ।

"ਹਾਂ ਜੀ, ਹੋਰ ਜੀ। ਕੀ ਹਾਲ-ਚਾਲ ਜੀ।" ਤੋਂ ਗੱਲ ਸ਼ੁਰੂ ਹੋਈ। ਫਿਰ ਜਦੋਂ ਵੀ ਗੱਲ ਹੁੰਦੀ ਇੱਕ ਵਾਰੀ ਰੌਂਅ ਫੜ ਲੈਂਦੀ ਤਾਂ ਮੁੱਕਣ 'ਚ ਨਾ ਆਉਂਦੀ। ਜਾਂ ਸ਼ਾਇਦ, ਅਸੀਂ ਮੁਕਾਉਣਾ ਹੀ ਨਾ ਚਾਹੁੰਦੇ।

"ਚੰਗਾ ਫਿਰ ਕਰਦਾਂ ਜੀ ਗੱਲ।" ਆਖ ਕੇ ਉਹ ਫ਼ੋਨ ਬੰਦ ਕਰ ਦਿੰਦਾ। ਜਾਂ ਫਿਰ ਮੈਨੂੰ ਪਰਿਵਾਰਕ ਜ਼ਿੰਮੇਵਾਰੀਆਂ ਨੂੜ ਲੈਂਦੀਆਂ ਤੇ ਮੈਂ, "ਜਲਦੀ ਫ਼ੋਨ ਕਰਾਂਗੀ।" ਆਖ ਕੇ ਫ਼ੋਨ ਬੰਦ ਕਰ ਦਿੰਦੀ।

ਫ਼ੋਨ ਬੰਦ ਹੋ ਜਾਂਦਾ। ਗੱਲ ਚੱਲਦੀ ਰਹਿੰਦੀ। ਨਿਰੰਤਰ...। ਆਉਂਦੇ ਜਾਂਦੇ ਸਾਹ ਨਾਲ, ਬਾਤਾਂ ਪਾਉਂਦੀ ਹੁੰਗਾਰੇ ਭਰਦੀ। ਅਵੱਲਾ ਜਿਹਾ ਸਰੂਰ ਸਰੀਰ ਨੂੰ ਤੋੜਾ-ਖੋਹੀ ਲਾਉਂਦਾ ਤੇ ਪੱਥਰ ਦਾ ਬੁੱਤ ਮੋਮ ਬਣ ਪਿਘਲ ਜਾਣ ਲਈ ਤਰਲੋ-ਮੱਛੀ ਹੋਣ ਲੱਗਦਾ।

ਫ਼ੋਨ ਦੀ ਰਿੰਗ ਹੋਈ। ਸਕ੍ਰੀਨ 'ਤੇ ਅਭੀਜੀਤ ਦਾ ਨਾਂ ਵੇਖ, ਅੰਦਰੋਂ ਕੁਝ ਖਿਸਕਿਆ।

'ਤੂੰ ਮੇਰਾ ਕੁਝ ਵੀ ਨਹੀਂ। ਫਿਰ ਕਿਉਂ, ਤੇਰਾ ਖ਼ਿਆਲ ਆਉਂਦੇ ਹੀ ਮੇਰੀ ਜ਼ਿੰਦਗੀ ਦੇ ਪੰਨੇ ਫੜਫੜਾਉਣ ਲੱਗਦੇ ਨੇ?' ਦਿਲ ਨੇ ਹੌਕਾ ਭਰਿਆ। ਕਾਲ ਰਿਸੀਵ ਕੀਤੀ। ਕੰਨਾਂ 'ਤੇ ਯਕੀਨ ਨਾ ਆਵੇ। ਉਹ ਕਹਿ ਰਿਹਾ ਸੀ,

"ਮੈਂ ਇੱਥੇ ਆਇਆ ਹੋਇਆਂ। ਸੈਮੀਨਾਰ ਹੈ ਮੇਰਾ। ਜੇ ਨਾਲ ਚੱਲੋ ਤਾਂ ਮੈਂ ਇਧਰੋਂ ਫ੍ਰੀ ਹੋ ਕੇ ਤੁਹਾਡੇ ਵੱਲ ਆ ਜਾਵਾਂਗਾ। ਆਪਣੇ ਸਕੂਲ ਹੈੱਡ ਮੈਡਮ ਸੀ ਨਾ, ਮੈਡਮ ਹਰਜਿੰਦਰ ਕੌਰ ਜੀ। ਤੁਹਾਡੀ ਜੁਆਇਨਿੰਗ ਵੇਲੇ। ਉਹ ਇੱਥੇ ਹੀ ਨੇ, ਤੁਹਾਡੇ ਪੱਥਰਾਂ ਦੇ ਸ਼ਹਿਰ ਵਿੱਚ ਫੁੱਲਾਂ ਵਾਂਗ ਮਹਿਕਦੇ। ਕਾਫ਼ੀ ਬਜ਼ੁਰਗ ਹੋ ਗਏ। ਤੁਰ-ਫਿਰ ਨਹੀਂ ਸਕਦੇ। ਜੇ ਠੀਕ ਸਮਝੋ ਤਾਂ ਆਪਾਂ ਚੱਲ ਵੜਾਂਗੇ। ਪਤਾ ਲੈ ਆਵਾਂਗੇ। ਸੱਚੀਆਂ ਰੂਹਾਂ ਨੂੰ ਮਿਲਣਾ ਵੀ ਤੀਰਥ ਕਰਨਾ ਹੀ ਹੁੰਦੈ...।"

ਉਸ ਦੇ ਬੋਲ ਮੇਰੇ ਲੂੰ-ਲੂੰ 'ਚ ਛਣਕਾਟੇ ਪਾਉਣ।

"ਕਿੰਨੇ ਵਜੇ ਚੱਲਣੈ?" ਹਾਮੀ ਭਰ, ਮੁਬਾਈਲ ਸੀਨੇ ਨਾਲ ਲਾਈ ਮੈਂ ਬਿਨਾਂ ਧੁੱਪ ਪਰਛਾਵਿਆਂ ਨਾਲ ਗੁੱਥਮ-ਗੁੱਥਾ ਹੋਣ ਲੱਗੀ।

***

ਨੌਕਰੀ ਦਾ ਪਹਿਲਾ ਦਿਨ।

ਸਕੂਲ ਪਹੁੰਚ, ਸਕੂਟੀ ਦਾ ਸਟੈਂਡ ਲਗਾਇਆ। ਸਕੂਟੀ ਦੇ ਸਾਈਡ ਮਿਰਰ ਵਿੱਚ ਵੇਖ ਮੂੰਹ-ਸਿਰ ਸੰਵਾਰ ਰਹੀ ਸੀ। ਨਜ਼ਰਾਂ ਆਪਣੇ ਚਿਹਰੇ ਤੋਂ ਹਟ ਸਕੂਲ ਵੱਲ ਵਧ ਰਹੇ ਸੋਹਣੀ ਡੀਲ-ਡੌਲ ਵਾਲੇ ਅਪ-ਟੂ-ਡੇਟ ਨੌਜਵਾਨ ਨੂੰ ਇੱਕ-ਟਕ ਤੱਕਣ ਲੱਗੀਆਂ। ਜਦੋਂ ਤੱਕ ਉਹ ਸ਼ੀਸ਼ੇ ਵਿੱਚੋਂ ਦਿਖਦਾ ਰਿਹਾ, ਪਲਕਾਂ ਝਪਕਣ ਤੋਂ ਇਨਕਾਰੀ ਹੋ ਗਈਆਂ।

ਉਹ ਸਕੂਲ ਗੇਟ ਅੰਦਰ ਦਾਖ਼ਲ ਹੋਇਆ। ਇੱਕ ਅਨਜਾਣੀ ਜਿਹੀ ਖ਼ੁਸ਼ਬੂ ਹਵਾ 'ਚ ਘੁਲ ਕੇ ਮੇਰੇ ਸਾਹਾਂ 'ਚ ਲਹਿੰਦੀ ਫੇਫੜਿਆਂ 'ਚ ਜਾ ਬੈਠੀ।

ਸਕੂਟੀ ਲਗਾ ਕੇ ਹੈੱਡ ਆਫ਼ਿਸ ਪਹੁੰਚੀ। ਸਕੂਲ ਮੁੱਖੀ ਦੀ ਚੇਅਰ ਖ਼ਾਲੀ। ਕਮਰੇ ਅੰਦਰ ਰੱਖੀਆਂ ਤਿੰਨ ਹੋਰ ਕੁਰਸੀਆਂ 'ਚੋਂ ਇੱਕ 'ਤੇ ਉਹੀ ਨੌਜਵਾਨ ਰਜਿਸਟਰ 'ਚ ਸਿਰ ਦਿੱਤੀ ਕੰਮ 'ਚ ਮਗਨ, ਜਿਵੇਂ ਮੁਨੀਮ ਵਹੀ-ਖਾਤੇ ਦਾ ਹਿਸਾਬ ਵਿਗਾੜ ਰਿਹਾ ਹੋਵੇ।

ਕਮਰਾ ਮਹਿਕਾਂ ਨਾਲ ਸਰਾਬੋਰ, ਜਿਵੇਂ ਇਤਰ-ਫੁਲੇਲਾਂ 'ਚ ਚੁੱਭੀਆਂ ਲਾ-ਲਾ ਨਹਾਤਾ ਹੋਵੇ। ਖ਼ਿਆਲ ਨੇ ਕਰਵਟ ਲਈ, 'ਮੁਨੀਮ ਨਹੀਂ, ਇਹ ਤਾਂ ਕੋਈ ਰਾਂਝਾ ਭੇਸ ਵਟਾ ਕੇ ਆਇਆ ਲੱਗਦੈ।'

ਕੈਸੀ ਖ਼ੁਸ਼ਬੂ ਸੀ! ਜੋ ਮੇਰੀ ਜੀਭ ਨੂੰ ਤਰ ਕਰਦੀ ਤੇ ਘੁੱਟ ਬਣ ਕੇ ਗਲੇ 'ਚੋਂ ਅੰਦਰ ਲੰਘ ਜਾਂਦੀ। ਜ਼ਿੰਦਗੀ ਦਾ ਇਹ ਪਹਿਲਾ ਅਹਿਸਾਸ ਮੈਨੂੰ ਮੇਰੇ 'ਚੋਂ ਖੋਹ ਕੇ ਪਤਾ ਨਹੀਂ ਕਿਹੜੇ ਅੰਬਰਾਂ ਦਾ ਹਾਣੀ ਬਣਾ ਤੁਰਿਆ।

ਆਪੇ ਨੂੰ ਸਮੇਟਦੀ ਮੈਂ ਬੋਲੀ, "ਗੁੱਡ ਮਾਰਨਿੰਗ ਸਰ।"

ਬਿਨਾਂ ਸਿਰ ਚੁੱਕਿਆਂ ਉਹ ਬੋਲਿਆ, "ਸਤਿ ਸ੍ਰੀ ਅਕਾਲ ਜੀ। ਹਾਂ ਜੀ ਦੱਸੋ ਜੀ?"

ਸਮਝ ਨਾ ਆਵੇ ਕੁਰਸੀ 'ਤੇ ਬੈਠ ਜਾਵਾਂ ਕਿ ਨਾ। ਮੈਂ ਖੜ੍ਹੇ-ਖੜ੍ਹੇ ਆਪਣੀ ਜਾਣ-ਪਛਾਣ ਕਰਵਾਉਣ ਲੱਗੀ, "ਜੀ ਸਰ, ਮੈਂ ਸੰਗੀਤਾ ਅਰੋੜਾ। ਅੱਜ ਜੁਆਇਨਿੰਗ...।"

ਮੈਂ ਅੜ-ਅੜ ਕੇ ਬੋਲ ਰਹੀ ਸੀ ਜਾਂ ਰੁਕ-ਰੁਕ ਕੇ ਪਤਾ ਨਹੀਂ। ਮੇਰੇ ਹੱਥ ਲਗਾਤਾਰ ਚੁੰਨੀ ਦੀ ਕੰਨੀ ਨੂੰ ਮਰੋੜਾ ਦੇ ਰਹੇ ਸਨ। ਰਜਿਸਟਰ ਬੰਦ ਕਰਕੇ ਉਸ ਨੇ ਨਿਗਾਹਾਂ ਮੇਰੇ ਵੱਲ ਸਿੱਧੀਆਂ ਕੀਤੀਆਂ। ਉਸ ਦੀ ਤੱਕਣੀ ਨੇ ਕਾਲਜਾ ਧੂਹ ਲਿਆ। ਚਿਹਰਾ ਸੂਹਾ ਲਾਲ। ਆਪਣੇ ਅੰਦਰ ਦਾ ਸੇਕ ਝੱਲਣਾ ਔਖਾ।

"ਜੀ ਮੈਡਮ ਜੀ, ਵੈਲਕਮ। ਮੁਬਾਰਕ ਜੀ। ਜੀ ਆਇਆਂ ਨੂੰ। ਮੈਂ ਮਾਸਟਰ ਅਭੀਜੀਤ। ਖੜ੍ਹੇ ਕਾਸ ਤੋਂ? ਬੈਠੋ, ਕਿ ਖੜ੍ਹੇ ਪਿੰਡੋਂ ਆਏ ਓ?" ਆਖ ਕੇ ਉਹ ਮੁਸਕਰਾਇਆ ਤੇ ਰਜਿਸਟਰ 'ਚ ਕੁਝ ਲਿਖਣ ਲੱਗਿਆ।

ਮੈਂ ਆਗਿਆਕਾਰੀ ਬੱਚੀ ਬਣ ਕੁਰਸੀ 'ਤੇ ਬੈਠ ਗਈ। ਉਹ ਆਪਣੇ ਕੰਮ 'ਚ ਰੁੱਝਿਆ ਰਿਹਾ।

"ਅਸਲ ਵਿੱਚ ਮੈਂ ਪੀ.ਸੀ.ਐਸ. ਦੀ ਤਿਆਰੀ ਕਰ ਰਹੀ ਹਾਂ। ਇਹ ਤਾਂ ਪ੍ਰਾਇਮਰੀ ਟੀਚਰ ਵਜੋਂ ਸਿਲੈਕਸ਼ਨ ਹੋ ਗਈ। ਡੈਡੀ ਜੀ ਦੇ ਕਹਿਣ 'ਤੇ ਫਾਰ ਦ ਟਾਈਮ-ਬੀਂਗ ਨੌਕਰੀ ਜੁਆਇਨ ਕਰ ਲਈ।"

ਬਿਨਾਂ ਜ਼ਰੂਰਤ ਪ੍ਰਭਾਵ ਪਾ ਕੇ ਮੈਂ ਪਤਾ ਨਹੀਂ ਕੀ ਸਿੱਧ ਕਰਨ ਲੱਗੀ ਸੀ?

ਅਭੀਜੀਤ ਕੁਝ ਨਹੀਂ ਬੋਲਿਆ। ਗੁੱਝਾ ਜਿਹਾ ਹੱਸਿਆ, ਤੇ ਮਿੱਠਾ-ਮਿੱਠਾ ਮੁਸਕਰਾਉਂਦਾ ਦੁਬਾਰਾ ਰਜਿਸਟਰ 'ਚ ਸਿਰ ਦੇ ਕਲਮ ਝਰੀਟਣ ਲੱਗਿਆ।

ਉਸ ਦੀ ਇਸ ਮੋਹਿਨੀ ਮੁਸਕਾਨ ਨੇ ਤਾਂ ਜਿਵੇਂ ਮੇਰੀ ਜਿੰਦ ਹੀ ਕੱਢ ਲਈ।

ਸਹਿਜ ਹੋਣ ਦੇ ਵਿਚਾਰ ਨਾਲ ਮੈਂ ਪੁੱਛਿਆ, "ਕਿੰਨੇ ਸੈਕਸ਼ਨ ਤੇ ਕਿੰਨੇ ਬੱਚੇ ਨੇ ਸਕੂਲ 'ਚ? ਕਲਾਸਾਂ ਕਦੋਂ ਸ਼ੁਰੂ ਕਰਨੀਆਂ ਤੇ ਪ੍ਰਾਰਥਨਾ...? ਵੈਸੇ ਇੱਕ ਗੱਲ ਦੱਸਾਂ, ਮੇਰਾ ਪ੍ਰੀ-ਲਿਮ ਟੈਸਟ...।" ਭੌਂ-ਝੌਂਅ ਕੇ



ਪਰਨਾਲਾ ਉੱਥੇ ਦਾ ਉੱਥੇ। ਬਿਨਾਂ ਸਿਰ ਚੁੱਕੇ ਅਭੀਜੀਤ ਨੇ ਅੱਖਾਂ ਉਤਾਂਹ ਚੁੱਕ ਮੇਰੇ ਵੱਲ ਵੇਖਿਆ। ਮੈਂ ਰਹਿੰਦਾ ਵਾਕ ਮੂੰਹ 'ਚ ਚੱਬਣ ਲੱਗੀ।

ਉਸ ਨੇ ਰਜਿਸਟਰ ਬੰਦ ਕਰਕੇ ਇੱਕ ਪਾਸੇ ਰੱਖਿਆ। ਪੈੱਨ 'ਤੇ ਕੈਪ ਚੜ੍ਹਾ ਕੇ ਜੇਬ 'ਚ ਪਾਇਆ। ਕੁਰਸੀ ਤੋਂ ਉੱਠਿਆ। ਕਮਰੇ ਦੀ ਨੁੱਕਰ 'ਚ ਪਏ ਵਾਟਰ ਕੂਲਰ 'ਚੋਂ ਪਾਣੀ ਦਾ ਗਿਲਾਸ ਭਰਿਆ ਤੇ ਮੇਰੇ ਅੱਗੇ ਰੱਖ, ਆਪਣੀ ਕੁਰਸੀ ਮੇਰੇ ਸਾਹਮਣੇ ਸਰਕਾਉਂਦਾ ਬੋਲਿਆ,

"ਜੀ ਅੱਜ ਤੁਹਾਡਾ ਨੌਕਰੀ ਦਾ ਪਹਿਲਾ ਦਿਨ ਹੈ। ਪੀ.ਸੀ.ਐਸ. ਅਫ਼ਸਰ ਦੀ ਕੁਰਸੀ ਤੋਂ ਉਤਰ ਕੇ ਉਸ ਰੁਤਬੇ ਨੂੰ ਸਲਾਮ ਕਰੋ, ਜੋ ਤੁਹਾਨੂੰ ਅੱਜ ਨਸੀਬ ਹੋਇਐ। ਅਧਿਆਪਕ ਕੋਲੋਂ ਪੜ੍ਹੇ ਬਗੈਰ ਕੌਣ ਏ ਜੋ ਪੀ.ਸੀ.ਐਸ. ਅਫ਼ਸਰ ਬਣਿਆ ਹੋਵੇ? ਦੱਸੋ ਫਿਰ, ਅਧਿਆਪਕ ਵੱਡਾ ਕਿ ਪੀ.ਸੀ.ਐਸ. ਅਫ਼ਸਰ?"

ਮੈਂ ਬਿਨਾਂ ਬੋਲੇ ਉਸ ਦੇ ਚਿਹਰੇ ਵੱਲ ਤੱਕਦੀ ਰਹੀ ਤੇ ਉਹ ਗੋਸ਼ਟ ਗਿਆਨ ਛੱਡ ਪਤਾ ਨਹੀਂ ਕਿਹੜਾ ਜੋਤਿਸ਼ ਗਿਆਨ ਰਿੜਕਣ ਲੱਗਿਆ।

"ਸੰਗੀਤਾ...। ਯਾਨੀ ਸੰਗੀਤ ਤੋਂ ਸੰਗੀਤਾ। ਇਹ ਦੱਸੋ ਤੁਹਾਡੇ ਮਾਤਾ, ਪਿਤਾ 'ਚੋਂ ਸੰਗੀਤ 'ਚ ਵਧੇਰੇ ਰੁਚੀ ਕਿਸ ਦੀ ਹੈ?"

"ਮੇਰੇ ਮੰਮੀ ਦੀ।" ਮੈਂ ਤਪਾਕ ਦੇਣੀ ਬੋਲੀ।

"ਓ.ਕੇ.। ਤਾਂ ਫਿਰ ਉਹ ਸੰਗੀਤਕਾਰ ਨੇ?"

"ਨਹੀਂ, ਹਾਊਸ ਵਾਈਫ਼ ਨੇ। ਕੰਮ ਕਰਦੇ ਕੜਛੀਆਂ-ਚਮਚ ਖੜਕਾਉਂਦੇ ਗੁਣਗੁਣਾਉਂਦੇ ਰਹਿੰਦੇ ਨੇ। ਕਈ ਵਾਰੀ ਤਾਂ ਸੁੱਤੇ ਪਏ ਵੀ ਅਲਾਪ ਲੈ ਰਹੇ ਹੁੰਦੇ ਆ।" ਮੈਂ ਹੱਸੀ। ਉਹ ਸਥਿਰ ਹੋਣ ਲੱਗਿਆ।

"ਤੁਹਾਡੇ ਹਾਸੇ 'ਚ ਜੋ ਘੁੰਗਰੂ ਛਣਕਦੇ ਆ, ਉਹ ਤੁਹਾਡੀ ਮੰਮੀ ਦੇ ਕੜਛੀਆਂ, ਚਮਚਿਆਂ 'ਚੋਂ ਹੀ ਸੁਰਤਾਲ ਹੋਏ ਆ। ਬਾਪੂ ਦੀ ਤਾਨਾਸ਼ਾਹੀ ਨੇ ਤਾਂ ਤੁਹਾਨੂੰ ਗਜ਼ਟਿਡ ਅਫ਼ਸਰ ਦੀ ਕੁਰਸੀ ਦੀ ਸਾਣ 'ਤੇ ਲਾ ਰੱਖਿਐ। ਸੰਗੀਤ ਦੀ ਗੱਲ ਛਿੜੀ ਤਾਂ ਅਫ਼ਸਰੀ ਦੀ ਗੱਠੜੀ ਲਹਿ ਗਈ ਤੇ ਸੰਗੀਤਾ ਸੁਰਬੱਧ ਹੋਣ ਲੱਗੀ। ਕਦੀ ਆਪਣੇ ਅੰਦਰ ਦੀ ਵੀ ਸੁਣੋ, ਉਹ ਕੀ ਚਾਹੁੰਦੈ।" ਆਖ ਕੇ ਉਹ ਕੋਈ ਹੋਰ ਦਫ਼ਤਰੀ ਕੰਮ ਕਰਨ ਲਈ ਫ਼ਾਈਲ ਫਰੋਲਣ ਲੱਗਿਆ। ਚਾਰੋਂ ਖ਼ਾਨੇ ਚਿੱਤ ਹੋਈ ਮੈਂ ਬੌਰਿਆਂ ਵਾਂਗ ਉਸ ਨੂੰ ਤੱਕੀ ਜਾਵਾਂ।

ਪਤਾ ਨਹੀਂ, ਮੇਰੇ ਅੰਦਰ ਕਿਹੜੀ ਟੁੱਟ-ਭੱਜ ਚੱਲਣ ਲੱਗੀ ਸੀ, ਜੋ ਲਗਾਤਾਰ ਘੁੱਟ ਬਣ ਕੇ ਗਲੇ ਤੋਂ ਅੰਦਰ ਉਤਰ ਰਹੀ ਸੀ।

ਭਲਾ ਹੋਵੇ, ਮੈਡਮ ਸਿਮਰ ਦਾ। ਠੁਮਕ-ਠੁਮਕ ਕਰਦੀ ਨੇ ਦਫ਼ਤਰ ਪੈਰ ਧਰਿਆ। ਚਹਿਕਦੀ ਹੋਈ ਬੋਲੀ,

"ਸਾਸਰੀਕਾਲ ਸਮਰ ਸਾਹਿਬ। ਅੱਜ ਵਾਲੇ ਆਰਟੀਕਲ 'ਚ ਤਾਂ ਕਮਾਲਾਂ ਹੀ ਕਰ ਦਿੱਤੀਆਂ ਜਨਾਬ।" ਤੇ ਪਰਸ 'ਚੋਂ ਅਖ਼ਬਾਰ ਕੱਢ ਕੇ ਅਭੀਜੀਤ ਦੇ ਖੁੱਲ੍ਹੇ ਰਜਿਸਟਰ ਵਿਚਾਲੇ ਰੱਖ ਦਿੱਤੀ।

"ਜੀ ਸ਼ੁਕਰੀਆ, ਮੈਡਮ ਜੀ। ਥੈਂ...ਕਯੂ...।" ਉਸ ਨੇ ਮੈਡਮ ਸਿਮਰ ਵੱਲ ਵੇਖ ਕੇ ਇੰਨਾ ਮਿੱਠਾ ਥੈਂਕਯੂ ਬੋਲਿਆ ਕਿ ਮੇਰਾ ਅੰਦਰ ਮੱਚ ਗਿਆ।

"ਸਿਮਰ ਜੀ ਇਨ੍ਹਾਂ ਨੂੰ ਮਿਲੋ, ਇਹ ਨੇ ਆਪਣੇ ਨਵੇਂ ਸਕੂਲ ਟੀਚਰ। ਮੈਡਮ ਸੰਗੀਤਾ ਅਰੋੜਾ ਜੀ।"

"ਓ ਵੈਲਕਮ। ਅੱਜ ਤਾਂ ਫਿਰ ਪੜ੍ਹਾਈ ਦੀ ਛੁੱਟੀ ਤੇ ਹੋਏਗੀ ਪਾਰਟੀ...।"

"ਕਦੀ ਖਾਣ-ਪੀਣ ਤੋਂ ਅੱਗੇ ਵੀ ਕੁਝ ਸੋਚ ਲਿਆ ਕਰੋ ਮੈਡਮ ਜੀ। ਹੈੱਡ ਮੈਡਮ ਛੁੱਟੀ 'ਤੇ ਨੇ। ਸੋ ਪਾਰਟੀ ਉਨ੍ਹਾਂ ਦੇ ਆਉਣ 'ਤੇ। ਤੁਸੀਂ ਜਾਉ ਤੇ ਆਪਣੀ ਸੀਟੀ ਦਾ ਕਮਾਲ ਦਿਖਾਉ। ਬੱਚਿਆਂ ਨੂੰ ਇਕੱਠੇ ਕਰਕੇ ਲਾਈਨਾਂ ਬਣਵਾਉ, ਪ੍ਰਾਰਥਨਾ ਕਰਵਾਈਏ। ਤੁਸੀਂ ਪਹਿਲਾਂ ਹੀ ਅੱਧਾ ਘੰਟਾ ਲੇਟ ਹੋ।"

"ਜੋ ਹੁਕਮ ਸਰਕਾਰ ਦਾ। ਨਾ, ਤੁਹਾਡੀ ਹੁਕਮ ਅਦੂਲੀ ਕਰਕੇ ਅਸੀਂ ਆਪਣਾ ਤਵਾ ਲਵਾਉਣੈ? ਸੰਗੀਤਾ ਮੈਡਮ ਬਚ ਕੇ ਰਹਿਣਾ। ਇਹ ਚਿਹਰਾ ਜਿੰਨਾ ਮਾਸੂਮ ਏ ਨਾ, ਬੰਦਾ ਉਨਾ ਹੀ ਖਤਰਨਾਕ। ਅੱਖਾਂ ਵੇਖੀਆਂ...? ਕਿੰਨੀਆਂ ਖਚਰੀਆਂ ਤੇ ਮੁਸਕਾਨ ਉਨੀ ਭੋਲੀ। ਇਹ ਛਲੀਆ ਤੁਹਾਨੂੰ ਤੁਹਾਡੇ ਕੋਲੋਂ ਲੁੱਟ

ਕੇ ਲੈ ਜਾਵੇ ਤੇ ਪਤਾ ਵੀ ਨਾ ਲੱਗਣ ਦੇਵੇ। ਉਂਝ ਵੀ ਮਾਸਟਰੀ ਘੱਟ ਕਰਦੇ ਆ ਸ਼੍ਰੀ ਮਾਨ ਤੇ ਸ਼ਬਦਾਂ ਦਾ ਪਾਣੀ ਵਧੇਰੇ ਭਰਦੇ ਆ। ਕਿਉਂ ਜੀ...? ਮੈਂ ਕੁਝ ਜ਼ਿਆਦਾ ਤਾਰੀਫ਼ ਤਾਂ ਨਹੀਂ ਕਰ ਦਿੱਤੀ, ਕਾਲਮਨਵੀਸ ਅਭੀਜੀਤ ਸਮਰ ਸਾਹਿਬ ਜੀ? ਹਾਂਜੀ...। ਬੋਲਿਓ ਹਾਂਜੀ ਇੱਕ ਵਾਰੀ। ਹਾਏ ਵੇ ਤੇਰੀ ਸੜ ਜੇ ਹਾਂਜੀ...।" ਹੱਸਦੀ-ਹੱਸਦੀ ਨੇ ਪਰਸ 'ਚੋਂ ਕੱਢ ਕੇ ਵ੍ਹਿਸਲ ਬੁੱਲ੍ਹਾਂ ਹੇਠ ਦਬਾਈ ਤੇ ਦਫ਼ਤਰ 'ਚੋਂ ਬਾਹਰ ਨਿਕਲ ਗਈ। ਅਭੀਜੀਤ ਮੁਸਕਰਾਉਂਦਾ ਹੋਇਆ ਉੱਠਿਆ ਤੇ ਇੱਕ ਰਜਿਸਟਰ ਖੋਲ੍ਹ ਕੇ ਮੇਰੇ ਅੱਗੇ ਰੱਖ ਦਿੱਤਾ।

"ਇਹ ਜੀ ਹਾਜ਼ਰੀ ਰਜਿਸਟਰ। ਰਹੀ ਗੱਲ ਹਾਸਾ-ਠੱਠਾ, ਤਾਂ ਹੱਸਣ-ਖੇਡਣ ਮਨ ਕਾ ਚਾਉ।"

"ਸਰ ਤੁਸੀਂ ਅਭੀਜੀਤ 'ਸਮਰ' ਕਾਲਮਨਵੀਸ...? ਮੈਨੂੰ ਯਕੀਨ ਨਹੀਂ ਆ ਰਿਹਾ, ਜਿਸ ਦੇ ਲੇਖ ਸਾਡੇ ਘਰ ਬ੍ਰੇਕਫਾਸਟ ਟੇਬਲ ਤੋਂ ਲੈ ਕੇ ਰਾਤ ਦੇ ਖਾਣੇ ਤੱਕ ਡਿਸਕਸ ਕੀਤੇ ਜਾਂਦੇ ਨੇ, ਮੈਂ...ਉਨ੍ਹਾਂ ਦੀ ਕੁਲੀਗ...!"

ਪਹਿਲੀ ਹਾਜ਼ਰੀ ਲਗਾਉਂਦਿਆਂ ਮੈਂ ਭਾਵੁਕ ਹੋ ਗਈ। ਹੁਣ ਤੱਕ ਹੋ ਰਹੀ ਤਰਲ ਹਾਲਤ ਨੂੰ ਬੰਨ੍ਹ ਲੱਗ ਗਿਆ ਤੇ ਰੁਤਬੇ ਲਈ ਆਦਰ ਸਤਿਕਾਰ ਨੈਣਾਂ ਦਾ ਝੁਕਾਅ ਹੋ ਗਿਆ।

ਅਗਲੇ ਦਿਨ ਸਕੂਲ ਆਉਣ ਦਾ ਚਾਅ ਮੈਥੋਂ ਸਾਂਭਿਆ ਨਾ ਜਾਵੇ। ਮੈਂ ਮਾਂ ਨੂੰ ਆਖ ਚਾਰ ਜਣਿਆਂ ਲਈ ਪਾਰਟੀ ਟਿਫ਼ਿਨ ਪੈਕ ਕਰਵਾਇਆ।

ਅੱਗੋਂ ਸਕੂਲ ਮੁੱਖੀ ਮੈਡਮ ਹਰਜਿੰਦਰ ਕੌਰ ਦਾ ਰਵੱਈਆ ਮਾਂ ਤੋਂ ਵੱਧ।

ਚਾਰ ਮਹੀਨੇ ਉਨ੍ਹਾਂ ਦੀ ਛਤਰ-ਛਾਇਆ 'ਚ ਕਿਵੇਂ ਲੰਘ ਗਏ ਪਤਾ ਨਾ ਲੱਗਿਆ। ਸਿਮਰ ਤੇ ਸਮਰ ਦੀ ਨੋਕ-ਝੋਕ ਮਾਹੌਲ ਨੂੰ ਹਲਕਾ-ਫੁਲਕਾ ਬਣਾਈ ਰੱਖਦੀ। ਮੈਂ ਚਾਹ ਕੇ ਵੀ ਸਮਰ ਨਾਲ ਵਧੇਰੇ ਖੁੱਲ੍ਹ ਨਾ ਸਕੀ। ਉਨ੍ਹਾਂ ਦੋਹਾਂ ਦੇ ਹਾਸੇ ਮਜ਼ਾਕ 'ਚੋਂ ਮੈਂ ਹਮੇਸ਼ਾ ਉਨ੍ਹਾਂ 'ਚ 'ਕੁਝ ਹੈ' ਦੀ ਸੂੰਧਕ ਲੈਣ ਦੀ ਕੋਸ਼ਿਸ਼ ਕਰਦੀ ਜਾਂ ਫਿਰ ਇਹ ਜਾਣਨ ਦੀ ਕਿ ਅਭੀਜੀਤ ਵਿਆਹਿਆ ਹੋਇਐ ਜਾਂ ਕੁਆਰਾ। ਗੱਲ ਕਰਦਾ। ਕਦੀ ਲੱਗਦਾ, ਆਪਣੀ ਬੀਵੀ ਕੋਲੋਂ ਜਾਂ ਤਾਂ ਬਾਹਲਾ ਦੱਬੂ ਹੈ ਜਾਂ ਫਿਰ ਸੱਚਮੁੱਚ ਰੰਨ-ਮੁਰੀਦ। ਕਦੀ ਮੈਡਮ ਹਰਜਿੰਦਰ ਉਸ ਦੇ ਵਿਆਹ 'ਤੇ ਹੱਥੀਂ ਮਾਂ ਵਾਲੇ ਸ਼ਗਨ ਕਰਨ ਦੀ ਗੱਲ ਕਰਨ ਲੱਗਦੇ। ਲੱਗਦਾ, ਹਾਲੇ ਤਾਂ ਸਾਂਵਾਂ ਕੁਆਰਾ ਹੈ।

'ਜੇ ਕੁਆਰਾ ਹੈ ਤਾਂ ਸਿਰਫ਼ ਮੇਰਾ...।' ਸੋਚ ਕੇ ਮੈਂ ਸ਼ਰਮ ਨਾਲ ਲਾਲ ਹੋ ਜਾਂਦੀ। ਆਪਣੇ ਨਾਂ ਨਾਲ ਅਭੀਜੀਤ ਸਮਰ ਜੋੜ-ਜੋੜ ਵੇਖਦੀ। ਸੰਗੀਤਾ ਅਭੀਜੀਤ, ਨਹੀਂ ਸੰਗੀਤਾ ਸਮਰ। ਜਿਵੇਂ ਹੀ ਸੰਗੀਤਾ ਸਮਰ ਚਿਤਵਦੀ, ਪਤਾ ਨਹੀਂ ਕਿਉਂ ਸਿਮਰ 'ਤੇ ਕਚੀਚੀਆਂ ਆਉਣ ਲੱਗਦੀਆਂ।

'ਕਾਸ਼! ਮੈਂ ਸਿਮਰ ਵਾਂਗ ਸਮਰ ਨਾਲ ਕਲੋਲਾਂ ਕਰਦੀ। ਉਸ ਨੂੰ ਛੇੜਦੀ, ਚਿੜਾਉਂਦੀ।' ਸੋਚਾਂ 'ਚ ਗੋਤੇ ਖਾਂਦੀ ਕਦੀ ਉਸ ਦੀਆਂ ਗਹਿਰੀਆਂ ਅੱਖਾਂ ਦੇ ਸਮੁੰਦਰ 'ਚ ਡੁਬਕੀਆਂ ਲਗਾਉਂਦੀ, ਕਦੀ ਕਿਨਾਰਿਆਂ ਨੂੰ ਛੂਹ ਲੈਣ ਦੀ ਜ਼ਿੱਦ 'ਤੇ ਅੜੀ ਉਸ 'ਚ ਛੱਲਾਂ ਬਣ ਉੱਚੀ ਉੱਠਣ ਨੂੰ ਅਹੁਲਣ ਲੱਗਦੀ। ਉਸ ਦੇ ਕਾਲੇ ਘੁੰਗਰਾਲੇ ਵਾਲਾਂ ਦੇ ਛੱਲੇ ਸਿਰ 'ਤੇ ਸਾਵਣ ਦੇ ਮਤਵਾਲੇ ਬੱਦਲ ਬਣ ਮੰਡਰਾਉਣ ਲੱਗਦੇ। ਘਣਘੋਰ ਘਟਾਵਾਂ ਬਿਨ ਬਰਸੇ ਲੰਘ ਜਾਂਦੀਆਂ। ਮੇਰਾ ਅੰਦਰ ਹੁੰਮਸ ਨਾਲ ਭਰ ਜਾਂਦਾ। ਸਾਹ ਘੁੱਟਦਾ। ਜਾਨ ਨਿਕਲਦੀ ਨਾ, ਜੀਉਣਾ ਮੌਤ ਨਾਲੋਂ ਔਖਾ। ਮੈਂ ਆਪੇ ਸੱਪ ਤੇ ਆਪੇ ਕੋਹੜ ਕਿਰਲੀ ਬਣੀ ਛਟਪਟਾਉਂਦੀ।

ਡੈਡੀ ਮੈਨੂੰ ਅਫ਼ਸਰ ਬਣਾਉਣ ਦੇ ਸੁਪਨੇ ਸਜਾ ਰਹੇ ਸਨ ਤੇ ਮੈਂ, ਮਾਸਟਰ ਅਭੀਜੀਤ ਸਮਰ ਦੀ ਸੰਗਤ ਵਿੱਚ ਆਪਾ ਤਲਾਸ਼ਦੀ ਭਟਕ ਰਹੀ ਸਾਂ ਕਿ ਵਿਆਹ 'ਚ ਬੀ ਦਾ ਰੌਲਾ ਪੈ ਗਿਆ। ਨਾਇਬ ਤਹਿਸੀਲਦਾਰ ਰਜਨੀਸ਼ ਸੇਤੀਆ ਨਾਲ ਮੇਰਾ ਪੱਕ-ਠੱਕ ਕਰ ਦਿੱਤਾ ਗਿਆ। ਡੈਡੀ ਜੀ ਨੂੰ ਇੱਕੋ ਤੌਖ਼ਲਾ, ਇਹ ਰਿਸ਼ਤਾ ਹੱਥੋਂ ਜਾਣ ਨਹੀਂ ਦੇਣਾ। ਇਸ ਤੋਂ ਵਧੀਆ ਰਿਸ਼ਤਾ ਫਿਰ ਮਿਲੇ ਨਾ ਮਿਲੇ।

ਝੱਟ ਮੰਗਣੀ ਪੱਟ ਵਿਆਹ। ਮੈਂ ਕੀ ਚਾਹੁੰਦੀ ਹਾਂ? ਕਿਸੇ ਨੇ ਕੀ ਪੁੱਛਣਾ ਸੀ, ਮੈਂ ਤਾਂ ਖ਼ੁਦ ਆਪਣੇ-ਆਪ ਨੂੰ ਸੋਚਣ ਦਾ ਮੌਕਾ ਨਾ ਦਿੱਤਾ ਕਿ ਮੈਂ ਕੀ ਚਾਹੁੰਦੀ ਹਾਂ।

ਤੇ ਮੈਂ, ਸ਼ਾਨੋ-ਸ਼ੌਕਤ ਨਾਲ ਵਿਆਹੀ ਗਈ।



ਨਵਾਂ ਸੰਸਾਰ। ਨਵੇਂ ਰਾਹ। ਪਿਤਾ ਦੇ ਪਾਏ ਪੂਰਨਿਆਂ 'ਤੇ ਪੱਕੀ ਲਿਖਾਈ ਕਰਨੀ ਭੁੱਲ, ਪਤੀ ਦੀਆਂ ਪੈੜਾਂ 'ਤੇ ਪੱਬ ਧਰਦੀ ਕਦੋਂ ਮਾਂ ਦੇ ਨਕਸ਼-ਏ-ਕਦਮ ਚੱਲਣ ਲੱਗੀ, ਪਤਾ ਹੀ ਨਾ ਲੱਗਿਆ।

'ਯੈੱਸ ਬੌਸ' ਕਰਦੀ ਨੇ ਪਹਿਲਾਂ ਨੌਕਰੀ ਤੋਂ ਲੰਬੀ ਛੁੱਟੀ ਲਈ, ਫਿਰ ਪਤੀ-ਪ੍ਰਮੇਸ਼ਵਰ ਦੀ ਇੱਛਾ ਅੱਗੇ ਸਿਰ ਝੁਕਾਉਂਦਿਆਂ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ।

ਇਹ ਅਸਤੀਫ਼ਾ ਨੌਕਰੀ ਨੂੰ ਹੀ ਨਹੀਂ, ਸਕੂਲ ਤੇ ਇਸ ਨੌਕਰੀ ਨਾਲ ਜੁੜੇ ਸਾਰੇ ਸੰਬੰਧਾਂ ਨੂੰ ਵੀ ਅਲਵਿਦਾ ਹੋ ਨਿੱਬੜਿਆ। ਇੱਥੋਂ ਤੱਕ, ਮੈਂ ਵਿੱਚੋਂ ਮੈਂ ਹੀ ਮਨਫ਼ੀ ਹੋ ਗਈ। ਸੰਗੀਤਾ ਨੂੰ ਤਿਲਾਂਜਲੀ ਦੇ ਸਿਰਫ਼ ਤੇ ਸਿਰਫ਼ ਮਿਸਿਜ਼ ਸੇਤੀਆ, ਪਰ ਅੰਦਰ ਵੱਸੀ ਕੁਆਰੀ ਮਹਿਕ ਭੁੱਬਲ ਹੇਠ ਦੱਬੀ ਚੰਗਿਆੜੀ ਬਣ ਸੁਲਗਣ ਲੱਗੇਗੀ, ਨਹੀਂ ਸਾਂ ਜਾਣਦੀ।

ਫੁੱਲਾਂ ਨਾਲ ਲੱਦੀ ਸੁਹਾਗ ਸੇਜ। ਸਾਂਭ-ਸਾਂਭ ਰੱਖਿਆ ਕੁਆਰਾਪਨ ਸੁਪਨਿਆਂ ਦੇ ਸ਼ਹਿਜ਼ਾਦੇ ਨੂੰ ਅਰਪਨ ਕਰਨ ਦਾ ਵੇਲਾ। ਰਜਨੀਸ਼ ਨੇ ਮੇਰੀ ਠੋਡੀ ਫੜ ਚਿਹਰਾ ਉੱਪਰ ਉਠਾਇਆ। ਅੱਖਾਂ ਮਿਲੀਆਂ। ਅਭੀਜੀਤ ਮੇਰੇ ਸਰੀਰ 'ਚੋਂ ਸਰਰ ਕਰਦਾ ਆਰ-ਪਾਰ ਹੋ ਗਿਆ। ਮੈਂ ਕਸੀਸ ਵੱਟ ਅੱਖਾਂ ਬੰਦ ਕਰ ਲਈਆਂ। ਸਰੀਰ ਪਤੀ ਹਵਾਲੇ ਤੇ ਰੂਹ ਰੋਮ-ਰੋਮ 'ਚ ਵੱਸੀ ਅਣਛੋਹ ਖ਼ੁਸ਼ਬੂ ਨੂੰ ਮਾਨਣ ਲਈ ਤੜਫੇ।

ਇੱਕ ਚੰਗੀ ਪਤਨੀ ਦੇ ਸਾਰੇ ਫ਼ਰਜ਼ ਨਿਭਾਉਂਦੀ ਮੈਂ ਦੋ ਬਾਲਾਂ ਦੀ ਮਾਂ ਬਣ ਗਈ। ਤਨ-ਮਨ 'ਚ ਵੱਸੀਆਂ ਮਹਿਕਾਂ 'ਤੇ ਘਰ-ਗ੍ਰਹਿਸਥੀ ਭਾਰੀ ਪੈਣ ਲੱਗੀ।

ਨਾਇਬ ਤਹਿਸੀਲਦਾਰ ਰਜਨੀਸ਼ ਸੇਤੀਆ ਜੀ ਤਹਿਸੀਲਦਾਰ ਦੀ ਕੁਰਸੀ 'ਤੇ ਜਾ ਬਿਰਾਜੇ। ਉਨ੍ਹਾਂ ਦੀ ਤਰੱਕੀ ਨਾਲ ਮੈਂ ਆਪਣੇ-ਆਪ 'ਤਹਿਸੀਲਦਾਨੀ' ਹੋ ਗਈ। ਰੁਤਬਾ, ਰੁਪਿਆ-ਪੈਸਾ, ਧੀ-ਪੁੱਤਰ, ਬਦਲਦੇ ਜ਼ਮਾਨੇ ਦੀ ਹਰ ਸ਼ੈਅ ਮੇਰਾ ਹਾਸਲ। ਹੋਰ ਕੀ ਚਾਹੀਦਾ ਸੀ ਮੈਨੂੰ...? ਸਮਝ ਨਾ ਆਉਂਦੀ।

ਇਹ ਕੈਸਾ ਵਸ਼ੀਕਰਣ ਸੀ?

ਰਗਾਂ 'ਚ ਵੱਸੀ ਅਜਬ ਜਿਹੀ ਮਹਿਕ ਤੋਂ ਮੈਂ ਜਿੰਨਾ ਪਿੱਛਾ ਛੁਡਾਉਣ ਦੀ ਚਾਰਾਜੋਈ ਕਰਦੀ, ਉਹ ਉਨੀ ਹੀ ਪੁਰਜ਼ੋਰ ਹੋ ਚੇਤਿਆਂ ਦੀ ਪਿਟਾਰੀ 'ਚੋਂ ਸਿਰ ਚੁੱਕ-ਚੁੱਕ ਮੈਨੂੰ ਡੱਸਦੀ। ਅਚੇਤ ਮਨ 'ਚ ਵੱਸਿਆ ਅਭੀਜੀਤ ਹੱਡਾਂ ਨੂੰ ਤੋੜਾ-ਖੋਹੀ ਲਾਉਂਦਾ। ਮੇਰੇ ਅੰਦਰ ਖ਼ੁਸ਼ਬੂਆਂ ਤਰੌਂਕਾ ਕਰਦੀਆਂ। ਹੱਥ-ਪੈਰ ਖੁੱਸਦੇ। ਮੈਂ ਸਾਵਣ ਦੀ ਤ੍ਰਿਹਾਈ ਬੱਦਲੀ ਬਣ ਤੜਫਦੀ।

ਬੱਚੇ ਬਰਾਬਰ ਦੇ ਹੋਣ ਲੱਗੇ, ਪਰ ਇਉਂ ਲੱਗਦਾ ਜਿਵੇਂ ਅਜੇ ਵੀ ਸੁੱਚੇ ਫੁੱਲ ਆਪਣੇ ਇਸ਼ਟ ਦੇਵ 'ਤੇ ਨਿਛਾਵਰ ਕਰਨ ਲਈ ਸਾਂਭ-ਸਾਂਭ ਰੱਖਦੀ ਕੱਚ-ਕੁਆਰੀ ਹੋਵਾਂ।

ਤਹਿਸੀਲਦਾਰ ਸਾਹਿਬ ਜਿੱਥੇ ਪੋਸਟਿੰਗ ਹੁੰਦੀ, ਸਰਕਾਰੀ ਕੋਠੀ 'ਚ ਸਾਰੇ ਸਰਕਾਰੀ ਸੁੱਖ ਮਾਣਦੇ। ਪਰ, ਪਰਿਵਾਰ ਵੱਲੋਂ ਕਦੀ ਅਵੇਸਲੇ ਨਾ ਹੁੰਦੇ। ਦੋਹਾਂ ਬੱਚਿਆਂ 'ਚ ਉਹਨਾ ਦੇ ਪ੍ਰਾਣ ਵੱਸਦੇ। ਬਾਲਾਂ ਦੀ ਪੜ੍ਹਾਈ 'ਚ ਇੱਧਰੋਂ ਪੁੱਟ ਉੱਧਰ ਲਾਉਣ ਦੇ ਚੱਕਰ 'ਚ ਹੋਣ ਵਾਲੀ ਖੱਜਲ-ਖੁਆਰੀ ਤੋਂ ਬਚਣ ਲਈ ਚੰਡੀਗੜ੍ਹ ਕੋਠੀ ਖ਼ਰੀਦ ਲਈ। ਮੈਂ ਤੇ ਬੱਚੇ ਪੱਕੇ ਤੌਰ 'ਤੇ ਚੰਡੀਗੜ੍ਹ ਰਹਿਣ ਲੱਗੇ। ਤਹਿਸੀਲਦਾਰ ਸਾਹਿਬ ਆਪਣੀ ਔਖ-ਸੌਖ ਵਿਚਾਰਦੇ ਘਰ ਗੇੜਾ ਮਾਰੀ ਰੱਖਦੇ।

ਨਾ ਉਨ੍ਹਾਂ ਨੂੰ ਮੇਰੇ ਤੋਂ ਕੋਈ ਸ਼ਿਕਾਇਤ ਸੀ, ਨਾ ਮੈਨੂੰ ਉਨ੍ਹਾਂ ਨਾਲ ਗਿਲਾ। ਇੱਕ ਚੰਗੀ ਜ਼ਿੰਦਗੀ ਜਿਊਣ ਦਾ ਹਰ ਵਸੀਲਾ ਸੀ ਮੇਰੇ ਕੋਲ। ਗਿਲਾ-ਸ਼ਿਕਵਾ ਕਰਦੀ ਵੀ ਤਾਂ ਕਿਸ ਚੀਜ਼ ਦਾ। ਜੋ ਮੈਂ ਖ਼ੁਦ ਉਸ ਕੋਲੋਂ ਲੈਣ ਦੀ ਇਛੁੱਕ ਨਹੀਂ ਸਾਂ, ਉਹ ਕਿਸੇ ਨੂੰ ਵੀ ਵੰਡ ਆਵੇ। ਮੈਨੂੰ ਰੱਤੀ ਫ਼ਰਕ ਨਾ। ਸਗੋਂ ਕੁਦਰਤ ਤੋਂ ਬਲਿਹਾਰੀ ਜਾਂਦੀ, ਜਿਸ ਨੇ ਆਪ ਸਹਾਈ ਹੋ ਸੱਪ ਵੀ ਮਰ'ਜੇ ਤੇ ਲਾਠੀ ਵੀ ਬਚ'ਜੇ ਦੀ ਢੋਈ ਉਸਾਰੀ ਸੀ।

ਤਕਨੀਕੀ ਕਾਢ ਨੇ ਲੈਂਡ-ਲਾਈਨ ਤੋਂ ਮੁਬਾਈਲ ਫ਼ੋਨ ਤੇ ਫਿਰ ਸੋਸ਼ਲ ਨੈੱਟਵਰਕਿੰਗ ਦਾ ਪੈਂਡਾ ਤੈਅ ਕਰ ਲਿਆ। ਇਹ ਪੈਂਡਾ ਜ਼ਰੂਰ ਹੀ ਮੇਰੇ ਜਿਹੀਆਂ ਭਟਕਦੀਆਂ ਰੂਹਾਂ ਲਈ ਧਰਵਾਸ ਬਣ ਕੇ ਬਹੁੜਿਆ

ਹੋਵੇਗਾ।

"ਮੰਮਾ, ਤੁਹਾਡਾ ਫੇਸਬੁੱਕ ਅਕਾਊਂਟ ਬਣਾ'ਤਾ ਮੈਂ। ਇਹ ਦੇਖੋ ਪਹਿਲੀ ਫਰੈਂਡ ਰਿਕੁਐਸਟ ਪਾਪਾ ਨੂੰ ਭੇਜੀ। ਦੂਸਰੀ ਅੰਗਦ ਵੀਰ ਜੀ ਨੂੰ, ਤੀਸਰੀ ਮਾਂ ਦੀ ਲਾਡਲੀ ਧੀ ਸਤੁਤੀ ਸੇਤੀਆ ਨੂੰ।

ਲਓ ਜੀ, ਮੈਂ ਤੇ ਵੀਰ ਜੀ ਨੇ ਅਕਸੈੱਪਟ ਕਰ ਲਈ ਫ਼ਰੈਂਡ ਰਿਕੁਐਸਟ ਤੇ ਆਪਾਂ ਹੋ ਗਏ ਐਫ.ਬੀ. ਫ਼ਰੈਂਡ। ਹੁਣ ਤੁਸੀਂ ਜਿਸ ਨੂੰ ਆਪਣਾ ਦੋਸਤ ਬਣਾਉਣਾ ਚਾਹੋ, ਫ਼ਰੈਂਡ ਰਿਕੁਐਸਟ ਭੇਜੋ ਤੇ ਆਈਆਂ ਹੋਈਆਂ ਫ਼ਰੈਂਡ ਰਿਕੁਐਸਟ ਅਕਸੈਪਟ ਕਰਕੇ ਇਕੱਲ ਤੋਂ ਛੁਟਕਾਰਾ ਪਾਓ। ਇਹ ਰਿਸ਼ਤੇਦਾਰੀਆਂ ਦੇ ਬੋਝ ਹੇਠ ਦੱਬਣ ਦਾ ਨਹੀਂ, ਦੋਸਤਾਂ ਦੀ ਸੰਗਤ 'ਚ ਉਡਾਰੀਆਂ ਮਾਰਨ ਦਾ ਯੁੱਗ ਹੈ। ਸਮਾਈਲ ਪਲੀਜ਼।" ਆਖਦਿਆਂ ਧੀ ਨੇ ਮੇਰੀ ਫ਼ੋਟੋ ਖਿੱਚੀ ਤੇ ਪਹਿਲੀ ਫ਼ੋਟੋ ਫੇਸਬੁੱਕ 'ਤੇ ਪੋਸਟ ਕਰ ਦਿੱਤੀ।

ਪਹਿਲਾ ਦਿਲ ਦਾ ਨਿਸ਼ਾਨ ਆਇਆ। ਉਹ ਚਹਿਕੀ, "ਲੈ ਮੰਮਾ ਦੇਖੋ, ਪਹਿਲੀ ਫ਼ਰੈਂਡ ਰਿਕੁਐਸਟ ਆਈ ਤੁਹਾਨੂੰ ਤੇ ਨਾਲ ਹੀ ਪਹਿਲਾ ਦਿਲ।"

'ਪਹਿਲਾ ਦਿਲ...!' ਸੁਣ ਕੇ ਮੇਰਾ ਦਿਲ ਧੜਕਿਆ।

"ਕਿਸ ਨੇ ਭੇਜਿਐ?" ਮੈਂ ਉਤਸੁਕਤਾ ਜਤਾਈ।

"ਕਿਸੇ ਸਿਮਰ ਧੀਮਾਨ ਨੇ।"

"ਸਿਮਰ ਧੀਮਾਨ...। ਉਹੀ ਘੱਲ ਸਕਦੀ ਏ। ਸਤੁਤੀ ਬੇਟੇ ਮੈਂ ਕਿਵੇਂ ਦਿਲ ਭੇਜਾਂ ਉਸ ਨੂੰ?" ਮੈਂ ਭਾਵੁਕ ਹੋ ਗਈ।

"ਇਹ ਲਓ ਫ਼ਰੈਂਡ ਰਿਕੁਐਸਟ ਹੋ ਗਈ ਅਕਸੈਪਟ। ਸਿਮਰ ਧੀਮਾਨ ਨੇ ਤੁਹਾਨੂੰ ਮੈਸੇਜ ਵੀ ਕੀਤੈ, 'ਚਾਰਮਿੰਗ ਲੇਡੀ ਹਾਊ ਆਰ ਯੂ?' ਲਓ ਇਸ 'ਤੇ ਦਿਲ ਕਲਿੱਕ ਹੋ ਗਿਆ ਤੁਹਾਡੇ ਵੱਲੋਂ। ਪਕੜੋ ਮੁਬਾਈਲ 'ਤੇ ਖ਼ੁਦ ਮੈਸੇਜ ਰਿਪਲਾਈ ਕਰੋ।"

"ਆਈ.ਐਮ. ਫਾਈਨ ਡੀਅਰ।" ਪਹਿਲਾ ਮੈਸੇਜ ਟਾਈਪ ਕਰਦਿਆਂ ਮੈਂ ਸਿਰ ਤੋਂ ਪੈਰਾਂ ਤੱਕ ਕੰਬੀ ਜਾਵਾਂ।

"ਨੰਬਰ ਇਨ-ਬਾਕਸ ਕੀਤੈ ਮੈਂ ਆਪਣਾ। ਸੈਂਡ ਯੂਅਰ ਨੰਬਰ ਪਲੀਜ਼। ਵਿਸ਼ ਟੂ ਟਾਕ।" ਸਿਮਰ ਨੇ ਕੁਮੈਂਟ ਲਿਖਿਆ।

"ਲਓ ਜੀ ਮੈਸੈਂਜਰ ਵੀ ਹੋ ਗਿਆ ਡਾਊਨਲੋਡ। ਹੁਣ ਜਿਸ ਨਾਲ ਚਾਹੋ ਆਡੀਓ, ਜਿਸ ਨਾਲ ਦਿਲ ਕਰੇ ਵੀਡੀਓ ਕਾਲ ਕਰੋ, ਤੇ ਜੀ ਲਓ ਜ਼ਿੰਦਗੀ ਮਾਤਾ ਸ੍ਰੀ।" ਸਤੁਤੀ ਨੇ ਮੁਬਾਈਲ ਮੇਰੇ ਹੱਥ ਫੜਾਇਆ ਤੇ ਆਪਣੇ ਕੰਨਾਂ 'ਤੇ ਈਅਰ ਫ਼ੋਨ ਚੜ੍ਹਾ ਕੇ ਅਹੁ ਗਈ।

ਧੀ-ਪੁੱਤਰ, ਪਤੀ ਸਭ ਆਪੋ-ਆਪਣੀ ਜ਼ਿੰਦਗੀ 'ਚ ਵਿਅਸਤ, ਜਾਂ ਮਸਤ। ਜੋ ਵੀ ਆਖੋ। ਕਿਸੇ ਕੋਲ ਖ਼ੁਦ ਤੋਂ ਸਿਵਾਏ ਕਿਸੇ ਹੋਰ ਲਈ ਕੋਈ ਵਕਤ ਨਹੀਂ।

ਕੋਠੀ ਦਾ ਕੋਨਾ-ਕੋਨਾ ਗਹੁ ਨਾਲ ਨਿਹਾਰਦੀ ਮੈਂ ਅਕਸਰ ਸੋਚਣ ਲੱਗਦੀ,

"ਇਹ ਮੇਰਾ ਘਰ ਹੈ, ਪਰ ਮੈਂ ਕਿੱਥੇ ਹਾਂ? ਮੇਰੇ ਬੱਚੇ...। ਮੇਰਾ ਪਤੀ। ਕਿੱਥੇ ਨੇ ਸਭ?"

ਲੱਗਦਾ ਜਿਵੇਂ ਸਾਡੀਆਂ ਸਭ ਦੀਆਂ ਰੂਹਾਂ ਕਿਸੇ ਹੋਰ ਦੇ ਘਰਾਂ 'ਚ ਭਟਕਦੀਆਂ ਹੋਣ ਤੇ ਮੇਰੇ ਆਲੀਸ਼ਾਨ ਘਰ 'ਚ ਕਲਬੂਤ ਹੱਸ-ਹੱਸ ਕੰਧਾਂ ਨੂੰ ਚਿੜਾਉਂਦੇ ਹੋਣ, 'ਇੱਥੇ ਕਿਸੇ ਹੋਰ ਦੀਆਂ ਰੂਹਾਂ ਦਾ ਵਾਸ ਹੈ।' ਹੋਰ ਦੀਆਂ ਰੂਹਾਂ? ਖ਼ਿਆਲ ਦਿਲ ਨੂੰ ਅੱਚਵੀ ਲਾਉਂਦਾ। ਭਰਿਆ ਘਰ ਵੱਢ-ਖਾਣ ਨੂੰ ਆਉਣ ਲੱਗਦਾ।

ਤੇ ਮੈਂ ਖੋਲ੍ਹ ਲੈਂਦੀ ਫੇਸਬੁੱਕ...।

ਦੋਸਤਾਂ ਨੂੰ ਲਾਈਕ-ਕੁਮੈਂਟ ਕਰਦਿਆਂ, ਮੈਨੂੰ ਤਾਂ ਜਿਵੇਂ ਇਕੱਲ ਤੋਂ ਛੁਟਕਾਰਾ ਪਾਉਣ ਲਈ ਨਵਾਂ ਆਹਰ ਮਿਲ ਗਿਆ।



ਫ਼ਰੈਂਡ ਰਿਕੁਐਸਟ ਆਉਂਦੀ। ਮੈਂ ਸਵੀਕਾਰਦੀ। ਫ਼ਰੈਂਡ ਰਿਕੁਐਸਟ ਭੇਜ ਕੇ ਮੈਂ ਉਡੀਕਦੀ। ਅਗਲਾ ਕਦੋਂ ਅਕਸੈਪਟ ਕਰੂ?

ਦਿਨ-ਬ-ਦਿਨ ਮੇਰੀ ਮਿੱਤਰ ਮੰਡਲੀ ਵੱਡੀ ਹੋਣ ਲੱਗੀ। ਪਰ, ਦਿਲ ਤੇ ਦਿਮਾਗ਼ ਕਿਸੇ ਖ਼ਾਸ ਦੀ ਮਿੱਤਰਤਾ ਉਡੀਕਦੇ।

ਆਖਿਰ ਇੱਕ ਦਿਨ ਝਕਦੇ-ਝਕਾਂਦੇ ਮੈਂ 'ਸਰਚ' ਆਪਸ਼ਨ 'ਚ ਜਾ ਕੇ 'ਅਭੀਜੀਤ ਸਮਰ' ਟਾਈਪ ਕਰ ਦਿੱਤਾ। ਦਿਲ ਧੜਕ ਕੇ ਸੀਨੇ 'ਚੋਂ ਬਾਹਰ ਆਵੇ।

ਤਲਾਸ਼ ਪੂਰੀ ਹੋਈ।

ਮਾਸਟਰ ਅਭੀਜੀਤ ਸਮਰ, ਪ੍ਰੋਫ਼ੈਸਰ ਅਭੀਜੀਤ ਸਮਰ ਬਣਿਆ ਡਾਇਸ 'ਤੇ ਖੜ੍ਹਾ। ਪ੍ਰੋਫ਼ਾਈਲ ਫ਼ੋਟੋ ਵੇਖ ਮੇਰੇ ਧੁਰ ਅੰਦਰ ਕਾਂਬਾ ਛਿੜ ਗਿਆ। ਉਹੀ ਉੱਚਾ-ਲੰਬਾ, ਗੋਰਾ-ਚਿੱਟਾ ਗੱਭਰੂ। ਕਿਸੇ ਵੀ ਮੁਟਿਆਰ ਨੂੰ ਉਸ ਕੋਲੋਂ ਲੁੱਟ ਕੇ ਲੈ ਜਾਣ ਦਾ ਦਮ ਭਰਦਾ। ਸਿਰ ਤੋਂ ਪੈਰਾਂ ਤੱਕ ਅਭੀਜੀਤ ਨੂੰ ਨਜ਼ਰਾਂ 'ਚ ਉਤਾਰਦੀ ਮੈਂ ਉਸ ਦੀ ਫੋਟੋ ਨੂੰ ਵੇਖਦੀ ਰਹੀ, ਕਿੰਨੀ ਦੇਰ ਪਤਾ ਨਹੀਂ। ਪਹਿਲਾਂ ਨਾਲੋਂ ਭਰਿਆ-ਭਰਿਆ ਜਿਸਮ ਔੜਾਂ ਮਾਰੀ ਧਰਤ 'ਚ ਤਰੇੜਾਂ ਉਭਾਰਨ ਲੱਗਿਆ।

ਵਰ੍ਹਿਆ ਤੋਂ ਭਟਕਦੀ ਰੂਹ ਪ੍ਰੋ. ਅਭੀਜੀਤ ਸਮਰ ਦੀ ਫੇਸਬੁੱਕ ਪ੍ਰੋਫ਼ਾਈਲ 'ਤੇ ਆ ਕੇ ਠਹਿਰਾਓ 'ਚ ਆਉਣ ਲੱਗੀ।

ਮੇਰੇ ਇੱਕ ਹੱਥ ਵਿੱਚ ਮੁਬਾਈਲ, ਮੁਬਾਈਲ 'ਚ ਅਭੀਜੀਤ ਦੀ ਫੋਟੋ ਤੇ ਦੂਸਰਾ ਹੱਥ ਉਸ ਦੇ ਚਿਹਰੇ ਨੂੰ ਸਹਿਲਾ ਰਿਹਾ। ਮੇਰੇ ਹੋਠਾਂ ਨੇ ਉਸ ਦੀ ਤਸਵੀਰ ਦਾ ਪਹਿਲਾ ਚੁੰਮਣ ਲਿਆ। ਰੂਹ ਧੁਰ ਤੱਕ ਨਸ਼ਿਆ ਗਈ।

ਭਾਵਾਂ ਦੇ ਵਹਿਣ 'ਚ ਫ਼ਰੈਂਡ ਰਿਕੁਐਸਟ ਭੇਜੀ। ਵਾਰ-ਵਾਰ ਚੈੱਕ ਕਰਾਂ।

ਦੋ ਦਿਨ ਬਾਦ ਪ੍ਰਾਰਥਨਾ ਕਬੂਲ ਹੋਈ। ਅਭੀਜੀਤ ਨੇ ਫ਼ਰੈਂਡ ਰਿਕੁਐਸਟ ਅਕਸੈਪਟ ਕਰ ਲਈ। ਮੈਸੈਂਜਰ 'ਚ ਮੈਸੇਜ ਆਇਆ, "ਸਤਿ ਸ੍ਰੀ ਅਕਾਲ ਜੀ। ਹੋਰ ਕੀ ਹਾਲ ਨੇ ਸੰਗੀਤਾ ਮੈਡਮ ਜੀ?"

ਸਭ ਕੁਝ ਭੁੱਲ ਮੈਂ ਸੰਗੀਤਾ ਮੈਡਮ ਹੀ ਪੜ੍ਹੀ ਜਾਵਾਂ, ਜਿਵੇਂ ਯਾਦ ਕਰਨ ਦੀ ਕੋਸ਼ਿਸ਼ ਕਰ ਰਹੀ ਹੋਵਾਂ...! ਇਹ ਕਿਹੜੀ ਮੈਡਮ ਹੁੰਦੀ ਸੀ?

ਮੈਸੇਜ ਟੋਨ ਦੀ ਆਵਾਜ਼ ਨੇ ਧਿਆਨ ਤੋੜਿਆ।

ਅਭੀਜੀਤ ਦਾ ਮੁਬਾਈਲ ਨੰਬਰ ਸੀ।

ਦਿਲ ਕੀਤਾ ਫ਼ੋਨ ਮਿਲਾ ਕੇ ਉਸ ਦੀ ਆਵਾਜ਼ ਸੁਣਾਂ। ਹਿੰਮਤ ਨਾ ਪਈ। ਆਪਣਾ ਮੁਬਾਈਲ ਨੰਬਰ ਭੇਜਿਆ ਤੇ ਡਾਟਾ ਬੰਦ ਕਰ ਦਿੱਤਾ।

ਫਿਰ ਤਾਂ ਜਿਵੇਂ ਮੈਨੂੰ ਇੱਕ ਨਵੀਂ ਖੇਡ ਮਿਲ ਗਈ। ਮੁਬਾਈਲ ਡਾਟਾ ਆਫ਼ ਕਰਕੇ ਉਸ ਦਾ ਮੈਸੇਜ ਬਾਕਸ ਖੋਲ੍ਹ ਸੁਨੇਹੇ ਲਿਖਦੀ, 'ਮੇਰਾ ਤੈਨੂੰ ਮਿਲਣ ਨੂੰ ਜੀਅ ਕਰਦੈ ਅਭੀਜੀਤ।'

ਫਿਰ ਉਸ ਵੱਲੋਂ ਜਵਾਬ ਲਿਖਦੀ, 'ਅੱਛਾ, ਮਿਲ ਕੇ ਕੀ ਕਰਾਂਗੇ?'

'ਪਤਾ ਨਹੀਂ।' ਲਿਖ ਕੇ ਲਰਜਾਉਂਜੀ ਸਾਰੇ ਸੁਨੇਹੇ ਬਿਨਾਂ ਭੇਜੇ ਡਿਲੀਟ ਕਰ ਦਿੰਦੀ।

ਪ੍ਰੀਤ ਹੁਲਾਰੇ ਲੈਂਦੀ ਮੈਂ ਸੱਤਵੇਂ ਅਸਮਾਨ 'ਤੇ ਝੂਟਣ ਲੱਗਦੀ। ਕਦੀ ਤਾਰੇ ਤੋੜ-ਤੋੜ ਝੋਲੀ ਭਰਦੀ। ਕਦੀ ਚੰਨ 'ਤੇ ਪੱਬ ਧਰ ਅਭੀਜੀਤ ਦੇ ਖ਼ਿਆਲਾਂ 'ਚ ਪੈਲਾਂ ਪਾਉਂਦੀ। ਲੱਗਦਾ ਪੂਰੀ ਦੀ ਪੂਰੀ ਸਾਉਣ ਘਟਾ ਬਣ ਅੰਬਰ 'ਤੇ ਚੜ੍ਹ ਗਈ ਹੋਵਾਂ।

ਉਸ ਦੀ ਸੁਗੰਧ ਖ਼ੂਨ ਵਹਿਣੀਆਂ 'ਚ ਗਰਦਿਸ਼ ਕਰਦੀ ਅੰਗ-ਅੰਗ ਮਹਿਕਾਉਣ ਲੱਗਦੀ। ਅੰਦਰ ਖਿੱਚਿਆ ਸਾਹ ਅੰਦਰ ਠਹਿਰ ਜਾਣ ਲਈ ਵਾਸਤੇ ਪਾਉਣ ਲੱਗਦਾ ਤੇ ਮੈਂ ਹੋਣ ਲੱਗਦੀ ਸਾਰੀ ਦੀ ਸਾਰੀ ਕਸਤੂਰੀ।

ਅੱਜ ਤਾਂ ਉਹ ਆ ਰਿਹੈ। ਮੈਨੂੰ ਮਿਲਣ। ਡੂੰਘਾ ਸਾਹ ਲੈਂਦੀ ਨੇ ਸਾਹ ਅੰਦਰ ਰੋਕ ਲਿਆ। ਉਸੇ ਪਹਿਲੀ

ਸੁਗੰਧੀ ਨੇ ਮੇਰਾ ਤਨ-ਮਨ ਕੀਲ ਲਿਆ।

"ਕੀ ਹੋਇਆ ਮੰਮਾ? ਕਿਵੇਂ ਬੁੱਤ ਬਣੇ ਖੜ੍ਹੇ ਓ?" ਪੁੱਤਰ ਦੇ ਬੋਲ ਕੰਨਾਂ 'ਚ ਪਏ। ਮੈਂ ਤ੍ਰਭਕੀ। ਨਹੀਂ ਤੇ ਹੋਰ ਪਤਾ ਨਹੀਂ ਕਿੰਨਾ ਚਿਰ ਉਸ ਸੁਗੰਧੀ ਦੇ ਵਸ਼ੀਕਰਣ 'ਚ ਜਕੜੀ ਰਹਿੰਦੀ।

"ਕੁਝ ਨਹੀਂ ਬੇਟੇ। ਮੇਰੇ ਕੁਲੀਗ ਹੁੰਦੇ ਸਨ ਮਾਸਟਰ ਅਭੀਜੀਤ ਜੀ। ਉਨ੍ਹਾਂ ਦਾ ਫ਼ੋਨ ਸੀ। ਸਾਡੇ ਇੱਕ ਹੈੱਡਮਿਸਟ੍ਰੈਸ ਹੁੰਦੇ ਸੀ। ਬੀਮਾਰ ਨੇ ਅੱਜਕੱਲ੍ਹ। ਪ੍ਰੋ. ਸਾਹਿਬ ਕਹਿ ਰਹੇ ਸੀ ਪਤਾ ਲੈਣ ਜਾਣੈ ਉਨ੍ਹਾਂ ਦਾ। ਸੋਚਿਆ ਮੈਂ ਵੀ ਪਤਾ ਲੈ ਆਵਾਂ। ਇੱਥੇ ਹੀ ਰਹਿੰਦੇ ਨੇ। ਸੈਕਟਰ-44 'ਚ।"

"ਵੈਸੇ ਮੰਮਾ, ਗੱਲ ਮਾਸਟਰ ਜੀ ਨਾਲ ਹੋ ਰਹੀ ਸੀ ਕਿ ਪ੍ਰੋਫ਼ੈਸਰ ਸਾਹਿਬ ਨਾਲ...?"

"ਤੂੰ ਵੀ ਨਾ ਗੱਲ ਦੀ ਖੱਲ ਉਧੇੜਨੋਂ ਨਾ ਹਟੀਂ। ਮਾਸਟਰ ਜੀ ਹੀ ਹੁਣ ਪ੍ਰੋਫ਼ੈਸਰ ਸਾਹਿਬ ਹੋ ਗਏ ਨੇ। ਨਾ ਇੱਕ ਤੇਰਾ ਬਾਪੂ ਹੀ ਤਰੱਕੀ ਕਰ ਸਕਦੈ, ਬਾਕੀ ਦੁਨੀਆਂ ਨੂੰ ਜਿਵੇਂ ਪਾਂ ਪਈ ਏ?"

"ਪਾਂ...। ਵੱਟ ਮੌਮ? ਓ.ਕੇ.। ਆਈ ਵਾਜ਼ ਜਸਟ ਕਿਡਿੰਗ ਮੰਮ। ਮੈਂ ਜਿਮ ਜਾ ਰਿਹਾਂ। ਬਟ, ਇਸ ਮਾਸਟਰ ਜੀ ਉਰਫ਼ ਪ੍ਰੋਫ਼ੈਸਰ ਸਾਹਿਬ ਨਾਲ ਗੱਲ ਕਰਦੇ ਰਿਹਾ ਕਰੋ। ਯੂ.ਆਰ. ਬਲਸ਼ਿੰਗ ਟੂਡੇ।"

"ਠਹਿਰ ਜਰਾ ਤੂੰ।" ਮੈਂ ਪੁੱਤਰ ਨੂੰ ਮਿੱਠੀ ਜਿਹੀ ਝਿੜਕ ਦਿੱਤੀ।

ਉਸ ਦੇ ਜਾਂਦੇ ਹੀ ਸ਼ੀਸ਼ੇ ਮੂਹਰੇ ਜਾ ਖੜ੍ਹੀ। ਮੇਰੇ ਅੰਦਰ ਚਾਲੀ ਸਾਲਾਂ ਦੀ ਢਲਦੀ ਔਰਤ ਨਹੀਂ, 22 ਵਰ੍ਹਿਆਂ ਦੀ ਭਰ-ਜੋਬਨ ਮੁਟਿਆਰ ਅੰਗੜਾਈਆਂ ਲੈਂਦੀ ਚਿਹਰੇ 'ਚ ਗੁਲਾਬੀ ਰੰਗਤ ਉਘਾੜਦੀ ਸੈਨਤਾਂ ਮਾਰੇ।

'ਤਾਂ ਮਿਲਦੇ ਹਾਂ ਮਾਸਟਰ ਅਭੀਜੀਤ ਸਮਰ ਜੀ, ਨਹੀਂ ਪ੍ਰੋਫ਼ੈਸਰ ਅਭੀਜੀਤ ਸਮਰ ਸਾਹਿਬ...।'

ਉਸ ਨੂੰ ਸਮਝਣ ਦੀ ਕੋਸ਼ਿਸ਼ ਹਮੇਸ਼ਾ ਮੈਨੂੰ ਨਵੀਂਆਂ ਗੁੰਝਲਾਂ 'ਚ ਉਲਝਾ ਦਿੰਦੀ।

ਚਾਰ ਮਹੀਨੇ ਉਸ ਨਾਲ ਸਕੂਲ 'ਚ ਇਕੱਠਿਆਂ ਬਿਤਾਏ। ਰੋਜ਼ਾਨਾ ਸਕੂਲ ਜਾਣ ਲਈ ਤਿਆਰ ਹੁੰਦੀ, ਸ਼ੀਸ਼ੇ ਦਾ ਸਾਹਮਣਾ ਕਰਦੀ ਮੈਂ ਲਰਜ਼ਾਉਂਦੀ। ਕੀ ਪਾਵਾਂ ਜੋ ਉਸ ਨੂੰ ਸੋਹਣਾ ਲੱਗੇ। ਕਿਵੇਂ ਵਾਲ ਸੰਵਾਰਾਂ ਜੋ ਉਸ ਨੂੰ ਮੇਰੇ ਕੁੰਡਲਾਂ 'ਚ ਉਲਝਾ ਲੈਣ। ਕੱਜਲ ਪਾਉਂਦੀ ਉਹ ਨੈਣਾਂ 'ਚ ਮਟਕਣ ਲੱਗਦਾ। ਉੱਡਣ ਪਰੀ ਬਣ ਸਕੂਲ ਪਹੁੰਚਦੀ। ਪ੍ਰਿੰਸੀਪਲ ਮੈਡਮ ਮੈਨੂੰ ਅਰਸ਼ਾਂ ਦੀ ਹੂਰ ਆਖਦੇ। ਮੈਡਮ ਸਿਮਰ ਸਿਰ ਤੋਂ ਪੈਰਾਂ ਤੱਕ ਤੱਕਦੀ ਅੱਖਾਂ ਨਚਾਉਂਦੀ। ਇਸ਼ਾਰਿਆਂ ਨਾਲ ਟਿੱਚਰਾਂ ਕਰਦੀ, ਪਰ ਜਿਸ ਵਾਸਤੇ ਸਜਦੀ-ਸੰਵਰਦੀ ਉਹ ਅੱਖ ਭਰ ਕੇ ਵੇਖਦਾ ਵੀ ਨਾ। ਇੱਕ ਵਾਰ ਮਜ਼ਾਕ-ਮਜ਼ਾਕ 'ਚ ਮੈਂ ਸਿਮਰ ਨੂੰ ਪੁੱਛ ਬੈਠੀ,

"ਮੈਡਮ ਸਿਮਰ, ਇੱਕ ਗੱਲ ਦੱਸੋ? ਇਹ ਬੰਦਾ ਹੈ ਕੀ ਚੀਜ਼? ਤੁਸੀਂ ਤਾਂ ਪੁਰਾਣੇ ਭੇਤੀ ਹੋ? ਬੰਦਾ ਹੈ ਵੀ ਕਿ...?" ਗੱਲ ਮੇਰੇ ਮੂੰਹ ਵਿੱਚ ਤੇ ਉਹ ਹੱਸਦੀ ਲੋਟ ਨਾ ਆਵੇ। ਢਿੱਡ ਨੂੰ ਮੁੱਠੀਆਂ ਨਾਲ ਘੁੱਟਦੀ ਬੋਲੇ,

"ਚੈੱਕ ਕਰਨਾ ਪੈਣੈਂ ਯਾਰ। ਮੈਂ ਤਾਂ ਕਦੀ ਸੋਚਿਆ ਹੀ ਨਹੀਂ। ਜਿਹੜਾ ਬੋਲੇ ਉਹੀ ਕੁੰਡਾ ਖੋਲ੍ਹੇ। ਤੂੰ ਹੀ ਬਿੱਲੀ ਦੇ ਗਲ ਟੱਲੀ ਬੰਨ੍ਹ। ਜੇ ਖੜਕ ਪਵੇ, ਮੈਨੂੰ ਜ਼ਰੂਰ ਦੱਸੀਂ।"

ਮੈਨੂੰ ਆਪਣੀ ਪੁੱਛੀ ਗੱਲ 'ਤੇ ਸ਼ਰਮ ਆਵੇ। ਉੱਧਰ ਸਿਮਰ, ਬੇਸ਼ਰਮ ਕਿਸੇ ਥਾਂ ਦੀ। ਸਿੱਧਾ ਮਾਸਟਰ ਅਭੀਜੀਤ ਨੂੰ ਪੁੱਛਣ ਲੱਗੀ, "ਮਾਸਟਰ ਜੀ ਇੱਕ ਬੰਦੈ, ਅਸਲ 'ਚ ਉਹ ਬੰਦਾ ਹੈ ਵੀ ਕਿ ਨਹੀਂ, ਪਰਖ ਕਰਨੀ ਆ। ਮੇਰਾ ਮਤਲਬ, ਬਈ ਬੰਦਾ ਖੜਕਾ ਕੇ ਵੇਖਣੈ। ਤੁਹਾਡੀ ਕੀ ਰਾਏ ਆ? ਕੀ ਕੀਤਾ ਜਾਵੇ?"

ਅੱਗੋਂ ਉਹ ਮਸਖਰਾ ਹੱਸਦਾ ਆਖੇ, "ਜਦੋਂ ਮਰਜੀ। ਬੰਦਾ ਹਾਜ਼ਰ ਹੈ ਹਜੂਰ।"

"ਵੇਖਿਆ, ਹੈ ਨਾ? ਚਾਸ਼ਨੀ ਭਰੀ ਜਲੇਬੀ ਵਰਗਾ ਸਿੱਧਾ।" ਸਿਮਰ ਹੱਸ-ਹੱਸ ਦੋਹਰੀ-ਚੌਹਰੀ ਹੋਵੇ। ਮੈਡਮ ਹਰਜਿੰਦਰ ਦੰਦਾਂ ਹੇਠ ਚੁੰਨੀ ਦੇ-ਦੇ ਮੂੰਹ ਘੁੱਟੇ। ਮਜ਼ਾਕ 'ਚ ਪੈਂਦੀ ਗੱਲ ਆਈ ਗਈ ਹੋ ਗਈ।

ਇੱਕ ਦਿਨ ਸਿਮਰ ਆਪ ਹੀ ਦੱਸਣ ਲੱਗੀ, "ਸੰਗੀਤਾ ਇਹ ਬੰਦਾ ਹੈ ਬੜਾ ਸਾਊ। ਜਦੋਂ ਤੇਰੇ ਨਾਲ ਖੁੱਲ੍ਹ ਗਿਆ ਗੱਲ ਕਰਨ 'ਚ, ਤੈਨੂੰ ਪਤਾ ਲੱਗੂ ਔਰਤ ਜਾਤ ਦੀ ਕਿੰਨੀ ਇੱਜ਼ਤ ਕਰਦੈ। ਐਵਰੀ ਵੇਅਰ ਯੂ ਆਰ ਸੇਫ਼ ਵਿੱਦ ਹਿਮ।"



ਸਿਮਰ ਦੇ ਇਨ੍ਹਾਂ ਬੋਲਾਂ ਨੇ ਮੇਰੇ ਦਿਲ 'ਚ ਅਭੀਜੀਤ ਲਈ ਥਾਂ ਹੋਰ ਉੱਚੀ ਕਰ ਦਿੱਤੀ।

ਖੁੱਲ੍ਹ ਕੇ ਗੱਲ ਕਰਨ ਦਾ ਮੌਕਾ ਹੀ ਕਿੱਥੇ ਮਿਲਿਆ? ਕੀ ਪਤਾ ਉਹ ਵੀ ਮੇਰੇ ਬਾਰੇ ਸੋਚਦਾ ਹੋਵੇ। ਹੁਣ ਵੀ ਤਾਂ ਮਿਲਣ ਦੀ ਗੱਲ ਉਸੇ ਨੇ ਹੀ ਕੀਤੀ। ਬਹਾਨਾ ਭਾਵੇਂ ਮੈਡਮ ਹਰਜਿੰਦਰ ਦਾ ਹਾਲ ਜਾਣਨ ਦਾ ਹੋਵੇ। ਅਗਲਾ ਇਕੱਲਾ ਵੀ ਤਾਂ ਜਾ ਸਕਦਾ ਸੀ। ਜ਼ਰੂਰ ਉਹ ਵੀ ਮੇਰੇ ਵਾਂਗ ਉਸੇ ਮੋੜ 'ਤੇ ਖੜ੍ਹਾ ਹੈ, ਜਿੱਥੋਂ ਤੋੜ-ਵਿਛੋੜੇ ਪਏ ਸਨ।

ਮੁਬਾਇਲ ਦੀ ਰਿੰਗ ਹੋਈ। ਅਭੀਜੀਤ ਦਾ ਫ਼ੋਨ ਸੀ।

"ਹਾਂਜੀ, ਆ'ਗੇ ਜੀ। ਦਰਾਂ ਮੂਹਰੇ ਖੜ੍ਹੇ ਆਂ। ਲੱਗਦੈ ਬਿਜਲੀ ਬੰਦ ਏ। ਬੈੱਲ ਨਹੀਂ ਚੱਲ ਰਹੀ ਜੀ ਤੁਹਾਡੀ।"

ਉਸ ਦੇ ਮਿਸ਼ਰੀ ਜਿਹੇ ਬੋਲ ਸਾਹਾਂ 'ਚ ਪਤਾਸੇ ਘੋਲਣ। ਜਿਵੇਂ ਰਾਂਝਾ ਜੋਗੀ ਦਰ 'ਤੇ ਅਲਖ ਜਗਾਵੇ ਤੇ ਹੀਰ ਕਾਸੇ 'ਚ ਆਪਾ ਉਲੱਦ ਦੇਵੇ। ਮੈਂ ਭੱਜ ਕੇ ਦਰਵਾਜ਼ਾ ਖੋਲ੍ਹਿਆ। ਨਜ਼ਰਾਂ ਨੇ ਸਿਜਦਾ ਕੀਤਾ। ਪਲਕਾਂ ਨੇ ਤੇਲ ਚੋਇਆ। ਬਾਹਾਂ ਗਲਵੱਕੜੀ ਹੋਣ ਲਈ ਹਾੜੇ ਪਾਉਣ, ਪਰ ਮਰਿਯਾਦਾ ਆੜੇ ਆ ਗਈ। ਹੱਥ ਜੋੜ ਕੇ ਮਹਿਬੂਬ ਦਾ ਅਭਿਨੰਦਨ ਕੀਤਾ।

ਮੈਂ ਤੇ ਅਭੀਜੀਤ, ਆਹਮੋ-ਸਾਹਮਣੇ ਬੈਠੇ। ਵਿਚਾਲੇ ਦੋ ਕੱਪ ਕੌਫ਼ੀ ਤੇ ਖਾਣ-ਪੀਣ ਦੇ ਸਾਮਾਨ ਨਾਲ ਭਰੀਆਂ ਪਲੇਟਾਂ।

"ਕੁਝ ਹੋਰ ਰਹਿ ਗਿਆ ਤਾਂ ਉਹ ਵੀ ਲੈ ਆਉ...।" ਭਰੇ ਟੇਬਲ ਵੱਲ ਵੇਖ ਉਹ ਹੱਸ ਕੇ ਬੋਲਿਆ।

ਮੈਂ ਮੁਸਕੁਰਾਈ। ਦਿਲ 'ਚ ਆਇਆ, 'ਬੇਵਕੂਫ਼ਾ ਅਸਲੀ ਖਾਣ ਵਾਲੀ ਚੀਜ਼ ਤਾਂ ਤੇਰੇ ਸਾਹਮਣੇ ਬੈਠੀ ਹੈ। ਤੈਨੂੰ ਦੇਖ ਕੇ ਵੀ ਨਹੀਂ ਦਿਸਦੀ ਤਾਂ ਫਿਰ ਬਿਸਕੁਟ, ਕਾਜੂਆਂ ਨਾਲ ਸਾਰ ਲੈ।'

"ਤਹਿਸੀਲਦਾਰ ਸਾਹਿਬ ਤੇ ਬੱਚੇ...। ਕੀ ਗੱਲ ਦਿਸਦਾ ਨਹੀਂ ਕੋਈ?"

"ਬੇਟੀ ਕਾਲਜ। ਬੇਟਾ ਹੁਣੇ ਜਿੰਮ ਗਿਐ ਤੇ ਤਹਿਸੀਲਦਾਰ ਸਾਹਿਬ ਲੋਕ ਸੇਵਾ 'ਚ ਬਿਜ਼ੀ।"

ਦਿਲ ਆਖੇ ਸੱਚ ਕਿਉਂ ਨਹੀਂ ਆਖਦੀ, ਬਈ ਇੱਥੇ ਬੁੱਤ ਕਿਸੇ ਹੋਰ ਦੇ ਤੇ ਰੂਹਾਂ ਕਿਸੇ ਹੋਰ ਦੀਆਂ ਘੁੰਮਦੀਆਂ ਨੇ। ਜਿਹੜੀ ਰੂਹ ਮੇਰੇ ਅੰਦਰ ਵੱਸਦੀ ਏ, ਅੱਜ ਭੁੱਲੀ-ਭਟਕੀ ਮੇਰੇ ਸਾਹਮਣੇ ਆ ਬਿਰਾਜੀ ਹੈ।

ਉਸ ਨੇ ਦੋ ਘੁੱਟਾਂ 'ਚ ਕੌਫ਼ੀ ਸੁੜਕ ਕੇ ਕੱਪ ਟੇਬਲ 'ਤੇ ਰੱਖ ਦਿੱਤਾ। ਮੈਂ ਵੇਖਦੀ ਰਹੀ ਉਸ ਵੱਲ, ਚੋਰ-ਨਜ਼ਰੀਂ। ਕੌਫ਼ੀ ਦਾ ਇੱਕ ਘੁੱਟ ਨਾ ਪੀਤਾ। ਅਭੀਜੀਤ ਲੰਘਦਾ ਰਿਹਾ ਮੇਰੇ ਅੰਦਰ ਜੀਭ 'ਤੇ ਤਰ ਹੁੰਦਾ ਗਲੇ ਤੋਂ ਘੁੱਟ ਬਣ ਕੇ।

"ਸੈਕਟਰ-44 ਚੱਲਣੈ ਜੀ ਆਪਾਂ। ਕਿੰਨੀ ਦੂਰ ਪੈ ਜਾਂਦੈ ਜੀ...?" ਮੇਜ਼ 'ਤੇ ਰੱਖੀ ਕਾਰ ਦੀ ਚਾਬੀ ਚੁੱਕਦਾ ਅਭੀਜੀਤ ਉੱਠ ਖੜ੍ਹਿਆ।

"ਜ਼ਿਆਦਾ ਦੂਰ ਨਹੀਂ। ਅਸਲ ਵਿੱਚ ਚੰਡੀਗੜ੍ਹ 'ਚ ਕੁਝ ਵੀ ਦੂਰ ਹੈ ਹੀ ਨਹੀਂ।" ਉਸ ਦੇ ਨਾਲ ਕਾਰ 'ਚ ਬੈਠਦਿਆਂ ਮੈਂ ਜਵਾਬ ਦਿੱਤਾ।

"ਬਸ, ਦਿਲਾਂ ਦੇ।" ਉਹ ਮੇਰੇ ਵੱਲ ਟੇਢਾ ਜਿਹਾ ਵੇਖਦਾ ਮੁਸਕੁਰਾਇਆ ਤੇ ਕਾਰ ਸਟਾਰਟ ਕਰ ਲਈ।

"ਨਹੀਂ, ਇਹ ਵੀ ਭਰਮ ਹੈ...।" ਸੈੱਟ ਹੋ ਕੇ ਬੈਠਦਿਆਂ ਮੇਰੀ ਖੱਬੀ ਬਾਂਹ ਹਲਕੀ ਜਿਹੀ ਉਸ ਦੀ ਸੱਜੀ ਬਾਂਹ ਨਾਲ ਖਹਿ ਗਈ। ਮੇਰੀ ਆਵਾਜ਼ ਮੱਠੀ ਹੋ ਗਈ ਤੇ ਇੱਕ ਮਿੱਠੀ ਜਿਹੀ ਚੀਸ ਕਾਲਜੇ 'ਚੋਂ ਉੱਠ ਧੁਰ ਅੰਦਰ ਨੂੰ ਕੰਬਣੀ ਛੇੜ ਗਈ। ਮੈਂ ਉਸ ਦੇ ਚਿਹਰੇ ਵੱਲ ਵੇਖਿਆ। ਭਾਵ ਰਹਿਤ। ਉਹ ਮੁਬਾਈਲ ਲੋਕੇਸ਼ਨ 'ਤੇ ਲਗਾ ਕੇ ਰਾਹ ਨਾਪਣ ਲੱਗਿਆ। ਉਸ ਦੇ ਨਾਲ ਸੀਟ 'ਤੇ ਬੁੱਤ ਬਣੀ ਮੈਂ ਸੋਚਾਂ... 'ਕਿੰਝ ਸਮਝਾਵਾਂ ਤੈਨੂੰ ਅਭੀਜੀਤ, ਭਰੇ-ਭਕੁੰਨੇ ਦਿਲਾਂ ਦੇ ਅੰਦਰ ਵੀ ਖਲਾਅ ਹੁੰਦੈ। ਕਾਸ਼! ਤੂੰ ਮੇਰੇ ਦਿਲ ਦੀ ਹਾਲਤ ਸਮਝ ਸਕਦਾ।'

ਮੁਬਾਈਲ ਵਾਈਬਰੇਟ ਹੋਇਆ। ਮੈਂ ਤ੍ਰਭਕੀ। ਬੇਟੇ ਦਾ ਫ਼ੋਨ ਸੀ।

"ਹਾਂ ਅੰਗਦ, ਘਰ ਆ ਗਿਆ ਬੇਟੇ? ਮੈਂ ਅਭੀਜੀਤ ਸਰ ਨਾਲ ਹਾਂ ਸੈਕਟਰ-44, ਟਾਈਮ ਲੱਗ'ਜੇਗਾ। ਤੇਰਾ ਪ੍ਰੋਟੀਨ ਸ਼ੇਕ ਕਿਚਨ ਸ਼ੈਲਫ 'ਤੇ ਰੱਖਿਐ। ਨਾਲ ਡਰਾਈ ਫਰੂਟ ਵੀ ਰੱਖੇ ਆ। ਸਪਰਾਊਟਸ ਸੈਂਡਵਿਚ ਗਰਿੱਲਰ 'ਚ ਲਗਾਇਆ ਹੋਇਐ।" ਮੁਬਾਈਲ ਬੰਦ ਕਰਕੇ ਮੈਂ ਗੇਅਰ ਬਾਕਸ ਦੇ ਨਾਲ ਹੋਲਡਰ 'ਚ ਰੱਖ ਦਿੱਤਾ। ਅਭੀਜੀਤ ਦਾ ਹੱਥ ਗੇਅਰ 'ਤੇ ਸੀ। ਮੈਂ ਆਪਣਾ ਹੱਥ 'ਆਰਮ ਰੈੱਸਟ' 'ਤੇ ਟਿਕਾ ਦਿੱਤਾ। ਮਹਿਬੂਬ ਦੀ ਛੋਹ ਲਈ ਤਰਲਾ ਬਣੇ ਹੱਥ ਨੂੰ ਕਾਹਲੀਆਂ ਪੈਣ। ਅਭੀਜੀਤ ਨੇ ਗੇਅਰ ਬਦਲ ਕੇ ਹੱਥ ਸਟੇਅਰਿੰਗ 'ਤੇ ਟਿਕਾਅ ਲਿਆ। ਮੈਂ ਆਪਣਾ ਹੱਥ ਚੁੱਕਿਆ ਤੇ ਆਪਣੀ ਝੋਲੀ 'ਚ ਰੱਖ ਲਿਆ। ਨਾ ਅਭੀਜੀਤ ਕੁਝ ਬੋਲ ਰਿਹਾ ਸੀ ਨਾ ਮੈਂ।

ਅਜੀਬ ਕਸ਼-ਮ-ਕਸ਼। ਫ਼ੋਨ 'ਤੇ ਘੰਟਿਆਂਬੱਧੀ ਗੱਲਾਂ ਕਰਨ ਵਾਲੇ ਅਸੀਂ ਦੋਵੇਂ ਚੁੱਪ। ਮੈਂ ਕੁਝ ਕਹਿਣ ਦੀ ਹਿੰਮਤ ਜੁਟਾਉਣ ਲੱਗੀ। ਇੰਨੇ ਨੂੰ ਮੇਰਾ ਦੁਬਾਰਾ ਫ਼ੋਨ ਆ ਗਿਆ।

"ਹਾਂ ਜੀ, ਸਾਹਿਬ। ਮੈਂ ਸੈਕਟਰ-44 ਜਾ ਰਹੀ ਹਾਂ, ਅਭੀਜੀਤ ਸਰ ਨਾਲ। ਸਾਡੇ ਇੱਕ ਪੁਰਾਣੇ ਵਾਕਫ਼ ਮੈਡਮ ਬੀਮਾਰ ਨੇ। ਘਰ ਆ ਕੇ ਕਰਾਂਗੀ ਫ਼ੋਨ।" ਨਪੀ-ਤੁਲੀ ਗੱਲ ਕਰਕੇ ਮੈਂ ਮੁਬਾਈਲ ਵਾਪਸ ਗੇਅਰ ਬਾਕਸ ਦੇ ਕੋਲ ਰੱਖ ਦਿੱਤਾ। ਸਟੇਅਰਿੰਗ 'ਤੇ ਉਂਗਲਾਂ ਨਚਾਉਂਦਾ ਅਭੀਜੀਤ ਹੱਸਿਆ। ਮੈਂ ਹੈਰਾਨੀ ਨਾਲ ਉਸ ਵੱਲ ਵੇਖਣ ਲੱਗੀ। ਅੱਖਾਂ ਦੇ ਇਸ਼ਾਰੇ ਨਾਲ ਪੁੱਛਿਆ, "ਕੀ ਹੋਇਆ?"

ਸਿਰ ਮਾਰ ਕੇ ਉਸ ਨੇ ਜਵਾਬ ਦਿੱਤਾ, "ਕੁਝ ਨਹੀਂ।"

ਕਿਹੜੀ ਸਮਾਧੀ 'ਚ ਲੀਨ ਹੋ ਰਹੇ ਸਾਂ ਅਸੀਂ, ਜੋ ਮੌਨ ਵਿਸਥਾਰ ਲੈ ਰਿਹਾ ਸੀ। ਮੰਜ਼ਿਲ ਦਾ ਪਤਾ ਦਿੰਦੀ ਜੀ.ਪੀ.ਆਰ.ਐਸ. ਰਿਕਾਡਿੰਗ ਦੀ ਆਵਾਜ਼ ਇਸ ਸਮਾਧੀ 'ਚ ਵਿਘਨ ਪਾਉਂਦੀ ਲੱਗੇ। ਜਿਉਂ-ਜਿਉਂ ਸੈਕਟਰ-44 ਨੇੜੇ ਆਉਣ ਦਾ ਸੰਕੇਤ ਮਿਲਣ ਲੱਗਿਆ ਮੈਨੂੰ ਹੌਲ ਪੈਣ।

'ਕਾਸ਼! ਇਹ ਸਫ਼ਰ ਕਦੀ ਨਾ ਮੁੱਕੇ।' ਕਹਿੰਦੇ ਆ ਬੱਤੀਆਂ ਦੰਦਾਂ 'ਚੋਂ ਆਖੀ ਦਿਨ 'ਚ ਇੱਕ ਗੱਲ ਜ਼ਰੂਰ ਮਨਜ਼ੂਰ ਹੁੰਦੀ ਹੈ। ਮੇਰੀ ਵੀ ਸੁਣੀ ਗਈ।

"ਬੁਰਾ ਨਾ ਮਨਾਓ ਤਾਂ ਗੱਡੀ 'ਚ ਤੇਲ ਪੁਆ ਲਈਏ?" ਅਭੀਜੀਤ ਨੇ ਪੁੱਛਿਆ।

"ਹਾਂ, ਹਾਂ ਬਿਲਕੁਲ। ਊਂ ਵੀ ਚੰਡੀਗੜ੍ਹ 'ਚ ਪੰਜਾਬ ਨਾਲੋਂ ਤੇਲ ਦੇ ਰੇਟਾਂ ਦਾ ਕਾਫ਼ੀ ਫ਼ਰਕ ਐ।"

"ਚਲੋ ਜੀ ਫਿਰ ਕਰੋ ਭਲਾ ਗਰੀਬ ਦਾ। ਪੈਟ੍ਰੋਲ ਪੰਪ ਦਾ ਰਸਤਾ ਦੱਸੋ।"

ਰਸਤਾ ਦੱਸਦੀ ਮੈਂ ਥੋੜ੍ਹਾ ਰਿਲੈਕਸ ਹੋਣ ਲੱਗੀ। ਗੱਡੀ 'ਚ ਤੇਲ ਪੁਆ ਕੇ ਅਭੀਜੀਤ ਫਿਰ ਜੀ.ਪੀ.ਆਰ.ਐਸ. ਨੂੰ ਫ਼ਾਲੋ ਕਰਨ ਲੱਗਿਆ।

"ਲਓ ਜੀ। ਚੰਡੀਗੜ੍ਹ ਦੇ ਟ੍ਰੈਫ਼ਿਕ ਰੂਲ ਫ਼ਾਲੋ ਕਰਦਾ ਬੰਦਾ ਕਦੋਂ ਘੜੀ ਦੀਆਂ ਸੂਈਆਂ 'ਚ ਉਲਝ ਜਾਵੇ, ਪਤਾ ਹੀ ਨਾ ਲੱਗੇ। ਆਪਾਂ ਮੈਡਮ ਦੇ ਘਰ ਤੋਂ ਇੱਕ ਚੌਂਕ ਪਿੱਛੇ ਸੀ। ਆਹ ਤੇਲ ਪੁਆਉਣ ਦੇ ਚੱਕਰ ਵਿੱਚ ਰਸਤਾ ਬਦਲ ਗਿਆ ਤੇ ਹੁਣ ਫਿਰ ਚਾਰ ਬੱਤੀਆਂ ਵਾਲੇ ਚੌਂਕ 'ਤੇ ਦੋ ਗੋਲ ਚੱਕਰ ਕੱਟ ਕੇ ਮਿਲੇਗਾ ਪੁਰਾਣਾ ਰਾਹ।"

"ਪੁਰਾਣਾ ਰਾਹ ਵੀ ਨਸੀਬਾਂ ਨਾਲ ਨਸੀਬ ਹੁੰਦੈ । ਤੇ ਕੁਝ ਰਾਹ ਦਿਲ ਕਰਦੈ ਕਦੀ ਨਾ ਮੁੱਕਣ। ਕਿੰਨੇ ਖ਼ੂਬਸੂਰਤ ਹੁੰਦੇ ਆ ਨਾ ਉਹ ਰਾਹ, ਜਿਨ੍ਹਾਂ ਦੀ ਕੋਈ ਮੰਜ਼ਿਲ ਨਹੀਂ ਹੁੰਦੀ?"

ਪਤਾ ਨਹੀਂ ਕਿਹੜੇ ਵਹਿਣਾ 'ਚ ਵਹਿੰਦੀ ਮੈਂ ਕੀ ਕਹਿ ਗਈ। ਇਹ ਪੱਕਾ ਸੀ ਕਿ ਮੈਂ ਕੁਝ ਉਹ ਕਹਿ ਦਿੱਤਾ ਸੀ ਜੋ ਗਲਤ ਸੀ। ਜਾਂ ਫਿਰ ਜੋ ਮੈਂ ਕਿਹਾ ਅਭੀਜੀਤ ਨੂੰ ਮੇਰੇ ਤੋਂ ਉਸ ਦੀ ਉਮੀਦ ਨਹੀਂ ਸੀ। ਇਸ ਦਾ ਅਹਿਸਾਸ ਅਭੀਜੀਤ ਦੇ ਜਵਾਬ ਨੇ ਕਰਵਾਇਆ।

"ਮੈਡਮ ਜੀ, ਮੰਜ਼ਿਲਾਂ ਤੋਂ ਬਗੈਰ ਭਟਕਣ, ਫਕੀਰਾਂ ਦਾ ਨਸੀਬ ਹੁੰਦੀ ਏ ਜਾਂ ਆਸ਼ਕਾਂ ਦਾ। ਗ੍ਰਹਿਸਥੀ ਲੋਕਾਂ ਲਈ ਇਹ ਹੈ ਬਦਨਾਮੀ ਦਾ ਟਿੱਕਾ। ਅਸੀਂ ਤਾਂ ਮਲੰਗ ਬੰਦੇ । ਆਪਣਾ ਵਿਚਾਰ ਲਉ।" ਉਹ ਹੱਸਿਆ।



ਮੇਰਾ ਵੀ ਹਾਸਾ ਛੁੱਟ ਗਿਆ। ਹੱਸਦੀ ਨੇ ਪੁੱਛਿਆ, "ਤੁਸੀਂ ਆਪਣੇ ਪਰਿਵਾਰ ਬਾਰੇ ਨਹੀਂ ਦੱਸਿਆ। ਮੈਂ ਤੁਹਾਡੀ ਫੇਸਬੁੱਕ ਪ੍ਰੋਫ਼ਾਈਲ ਫਰੋਲੀ ਸੀ। ਉਸ 'ਚ ਮੈਰਿਡ ਸਟੇਟਸ ਨਾ 'ਸਿੰਗਲ' ਨਾ 'ਮੈਰਿਡ'...। ਕੋਈ ਖਾਸ ਵਜ੍ਹਾ?" ਮੈਂ ਉਸ ਦੇ ਮੂੰਹ ਵੱਲ ਵੇਖਣ ਲੱਗੀ।

ਉਸ ਨੇ ਸੀਟ ਬੈਲਟ ਖਿੱਚੀ। ਥੋੜ੍ਹਾ ਸੈੱਟ ਹੋ ਕੇ ਬੈਠਿਆ ਤੇ ਫਿਰ ਬਿਨਾਂ ਕੋਈ ਹਾਵ-ਭਾਵ ਦਿੱਤੇ ਬੋਲਿਆ, "ਮੈਂ ਸਿੰਗਲ ਨਹੀਂ, ਨਾ ਡਬਲ ਟ੍ਰਿਪਲ।"

"ਕੀ ਹੋ ਫਿਰ? ਦੱਸੋ ਪਲੀਜ਼? ਆਰ.ਯੂ. ਇਨ ਰਿਲੇਸ਼ਨਸ਼ਿਪ...?"

"ਨਹੀਂ ਜੀ, ਕੋਈ ਮਿਲੀ ਨਹੀਂ।"

"ਸਵਾਲ ਹੀ ਪੈਦਾ ਨਹੀਂ ਹੁੰਦਾ। ਗੁੱਸਾ ਨਾ ਕਰਨਾ ਪਲੀਜ਼। ਇੱਕ ਗੱਲ ਪੁੱਛ ਰਹੀ ਹਾਂ। ਸੱਚ ਦੱਸਣਾ।"

"ਝੂਠ ਬੋਲਣ ਦਾ ਸਾਡੇ ਦਰਮਿਆਨ ਕੋਈ ਕਾਰਨ ਹੀ ਨਹੀਂ।"

"ਅੱਛਾ ਤਾਂ ਦੱਸੋ ਫਿਰ, ਕੀ ਤੁਸੀਂ ਔਰਤ ਦਾ ਸਾਥ ਮਾਣਿਆ?"

"ਕੋਈ ਗਿਣਤੀ ਨਹੀਂ।"

"ਤੁਸੀਂ ਆਪਣੀ ਬਾਇਓਗ੍ਰਾਫ਼ੀ ਲਿਖੋ ਪਲੀਜ਼।"

"ਕਦੇ ਨਹੀਂ ਲਿਖਣੀ।"

"ਕਿਉਂ?"

"ਕਿਸ-ਕਿਸ ਦਾ ਘਰ ਤੋੜਾਂਗੇ। ਘਰ ਹੱਸਦੇ-ਵੱਸਦੇ ਹੀ ਸੋਹਣੇ ਲੱਗਦੇ ਆ।"

ਉਹ ਬੇਹੱਦ ਗੰਭੀਰ ਹੋ ਗਿਆ। ਮੈਂ ਮੂੰਹ 'ਚ ਬੁੜਬੁੜਾਈ, "ਉਨ੍ਹਾਂ ਅਣਗਿਣਤ ਔਰਤਾਂ 'ਚ ਇੱਕ ਮੈਂ ਕਿਉਂ ਨਹੀਂ? ਕਾਸ਼! ਤੇਰੀ ਅਣਲਿਖੀ ਬਾਇਓਗ੍ਰਾਫ਼ੀ ਦਾ ਇੱਕ ਪੰਨਾ ਮੇਰੇ ਨਾਂ ਵੀ ਲਿਖਿਆ ਹੁੰਦਾ।" ਮੈਂ ਇੰਨੇ ਮੋਹ ਨਾਲ ਉਸ ਵੱਲ ਤੱਕਿਆ, ਮੰਨੋ ਉਸ ਨੇ ਮੇਰੇ ਅੰਦਰ ਚੱਲਦੀ ਗੱਲ ਸੁਣ ਲਈ ਹੋਵੇ। ਪਤਾ ਨਹੀਂ ਉਹ ਬੋਲਿਆ ਜਾਂ ਮੇਰੇ ਕੰਨ ਵੱਜੇ।

"ਅਣਗਿਣਤ ਲਿਖੇ ਪੰਨਿਆਂ 'ਚ ਕੋਰਾ ਛੱਡਿਆ ਪੰਨਾ ਵਧੇਰੇ ਧਿਆਨ ਖਿੱਚਦੈ, ਮੈਡਮ ਜੀ।" ਉਸ ਨੇ ਪਿਆਰ ਭਰੀਆਂ ਨਿਗਾਹਾਂ ਨਾਲ ਕੀ ਤੱਕਿਆ ਮੈਂ ਪੰਘਰ ਗਈ। ਸਿਰ ਉਸ ਦੇ ਮੋਢੇ 'ਤੇ ਟਿਕਾਅ ਦਿੱਤਾ। ਗੱਡੀ ਸਲੋਅ ਕਰਦਿਆਂ ਉਸ ਨੇ ਆਪਣਾ ਸਿਰ ਟੇਢਾ ਕਰਕੇ ਮੇਰੇ ਸਿਰ ਨਾਲ ਲਗਾਇਆ ਤੇ ਪੁੱਛਣ ਲੱਗਿਆ, "ਜੇ ਤੁਹਾਡੀ ਇੱਛਾ ਹੋਵੇ ਤਾਂ ਕੌਫ਼ੀ ਪੀਣ ਚੱਲੀਏ? ਫਿਰ ਕਦੋਂ ਮਿਲਣਾ ਹੋਏ ਕੌਣ ਜਾਣੇ।" ਮੇਰੀ ਚੁੱਪ ਉਸ ਲਈ ਹਾਂ ਸੀ। ਕਾਰ ਇੱਕ ਸਾਈਡ 'ਤੇ ਰੋਕ ਕੇ ਉਸ ਨੇ ਮੁਬਾਈਲ ਤੋਂ ਕੋਈ ਮੈਸੇਜ ਕੀਤਾ ਤੇ ਕਾਰ ਦਾ ਸਟੇਅਰਿੰਗ ਮੋੜ ਲਿਆ। ਕਾਰ ਇੱਕ ਛੋਟੇ ਜਿਹੇ ਹੋਟਲ ਦੇ ਗੇਟ ਅੱਗੇ ਜਾ ਰੁਕੀ।

ਮੈਂ ਆਸਾ-ਪਾਸਾ ਪਛਾਨਣ ਲੱਗੀ। ਚੰਡੀਗੜ੍ਹ ਰਹਿੰਦਿਆਂ ਕਿੰਨੇ ਸਾਲ ਹੋ ਗਏ। ਸਮਝ ਨਾ ਆਵੇ, ਇਹ ਕਿਹੜਾ ਏਰੀਆ ਸੀ? ਅਭੀਜੀਤ ਕਾਰ 'ਚੋਂ ਬਾਹਰ ਨਿਕਲਿਆ। ਮੇਰੀ ਸਾਈਡ ਦਾ ਡੋਰ ਖੋਲ੍ਹ ਕੇ ਹੱਥ ਵਧਾਇਆ। ਮੈਂ ਕਠਪੁਤਲੀ ਬਣੀ ਉਸ ਦੇ ਹੱਥ ਵਿੱਚ ਹੱਥ ਦੇ ਕੇ ਨਾਲ ਤੁਰ ਪਈ। ਰਿਸੈਪਸ਼ਨ 'ਤੇ ਮੁਬਾਈਲ 'ਚੋਂ ਮੈਸੇਜ ਦਿਖਾ ਅਭੀਜੀਤ ਨੇ ਚਾਬੀ ਲਈ। ਰਿਸੈਪਸ਼ਨ ਦੇ ਨਾਲ ਲਿਫ਼ਟ ਅੰਦਰ ਪਹੁੰਚ ਚਾਰ ਨੰਬਰ ਦਬਾਇਆ ਤੇ ਸਿੱਧਾ ਰੂਮ ਨੰਬਰ 33 ਨੂੰ ਚਾਬੀ ਜਾ ਲਗਾਈ।

ਮੈਨੂੰ ਬੈਠਣ ਦਾ ਇਸ਼ਾਰਾ ਕਰਕੇ ਅਭੀਜੀਤ ਨੇ ਇੰਟਰਕਾਮ ਤੋਂ ਕੌਫ਼ੀ ਆਰਡਰ ਕੀਤੀ, ਤੇ ਮੇਰੇ ਸਾਹਮਣੇ ਆ ਬੈਠਾ। ਮੈਨੂੰ ਧੜਕਣਾਂ ਸੰਭਾਲਣੀਆਂ ਔਖੀਆਂ।

"ਰਿਲੈਕਸ ਹੋ ਕੇ ਬੈਠੋ ਤੇ ਹੁਣ ਪੁੱਛੋ ਕੀ ਪੁੱਛਣੈ?" ਬੂਟ ਖੋਲ੍ਹ ਕੇ ਅਭੀਜੀਤ ਨੇ ਪੈਰ ਬੈੱਡ 'ਤੇ ਟਿਕਾਅ ਕੇ ਲੱਤਾਂ ਨਿੱਸਲ ਕਰ ਲਈਆਂ।

"ਤੁਹਾਡੀ ਵਾਈਫ਼ ਬੱਚੇ?" ਮੈਂ ਮੱਧਮ ਆਵਾਜ਼ 'ਚ ਪੁੱਛਿਆ।

"ਅਸੀਂ ਤਾਂ ਸ਼ਗਨਾਂ ਦਾ ਗਾਨਾ ਖਰੀਦਦੇ ਰਹਿ ਗਏ ਤੇ ਹੀਰ ਡੋਲੀ ਚੜ੍ਹ ਗਈ। ਇੱਕ ਵਿਆਹ ਤੋਂ

ਪਹਿਲਾਂ ਗੁਆ ਲਈ। ਜੇ ਕਿਧਰੇ ਮੇਰੀ ਘਰਵਾਲੀ ਕਿਸੇ ਹੋਰ ਬਾਰੇ ਸੋਚਣ ਲੱਗੇ, ਮੈਥੋਂ ਤਾਂ ਉੱਕਾ ਬਰਦਾਸ਼ਤ ਨਹੀਂ ਹੋਣਾ। ਉਂਞ ਵੀ ਮੇਰੇ ਵਰਗਾ ਬੰਦਾ, ਜਿਹੜਾ ਭਾਂਤ-ਭਾਂਤ ਦੇ ਖਾਣੇ ਖਾਣ ਗਿੱਝਿਆ ਹੋਵੇ, ਇੱਕੋ ਦਾਲ-ਸਬਜ਼ੀ ਕਿਵੇਂ ਪਚਾਵੇ ?" ਉਹ ਗੱਲ ਹਾਸੇ ਵਿੱਚ ਪਾ ਰਿਹਾ ਸੀ ਜਾਂ ਮੈਨੂੰ ਸੁਣਾ ਰਿਹਾ ਸੀ, ਪਤਾ ਨਹੀਂ। ਪਰ, ਉਹ ਅਜੇ ਵੀ ਕੁਆਰਾ ਹੈ, ਸੁਣ ਕੇ ਮੈਂ ਕੁਰਸੀ ਤੋਂ ਸਪਰਿੰਗ ਵਾਂਗ ਉੱਛਲੀ,

"ਵਿਆਹ ਨਹੀਂ ਕਰਵਾਇਆ ਤੁਸੀਂ...?"

"ਪਰ ਤੁਸੀਂ ਵਿਆਹੇ ਹੋਏ ਹੋ। ਫ਼ੋਨ ਆਇਆ ਮੈਡਮ ਜੀ ਦੇ ਬੇਟੇ ਦਾ ਤੇ ਫਿਰ ਪਤੀ ਦਾ। ਬੜੇ ਮਾਣ ਨਾਲ ਦੱਸਣ, 'ਮੈਂ ਅਭੀਜੀਤ ਸਰ ਨਾਲ ਜਾ ਰਹੀ ਹਾਂ।' ਮੈਨੂੰ ਆਪਣੇ-ਆਪ 'ਤੇ ਮਾਣ ਹੋਵੇ। ਕਿੰਨਾ ਸਾਊ ਬੰਦਾ ਏਂ ਤੂੰ ਯਾਰ। ਜਨਾਨੀਆਂ ਕਿੱਥੇ ਦੱਸਦੀਆਂ ਘਰਦਿਆਂ ਨੂੰ ਕਿਸੇ ਆਦਮੀ ਨਾਲ ਇਕੱਲੇ ਜਾਣ ਬਾਰੇ ! ਘੱਟੋ-ਘੱਟ ਮੇਰਾ ਤਾਂ ਹੁਣ ਤੱਕ ਦਾ ਅਨੁਭਵ ਇਹੀ ਦੱਸਦੈ।"

ਡੋਰ ਬੈੱਲ ਹੋਈ। "ਯੈੱਸ।" ਸੁਣ ਕੇ ਬਹਿਰਾ ਕੌਫ਼ੀ ਵਾਲੀ ਟ੍ਰੇਅ ਲੈ ਕੇ ਅੰਦਰ ਆ ਗਿਆ। ਅਭੀਜੀਤ ਨੇ ਉਸ ਨੂੰ ਟ੍ਰੇਅ ਰੱਖ ਕੇ ਜਾਂਦੇ ਨੂੰ ਰੁਕਣ ਲਈ ਆਵਾਜ਼ ਮਾਰੀ। ਸੌ ਦਾ ਨੋਟ ਫੜਾਇਆ ਤੇ ਦਰਵਾਜ਼ੇ ਦੇ ਬਾਹਰ 'ਡੂ ਨਾਟ ਡਿਟਸਟਰਬ' ਦੀ ਤਖਤੀ ਲਗਾ ਜਾਣ ਲਈ ਕਿਹਾ। ਦਰਵਾਜ਼ਾ ਬੰਦ ਹੋ ਗਿਆ। ਕੱਪਾਂ ਵਿੱਚ ਕੌਫ਼ੀ ਪਾਉਂਦੀ ਮੈਂ ਭਾਵੁਕ ਹੁੰਦੀ ਬੋਲਣ ਲੱਗੀ,

"ਇਹ ਵਿਸ਼ਵਾਸ ਹੀ ਤਾਂ ਜਿੱਤਿਐ ਅਭੀਜੀਤ ਜੀ ਜ਼ਿੰਦਗੀ ਹਾਰ ਕੇ।" ਮੇਰਾ ਆਤਮ-ਵਿਸ਼ਵਾਸ ਬੋਲਿਆ।

"ਜ਼ਿੰਦਗੀ ਹਾਰੀ, ਕਿਉਂਕਿ ਤੁਸੀਂ ਜਿੱਤਣ ਦੀ ਕੋਸ਼ਿਸ਼ ਨਹੀਂ। ਡੈਡੀ ਜੀ ਦੇ ਕਹਿਣ 'ਤੇ ਫਾਰ ਦ ਟਾਈਮ ਬੀਂਗ ਨੌਕਰੀ ਕਰ ਲਈ। ਪੀ.ਸੀ.ਐਸ. ਪਤੀ ਮਿਲ ਗਿਆ ਤਾਂ ਮੈਡਮ ਸੰਗੀਤਾ ਮਿਸਿਜ਼ ਸੇਤੀਆ ਬਣ ਗਈ। ਕਿਤਾਬਾਂ ਨਾਲ ਮੱਥਾ ਮਾਰਨ ਦੀ ਕੀ ਲੋੜ? ਜਦੋਂ ਪਤੀ ਤਹਿਸੀਲਦਾਰ ਤਾਂ ਮਿਸਿਜ਼ ਸੇਤੀਆ ਦੀ ਆਪਣੇ-ਆਪ ਪ੍ਰਮੋਸ਼ਨ ਹੋ ਗਈ ਤੇ ਬਣ ਗਈ ਤਹਿਸੀਲਦਾਰਨੀ। ਪਿਤਾ ਨੇ ਕਿਹਾ ਨੌਕਰੀ ਕਰ ਲਈ, ਪਤੀ ਨੇ ਕਿਹਾ ਛੱਡ 'ਤੀ। ਤੁਹਾਡੇ ਨਾਲੋਂ ਤਾਂ ਤੁਹਾਡੀ ਮੰਮੀ ਨੂੰ ਦਾਦ ਦੇਣੀ ਬਣਦੀ ਹੈ, ਜਿਸ ਕੋਲੋਂ ਜਾਗਦੀਆਂ ਅੱਖਾਂ 'ਚ ਸਜਾਇਆ ਸੰਗੀਤ ਦਾ ਸੁਪਨਾ ਖੋਹ ਲਏ ਜਾਣ ਦੇ ਬਾਵਜੂਦ ਉਹ ਕੜਛੀਆਂ-ਚਮਚਿਆਂ ਨੂੰ ਸੁਰਤਾਲ ਕਰਨ ਦੀ ਕੋਸ਼ਿਸ਼ ਕਰਦੀ ਰਹੀ। ਜੋ ਅਲਾਪ ਜਾਗਦੇ ਹੋਏ ਨਹੀਂ ਲੈ ਸਕਦੀ ਸੀ, ਸੁੱਤੇ ਪਏ ਲੈ ਕੇ ਮਨ ਦੀ ਰੀਝ ਪੂਰੀ ਕਰਦੀ। ਅਫ਼ਸੋਸ, ਮੈਡਮ ਸੰਗੀਤਾ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਸੰਗੀਤਾ ਦੇ ਅੰਦਰ ਸੰਗੀਤ ਹੈ ਵੀ ਕਿ ਨਹੀਂ...। ਚਿੱਤ ਕਿਤੇ ਬੁੱਤ ਕਿਤੇ...।"

ਗੱਲ ਕਰ ਰਿਹਾ ਸੀ ਜਾਂ ਮੋਹਿਨੀ ਮੰਤਰ ਫੂਕ ਰਿਹਾ ਸੀ, ਰੱਬ ਜਾਣੇ। ਇੱਕ-ਇੱਕ ਗੱਲ ਕਰਦਾ ਮੇਰਾ ਮੱਥਾ, ਅੱਖਾਂ, ਬੁੱਲ੍ਹ ਸਹਿਲਾਉਂਦਾ ਰੋਮ-ਰੋਮ 'ਚ ਲਹਿੰਦਾ ਗਿਆ। ਮੈਨੂੰ ਬਾਹਾਂ 'ਚ ਭਰਿਆ ਤੇ ਬੈੱਡ 'ਤੇ ਲੈ ਗਿਆ। "ਮੈਂ ਅੱਜ ਵੀ ਉੱਥੇ ਹਾਂ ਸਮਰ। ਮਿੱਠੀਆਂ ਘੁੱਟਾਂ ਦੇ ਕੌੜੇ ਹੌਕੇ ਭਰਦੀ।" ਆਖਦੀ ਮੈਂ ਲਿਪਟ ਗਈ ਉਸ ਚੰਦਨ ਨਾਲ। ਸੰਗੀਤਾ ਦੀ ਰੂਹ ਸਮਰ ਦੀ ਮਹਿਕ 'ਚ ਡੁਬਕੀਆਂ ਲਾਉਂਦੀ ਮਦਹੋਸ਼। ਆਨੰਦ ਦੀ ਚਰਮ 'ਤੇ ਅਭੀਜੀਤ ਮੇਰੇ ਕੰਨ ਨਾਲ ਬੁੱਲ੍ਹ ਲਗਾਈ ਫੁਸਫੁਸਾਇਆ, "ਇੰਨੀ ਮਿੱਠੀ ! ਤਹਿਸੀਲਦਾਰਨੀ।"

'ਤਹਿਸੀਲਦਾਰਨੀ' । ਠੀਕ ਸੰਬੋਧਨ ਤਾਂ ਕੀਤਾ ਸੀ ਅਭੀਜੀਤ ਨੇ। ਸਾਰੇ ਮੈਨੂੰ ਇਸੇ ਨਾਂ ਨਾਲ ਹੀ ਬੁਲਾਉਂਦੇ ਸਨ। ਫਿਰ ਅਭੀਜੀਤ ਦਾ 'ਤਹਿਸੀਲਦਾਰਨੀ' ਆਖਣਾ ਮੈਨੂੰ ਇੰਨਾ ਜ਼ਹਿਰੀ ਕਿਉਂ ਲੱਗਿਆ? ਸਵਰਗ ਹੁਲਾਰੇ ਮਾਣਦੀ ਇਕਦਮ ਨਰਕ ਦੀ ਅੱਗ 'ਚ ਰੜ੍ਹਨ ਲੱਗੀ। ਪਤੀ, ਬੱਚੇ, ਘਰ ਸਾਕਸ਼ਾਤ ਅੱਖਾਂ ਸਾਹਮਣੇ ਖੜ੍ਹੇ ਦਿਸਣ। ਅਭੀਜੀਤ ਦੇ ਭਾਰ ਹੇਠ ਦੱਬੀ ਮੇਰੀ ਦੇਹ ਛਟਪਟਾਉਣ ਲੱਗੀ। ਅਭੀਜੀਤ ਨੂੰ ਪਿਛਾਂਹ ਧੱਕ ਮੈਂ ਬਦਨ ਚਾਦਰ 'ਚ ਲਪੇਟ ਲਿਆ।

ਮੰਨੋ ਅਭੀਜੀਤ ਦੀ ਮਹਿਕ ਦੇ ਵਸ਼ੀਕਰਣ 'ਚ ਜਕੜੀ ਸੰਗੀਤਾ ਦੀ ਛਾਇਆ ਤੋਂ ਤਹਿਸੀਲਦਾਰਨੀ ਸੇਤੀਆ ਮੁਕਤ ਹੋ ਗਈ ਹੋਵੇ।

**ਸੰਪਰਕ**-98146-70707



# ਕਹਾਣੀ/ ਵੈੱਲ ਪਾਵਰ / - ਨਰਿੰਦਰ ਕੌਰ ਭੱਚੂ

*(ਏਹ ਕਹਾਣੀ ਉਮਰ ਦੇ ਆਖਰੀ ਪੜਾ 'ਤੇ ਪਹੁੰਚ ਗਈ ਇਕ ਬਜ਼ੁਰਗ ਔਰਤ ਦੀ ਮਨੋ-ਚੇਤਨਾ ਬਿਆਨ ਕਰਦੀ ਹੈ। ਜਿਸ ਔਰਤ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਦੁੱਖ ਝੱਲੇ ਹਨ ਜੋ ਲਗਾਤਾਰ ਦੁੱਖਾ 'ਚ ਪਿਸਦੀ ਆ ਰਹੀ ਹੈ ਪਰ ਉਹਦੇ ਅੰਦਰ ਜੀਉਣ ਦੀ ਲਲਕ ਅਜੇ ਮਰੀ ਨਹੀਂ। ਉਸ ਦਾ ਜ਼ਿੰਦਗੀ ਤੋਂ ਮੋਹ ਭੰਗ ਨਹੀਂ ਹੁੰਦਾ। ਉਹ ਆਪਣੇ ਲਈ ਜਿਉਣਾ ਚਹੁੰਦੀ ਹੈ। ਇਹ ਔਰਤ ਪਾਠਕ ਅੰਦਰ ਪੌਜੇਟਿਵ ਅਨਾਰਜ਼ੀ ਭਰਦੀ ਹੈ। ਸਮਕਾਲ 'ਚ ਫੈਲੀ ਕਰੋਨਾ ਮਹਾਂਮਾਰੀ ਵੀ ਉਹਦੇ ਜੀਉਣ ਦੀ ਚਾਹਤ ਨੂੰ ਮਾਰ ਨਹੀਂ ਸਕੀ। ਸੰਵਾਦੀ ਜੁਗਤ ਨਰਿੰਦਰ ਦੀ ਮਨਭਾਉਂਦੀ ਜੁਗਤ ਹੈ। ਮੁੱਖ ਪਾਤਰ ਹੀ ਕਹਾਣੀ ਵਿਚ ਬੋਲਦੀ ਹੈ ਬਾਕੀ ਪਾਤਰ ਖ਼ਾਮੋਸ਼ ਹਨ। -ਸੰਪਾਦਕ)*

ਨੌਂ ਦਿਨ ਹੋ ਗਏ। ਪੰਮੀ ਨੇ ਆਪਣਾ ਧਰਮ ਨਹੀਂ ਛੱਡਿਆ। ਅਜਕੱਲ੍ਹ ਰੋਜ਼ ਖਿੜਕੀ 'ਚ ਖੜ੍ਹਾ ਹੋ ਕੇ ਮੈਨੂੰ ਦੇਖਦਾ, ਹਾਲ-ਚਾਲ ਪੁੱਛਦਾ।

ਪਹਿਲੋਂ ਰੋਜ਼ ਰਾਤ ਨੂੰ ਸਾਢੇ ਸੱਤ ਮੇਰੇ ਕੋਲ ਆਉਂਦਾ ਸੀ। ਅੱਧਾ ਘੰਟਾ ਬੈਠਦਾ। ਅਸੀਂ ਪੁਰਾਣੀਆਂ ਗੱਲਾਂ ਕਰਦੇ ਰਹਿੰਦੇ। ਸ਼ਾਮੀ ਪੰਜ ਵਜੇ ਸੁਗੰਧੀ ਮੇਰੇ ਕੋਲ ਆ ਜਾਂਦੀ। ਡੇਢ ਘੰਟਾ ਉਹ ਮੇਰੇ ਕੋਲ ਰਹਿੰਦੀ। ਅਸੀਂ ਇਕ ਮਿੰਟ ਮੂੰਹ ਬੰਦ ਨਹੀਂ ਕਰਦੀਆਂ। ਗੱਲਾਂ ਕਹੀ ਜਾਂਦੀਆਂ। ਵਧੀਆ ਟੈਮ ਪਾਸ ਹੋ ਜਾਂਦਾ।

ਇਨ੍ਹਾਂ ਦਿਨਾਂ ਵਿਚ ਮੈਂ ਕੋਈ ਰਿਸ਼ਕ ਨਹੀਂ ਲੈਣਾ ਚਾਹੁੰਦੀ। ਇਲਾਜ਼ ਨਾਲੋਂ ਪ੍ਰਹੇਜ਼ ਚੰਗਾ ਹੁੰਦਾ। ਜਦੋਂ ਕਿਸੇ ਦਾ ਫ਼ੋਨ ਆਵੇ ਮੈਂ ਝਟ ਕਹਿ ਦਿੰਦੀ ਹਾਂ, "ਮੈਂ ਭੋਰੇ 'ਚ ਵੜੀ ਹਾਂ, ਅਜੇ ਨਾ ਕੋਈ ਮੇਰੇ ਕੋਲ ਆਇਓ।"

ਇਹ ਟੈਮ ਵੀ ਵਧੀਆ ਨਿਕਲ ਰਿਹਾ। ਨੰਦੀ ਮੈਨੂੰ ਲੰਚ ਭੇਜ ਦਿੰਦੀ। ਉਹਨੂੰ ਵੀ ਮੈਂ ਕਹਿ ਦਿੱਤਾ ਸੀ, ਆਪ ਨਾ ਆਵੀਂ, ਕੰਮ ਵਾਲੀ ਹੱਥ ਭੇਜ ਦੇਵੀਂ।' ਸੁਗੰਧੀ ਮੈਨੂੰ ਨਾਸ਼ਤਾ ਦਿੰਦੀ। ਸ਼ਾਮ ਨੂੰ ਮੈਂ ਚਾਹ ਨਾਲ ਸਨੈਕਸ ਲੈ ਲੈਨੀ। ਰਾਤ ਨੂੰ ਗਿਲਾਸ ਦੁੱਧ ਦਾ। ਦਿਨ ਵੇਲੇ ਮੇਰੇ ਕੋਲ ਕੰਮ ਵਾਲੀ ਰਹਿੰਦੀ। ਕੰਮ ਵਾਲੀ ਬਖਸ਼ੋ ਭਾਪਾ ਜੀ ਵੇਲੇ ਤੋਂ ਲੱਗੀ ਹੋਈ।

ਪੰਮੀ ਤੇ ਸੁਗੰਧੀ ਵੀ ਬਹੁਤ ਚੰਗੇ। ਦੋਵੇਂ ਡਾਕਟਰ ਆ। ਮੇਰੇ ਚਾਚੇ ਦੇ ਨੌਂਹ ਪੁੱਤ। ਇਹਨਾਂ ਦਾ ਮੈਨੂੰ ਬਹੁਤ ਸਹਾਰਾ। ਮੇਰਾ ਬਹੁਤ ਖ਼ਿਆਲ ਰੱਖਦੇ। ਸਾਡੇ ਭਾਪਾ ਜੀ ਵੀ ਸਾਨੂੰ ਸਾਰੀਆਂ ਭੈਣਾਂ ਨੂੰ ਬਹੁਤ ਪਿਆਰ ਕਰਦੇ ਸੀ। ਜਾਣ ਤੋਂ ਪਹਿਲੋਂ ਮੇਰੇ ਭਾਪਾ ਜੀ ਮੈਨੂੰ ਕਹਿੰਦੇ, "ਬੇਟਾ ਤੂੰ ਮੇਰੇ ਬਹਾਦਰ ਧੀ ਏਂ। ਮਹਾਂਦੇਵ ਜੋ ਕਰਦੇ ਠੀਕ ਕਰਦੇ। ਤੂੰ ਕੋਈ ਗੱਲ ਦਿਲ 'ਚ ਨਈਂ ਲਿਆਉਣੀ।

ਹੁਣ ਮੈਂ ਲੇਟੀ ਆ। ਸਾਹਮਣੇ ਮਾਂ-ਭਾਪਾ ਜੀ ਦੀ ਫਰੇਮ ਕੀਤੀ ਵੱਡੀ ਫੋਟੋ ਲੱਗੀ ਹੋਈ। ਖੱਬੀ ਕੰਧ 'ਤੇ ਸਾਡੀ ਦੋਹਾਂ ਦੀ। ਮੇਰੇ ਸੱਜੇ ਪਾਸੇ ਮੇਰੀ ਕੁੜੀ ਤੇ ਜਵਾਈ, ਉਹਨਾਂ ਦੀ ਨੂੰਹ-ਪੁੱਤ ਤੇ ਪੋਤਾ। ਉਹਦੇ ਨਾਲ ਦੀ ਫੋਟੋ 'ਚ ਸਾਰੇ ਬੱਚੇ ਮੇਰੇ ਨਾਲ ਆ।

ਹੁਣ ਇਹ ਬੱਚੇ ਮੇਰੇ ਜੀਣ ਦਾ ਸਹਾਰਾ। ਮੇਰੀ ਦੋਹਤਰ ਨੌਂਹ ਬਹੁਤ ਚੰਗੀ ਏ। ਰੋਜ਼ ਸਵੇਰੇ ਸ਼ਾਮ ਮੈਨੂੰ ਫ਼ੋਨ ਕਰਦੀ, ਨਾਨੀ ਮਾਂ ਆਪ ਹਮਾਰੇ ਪਾਸ ਆ ਜਾਓ।' ਮੈਂ ਕਹਿੰਦੀ 'ਅਭੀ ਨਈਂ ਦਿਵਿਆ ਬੇਟਾ।'

ਮੇਰੀਆਂ ਅੱਖਾਂ ਠੀਕ ਹੁੰਦੀਆਂ ਮੈਨੂੰ ਫੇ ਕੋਈ ਦਿੱਕਤ ਨਹੀਂ ਸੀ ਹੋਣੀ। ਮੈਨੂੰ ਸਿੱਧਾ ਬਿਲਕੁਲ ਨਹੀਂ ਦਿਸਦਾ। ਸੱਜੇ ਖੱਬਿਓ ਥੋੜਾ-ਥੋੜਾ ਦਿਸਦਾ। ਇਹ ਗੱਲ ਮੈਂ ਕਿਸੇ ਓਪਰੇ ਨੂੰ ਨਹੀਂ ਦੱਸਦੀ। ਮੈਂ ਤੁਰੀ ਫਿਰਦੀ ਆਪਣੇ ਕੰਮ ਕਰਦੀ, ਬਜ਼ਾਰ ਜਾਨੀ, ਸ਼ੌਪਿੰਗ ਕਰਦੀਂ। ਅਸੀਂ ਲੁਧਿਆਣੇ, ਅੰਮ੍ਰਿਤਸਰ ਚੰਡੀਗੜ੍ਹ, ਦਿੱਲੀ, ਪਾਲਮਪੁਰੋਂ, ਅਮਰੀਕਾ ਤੋਂ, ਬਹੁਤ ਇਲਾਜ਼ ਕਰਾਇਆ। ਡਾਕਟਰਾਂ ਨੇ ਜਵਾਬ ਈ ਦੇਤਾ। ਮੇਰੇ ਪਿੱਛੇ ਨਜ਼ਰ ਹੈ, ਅੱਖਾਂ 'ਚ ਈ ਕੋਈ ਨੁਕਸ ਆ। ਡਾਕਟਰ ਕਹਿੰਦੇ ਪੂਰੇ ਵਰਡ 'ਚ ਇਹਨਾਂ ਦਾ ਇਲਾਜ਼ ਹੈਨੀ।"

ਰੋ ਰੋ ਕੇ ਮੇਰੀ ਨਜ਼ਰ ਘੱਟ ਗਈ। ਧੁੰਦਲੀਆਂ ਚੀਜ਼ਾਂ ਦਿਸਦੀਆਂ। ਸਾਰਾ ਕੁਝ ਕਿਸਮਤ 'ਤੇ ਛੱਡ ਮੈਂ ਸਬਰ ਕਰ ਲੈਂਦੀ। ਮੈਂ ਇਸ ਘਰ ਜੰਮੀ ਇਥੇ ਆ ਗਈ, ਇਥੋਂ ਹੀ ਖੌਰੇ ਮੇਰੀ...। ਜਦੋਂ ਅਸੀਂ ਸਾਰੀਆਂ ਕੁਆਰੀਆਂ ਸੀ, ਇਸ ਘਰ 'ਚ ਕਿੰਨੀ ਰੌਣਕ ਹੁੰਦੀ ਸੀ। ਭਾਪਾ ਜੀ ਨੇ ਸਾਨੂੰ ਕਿਸੇ ਚੀਜ਼ ਦੀ ਕਮੀ ਨਾ ਰਹਿਣ ਦੇਣੀ। ਸਾਡੇ ਸਾਰੀਆਂ ਦੇ ਛੋਟੀਆਂ ਉਮਰਾਂ 'ਚ ਈ ਵਿਆਹ ਕਰ ਦਿੱਤੇ ਸੀ।

ਮੈਂ ਹਜੇ ਸਤਾਰਾਂ ਸਾਲ ਦੀ ਸੀ। ਪੜ੍ਹਦੀ ਸੀ। ਦਸਵੀਂ ਕਰਕੇ ਮੈਂ ਪ੍ਰੈਪ ਵਿਚ ਦਾਖਲਾ ਲਿਆ ਹੀ ਸੀ। ਮੇਰਾ ਰਿਸ਼ਤਾ ਹੋ ਗਿਆ। ਪੜ੍ਹਾਈ ਛੱਡਾ ਕੇ ਮੇਰਾ ਵਿਆਹ ਕਰ ਦਿੱਤਾ। ਮੇਰੇ ਸਹੁਰੇ ਘਰ ਬਹੁਤ ਅਮੀਰ ਸਨ। ਉਦੋਂ ਮੈਨੂੰ ਘਰ ਦਾ ਕੰਮ ਬਹੁਤ ਨਹੀਂ ਆਉਂਦਾ ਸੀ। ਕੰਮ ਸਾਰੇ ਨੌਕਰ ਕਰਦੇ। ਸਾਡੀ ਮਾਂ ਬਹੁਤ ਸਿਆਣੀ ਔਰਤ ਸੀ। ਮਾਂ ਸਾਨੂੰ ਤਿੰਨਾਂ ਨੂੰ ਕੰਮ ਵੰਡ ਕੇ ਦੇ ਦਿੰਦੀ। ਮੈਲ਼ੇ ਕੱਪੜਿਆਂ ਦੀਆਂ ਉਸਨੇ ਤਿੰਨ ਢੇਰੀਆਂ ਲਾ ਦੇਣੀਆਂ। ਕਹਿਣਾ ਆਪਣਾ ਆਪਣਾ ਹਿੱਸਾ ਧੋ ਦਿਓ। ਕੱਪੜਿਆਂ ਦੀ ਅਸੀਂ ਰੇਲ ਬਣਾ ਦਿੰਦੀਆਂ। ਸਹੁਰੇ ਘਰ ਸਾਰਾ ਕੰਮ ਨੌਕਰ ਚਾਕਰ ਕਰਦੇ। ਕਿਚਨ ਦਾ ਕੰਮ ਮੈਂ ਵਿਆਹ ਮਗਰੋਂ ਚੰਗੀ ਤਰ੍ਹਾਂ ਸਿੱਖਿਆ। ਸਹੁਰੇ ਘਰ ਸੱਸ ਤੇ ਜਠਾਣੀ ਨਾਲ ਤੇ ਪੇਕੇ ਆ ਕੇ ਮਾਂ ਨਾਲ ਖਾਣਾ ਤਿਆਰ ਕਰਨ ਲੱਗੀ ਰਹਿਣਾ।

ਵਿਹਲੀਆਂ ਹੋ ਕੇ ਘੁੰਮਣ ਦੀ ਪੂਰੀ ਖੁੱਲ੍ਹ ਸੀ। ਗੱਡੀਆਂ ਤੇ ਡਰਾਈਵਰ ਘਰ ਵਿਚ ਸਨ ਸੀ। ਸਾਡੀ ਲਗਜ਼ਰੀ ਲਾਈਫ ਸੀ। ਹੁਣ ਜਦੋਂ ਮੈਂ ਪੇਕੇ ਰਹਿਣ ਲੱਗ ਪਈ ਤਾਂ ਇਥੇ ਵੀ ਮੇਰੀਆਂ ਫਰਿੰਡਾਂ ਮੈਨੂੰ ਮਿਲਣ ਆ ਜਾਂਦੀਆਂ। ਸਾਡਾ ਛੇਆਂ ਦਾ ਗਰੁੱਪ ਸੀ। ਹੌਲੀ ਹੌਲੀ ਸਭ ਆਪਣੇ ਆਪਣੇ ਘਰ ਬਿਜੀ ਹੋ ਗਈਆਂ। ਪਿੱਛੇ ਜਿਹੇ ਰਾਧਾ ਦੇ ਹਸਬੈਂਡ ਦੀ ਡੈੱਥ ਹੋ ਗਈ। ਉਹਦੇ ਗੋਡੇ ਦੁੱਖਦੇ ਤੇ ਕਿਸੇ ਦੀ ਸੂਗਰ ਵਧਣ ਲੱਗੀ।

ਮੇਰੇ ਵਿਆਹ ਤੋਂ ਸੱਤ ਸਾਲ ਬਾਅਦ ਮੇਰੇ ਕੁੜੀ ਹੋਈ। ਮੈਨੂੰ ਤੇ ਮੇਰੇ ਹਸਬੈਂਡ ਨੂੰ ਕੋਈ ਕਾਹਲੀ ਨਹੀਂ ਸੀ। ਮੇਰੇ ਹਸਬੈਂਡ ਕਹਿੰਦੇ, 'ਕੋਈ ਨਾ ਹੋਜੂ ਬੱਚਾ।' ਪਰ ਮੇਰੀ ਸੱਸ ਦੀ ਪੋਤੇ ਪੋਤੀਆਂ ਖਿਡਾਉਣ ਦੀ ਬਹੁਤ ਤਾਂਘ ਸੀ। ਸੱਸ ਮੈਨੂੰ ਲੈ ਕੇ ਮੰਦਰ ਮੱਥਾ ਟਿਕਾਉਣ ਤੁਰੀ ਰਹਿੰਦੀ। 'ਪਹਿਲਾ ਬੱਚਾ ਫਟਾਫਟ ਚਾਹੀਦਾ ਹੁੰਦਾ... ਨਹੀਂ ਤਾਂ ਲੋਕੀ ਗੱਲਾਂ ਬਣਾਉਣ ਲੱਗ ਪੈਂਦੇ।'

ਮੁੰਡੇ ਲਈ ਅਸੀਂ ਬਹੁਤ ਰੱਬ ਦੀਆਂ ਮਿੰਨਤਾਂ ਕੀਤੀਆਂ। ਕੁੜੀ ਤੋਂ ਸੱਤ ਸਾਲ ਬਾਅਦ ਮੇਰੇ ਮੁੰਡਾ ਹੋਇਆ। ਸੋਹਣਾ, ਗੋਲ ਮਟੋਲ। ਪੇਕੇ ਘਰ ਖੁਸ਼ੀ ਨੱਚੀ, ਸਹੁਰੇ ਘਰ ਭੰਗੜੇ ਪਏ। ਤੇਰਾਂ ਦਿਨ 'ਤੇ ਅਸੀਂ ਤੇਰਵਾਂ ਕੀਤਾ। ਤੇਰਵੇਂ 'ਤੇ ਸਾਡੇ ਪੂਜਾ ਕਰਾਉਂਦੇ। ਪੰਡਿਤਾਂ ਨੂੰ ਭੋਜਨ ਕਰਾਉਂਦੇ। ਸਾਡੇ ਗੁਰੂ ਜੀ ਵੀ ਆਏ। ਮੈਂ ਜਦੋਂ ਗੁਰੂ ਜੀ ਨੂੰ ਮੱਥਾ ਟੇਕਿਆ ਤਾਂ ਉਹ ਕਹਿਣ ਲੱਗੇ, "ਭਗਵਾਨ ਦੀ ਚੀਜ਼ ਭਗਵਾਨ ਕੋਲ ਛੇਤੀ ਚਲੇ ਜਾਂਦੀ ਹੁੰਦੀ।' ਗੁਰੂ ਦੀ ਗੱਲ ਸੁਣ ਕੇ ਸਾਰੇ ਹੈਰਾਨ ਤੇ ਪਰੇਸ਼ਾਨ ਹੋ ਗਏ। ਗਿਆਰਵੀਂ ਵਿਚ ਪੜ੍ਹਦਿਆਂ ਉਸਨੇ ਪੌੜੀਆਂ ਤੋਂ ਡਿੱਗ ਕੇ ਕਸੂਤੀ ਸੱਟ ਲਗਵਾ ਲਈ। ਫਿਰ ਉਸ ਦੀਆਂ ਲੱਤਾਂ ਮੁੜ ਗਈਆਂ। ਅਖੀਰ ਵੀਲ੍ਹ ਚੇਅਰ ਉਹਦੇ ਨਾਲ ਸਦਾ ਲਈ ਚੁੰਬੜ ਗਈ। ਉਹਨੇ ਰੋਣਾ 'ਮੈਂ ਤੁਰ ਕੇ ਪੜ੍ਹਨ ਜਾਣਾ।' ਉਹ ਲਾਅ ਕਰਕੇ ਆਪਣੇ ਪਾਪਾ ਵਾਂਗੂੰ ਵੱਡਾ ਵਕੀਲ ਬਣਨਾ ਚਾਹੁੰਦਾ ਸੀ। ਪਤੀ ਮੰਨੇ ਪ੍ਰਮੰਨੇ ਲਾਅਰ ਸੀ। ਮੇਰਾ ਸਹੁਰਾ ਵੀ ਵਕੀਲ ਸੀ। ਮੇਰਾ ਜੇਠ ਪ੍ਰੋਫੈਸਰ ਸੀ। ਮੇਰੇ ਮੁੰਡੇ ਨੂੰ ਫਿਰ ਅਟੈਕ ਹੋ ਗਿਆ। ਲੱਤਾਂ ਫਿਰ ਜਾਮ ਹੋ ਗਈਆਂ। ਲੱਤਾਂ ਦੀਆਂ ਨਾੜ੍ਹਾਂ ਕੱਠੀਆਂ ਹੋਣ ਲੱਗ ਪਈਆਂ। ਗੁਰੂ ਜੀ ਦੇ ਵਾਕ ਚੇਤੇ ਆਉਂਦੇ, 'ਜਿਹੜੀ ਚੀਜ਼ ਪਰਮਾਤਮਾ ਕੋਲੋਂ ਧੱਕੇ ਨਾਲ ਲਵੋ ਉਹ ...।" ਉਹ ਰਮਜ਼ ਨਾਲ ਹਰੇਕ ਗੱਲ ਕਹਿ ਜਾਂਦੇ ਸੀ। ਫੇਰ ਵੇਖਦੇ ਵੇਖਦੇ ਹੀ ਮੁੰਡਾ ਸਾਡੇ ਹੱਥਾਂ ਵਿਚੋਂ ਰੇਤ ਵਾਂਗ ਕਿਰਦਾ ਕਿਰ ਗਿਆ। ਮੁੰਡੇ ਬਾਰੇ ਸੋਚ ਕੇ ਮੈਂ ਅਨੇਕਾਂ ਵਾਰ ਮੂਰਛਿਤ ਹੋਈ। ਹੁਣ ਵੀ ਮੈਨੂੰ ਦੰਦਲ ਪੈ ਜਾਂਦੀ ਹੈ। ਚੜ੍ਹਦੀ ਉਮਰੇ ਮੇਰੀ ਕੁੜੀ ਨੇ ਬਹੁਤ ਦੁੱਖ ਦੇਖੇ। ਅੱਠਾਰਵੇਂ ਸਾਲ ਵਿਚ ਉਹਦਾ ਲਗਜ਼ਰੀ ਵਿਆਹ ਕਰ ਦਿੱਤਾ। ਵਿਆਹ ਤੋਂ ਚਾਰ ਦਿਨ ਬਾਅਦ ਮੇਰੀ ਕੁੜੀ ਨੇ ਸਹੁਰੇ ਪਰਿਵਾਰ ਨਾਲ ਪਾਲਮਪੁਰ ਜਾਣਾ ਸੀ। ਬਸ ਰਾਹ 'ਚ ਜਾਂਦਿਆਂ



ਹੀ ਭਿਆਨਿਕ ਐਕਸੀਡੈਂਟ ਹੋ ਗਿਆ। ਸਹੁਰਾ ਪੂਰਾ ਹੋ ਗਿਆ। ਬਾਕੀਆਂ ਦੇ ਸੱਟਾਂ ਬਹੁਤ ਲੱਗੀਆਂ। ਮੇਰੀ ਕੁੜੀ ਇਹ ਸੋਚ ਕੇ ਐਨਾ ਡਰ ਗਈ ਕਿ ਪਤਾ ਨਹੀਂ ਮੇਰੇ ਵਿਆਹ ਨੂੰ ਲੈ ਕੇ ਮੇਰੇ ਸਹੁਰੇ ਕੀ ਸੋਚਣਗੇ? ਇਹ ਡੈਣ ਸਾਡੇ ਘਰ ਆ ਗਈ, ਜਿਹਨੇ ਆਉਂਦੀ ਨੇ ਸਹੁਰਾ ਖਾ ਲਿਆ। ਪਰ ਕੁੜੀ ਦੀ ਸੱਸ ਬਹੁਤ ਚੰਗੀ ਸੀ। ਮੇਰੀ ਕੁੜੀ ਨੇ ਆਪਣੀ ਸੱਸ ਦੀ ਬਹੁਤ ਸੇਵਾ ਕੀਤੀ ਸੀ। ਐਕਸੀਡੈਂਟ ਵਿਚ ਹੀ ਉਹਦੀ ਗੀੜ ਦੀ ਹੱਡੀ ਦੇ ਮਣਕੇ ਟੁੱਟ ਗਈ ਸੀ। ਸਾਰੀ ਉਮਰ ਉਹ ਵੀਲ੍ਹ ਚੇਅਰ 'ਤੇ ਰਹੀ ਸੀ। ਛੇ ਸਾਲ ਪਹਿਲਾਂ ਉਹਦੀ ਡੈੱਥ ਹੋਈ। ਉਹ ਦੇਵੀ ਸੀ। ਇਕ ਦਮ ਸ਼ਾਂਤ। ਹਰ ਦਮ ਭਜਨ ਤੇ ਆਰਤੀ ਕਰਨ ਵਾਲੀ। ਪਰ ਮੇਰੀ ਕੁੜੀ ਦੀ ਕਿਸਮਤ ਐਨੀ ਚੰਗੀ ਨਹੀਂ ਸੀ। ਮੇਰਾ ਜਵਾਈ ਵਿਆਹ ਤੋਂ ਦਸ ਕੁ ਸਾਲ ਬਾਅਦ ਇਕ ਦਿਨ ਸੁੱਤਾ ਪਿਆ ਤੇ ਸੁੱਤਾ ਹੀ ਰਹਿ ਗਿਆ। ਉਦੋਂ ਮੇਰੀ ਕੁੜੀ ਪਰੈਗਨੈੱਟ ਸੀ। ਸੱਤਵਾਂ ਮਹੀਨਾ। ਮੈਨੂੰ ਉਹਦੀ ਚਿੰਤਾ, ਕਿਤੇ ਉਹਨੂੰ ਕੁਛ ਹੋ ਨਾ ਜਾਵੇ। ਪਰ ਸੱਸ ਨਿਰੀ ਦੇਵੀ ਸੀ। ਮੁੰਡੇ ਦੀ ਕਿਰਿਆ ਤੋਂ ਬਾਅਦ ਉਹਨੇ ਕਹਿ ਦਿੱਤਾ ਕਿ 'ਆਪਣੀ ਨੂੰਹ ਮੈਂ ਆਪਣੇ ਘਰ ਹੀ ਰੱਖਣੀ ਹੈ।' ਕੁਝ ਮਹੀਨੇ ਬਾਅਦ ਉਹਨੇ ਨੂੰਹ ਨੂੰ ਆਪਣੇ ਛੋਟੇ ਮੁੰਡੇ ਦੇ ਘਰ ਬਿਠਾ ਦਿੱਤਾ। ਮਹੀਨੇ ਕੁ ਬਾਅਦ ਮੇਰੀ ਬੇਟੀ ਦੇ ਮੁੰਡਾ ਹੋਇਆ। ਬਿਲਕੁਲ ਆਪਣੇ ਬਾਪ ਵਰਗਾ। ਮੇਰਾ ਨਵਾਂ ਜਵਾਈ ਵੀ ਬਹੁਤ ਚੰਗਾ। ਉਹਨੇ ਆਪਣੀ ਮਾਂ ਦੀ ਹਰ ਗੱਲ 'ਤੇ ਫੁੱਲ ਚੜਾਏ।

ਮੇਰਾ ਇਹ ਜਵਾਈ ਵੀ ਬਹੁਤ ਚੰਗਾ। ਕੰਮਕਾਰ ਉਹਨਾਂ ਦਾ ਬਹੁਤ ਆ। ਵੱਡੇ ਵੱਡੇ ਹਸਪਤਾਲਾਂ 'ਚ ਉਹਨਾਂ ਦੀਆਂ ਲੈਬਰਾਟਰੀਆਂ। ਉਹਨਾਂ ਦੇ ਦੋ ਮੁੰਡੇ ਇੱਕ ਕੁੜੀ। ਹੁਣ ਤਾਂ ਮੇਰੀ ਕੁੜੀ ਨੇ ਆਪਣੀ ਕੁੜੀ ਤੇ ਮੁੰਡਾ ਵੀ ਵਿਆਹ ਲਿਆ। ਕੁੜੀ ਵੀ ਦੋਹਤੇ-ਪੋਤਿਆ ਵਾਲੀ ਬਣ ਗਈ।

ਮੇਰੇ ਮੁੰਡੇ ਦੇ ਦੋ ਸਾਲ ਬਾਅਦ ਮੇਰੇ ਹਸਬੈਂਡ ਦੀ ਡੈੱਥ ਹੋ ਗਈ। ਉਦੋਂ ਅਸੀਂ ਪਾਲਮਪੁਰ ਕੋਠੀ ਬਣਾਉਂਦੇ ਸੀ। ਅਸੀਂ ਸੋਚਿਆ ਸੀ, ਕੁੜੀ ਦੇ ਨੇੜੇ ਰਹਾਂਗੇ। ਇਹ ਉਥੇ ਰਹਿ ਕੇ ਕੰਮ ਕਰਾਉਂਦੀ ਸੀ। ਦਸੀਂ ਪੰਦਰੀਂ ਘਰ ਆਉਂਦੇ ਹੁੰਦੇ ਸੀ। ਕੋਠੀ ਤਿਆਰ ਹੁੰਦੀ ਨੂੰ ਦੋ ਸਾਲ ਲੱਗ ਗਏ। ਇਕ ਦਿਨ ਅਚਾਨਿਕ ਘਰ ਆ ਗਏ,ਕਹਿੰਦੇ, "ਮੇਰੀ ਤਬੀਅਤ ਖ਼ਰਾਬ ਆ।" ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਮੈਨੂੰ ਤਾਂ ਹਜੇ ਆਪਣਾ ਮੁੰਡਾ ਨਹੀਂ ਸੀ ਭੁੱਲਿਆ। ਭਰਾ ਨਹੀਂ ਭੁੱਲਿਆ। ਰੱਬ ਮੇਰੇ ਤੇ ਏਨਾ ਕਰੋਪ ਕਿਉਂ ਹੋ ਗਿਆ? ਇਹ ਤੂੰ ਕੀ ਕਰਦਾਂ ਰੱਬਾ?"

ਮੈਂ ਦਿਲ 'ਤੇ ਪੱਥਰ ਰੱਖ ਲਿਆ, "ਪੁਰੀ ਸਾਹਿਬ ਇਹਨਾਂ ਨੂੰ ਨਾ ਦੱਸਿਓ। ਤੁਸੀਂ ਇਲਾਜ਼ ਕਰੋ। ਸਾਰਾ ਜ਼ੋਰ ਲਾ ਦਿਓ। ਕੀ ਪਤਾ ਕੋਈ ਚਮਤਕਾਰ ਹੋ ਜਾਵੇ।"

ਜਦੋਂ ਇਹ ਹਸਪਤਾਲ ਗਏ ਮੁੜ ਕੇ ਇਹਨਾਂ ਦੀ ਲਾਸ਼ ਹੀ ਆਈ। ਪਤੀ ਦੇ ਤੁਰ ਜਾਣ ਤੋਂ ਬਾਅਦ ਮੇਰੀ ਦੁਨੀਆਂ ਵੀਰਾਨ ਹੋ ਗਈ। ਕਨਾਲ ਦੀ ਕੋਠੀ ਮੈਨੂੰ ਖਾਣ ਨੂੰ ਪਿਆ ਕਰੇ। ਮੇਰੇ ਜੇਠ ਜੇਠਾਣੀ ਕਹਿੰਦੇ , 'ਹੁਣ ਤੂੰ ਸਾਡੇ ਕੋਲ ਰਹਿ।'

ਮੈਂ ਰਹੀ ਵੀ। ਜਦੋਂ ਮੇਰਾ ਜਵਾਈ ਤੇ ਕੁੜੀ ਉਥੇ ਮੈਨੂੰ ਮਿਲਣ ਆਉਂਦੇ ਤਾਂ ਮੈਂ ਉਨ੍ਹਾਂ ਦੀ ਉਹ ਸੇਵਾ ਨਾ ਕਰ ਸਕਦੀ ਜਿਹੜੀ ਮੈਂ ਦਿਲੋਂ ਕਰਨਾ ਚਾਹੁੰਦੀ ਸੀ। ਇਕ ਵਾਰ ਮੈਂ ਜਠਾਣੀ ਨੂੰ ਕਿਹਾ, "ਭੈਣਜੀ ਰੀਤੀ ਤੇ ਆਸ਼ੀਸ਼ ਨੇ ਆਉਣਾ, ਮੈਂ ਕੁਛ ਸਪੈਸ਼ਲ ਬਣਾ ਲਵਾ?" ਬਿਗਾਨੇ ਘਰ ਪੁੱਛਣਾ ਤਾਂ ਪੈਣਾ ਸੀ। ਪਰ ਜਠਾਣੀ ਨੇ ਕਿਹਾ, "ਦਾਲ-ਸਬਜੀ ਬਣੇ ਹੋਈ ਏ, ਉਹਦੇ ਨਾਲ ਖਾ ਲੈਣਗੇ।" ਮੈਂ ਆਪਣਾ ਮਨ ਮਾਰ ਲਿਆ। ਫਿਰ ਆਪਣੀ ਜਠਾਣੀ ਦਾ ਘਰ ਮੈਨੂੰ ਬਹੁਤ ਓਪਰਾ ਓਪਰਾ ਲੱਗਣ ਲੱਗ ਪਿਆ। ਇਕ ਰਾਤ ਮੈਂ ਆਪਣੀ ਘਰ ਵਾਲੇ ਦੀ ਫੋਟੋ ਅੱਗੇ ਬੈਠ ਕੇ ਬਹੁਤ ਰੋਈ। ਸਾਰੀ ਰਾਤ ਮੇਰਾ ਮਨ ਬੈਠਦਾ ਜਾਂਦਾ ਸੀ। ਫਿਰ ਮੇਰੇ ਅੰਦਰੋਂ ਅਵਾਜ਼ ਆਈ, "ਆਪਣੇ ਭਾਪਾ ਜੀ ਕੋਲ ਚਲੀ ਜਾ।"

ਏਥੇ ਮੇਰੇ ਭਾਪਾ ਜੀ 'ਕੱਲੇ ਸੀ। ਸਵੇਰੇ ਉੱਠ ਕੇ ਮੈਂ ਆਪਣੀ ਜੇਠਾਣੀ ਨੂੰ ਕਿਹਾ, "ਭਾਬੀ ਜੀ ਮੈਂ ਭਾਪਾ

ਜੀ ਨੂੰ ਮਿਲਣ ਜਾਣਾ। ਦਸ ਦਿਨ ਰਹਿ ਕੇ ਆਉਣਾ।"

ਬਹਾਨੇ ਨਾਲ ਆਪੇ ਬੁਣੇ ਜਾਲ਼ ਵਿਚੋਂ ਬਾਹਰ ਨਿਕਲ ਤੁਰੀ। ਉਧਰ ਮੇਰੀ ਕੁੜੀ ਇਕ ਹੋਰ ਜਾਲ਼ ਮੇਰੇ ਅੱਗੇ ਸੁੱਟਣ ਲੱਗੀ, "ਮੰਮੀ ਮੇਰੇ ਕੋਲ ਆ ਜਾਓ।"

ਮੈਂ ਸਿਰ ਫੇਰ ਦਿੱਤਾ, "ਨਹੀਂ , ਹਜੇ ਨਹੀਂ। ਧੀ ਦੇ ਘਰ ਬੈਠੀ ਮਾਂ ਚੰਗੀ ਨਹੀਂ ਲੱਗਦੀ।"

ਤਿੰਨ ਕੁ ਹਫ਼ਤਿਆਂ ਬਾਅਦ ਪਿਤਾ ਜੀ ਕਹਿਣ ਲੱਗੇ, "ਧੀਏ ਮੈਂ ਸ਼ੈਲਰ 'ਤੇ ਚਲੇ ਜਾਂਦਾ, ਪਿੱਛੋਂ ਤੂੰ 'ਕੱਲੀ ਰਹਿੰਦੀ ਏ। ਆਪਣੇ ਜੇਠ ਨੂੰ ਫੋਨ ਕਰ ਕਿ ਉਹ ਤੈਨੂੰ ਲੈ ਜਾਣ।'

ਭਾਪਾ ਜੀ ਦੇ ਜਾਣ ਤੋਂ ਬਾਅਦ ਮੈਂ ਬਹੁਤ ਰੋਈ। ਮਨ ਕੀਤਾ ਕਹਿ ਦਿਆ, "ਮੈਂ ਇਥੇ ਤੁਹਾਡੇ ਕੋਲ ਰਹਿਣਾ।" ਇਕ ਵਾਰ ਫਿਰ ਮੈਂ ਜਾਲ਼ ਵਿਚ ਫਸ ਗਈ। ਉਨ੍ਹਾਂ ਦੇ ਮਨ ਅੰਦਰ ਵੀ ਉਹ ਅਪਣਤ ਨਹੀਂ ਰਹੀ ਸੀ। ਪਤਾ ਨਹੀਂ ਕਿਸ ਝਾਕ ਵਿਚ ਉਨ੍ਹਾਂ ਮੈਨੂੰ ਘਰ ਰੱਖਿਆ ਹੋਇਆ ਸੀ। ਦਿਨ ਤਾਂ ਲੰਘ ਜਾਂਦਾ ਪਰ ਇਕੱਲੀ ਦੀ ਰਾਤ ਬਹੁਤ ਲੰਮੀ ਹੋ ਜਾਂਦੀ। ਸੋਚਾਂ ਮੇਰੇ ਦਿਮਾਗ ਵਿਚ ਗੇੜੇ ਕੱਢਣ ਲੱਗ ਪੈਂਦੀਆਂ। ਮੇਰਾ ਸਿਰ ਦਿਨ ਰਾਤ ਦੁਖਦਾ ਰਹਿੰਦਾ। ਭੁੱਖ ਲੱਗਣੋ ਵੀ ਘੱਟ ਗਈ। ਜਦੋਂ ਭਾਪਾ ਜੀ ਦਾ ਬਿਮਾਰ ਰਹਿਣ ਦਾ ਪਤਾ ਲੱਗਾ ਤਾਂ ਮੈਂ ਆਪਣੇ ਕੱਪੜੇ ਚੁੱਕ ਕੇ ਮੁੜ ਭਾਪਾ ਜੀ ਕੋਲ ਆ ਗਈ। ਮੈਂ ਉਨ੍ਹਾਂ ਨੂੰ ਕੁਝ ਨਾ ਕੁਝ ਬਣਾ ਕੇ ਖਵਾਉਣਾ। ਨਵਾਉਣਾ। ਕੰਮ ਕਾਰ ਤੇ ਗੱਲ ਬਾਤ ਵਿਚ ਮੇਰੇ ਦਿਨ ਸੋਹਣਾ ਲੰਘਣ ਲੱਗ ਪਿਆ। ਰਾਤ ਨੂੰ ਦੇਰ ਤੱਕ ਅਸੀਂ ਗੱਲਾਂ ਕਰਦੇ ਰਹਿੰਦੇ ਸੀ। ਘਰ ਵਿਚ ਭਾਵੇਂ ਨੌਕਰ ਵੀ ਸਨ। ਉਹ ਉੱਤੇ ਦਾ ਸਾਰਾ ਕੰਮ ਕਰ ਦਿੰਦੇ। ਇਕ ਦਿਨ ਭਾਪਾ ਜੀ ਐਸੇ ਮੰਜੇ ਨਾਲ ਲੱਗੇ ਕਿ ਮੁੜ ਉੱਠੇ ਹੀ ਨਾ। ਘਰ ਵਿਚ ਮੈਂ ਫਿਰ ਇਕੱਲੀ ਰਹਿ ਗਈ। ਉਨ੍ਹਾਂ ਦਿਨਾਂ ਵਿਚ ਮੇਰੇ ਇੰਗਲੈਂਡ ਵਾਲੇ ਭੂਆ ਜੀ ਆਏ। ਆਪਣੇ ਭਰਾ ਨਾਲ ਉਨ੍ਹਾਂ ਦੀ ਬਹੁਤ ਸਾਂਝ ਸੀ। ਅਸੀਂ ਸੱਤੇ ਭੈਣਾਂ ਉੱਚੀਆਂ ਲੰਮੀਆਂ ਤੇ ਰੱਜ ਕੇ ਸੋਹਣੀਆਂ ਸੀ। ਭੂਆ ਵੀ ਸਾਡੇ ਵਰਗੀ ਸੀ। ਸਾਡੇ ਘਰਾਂ ਵਿਚ ਮੁੰਡੇ ਦੀ ਬਹੁਤ ਘਾਟ ਸੀ। ਮੈਨੂੰ ਗੁਰੂ ਜੀ ਦੀ ਗੱਲ ਚੇਤੇ ਆਉਂਦੀ ਸੀ। ਦੋ ਦੋ ਸਾਲ ਦਾ ਫ਼ਰਕ ਪਾ ਕੇ ਤਿੰਨੇ ਮਰਦ ਚਲੇ ਗਏ। ਮੇਰੇ ਮੁੰਡੇ ਨੂੰ ਚੌਦਾਂ ਸਾਲ ਹੋ ਗਏ। ਪਤੀ ਨੂੰ ਬਾਰਾਂ, ਤੇ ਭਾਪਾ ਜੀ ਨੂੰ ਦਸ। ਉਦੋਂ ਦੀ ਮੈਂ ਏਥੇ ਹੀ ਹਾਂ। ਮੈਂ ਆਪਣੇ ਆਪ ਨੂੰ ਮਜਬੂਤ ਕਰਨ ਲੱਗ ਪਈ, "ਹੁਣ ਮੈਂ 'ਕੱਲੀ ਨੇ ਰਹਿਣਾ, ਚੰਗੀ ਤਰ੍ਹਾਂ ਜੀਣਾ। ਬਗੈਰ ਫੌਹੜੀਆਂ ਤੋਂ ਤੁਰਨਾ। ਰਹਿੰਦੀ ਜ਼ਿੰਦਗੀ ਜਿਉਣਾ। ਜਿਹੜਾ ਗਿਆ ਸੋ ਗਿਆ।'

ਹੁਣ ਮੈਂ ਠੀਕ ਆ। ਰੱਬ ਨੇ ਸੋਹਣੀ ਰੋਟੀ ਦਿੱਤੀ ਹੋਈ। ਚਾਰ ਬੰਦਿਆਂ ਨੂੰ ਮੈਂ ਰੋਟੀ ਵੀ ਖਵਾ ਸਕਦੀ ਹਾਂ। ਮੇਰੀ ਕੰਮ ਵਾਲੀ ਆਉਂਦੀ। ਘਰ ਦਾ ਸਾਰਾ ਕੰਮ ਕਰ ਜਾਂਦੀ। ਪਰ ਰੋਟੀ ਮੈਂ ਆਪ ਤਿਆਰ ਕਰਦੀ। ਮੈਂ ਕਦੇ ਕੰਮਵਾਲੀ ਨਾਲ ਫ਼ਰਕ ਨਹੀਂ ਕੀਤਾ। ਰੋਟੀ ਉਹਨੂੰ ਵੀ ਦਿੰਦੀ। ਜਿੰਨੀ ਹੋਈ ਐਨ ਵੰਡ ਕੇ ਉਹਨੂੰ ਦੇ ਦਿੰਦੀ। ਪੈਸੇ ਵੀ ਬਾਕੀਆਂ ਨਾਲੋਂ ਵੱਧ ਦਿੰਦੀ। ਜੇ ਮੈਂ ਕਹਿ ਦਿਆ, 'ਉਪਰ ਸਫ਼ਾਈ ਕਰ ਆ।' ਕਹੂਗੀ ਮੇਰੇ ਕੋਲੋਂ ਨਹੀਂ ਹੁੰਦੀ। ਮੈਂ ਕਹਿ ਦਿਆ, ਪੰਜਾਹ ਰੁਪੈ ਲੈ ਲਵੀ ਤਾਂ ਝਟ ਤਿਆਰ ਹੋ ਜਾਂਦੀ। ਮੇਰੀਆਂ ਭੈਣਾਂ ਕਹਿੰਦੀਆਂ, ਤੂੰ ਕੋਈ ਪੱਕੀ ਕੰਮ ਵਾਲੀ ਰੱਖ ਲੈ। ਪਰ ਮੈਂ ਮੰਨਦੀ ਨਹੀਂ। ਪਤਾ ਨ੍ਹੀਂ ਹੁੰਦਾ ਬੰਦੇ ਦੇ ਮਨ 'ਚ ਕਦੋਂ ਲੋਭ ਆ ਜੇ। ਮੈਂ 'ਕੱਲੀ ਚੰਗੀ।

ਮੈਂ ਸਾਰਾ ਦਿਨ ਟੈਲੀਵੀਜ਼ਨ ਲਾਈ ਰੱਖਦੀ। ਭਜਨ ਸੁਣਦੀਂ, ਸੀਰੀਅਲ ਦੇਖਦੀ। ਖ਼ਬਰਾਂ ਸੁਣਦੀ, ਗਾਣੇ ਸੁਣ ਦੀ। ਮੇਰੇ ਕੰਨਾਂ ਵਿਚ ਆਵਾਜ਼ਾਂ ਪੈਂਦੀਆਂ ਰਹਿੰਦੀਆਂ। ਘਰ 'ਚ ਰੌਣਕ ਲੱਗੀ ਰਹਿੰਦੀ। ਟੈਮ ਟੈਮ ਦੀ ਗੱਲ ਆ, ਕੱਲਿਆਂ ਰਹਿਣਾ ਵੀ ਆ ਜਾਂਦਾ। ਪਹੁੰਚੇ ਹੋਏ ਗੁਰੂਆਂ ਦੇ ਪ੍ਰਵਚਨ ਕਿਸੇ ਨਾ ਕਿਸੇ ਚੈਨਲ ਤੇ ਚੱਲਦੇ ਰਹਿੰਦੇ, ਮੈਂ ਉਹ ਸੁਣਦੀ ਰਹਿੰਦੀ।

ਘਰ ਵਿਚ ਮੈਨੂੰ ਇਕੱਲਾਪਨ ਮਹਿਸੂਸ ਵੀ ਨਹੀਂ ਹੁੰਦਾ। ਕਿਰਾਏਦਾਰਾਂ ਦੀਆਂ ਘਰਵਾਲੀਆਂ ਵੀ



ਚੰਗੀਆਂ, ਮਿਲਣਸਾਰ, ਸੋਹਣਾ ਬੋਲਦੀਆਂ। ਚਟਪਟੀਆਂ ਚੀਜਾਂ ਜਦੋਂ ਬਣਾਉਂਦੀਆਂ ਮੈਨੂੰ ਸਵਾਦ ਜ਼ਰੂਰ ਕਰਵਾਉਂਦੀਆਂ।

ਭਾਪਾ ਜੀ ਦੀ ਕਿਰਿਆ ਵਾਲੇ ਦਿਨ, ਕਿਰਿਆ ਤੋਂ ਬਾਅਦ, ਬੰਦਿਆਂ ਦੀ ਪੰਚਾਇਤ ਜੁੜ ਗਈ। ਸਾਰੇ ਭਾਪਾ ਜੀ ਦੇ ਕਮਰੇ 'ਚ ਬੈਠੇ ਸੀ। ਮੇਰਾ ਜੇਠ ਉੱਠਿਆ ਹੱਥ ਜੋੜ ਕੇ ਬੋਲਿਆ, "ਅੱਜ ਕੁੰਤੀ ਨੂੰ ਅਸੀਂ ਆਪਣੇ ਨਾਲ ਲੈ ਜਾਣਾ।' ਉਧਰੋਂ ਮੇਰਾ ਚਾਚਾ ਜੀ ਨੇ ਉੱਠ ਕੇ ਕਿਹਾ, "ਜੀ ਬੇਟਾ, ਕੁੰਤੀ ਤੁਹਾਡੀ ਅਮਾਨਤ ਆ। ਜੀ ਸਕਦੇ ਲੈ ਜਾਓ। ਪਰ ਇੱਕ ਗੱਲ ਆ ਜਿਹੜੀ ਮੈਂ ਅੱਜ ਤੁਹਾਨੂੰ ਸਾਰਿਆਂ ਨੂੰ ਦੱਸਣੀ ਚਾਹੁੰਨਾ, ਇਹਦੇ ਭਾਪਾ ਜੀ ਦੀ ਖਵਾਹਿਸ਼ ਸੀ, 'ਕੁੰਤੀ ਮੇਰੇ ਮਗਰੋਂ ਇੱਥੇ ਹੀ ਰਹੂਗੀ। ਕੁੰਤੀ ਦੀ ਵੀ ਇਹੋ ਇੱਛਾ ਹੈ। ਜਦੋਂ ਭਾਪਾ ਜੀ ਬਿਮਾਰ ਸਨ ਉਹਨਾਂ ਮੇਰੀਆਂ ਸਾਰੀਆਂ ਭੈਣਾਂ ਨੂੰ ਸੱਦਿਆ। ਸਾਡੇ ਭੂਆ ਜੀ ਵੀ ਇਥੇ ਈ ਸੀ। ਭਾਪਾ ਜੀ ਉਹਨਾਂ ਨੂੰ ਕਹਿੰਦੇ, "ਹੁਣ ਕੁੰਤੀ ਨੇ ਇਥੇ ਹੀ ਰਿਹਾ ਕਰਨਾ। ਇਹ ਕੁੰਤੀ ਦਾ ਘਰ ਆ। ਏਹਦੇ ਨਾਲ ਤੁਹਾਡਾ ਪੇਕਾ ਘਰ ਖੁੱਲ੍ਹਾ ਰਹੇਗਾ। ਤੁਸੀਂ ਸਾਰੀਆਂ ਇਹਦੇ ਕੋਲ ਆਇਆ ਜਾਇਆ ਕਰਿਓ। ਮੇਰੇ ਤੋਂ ਬਾਅਦ ਤੁਸੀਂ ਘਰ ਦੇ ਟੋਟੇ ਕਰਕੇ ਆਪਣੇ ਆਪਣੇ ਘਰ ਨਹੀਂ ਲੈ ਕੇ ਜਾਣੇ।' ਤੇ ਪਿਤਾ ਜੀ ਰੋਣ ਲੱਗ ਪਏ ਸਨ। ਭਾਪਾ ਜੀ ਦਾ ਘਰ ਬਹੁਤ ਵੱਡਾ ਹੈ। ਉਪਰ ਵਾਲੇ ਕਮਰੇ ਕਿਰਾਏ ਉੱਤੇ ਚੜ੍ਹੇ ਰਹਿੰਦੇ ਸਨ। ਥੱਲੇ ਅਸੀਂ ਰਹਿੰਦੇ ਸੀ। ਜਦੋਂ ਮੈਂ ਆਪਣਾ ਮਨ ਪੱਕਾ ਕਰ ਲਿਆ ਕਿ ਮੈਂ ਏਥੇ ਰਹਿਣਾ... ਮੈਂ ਘਰ ਵਿਚ ਨਵੀਂ ਫਰਿੱਜ ਮੰਗਵਾ ਲਈ, ਨਵੇਂ ਬੈੱਡ ਲੈ ਲਏ। ਨਵੇਂ ਪਰਦੇ ਟੰਗ ਦਿੱਤੇ। ਬਗੀਚੀ ਵਿਚ ਮਾਲੀ ਤੋਂ ਫੁੱਲ ਲਗਵਾ ਲਏ। ਉਹ ਆਉਂਦਾ ਪਾਣੀ ਦੇ ਜਾਂਦਾ। ਉਨ੍ਹਾਂ ਨੂੰ ਠੀਕ ਕਰ ਜਾਂਦਾ।

ਮੈਂ ਸੋਚਦੀ ਸਾਂ ਜਿੰਨਾ ਚਿਰ ਜੀਣਾ ਹੈ ਹੱਸ ਕੇ ਜੀਣਾ ਹੈ। ਖੁਸ਼ ਹੋ ਕੇ ਜੀਣਾ ਹੈ। ਭਲਾ ਮਰਿਆ ਨਾਲ ਵੀ ਮਰਿਆ ਜਾਂਦਾ ਹੈ। ਮੈਂ ਘੱਟ ਤੋਂ ਘੱਟ ਪੰਦਰਾਂ ਸਾਲ ਤਾਂ ਹੋਰ ਜੀਵਾਗੀ ਹੀ। ਹੁਣ ਮੈਂ ਬਹੱਤਰ ਸਾਲ ਦੀ ਆ, ਪਰ ਸੱਠ ਦੀ ਲੱਗਦੀ ਹਾਂ। ਇਹ ਮੇਰੀ ਵੈੱਲ ਪਾਵਰ ਆ। ਮੈਂ ਗੱਲ ਕਰਦੀ ਸੀ। ਪੰਚਾਇਤ ਦੀ। ਮੈਂ ਤਾਂ ਬੈਠੀ ਬੈਠੀ ਨੇ ਕਹਿ ਦਿੱਤਾ, "ਵੇਖੋ ਮੈਂ ਏਥੇ ਠੀਕ ਆ, ਮੈਨੂੰ ਏਥੇ ਰਹਿਣ ਦਿਓ। ਏਥੇ ਮੈਨੂੰ ਚੰਗਾ ਸਾਹ ਆਉਂਦਾ। ਅਜੇ ਮੇਰਾ ਸਰੀਰ ਚੱਲਦਾ ਹੈ। ਜਦੋਂ ਰਹਿ ਗਿਆ ਫੇਰ ਤੁਹਾਡੀ ਮਰਜੀ।'

ਏਥੇ ਮੈਂ ਖੁਸ਼ ਹਾਂ। ਇਲਾਕੇ ਵਿਚ ਭਾਪਾ ਜੀ ਦਾ ਬਹੁਤ ਨਾਂ ਹੈ। ਸਾਰੇ ਮੇਰਾ ਹਾਲ ਚਾਲ ਪੁੱਛਦੇ ਨੇ। ਮੈਂ ਆਪਣੇ ਜੇਠ ਦੇ ਘਰ ਵੀ ਜਾਣਾ ਨਹੀਂ ਚਹੁੰਦੀ ਸੀ। ਕੋਠੀ ਨੂੰ ਘਰ ਵਾਲੇ ਦੇ ਮੁੱਕਣ ਸਾਰ ਜਿੰਦਾ ਲੱਗ ਗਿਆ ਸੀ। ਇਕ ਦਿਨ ਪਤਾ ਲੱਗਾ ਕਿ ਕੋਠੀਆਂ ਦੀ ਚੁਗਾਠ ਪੁੱਟ ਕੇ ਚੋਰਾਂ ਨੇ ਟੂਟੀਆਂ ਲਾਹ ਲਈਆਂ ਹਨ। ਅਤੇ ਪੱਖੇ ਗੀਜ਼ਰ ਲੈ ਗਏ ਹਨ। ਕੰਧਾਂ ਨੂੰ ਤਰੇੜਾਂ ਆ ਗਈਆਂ ਹਨ। ਕੁੜੀ ਨਾਲ ਸਲਾਹ ਕਰਕੇ ਮੈਂ ਇਹਨੂੰ ਵੇਚਣ ਨੂੰ ਫਿਰਦੀ ਹਾਂ। ਕੀ ਕਰਨੀ ਹੈ। ਐਡੀ ਵੱਡੀ ਕੋਠੀ। ਹੁਣ ਮੈਂ ਕੋਠੀ ਵੇਚਣੀ ਲਾਈ ਹੋਈ। ਐਸ ਬਿਮਾਰੀ, ਮਹਾਂਮਾਰੀ ਕਰਕੇ ਪ੍ਰੋਪਰਟੀ ਦੇ ਰੇਟ ਇਕ ਦਮ ਡਿੱਗ ਗਏ ਹਨ। ਸਾਰਾ ਕੁਝ ਤਾਂ ਠੱਪ ਹੋ ਗਿਆ ਹੈ। ਹਾਏ ਹਾਏ ਵੇ ਕਰੋਨਿਆ ... ਜਾ ਹੁਣ ਆਪਣੇ ਘਰ...। ਇਨ੍ਹਾਂ ਦਿਨ੍ਹਾਂ ਵਿਚ ਮੇਰੇ ਫ਼ੋਨ ਦੀ ਘੰਟੀ ਵੱਜਦੀ ਹੀ ਰਹਿੰਦੀ ਹੈ। ਮੈਂ ਕਿਤੇ ਕਿਤੇ ਤੰਗ ਆ ਜਾਂਦੀ ਹਾਂ। ਸੁੱਤੀ ਪਈ ਹੋਵਾਂ ਤਾਂ ਟਰਨ ਟਰਨ ਹੋ ਜਾਂਦੀ ਆ। ਕਿਤੇ ਫੋਨ ਦੀ ਬੈਟਰੀ ਮੁਕ ਜਾਂਦੀ ਆ। ਫੇਰ ਸਾਰੇ ਗੁਵਾਂਢ ਵਿਚ ਫੋਨ ਕਰ ਕੇ ਪੁੱਛਣ ਲੱਗ ਪੈਂਦੇ ... ਮਾਤਾ ਠੀਕ ਆ... ਨਾਨੀ ਠੀਕ ਆ...।

ਜਦੋਂ ਮੈਂ ਪਾਲਮਪੁਰ ਜਾਨੀ ਉਥੋਂ ਮੈਂ ਆਪਣੇ ਪੂਰੇ ਸਰੀਰ ਦੀ ਰਿਪੇਅਰ ਕਰਾ ਕੇ ਆਉਂਨੀ ਆ। ਮੇਰੇ ਜਵਾਈ ਦੀ ਡਾਕਟਰਾਂ ਨਾਲ ਬਹੁਤ ਵਾਕਫ਼ੀਅਤ ਆ। ਦਵਾਈਆਂ ਦੇ ਪੱਤੇ ਰੁੱਗ ਭਰ ਕੇ ਦੇ ਦਿੰਦੇ। ਮੈਂ ਜਦੋਂ ਮਨ ਕਰਦਾ ਖਾਂ ਲੈਂਦੀ... ਨਹੀਂ ਤਾਂ ਨਹੀਂ। ਮੇਰ ਦੋਹਤੇ-ਦੋਹਤੀਆਂ ਮੈਨੂੰ ਬਹੁਤ ਪਿਆਰ ਕਰਦੇ ਹਨ। ਪਰ ਮੇਰਾ ਮਨ ਛੇਤੀ ਹੀ ਏਥੇ ਆਉਣ ਨੂੰ ਕਾਹਲਾ ਪੈਣ ਲੱਗ ਪੈਂਦਾ।

ਇਸ ਸਾਲ ਕੋਰਾਨਾ ਕਰਕੇ ਤੇ ਸੱਟਾਂ ਕਰਕੇ ਮੇਰੀ ਸੈਰ ਛੁੱਟ ਗਈ। ਨਹੀਂ ਤਾਂ ਮੈਂ ਖੂੰਡੀ ਦੇ ਸਹਾਰੇ ਗੇੜਾ ਕੱਢ ਲੈਂਦੀ। ਮੈਂ ਕਈ ਵਾਰ ਬਾਥਰੂਮ ਵਿਚ ਡਿੱਗੀ। ਦੋ ਵਾਰ ਬਚਾ ਹੋ ਗਿਆ। ਇਕ ਵਾਰ ਨਹਾਉਣ ਲੱਗੀ ਦੇ ਸਿਰ 'ਚ ਸੱਟ ਲੱਗ ਗਈ। ਗੁੱਝੀ ਸੱਟ ਸੀ। ਲਹੂ ਨਹੀਂ ਨਿਕਲਿਆ। ਦਸ ਮਿੰਟ ਤਾਂ ਮੈਨੂੰ ਕੋਈ ਹੋਸ਼ ਹੀ ਨਹੀਂ ਆਈ। ਆਪੇ ਉੱਠੀ। ਰੌਲੀ ਪਾਈ। ਸੁਗੰਧੀ ਨੇ ਮੈਨੂੰ ਦਵਾਈ ਦਿੱਤੀ। ਉਸ ਦਿਨ ਤੋਂ ਮੈਂ ਬਾਥਰੂਮ ਵਿਚੋਂ ਫੱਟਾ ਚੁੱਕ ਕੇ ਕੁਰਸੀ ਰੱਖ ਲਈ। ਮਹੀਨੇ ਕੁ ਬਾਅਦ ਫੇਰ ਡਿੱਗ ਪਈ। ਇਸ ਵਾਰ ਚੂਲਾ ਹਿੱਲ ਗਿਆ। ਮਸਾਂ ਲੱਤ ਘੜੀਸ ਕੇ ਬਾਥਰੂਮ ਵਿਚ ਜਾਂਦੀ। ਦੋ ਢਾਈ ਮਹੀਨੇ ਮੈਨੂੰ ਚੂਲੇ ਨੇ ਬਹੁਤ ਤੰਗ ਕੀਤਾ। ਮੇਰੀ ਉਮਰ ਬੁਢਾਪੇ ਵੱਲ ਵੱਧਣ ਲੱਗ ਪਈ ਸੀ। ਏਸ ਉਮਰ ਵਿਚ ਬੰਦੇ ਦੇ ਅੰਦਰਲੀ ਵੈੱਲ ਪਾਵਰ ਘਟਣ ਲੱਗ ਪੈਂਦੀ ਹੈ। ਚਾਰ ਕੁ ਮਹੀਨੇ ਬਾਅਦ ਮੈਂ ਖੂੰਡੀ ਨਾਲ ਬਗੀਚੀ ਵਿਚ ਸੈਰ ਕਰਨ ਲੱਗ ਪਈ ਸਾਂ। ਮੈਂ ਤੇ ਨੰਦਨੀ ਸੈਰ ਕਰਨ ਜਾਂਦੀਆਂ ਸਨ। ਮੇਰੇ ਮਗਰੋਂ ਉਹ ਇਕੱਲੀ ਸੈਰ ਕਰ ਆਉਂਦੀ। ਇਕ ਦਿਨ ਕੋਈ ਬੰਦਾ, ਉਹਦੇ ਰਾਹ 'ਚ ਨੰਗਾ ਹੋ ਕੇ ਖੜਾ ਹੋ ਗਿਆ। ਉਹ ਦੱਸੇ, "ਬੀਬੀ ਮੈਂ ਤਾਂ ਡਰ ਹੀ ਗਈ। ਉਹ ਛਲੇਡਾ ਜਿਹਾ ਪਤਾ ਨਹੀਂ ਕਿੱਥੋਂ ਆ ਗਿਆ। ਸਵੇਰੇ ਈ ਉਹਨੂੰ ਅੱਗ ਲੱਗੀ ਹੋਈ ਸੀ। ਭਾਂਬੜ ਬਣਿਆ ਮਚਦਾ ਪਿਆ ਸੀ। ਹਾਏ ਬੀਬੀ... ਬੇਸ਼ਰਮ ਕਿਸੇ ਥਾਂ ਦਾ...।' ਉਸ ਦਿਨ ਤੋਂ ਬਾਅਦ ਨੰਦਨੀ ਦੀ ਸੈਰ ਵੀ ਛੁੱਟ ਗਈ ਸੀ। ਇਸ ਸਾਲ ਮੈਨੂੰ ਲੱਗਦਾ ਮੇਰੇ ਤੇ ਸ਼ਨੀ-ਮੰਗਲ ਦਾ ਪ੍ਰਕੋਪ ਪੈ ਗਿਆ। ਮੰਜੇ 'ਤੇ ਡਿੱਗਣ ਨਾਲ ਮੇਰੇ ਸਾਰੇ ਕੰਮ ਧਰੇ ਧਰਾਏ ਰਹਿ ਗਏ ਸਨ। ਇਕ ਦਿਨ ਮੈਂ ਨੰਦਨੀ ਨੂੰ ਲੈ ਕੇ ਆਟੋ ਵਿਚ ਬਜ਼ਾਰ ਚਲੇ ਗਈ। ਦਾਲਾਂ-ਸਬਜੀਆਂ ਮੁੱਕੀਆਂ ਹੋਈਆਂ ਸਨ। ਉਥੋਂ ਆਟੋ ਵਿਚ ਬੈਠਣ ਲੱਗੀ ਤਾਂ ਲੱਤ ਚੁੱਕ ਨਾ ਹੋਵੇ। ਮੈਂ ਜੋਰ ਲਾਵਾਂ ਪਰ ਲੱਤ ਚੁੱਕ ਕੇ ਆਟੋ ਵਿਚ ਰੱਖ ਨਾ ਹੋਵੇ। ਆਟੋ ਵਾਲੇ ਮੁੰਡੇ ਨੇ ਮੈਨੂੰ ਚੁੱਕ ਕੇ ਸੀਟ 'ਤੇ ਬਿਠਾ ਦਿੱਤਾ। ਮੈਂ ਨੰਦਨੀ ਨੂੰ ਮਾਸਕ ਵਿਚੋਂ ਹੀ ਕਿਹਾ, "ਨੰਦਨੀ ਲੱਗਦਾ ਮੈਨੂੰ ਕਰੋਨਾ ਨੇ ਜਕੜ ਲਿਆ। ਤੂੰ ਮੇਰੇ ਤੋਂ ਦੂਰ ਹੋ ਬੈਠ... ਕਿਤੇ ਤੈਨੂੰ ਵੀ...।"

ਬੜੀ ਮੁਸ਼ਕਲ ਨਾਲ ਘਰ ਪਹੁੰਚੀ। ਸ਼ਾਮ ਨੂੰ ਨੰਦਨੀ ਨੇ ਘਰ ਹੀ ਡਾਕਟਰ ਸੱਦ ਲਿਆ। ਉਸਨੇ ਮਸ਼ੀਨ ਨਾਲ ਮੇਰਾ ਬੁਖਾਰ ਚੈਕ ਕੀਤਾ। ਤੇ ਬੋਲਿਆ, "ਮਾਤਾ ਡਰਨ ਦੀ ਕੋਈ ਲੋੜ ਨਹੀਂ। ਤੁਸੀਂ ਪੰਦਰਾਂ ਦਿਨ ਘਰ ਵਿਚ ਬੰਦ ਹੋ ਜਾਓ। ਕਿਸੇ ਨੂੰ ਮਿਲਣਾ ਨਹੀਂ। ਡਰਨਾ ਵੀ ਨਹੀਂ।"

ਨੰਦਨੀ ਮੈਨੂੰ ਕਹਿੰਦੀ, "ਬੀਬੀ ਇਹ ਬਹੁਤ ਚੰਦਰੀ ਬਿਮਾਰੀ ਆ। ਤੁਸੀਂ ਹੁਣ ਤੋਂ ਇਕਾਂਤ ਵਿਚ ਚਲੇ ਜਾਓ। ਬਾਹਰ ਨਹੀਂ ਨਿਕਲਣਾ। ਖਾਣਾ ਮੈਂ ਬਣਾ ਕੇ ਤੁਹਾਡੇ ਕਮਰੇ ਬਾਹਰ ਮੇਜ਼ ਤੇ ਰੱਖ ਦਿਆ ਕਰਾਗੀ ਤੇ ਤੁਸੀਂ ਚੁੱਕ ਕੇ ਖਾ ਲਿਆ ਕਰੋ। ਕੰਮ ਵਾਲੀ ਨੂੰ ਵੀ ਘਰ ਨੂੰ ਤੋਰ ਦਿੱਤਾ। ਇਕ ਦਿਨ ਮੇਰੀ ਹਮਉਮਰ ਗੁਰਜੀਤ ਦਾ ਫੋਨ ਆ ਗਿਆ, ਉਹ ਫੋਨ ਤੇ ਰੋਣ ਲੱਗ ਪਈ, "ਦੀਦੀ ਮੈਂ ਤਾਂ ਬਹੁਤ ਦੁੱਖੀ ਆ। ਮੇਰੀ ਕੁੜੀ ਮੈਨੂੰ ਬਹੁਤ ਤੰਗ ਕਰਦੀ ਆ। ਇਹਦਾ ਘਰਵਾਲਾ ਇਹਨੂੰ ਬਹੁਤ ਕੁੱਟਦਾ। ਮੇਰੀ ਨੂੰਹ ਉਤੋਂ ਉਹਦਾ ਵੀ ਸਿਰਾ, ਉਹ ਨਿੱਤ ਕਲੇਸ਼ ਖੜਾ ਕਰੀ ਰੱਖਦੀ ਆ।' ਮੈਂ ਕਿਹਾ, "ਰੋ ਕੇ ਜ਼ਿੰਦਗੀ ਨਹੀਂ ਕੱਟੀ ਜਾਂਦੀ। ਮੇਰੇ ਵੱਲ ਵੇਖਦੀ ਆ, ਮੈਂ ਆਪਣੀ ਵੈੱਲ ਪਾਵਰ ਨਹੀਂ ਛੱਡੀ। ਮੈਂ ਵੀ ਅੰਦਰੋਂ ਬਹੁਤ ਦੁੱਖੀ ਹਾਂ। ਪਰ ਮੈਂ ਜਿਓ ਰਹੀ ਹਾਂ।' ਉਹ ਮੈਨੂੰ ਮਿਲਣ ਲਈ ਤਰਲੋ ਮੱਛੀ ਹੋਈ ਫਿਰਦੀ ਸੀ। ਕਹਿੰਦੀ ਗੱਲਾਂ ਕਰਨ ਨੂੰ ਬਹੁਤ ਮਨ ਕਰਦਾ। ਮੈਂ ਕਿਹਾ ਮੈਂ ਇਕਾਂਤਵਾਸ ਵਿਚ ਗਈ ਹੋਈ ਹਾਂ। ਮੈਨੂੰ ਅਜੇ ਮਿਲਣ ਨਾ ਆਵੀਂ। ਜੇ ਤੇਰਾ ਨਹੀਂ ਸਰਦਾ ਤਾਂ ਮੈਨੂੰ ਫੋਨ ਕਰ ਲਿਆ ਕਰ।'

ਮੈਂ ਤਾਂ ਹਜੇ ਹੋਰ ਜੀਣਾ। ਹਜੇ ਮੈਂ ਪੰਦਰਾਂ ਵੀਹ ਸਾਲ ਹੋਰ ਜੀਣਾ। ਆਪਣੇ ਦੋਹਤੇ ਦਾ ਵਿਆਹ ਵੇਖਣਾ। ਉਹਦੇ ਬੱਚੇ ਖਿਡਾਉਣੇ। ਮੈਂ ਤਾਂ ਨਵੇਂ ਦੋ ਸੂਟ ਸੀਣੇ ਵੀ ਦਿੱਤੇ ਹੋਏ ਆ। ਟੇਲਰ ਨੂੰ ਤਗੀਦ ਕੀਤੀ ਬਈ ਸੂਟਾਂ ਨਾਲ ਦੇ ਮਸ਼ਕ ਵੀ ਬਣਾ ਦੇ।

***ਸੰਪਰਕ-99889-30287***



# ਕਹਾਣੀ / ਮੈਂ ਆਪ ਨਾ ਲਾਈਆ ਵੇ / ਬਲਵੀਰ ਕੌਰ ਰੀਹਲ

(ਬੁੱਢੇ ਬੰਦੇ ਦੀ ਔਰਤ ਨੂੰ ਭੋਗਣ ਦੀ ਹਿਰਸ਼ ਪਿੱਛੇ ਕਾਰਜਸ਼ੀਲ ਤੱਤ ਕਹਾਣੀ ਦਾ ਮੂਲ ਅਧਾਰ ਹਨ। ਭਾਗ ਸਿੰਘ ਬਾਹਰੀ ਤੌਰ 'ਤੇ ਧਾਰਮਿਕ ਬਿਰਤੀ ਦਾ ਸਦਾਚਾਰੀ ਮਨੁੱਖ ਹੈ। ਪਰ ਬੰਦੇ ਅੰਦਰ ਕਾਮ ਦੀ ਕੁਦਰਤੀ ਪ੍ਰਵਿਰਤੀ ਮਰਦੀ ਨਹੀਂ। ਆਪਣੀਆਂ ਅੱਥਰੀਆਂ ਰੀਝਾਂ ਦੀ ਪੂਰਤੀ ਲਈ ਉਹ ਆਪਣੀ ਇੱਜ਼ਤ ਤੇ ਜ਼ਮੀਰ ਦਾਅ ਤੇ ਲਾ ਦਿੰਦਾ ਹੈ। ਜੱਸੀ ਦਾ ਉਸ ਨਾਲ ਜੁੜਨਾ ਵੀ ਸਹਿਜ ਕ੍ਰਮ ਹੈ। ਉਸਦੀਆਂ ਦੈਹਿਕ ਲੋੜਾਂ ਹਨ। ਬਲਵੀਰ ਨੇ ਮਨੁੱਖ ਦੀ ਬੇਸਿਕ ਨੀਡ ਨੂੰ ਕਹਾਣੀ ਦਾ ਕੇਂਦਰੀ ਧੁਰਾ ਬਣਾਇਆ ਹੈ। -ਸੰਪਾਦਕ)

ਮੈਂ ਜਦੋਂ ਸ਼ਾਮ ਨੂੰ ਸੈਰ ਕਰਨ ਘਰੋਂ ਦੂਰ ਤੱਕ ਜਾਂਦੀ ਹਾਂ, ਮੇਰੀ ਸੁਰਤੀ ਕੁਦਰਤ ਨਾਲ ਇੱਕਮਿਕ ਹੋ ਜਾਂਦੀ ਹੈ। ਕੁੱਝ ਪਲਾਂ ਲਈ ਮੈਂ ਕੁਦਰਤ ਹੀ ਕੁਦਰਤ ਹੋ ਜਾਂਦੀ ਹਾਂ। ਮਨ ਮੇਰਾ ਨੱਚ ਉੱਠਦਾ ਹੈ, ਸੂਰਜ ਦਾ ਡੁੱਬਣਾ, ਉਹਦਾ ਖੂਬਸੂਰਤ ਰੰਗ ਮੈਂ ਆਪਣੇ ਕਲਾਵੇ ਵਿਚ ਭਰ ਲੈਂਦੀ ਹਾਂ।

ਪਲਾਂ ਛਿਣਾਂ ਵਿਚ ਹੀ ਡੁੱਬਦਾ ਸੂਰਜ ਨਜ਼ਰੋਂ ਉਹਲੇ ਹੋ ਗਿਆ, ਅਕਾਸ਼ 'ਤੇ ਲਾਲੀ ਜਿਹੀ ਭਾਅ ਮਾਰਦੀ ਬਚ ਗਈ ਹੈ। ਮੇਰੀਆਂ ਨਜ਼ਰਾਂ ਵਾਰ-ਵਾਰ ਅਕਾਸ਼ ਦਾ ਨਜ਼ਾਰਾ ਤੱਕ ਰਹੀਆਂ ਹਨ। ਪੰਛੀ ਡਾਰਾਂ ਬਣਾ-ਬਣਾ ਕੇ ਘਰਾਂ ਨੂੰ ਜਾ ਰਹੇ ਹਨ।

ਉਹ ਕਦੇ ਇਕੱਲੇ ਨਹੀਂ ਉੱਡਦੇ, ਅਸਮਾਨ ਵਿਚ ਆਪਣੀਆਂ ਜੋੜੀਆਂ ਨਾਲ ਉੱਡ ਕੇ ਮੰਜ਼ਿਲ 'ਤੇ ਪਹੁੰਚਦੇ ਹਨ।

ਜੱਸੀ ਮੈਨੂੰ ਘਰ ਨੂੰ ਪਰਤਦਿਆਂ ਗਲੀ ਦੇ ਮੋੜ ਤੇ ਮਿਲਦੀ ਹੈ। ਪੰਛੀਆਂ ਵਾਂਗ ਉਹਦੀ ਕੋਈ ਜੋੜੀ ਨਹੀਂ, ਇਕੱਲੀ ਹੀ ਤੁਰੀ ਜਾਂਦੀ ਸੀ। ਇਕ ਦਿਨ ਮੈਂ ਗੌਰ ਨਾਲ ਉਹਦੇ ਮੂੰਹ ਵੱਲ ਵੇਖਿਆ, ਮੂੰਹੋਂ ਤਾਂ ਹੁਣ ਉਹ ਉਤਾਰ ਹੋ ਗਈ ਹੈ। ਚਿਹਰੇ ਤੇ ਝੁਰੜੀਆਂ ਸਾਫ਼ ਦਿਸਦੀਆਂ ਹਨ। ਮੈਂ ਉਹਨੂੰ ਸਰਸਰਾ ਜਿਹਾ ਬੁਲਾਇਆ ਤੇ ਅਗਾਂਹ ਲੰਘ ਗਈ।

ਅਗਲੇ ਦਿਨ ਮੈਂ ਆਪਣੇ ਰੁਟੀਨ ਨਾਲ ਹੀ ਸੈਰ ਕਰਨ ਕਰਨ ਜਾਂਦੀ ਹਾਂ ਪਰ ਅੱਜ ਮੈਨੂੰ ਮੋੜ 'ਤੇ ਜੱਸੀ ਨਹੀਂ ਮਿਲੀ।

ਪੱਠਿਆ ਦਾ ਰੇੜ੍ਹਾ ਲੈ ਕੇ ਜਾਂਦਾ ਭਾਗ ਸਿੰਘ ਮਿਲ ਪਿਆ ਹੈ। ਭਾਗ ਸਿੰਘ ਬੁੱਢਾ ਭਾਵੇਂ ਹੋ ਗਿਆ ਹੈ, ਅੱਖ ਉਹਦੀ ਅਜੇ ਵੀ ਅੰਬਰੋਂ ਚਿੜ੍ਹੀਆਂ ਲਾਹੁਣ ਵਾਲੀ ਹੈ।

ਕਿਸੇ ਕਿਸੇ ਦਿਨ ਜੱਸੀ ਮਿਲ ਪੈਂਦੀ ਹੈ ਤੇ ਵਿਚ ਵਿਚਾਲੇ ਭਾਗ ਸਿੰਘ ਵੀ ਮਿਲਦਾ ਰਹਿੰਦਾ ਹੈ। ਖੇਤਾਂ ਨੂੰ ਫ਼ਸਲਬਾੜੀ ਦਾ ਕੰਮ ਕਰਨ ਤੁਰਿਆ ਹੀ ਰਹਿੰਦਾ ਹੈ।

ਘਰ ਪਹੁੰਚ ਕੇ ਮੈਂ ਰੋਜ਼ ਕੋਈ ਨਾ ਕੋਈ ਜੱਸੀ ਦੀ ਗਿਣਤੀ-ਮਿਣਤੀ ਕਰਨ ਲੱਗ ਪੈਂਦੀ ਹਾਂ। ਕਦੇ-ਕਦੇ ਉੱਚੀ ਅਵਾਜ਼ ਵਿਚ ਵਡਾਲੀ ਦਾ ਗੀਤ ਪੂਰੇ ਵਜ਼ਦ ਵਿਚ ਆ ਕੇ ਸੁਣਦੀ ਹਾਂ।

ਮੈਂ ਆਪ ਨਾ ਲਾਈਆ ਵੇ...

ਸੈਰੋਂ ਮੁੜਦਿਆ ਅਜੇ ਮੁੜਕਾ ਹੀ ਸੁਕਾਇਆ ਸੀ, ਪਾਠੀ ਰਹਿਰਾਸ ਸਾਹਿਬ ਦਾ ਪਾਠ ਪੜ੍ਹਨਾ ਆਰੰਭ ਕਰਦਾ ਹੈ। ਸਪੀਕਰ ਵੱਜਣ ਨਾਲ ਹੀ ਮੈਂ ਗੀਤ ਬੰਦ ਕਰ ਦਿੰਦੀ ਹਾਂ, ਸਪੀਕਰ ਦੀ ਆਵਾਜ਼ ਨਾਲ ਹੀ ਮੇਰੀ ਤਾਰ ਫਿਰ ਜੱਸੀ ਨਾਲ ਜੁੜ ਜਾਂਦੀ ਹੈ।

ਇਹ ਤਾਰਾਂ ਵੀ ਕਮਾਲ ਦੀਆਂ ਹਨ,ਪਤਾ ਨਹੀਂ ਕਿਹੜੇ ਵੇਲੇ ਕਿਹਦੇ ਨਾਲ ਜੁੜ ਜਾਣ।

ਭਾਗ ਸਿੰਘ ਦੋ ਵੇਲੇ ਨੇਮ ਨਾਲ ਗੁਰੂ ਘਰ ਜਾਂਦਾ ਹੈ, ਬਹੁਤ ਸੇਵਾ ਕਰਦਾ ਹੈ। ਉਹਦੀ ਸੇਵਾ ਭਾਵਨਾ ਤੋਂ ਖੁਸ਼ ਹੋ ਕੇ ਸੰਗਤ ਨੇ ਉਹਨੂੰ ਗੁਰੂ ਘਰ ਦਾ ਪ੍ਰਧਾਨ ਬਣਾ ਦਿੱਤਾ ਹੈ। ਭਾਗ ਸਿੰਘ ਕੋਲ ਗੁਰੂ ਘਰ ਦੀ

ਗੋਲਕ ਦੀ ਚਾਬੀ ਵੀ ਆ ਗਈ ਹੈ। ਹੁਣ ਉਹਦੇ ਹੁਕਮ ਤੋਂ ਬਗ਼ੈਰ ਗੋਲਕ ਨਹੀਂ ਖੋਲੀ ਜਾਂਦੀ। ਭਾਗ ਸਿੰਘ ਚਾਬੀਆਂ ਤਾਂ ਕਈ ਸੰਭਾਲੀ ਬੈਠਾ ਹੈ। ਬਹੁਤੇ ਤਾਲੇ...

ਸਾਂਝਾ ਗੁਰੂ ਘਰ ਤਾਂ ਪੁਰਾਣੇ ਸਮਿਆਂ ਦੀਆਂ ਗੱਲਾਂ ਹੋ ਗਈਆਂ ਹਨ। ਮੈਂ ਵੀ ਕਦੇ ਅੱਗਿਓਂ ਲੰਘਾ ਤਾਂ ਬਾਹਰੋਂ ਹੀ ਸਿਰ ਨਿਵਾ ਕੇ ਲੰਘ ਜਾਂਦੀ ਹਾਂ। ਇਕ ਦਿਨ ਮਨ ਕੀਤਾ ਅੰਦਰ ਜਾ ਕੇ ਮੱਥਾ ਟੇਕ ਆਵਾਂ।

ਵਾਹਵਾਂ ਰੌਣਕ ਲੱਗੀ ਪਈ ਸੀ। "ਕੁੜੇ ਕੁੜੀਏ ਤੂੰ ਵੀ ਆ ਜਾਇਆ ਕਰ, ਸੇਵਾ ਕਰਨ।" ਜੱਸੀ ਨੇ ਮੈਨੂੰ ਪੰਗਤ ਵਿਚ ਬੈਠ ਕੇ ਚਾਹ ਕਪੌੜਿਆ ਦਾ ਲੰਗਰ ਛੱਕਣ ਦਾ ਇਸ਼ਾਰਾ ਕੀਤਾ।

"ਆਂਟੀ ਮੈਂ ਲੰਗਰ ਛਕ ਕੇ ਜਾਵਾਗੀ, ਤੁਸੀਂ ਚਿੰਤਾ ਨਾ ਕਰੋ।"

ਜੱਸੀ ਹਰ ਇੱਕ ਦੇ ਮੋਹਰਿਓਂ ਖ਼ਾਲੀ ਬਰਤਨ ਚੁੱਕ-ਚੁੱਕ ਕੇ ਧੋ ਰਹੀ ਸੀ।

ਲੰਗਰ ਹਾਲ ਵਿਚੋਂ ਅਵਾਜ਼ਾਂ ਆ ਰਹੀਆਂ ਸਨ, ਜੱਪੋ ਸਤਿਨਾਮ ਵਾਹਿਗੁਰੂ ਵਾਹਿਗੁਰੂ ਜੀ, ਜੱਪੋ...

ਮੈਂ ਮੱਥਾ ਟੇਕਿਆ ਲੰਗਰ ਛਕਿਆ, ਘਰ ਆ ਕੇ ਲੰਮੀ ਪੈ ਗਈ। ਮੇਰੀ ਅੱਖ ਨਹੀਂ ਲੱਗ ਰਹੀ, ਅੱਖ ਲੱਗੇ ਵੀ ਕਿਵੇਂ, ਸੁਰਤੀ ਤਾਂ ਘੁੰਮ ਰਹੀ ਆ ਜੱਸੀ ਵੱਲ।

ਜੱਸੀ ਬਹੁਤ ਸੋਹਣੇ ਘਰ ਵਿਚ ਰਹਿ ਰਹੀ ਹੈ, ਹੱਥ ਲਾਇਆ ਹੀ ਘਰ ਮੈਲ਼ਾ ਹੁੰਦਾ, ਲਿਸ਼ਕਾ ਮਾਰਦਾ ਹੈ। ਮੈਨੂੰ ਉਹਦਾ ਮੁੰਡਾ ਵੀ ਕਦੇ-ਕਦੇ ਐਕਟਿਵਾ 'ਤੇ ਸ਼ਹਿਰ ਨੂੰ ਜਾਂਦਾ ਮਿਲ ਪੈਂਦਾ ਹੈ। ਗ੍ਰੇਅ ਮੈਟਰਸ ਵਾਲਿਆ ਦੇ ਆਈਲਸ ਕਰਦਾ ਹੈ। ਜੱਸੀ ਨੇ ਕੁੜੀ ਜਲਦੀ-ਜਲਦੀ ਵਿਆਹ ਦਿੱਤੀ ਹੈ।

ਜੱਸੀ ਦਾ ਪਤੀ ਪੰਜੀ ਦਸੀਂ ਸਾਲੀ ਗੇੜਾ ਮਾਰਦਾ ਹੈ। ਵਚਾਰੀ ਸੁੱਖਣਾ ਸੁੱਖਦੀ ਰਹਿੰਦੀ ਹੈ।

ਸੱਚੇ ਪਾਤਸ਼ਾਹ ਮਿਹਰ ਕਰੀ, ਕਿਤੇ ਠੰਡਾ ਬੁੱਲਾ...

ਜਦੋਂ ਉਹਦੀ ਸੁੱਖੀ ਸੁੱਖਣਾ ਪੂਰੀ ਹੋ ਜਾਂਦੀ ਹੈ ਤਾਂ, ਹਾੜੀ-ਸੌਣੀ ਜੱਸੀ ਘਰ ਪੰਜ ਸਿੰਘ ਬੁਲਾ ਕੇ ਉਹਨਾਂ ਨੂੰ ਬ੍ਰਹਮ ਭੋਜ ਛਕਾਉਂਦੀ ਹੈ। ਇਹਨਾਂ ਪੰਜਾਂ ਵਿਚ ਭਾਗ ਸਿੰਘ ਮੋਹਰੀ ਹੁੰਦਾ ਹੈ। ਪੰਜਾਂ ਵਿਚ ਪ੍ਰਮੇਸ਼ਰ ਦਾ ਵਾਸਾ...।

ਜੱਸੀ ਮੁੰਡੇ ਨੂੰ ਕੋਲ ਬਿਠਾ ਕੇ ਸਮਝਾ ਰਹੀ ਹੈ, "ਘਰ ਆਈ ਸੰਗਤ ਦਾ ਖਿਆਲ ਰੱਖਣਾ ਹੈ ਕਿਤੇ ਕੋਈ ਕੁਤਾਹੀ ਨਾ ਹੋ ਜਾਵੇ।"

ਭਾਗ ਸਿੰਘ ਅਰਦਾਸਾਂ ਸੋਧਦਾ ਹੈ, ਮੁੰਡਾ ਹੱਥਾਂ 'ਤੇ ਪਾਣੀ ਪਾਉਂਦਾ ਹੈ, ਪਾਣੀ ਦੀ ਚੂਲੀ ਲੈ ਕੇ ਮੂੰਹ ਹੱਥ ਸਾਫ਼ ਕਰਦਾ ਹੈ ਤੇ ਮੋਢੇ 'ਤੇ ਰੱਖੇ ਪਰਨੇ ਨਾਲ ਹੱਥ ਪੂੰਝ ਲੈਂਦਾ ਹੈ। ਜੱਸੀ ਘਰੋਂ ਜਾ ਰਹੀ ਸਾਧ-ਸੰਗਤ ਲਈ ਨਿਮਰਤਾ ਸਹਿਤ ਹੱਥ ਜੋੜ ਕੇ ਖੜੀ ਹੈ। ਪ੍ਰਮਾਤਮਾ ਨੂੰ ਧਿਆਉਂਦੀ ਵਾਪਸ ਮੁੜ ਆਉਂਦੀ ਹੈ ਤੇ ਇਕ ਲੰਬਾ ਜਿਹਾ ਹਉਕਾ ਲੈ ...ਬੂਹਾ ਬੰਦ ਕਰ ਦਿੰਦੀ ਹੈ।

ਸਮਾਂ ਲੰਘੀ ਜਾ ਰਿਹਾ ਹੈ, ਭਲਾ ਕਦੇ ਸਮਾਂ ਵੀ ਕਿਸੇ ਲਈ ਖੜ੍ਹਿਆ ਹੈ, ਜੱਸੀ ਇੱਕ ਹੋਰ ਲੰਮਾ ਜਿਹਾ ਹਉਕਾ ਲੈਂਦੀ ਹੈ।

ਹੁਣ ਜੱਸੀ ਹਾੜ੍ਹੀ ਸਾਉਣੀ ਸੁੱਖਣਾ ਨਹੀਂ ਪੂਰੀ ਕਰਦੀ, ਹਰੇਕ ਮਹੀਨੇ ਇਕੱਲੇ ਇੱਕੋ ਮਹਾਂਪੁਰਸ਼ ਨੂੰ ਪ੍ਰਸ਼ਾਦਾ ਛਕਾ ਦਿੰਦੀ ਹੈ। ਭਾਗ ਸਿੰਘ ਦੇ ਜੂਠੇ ਬਰਤਨ ਜੱਸੀ ਝੁਕ ਕੇ ਚੁੱਕਣ ਲੱਗੀ ਤਾਂ, ਭਾਗ ਸਿੰਘ ਦੀ ਨਿਗਾਹ ਡੀਪਨੈੱਕ ਤੋਂ ਅਗਾਂਹ ਜੱਸੀ ਦੇ ਜਿਸਮ ਦੀ ਸਕਰੀਨਿੰਗ ਕਰ ਜਾਂਦੀ ਹੈ।

ਭਾਗ ਸਿੰਘ ਨੂੰ ਇਕ ਦਮ ਝਟਕਾ ਜਿਹਾ ਲੱਗਿਆ ਹੈ। ਭਾਗ ਸਿੰਘ ਦੀ ਪੂਰੀ ਦੇਹ ਕੰਬ ਜਿਹੀ ਜਾਂਦੀ ਹੈ। ਬ੍ਰਹਮ ਭੋਜ ਛਕਣ ਤੋਂ ਬਾਅਦ ਉਹ ਪ੍ਰਮਾਤਮਾ ਦਾ ਸ਼ੁਕਰਾਨਾ ਵੀ ਮਸੀਂ ਕਰ ਸਕਿਆ ਹੈ ਤੇ ਤੁਰਨ ਲੱਗਾ ਜੱਸੀ ਦੇ ਸਿਰ ਵੱਲ ਪਿਆਰ ਨਾਲ ਵਧਿਆ ਹੱਥ ਪਿਛਾਂਹ ਨੂੰ ਕਰ ਕੇ ਚਲਿਆ ਗਿਆ ਹੈ।

ਭਾਗ ਸਿੰਘ ਸਾਰੀ ਰਾਤ ਉੱਸਲਵੱਟੇ ਲੈਂਦਾ ਰਿਹਾ ਹੈ । ਜੱਸੀ ਦਾ ਹੁਣ ਨਿੱਤਨੇਮ ਵਧ ਗਿਆ ਹੈ, ਲੱਗਦਾ ਪ੍ਰਮਾਤਮਾ ਨੇ ਉਹਦੀ ਗੱਲ ਨੇੜੇ ਹੋ ਕੇ ਸੁਣ ਲਈ ਹੈ। ਭਾਗ ਸਿੰਘ ਦੇ ਪੂਰੇ ਸਰੀਰ ਵਿਚ ਸਾਰੀ ਰਾਤ ਖ਼ੂਨ ਤੇਜ਼ ਦੌਰਾ ਕਰਦਾ ਰਿਹਾ ਹੈ ।ਦਿਨੋਂ ਦਿਨ ਭਾਗ ਸਿੰਘ ਦੇ ਜੱਸੀ ਦੇ ਘਰ ਆਉਣਾ ਜਾਣਾ ਵਧ ਗਿਆ



ਹੈ। ਜਦੋਂ ਜੱਸੀ ਦਾ ਮੁੰਡਾ ਘਰ ਨਾ ਹੁੰਦਾ ਤਾਂ ਉਹ ਹੌਲੀ ਜਿਹੇ ਫੋਨ ਕਰਕੇ ਉਹਨੂੰ ਬੁਲਾ ਲੈਂਦੀ ਹੈ ਜਾਂ ਭਾਗ ਸਿੰਘ ਆਪਣੇ ਘਰ..

ਸਾਲ ਵਿਚ ਦੋ ਅਜਿਹੇ ਮੌਕੇ ਆਉਂਦੇ ਹਨ, ਜਦੋਂ ਪਿੰਡ ਦੀ ਸੰਗਤ ਦੂਰ ਇਕ ਮੇਲੇ 'ਤੇ ਇਕੱਠੀ ਹੋ ਕੇ ਜਾਂਦੀ ਹੈ ਤੇ ਪਿੰਡ ਵੱਲੋਂ ਸਾਝਾਂ ਲੰਗਰ ਬਾਬੇ ਨਾਲ ਰਲ਼ ਕੇ ਲਾਉਂਦੀ ਹੈ।

"ਮੇਰੀ ਸਿਹਤ ਠੀਕ ਨਹੀਂ ਹੈ!" ਭਾਗ ਸਿੰਘ ਸਿਹਤ ਖਰਾਬ ਹੋਣ ਦਾ ਬਹਾਨਾ ਲਾ ਕੇ ਅੱਜ ਘਰੇ ਹੀ ਰੁਕ ਗਿਆ। ਮਗਰੋਂ ਭਾਗ ਸਿੰਘ ਨੇ ਜੱਸੀ ਨੂੰ ਫ਼ੋਨ ਕਰਕੇ ਆਪਣੇ ਘਰ ਹੀ ਬੁਲਾ ਲਿਆ। ਦੋਵੇਂ ਫਟਾਫਟ ਆਪੋ ਆਪਣੇ ਕੱਪੜੇ ਸਿੱਧੇ ਕਰ ਰਹੇ ਸਨ, ਜੱਸੀ ਨੇ ਚਾਦਰ ਵੀ ਚੰਗੀ ਤਰ੍ਹਾਂ ਵਿਛਾ ਦਿੱਤੀ ਹੈ। ਜਾਂਦੀ ਹੋਈ ਨੇ ਸੁਆਰ ਕੇ ਸਿਰ 'ਤੇ ਚੁੰਨੀ ਲੈ ਲਈ ਹੈ।

ਹੌਲੀ-ਹੌਲੀ ਭਾਗ ਸਿੰਘ ਦੇ ਪਰਿਵਾਰ ਤੱਕ ਵੀ ਗੱਲ ਪੁੱਜਦੀ-ਪੁੱਜਦੀ ਪਹੁੰਚ ਗਈ ਹੈ। ਚੇਤ ਚੌਦੇ ਦੇ ਦਿਨ ਭਾਗ ਸਿੰਘ ਦਾ ਪਰਿਵਾਰ ਜਠੇਰਿਆਂ ਦੀਆਂ ਸਮਾਧਾਂ ਲਈ ਲੰਗਰ ਤਿਆਰ ਕਰੀ ਬੈਠਾ ਹੈ।

"ਤੁਸੀਂ ਜਾ ਆਵੋ ਮੈਂ ਘਰ ਦੀ ਰਾਖੀ ਕਰਾਗਾਂ, ਨਾਲੇ ਅੱਜ ਮੇਰੀ ਤਬੀਅਤ ਠੀਕ ਨਹੀਂ ਹੈ।" ਭਾਗ ਸਿੰਘ ਜਾਣ ਤੋਂ ਮਨਾ ਕਰ ਰਿਹਾ ਹੈ।

ਸ਼ਾਮੀ ਭਾਗ ਸਿੰਘ ਨੇ ਜੱਸੀ ਨੂੰ ਘਰ ਆਉਣ ਦਾ ਸੁਨੇਹਾ ਦੇ ਦਿੱਤਾ ਹੈ, ਜੱਸੀ ਨੇ ਭਾਗ ਸਿੰਘ ਨੂੰ ਫੋਨ ਕੀਤਾ, ਕਿ ਪਤਾ ਕਰੇ ਘਰੋਂ ਸਾਰੇ ਚਲੇ ਗਏ ਜਾਂ ਨਹੀਂ , ਭਾਗ ਸਿੰਘ ਦਾ ਨਹਾਉਣ ਗਏ ਦਾ ਫੋਨ ਉਹਦੇ ਵੱਡੇ ਮੁੰਡੇ ਨੇ ਚੁੱਕ ਲਿਆ ਹੈ। ਜਦੋਂ ਜੱਸੀ ਦਾ ਫੋਨ ਆਇਆ ਤਾਂ ਵੱਡੇ ਮੁੰਡੇ ਨੇ ਉਹਨੂੰ , "ਹੂੰ ਹੀ" ਕਰਦੀ ਹੈ। ਜੱਸੀ ਸਮਝ ਜਾਂਦੀ ਹੈ ਕਿ ਭਾਗ ਸਿੰਘ ਨੇ ਹਾਂ ਕਰ ਦਿੱਤੀ ਹੈ। ਅੱਜ ਘਰ ਕੋਈ ਨਹੀਂ ਹੋਵੇਗਾ।

ਜੱਸੀ ਫਟਾਫਟ ਤਿਆਰ ਹੋ ਜਾਂਦੀ ਹੈ। ਉਹਨੇ ਡਿਉਡਰੈਂਟ ਲਾਇਆ, ਬੁੱਲਾਂ 'ਚ ਬੁੱਲ ਲੈ ਕੇ ਲਿਪਸਟਿਕ ਠੀਕ ਕੀਤੀ ਹੈ। ਸਿਰ 'ਤੇ ਚੁੰਨੀ ਲੈ ਕੇ ਕਾਹਲੇ-ਕਾਹਲੇ ਕਦਮੀ ਭਾਗ ਸਿੰਘ ਦੇ ਘਰ ਵੱਲ ਨੂੰ ਤੁਰ ਪੈਂਦੀ ਹੈ।

ਭਾਗ ਸਿੰਘ ਵੀ ਬੌਡੀ ਸਪ੍ਰੇਅ ਲਾ ਕੇ ਸੋਫ਼ੇ 'ਤੇ ਬੈਠਾ ਉਡੀਕ ਦੇ ਪਲ ਗਿਣ ਰਿਹਾ ਹੈ।

ਪਰਿਵਾਰ ਤਾਂ ਲੰਗਰ ਤਿਆਰ ਕਰ ਕੇ ਸਵੇਰੇ ਹੀ ਘਰੋਂ ਚਲਿਆ ਗਿਆ ਸੀ। ਦੁਪਹਿਰ ਦਾ ਟਿਕ-ਟਿਕਾਅ ਹੋ ਗਿਆ ਸੀ। ਜੱਸੀ ਨੇ ਆਲਾ-ਦੁਆਲਾ ਵੇਖਿਆ, ਭਾਗ ਸਿੰਘ ਜੱਸੀ ਨੂੰ ਅੰਦਰ ਵਾੜ ਕੇ ਝੱਟ ਬਾਹਰਲਾ ਗੇਟ ਬੰਦ ਕਰ ਲੈਂਦਾ ਹੈ।

ਹਾਬੜੇ ਹੋਏ ਭਾਗ ਸਿੰਘ ਨੇ ਉਹਨੂੰ ਝੱਟ ਬਾਹਾਂ ਵਿਚ ਘੁੱਟ ਲਿਆ ਹੈ। ਹੁਣ ਜੱਸੀ ਤੇ ਭਾਗ ਸਿੰਘ ਇੱਕ ਦੂਜੇ ਦੇ ਸਾਹਾਂ ਤੋਂ ਵੀ ਨੇੜੇ ਹਨ। ਭਾਗ ਸਿੰਘ ਦੇ ਫੋਨ 'ਤੇ ਵੀਡੀਓ ਚੱਲ ਰਹੀ ਹੈ।

ਇੰਨੇ ਨੂੰ ਬਾਹਰੋਂ ਗੇਟ ਖੜਕਣ ਦੀ ਆਵਾਜ਼ ਆ ਜਾਂਦੀ ਹੈ। ਸਾਰਾ ਪਰਿਵਾਰ ਪਲੈਨਿੰਗ ਕਰਕੇ ਗਿਆ ਸੀ, ਅੱਜ ਭਾਗ ਸਿੰਘ ਦੀ ਬਿਗੜੀ ਹੋਈ ਸਿਹਤ ਠੀਕ ਕਰਨੀ ਹੈ।

ਅੱਜ ਜੋ ਜੂਤ ਪਤਾਣ ਹੋਈ ਸਾਰਾ ਪਿੰਡ ਥੂਹ-ਥੂਹ ਕਰ ਰਿਹਾ ਹੈ। ਗੁਰਦੁਆਰੇ ਦੀ ਕਮੇਟੀ ਨੇ ਭਾਗ ਸਿੰਘ ਕੋਲੋਂ ਗੋਲਕ ਦੀਆਂ ਚਾਬੀਆਂ ਵਾਪਸ ਲੈ ਲਈਆ ਹਨ। ਪ੍ਰਧਾਨਗੀ ਵੀ ਖੁੱਸ ਗਈ ਹੈ।

ਹੁਣ ਜੱਸੀ ਬਹੁਤ ਉਦਾਸ ਰਹਿਣ ਲੱਗਦੀ ਹੈ। ਕਿਸੇ ਲਈ ਕੋਈ ਅਰਦਾਸ ਨਹੀਂ ਸੀ ਕਰਦੀ ਨਾ ਹੀ ਉਹਨੂੰ ਪ੍ਰਦੇਸ ਵਸਦੇ ਪਤੀ ਦੇ ਫੋਨ ਦੀ ਉਡੀਕ ਰਹਿੰਦੀ ਹੈ। ਜ਼ਮੀਨ ਦਾ ਠੇਕਾ ਆਈ ਜਾ ਰਿਹਾ ਹੈ। ਉਹ ਕੋਈ ਸੁੱਖਣਾ ਵੀ ਨਹੀਂ ਸੁੱਖਦੀ, ਜਿਹਨੂੰ ਪੂਰੀ ਕਰਵਾਉਣ ਲਈ ਉਹਨੂੰ ਗੁਰੂ ਘਰ ਜਾਣ ਦੀ ਜ਼ਰੂਰਤ ਹੈ। ਜੱਸੀ ਦੇ ਮੁੰਡੇ ਦੇ ਆਇਲਟਸ ਵਿਚੋਂ ਵਧੀਆ ਬੈਂਡ ਆ ਗਏ ਹਨ।

ਕਈ ਦਿਨਾਂ ਮਗਰੋਂ ਜੱਸੀ ਮੈਨੂੰ ਸੈਰ ਤੋਂ ਵਾਪਸ ਆਉਂਦੀ ਰਸਤੇ ਵਿਚ ਟੱਕਰ ਜਾਂਦੀ ਹੈ। ਉਹਦੇ ਚਿਹਰੇ 'ਤੇ ਪਹਿਲਾਂ ਵਾਲੀ ਚਮਕ ਨਹੀਂ ਹੈ। ਲੋਕੀਂ ਹੌਲੀ-ਹੌਲੀ ਗੱਲਾਂ ਭੁੱਲ ਰਹੇ ਹਨ। ਪਰ ਕਦੇ-ਕਦੇ ਪਿੰਡ ਵਾਲੇ ਭਾਗ ਸਿੰਘ ਦੇ ਮੁੰਡੇ ਨੂੰ ਛੇੜ ਲੈਂਦੇ ਹਨ, "ਕਿੱਦਾਂ ਨਵੀਂ ਮੰਮੀ ਦਾ ਕੀ ਹਾਲ ਹੈ?" ਉਹਨੂੰ ਛੇੜ ਕੇ ਮੁੰਡੇ ਅਗਾਂਹ ਲੰਘ ਜਾਂਦੇ ਹਨ। ਭਾਗ ਸਿੰਘ ਦਾ ਮੁੰਡਾ ਮੂੰਹ ਵਿਚ ਹੀ ਆਪਣੇ ਬੁੜ੍ਹੇ ਨੂੰ ਮੋਟੀ ਜਿਹੀ ਗਾਲ ਕੱਢਦਾ

ਹੈ।

ਕੁੱਝ ਵਰ੍ਹਿਆਂ ਤੋਂ ਭਾਗ ਸਿੰਘ ਸਰਕਾਰੀ ਨੌਕਰੀ ਤੋਂ ਰਿਟਾਇਰ ਹੋ ਕੇ ਪਿੰਡ ਰਹਿਣ ਲੱਗ ਪਿਆ ਹੈ।

ਲੋਕੀਂ ਦੇਸ਼ਾਂ-ਵਿਦੇਸ਼ਾਂ ਤੋਂ ਪਿੰਡ ਨੂੰ ਆਉਂਦੇ ਹਨ। ਸਾਲ ਵਿਚ ਦੋ ਪ੍ਰੋਗਰਾਮਾਂ ਤੇ ਪਿੰਡ ਵਾਲੇ ਰਸਦ ਇਕੱਠੀ ਕਰ ਕੇ ਕਲਮਾਂ ਮੋੜ 'ਤੇ ਲੰਗਰ ਲਾਉਣ ਜਾਂਦੇ ਹਨ। ਡੇਰੇ ਵਾਲਾ ਬਾਬਾ ਹੌਲੀ-ਹੌਲੀ ਸੰਗਤ ਨੂੰ ਆਪਣੇ ਨਾਲ ਜੋੜਨ ਵਿਚ ਕਾਮਯਾਬ ਹੋ ਰਿਹਾ ਹੈ।

ਭਾਗ ਸਿੰਘ ਵੀ ਰਸਦ ਲਿਜਾ ਕੇ ਲੰਗਰ ਵਿਚ ਖੂਬ ਸੇਵਾ ਕਰਦਾ ਹੈ। ਬਾਬੇ ਨੇ ਇਸ ਲੰਗਰ ਸੇਵਾ ਤੋਂ ਹੀ ਹੌਲੀ-ਹੌਲੀ ਵੱਡਾ ਗੁਰੂ ਘਰ ਬਣਾ ਲਿਆ ਹੈ। ਹੁਣ ਤਾਂ ਚਾਰੇ ਪਾਸੇ ਬਾਬੇ ਦੀ ਹੀ ਮਹਿਮਾ ਹੈ।

ਲੰਗਰਾਂ ਦੌਰਾਨ ਹੀ ਇਕੱਠ ਵਿਚ ਜੁੜੀ ਭੀੜ ਵਿੱਚ ਬਾਬੇ ਦਾ ਮੁੰਡਾ ਸ਼ਬਦ ਪੜ੍ਹਿਆ ਕਰਦਾ ਸੀ। ਇੱਥੋਂ ਹੀ ਹੌਲੀ-ਹੌਲੀ ਉੱਭਰਦਾ ਸਟਾਰ ਬਣ ਰਿਹਾ ਹੈ। ਚੜ੍ਹਾਵੇ ਦੀ ਮਾਇਆ ਨੇ ਉਸਨੂੰ ਸਟਾਰ ਬਣਾ ਦਿੱਤਾ ਹੈ।

ਬਾਬੇ ਨੇ ਲੰਗਰ ਦੇ ਨਾਂ ਤੇ ਪੈਸਾ ਇਕੱਠਾ ਕਰਕੇ ਮੁੰਡੇ ਦੀ ਗਾਇਕੀ ਨੂੰ ਸਿਖਰ 'ਤੇ ਪਹੁੰਚਾ ਦਿੱਤਾ ਹੈ। ਹੁਣ ਉਹ ਮੁਫ਼ਤ ਵਿਚ ਨਹੀਂ ਗਾਉਂਦਾ। ਬੁਕਿੰਗ ਕਰਵਾਉਣੀ ਪੈਂਦੀ ਹੈ ਪਹਿਲਾਂ।

ਭਾਗ ਸਿੰਘ ਲੰਗਰ ਤਿਆਰ ਕਰ ਰਹੇ ਹਲਵਾਈਆਂ ਨਾਲ ਕੰਮ ਕਰਵਾਉਣ ਨੂੰ ਨੱਠਾ ਭੱਜਾ ਫਿਰਦਾ ਹੈ। ਭਾਗ ਸਿੰਘ ਸਾਰੀ ਉਮਰ ਤਾਂ ਕਿਰਾਏ ਦੇ ਮਕਾਨਾਂ ਵਿੱਚ ਹੀ ਰਿਹਾ ਹੈ। ਕਦੇ ਕਿਤੇ ਬਦਲੀ ਹੋ ਗਈ ਕਦੇ ਕਿਤੇ। ਪਟਿਆਲੇ ਜਿਸ ਮਕਾਨ ਵਿਚ ਉਹ ਰਹਿੰਦਾ ਸੀ ਉਹ ਬੀਬੀ ਵੀ ਸੰਗਤ ਨਾਲ ਹਰ ਸਾਲ ਮੇਲੇ ਵਿੱਚ ਦੋ ਵਾਰੀ ਆਉਂਦੀ ਹੈ। ਬਾਬੇ ਦਾ ਸਾਰਾ ਪਰਿਵਾਰ ਭਾਗ ਸਿੰਘ ਨੂੰ ਚਾਚਾ ਜੀ ਚਾਚਾ ਜੀ ਆਖਦਾ ਅੱਗੇ ਪਿੱਛੇ ਘੁੰਮਦਾ ਹੈ।

ਸਾਰੀ ਸੰਗਤ ਦੋ ਤਿੰਨ ਦਿਨਾਂ ਵਿਚ ਮੇਲਿਓ ਵਾਪਸ ਮੁੜ ਗਈ ਹੈ। ਭਾਗ ਸਿੰਘ ਦੀ ਮਕਾਨ ਮਾਲਕਣ ਕਹਿੰਦੀ ਹੈ, "ਮੇਰੀ ਤਬੀਅਤ ਠੀਕ ਨਹੀਂ ਅਜੇ ਸਫ਼ਰ ਨਹੀਂ ਕਰ ਹੋਣਾ।" ਭਾਗ ਸਿੰਘ ਦੀ ਮਕਾਨ ਮਾਲਕਣ ਰਹਿ ਪੈਂਦੀ ਹੈ, ਸੰਗਤ ਨਾਲ ਵਾਪਸ ਨਹੀਂ ਮੁੜੀ।

"ਕੁੜੀਓ ਆਪਣੀ ਆਂਟੀ ਨੂੰ ਘਰ ਨੂੰ ਨਾਲ ਲੈ ਜਾਵੋ, ਇਹਦੀ ਸਿਹਤ ਠੀਕ ਨਹੀਂ ਹੈ।"

ਅੱਛਾ ਚਾਚਾ ਜੀ ਲੈ ਜਾਂਦੇ ਹਾਂ।"

ਕੁੜੀਆਂ ਭਾਗ ਸਿੰਘ ਦੀ ਮਕਾਨ ਮਾਲਕਣ ਨੂੰ ਆਪਣੀ ਕੋਠੀ ਵਿਚ ਨਾਲ ਹੀ ਲੈ ਜਾਂਦੀਆਂ ਹਨ।

"ਆਂਟੀ ਜੀ ਤੁਸੀਂ ਕੋਨੇ ਵਾਲੇ ਕਮਰੇ ਵਿਚ ਅਰਾਮ ਕਰ ਲਵੋ।"

ਮਕਾਨ ਮਾਲਕਣ ਸਮਾਨ ਰੱਖਦੀ ਹੈ, "ਆਂਟੀ ਜੀ ਤੁਸੀਂ ਅਰਾਮ ਕਰੋ ਜੇ ਸਿਹਤ ਠੀਕ ਨਾ ਹੋਈ ਤਾਂ ਦੱਸ ਦੇਣਾ, ਮੈਂ ਤੁਹਾਡੇ ਲਈ ਚਾਹ ਬਣਾ ਕੇ ਲਿਆਉਂਦੀ ਹਾਂ।"

ਭਾਗ ਸਿੰਘ ਦੀ ਮਕਾਨ ਮਾਲਕਣ ਸਿਰ ਨੂੰ ਚੁੰਨੀ ਨਾਲ ਬੰਨ ਕੇ ਕਮਰੇ ਵਿਚ ਲੰਮੀ ਪੈ ਜਾਂਦੀ ਹੈ। ਕੁੜੀਆਂ ਆਪਣੇ ਕੰਮਾ-ਕਾਰਾਂ ਵਿਚ ਲੱਗ ਜਾਂਦੀਆਂ ਹਨ।

ਸ਼ਾਮ ਨੂੰ ਭਾਗ ਸਿੰਘ ਕੋਠੀ ਵਿਚ ਆ ਕੇ ਕੁੜੀਆਂ ਨੂੰ ਪੁੱਛਦਾ ਹੈ, "ਆਂਟੀ ਤੁਹਾਡੀ ਦੀ ਸਿਹਤ ਠੀਕ ਨਹੀਂ ਸੀ, ਕਿੱਧਰ ਹੈ ਕੋਈ ਦਵਾ ਦਾਰੂ ਹੀ ਲਿਆ ਦੇਣੀ ਸੀ।"

ਭਾਗ ਸਿੰਘ ਅੱਖ ਬਚਾ ਕੇ ਪੋਲੇ-ਪੋਲੇ ਪੈਰੀ ਮਕਾਨ ਮਾਲਕਣ ਦੇ ਕਮਰੇ ਵਿਚ ਚਲਾ ਜਾਂਦਾ ਹੈ।

"ਐਥੇ ਚਾਚਾ ਜੀ ਆਏ ਸਨ, ਕਿੱਧਰ ਗਏ?" ਇਕ ਸਵਾਲ ਕਰਦੀ ਹੈ।

"ਪਤਾ ਨਹੀਂ" ਦੂਜੀ ਕੁੜੀ ਜੁਆਬ ਦਿੰਦੀ ਹੈ। ਚਾਹ ਠੰਡੀ ਹੋ ਰਹੀ ਹੈ।

ਭਾਗ ਸਿੰਘ ਨੂੰ ਲੱਭਦਾ-ਲੱਭਦਾ ਪਰਿਵਾਰ ਕਮਰੇ ਵੱਲ ਨੂੰ ਵਧਦਾ ਹੈ। ਬਥੇਰਾ ਰੋਲਾ ਪਾਇਆ, ਅਖੀਰ ਕੁੰਡਾ ਤੋੜ ਕੇ ਦੋਹਾਂ ਨੂੰ ਬਾਹਰ ਕੱਢਿਆ ਜਾਂਦਾ ਹੈ।

ਹੁਣ ਭਾਗ ਸਿੰਘ ਕਿਸੇ ਮੇਲੇ 'ਤੇ ਨਹੀਂ ਜਾਂਦਾ। ਉਸ ਤੇ ਪਾਬੰਧੀ ਲੱਗ ਚੁੱਕੀ ਹੈ ਤੇ ਉਹ ਜੱਸੀ ਨਾਲ ਫਿਰ ਨਜ਼ਰਾਂ ਮਿਲਾਉਣ ਦੀ ਤਾਕ ਵਿਚ ਹੈ। ਪਰ ਜੱਸੀ ਮੈਨੂੰ ਸਿਰ 'ਤੇ ਸੁਆਰ ਕੇ ਚੁੰਨੀ ਲਈ ਮੋੜ ਤੇ ਮਿਲੀ ਤੇ ਅਗਾਂਹ ਲੰਘ ਜਾਂਦੀ ਹੈ। (**ਸੰਪਰਕ-94643-30803**)



# ਕਹਾਣੀ / ਲਿਪ ਗਲੌਸ /-ਅਰਵਿੰਦਰ ਕੌਰ ਧਾਲੀਵਾਲ

*('ਲਿਪ ਗਲੌਸ' ਕਹਾਣੀ 'ਚ ਲੇਖਿਕਾ ਉਸ ਨਾਰੀ ਨੂੰ ਪ੍ਰਮੁੱਖਤਾ ਨਾਲ ਉਭਾਰਦੀ ਦਿਸਦੀ ਹੈ ਜੋ ਨਾਰੀ ਆਪਣੀ ਦੈਹਿਕ ਅਜ਼ਾਦੀ ਨੂੰ 'ਸਵਾਦ' ਦੇ ਪੱਧਰ 'ਤੇ ਜਾ ਕੇ ਮਾਨਣਾ ਚਾਹੁੰਦੀ ਹੈ। ਨਾਰੀ ਮਨ ਦੀ ਅਤ੍ਰਿਪਤੀ ਪਰਿਵਾਰਕ ਜੀਵਨ 'ਚ ਸੰਕਟ ਦਾ ਕਾਰਨ ਬਣਦੀ ਹੈ। ਕਹਾਣੀ ਦੀਆਂ ਨਾਰੀ ਪਾਤਰ ਭੋਲੀ ਤੇ ਪ੍ਰਤਿਮਾ ਭਾਵੇਂ ਵੱਖ ਵੱਖ ਧਰਾਤਲਾ ਤੇ ਵਿਚਰਦੀਆਂ ਹਨ ਪਰ ਉਨ੍ਹਾਂ ਦੇ ਕੇਂਦਰ 'ਚ 'ਦੇਹ' ਹੈ। ਤ੍ਰਿਪਤੀ ਹੈ। ਏਸ ਤ੍ਰਿਪਤੀ 'ਚ ਉਹ ਸਮਾਜਿਕ ਤੇ ਮਾਨਸਿਕ ਅਜ਼ਾਦੀ ਪ੍ਰਾਪਤ ਕਰਨਾ ਚਾਹੁੰਦੀਆਂ ਹਨ। ਪਦਾਰਥਵਾਦੀ ਯੁੱਗ ਦੀ ਨਾਰੀ ਦੀਆਂ ਦੈਹਿਕ ਭਾਵਨਾਵਾਂ ਨੂੰ ਗਲਪੀ ਬਿਰਤਾਂਤ 'ਚ ਢਾਲਦੀ ਹੋਈ ਲੇਖਕਾ ਉਲਾਰ ਨਹੀਂ ਹੁੰਦੀ। ਇੱਕੀਵੀਂ ਸਦੀ ਦੀ ਨਾਰੀ ਦੀ ਬਦਲ ਰਹੀ ਤਸਵੀਰ ਕਹਾਣੀ ਦੇ ਬਿਰਤਾਂਤ ਵਿਚੋਂ ਉਭਰਦੀ ਹੈ।-ਸੰਪਾਦਕ)*

ਦੂਜੇ ਵਿਆਹ ਤੋਂ ਬਾਅਦ ਅੱਜ ਤੀਸਰੀ ਰਾਤ ਹੈ।

ਸੇਜ-ਸੁੱਖ ਮਾਣ ਕੇ ਸੁੱਤੀ ਗੀਨਾ ਦੇ ਚਿਹਰੇ 'ਤੇ ਅਸੀਮ ਸ਼ਾਂਤੀ ਦਾ ਭਾਵ ਹੈ। ਹੈ ਤਾਂ ਇਹ ਸੱਭ ਮੇਰੇ ਲਈ ਵੀ ਹੈਰਾਨੀ ਭਰਿਆ ਕਿ ਅਜੇ ਮੈਂ ਆਪਣੀ ਉਮਰ ਦੇ ਤੀਹਵੇਂ ਸਾਲ ਵਿਚ ਹਾਂ ਤੇ ਮੇਰਾ ਦੂਜੀ ਵਾਰ ਵਿਆਹ ਹੋ ਗਿਆ ਹੈ। ਪਰ ਹੁਣ ਮੈਂ ਖੁਸ਼ ਹਾਂ।

ਗੀਨਾ ਦੇ ਸ਼ਾਂਤ ਚਿਹਰੇ ਤੇ ਨਿਸਾਨ ਪਈ ਦੇਹ ਵੱਲ ਵੇਖ ਕੇ ਅੰਦਰੋਂ ਕਿਤੇ ਮੋਹ ਦੀ ਚਿੰਗਾਰੀ ਜਿਹੀ ਜਾਗੀ ਹੈ। ਉਹਨੇ ਗੋਰੇ ਤੇ ਚਮਕਦੇ ਹੋਏ ਮੱਥੇ 'ਤੇ ਡਲ੍ਹਕੀ ਵਾਲ੍ਹਾਂ ਦੀ ਲਿਟ ਨੂੰ ਪਰ੍ਹੇ ਕਰਨ ਨੂੰ ਜੀਅ ਕਰ ਆਇਆ ਹੈ।

ਮਹੀਨਾਂ ਕੁ ਪਹਿਲਾਂ ਇਸ ਬੈੱਡ ਉੱਤੇ ਭੋਲੀ ਪਈ ਸੀ।

"ਸ਼ੁਕਰੀਆ! ਭੋਲੀਏ ਤੇਰਾ ਬਹੁਤ-ਬਹੁਤ ਸ਼ੁਕਰੀਆ!! ਤੂੰ ਨਾ ਜਾਂਦੀ ਤਾਂ ਮੇਰੀ ਜ਼ਿੰਦਗੀ ਵਿਚ ਗੀਨਾ ਕਿਵੇਂ ਆਉਂਦੀ!" ਇੱਕ ਵਾਰੀ ਤਾਂ ਭੋਲੀ ਦੇ ਪੇਕਿਆਂ ਦੇ ਪੈਸੇ ਤੇ ਪ੍ਰਾਪਰਟੀ ਦਾ ਰੁਹਬ ਮੇਰੇ ਮਨ-ਮਸਤਕ 'ਤੇ ਚੰਗੀ ਤਰ੍ਹਾਂ ਹਾਵੀ ਹੋ ਗਿਆ ਸੀ ਪਰ ਛੇਤੀ ਹੀ ਸੱਭ ਰੇਤ ਦੇ ਮਹੱਲ ਵਾਂਗ ਕਿਰ ਗਿਆ ਸੀ। ਜਿਸ ਕਿਸਮ ਦੀ ਸ਼ਾਲੀਨਤਾ ਦੀ ਇੱਕ ਪਤਨੀ ਤੋਂ ਆਸ ਹੁੰਦੀ ਹੈ ਭੋਲੀ ਉਸ ਸੱਭ ਤੋਂ ਕੋਹਾਂ ਦੂਰ ਸੀ। ਉਸਦੀ ਪ੍ਰਕਿਰਤੀ ਹਮੇਸ਼ਾ ਦੂਜਿਆਂ 'ਤੇ ਹਾਵੀ ਹੋਣ ਦੀ ਰਹਿੰਦੀ।

ਪਿਛਲੇ ਦੋ-ਤਿੰਨ ਮਹੀਨਿਆਂ ਵਿਚ ਜ਼ਿੰਦਗੀ ਵਿਚ ਹੋਈ ਉਥਲ-ਪੁਥਲ ਨੇ ਕਿੰਜ ਦਿਨ-ਰਾਤ ਦਾ ਚੈਨ ਹਰਾਮ ਕਰ ਛੱਡਿਆ ਸੀ। ਰਾਤ ਨੂੰ ਬਿਸਤਰੇ 'ਤੇ ਪੈਂਦਿਆਂ ਹੀ ਜਿਵੇਂ ਨੀਂਦ ਉੱਡ-ਪੁੱਡ ਜਾਂਦੀ।

ਤੇ ਅੱਜ ..., ਜਿਵੇਂ ਕਿਸੇ ਅਣਕਿਆਸੀ ਚੀਜ਼ ਦੇ ਮਿਲ ਜਾਣ 'ਤੇ ਕਿਸੇ ਬੱਚੇ ਨੂੰ ਖੁਸ਼ੀ ਮਿਲਦੀ ਹੈ ਉਸ ਤਰ੍ਹਾਂ ਦੇ ਅਹਿਸਾਸ ਸੌਣ ਨਹੀਂ ਦੇ ਰਹੇ।

"ਕਿੰਨਾ ਅੰਤਰ ਹੈ ਗੀਨਾ ਤੇ ਭੋਲੀ ਵਿਚ ......!"

ਕਿਵੇਂ ਇੱਕ ਸਾਲ ਵਿਚ ਹੇਠਲੀ ਉੱਤੇ ਹੋ ਗਈ ਸੀ।

ਭੋਲੀ ਦੀ ਦੱਸ ਪਈ ਤਾਂ ਬੀਬੀ ਨੇ ਝੱਟਪਟ ਹੀ ਹਾਂ ਕਰ ਦਿੱਤੀ। ਚੰਗੇ ਖਾਂਦੇ-ਪੀਂਦੇ ਜਿੰਮੀਦਾਰ ਭਰਾਵਾਂ ਦੀ ਭੈਣ। ਅੱਠ ਪੜ੍ਹੀ ਹੋਈ ਦੱਸਦੇ। ਉਨ੍ਹਾਂ ਨੂੰ ਭੋਲੀ ਲਈ ਮੇਰੇ ਵਰਗਾ ਗਰੀਬ ਘਰ ਦਾ ਰਿਸ਼ਤਾ ਹੀ ਚਾਹੀਦਾ ਸੀ ਜਿਸਦਾ ਮੂੰਹ ਇੱਕ ਟੋਟਾ ਪੈਲ਼ੀ ਦੇ ਡੱਕੇ ਨਾਲ ਬੰਦ ਕੀਤਾ ਜਾ ਸਕੇ।

ਬੀਬੀ ਤੇ ਮੈਂ ਕਿਰਾਏ ਦੇ ਮਕਾਨ ਵਿਚ ਜਿਵੇਂ-ਤਿਵੇਂ ਜ਼ਿੰਦਗੀ ਦੀ ਗੱਡੀ ਰੇੜ੍ਹ ਰਹੇ ਸੀ। ਜਿਨ੍ਹਾਂ ਦੇ ਘਰ ਇੱਕ ਕਮਰੇ ਵਿਚ ਅਸੀਂ ਰਹਿੰਦੇ ਸੀ, ਉਹੀ ਬਾਪੂ ਜੀ ਨੇ ਭੋਲੀ ਦੀ ਦੱਸ ਪਾਈ ਸੀ। ਮੈਂ ਵੀ ਕਦੀ ਕਿਸੇ

ਦੁਕਾਨ ’ਤੇ ਜਾਂ ਕਦੀ ਕਿਸੇ ਦਫ਼ਤਰ ਵਿਚ ਆਰਜ਼ੀ ਨੌਕਰੀਆਂ ਕਰਦਾ ਰਹਿੰਦਾ, ਜਿਥੋਂ ਕਦੀ ਸਾਲ, ਕਦੀ ਛੇ ਮਹੀਨਿਆਂ ਪਿੱਛੋਂ ਜਵਾਬ ਮਿਲ਼ ਜਾਂਦਾ। ਕੋਈ ਪੱਕੀ ਨੌਕਰੀ ਨਾ ਹੋਣ ਕਰਕੇ ਜ਼ਿੰਦਗੀ ਔਖੀ ਗੁਜ਼ਰ ਰਹੀ ਸੀ। ਰਿਸ਼ਤਾ ਹੋਣ ਤੋਂ ਪਹਿਲਾਂ ਹੀ ਦੱਸ ਦਿੱਤਾ ਗਿਆ ਸੀ ਕਿ ਭੋਲੀ ਥੋੜ੍ਹੀ ਜਿਹੀ ਸਿਧਰੀ ਸੀ। ਸੀ ਪਰ ਹੁੰਦੜ-ਹੇਲ। ਭੋਲੀ ਦੇ ਨਾਲ ਦਾਜ ਵਿਚ ਚਾਰ ਮਰਲਿਆਂ ਦਾ ਪੱਕਾ ਮਕਾਨ ਵੀ ਆਇਆ ਜਿਹੜਾ ਮੇਰੇ ਸਹੁਰਿਆਂ ਨੇ ਮੇਰੇ ਨਾਂ ’ਤੇ ਲਿਖ ਦਿੱਤਾ। ਨਾਲ ਹੀ ਆਈ ਤਿੰਨ ਕਿੱਲੇ ਪੈਲ਼ੀ ਜੋ ਭੋਲੀ ਦੇ ਭਰਾਵਾਂ ਨੇ ਭੋਲੀ ਦੇ ਨਾਂ ਕਰਾ ਕੇ ਦਿੱਤੀ ਸੀ।

ਨਿੱਕੇ ਹੁੰਦਿਆਂ ਤੋਂ ਹੀ ਮੈਂ ਹੱਡਾਂ-ਪੈਰਾਂ ਦਾ ਖੁੱਲ੍ਹਾ ਰਿਹਾ ਹਾਂ ਜਿਸ ਕਰਕੇ ਮੈਨੂੰ ਕਸਰਤੀ ਸਰੀਰ ਰੱਖਣ ਦਾ ਸ਼ੌਕ ਰਿਹਾ ਹੈ। ਮੈਂ ਨਹੀਂ ਸੀ ਜਾਣਦਾ ਸੀ ਕਿ ਮੇਰਾ ਇਹ ਸ਼ੌਕ ਕਦੇ ਮੇਰਾ ਰੁਜ਼ਗਾਰ ਵੀ ਬਣ ਸਕੇਗਾ। ਉਦੋਂ ਮੈਨੂੰ ਮੇਰੇ ਕਸਰਤੀ ਸਰੀਰ ਕਰਕੇ ਹੀ ਸ਼ਹਿਰ ਦੇ ਮਾਲ ਵਿਚ ਗਾਰਡ ਦੀ ਨੌਕਰੀ ਮਿਲ਼ੀ ਹੋਈ ਸੀ, ਜਦੋਂ ਮੇਰਾ ਭੋਲੀ ਨਾਲ ਵਿਆਹ ਹੋਇਆ ਸੀ।

ਉੱਥੇ ਹੀ ਮੈਂ ਬਲਕਾਰ ਭਾਜੀ ਦੀ ਨਜ਼ਰ ਵਿਚ ਆਇਆ ਸੀ। ਬਲਕਾਰ ਭਾਜੀ ਬੜੇ ਵੱਡੇ ਤੇ ਮਸ਼ਹੂਰ ਗਾਇਕ ਹਨ। ਉਨ੍ਹਾਂ ਨੇ ਮੇਰੀ ਸਕਿਉਰਿਟੀ ਕੰਪਨੀ ਤੋਂ ਚੰਗੇ-ਤਗੜੇ ਸਰੀਰ ਵਾਲ਼ੇ ਗਾਰਡ ਦੀ ਮੰਗ ਕੀਤੀ ਸੀ। ਮੇਰੀ ਉਨ੍ਹਾਂ ਦੇ ਜਿਮ, ਜਿੱਥੇ ਲੋਕ ਕਸਰਤ ਕਰਨ ਜਾਂਦੇ ਹਨ ਵਿਚ ਗਾਰਡ ਦੀ ਨੌਕਰੀ ਲੱਗ ਗਈ। ਸ਼ਹਿਰ ਦੇ ਕਹਿੰਦੇ ਕਹਾਉਂਦੇ ਅਮੀਰਾਂ ਦੀ ਸੜਕ ’ਤੇ ਹੈ ਉਨ੍ਹਾਂ ਦਾ ਜਿਮ। ਇਸ ਜਿਮ ਵਿਚ ਸ਼ਹਿਰ ਦੇ ਅਮੀਰ ਤੇ ਰਸੂਖ਼ਦਾਰ ਲੋਕ ਕਸਰਤ ਕਰਨ ਆਉਂਦੇ ਹਨ। ਇੱਥੇ ਛੁੱਟੀ ਸਮੇਂ ਮੈਂ ਵੀ ਟਰੇਨਿੰਗ ਕਰ ਲੈਂਦਾ। ਕਦੀ-ਕਦੀ ਮੈਂ ਬਲਕਾਰ ਭਾਜੀ ਨਾਲ ਗਾਇਕੀ ਦੇ ਅਖਾੜੇ ’ਤੇ ਵੀ ਚਲਿਆ ਜਾਂਦਾ।

ਜਦੋਂ ਬਲਕਾਰ ਭਾਜੀ ਦਾ ਅਖਾੜਾ ਮੱਘਦਾ, ਲੋਕ ਤਾਂ ਬੱਸ ਪੈਸੇ ਦੀ ਵਰਖਾ ਕਰ ਦਿੰਦੇ। ਕਈ ਹਾਬੜੇ ਹੋਏ ਸ਼ਰਾਬੀ ਜਦੋਂ ਸਟੇਜ ’ਤੇ ਚੜ੍ਹਨ ਦੀ ਕੋਸ਼ਿਸ਼ ਕਰਦੇ, ਉਦੋਂ ਮੇਰੇ ਵਰਗਿਆਂ ਬਾਊਂਸਰਾਂ ਦਾ ਕੰਮ ਸ਼ੁਰੂ ਹੁੰਦਾ। ਮੇਰੇ ਵਰਗੇ ਹੱਟੇ-ਕੱਟੇ ਬੰਦੇ ਨੂੰ ਵੇਖ ਕੇ ਕਦੀ ਭੂਤਰੇ ਹੋਏ ਹੁੱਲੜਬਾਜ਼ ਵੀ ਉਹਨੀਂ ਪੈਰੀਂ ਪਿਛਾਂਹ ਮੁੜ ਜਾਂਦੇ। ਕਦੀ ਧੱਕਾ ਵੀ ਕਰਨਾ ਪੈਂਦਾ।

ਪਰ ਜਿਹੜਾ ਧੱਕਾ ਕੁਦਰਤ ਨੇ ਮੇਰੇ ਨਾਲ ਕੀਤਾ ਸੀ, ਉਸ ਨਾਲ ਮੈਨੂੰ ਨਜਿੱਠਣਾ ਨਹੀਂ ਆ ਰਿਹਾ ਸੀ।

ਭੋਲੀ ਨੇਕ ਕੁੜੀ ਸੀ, ਸ਼ਕਤੀ ਤੇ ਉਤਸ਼ਾਹ ਨਾਲ ਭਰੀ ਹੋਈ। ਭੱਜ-ਭੱਜ ਕੇ ਘਰ ਦਾ ਕੰਮ ਮੁਕਾ ਲੈਂਦੀ। ਬੀਬੀ ਨੂੰ ਰਸੋਈ ਵਿਚ ਜਾਣ ਤੱਕ ਦਾ ਮੌਕਾ ਨਾ ਦਿੰਦੀ। ਪਰ ਸੁਭਾਅ ਦੀ ਬੜੀ ਜ਼ਿੱਦੀ। ਕਦੇ ਤਾਂ ਵੱਡੀ ਤੋਂ ਵੱਡੀ ਗੱਲ ਹਊ-ਪਰ੍ਹੇ ਕਰ ਦਿੰਦੀ ਤੇ ਜੇਕਰ ਵਿਟਰ ਜਾਂਦੀ ਤਾਂ ਨਿੱਕੀ ਜਿਹੀ ਗੱਲ ਤੋਂ ਹੀ ਅੜ ਜਾਂਦੀ।

ਮੋਬਾਇਲ ਵੀ ਉਸਨੇ ਅੜੀ ਕਰਕੇ ਲਿਆ ਸੀ। ਜਦੋਂ ਮੈਂ ਨਾ ਲੈ ਕੇ ਦਿੱਤਾ ਤਾਂ ਉਹ ਦੋ ਦਿਨ ਪੇਕੇ ਰਹਿਣ ਗਈ, ਲੈ ਕੇ ਮੁੜੀ ਸੀ।

ਹੁਣ ਸਾਰਾ ਦਿਨ ਜਾਂ ਫ਼ੋਨ ਉੱਤੇ ਆਪਣੀਆਂ ਭਾਬੀਆਂ ਨਾਲ ਗੱਲਾਂ ਕਰਦੀ ਰਹਿੰਦੀ ਜਾਂ ਟੀ. ਵੀ. ਵੇਖਦੀ ਰਹਿੰਦੀ। ਉਸਦੇ ਸੁਭਾਅ ਵਿਚ ਬਦਲਾਅ ਵਿਖਾਈ ਦੇਣ ਲੱਗਾ। ਇਹ ਤਬਦੀਲੀ ਸਧਾਰਨ ਨਹੀਂ ਸੀ।

ਉਹ ਟੀ. ਵੀ. ਸੀਰੀਅਲਾਂ ’ਤੇ ਸਾਸ-ਬਹੂ ਦੇ ਕਲੇਸ਼ ਨੂੰ ਲੈ ਕੇ ਆਪਣੀ ਖ਼ਿਆਲੀ ਦੁਨੀਆ ਵਿਚ ਵਿਚਰਦੀ ਰਹਿੰਦੀ। ਬੀਬੀ ਵਲੋਂ ਕਿਸੇ ਦਿਨ ਉਸਦਾ ਕੋਈ ਉਲਾਹਮਾ ਹੁੰਦਾ, ਕਦੇ ਕੋਈ। ਕਦੇ ਤਾਂ ਘਰ ਵਿਚ ਕੁੱਝ ਖਰੀਦ ਕੇ ਲਿਆਂਦੇ ਲਿਫ਼ਾਫ਼ੇ ਉੱਤੇ ਛੱਪੇ ਨੰਬਰ ’ਤੇ ਫ਼ੋਨ ਕਰ ਦਿੰਦੀ ਤੇ ਘੰਟਾ-ਘੰਟਾ ਉਨ੍ਹਾਂ ਓਪਰੇ ਲੋਕਾਂ ਨਾਲ ਗੱਲਾਂ ਕਰਦੀ ਰਹਿੰਦੀ। ਬੀਬੀ ਜਾਂ ਮੇਰੇ ਮਨ੍ਹਾਂ ਕਰਨ ’ਤੇ ਲੜ ਪੈਂਦੀ ਜਾਂ ਰੁੱਸ ਜਾਂਦੀ ਤੇ



ਕਈ ਦਿਨ ਘਰ ਦੇ ਕੰਮ ਨੂੰ ਹੱਥ ਨਾ ਲਾਉਂਦੀ। ਪੈਲ਼ੀ ਦੀ ਧੌਂਸ ਤੇ ਉਸ ਦੇ ਪੇਕਿਆਂ ਦਾ ਮੇਰੇ ਨਾਲ ਆਰਥਿਕ ਪਾੜਾ ਜਿਵੇਂ ਕਿਸੇ ਅਹਿਸਾਨ ਵਾਂਗ ਰੜਕਦਾ। ਪਰ ਮੈਂ ਉਸ ਪਾੜੇ ਨੂੰ ਪਾਰ ਨਾ ਕਰ ਸਕਦਾ।

ਜੇਕਰ ਮੈਂ ਉਸਨੂੰ ਕਿਸੇ ਗੱਲੋਂ ਵਰਜਦਾ ਤਾਂ ਨਿਆਣਿਆਂ ਵਾਂਗ ਉਹ ਉੱਚੀ-ਉੱਚੀ ਰੋਣ ਲੱਗਦੀ।

ਫਿਰ ਕਈ-ਕਈ ਦਿਨ ਵਿਟਰੀ ਰਹਿੰਦੀ। ਘਰ ਵਿਚ ਹਰ ਵੇਲ਼ੇ ਕਲੇਸ਼ ਰਹਿਣ ਲੱਗਾ ਸੀ।

ਮੈਂ ਮਹਿਸੂਸ ਕਰਦਾ ਸੀ ਕਿ ਭੋਲੀ ਦਾ ਸੁਭਾਅ ਸ਼ੁਰੂ ਤੋਂ ਹੀ ਮਾਲਕਾਨਾ ਤੇ ਰੁਹਬ ਜਮਾਉਣ ਵਾਲ਼ਾ ਸੀ। ਪਤੀ-ਪਤਨੀ ਦੇ ਰੂਪ ਵਿਚ ਨਿਭਦਿਆਂ ਵੀ ਬਹੁਤੀ ਵਾਰ ਜਿਵੇਂ ਮੈਂ ਹੀ ਹਾਰ ਜਾਂਦਾ ਪਰ ਉਹ ਕਦੇ ਨਾ ਹਾਰਦੀ। ਨਾ ਹਾਰਦੀ ਨਾ ਥੱਕਦੀ। ਬਲਕਿ ਕਈ ਵਾਰ ਉਸ ਅੰਦਰਲਾ ਵੇਗ ਇਤਨਾ ਆਪਮੁਹਾਰਾ ਹੁੰਦਾ ਜੋ ਮੈਨੂੰ ਤਣਾਉਗ੍ਰਸਤ ਕਰ ਦਿੰਦਾ ਤੇ ਮੈਂ ਹਥਿਆਰ ਸੁੱਟ ਬੈਠਦਾ।

ਕਾਮ ਦਾ ਜਨੂੰਨ ਵੀ ਜਿਵੇਂ ਉਸਦੇ ਸਿਰ ਚੜ੍ਹ ਬੋਲਦਾ। ਗੱਲ ਕੀ ... ਉਸਦੇ ਤੇ ਮੇਰੇ ਵਿਚਕਾਰ ਕੁੱਝ ਵੀ ਸਹਿਜ ਨਾ ਹੁੰਦਾ। ਸਭ ਕੁੱਝ ਜਿਵੇਂ ਜਾਂਗਲੀ ਜਿਹਾ।

ਇਹ ਕੈਫ਼ੀਅਤ ਉਸ ’ਤੇ ਹਰ ਸਮੇਂ ਭਾਰੀ ਰਹਿੰਦੀ ਜਿਸ ਕਰਕੇ ਕੰਮ ’ਤੇ ਗਿਆਂ ਦੌਰਾਨ ਵੀ ਕਈ ਖਦਸ਼ੇ ਮੇਰੇ ਮਨ-ਮਸਤਕ ’ਤੇ ਖ਼ੌਰੂ ਪਾਉਂਦੇ ਰਹਿੰਦੇ।

ਤੇ ਇੱਕ ਦਿਨ , ਇਹੀ ਖਦਸ਼ੇ ਸੱਚ ਹੋ ਗਏ।

ਉਸ ਦਿਨ ਬਲਕਾਰ ਭਾਜੀ ਦਾ ਸ਼ਹਿਰ ਦੇ ਵੱਡੇ ਹੋਟਲ ਵਿਚ ਅਖਾੜਾ ਲੱਗਿਆ ਹੋਇਆ ਸੀ ਜਦੋਂ ਘਰੋਂ ਫ਼ੋਨ ਆਇਆ ਸੀ। ਸ਼ੋਰ-ਸ਼ਰਾਬੇ ਵਿਚ ਹੋਰ ਕੁੱਝ ਤਾਂ ਸੁਣਿਆਂ ਨਾਂਹ, ਬੱਸ ਬੀਬੀ ਦੇ ਰੌਲ਼ਾ ਪਾਉਣ ਤੇ ਲੜਨ ਦੀਆਂ ਅਵਾਜ਼ਾਂ ਆ ਰਹੀਆਂ ਸਨ। ਲੱਗਦਾ ਸੀ ਜਿਵੇਂ ਬੀਬੀ ਦਾ ਭੋਲੀ ਨਾਲ ਝਗੜਾ ਹੋ ਰਿਹਾ ਹੋਵੇ।

ਮੈਂ ਕਾਹਲੀ ਨਾਲ ਉਥੋਂ ਨਿਕਲ ਕੇ ਘਰ ਪਹੁੰਚਿਆ ਸੀ।

ਘਰ ਦੇ ਸਾਹਮਣੇ ਮੋਬਾਇਲਾਂ ਦੀ ਦੁਕਾਨ ਦੇ ਮਾਲਕ ਲਾਲੇ ਨਾਲ ਬੀਬੀ ਦੀ ਲੜਾਈ ਹੋ ਰਹੀ ਸੀ। ਬੀਬੀ ਉਸਨੂੰ ਗਾਹਲਾਂ ਦੇ ਰਹੀ ਸੀ। ਮੈਨੂੰ ਵੇਖਦਿਆਂ ਹੀ ਲਾਲਾ ਜਿਵੇਂ ਸੰਭਲਿਆ ਤੇ ਬੀਬੀ ਨੂੰ ਉਥੇ ਛੱਡ ਮੇਰੇ ਵੱਲ ਨੂੰ ਅਹੁਲਿਆ।

“ਭਰਾਵਾ ! ਆਪਣਾ ਘਰ ਸਾਂਭ ਕੇ ਰੱਖ ... ਮੇਰੀ ਥਾਂ ’ਤੇ ਕੋਈ ਹੋਰ ਹੁੰਦਾ ਤਾਂ ਹੁਣ ਤੱਕ ਉਡਾ ਕੇ ਰਫ਼ੂ-ਚੱਕਰ ਹੋ ਗਿਆ ਹੁੰਦਾ ...,” ਮੇਰੇ ਚਿਹਰੇ ’ਤੇ ਸਵਾਲਾਂ ਦੇ ਭਾਵ ਆਉਂਦੇ ਵੇਖ ਉਹ ਮੈਨੂੰ ਬਾਹੋਂ ਫੜ ਕੇ ਪਾਸੇ ਲੈ ਗਿਆ।

ਮੈਂ ਜਾਣਦਾ ਸਾਂ ਕਿ ਸੁਭਾਅ ਪੱਖੋਂ ਭਾਵੇਂ ਲਾਲਾ ਅੱਗ ਦੀ ਨਾੜ ਸੀ ਪਰ ਈਮਾਨ ਦਾ ਬੜਾ ਪੱਕਾ ਆਦਮੀ ਸੀ। ਪਰ ਇਸ ਸੱਤਰ੍ਹੇ-ਬਹੱਤਰੇ ਲਾਲੇ ਨੇ ਮੈਨੂੰ ਜੋ ਦੱਸਿਆ ਸੀ ਉਸ ਨਾਲ ਤਾਂ ਮੈਨੂੰ ਮਰਨ ਨੂੰ ਥਾਂ ਨਹੀਂ ਸੀ ਲੱਭ ਰਹੀ।

ਭੋਲੀ ਨੇ ਅੱਜ ਲਾਲੇ ਦੀ ਦੁਕਾਨ ਉੱਤੇ ਲਿਖੇ ਉਸਦੇ ਸੰਪਰਕ ਨੰਬਰ ’ਤੇ ਫ਼ੋਨ ਕਰਕੇ ਕਿਹਾ ਸੀ, “ਸਾਰਾ ਦਿਨ ਮੋਬਾਇਲ ਹੀ ਵੇਚਦਾ ਰਹਿੰਦਾ ਏਂ, ਕਦੇ ਸਾਹਮਣੇ ਨਿਗਾਹ ਚੁੱਕ ਕੇ ਵੇਖਿਆ ਕਰ। ਸ਼ੇਰਾ ਕਿਹੜਾ ਸਾਰਾ ਦਿਨ ਘਰ ਹੁੰਦੈ ... ਕਦੇ ਸਾਡੇ ਨਾਲ ਆ ਕੇ ਚਾਹ ਹੀ ਪੀ ਲੈ।” ਲਾਲਾ ਬੇਰੋਕ ਬੋਲਦਾ ਜਾ ਰਿਹਾ ਸੀ। ਮੈਨੂੰ ਕੁੱਝ ਸੁਣਾਈ ਨਹੀਂ ਸੀ ਦੇ ਰਿਹਾ। ਲਾਲੇ ਦੀ ਗੱਲ ਸੁਣ ਕੇ ਮੈਂ ਜਿਸ ਥਾਂ ਖੜ੍ਹਾ ਸੀ ਉੱਥੇ ਹੀ ਜਿਵੇਂ ਗੱਡਿਆ ਗਿਆ। ਸਿਰ ’ਤੇ ਕਈ ਘੜੇ ਪਾਣੀ ਪੈ ਗਿਆ ਸੀ। ਏਨਾ ਸ਼ਰਮਿੰਦਾ ਤਾਂ ਮੈਂ ਆਪਣੇ-ਆਪ ਨਾਲ ਉਦੋਂ ਵੀ ਨਹੀਂ ਸੀ ਹੋਇਆ ਜਦੋਂ ਉਹ ਘਟਨਾ ਵਾਪਰੀ ਸੀ।

ਉਦੋਂ ਮੈਂ ਸ਼ਾਇਦ ਦੂਜੀ ਜਾਂ ਤੀਸਰੀ ਵਿਚ ਪੜ੍ਹਦਾ ਸੀ। ਜਿਸ ਗਲੀ ਵਿਚ ਮੇਰਾ ਬਚਪਨ ਬੀਤਿਆ ਉਸ ਗਲੀ ਵਿਚ ਚੰਨੋ ਭਾਬੀ ਰਹਿੰਦੀ ਸੀ। ਉਸਦਾ ਪਤੀ ਯਾਨੀ ਜਿਸਨੂੰ ਅਸੀਂ ਸ਼ਾਇਦ ਭਾਜੀ ਕਹਿੰਦੇ

ਹੁੰਦੇ ਸੀ, ਉਹ ਦੁਬਈ ਗਿਆ ਹੋਇਆ ਸੀ।

ਚੰਨੋ ਦੇ ਘਰ ਵਿਚ ਕਰਿਆਨੇ ਦੀ ਦੁਕਾਨ ਅਤੇ ਸਰਕਾਰੀ ਰਾਸ਼ਨ ਦਾ ਡਿਪੂ ਸੀ ਜਿੱਥੋਂ ਅਸੀਂ ਵੀ ਖੰਡ, ਤੇਲ ਤੋਂ ਇਲਾਵਾ ਕਦੇ-ਕਦੇ ਖਾਣ ਨੂੰ ਖੱਟੀਆਂ-ਮਿੱਠੀਆਂ ਗੋਲ਼ੀਆਂ ਤੇ ਚੂਸਣ ਵਾਲਾ ਚੂਰਨ ਲੈ ਲੈਂਦੇ ਸੀ।

ਚੰਨੋ ਦਾ ਸਹੁਰਾ ਇਹ ਦੁਕਾਨ ਚਲਾਉਂਦਾ ਸੀ ਤੇ ਸੱਸ ਘਰ 'ਚ ਹੀ ਵੜੀ ਰਹਿੰਦੀ ਸੀ, ਉਸਨੂੰ ਘੱਟ ਹੀ ਬਾਹਰ ਵੇਖਿਆ ਸੀ। ਉਸਨੂੰ ਸਾਰੇ 'ਅੱਡੀ ਚੁੱਕ' ਕਹਿੰਦੇ ਸਨ। ਸ਼ਾਇਦ ਉਸਦੀ ਤੋਰ ਵਿਚ ਇੱਕ ਪੈਰ ਛੋਟਾ ਹੋਣ ਕਰਕੇ ਫ਼ਰਕ ਸੀ, ਅਜਿਹਾ ਅਸੀਂ ਵੱਡਿਆਂ ਤੋਂ ਸੁਣਦੇ ਆਏ ਸੀ।

ਜਦੋਂ ਚੰਨੋ ਦਾ ਸਹੁਰਾ ਸ਼ਹਿਰ ਗਿਆ ਹੁੰਦਾ ਤਾਂ ਕਦੇ-ਕਦੇ ਉਹ ਉਹਦੀ ਥਾਂ 'ਤੇ ਦੁਕਾਨ ਵਿਚ ਆ ਬੈਠਦੀ।

ਇੱਕ ਵਾਰ ਮੈਂ ਉਹਦੀ ਦੁਕਾਨ 'ਤੇ ਸੰਤਰੇ ਵਾਲ਼ੀਆਂ ਗੋਲ਼ੀਆਂ ਲੈਣ ਗਿਆ ਸੀ। ਉਹਨੇ ਮੇਰੀਆਂ ਗੋਲ-ਮਟੋਲ ਗੱਲ੍ਹਾਂ ਉੱਤੇ ਲਾਡ ਨਾਲ ਚੂੰਢੀ ਵੱਢੀ ਸੀ। ਮੈਂ ਸ਼ਰਮਾ ਕੇ ਲਾਲ ਸੁਰਖ਼ ਹੋ ਗਿਆ ਸਾਂ। ਉਸਨੇ ਮੇਰੀਆਂ ਗੱਲ੍ਹਾਂ 'ਤੇ ਮੂੰਹ ਲਾ ਕੇ ਕਿਹਾ ਕਿ ਤੂੰ ਕੱਲ੍ਹ ਵੀ ਆਵੀਂ, ਮੈਂ ਤੈਨੂੰ ਟਾਫ਼ੀ ਵੀ ਦੇਊਂਗੀ।

ਅਗਲੇ ਦਿਨ ਮੈਂ ਸਕੂਲੋਂ ਆਉਂਦਾ ਹੋਇਆ ਉਨ੍ਹਾਂ ਦੀ ਹੱਟੀ ਅੱਗਿਓਂ ਲੰਘਿਆ ਤਾਂ ਦੁਕਾਨ 'ਤੇ ਚੰਨੋ ਸੀ।

ਉਸਨੂੰ ਵੇਖ ਕੇ ਮੈਂ ਮੱਲੋਮੱਲੀ ਦੁਕਾਨ ਵਿਚ ਚੀਜੀ ਲੈਣ ਦੇ ਬਹਾਨੇ ਵੜ ਗਿਆ।

ਚੰਨੋ ਨੇ ਲਾਲ ਰੰਗ ਦਾ ਸੂਟ ਤੇ ਸੁਰਖ਼ ਲਾਲ ਸੁਰਖੀ ਲਗਾਈ ਹੋਈ ਸੀ।

ਉਸਨੇ ਮੈਨੂੰ ਟਾਫ਼ੀ ਵਿਖਾਈ ਤੇ ਕੋਲ਼ ਆਉਣ ਲਈ ਕਿਹਾ।

ਮੈਂ ਉਸਦੇ ਕੋਲ਼ ਗਿਆ ਤਾਂ ਪਹਿਲਾਂ ਉਸਨੇ ਮੇਰੀਆਂ ਗੱਲ੍ਹਾਂ ਪੁੱਟੀਆਂ ਫਿਰ ਉਨ੍ਹਾਂ 'ਤੇ ਆਪਣੀ ਸੁਰਖ਼ੀ ਦੀ ਨਿਸ਼ਾਨੀ ਲਾ ਦਿੱਤੀ। ਮੈਂ ਸ਼ਰਮਾ ਕੇ ਉਥੋਂ ਦੌੜਿਆ ਸੀ ਪਰ ਘਰ ਆ ਕੇ ਵੀ ਮੈਨੂੰ ਆਪਣੀ ਸੁਰਖ਼ੀ ਲੱਗੀ ਗੱਲ੍ਹ ਨੂੰ ਸ਼ੀਸ਼ੇ ਵਿਚ ਵੇਖ ਕੇ ਕਿੰਨਾ ਚਿਰ ਚੰਗਾ-ਚੰਗਾ ਲੱਗਦਾ ਰਿਹਾ।

ਚੰਨੋ ਹੌਲ਼ੀ-ਹੌਲ਼ੀ ਮੇਰੇ ਨੇੜੇ ਆ ਰਹੀ ਸੀ ਪਰ ਉਸ ਭੋਲ਼ੇਪਨ ਦੀ ਉਮਰ ਵਿਚ ਮੈਂ ਇਸ ਅਹਿਸਾਸ ਤੋਂ ਬਿਲਕੁਲ ਕੋਰਾ ਸਾਂ।

ਗੋਲ਼ੀਆਂ-ਟਾਫ਼ੀਆਂ ਦੇ ਲਾਲਚ ਵਿਚ ਮੇਰੇ ਪੈਰ ਆਪ -ਮੁਹਾਰੇ ਉਨ੍ਹਾਂ ਦੀ ਹੱਟੀ ਵੱਲ ਤੁਰ ਪੈਂਦੇ।

ਇੱਕ ਗਰਮੀ ਦੀ ਸਿਖਰ ਦੁਪਹਿਰੇ ਮੈਂ ਉਹਨਾਂ ਦੀ ਹੱਟੀ ਵਿਚ ਚੰਨੋ ਦੀਆਂ ਬਾਹਵਾਂ ਵਿਚ ਸੀ। ਉਹ ਕਦੇ-ਕਦੇ ਆਪਣੇ ਹੱਥਾਂ ਦੀ ਕਰਿੰਗੜੀ ਮੇਰੀਆਂ ਲੱਤਾਂ ਦੇ ਵਿਚਾਲਿਉਂ ਪਾ ਦਿੰਦੀ ਤੇ ਮੈਨੂੰ ਆਪਣੀ ਛਾਤੀ ਨਾਲ ਲਾ ਲੈਂਦੀ। ਮੈਨੂੰ ਉਸਦਾ ਇੰਜ ਕਰਨਾ ਚੰਗਾ ਲੱਗਦਾ। ਉਦੋਂ ਵੀ ਉਸਨੇ ਇੰਜ ਕਰਕੇ ਮੈਨੂੰ ਆਪਣੇ ਨਾਲ ਲਾਇਆ ਹੀ ਸੀ ਕਿ ਪਤਾ ਨਹੀਂ ਕਿੱਥੋਂ 'ਅੱਡੀ ਚੁੱਕ' ਪ੍ਰਗਟ ਹੋ ਗਈ।

ਉਸਨੇ ਮੈਨੂੰ ਚੰਨੋ ਤੋਂ ਝਟਕ ਕੇ ਵੱਖ ਕੀਤਾ ਤੇ ਉਸਨੂੰ ਵਾਲ਼ਾਂ ਤੋਂ ਫੜ ਲਿਆ।

ਮੈਨੂੰ ਨਹੀਂ ਪਤਾ ਕਿ ਉਸ ਸਮੇਂ ਮੇਰੇ ਚਿਹਰੇ 'ਤੇ ਕਿੰਨੀ ਕੁ ਸ਼ਰਮਿੰਦਗੀ ਹੋਵੇਗੀ। ਬੱਸ ਏਨਾ ਯਾਦ ਹੈ ਕਿ ਮੈਂ ਜਿਉਂ ਅੱਖਾਂ ਨੀਵੀਆਂ ਕਰ ਉਥੋਂ ਦੌੜਿਆ ਸੀ, ਮੁੜ ਕਦੇ ਚੰਨੋ ਦੇ ਘਰ ਅੱਗਿਓਂ ਵੀ ਨਹੀਂ ਸੀ ਲੰਘਿਆ।

ਅੱਜ ਭੋਲੀ ਕਰਕੇ ਮੈਨੂੰ ਜ਼ਿੰਦਗੀ ਵਿਚ ਦੂਸਰੀ ਵਾਰ ਸ਼ਰਮਿੰਦਗੀ ਦਾ ਉਹੀ ਅਹਿਸਾਸ ਹੋਇਆ ਸੀ।

ਅਗਲੇ ਹੀ ਦਿਨ ਭੋਲੀ ਦੇ ਪੇਕਿਆਂ ਨੂੰ ਸੱਦਿਆ ਗਿਆ ਸੀ। ਤੋੜ-ਵਿਛੋੜਾ ਤਾਂ ਹੁਣ ਤੈਅ ਹੀ ਸੀ, ਪਰ ਉਹ ਇਹ ਵੀ ਮੰਨੇ ਸਨ ਕਿ ਉਹਨਾਂ ਭੋਲੀ ਦਾ ਇਸੇ ਦੁੱਖੋਂ ਹੀ ਵਿਆਹ ਕੀਤਾ ਸੀ ਕਿ ਇਹ ਸੰਭਲ ਜਾਏਗੀ। ਜਿਸ ਡਾਕਟਰ ਤੋਂ ਭੋਲੀ ਦੀ ਵਿਆਹ ਤੋਂ ਪਹਿਲਾਂ ਦਵਾਈ ਚੱਲਦੀ ਸੀ ਉਸਨੇ ਹੀ ਉਨ੍ਹਾਂ ਨੂੰ



ਵਿਆਹ ਦੀ ਸਲਾਹ ਦਿੱਤੀ ਸੀ। ਪਰ੍ਹੇ ਵਿਚ ਬੈਠ ਕੇ ਸਮਝੌਤਾ ਹੋਇਆ ਤੇ ਬਿਨਾਂ ਅਦਾਲਤ ਜਾਇਆਂ ਛੱਡ-ਛਡਾ ਹੋ ਗਿਆ। ਆਪਣੇ ਵੱਲੋਂ ਰੱਖੇ ਉਹਲੇ ਦੀ ਸ਼ਰਮਿੰਦਗੀ ਨੂੰ ਮਹਿਸੂਸ ਕਰਦਿਆਂ ਉਹਨਾਂ ਵਿਆਹ ਵਿਚ ਦਿੱਤਾ ਘਰ ਮੇਰੇ ਨਾਂ ਹੀ ਰਹਿਣ ਦਿੱਤਾ ਸੀ। ਪੈਲ਼ੀ ਭੋਲੀ ਦੇ ਨਾਂ ਸੀ ਇਸ ਲਈ ਉਸਦੇ ਨਾਲ ਹੀ ਵਾਪਸ ਚਲੀ ਗਈ ਸੀ।

********

ਪ੍ਰਤਿਮਾ ਅੱਜ ਵੀ ਨਹੀਂ ਸੀ ਆਈ। ਉਸਦੇ ਬਿਨਾਂ ਮੈਨੂੰ ਬਾਕੀ ਗਾਹਕਾਂ ਨੂੰ ਕਸਰਤ ਵਿਚ ਮਦਦ ਕਰਨ ਦਾ ਕੋਈ ਆਨੰਦ ਨਹੀਂ ਆਉਂਦਾ। ਉਸਦੇ ਬਿਨਾਂ ਬੜੀ ਬੇਰੌਣਕੀ ਬਣੀ ਰਹਿੰਦੀ ਹੈ।

ਮੱਥੇ ਵਿਚ ਭੋਲੀ ਦੇ ਕਰਕੇ ਜਿਵੇਂ ਤਣਾਉ ਦੀ ਗੰਢ ਬੱਝ ਗਈ ਹੋਵੇ। ਮੱਥਾ ਕਿਸੇ ਫੋੜੇ ਵਾਂਗ ਟੱਸ-ਟੱਸ ਕਰਦਾ ਰਹਿੰਦਾ ਹੈ।

ਮੈਂ ਪ੍ਰਤਿਮਾ ਨੂੰ ਕਈ ਵਾਰ ਫ਼ੋਨ ਕਰ ਚੁੱਕਾਂ ਪਰ ਉਹ ਚੁੱਕਦੀ ਹੀ ਨਹੀਂ। ਜੋ ਮੇਰੇ ਨਾਲ ਇਹਨੀ ਦਿਨੀਂ ਵਾਪਰ ਰਿਹਾ ਸੀ ਉਹ ਮੈਂ ਪ੍ਰਤਿਮਾ ਨੂੰ ਦੱਸਣ ਲਈ ਬੇਚੈਨ ਹੋ ਰਿਹਾ ਸਾਂ, ਪਰ ਉਸਦਾ ਕੋਈ ਥਹੁ-ਪਤਾ ਨਹੀਂ ਲੱਗ ਰਿਹਾ। ਉਸਨੂੰ ਮਿਲਣ ਦੀ ਇੱਛਾ ਕਰਕੇ ਪਿਛਲੇ ਤਿੰਨ-ਚਾਰ ਦਿਨਾਂ ਤੋਂ ਉਹਨਾਂ ਦੀ ਕੋਠੀ ਅੱਗੋਂ ਹੀ ਲੰਘ ਕੇ ਕੰਮ 'ਤੇ ਆ ਰਿਹਾਂ ਅਤੇ ਘਰ ਵਾਪਸ ਜਾ ਰਿਹਾਂ। ਪਰ ਉਹ ਕਿਤੇ ਦਿਖਾਈ ਨਹੀਂ ਸੀ ਦਿੱਤੀ।

ਉਸ ਨਾਲ ਮੇਰਾ ਕੋਈ ਮੇਲ਼ ਨਹੀਂ ਹੈ ਪਰ ਉਹ ਮੇਰੀ ਚੰਗੀ ਦੋਸਤ ਬਣ ਗਈ ਹੈ। ਉਸਨੇ ਆਪਣੇ ਆਪ ਉੱਤੇ ਧਾਰਨ ਕੀਤੇ ਸਾਰੇ ਪਰਦੇ ਤੇ ਸ਼ੋਖੀ ਉਤਾਰ ਕੇ ਸੁੱਟ ਦਿੱਤੀ ਹੋਈ ਹੈ। ਹੁਣ ਉਹ ਬਿਲਕੁਲ ਸਪਸ਼ਟ ਹੈ-ਸੱਚੀ ਤੇ ਸਪਸ਼ਟ, ਮਿਲਾਵਟ ਰਹਿਤ।

ਇਹ ਸੱਭ ਕੋਈ ਇੱਕ ਦਿਨ ਵਿਚ ਹੀ ਨਹੀਂ ਹੋਇਆ।

ਉਸ ਨਾਲ ਮੇਰੀ ਪਹਿਲੀ ਵਾਰੀ ਮੁਲਾਕਾਤ ਉਸਦੇ ਵਿਆਹ ਦੀ ਪੰਝੀਵੀਂ ਵਰ੍ਹੇਗੰਢ 'ਤੇ ਹੋਈ ਸੀ ਜਿੱਥੇ ਬਲਰਾਜ ਭਾ ਜੀ ਦਾ ਪ੍ਰੋਗਰਾਮ ਸੀ।

ਸਿਲਵਰ ਰੰਗ ਦੇ ਗਾਊਨ ਨਾਲ ਸਿਲਵਰ ਗਹਿਣੇ, ਸਿਲਵਰ ਨਹੁੰਪਾਲਸ਼ ਤੇ ਚਮਕਦੇ ਹੋਂਠ। ਸਿਰ 'ਤੇ ਚਾਂਦੀ ਰੰਗਾ ਹੀਰਿਆਂ ਦਾ ਮੁਕਟ ਜਿਵੇਂ ਕੋਈ ਸ਼ਹਿਜ਼ਾਦੀ ਜਾਂ ਰਾਣੀ ਹੋਵੇ। ਉਸਦੇ ਘਰਵਾਲੇ ਮਿਸਟਰ ਕਪੂਰ ਦੀ ਕਾਲੀ ਕਮੀਜ਼ 'ਤੇ ਹੀਰਿਆਂ ਜੜ੍ਹੀ ਟਾਈ ਪਾਈ ਹੋਈ ਸੀ। ਉੱਥੇ ਹੀ ਪਾਰਟੀ ਖ਼ਤਮ ਹੋਣ 'ਤੇ ਬਲਰਾਜ ਭਾਜੀ ਨੇ ਉਸਨੂੰ ਆਪਣੇ ਜਿਮ ਵਿਚ ਅਭਿਆਸ ਦੀ ਆਫ਼ਰ ਦਿੱਤੀ ਸੀ।

ਵਾਪਸ ਆਉਂਦਿਆਂ ਭਾਜੀ ਨੇ ਮੈਨੂੰ ਤਾਕੀਦ ਕੀਤੀ ਸੀ ਕਿ ਇਹ ਵੱਡੇ ਬੰਦੇ ਨੇ। ਇਹਨਾਂ ਦੇ ਸੰਪਰਕ ਨਾਲ ਅੱਗੋਂ ਹੋਰ ਗਾਹਕ ਆਉਣਗੇ। ਇਸ ਲਈ ਅਜਿਹੇ ਗਾਹਕਾਂ ਨੂੰ ਹਰ ਹਾਲਤ ਵਿਚ ਸੰਤੁਸ਼ਟ ਕਰਨਾ ਹੈ-ਬੱਟ ਪਲੇਅ ਸੇਫ਼।

ਬਲਰਾਜ ਭਾਜੀ ਦੀ ਇਸ ਗੱਲ ਨੂੰ ਬੱਸ ਪੱਲੇ ਹੀ ਬੰਨ੍ਹ ਲਿਆ ਹੋਇਆ ਸੀ। ਗਾਹਕ ਨੂੰ ਸੰਤੁਸ਼ਟ ਰੱਖਣ ਦੇ ਚੱਕਰ ਵਿਚ ਪ੍ਰਤਿਮਾ ਮੇਰੇ ਨੇੜੇ ਆ ਗਈ ਸੀ।

ਮੈਨੂੰ ਯਾਦ ਆਇਆ ਕਿ ਜਦੋਂ ਪਹਿਲੀ ਵਾਰੀ ਮੇਰਾ ਹੱਥ ਉਸਨੂੰ ਛੂਹ ਗਿਆ ਸੀ ਤਾਂ ਉਹ ਮੇਰੇ ਨਾਲ ਕਿੰਨੀ ਔਖੀ ਹੋਈ ਸੀ ਪਰ ਹੌਲ਼ੀ-ਹੌਲ਼ੀ ਆਦੀ ਹੋ ਗਈ ਸੀ। ਹੁਣ ਉਹ ਮੇਰੀ ਦੋਸਤ ਸੀ।

ਤੇ ਜਿਸ ਦਿਨ ਉਹਨੇ ਮੇਰੇ ਨਾਲ ਹਰ ਹੱਦ ਉਲੰਘੀ ਸੀ ਉਸ ਦਿਨ ...

ਉਸ ਦਿਨ ਜਦੋਂ ਉਹ ਜਿਮ ਆਈ, ਉਹ ਜਿਵੇਂ ਆਪਣੇ-ਆਪ ਵਿਚ ਨਹੀਂ ਸੀ। ਲੱਗਦਾ ਸੀ ਰੋਈ ਕਿ ਰੋਈ। ਉਸ ਵਕਤ ਰਾਤ ਸ਼ਾਮ ਦੀ ਜਗ੍ਹਾ ਲੈ ਰਹੀ ਸੀ। ਓਦਣ ਕਪੂਰ ਨਾਲ ਉਸਦਾ ਝਗੜਾ ਹੋਇਆ ਸੀ। ਮੈਂ ਵੇਟ ਕਰਾਉਂਦਿਆਂ ਜਦੋਂ ਉਹਦੇ ਚਿਹਰੇ 'ਤੇ ਰਾਡ ਡਿੱਗਣੋਂ ਮਸੀਂ ਬਚਾਈ ਤਾਂ ਉਹਦੇ ਤੇਜ਼ ਚੱਲਦੇ ਸਾਹਾਂ ਵਿਚ ਮੇਰੇ ਸਾਹ ਜਾ ਟਕਰਾਏ ਸਨ। ਉਹ ਭੜਕ ਪਈ ਸੀ। ਮੈਂ ਕੱਚਾ ਜਿਹਾ ਹੋ ਗਿਆ ਸੀ। ਉਸਨੂੰ

ਦਫ਼ਤਰ ਬਿਠਾ ਕੇ ਪਾਣੀ ਪਿਆਇਆ ਤੇ ਸ਼ਾਂਤ ਕਰਕੇ ਮਾਫ਼ੀ ਮੰਗੀ ਸੀ। ਬੱਸ ਉਦੋਂ ਹੀ ਉਹ ਫ਼ਿੱਸ ਪਈ ਸੀ।

ਕਪੂਰ ਨੇ ਉਸਨੂੰ ਬਹੁਤ ਮਾਰਿਆ ਸੀ ... ਕਿਉਂ ਜੋ ਉਸਨੇ ਕਪੂਰ ਦੀਆਂ ਹੋਰ ਤਰੱਕੀਆਂ ਖ਼ਾਤਰ ਆਪਣੇ-ਆਪ ਨੂੰ ਕਿਸੇ ਹੋਰ ਦੀ ਬੁਰਕੀ ਬਣਾਉਣ ਤੋਂ ਇਨਕਾਰ ਕਰ ਦਿੱਤਾ ਸੀ। ਉਸਦੇ ਹੱਥਾਂ, ਬਾਹਵਾਂ ਤੇ ਚਿਹਰੇ 'ਤੇ ਨੀਲ ਪਏ ਹੋਏ ਸਨ।

ਉਸਨੇ ਮਾਰ ਖਾ ਲਈ ਸੀ ਪਰ ਕਪੂਰ ਦੇ ਕਹੇ 'ਤੇ ਕਿਸੇ ਵਜ਼ੀਰ ਨਾਲ ਜਾਣ ਲਈ ਨਾਂਹ 'ਤੇ ਅੜ ਗਈ ਸੀ।

ਅਗਲੀ ਰਾਤ ਜਦੋਂ ਕਪੂਰ ਉਸ ਕੋਲ ਆਇਆ ਤਾਂ ਉਹ ਬਿਫ਼ਰੀ ਹੋਈ ਸ਼ੇਰਨੀ ਵਾਂਗ ਉਸਨੂੰ ਪਈ। ਉਸਨੇ ਆਪਣੇ ਹੀ ਪਤੀ ਨਾਲ ਸੰਬੰਧ ਬਣਾਉਣ ਤੋਂ ਵੀ ਇਨਕਾਰ ਕਰ ਦਿੱਤਾ।

ਗੱਲ ਇੱਥੇ ਹੀ ਖ਼ਤਮ ਨਹੀਂ ਹੋਈ ਸੀ।

ਕਪੂਰ ਨੇ ਉਸਨੂੰ ਵਾਲ਼ਾਂ ਤੋਂ ਫੜ ਲਿਆ ਤੇ ਮਾਰਦੇ ਹੋਏ ਇਥੋਂ ਤੱਕ ਕਹਿ ਦਿੱਤਾ ਕਿ ਪ੍ਰਤਿਮਾ ਨੂੰ ਹੁਣ ਭਾਂਤ-ਭਾਂਤ ਦੇ ਸੁਆਦਾਂ ਦਾ ਭੁੱਸ ਪੈ ਗਿਆ ਹੈ। ਇਸ ਲਈ ਤੂੰ ਹੁਣ ਮੇਰੇ ਨਾਲ ਸੌਣਾ ਨਹੀਂ ਚਾਹੁੰਦੀ।

ਇਹ ਸੱਭ ਪ੍ਰਤਿਮਾ ਰੋ-ਰੋ ਕੇ ਮੈਨੂੰ ਸੁਣਾਉਂਦੀ ਰਹੀ ਸੀ। ਮੈਂ ਉਸਨੂੰ ਹੌਂਸਲਾ ਦਿੰਦਾ ਰਿਹਾ ਸੀ।

ਇਹ ਉਹੀ ਸ਼ਾਮ ਸੀ ਜਿਸ ਦਿਨ ਅਸੀਂ ਦੋਸਤੀ ਨੂੰ ਉਲੰਘੇ ਸਾਂ ...

ਮੈਂ ਹੈਰਾਨ ਤੇ ਪਰੇਸ਼ਾਨ ਵੀ ਹਾਂ ਕਿ ਉਸ ਦਿਨ ਤੋਂ ਬਾਦ ਪ੍ਰਤਿਮਾ ਜਿਮ ਕਿਉਂ ਨਹੀਂ ਆਈ ਮੈਂ ਉਸਨੂੰ ਦੱਸਣਾ ਚਾਹੁੰਦਾ ਕਿ ਇਹਨਾਂ ਦਿਨਾਂ ਵਿਚ ਮੇਰੇ ਨਾਲ ਕੀ-ਕੀ ਬੀਤੀ ਹੈ। ਮੈਂ ਉਸ ਤੋਂ ਪੁੱਛਣਾ ਚਾਹੁੰਦਾ ਕਿ ਇਹਨਾ ਦਿਨਾਂ ਵਿਚ ਉਸ ਨਾਲ ਕੀ ਕੁੱਝ ਹੋਇਆ ਹੈ।

ਮੈਂ ਇਸ ਕਸ਼ਮਕਸ਼ 'ਚੋਂ ਬਾਹਰ ਨਿਕਲਣਾ ਚਾਹੁੰਦਾ ਹਾਂ।

ਮੇਰੀ ਨਜ਼ਰ ਕਾਰਡੀਓ ਕਰ ਰਹੀ ਡਿੰਪਲ 'ਤੇ ਪੈਂਦੀ ਹੈ। ਉਸਨੇ ਕੰਨਾਂ 'ਤੇ ਹੈੱਡ ਫ਼ੋਨ ਲਗਾਏ ਹੋਏ ਹਨ। ਸ਼ੁਕਰ ਹੈ ਕਿ ਉਹ ਆਪਣੇ ਆਪ ਵਿਚ ਮਸਤ ਹੈ।

ਟਰੇਨਿੰਗ ਕਰਨ ਵਾਲੇ ਅਤੇ ਟਰੇਨਰ, ਸੱਭ ਆਪਣੇ-ਆਪ ਵਿਚ ਲੱਗੇ ਹੋਏ ਹਨ। ਮੈਂ ਸੋਚਦਾ ਹਾਂ ਕਿ ਸਰੀਰ ਬਣਾਉਣ ਵਾਲ਼ੇ, ਕਸਰਤਾਂ ਕਰਨ ਵਾਲ਼ੇ, ਫਿਟਨੈੱਸ ਚਾਹੁਣ ਵਾਲ਼ੇ ਕਿੰਨੇ ਭਾਂਤ-ਭਾਂਤ ਦੇ ਲੋਕ ਨੇ। ਕੋਈ ਸਵੇਰ ਵੇਲ਼ੇ ਆਉਂਦੈ, ਕੋਈ ਸ਼ਾਮ ਨੂੰ। ਔਰਤਾਂ ਜ਼ਿਆਦਾਤਰ ਸ਼ਾਮ ਨੂੰ ਆਉਂਦੀਆਂ ਹਨ ਪਰ ਨੌਕਰੀ ਕਰਨ ਵਾਲ਼ੀਆਂ ਦੇ ਅਤੇ ਘਰੇਲੂ ਔਰਤਾਂ ਦੇ ਵੀ ਟਾਈਮ ਵੱਖੋ-ਵੱਖਰੇ ਹੁੰਦੇ ਹਨ।

ਕਈ ਤਰ੍ਹਾਂ ਦੀਆਂ ਔਰਤਾਂ; ਕਈ ਪੂਰੀਆਂ ਸ਼ੋਅ-ਆੱਫ਼। ਕਈ ਬੜੀਆਂ ਸਾਦੀਆਂ, ਕਈ ਸ਼ੋਖ਼-ਚੰਚਲ ਤੇ ਕਈ ਮੇਕਅੱਪ ਨਾਲ ਲਿਬੜੀਆਂ ਹੋਈਆਂ ਜਿਮ ਵਿਚ ਆਉਂਦੀਆਂ ਜਿਵੇਂ ਕੋਈ ਵਿਆਹ-ਪਾਰਟੀ 'ਚ ਆਈਆਂ ਹੋਣ। ਕਈ ਇਨੇ ਚਿਪਕੇ ਹੋਏ ਜਿਮ ਸੂਟ ਪਹਿਨ ਕੇ ਆਉਂਦੀਆਂ ਜਿੰਨ੍ਹਾਂ ਨੂੰ ਵੇਖ ਟਰੇਨਰ ਮੁੰਡੇ ਇਨ੍ਹਾਂ ਦੀਆਂ ਹਿੱਕਾਂ ਦੀ ਬਾਰੀਕ ਲਕੀਰ ਵਿਚ ਡਿੱਗ ਡਿੱਗ ਪੈਂਦੇ ਹਨ। ਕਈ ਬੜੀਆਂ ਸ਼ਾਂਤ ਚੁੱਪ-ਚਾਪ ਅਤੇ ਕਈ ਬੜੀਆਂ ਖੁੱਲ੍ਹਦਿਲੀਆਂ। ਕਈ ਮਿਲਣਸਾਰ ਤੇ ਕਈ ਆਪਣੇ ਕੰਮ ਨਾਲ ਵਾਸਤਾ ਰੱਖਣ ਵਾਲ਼ੀਆਂ।

ਬੇਸ਼ੱਕ ਇਹ ਜਿਮ ਵੀ ਕਿਸੇ ਸਰਾਂ ਵਾਂਗ ਹੁੰਦੇ ਹਨ ਜਿੱਥੇ ਰੋਜ਼ ਕਈ ਗਾਹਕ ਆਉਂਦੇ, ਰੁਕਦੇ ਤੇ ਚਲੇ ਜਾਂਦੇ ਹਨ। ਇੱਥੇ ਕਸਰਤਾਂ ਦੇ ਨਾਲ ਕਈ ਵਪਾਰਕ ਡੀਲਾਂ ਹੁੰਦੀਆਂ ਤੇ ਕਈ ਰਿਸ਼ਤੇ ਰੋਜ਼ ਬਰਬਾਦ ਹੁੰਦੇ ਵੇਖੀਦੇ ਹਨ।

ਮੈਂ ਘੜੀ ਵੱਲ ਵੇਖਦਾਂ। ਅੱਠ ਵੱਜ ਚੁੱਕੇ ਹਨ। ਅੱਜ ਵੀ ਪ੍ਰਤਿਮਾ ਨਹੀਂ ਆਉਂਦੀ ਦਿੱਸਦੀ।

ਇਨੇ ਚਿਰ ਨੂੰ ਪ੍ਰਤਿਮਾ ਅਚਾਨਕ ਪ੍ਰਗਟ ਹੁੰਦੀ ਹੈ।



ਉਸਨੇ ਹੱਥਾਂ ਵਿਚ ਸੱਜਰੇ ਫੁੱਲਾਂ ਦਾ ਗੁਲਦਸਤਾ ਫੜਿਆ ਹੋਇਆ ਹੈ।

ਉਸਦੇ ਦੂਸਰੇ ਹੱਥ ਵਿਚ ਤਾਜ਼ੇ ਕੇਕ ਦਾ ਡੱਬਾ ਹੈ।

ਅੱਜ ਉਹ ਪੂਰੇ ਉਤਸ਼ਾਹ ਵਿਚ ਹੈ।

ਉਸਨੇ ਕੇਕ ਦਾ ਟੁਕੜਾ ਮੇਰੇ ਮੂੰਹ ਵਿਚ ਪਾਉਂਦਿਆਂ ਦੱਸਿਆ ਕਿ ਉਹ ਕੱਲ੍ਹ ਲੰਦਨ ਜਾ ਰਹੀ ਸੀ। ਉਸਦੀ ਬੇਟੀ ਉੱਥੇ ਪੜ੍ਹਦੀ ਹੈ।

ਪ੍ਰਤਿਮਾ ਨੇ ਇੰਨੇ ਦਿਨ ਨਾ ਆਉਣ ਦਾ ਕਾਰਨ ਦੱਸਿਆ ਕਿ ਕਪੂਰ ਨੇ ਉਸਦਾ ਬਾਹਰ ਨਿਕਲਣਾ ਬੰਦ ਕਰ ਦਿੱਤਾ ਸੀ। ਪ੍ਰਤਿਮਾ ਨੇ ਤਲਾਕ ਲੈਣ ਦਾ ਫ਼ੈਸਲਾ ਕੀਤਾ ਤਾਂ ਉਸਦੀ ਬੇਟੀ ਨੇ ਕਿਹਾ ਕਿ "ਮੰਮਾ! ਤੁਸੀਂ ਸਾਰੀ ਜ਼ਿੰਦਗੀ ਇਸ ਘਰ, ਇਸ ਪਤੀ ਦੇ ਲੇਖੇ ਲਾ ਦਿੱਤੀ। ਤੁਸੀਂ ਸਦਾ ਇਹਨਾਂ ਦੇ ਕੰਮ ਆਏ ਤਾਂ ਹੁਣ ਤਲਾਕ ਲੈ ਕੇ ਇੱਕਲੇ ਭਟਕਣ ਦੀ ਕੀ ਜ਼ਰੂਰਤ ਹੈ। ਜਿਵੇਂ ਇਸ ਆਦਮੀ ਨੇ ਤੁਹਾਨੂੰ ਵਰਤਿਆ ਹੈ ਉਸੇ ਤਰ੍ਹਾਂ ਤੁਸੀਂ ਇਸਦੇ ਪੈਸੇ ਨੂੰ ਵਰਤੋ। ਤੁਹਾਡਾ ਇਸ ਪੈਸੇ, ਇਸ ਘਰ 'ਤੇ ਬਰਾਬਰ ਦਾ ਹੱਕ ਹੈ।"

ਪ੍ਰਤਿਮਾ ਦੀ ਬੇਟੀ ਹੀ ਉਸਨੂੰ ਆਪਣੇ ਨਾਲ ਲੰਦਨ ਲੈ ਕੇ ਜਾ ਰਹੀ ਸੀ।

ਪ੍ਰਤਿਮਾ ਨੇ ਕਾਹਲੀ ਵਿਚ ਆਪਣਾ ਬੈਗ਼ ਚੁੱਕਿਆ। ਫੁੱਲ ਮੇਰੇ ਹੱਥਾਂ ਵਿਚ ਦੇ ਕੇ ਮੇਰੀ ਗੱਲ੍ਹ 'ਤੇ ਚੁੰਬਨ ਦਿੱਤਾ ਤਾਂ ਮੈਨੂੰ ਚੰਨੋ ਭਾਬੀ ਯਾਦ ਆ ਗਈ।

ਮੇਰਾ ਹੱਥ ਮੇਰੀ ਗੱਲ੍ਹ 'ਤੇ ਲੱਗੀ ਸੁਰਖੀ 'ਤੇ ਚਲਾ ਗਿਆ।

************

"ਭਾਅ .... ਅ .... ਜੀ.... ਈ....। ਮੇਰਾ ਬੈਲੀ ਫੈਟ ਜ਼ਰਾ ਨਹੀਂ ਘੱਟਦਾ ਪਿਆ ਹੈਗਾ .... ਤੁਸੀਂ ਕੁੱਝ ਦੱਸੋ ਨਾ .... ਆ," ਡਿੰਪਲ ਲੰਮੀ ਹੇਕ ਜਿਹੀ ਨਾਲ ਜਦੋਂ ਚੀਕੂ ਦੇ ਬੀਆਂ ਵਰਗੀਆਂ ਅੱਖਾਂ ਨਾਲ ਸਾਹਮਣੇ ਵਾਲੇ ਦੇ ਅੰਦਰ ਝਾਕਦੀ ਹੈ ਤਾਂ ਉਸਦੇ ਲਮਕਾਅ ਦੇ ਕਹੇ ਸ਼ਬਦ 'ਭਾ ਜੀ' ਨਾਲ ਲਿਸ਼ਕਦਾ ਹੇਠਲਾ ਹੋਂਠ ਹੋਰ ਵੀ ਟੇਢਾ ਹੋ ਜਾਂਦਾ ਹੈ। ਠੋਡੀ ਵਿਚ ਡੂੰਘ ਪੈ ਜਾਂਦਾ ਹੈ। ਲੱਗਦਾ ਹੈ ਜਿਵੇਂ ਝੂਠ ਬੋਲ ਰਹੀ ਹੋਵੇ।

"ਝੂਠੀ ਕਿਸੇ ਥਾਂ ਦੀ," ਮਨ ਵਿਚੋਂ ਮੋਟੀ ਜਿਹੀ ਗਾਹਲ ਨਿਕਲਦੀ ਹੈ।

ਡਿੰਪਲ ਨੇ ਜਦੋਂ ਜਿਮ ਆਉਣਾ ਸ਼ੁਰੂ ਕੀਤਾ , ਉਹਨੀ ਦਿਨੀਂ ਬਲਕਾਰ ਭਾ ਜੀ ਯੂਰਪ ਦੇ ਟੂਰ 'ਤੇ ਸਨ। ਵਾਪਸ ਆ ਕੇ ਜਦੋਂ ਉਨ੍ਹਾਂ ਮੈਨੂੰ ਡਿੰਪਲ ਨੂੰ ਅਭਿਆਸ ਕਰਾਉਂਦਿਆਂ ਵੇਖਿਆ ਸੀ ਤਾਂ ਉਹ ਮੇਰੇ ਨਾਲ ਸਖ਼ਤ ਨਰਾਜ਼ ਹੋਏ ਸਨ।

"ਇਹੋ ਜਿਹੀਆਂ ਸਾਲ਼ੀਆਂ ਜਿੰਨੀਆਂ ਸੁਫਿਸਟੀਕੇਟਿਡ ਬਣਨ ਦਾ ਵਿਖਾਵਾ ਕਰਦੀਆਂ, ਉਨੀਆਂ ਹੀ ਹਰਾਂਬੜਾਂ ਹੁੰਦੀਆਂ," ਭਾਜੀ ਨੇ ਆਖ ਕੇ ਨੁੱਕਰੇ ਪਏ ਡਸਟਬਿਨ ਵਿਚ ਥੁੱਕਿਆ ਸੀ।

ਮੈਂ ਉਦੋਂ ਤੋਂ ਹੀ ਉਸਨੂੰ ਅਣਦੇਖਿਆ ਕਰਨ ਲੱਗਿਆ ਸੀ।

ਉਮਰ ਦੇ ਪੈਂਤੀ ਤੋਂ ਵੱਧ ਸਾਵਣ ਪਾਰ ਕਰ ਚੁੱਕੀ ਡਿੰਪਲ ਦੇ ਚਿਹਰੇ 'ਤੇ ਸ਼ਾਇਦ ਇੱਕ ਅੱਧ ਹੁਸਨ ਦੀ ਚਿੱਪਰ ਬਾਕੀ ਸੀ, ਪਰ ਅਦਾਵਾਂ ਵਿਚਲੀ ਸ਼ੋਖੀ ਅਜੇ ਵੀ ਸੋਲ਼ਾਂ ਵਰ੍ਹਿਆਂ ਦੀ ਕੁੜੀ ਵਾਲ਼ੀ ਸੀ। ਅੱਖਾਂ ਅਜ੍ਹੇ ਵੀ ਬੋਲਦੀਆਂ। ਹੋਂਠ ਅਜ੍ਹੇ ਵੀ ਆਕਰਸ਼ਕ। ਬਣਨ-ਸੰਵਰਨ ਦਾ ਚਾਅ ਪੂਰਾ। ਬੈਠਣ-ਉੱਠਣ ਵੀ ਕਾਬਿਲੇ-ਤਾਰੀਫ਼।

ਜਦੋਂ ਲਮਕਾ ਕੇ 'ਸ਼ੇਰਾ ਜੀ' ਕਹਿ ਅਵਾਜ਼ ਮਾਰਦੀ ਤਾਂ ਜਿਮ ਵਿਚ ਆਏ ਸਾਰੇ ਗਾਹਕਾਂ ਤੇ ਸਾਰੇ ਟਰੇਨਰਾਂ ਦੇ ਕੰਨ ਖੜ੍ਹੇ ਹੋ ਜਾਂਦੇ ਹਨ। ਜੇ ਮੈਂ ਉਸਨੂੰ ਅਣਗੌਲਿਆਂ ਕਰਦਾ ਤਾਂ ਅਭਿਆਸ ਰੋਕ ਕੇ ਉਹ ਸਿਰ 'ਤੇ ਆਣ ਖਲੋਂਦੀ। ਕਬਜ਼ਾ ਜਮਾਉਣ ਦੀ ਖ਼ਾਸੀ ਸ਼ੌਕੀਨ ਜਿਵੇਂ ਹਰ ਕਿਸੇ ਪ੍ਰਾਪਤੀ ਲਈ ਫ਼ਤੂਰ ਚੜ੍ਹਿਆ ਰਹਿੰਦਾ ਹੋਵੇ। ਬਿਲਕੁਲ ਕਿਸੇ ਛੋਟੇ ਬੱਚੇ ਵਾਂਗ ਜੋ ਕਿਸੇ ਵੀ ਖਿਡੌਣੇ ਨੂੰ ਹਾਸਲ ਕਰਨ ਲਈ ਅੜ ਜਾਂਦਾ

ਹੈ।

ਮੈਂ ਕਈ ਵਾਰ ਅਜਿਹੀਆਂ ਔਰਤਾਂ ਦੀ ਤੁਲਨਾ ਆਪਣੀ ਬੀਬੀ ਨਾਲ ਕਰਨ ਲੱਗਦਾ ਹਾਂ। ਇਕ ਪਾਸੇ ਇਹ ਔਰਤਾਂ ਜੋ ਪਤਾ ਨਹੀਂ ਕਿਹੜੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਇੰਜ ਤੁਰੀਆਂ ਫਿਰਦੀਆਂ ਤੇ ਦੂਜੇ ਪਾਸੇ ਬੀਬੀ ਵਰਗੀਆਂ ਜਿਸ ਨੇ ਇਸ ਆਸ 'ਤੇ ਭਰ ਜਵਾਨੀ ਵਿਚ ਰੰਡੇਪਾ ਕੱਟ ਲਿਆ ਕਿ ਉਸਦਾ ਪੁੱਤ ਅੱਜ ਵੀ ਜਵਾਨ ਹੋਇਆ ਤੇ ਕੱਲ੍ਹ ਵੀ। ਸੋਚਦਾਂ .... ਕਿੰਨਾ ਅੰਤਰ ਹੈ ਮੇਰੀ ਮਾਂ ਤੇ ਇਨ੍ਹਾਂ ਵਿਚ। ਮਹਾਂਨਗਰ ਦੀ ਚਕਾਚੌਂਧ ਵਿਚ ਗਵਾਚੀਆਂ ਇਹ ਪਤਾ ਨਹੀਂ ਕੀ ਤਲਾਸ਼ ਰਹੀਆਂ ਹਨ .... ਤੇ ਬੀਬੀ .... ਕੁੱਝ ਵੀ ਨਾ ਹੋਣ ਦੇ ਬਾਵਜੂਦ ਉਹ ਕਿੰਨੀ ਸਹਿਜ .... ਕਿੰਨੀ ਸੰਪੂਰਨ .... ਕਿੰਨੀ ਸ਼ਾਂਤ ਹੈ।

ਜਦੋਂ ਬੰਦੇ ਦੀ ਆਪਣੀ ਜੀਵਨ ਗੱਡੀ ਲੀਹੋਂ ਉੱਤਰ ਰਹੀ ਹੋਵੇ ਤਾਂ ਡਿੰਪਲ ਵਰਗੇ ਸਾਥ ਵੀ ਕਈ ਵਾਰ ਬੰਦੇ ਨੂੰ ਚੰਗੇ ਲੱਗਣ ਲੱਗਦੇ ਹਨ। ਹਾਲਾਂਕਿ ਮੈਂ ਆਪਣੀ 'ਪਲੇਅ ਸੇਫ਼' ਦੀ ਨੀਤੀ 'ਤੇ ਕਾਇਮ ਰਹਿੰਦਾ ਹਾਂ ਪਰ ਕਿਉਂ ਜੋ ਡਿੰਪਲ ਭੋਲੀ ਬਾਰੇ ਜਾਣ ਚੁੱਕੀ ਹੈ ਇਸ ਕਰਕੇ ਉਸਦੀ ਮੇਰੇ ਨਾਲ ਹਮਦਰਦੀ ਦਿਨੋਂ-ਦਿਨ ਵੱਧ ਰਹੀ ਹੈ।

ਡਿੰਪਲ ਸ਼ਹਿਰ ਦੇ ਇਕ ਹੋਟਲ ਵਿਚ ਗਾਉਣ ਦਾ ਕੰਮ ਕਰਦੀ ਹੈ। ਇੱਕੋ ਇੱਕ ਭਰਾ ਨਸ਼ਿਆਂ ਦੇ ਢਹੇ ਚੜ੍ਹਿਆ ਹੋਇਆ ਹੈ। ਮਾਪੇ ਹੈ ਨਹੀਂ ਇਸ ਲਈ ਕਮਾਉਣ ਦਾ ਸਾਧਨ ਕੇਵਲ ਡਿੰਪਲ ਹੈ। ਕਾਲਜ ਪੜ੍ਹਦਿਆਂ ਉਸਦੀ ਸਿੱਖੀ ਹੋਈ ਕਲਾਸੀਕਲ ਗਾਇਕੀ ਦਾ ਹੁਨਰ ਉਸਦਾ ਰੁਜ਼ਗਾਰ ਬਣਿਆ ਹੋਇਆ ਹੈ।

ਭਾਵੇਂ ਉਹ ਕਿੰਨੀ ਵੀ ਚੰਗੀ ਕਿਉਂ ਨਾ ਹੋਵੇ ਪਰ ਮੈਨੂੰ ਉਹ ਵਿਆਹ ਮਟੀਰੀਅਲ ਕਦੇ ਨਹੀਂ ਲੱਗੀ। ਇਸ ਲਈ ਉਸਦਾ ਮੇਰੇ ਨਾਲ ਪੂਰਾ-ਪੂਰਾ ਖ਼ੁਦਗਰਜ਼ੀ ਦਾ ਸੰਬੰਧ ਹੈ। ਬੱਸ ਦੋਵੇਂ ਇੱਕ ਦੂਜੇ ਲਈ ਦੋਸਤ ਦੀ ਕਮੀ ਪੂਰੀ ਕਰਦੇ ਹਾਂ। ਮੈਂ ਇਹ ਵੀ ਕਦੇ ਨਹੀਂ ਚਾਹਿਆ ਕਿ ਉਸਦਾ ਮੇਰੇ ਨਾਲ ਸੰਬੰਧ ਜੱਗ-ਜ਼ਾਹਿਰ ਹੋਵੇ।

ਡਿੰਪਲ ਵਰਗੀਆਂ ਬਾਰੇ ਸੋਚਦਾਂ ਕਿ ਇਕੱਲੀਆਂ ਰਹਿੰਦੀਆਂ ਔਰਤਾਂ ਕਿਸ ਤਰ੍ਹਾਂ ਜ਼ਿਦਗੀ ਦਾ ਭਾਰ ਢੋਅ ਰਹੀਆਂ ਹਨ। ਸੱਚੀਆਂ-ਸੁੱਚੀਆਂ, ਪਾਕ-ਪਵਿੱਤਰ, ਕੁਆਰੀਆਂ-ਵਿਆਹੀਆਂ, ਵਿਧਾਵਾਂ ..... ਸੰਸਾਰ ਦੀ ਬੇਰੁਖ਼ੀ ਨੇ ਜਿਵੇਂ ਇਨ੍ਹਾਂ ਔਰਤਾਂ ਦੀ ਮਾਸੂਮੀਅਤ ਨੂੰ ਨਿਗਲ ਲਿਆ ਹੋਵੇ।

ਬਰਾਂਡੇਡ ਕੱਪੜੇ, ਚਸ਼ਮੇ, ਸਿਲਕੀ ਵਾਲ਼ ਤੇ ਚਮਕਦੇ ਹੋਂਠ !! ਇਨ੍ਹਾਂ ਚਮਕਦੇ ਹੋਠਾਂ ਉੱਤੇ ਜਿਵੇਂ ਬਰਾਂਡੇਡ ਮੁਸਕਰਾਹਟ , ਇੰਜ ਲੱਗਦੈ ਇਹ ਵੀ ਜਿਵੇਂ ਮੁੱਲ ਦੀ ਹੀ ਹੋਵੇ। ਤੇ ਇਸ ਮੁਸਕਾਨ ਪਿੱਛੇ ਕਿੰਨਾ ਹਨੇਰ, ਕਿੰਨੀ ਕੁਰਲਾਹਟ ਚੁੱਕੀ ਫ਼ਿਰਦੀਆਂ।

ਜਿਮ ਵਰਗੀਆਂ ਥਾਵਾਂ 'ਤੇ ਸਰੀਰਕ ਜ਼ੋਰ ਕਰਕੇ, ਮਿਹਨਤ-ਮੁਸ਼ੱਕਤ ਕਰਕੇ, ਵੇਟ ਕਰਕੇ ਮਾਨੋਂ ਜ਼ਿੰਦਗੀ ਦਾ ਭਾਰ ਹੌਲ਼ਾ ਕਰ ਰਹੀਆਂ ਹੋਣ। ਮੈਂ ਆਪ ਇਹਨਾਂ ਸੱਭ ਔਰਤਾਂ ਦਾ ਭਾਰ ਹੌਲ਼ਾ ਕਰ ਦੇਣਾ ਚਾਹੁੰਦਾ। ਕਾਸ਼ ! ਮੈਂ ਰੱਬ ਹੁੰਦਾ।

ਸ਼ਾਇਦ ਇਸੇ ਲਈ ਹੁਣ ਕਦੇ-ਕਦੇ ਮੈਂ ਡਿੰਪਲ ਬਾਰੇ ਸੀਰੀਅਸਲੀ ਫ਼ੈਸਲਾ ਕਰਨ ਦਾ ਵਿਚਾਰ ਕਰਦਾ ਹਾਂ।

ਡਿੰਪਲ ਬਾਰੇ ਮੈਂ ਅਜੇ ਸਿਰਫ਼ ਆਪਣੇ ਦੋਸਤ ਜਤਿੰਦਰ ਨੂੰ ਹੀ ਦੱਸਿਆ ਸੀ। ਮੇਰੇ ਕਹਿਣ 'ਤੇ ਉਹ ਪਿਛਲੀ ਸ਼ਾਮ ਜਿਮ ਆਇਆ ਸੀ। ਡਿੰਪਲ ਕਾਰਡੀਓ ਕਰ ਰਹੀ ਸੀ। ਉਹ ਦੂਰੋਂ ਹੀ ਡਿੰਪਲ ਨੂੰ ਵੇਖ ਕੇ ਘਬਰਾ ਗਿਆ ਤੇ ਬਲਕਾਰ ਭਾਜੀ ਦੇ ਦਫ਼ਤਰ ਵਿਚ ਜਾ ਲੁਕਿਆ।

"ਫਿੱਟੇ ਮੂੰਹ ਯਾਰ ਤੇਰੇ ! ਇਹ ਚਵਲ਼ ਤਾਂ ਕੱਲ੍ਹ ਰਾਤੀਂ ਮੇਰੇ ਨਾਲ ਸੀ। ਸਾਲ਼ੀ ਟੈਕਸੀ...." ਡਿੰਪਲ ਦੇ ਜਾਣ ਤੋਂ ਬਾਅਦ ਜਦੋਂ ਜਤਿੰਦਰ ਨੇ ਇਹ ਦੱਸਿਆ ਤਾਂ ਜਾਪਿਆ ਜਿਵੇਂ ਮੈਂ ਇਕ ਵਾਰੀ ਫਿਰ ਠੱਗਿਆ ਚੱਲਿਆ ਸੀ।



"ਟੈ...ਕ ... ਸੀ...' ਸ਼ਬਦ ਜਿਸ ਦੀਆਂ ਲੋਹੇ ਦੀਆਂ ਮਸ਼ੀਨਾਂ ਨਾਲ ਜਿਵੇਂ ਟਕਰਾ ਕੇ ਮੇਰੇ ਕੰਨਾਂ ਵਿਚ ਬਾਰ-ਬਾਰ ਗੂੰਜ ਰਿਹਾ ਸੀ।

**********

ਬਲਕਾਰ ਭਾਜੀ ਨੇ ਹੀ ਗੀਨਾ ਦਾ ਰਿਸ਼ਤਾ ਮੇਰੇ ਨਾਲ ਕਰਾਇਆ ਹੈ।

ਜਿਮ ਵਿਚੋਂ ਛੁੱਟੀ ਲੈ ਕੇ ਸਾਦੇ ਜਿਹੇ ਵਿਆਹ ਤੋਂ ਬਾਅਦ ਅਸੀਂ ਗੀਨਾ ਦੀ ਡੋਲ਼ੀ ਘਰ ਲੈ ਆਏ ਸੀ।

"ਗਰੀਬ ਘਰ ਦੀਆਂ ਧੀਆਂ ਨੂੰ ਲਾ ਕੇ ਖਾਣ ਦੀ ਜਾਚ ਹੁੰਦੀ ..., ਸੀਣਾ ਪਰੋਣਾ ਜਾਣਦੀ ਆ ..., ਪਾਰਲਰ ਸਿੱਖਿਆ ਹੋਇਆ ... ਸ਼ੇਰਿਆ ! ਚੰਗੀ ਤਰ੍ਹਾਂ ਘਰ ਵਸਾ ਲਏਗੀ," ਬਲਕਾਰ ਭਾਜੀ ਦੇ ਬੀਜੀ ਨੇ ਗੀਨਾ ਬਾਰੇ ਠਰ੍ਹਮੇ ਨਾਲ ਕਿਹਾ ਸੀ ਜਦੋਂ ਉਨ੍ਹਾਂ ਦੇ ਘਰ ਵੇਖਾ-ਵਿਖਾਈ ਹੋ ਰਹੀ ਸੀ।

ਮੈਂ ਦੋ ਦਿਨਾਂ ਵਿਚ ਜਾਣ ਲਿਆ ਹੈ ਕਿ ਗੀਨਾ ਇੱਕ ਚੰਗੀ ਕੁੜੀ ਹੈ। ਆਪਣੇ ਆਪ ਵਿਚ ਮਸਤ, ਮਾਂ ਦੇ ਅੱਗੇ-ਪਿੱਛੇ ਫਿਰਦੀ ਦੋਹਾਂ ਦਿਨਾਂ ਵਿਚ ਇਸ ਘਰ ਨੂੰ ਆਪਣਾ ਘਰ ਸਮਝਣ ਲੱਗੀ ਹੈ। ਪਿਛਲੀਆਂ ਦੋ ਰਾਤਾਂ ਵਿਚ ਜੋ ਪਿਆਰ ਤੇ ਵਿਸ਼ਵਾਸ ਉਸਦੇ ਸੁਭਾਅ ਵਿਚ ਨਜ਼ਰ ਆਇਆ ਹੈ। ਉਸ ਤੋਂ ਅੰਦਾਜ਼ਾ ਲਗਾ ਸਕਦਾ ਹਾਂ ਕਿ ਆਉਣ ਵਾਲ਼ੀ ਜ਼ਿੰਦਗੀ ਖ਼ੂਬਸੂਰਤ ਹੋਵੇਗੀ। ਸੁੱਤੀ ਪਈ ਗੀਨਾ ਦੇ ਚਿਹਰੇ ਤੋਂ ਵਾਲ਼ਾਂ ਦੀ ਲਿਟ ਪਰ੍ਹੇ ਕਰਕੇ ਉਸਦਾ ਮੱਥਾ ਚੁੰਮਦਾ ਹਾਂ।

ਫਿਰ ਮੈਂ ਹਸੀਨ ਸੁਪਨਿਆਂ ਦੀ ਕੁੱਖ ਵਿਚ ਉਤਰ ਜਾਂਦਾ ਹਾਂ।

ਕੋਈ ਮੇਰੀ ਨੀਂਦ ਦੀ ਦੁਨੀਆ ਵਿਚੋਂ ਅਚਨਚੇਤ ਹੀ ਧੱਕੇ ਮਾਰਨ ਲੱਗਦਾ ਹੈ ਜਿਵੇਂ ਮੇਰੀ ਬਾਂਹ ਨੂੰ ਹਲੂਣ ਰਿਹਾ ਹੋਵੇ।

ਮੈਂ ਅੱਬੜਵਾਹੇ ਉੱਠ ਬੈਠਦਾ ਹਾਂ।

ਉੱਠਦਿਆਂ-ਉੱਠਦਿਆਂ ਮੇਰਾ ਹੱਥ ਮੰਜੇ ਦੀ ਢੋਅ 'ਤੇ ਪਏ ਖਾਲੀ ਕੱਚ ਦੇ ਗਿਲਾਸ 'ਤੇ ਜਾ ਲੱਗਦਾ ਹੈ। ਗਿਲਾਸ ਫਰਸ਼ 'ਤੇ ਡਿੱਗ ਕੇ ਟੁੱਟ ਜਾਂਦਾ ਹੈ।

ਇਹ ਗੀਨਾ ਹੈ ਜੋ ਮੇਰੀ ਬਾਂਹ ਨੂੰ ਹਲੂਣ ਰਹੀ ਹੈ।

"ਸ਼ੇਰਿਆ ! ਚੱਲ ਉੱਠ ... ਮੈਨੂੰ ਪਿਆਰ ਕਰ ..., ਤੂੰ ਇੱਥੇ ਸੌਣ ਆਇਐਂ ... ਉੱਠ... ਉੱਠਦਾ ਕਿਉਂ ਨਹੀਂ...?" ਗੀਨਾ ਦੇ ਸਿਰ 'ਤੇ ਕਾਮ ਸਵਾਰ ਹੈ।

ਉਸਦੇ ਚਿਹਰੇ ਦੇ ਭਾਵ ਬਿਲਕੁਲ ਸਹਿਜ ਹਨ।

ਮੈਂ ਅਵਾਕ ਰਹਿ ਗਿਆ ਹਾਂ। ਅੱਖਾਂ ਅੱਡੀਆਂ ਹੋਈਆਂ, ਮੂੰਹ ਖੁੱਲ੍ਹਾ ਹੋਇਆ ਹੈ। ਕੁੱਝ ਵੀ ਸਮਝ ਨਹੀਂ ਆ ਰਿਹਾ। ਇੱਕ ਤੋਂ ਬਾਅਦ ਇੱਕ ਅਵਿਸ਼ਵਾਸ ਦੇ ਭਾਵ ਜਾਗ ਰਹੇ ਹਨ। ਸਰ੍ਹਾਣੇ ਪਿਆ ਫ਼ੋਨ ਫ਼ਿਰ ਵਾਈਬਰੇਟ ਹੋ ਰਿਹਾ ਹੈ। ਕਾਲ ਡਿੰਪਲ ਦੀ ਹੈ। ਮੈਂ ਪਿਛਲੇ ਕਈ ਦਿਨਾਂ ਤੋਂ ਉਸਦਾ ਫ਼ੋਨ ਸੁਣਨਾ ਬੰਦ ਕਰ ਦਿੱਤਾ ਹੋਇਆ ਹੈ। ਸਕਰੀਨ ਉੱਤੇ ਨੰਬਰ ਨਾਲ ਫਲੈਸ਼ ਹੋ ਰਹੀ ਡਿੰਪਲ ਦੀ ਤਸਵੀਰ ਜਿਵੇਂ ਮੇਰਾ ਮੂੰਹ ਚਿੜ੍ਹਾ ਰਹੀ ਹੈ।

ਉਸਦਾ ਹੇਠਲਾ ਹੋਂਠ ਜਿਵੇਂ ਹੋਰ ਟੇਢਾ ਹੋ ਗਿਆ ਹੋਵੇ।

ਫ਼ਰਸ਼ 'ਤੇ ਟੁੱਟੇ ਹੋਏ ਗਲਾਸ ਦੇ ਕੱਚ ਦੇ ਟੁੱਕੜੇ ਖਿੱਲਰੇ ਹੋਏ ਹਨ। ਮੈਂ ਸੋਚ ਰਿਹਾ ਹਾਂ ਕਿ ਕਿੱਥੋਂ ਦੀ ਬਾਹਰ ਨਿਕਲਾਂ !!

**ਸੰਪਰਕ**-99142 11422

# ਕਹਾਣੀ / ਝੱਲੀ / ਸਿੰਮੀਪ੍ਰੀਤ ਕੌਰ

*('ਝੱਲੀ' ਉਸ ਨਾਰੀ ਦੀ ਤ੍ਰਾਸ਼ਦੀ ਦੀ ਕਹਾਣੀ ਹੈ ਜੋ ਦਿਮਾਗੋ ਸਿਧਰੀ ਹੈ ਪਰ ਸਰੀਰਕ ਪੱਖ ਤੋਂ ਸੰਪੂਰਨ ਹੈ। ਸਮਾਜਿਕ ਤੌਰ 'ਤੇ ਉੱਚੇ ਰੁਤਬੇ ਵਾਲੇ ਬਿੱਕਰ ਸਿੰਘ ਵਰਗੇ ਲੋਕ ਉਸ ਦਾ ਸ਼ੋਸ਼ਣ ਕਰਦੇ ਹਨ। ਕਹਾਣੀ ਵਿਚ ਉਸ ਵੇਲੇ ਨਵਾਂ ਮੋੜ ਆਉਂਦਾ ਹੈ, ਜਦੋਂ ਬਿੱਕਰ ਸਿਉਂ ਦੀ ਪੋਤੀ ਖੁਦ ਏਸ ਜਿੱਲ੍ਹਣ 'ਚ ਫਸ ਕੇ ਕਮਲੋ ਵਾਲੀ ਸਥਿਤੀ 'ਚ ਪਹੁੰਚ ਜਾਂਦੀ ਹੈ। ਕਥਾਕਾਰ ਅਬਨੌਰਮਿਲ ਪਾਤਰ ਦੇ ਦੈਹਿਕ ਸ਼ੋਸ਼ਣ ਦਾ ਹਿਰਦੇ ਵੇਦਕ ਬਿਰਤਾਂਤ ਸਿਰਜਦੀ ਹੈ। ਜਿਹੜੀ ਮਰਦ ਲਈ ਇਕ ਵਸਤੂ ਬਣ ਜਾਂਦੀ ਹੈ। -ਸੰਪਾਦਕ)*

ਸਮੇਂ ਨੇ ਕਰਵਟ ਲਈ ਸੀ ਪੂਰੇ ਪੈਂਤੀ ਵਰ੍ਹਿਆਂ ਮਗਰੋਂ। ਹਾਲਾਤ ਮੁੜਵੇਂ ਰੂਪ 'ਚ ਸਾਹਮਣੇ ਆਏ ਸੀ। ਬਿੱਕਰ ਸਿਉਂ ਜਿਵੇਂ ਛੂਨੀ ਲੱਭ ਰਿਹਾ ਹੋਵੇ। ਨੱਕ ਡਬੋਣ ਨੂੰ। ਨਹੀਂ ਤਾਂ ਨੱਕ ਵੱਢੀ ਜਾਊ ਹੋਰ ਘੜੀ ਨੂੰ। ਜਦੋਂ ਖ਼ਬਰ ਪਿੰਡ ਦੀਆਂ ਬਰੂਹਾਂ ਟੱਪ ਆਈ। ਬੱਸ ਸੇਕ ਹੀ ਪਹੁੰਚਣਾ ਚਾਹੀਦਾ ਸੀ। ਭਾਂਬੜ ਤਾਂ ਆਪੇ ਬਣ ਜਾਣਾ। ਅੰਦਰ ਤੜਫਣੀ ਲਈ ਉਹ ਘਰ 'ਚ ਘੁੰਮਦਾ ਫਿਰਦਾ ਸੀ। ਸੱਚ ਕਿਸਨੂੰ ਦੱਸੇ?

"ਕੀ ਹੋ ਗਿਆ?" ਕਿਸੇ ਦੀ ਆਵਾਜ਼ ਨੇ ਉਸ ਦੀ ਸੋਚਾਂ ਦੀ ਤੰਦ ਨੂੰ ਤੋੜਿਆ ਸੀ।

ਚੁੱਪ ਵੱਟ ਉਸ ਨੇ ਇਕ ਫੈਸਲਾ ਲਿਆ। ਮਰਨ ਨਾਲ ਪਈ ਬਿਪਤਾ ਟਲਣ ਵਾਲੀ ਨਹੀਂ ਸੀ।

ਘੜੀ ਵੱਲ ਟਾਈਮ ਵੇਖ ਅੰਦਾਜ਼ਾ ਲਾਇਆ। ਦਿੱਤੇ ਹੋਏ ਟਾਈਮ ਮੁਤਾਬਕ ਹੁਣ ਚੱਲ ਕੇ ਉਹ ਪਹੁੰਚ ਸਕਦਾ ਸੀ।

"ਮੈਂ ਚੰਡੀਗੜ੍ਹ ਚੱਲਿਆਂ। ਮੁੜਿਆ ਗਿਆ ਤਾਂ ਮੁੜ ਆਊ ਸ਼ਾਮ ਤੀਕ।" ਉਸ ਨੇ ਨੂੰਹ ਨੂੰ ਦੱਸਿਆ।

"ਪਹਿਲਾਂ ਦੱਸ ਦਿੰਦੇ ਭਾਪਾ ਜੀ। ਕੁਛ ਬਣਾ ਦਿੰਦੀ ਕੁੜੀ ਵਾਸਤੇ।"

ਨੂੰਹ ਦੀ ਗੱਲ ਦਾ ਜਵਾਬ ਦਿੱਤੇ ਬਿਨਾਂ ਉਹ ਤੁਰ ਪਿਆ।

ਉਹ ਕਿਉਂ ਜਾ ਰਿਹਾ ਸੀ? ਕਦੇ ਮਨ 'ਚ ਆਉਂਦੀ, ਨਾ ਜਾਵਾਂ? ਕਿੰਨੇ ਸਵਾਲਾਂ ਦੀ ਉਲਝਣ ਵਿਚ ਉਹ ਵਾਪਸ ਪਰਤ ਆਉਣ ਲਈ ਸੋਚਣ ਲੱਗਦਾ।

"ਹੈਲੋ!!! ਬਿੱਕਰ ਜੀ ਕੇ ਘਰ ਸੇ ਬੋਲ ਰਹੇ ਓ?" ਸੁਵੱਖਤੇ ਆਏ ਅਣਜਾਣ ਨੰਬਰ ਤੋਂ ਫੋਨ ਨੇ ਉਸ ਦੀ ਨੀਂਦਰ ਉਡਾ ਦਿੱਤੀ ਸੀ।

"ਹਾਂ! ਭਾਈ ਮੈਂ ਹੀ ਬਿੱਕਰ...।"

"ਦੇਖੋ ਜੀ ਆਪ ਕੀ ਬੇਟੀ ਹਰਜੀਤ...।"

"ਮੇਰੀ ਪੋਤੀ ਆ ਹਰਜੀਤ।"

"ਜੋ ਭੀ ਹੋ। ਹੈ ਤੋਂ ਆਪ ਕੀ ਹੀ ਨਾ। ਵੋ ਹਸਪਤਾਲ ਮੇਂ ਹੈ ਅਬ। ਜਲਦੀ ਉਸ ਕਾ ਅਪ੍ਰੇਸ਼ਨ ਕਰਨਾ ਜ਼ਰੂਰੀ ਹੈ।"

"ਅਪ੍ਰੇਸ਼ਨ? ਕਿਉਂ? ਕੀ ਹੋ ਗਿਆ?" ਇਕਦਮ ਘਾਬਰੇ ਬਿੱਕਰ ਨੇ ਪੁੱਛਿਆ ਸੀ।

ਜਵਾਬ ਸੁਣ ਕੇ ਉਹ ਥਾਂਏ ਸੁੰਨ ਹੋ ਗਿਆ। ਮਰਨ ਲਈ ਛੱਡ ਦੇਵੇ ਉਸ ਨੂੰ ਜਾਂ ਖੁਦ ਮਰ ਜਾਵੇ? ਕਸ਼ਮਕਸ਼ 'ਚ ਉਹ ਕਈ ਕੁਝ ਸੋਚਦਾ ਰਿਹਾ। ਨੂੰਹ ਨੇ ਉਸ ਨੂੰ ਪ੍ਰੇਸ਼ਾਨੀ ਪੁੱਛੀ। ਪਰ ਉਸ ਨੇ ਕੋਈ ਜਵਾਬ ਨਹੀਂ ਦਿੱਤਾ ਸੀ। ਸਾਰੇ ਰਾਹ ਪਿਛਲਝਾਤ ਦਾ ਇਕ ਝਾਉਲਾ ਉਸ ਦੇ ਨਾਲ ਨਾਲ ਅੱਖ ਮਟੱਕਾ ਖੇਡਦਾ ਰਿਹਾ। ਹਸਪਤਾਲ ਪਹੁੰਚ ਉਸ ਨੇ ਪੈਸੇ ਜਮ੍ਹਾਂ ਕਰਵਾਏ। ਨਰਸ ਕਾਗਜ ਲੈ ਕੋਲ ਆਈ।

"ਜਹਾਂ ਸਾਈਨ ਕਰ ਦੋ। ਫੌਰਮੈਲੀਜ਼ ਕੇ ਲਈ ਜ਼ਰੂਰੀ ਹੈਂ।"

ਉਹ ਚਿੰਤਾਵਾਂ ਦੀ ਬੁੱਕਲ 'ਚ ਲਿਪਟਿਆ ਚੁੱਪ ਬੈਠਾ ਸੀ, "ਆ 'ਪ੍ਰੀਸ਼ਨ ਦੀ ਕੀ ਲੋੜ ਐ?"



"ਆਪ ਕੋ ਬਤਾਇਆ ਥਾ ਅਗਰ ਆਪ੍ਰੇਸ਼ਨ ਨਾ ਕੀਆ ਤੋਂ ਟਿਊਬ ਫਟ ਸਕਤੀ ਹੈ।"

ਬਿੱਕਰ ਸਿਉਂ ਦਾ ਅੰਦਰ ਪੁੱਛਣਾ ਚਾਹ ਰਿਹਾ ਸੀ ਕਿ ਫਟ ਜਾਣ ਨਾਲ ਇਹ ਮਰ ਜਾਏਗੀ ਜਾਂ...।

"ਆਪ ਮਿਲਨਾ ਚਾਹਤੇ ਤੋਂ ਏਕ ਬਾਰ ਮਿਲ ਸਕਤੇ ਹੋ।"

ਪਰ ਉਸ ਨੇ ਇਨਕਾਰ ਕਰ ਦਿੱਤਾ। ਵੇਟਿੰਗ ਰੂਮ ਵਿਚ ਬੈਠਾ ਬਿੱਕਰ ਘੜੀ ਦੀਆਂ ਸੂਈਆਂ ਦੀ ਟਿੱਕ ਟਿੱਕ ਵਿਚ ਸਮੇਂ ਦੀ ਨਬਜ਼ ਫਰੋਲਣ ਲੱਗਿਆ।

ਬਿੱਕਰ ਦੇ ਘਰ ਕੋਲ ਦੀ ਕੱਚੀ ਪੱਕੀ ਸੜਕ ਨਿਕਲਦੀ ਸੀ। ਸੜਕ ਦੇ ਦੂਜੇ ਬੰਨੇ ਉਸ ਦੀ ਹਵੇਲੀ ਸੀ। ਡੰਗਰਾਂ ਵਾਸਤੇ ਤੂੜੀ-ਪੱਠੇ ਦਾ ਸਾਰਾ ਕੰਮ ਉਥੇ ਹੀ ਹੁੰਦਾ। ਸੜਕ ਦੇ ਅੱਗੇ ਨੂੰ ਹਵੇਲੀ ਨਾਲ ਖਾਲੀ ਥਾਂ ਪਈ ਸੀ। ਜਿੱਥੇ ਨਿੰਮਾਂ ਦੀ ਠੰਢੀ-ਠੰਢੀ ਛਾਂ। ਨਿੱਕੇ ਵੱਡੇ ਰਲ ਕੇ ਆ ਬੈਠਦੇ। ਜੋਟੀਆਂ ਬਣਾ ਖੇਡਦੇ। ਕਮਲੋ ਵੀ ਰਲ ਜਾਂਦੀ ਉਥੇ। ਅਕਸਰ ਛੋਟੇ ਜਵਾਕ ਖਿਡਾਉਂਦੇ ਨਾ।

ਆਖਦੇ, "ਖੇਡਣਾ ਨੀਂ ਆਉਂਦਾ। ਚੱਜ ਨਾਲ ਨਾ ਖੇਡਦੀ ਐ ਨਾ ਖੇਡਣ ਦਿੰਦੀ ਐ।" ਫਿਰ ਵੀ ਸ਼ੀਲੋ ਕਿਸੇ ਨਾ ਕਿਸੇ ਨੂੰ ਥੋੜ੍ਹਾ ਲਾਡ ਪਿਆਰ ਨਾਲ ਸਮਝਾ ਉਸ ਨਾਲ ਖੇਡਣ ਲਈ ਮਨਾ ਲੈਂਦੀ। ਕਦੀ ਉਥੇ ਝੱਟ ਆਪ ਵੀ ਬੈਠ ਜਾਂਦੀ। ਨਹੀਂ ਤਾਂ ਕਮਲੋ ਨੂੰ ਹਦਾਇਤ ਦਿੰਦੀ, "ਦੇਖ ਕਮਲੋ ਖੇਡ ਕੇ ਸਿੱਧਾ ਘਰੇ ਆਜੀਂ ਨਹੀਂ ਤਾਂ ਮੁੜਕੇ ਮੈਂ ਜਾਣ ਨੀਂ ਦੇਣਾ।" ਤੇ ਆਪ ਘਰ ਪਰਤ ਆਉਂਦੀ।

ਉਸ ਦਿਨ ਵੀ ਉਹਨੂੰ ਖੇਡਣ ਲਾ ਸ਼ੀਲੋ, "ਚਲ ਮਨਾ ਪੀਹਣ ਕਰ ਲੈ।" ਸੋਚਦੀ ਘਰ ਪਰਤ ਆਈ ਸੀ ਡੱਬ-ਖੜੱਬੀ ਟਾਹਲੀ ਦੀ ਛਾਂ ਹੇਠ ਉਹ ਦਾਣੇ ਛੱਟਣ ਬਹਿ ਗਈ। ਮੰਗ ਮੰਗਾ ਕੇ ਇੱਕਠੇ ਕੀਤੇ ਦਾਣਿਆਂ 'ਚੋਂ ਰੋੜ ਚੁਗਦੀ ਸ਼ੀਲੋ ਲੋਕਾਂ ਨੂੰ ਝਾੜ ਪਾਈ, "ਬੇਈਮਾਨੀਆਂ ਤਾਂ ਲੋਕਾਂ ਨੇ ਢਿੱਡਾਂ 'ਚ ਜਵਾਕਾਂ ਆਂਗੂੰ ਪਾਲ ਰੱਖੀਆਂ। ਫੱਕਾ ਦਾਣੇ ਵੀ ਰੋੜਾਂ ਨਾਲ ਭਰੇ।" ਦਾਣਿਆਂ 'ਚੋਂ ਨਿੱਕੇ-ਨਿੱਕੇ ਰੋੜਾਂ ਨੇ ਕਮਲੋ ਦਾ ਚੇਤਾ ਈ ਭੁਲਾ ਦਿੱਤਾ।

"ਆਜਾ ਕਮਲੋ ਆਪਾਂ ਆਪੂ-ਸ਼ਟਾਪੂ ਖੇਡਦੇ ਆਂ।" ਉਧਰ ਗਿੰਦਰ ਨੇ ਹਾਕ ਮਾਰ ਬੁਲਾਇਆ ਸੀ ਉਸਨੂੰ, "ਨਹੀਂ...। ਮੈਂ ਤਾਂ ਖਾਨਾ ਬੀਟੀ ਖੇਡੂ।"

"ਉਹੀ ਹੁੰਦਾ ਕਮਲੋ। ਆਜਾ ਮੈਂ ਵਾਹੁੰਨਾਂ। ਤੂੰ ਡੀਕਰੀ ਲਿਆ। "

"ਹੈਂਦੀ ਆ ਏਰੇ ਤੋਲ। "

ਡੀਕਰੀ ਕਿੱਥੇ ਮਰਜ਼ੀ ਹੋਵੇ। ਜਿੱਥੇ ਮਰਜ਼ੀ ਸੁੱਟੇ ਉਹ। ਉਹਦੀ ਵਾਰੀ ਨ੍ਹੀਂ ਖਤਮ ਹੁੰਦੀ ਸੀ ਕਦੇ। ਅਗਲਾ ਪਾਸੇ ਖੜ੍ਹਾ ਦੇਖਦਾ ਰਹਿ ਜਾਂਦਾ। ਵਾਰੀ ਉਡੀਕਦਾ ਉਡੀਕਦਾ ਅੱਕ ਜਾਂਦਾ ਤੇ ਲਾਂਭੇ ਹੋ ਜਾਂਦਾ। ਤਾਹੀਂ ਨੀਂ ਖੇਡਦਾ ਕੋਈ ਉਹਦੇ ਨਾਲ। ਕਿੰਨੇ ਦਿਨਾਂ ਦੀਆਂ ਤਾਕ 'ਚ ਫਿਰਦੀਆਂ ਅੱਖਾਂ ਨੇ ਖੇਡਣ ਦਾ ਹੁੰਗਾਰਾ ਭਰਿਆ ਸੀ। ਮਲੀਨਤਾ ਤੋਂ ਕੋਰੀ। ਸੋਚ ਸਮਝ ਤੋਂ ਸੱਖਣੀ। ਕੱਚੀ ਉਮਰ। ਭੌਰਿਆਂ ਦੀਆਂ ਅੱਖਾਂ 'ਚ ਕਿਹੜਾ ਨਸ਼ਾ ਸੀ। ਉਹਦੀ ਸਮਝੋ ਤੋਂ ਬਾਹਰ ਦੀ ਗੱਲ ਸੀ।

ਆਪਣੀ ਖੱਬੀ ਲੱਤ ਨੂੰ ਮੋੜ ਕੇ ਹੱਥ ਨਾਲ ਫੜ੍ਹ ਲਿਆ। ਤੇ ਲੱਗੀ ਖਾਨਿਆਂ ਵਿਚ ਡੀਕਰੀ ਸੁੱਟ ਕੇ ਕੁੱਦਣ। ਪੂਰਾ ਕੱਦ-ਕਾਠ। ਰੰਗ-ਰੂਪ ਵੀ ਪੂਰਾ। ਕੱਚੀ ਲਗਰ ਵਾਂਗ ਲਿਫ ਲਿਫ ਕਰਦੀ। ਗਿੰਦਰ ਦੀਆਂ ਲਲਚਾਈਆਂ ਨਜ਼ਰਾਂ ਇੱਕ-ਟੱਕ ਉਹਦੇ 'ਤੇ ਟਿਕੀਆਂ ਹੋਈਆਂ। ਬੀਹਲਾ ਪਤਾ ਨੀਂ ਕਦੋਂ ਉਹਦੇ ਕੋਲ ਆ ਖੜ੍ਹ ਗਿਆ।

"ਮੈਨੂੰ ਵੀ ਖਡਾਓ। ਨਹੀਂ ਤਾਂ ਖੇਡ ਗਵਾਓ।"

"ਬਹਿ ਜਾ। ਬਹਿ ਜਾ। ਏਰੀ ਵਾਰੀ ਮਦਰੋਂ ਤੂੰ ਥੇਡ ਲੀਂ।"

ਗਿੰਦਰ ਤੇ ਬੀਹਲਾ ਬੈਠੇ ਆਪਣੀ ਵਾਰੀ ਢੀਕਣ ਲੱਗੇ। ਕਿਹੜੀ ਵਾਰੀ ਅੰਦਰੋਂ-ਅੰਦਰੀਂ ਸ਼ੈਤਾਨੀਆਂ ਰੌਲਾ ਪਾ ਰਹੀਆਂ ਸੀ। ਆਪਣੀ ਵਾਰੀ ਲਈ ਤਾਂ ਉਹਲਾ ਚਾਹੀਦਾ ਸੀ ਉਹਨਾਂ ਨੂੰ। ਉਹ ਵਾਰੀ ਤਾਂ ਵੱਖਰੀ ਸੀ ਇਸ ਖੇਡ ਤੋਂ। ਉਹੀ ਜਿੱਤਣਗੇ ਉਸ ਖੇਡ 'ਚ।

ਪਤਾ ਸੀ ਉਹਨਾਂ ਨੂੰ ਉਸ ਰਾਹ ਦਾ। ਦੁਪਹਿਰਾਂ ਵੇਲੇ ਕੋਈ ਨੀਂ ਥੱਕਦਾ ਉਸ ਪਾਸੇ। ਅੱਜ ਮੌਕਾ ਕਿਸੇ ਵੀ ਤਰ੍ਹਾਂ ਉਹ ਹੱਥੋਂ ਨੀਂ ਗੁਵਾਉਣਾ ਚਾਹੁੰਦੇ ਸੀ। ਆਸ ਪਾਸ ਸਾਰੇ ਆਪਣੀਆਂ ਖੇਡਾਂ 'ਚ ਵਿਅਸਤ ਸੀ। ਛੇ-ਸੱਤ ਵੱਡੀ ਉਮਰ ਦੇ ਤਾਸ਼ ਦੀ ਬਾਜੀ 'ਚ ਕੁਝ ਗੁੱਚੀਆਂ ਬਣਾ ਕੇ ਨਿੰਮ ਦੀਆਂ ਗਟੋਲੀਆਂ ਨਾਲ ਖੇਡ ਰਹੇ ਸੀ।

"ਕਮਲੋ! ਤੂੰ ਕਦੇ ਉਧਰ ਗਈ ਐ। ਟਿੱਬਿਆਂ ਕੰਨੀਂ। ਉਹਦੇ ਪਿੱਛੇ ਅੰਬੀਆਂ ਦਾ ਬਾਗ ਹੈਗਾ।"

"ਨਹੀਂ! ਬੀਬੀ ਆਂਹਦੀ ਭੂਤਾਂ ਹੈਦੀਆਂ ਉਧਰ।"

"ਹੈਨੀ ਭੂਤਾਂ ਭਾਤਾਂ। ਡਰਾਉਂਦੀ ਆ ਐਵੇਂ ਤੈਨੂੰ। ਆ ਚੱਲੀਏ। ਅੰਬੀਆਂ ਖਾਵਾਂਗੇ।"

"ਹੱਚੀ!"

"ਤੂੰ ਅੱਗੇ ਅੱਗੇ ਚੱਲ। ਅਸੀਂ ਆਉਨੇ ਤੇਰੇ ਮਗਰ।"

ਝੱਟ ਉਹਨੇ ਡੀਕਰੀ ਵਗ੍ਹਾ ਮਾਰੀ। ਤੁਰ ਪਈ ਕੰਡਿਆਲੇ ਰਾਹਾਂ 'ਤੇ। ਨਿੰਮਾਂ ਦੇ ਦੂਜੇ ਪਾਸੇ ਛੋਟੀ ਜੇਹੀ ਕੰਧ ਸੀ। ਅਗਾਂਹ ਬੰਜ਼ਰ ਜੇਹੇ ਖੇਤ ਸ਼ੁਰੂ ਹੋ ਜਾਂਦੇ ਸੀ। ਅਸਲ 'ਚ ਇਹ ਸ਼ੇਰੂ ਮੱਢੇ ਦਾ ਵਾੜਾ ਸੀ। ਨੇੜੇ ਨੇੜੇ ਦਸ ਨਿੰਮਾਂ ਦੀ ਸੰਘਣੀ ਛਾਂ ਸੀ। ਆਸ ਪਾਸ ਘਰਾਂ ਦੇ ਦੁਪਹਿਰ ਵੇਲੇ ਇਥੇ ਆ ਬੈਠ ਜਾਂਦੇ। ਕੈਲੇ ਸ਼ੀਬੇ ਵਰਗੇ ਸਣ ਲੈ ਆਉਂਦੇ। ਮੇਹਰੂ ਤੂਤ ਛਾਂਗ ਲਿਆਉਂਦਾ। ਇਕ ਦੂਜੇ ਨਾਲ ਗੱਲੀਂ ਲੱਗੇ ਰੱਸੇ ਵੱਟ ਲੈਂਦੇ। ਟੋਕਰੇ ਬਣ ਜਾਂਦੇ।

ਕਮਲੋ ਨੂੰ ਛੋਟੀ ਕੰਧ ਤੋਂ ਟੱਪਦਿਆਂ ਉਹਨਾਂ ਨੇ ਵੇਖ ਲਿਆ ਸੀ। "ਔਹ ਭਾਈ ਕੁੜੀਏ ਕਿੱਧਰ ਚੱਲੀ ਐ?" ਮੇਹਰੂ ਨੇ ਸੁਭਾਇਕੀ ਗਈ ਨਜ਼ਰ ਨਾਲ ਪੁੱਛਿਆ ਸੀ।

"ਆਉਂਨੀ ਆਂ।" ਆਖਦੀ ਉਹ ਤੁਰ ਗਈ।

ਉਹ ਵੀ ਇਹ ਸੋਚ ਕਿ ਕੁੜੀ ਪੇਸ਼ਾਬ ਕਰਨ ਗਈ ਹੋਊ ਕੰਮ ਲੱਗ ਗਿਆ। ਕਮਲੋ ਭੇੜੀਆਂ ਦੀ ਚੁੱਕ ਵਿਚ ਆਈ ਔਹ ਗਈ ਔਹ।। ਦੁਨੀਆਂ ਬਹੁਰੰਗੀ। ਉਹਦੀ ਜਾਣੇ ਬਲਾਂ। ਅੰਦਰੋਂ ਖੋਖਲੇ। ਕੋਹੜ ਨਾਲ ਭਰੇ ਲਲਚਾਉਣ ਵੇਲੇ ਦੋ ਜਣੇ ਸੀ। ਸਰਕੰਡਿਆਂ ਕੋਲ ਦੋ ਜਣੇ ਹੋਰ ਆ ਰਲੇ। ਇਕ ਜਣਾ ਟਿੱਬਿਆਂ ਵੱਲ ਰਾਖੀ ਬਹਿ ਗਿਆ ਤੇ ਦੂਜਾ ਸਿਵਿਆਂ ਵਾਲੇ ਪਾਸੇ ਤੋਂ। ਸਿਰ 'ਤੇ ਸਵਾਰ ਵਾਸ਼ਨਾ...।

ਕਣਕ ਛੱਟਦੀ ਸ਼ੀਲੋ ਦੀ ਸੁਰਤ ਪਰਤੀ ..."ਹਾਏ! ਕਮਲੋ! ਅਜੇ ਤਾਈਂ ਮੁੜੀ ਨੀਂ।"

ਭੱਜ ਤੁਰੀ ਨਿੰਮਾਂ ਵੱਲ। ਦੋ-ਤਿੰਨ ਜਵਾਕ ਕੱਲੇ ਬੱਸ ਗੱਗੜਾਂ ਖੇਡਦੇ ਦਿਸੇ।

"ਤਾਈ ਸਾਨੂੰ ਤਾਂ ਨੀਂ ਪਤਾ। ਹੁਣੇ ਆਏ ਆਂ ਅਸੀਂ ਤਾਂ।" ਆਖ ਜਵਾਕਾਂ ਨੇ ਪੱਲਾ ਝਾੜ ਲਿਆ।

ਤੇ ਉਧਰ ਜਦੋਂ ਨੂੰ ਉਹਨਾਂ ਨੇ ਪਿੰਡ ਵੰਨਿਉਂ ਸ਼ੀਲੋ ਆਉਂਦੀ ਵੇਖੀ ਸਾਰੇ ਭੱਜ ਨਿਕਲੇ ਸੀ।

ਤਿੱਖੜ ਦੁਪਹਿਰ ਦਾ ਵੇਲਾ। ਤੱਤੀਆਂ ਲੋਆਂ ਪਿੰਡਾਂ ਲੂਹਦੀਆਂ। ਸਿਵਿਆਂ ਦੇ ਰਾਹ ਵੱਲ ਟਿੱਬਿਆਂ ਕੋਲ ਜਾਣੋ ਹਰ ਬੰਦਾ ਤ੍ਰਹਿੰਦਾ। ਕਾਮੇ ਵੀ ਖੇਤੋਂ ਝੱਟ ਘੜੀ ਘਰ ਮੁੜ ਆਉਂਦੇ। ਕਹਿੰਦੇ ਦੁਪਹਿਰਾਂ ਵੇਲੇ ਭੂਤਾਂ ਗਿੱਧਾ ਪਾਉਂਦੀਆਂ। ਕਾਮਿਆਂ ਆਪ ਸੁਣੀਆਂ ਸੀ ਝਾਂਜਰਾਂ ਦੀਆਂ ਆਵਾਜ਼ਾਂ,

"ਨੇ ਜਾਣੇ ਕੁੜੀ ਭੂਤਾਂ ਵਿਹੜੇ ਵੜ 'ਗੀ ਇਕ ਤਾਂ ਪਹਿਲਾਂ।" ਸੋਚਦੀ ਸ਼ੀਲੋ ਵਾਣੋ-ਵਾਣੀ ਭੱਜੀ ਜਾਂਦੀ ਸੀ ਨਿੱਕਾ-ਨਿੱਕਾ ਨਰਮਾ ਉਹਦੇ ਪੈਰਾਂ ਹੇਠ ਲਿਤਾੜਿਆ ਜਾ ਰਿਹਾ ਸੀ। ਉਹ ਤਾਂ ਜੰਗਲ-ਪਾਣੀ ਵੀ ਪਿੰਡ ਦੇ ਦੂਜੇ ਬੰਨ੍ਹੇ ਲੈ ਕੇ ਜਾਂਦੀ ਸੀ। ਇਧਰ ਤਾਂ ਕਦੇ ਉਹ ਆਪ ਨੀਂ ਆਈ ਸੀ ਸਾਰੇ ਪਾਸੇ ਭਾਲਣ ਮਗਰੋਂ ਉਹ ਇਸ ਰਾਹ ਪਈ ਸੀ।

ਟਿੱਬਿਆਂ ਪਿੱਛੇ ਨਿੱਕੇ-ਨਿੱਕੇ ਸਰਕੰਡਿਆਂ ਵਿੱਚ ਕਮਲੋ ਖੜ੍ਹੀ ਦਿਸੀ। ਮੂੰਹ ਹੇਠਾਂ ਕਰੀ ਉਹ ਸਲਵਾਰ ਨੂੰ ਉੱਪਰ ਕਰੀ ਨਾਲਾ ਬੰਨਣ ਦੀ ਕੋਸ਼ਿਸ਼ ਕਰ ਰਹੀ ਸੀ। ਕੋਲ ਜਾ ਕੇ ਦੇਖਿਆ ਹੰਡੀ ਵਰਤੀ ਸ਼ੀਲੋ ਸਮਝ ਗਈ ਸੀ।

"ਤੂੰ ਇਥੇ ਕੀ ਕਰਨ ਆਈ ਸੀ?"



"ਖੇਡਣ।"

"ਕੀਹਦੇ ਨਾਲ? ਕੌਣ ਸੀ ਪੁੱਤ?"

"ਇੰਦਾ .ਗੇਲਾ ... ਤੇ ।"

"ਕੀ ਖੇਡਦੇ...?"

"ਮੂਤ-ਮੂਤ।"

ਸ਼ੀਲੋ ਦੇ ਖ਼ਾਨਿਓਂ ਗਈ। ਕਮਲੋ ਡੁਸਕਣ ਲੱਗੀ।

ਸ਼ੀਲੋ ਨੇ ਵੀ ਉਥੋਂ ਤੁਰਨਾ ਠੀਕ ਸਮਝਿਆ।

"ਥੋਡਾ ਕੱਖ ਨਾ ਰਹੇ ਕੋਹੜੀਓ। ਕਿਹੜੇ ਜਰਮਾਂ 'ਚ ਲੇਖਾਂ ਦਿਓਗੇ?"

ਸ਼ੀਲੋ ਦੇ ਮਨ ਤੋਂ ਤਨ ਦੀਆਂ ਹੱਡ-ਬੀਤੀਆਂ ਦਾ ਤੁਫ਼ਾਨ ਗੁਜ਼ਰਿਆ। ਹਰ ਰਾਹ ਤੇ ਉਸ ਨੂੰ ਧੂੜ ਦੀ ਡੂੰਘੀ ਪਰਤ ਨਜ਼ਰ ਆਈ। ਕੁੜੀ ਨੂੰ ਬੋਚ-ਬਚਾਉਂਦੀ ਘਰ ਲੈ ਆਈ। ਆਉਂਦੀ ਨੇ ਕੁੜੀ ਨੂੰ ਨਲਕੇ ਥੱਲੇ ਕੀਤਾ। ਨੁਹਾ ਕੇ ਲੀੜੇ ਬਦਲੇ।

ਸ਼ੀਲੋ ਨੇ ਦਾਈ ਮਿੰਦੋ ਦੀਆਂ ਗੱਲਾਂ ਤੇ ਗੌਰ ਕੀਤਾ। ਆਪੇ ਨੂੰ ਫਿੱਟ ਲਾਹਨਤ ਪਾਈ। ਮਿੰਦੋ ਨੇ ਸਮਝਾਇਆ ਸੀ ਫਿਰ ਉਹ ਕਿਵੇਂ ਅਵੇਸਲੀ ਹੋ ਗਈ। ਦੋਨਾਂ ਮਾਵਾਂ ਧੀਆਂ ਲਈ ਇਹ ਦੁਨੀਆ ਨਹੀਂ ਸੀ। ਤੇ ਹੁਣ ਉਸ ਨੇ ਕਿਸੇ ਫੈਸਲੇ ਤੇ ਮੋਹਰ ਲਗਾਉਣੀ ਸੀ।

ਦਿਨ ਰਾਤ ਹਫ਼ਤਾ ਭਰ ਸ਼ੀਲੋ ਨੇ ਕਮਲੋ ਨੂੰ ਘਰੋਂ ਬਾਹਰ ਨਾ ਨਿਕਲਣ ਦਿੱਤਾ। ਕਮਲੋ ਦੀ ਆਤਮਾ ਦੁਨੀਆ ਤੋਂ ਬੇਖਬਰ ਲੂਹਰੀਆਂ ਲੈਂਦੀ। ਕਿਹੜਾ ਘਰ ਸੀ ਜਿਸ ਘਰ ਉਹ ਨਹੀਂ ਜਾਂਦੀ ਸੀ। ਸਾਰਾ ਪਿੰਡ ਉਸ ਲਈ ਉਸ ਦਾ ਘਰ ਸੀ। ਜਿੱਥੇ ਜਾਂਦੀ ਅਗਲੇ ਰੋਟੀ ਖਾ ਰਹੇ ਹੁੰਦੇ ਉਹ ਰੋਟੀ ਖਾਣ ਬਹਿ ਜਾਂਦੀ। ਚਾਹ ਤਾਂ ਜਿੱਥੇ ਮਰਜ਼ੀ ਆਖ ਕੇ ਬਣਵਾ ਲੈਂਦੀ। ਸਾਰਿਆਂ ਨਾਲ ਮੋਹ ਸੀ। ਝੱਲੀ ਨੇ ਆਪਣੇ ਭੋਲੇਪਣ ਨਾਲ ਸਾਰੇ ਪਿੰਡ ਨੂੰ ਮੋਹ ਰੱਖਿਆ ਸੀ। ਸਵਾਏ ਭੌਰਿਆਂ ਤੋਂ।

ਹੱਟੀ ਤੇ ਸੌਦਾ ਲੈਣ ਗਈ ਸ਼ੀਲੋ ਨੂੰ ਕਈਆਂ ਨੇ ਪੁੱਛਿਆ,

"ਕਮਲੋ ਠੀਕ ਤਾਂ ਹੈਗੀ ਆਂ ਕੁੜੇ ਬਾਲਾਂ ਦਿਨ ਹੋਗੇ ਆਈ ਨੀਂ ਘਰੇ।"

"ਥੋੜ੍ਹੀ ਢਿੱਲੀ ਮੱਠੀ 'ਜੀ ਸੀ।"

"ਪਰਸੋਂ ਬਹੁ ਚੇਤੇ ਕਰਦੀ ਸੀ। ਗੁਲਗੁਲੇ ਬਣਾਏ ਸੀ। ਕਮਲੋ ਵਾਸਤੇ 'ਚੇਚੇ ਰੱਖੇ ਸੀ। 'ਡੀਕ ਕੇ ਜਵਾਕਾਂ ਨੇ ਈ ਖਾ ਲੇ।" ਸਾਰੇ ਪਿੰਡ ਦੇ ਭੂਆ ਅਖਵਾਉਣ ਵਾਲੀ ਨੇ ਪੁੱਛਿਆ।

ਟਾਲ-ਮਟੋਲਾ ਕਰਦੀ ਸ਼ੀਲੋ ਨੇ ਪਰਦਾ ਪਾਈ ਰੱਖਿਆ। ਅੰਦਰੋਂ ਡਰੀ ਹੋਈ ਸੀ ਕਿਤੇ ਕੋਈ ਉਚ-ਨੀਚ ਹੋਗੀ। ਕੀ ਬਣੂ? ਕੀ ਦੱਸੂ ਲੋਕਾਂ ਤਾਈਂ? ਮਾਵਾਂ ਧੀਆਂ ਦਾ ਕੌਣ ਸੀ ਸਾਰ ਲੈਣ ਵਾਲਾ?

"ਤੂੰ ਵੀ ਬਿੰਦ ਨੀਂ ਸੋਚਿਆ ਸਾਡੇ ਬਾਰੇ।" ਸ਼ੀਲੋ ਚੁੱਲ੍ਹੇ ਮੂਹਰੇ ਰੋਟੀ-ਟੁੱਕ ਕਰਦੀ ਧੂੰਏ ਦੇ ਪੱਜ ਰਾਮ ਬਚਨ ਨੂੰ ਨਿਹੋਰੇ ਮਾਰਦੀ, "ਸਾਨੂੰ ਵੀ ਲੈ ਜਾਂਦਾ ਨਾਲ ਉੱਝੜੇ ਰਾਹਾਂ ਦੇ ਪਾਂਧੀਆ।" ਤੇ ਸ਼ੀਲੋ ਮੁੜਵੇਂ ਹੁੰਗਾਰੇ ਨੂੰ ਉਡੀਕਦੀ ਲੇਖਾਂ 'ਤੇ ਗੱਲ ਸੁੱਟ ਕੇ ਅੱਖਾਂ ਪੂੰਝ ਛੱਡਦੀ।

ਬਿੱਕਰ ਰੱਤਾ ਖੇੜੀਆਂ ਦੀ ਰਾਮ ਬਚਨ ਦੇ ਘਰ ਬਥੇਰੀ ਆਉਣੀ ਜਾਣੀ ਸੀ। ਚਾਰ ਪੈਸਿਆਂ ਵਾਲ ਹੋਣ ਕਰਕੇ ਔਖ 'ਚ ਰਾਮ ਬਚਨ ਦਾ ਵੇਲਾ ਟਪਾ ਦਿੰਦਾ ਸੀ। ਦੋ ਪਸ਼ੂਆਂ 'ਚ ਰਾਮ ਬਚਨ ਰੁਝਿਆ ਹੁੰਦਾ। ਸ਼ੀਲੋ ਚੁੱਲ੍ਹੇ-ਚੌਂਕੇ ਦੇ ਆਹਰ ਲੱਗੀ ਹੁੰਦੀ। ਬਿੱਕਰ ਆਉਂਦਾ ਤੇ ਕਮਲੋ ਨੂੰ ਗੋਦੀ ਲੈ ਲੈਂਦਾ। "ਲਿਆ ਤੇਰੇ ਕੁਤਕਤਾੜੀਆਂ ਕਰਾਂ।"

"ਨਾ ਨਾ ਤਾਤਾ। ਤੁਤ ਤਾੜੀਆਂ ਹੁੰਦੀਆਂ।" ਆਖਦੀ ਕਮਲੋ ਦੂਹਰੀ ਤੀਹਰੀ ਹੁੰਦੀ ਜਾਂਦੀ। "ਬੱਤ ਤਰ ਤਾਤਾ। ਬੱਤ...।" ਸਮਾਂ ਲੰਘਦਾ ਜਾ ਰਿਹਾ ਸੀ।

ਰਾਮ ਬਚਨ ਥੋੜ੍ਹੀ ਬਹੁਤੀ ਜੰਤਰੀ ਵੇਖਣ ਜਾਣਦਾ ਸੀ। ਬਸ ਲੋਕ ਸਾਹੇ ਕਢਾਉਣ ਵਾਸਤੇ ਕਦੇ

ਜਵਾਕ ਦੇ ਨਾਂ ਦਾ ਅੱਖਰ ਕਢਾਉਣ ਵਾਸਤੇ ਬੁਲਾਵਾ ਭੇਜ ਛੱਡਦੇ। ਨਾਲ ਦੇ ਲੱਗਦੇ ਦੋ ਪਿੰਡਾਂ 'ਚ ਵੀ ਉਹਦੀ ਪੁੱਛ ਪ੍ਰਤੀਤ ਸੀ। ਪਸ਼ੂ ਡੰਗਰ ਇਕ ਡੰਗ ਦੁੱਧ ਨਾ ਦਿੰਦਾ ਤਾਂ ਝੱਟ ਪੇੜਾ ਬਣਾ ਉਹਦੇ ਕੋਲੋ ਫੂਕ ਮਰਾਉਣ ਤੁਰ ਪੈਂਦੇ। ਨਿੱਕਾ ਬਾਲ ਦੁੱਧ ਨਾ ਚੁੰਘਦਾ ਤਾਂ ਸੱਦ ਮਾਰ ਕੇ ਹਥੌਲਾ ਪਵਾ ਲੈਂਦੇ। ਲੋਕ ਜੋ ਦਾਨਪੁੰਨ ਸਮਝ ਦੇ ਦਿੰਦੇ ਉਹ ਸਵਿਕਾਰ ਕਰ ਲੈਂਦਾ। ਛਿਮਾਹੀ ਫਸਲ ਆਉਣ ਤੇ ਦਾਣਾ-ਫੱਕਾ ਇਕੱਠਾ ਕਰ ਲੈਂਦਾ। ਸ਼ੀਲੋ ਸਾਰਾ ਦਿਨ ਕਮਲੋ 'ਚ ਈ ਵਿਰਚੀ ਰਹਿੰਦੀ। ਉਸ ਚੰਦਰੀ ਨੂੰ ਕਿਹੜਾ ਕੋਈ ਸੋਝੀ ਸੀ।

ਬਿੱਕਰ ਦੇ ਘਰ ਲੋੜ ਵੇਲੇ ਸ਼ੀਲੋ ਕੰਮ-ਧੰਦਾ ਕਰਵਾ ਛੱਡਦੀ ਸੀ। ਬਿੱਕਰ ਦੀ ਬੇਬੇ ਵੀ ਬਥੇਰਾ ਕਰਦੀ ਸੀ ਉਹਨਾਂ ਦਾ ਬਿੱਕਰ ਦੇ ਘਰ ਦੀ ਪਿੱਠ ਨਾਲ ਉਹਨਾਂ ਦਾ ਵਿਹੜਾ ਸੀ। ਤੇ ਨਿੱਕੇ ਨਿੱਕੇ ਦੋ ਕੱਚੇ ਕਮਰੇ। ਪਹਿਲਾਂ ਇੱਕ 'ਚ ਛੜਾ ਤਾਇਆ ਪੂਰਨ ਰਹਿੰਦਾ ਸੀ। ਉਸ ਦੇ ਮਰਨ ਮਗਰੋਂ ਉਸ ਕਮਰੇ ਨੂੰ ਮੀਂਹ ਕਣੀ ਵੇਲੇ ਰੋਟੀ ਟੁੱਕ ਲਈ ਵਰਤਦੇ। ਜਿਸ 'ਚ ਉਸ ਦੀ ਬੇਬੇ ਦਾ ਸੰਦੂਕ ਪਿਆ ਸੀ।

ਬਿੱਕਰ ਨਵਾਂ ਨਵਾਂ ਟੀ. ਵੀ. ਲੈ ਕੇ ਆਇਆ ਸੀ। ਕਮਲੋ ਨੇ ਘਰ 'ਚ ਰੇਡੀਓ 'ਤੇ ਵੱਜਦੇ ਗੀਤ ਤਾਂ ਸੁਣੇ ਸੀ ਪਰ ਨਾਲ ਨਾਲ ਫੋਟੋਆਂ ਉਸ ਲਈ ਅਜੀਬ ਜੇਹੀ ਦੁਨੀਆ ਸੀ। ਤੁਰਦੀਆਂ ਫਿਰਦੀਆਂ ਤਸਵੀਰਾਂ ਵੇਖ ਵੇਖ ਉਹ ਚਾਭਲਾਂ ਮਾਰਦੀ। ਲਾਈਟ ਘੱਟ ਆਉਣ ਕਰ ਕੇ ਉਹ ਕਿੰਨਾ ਚਿਰ ਉਦਾਸ ਬੈਠੀ ਰਹਿੰਦੀ। "ਤਾਤਾ ਬਣ ਤੇ ਤਲਾ ਦੇ।" ਲਿਲਕੜੀਆਂ ਕੱਢਦੀ ਰਹਿੰਦੀ।

ਸਿਆਲੀ ਰੁੱਤ ਸ਼ੁਰੂ ਹੋ ਗਈ ਸੀ। ਕਮਲੋ ਰਜਾਈ 'ਚ ਵੜ੍ਹ ਬੈਠ ਜਾਂਦੀ। ਥੋੜ੍ਹਾ ਹਨੇਰਾ ਹੋਣ 'ਤੇ ਸ਼ੀਲੋ ਰਾਮ ਬਚਨ ਨੂੰ ਆਖਦੀ, "ਜਾ ਲੈ ਆ ਉਹਨੂੰ। ਕਿਹੜਾ ਵੇਲਾ ਹੋ ਚੱਲਿਆ। ਤੂੰ ਵੀ ਐਵੀਂ ਵਿਰਚਿਆ ਰਹਿੰਨਾਂ। ਲੋਕਾਂ ਦਾ ਭਲਾ ਕੀ ਵਸਾਅ।" ਉਹ ਆਉਂਦਾ ਤੇ ਉਸ ਨੂੰ ਘਰ ਲੈ ਜਾਂਦਾ।

ਬਿੱਕਰ ਦੀ ਗੋਦੀ 'ਚ ਬੈਠੀ ਤਾਂ ਉਹ ਕਿਸ ਦੁਨੀਆ 'ਚ ਬੈਠੀ ਹੈ ਭੁੱਲ ਈ ਜਾਂਦੀ। ਤੇ ਬਿੱਕਰ ਦਾ ਅੰਦਰਲਾ ਸ਼ੈਤਾਨ ਜਾਗਣ ਲੱਗਿਆ। ਉਸ ਦੇ ਹੱਥ ਕੁਤਕਤਾੜੀਆਂ ਤੱਕ ਸੀਮਤ ਨਾ ਰਹੇ। ਪਹਿਲੋਂ-ਪਹਿਲ ਕਮਲੋ ਨੇ ਉਸ ਨੂੰ ਝਟਕੇ ਮਾਰੇ। "ਕੁਛ ਨੀਂ ਹੁੰਦਾ ਕਮਲੋ। ਕੁਤਕਤਾੜੀਆਂ ਬਸ। "

"ਨਾ ਤਾਤਾ। ਹਾਈ ਹੁੰਦੀ ਆ ਇਥੇ।"

"ਮੈਂ ਟੀ.ਵੀ . ਬੰਦ ਕਰਦੂ। ਚੱਲ ਭੱਜ ਜਾ ਸਾਡੇ ਘਰੋਂ।" ਬਸ ਐਨਾ ਬਹੁਤ ਸੀ ਉਸ ਨੂੰ ਲਲਚਾਉਣ ਲਈ। ਤੇ ਫਿਰ ਕੁਝ ਦਿਨਾਂ 'ਚ ਕਮਲੋ ਆਦੀ ਹੋ ਗਈ। ਬਿੱਕਰ ਹੁਣ ਜਾਣ ਗਿਆ ਸੀ, ਦੁੱਧ ਨੂੰ ਜਾਗ ਲੱਗ ਚੁੱਕਿਆ। ਸਿਆਲੂ ਦਿਨ ਕਰ ਕੇ ਛੇਤੀ ਹਨੇਰਾ ਹੋ ਜਾਂਦਾ। ਬਿੱਕਰ ਆਪ ਕਮਲੋ ਨੂੰ ਲੈਣ ਚਲਾ ਗਿਆ। ਬਿੱਕਰ ਦੇ ਘਰ ਦਾ ਵੱਡਾ ਬੂਹਾ ਤਾਂ ਸੜਕ ਵੱਲ ਸੀ ਪਰ ਖੱਬੇ ਪਾਸੇ ਲੱਗਦੀ ਗਲੀ ਵਲ ਛੋਟੀ ਜੇਹੀ ਬਾਰੀ ਸੀ। ਉਸ ਰਾਹੀਂ ਕਮਲੋ ਦਾ ਘਰ ਆਉਂਦਾ ਸੀ। ਨੇਰ੍ਹ ਸਵੇਰ ਦੋਨਾਂ ਘਰਾਂ ਲਈ ਇਕ ਸੀ ਫਿਰ ਵੀ ਸ਼ੀਲੋ ਛੇਤੀ ਬੁਲਾ ਲੈਂਦੀ ਸੀ ਕਮਲੋ ਨੂੰ। ਕਈ ਵੇਰ ਤਾਂ ਉਹ ਰੋਟੀ ਵੀ ਉਥੋਂ ਖਆਉਂਦੀ ਸੀ।

ਸਾਰਾ ਪਰਿਵਾਰ ਅੰਦਰ ਸੀ। ਅੱਖ ਬਚਾ ਕੇ ਬਿੱਕਰ ਨੇ ਉਸ ਨੂੰ ਬਾਹੋਂ ਫੜ੍ਹ ਲਿਆ। "ਕਮਲੋ ਮੇਰੇ ਨਾਲ ਆਈ ਕੇਰਾਂ। ਪਸ਼ੂਆਂ ਕੰਨੀਂ ਨਿਗ੍ਹਾ ਮਾਰ ਕੇ ਆਉਂਨੇ ਆਂ। "

ਬਿੱਕਰ ਉਸ ਨੂੰ ਤੂੜੀ ਵਾਲੇ ਕੋਠੇ 'ਚ ਲੈ ਗਿਆ। ਫਿਰ ? ਕਮਲੋ ਦਾ ਚੀਰ ਹਰਨ ਸੁੱਕੇ ਕੱਖਾਂ ਨੇ ਵੇਖਿਆ ਸੀ। ਉਸ ਦੀ ਬੇਬਸੀ 'ਤੇ ਕੰਧਾਂ ਨੇ ਅੱਖਾਂ ਮੀਚੀਆਂ ਸੀ। ਉਸ ਦੇ ਅੱਲੜਪੁਣੇ 'ਤੇ ਛੱਤ ਨੇ ਹੰਝੂ ਕੇਰੇ ਸੀ।

ਸੰਭਾਲਾ ਸੰਭਾਲਿਆ ਬਿੱਕਰ ਨੇ। ਬਾਦ 'ਚ ਕਮਲੋ ਨੂੰ ਕੁਝ ਸਮਝਾਇਆ। ਕੁਝ ਡਰਾਇਆ। ਸੋਹਣੀਆਂ ਚੀਜ਼ਾਂ ਲਿਆਉਣ ਲਈ ਲਲਚਾਇਆ। ਬਚ ਬਚਾਅ ਕੇ ਘਰ ਛੱਡ ਆਇਆ।

ਸਵੇਰੇ ਉਹਦੇ ਲਿੱਬੜੇ ਲੀੜੇ ਦੇਖ ਸ਼ੀਲੋ ਕਿਸੇ ਹੋਰ ਹੋਣੀ ਤੋਂ ਮੁਖਾਤਿਬ ਹੋਈ। ਆਖਰ ਹੈ ਤਾਂ ਕੁੜੀ। ਇਸ ਉਮਰ 'ਚ ਇਹ ਕਿੰਝ ਉਹਦੇ ਤੋਂ ਵੱਖ ਹੋ ਸਕਦਾ ਸੀ। ਦਿਮਾਗੋਂ ਊਣੀ ਸੀ। ਸਰੀਰ ਤੋਂ ਤਾਂ ਨਹੀਂ। ਫਿਰ ਵੀ ਮਾਂ ਦੀ ਵੇਦਨਾ ਨੇ ਆਹ ਭਰੀ,

"ਹਾਏ ਵੇ ਰੱਬਾ ! ਇਕ ਤਾਂ ਪਹਿਲਾਂ ਊਣੀ। ਦੂਜਾ ਆ ਕੀ ਦੇ ਧਰਿਆ? ਇਹਦੇ ਬਿਨਾਂ ਕਿਹੜਾ ਸਰਦਾ



ਨੀਂ ਸੀ। ਕਿਵੇਂ ਸੰਭਾਲੂ? ਮਹੀਨਾ ਤਾਂ ਆਇਆ ਲੈ। ਨਾਲਾ ਤਾਂ ਅਜੇ ਤਾਈਂ ਉਹਨੂੰ ਚੱਜ ਨਾਲਾ ਬੰਨਣਾ ਨੀਂ ਆਉਂਦਾ। "

ਤਰੀਕਾਂ ਦੀ ਗਿਣਤੀ ਨਾ ਜਾਨਣ ਵਾਲੀ ਸ਼ੀਲੋ ਨੇ ਮੱਸਿਆ ਦੀ ਤੀਜ ਚੇਤੇ ਰੱਖੀ। ਅਗਲੇ ਮਹੀਨੇ ਪੁੰਨਿਆ ਵੀ ਲੰਘ ਚੱਲੀ। ਸੋਚਾਂ 'ਚ ਖੁੱਭੀ, "ਐਨੇ ਦਿਨ ਉੱਤੇ ਹੋ ਚੱਲੇ ਕੁੜੀ ਮੁੜ ਨਹਾਤੀ ਕਿਉਂ ਨੀਂ ਅਜੇ ਤਾਈਂ?"

ਕੁਝ ਸਵਾਲਾਂ ਦੀ ਗੁਥਲੀ ਲੈ ਮਿੰਦੋ ਦਾਈ ਵੱਲ ਤੁਰ ਪਈ। ਅੰਦਰ ਆ ਬੈਠੀ। ਨਿੱਘੇ ਸੁਭਾਅ ਵਾਲੀ ਮਿੰਦੋ ਨੇ ਸ਼ੀਲੋ ਨੂੰ ਬਿਠਾ ਸੁੱਖ-ਸਾਂਦ ਪੁੱਛੀ,

"ਕਿਵੇਂ ਆਉਣਾ ਹੋ ਗਿਆ?"

"ਬੱਸ ਤੈਨੂੰ ਪਤਾ ਈ ਆ।"

"ਕਿਵੇਂ ਦਿਨ-ਦੁਨ ਟੱਪੇ ਆ। ਚੱਲ ਚੰਗਾ। ਰੱਬ ਚੰਗੀ ਚੀਜ਼ ਦੇਵੇ।"

"ਨਾ ਕਾਹਨੂੰ ਅੰਬੋ। ਰੱਬ ਦੁਖੀ ਕਰ ਲੇ ਥੋੜ੍ਹਾ।"

"ਨੀਂ ਕੀ ਹੋ ਗਿਆ। ਰੱਬ ਨੂੰ? "

"ਹੋਣਾ ਕੀ ਆ। ਕਮਲੋ ਨੇ ਪਿਛਲੇ ਮਹੀਨੇ ਲੀੜੇ ਧੋਤੇ ਸੀ। ਐਤਕੀ ਪੁੰਨਿਆ ਦੇ ਹਿਸਾਬ ਨਾਲ ਉੱਨੀ ਦਿਨ ਉੱਤੇ ਹੋ ਚੱਲੇ।"

"ਓ ਵਾਖਰੂ ! ਸਰਿਆ ਨਾ ਤੈਥੋਂ। ਆਹ ਦੁੱਖ ਦੇਣ ਲੱਗਿਆਂ।"

"ਹੋਰ ਅੰਬੋ।"

"ਕੁਛ ਨੀਂ ਹੁੰਦਾ। ਆ ਜੂ ਆਪੇ। ਕਈ ਵੇਰ ਹੋ ਜਾਂਦੀ ਆ ਦੇਰ ਸਵੇਰ।"

ਮਿੰਦੋ ਨਾਲ ਨਾਲ ਬੈਠੀ ਜੜ੍ਹੀ-ਬੂਟੀ ਰਗੜੀ ਗਈ। ਫਿਰ ਚੁੱਪ ਤੋੜਦੀ ਬੋਲੀ,

"ਇੱਕ ਗੱਲ ਆਖਾਂ ਸ਼ੀਲੋ। ਕੁੜੀ ਨੂੰ ਥੋੜ੍ਹਾ ਵਰਜ ਕੇ ਰੱਖਿਆ ਕਰ। ਦੁਨੀਆ ਦਾ ਕੀ ਭਰੋਸਾ? ਮਾੜੀ ਨੀਤ ਕਦੋਂ ਹੋ 'ਜੇ? ਰੱਬ ਈ ਰਾਖਾ। ਬਾਹਰ-ਅੰਦਰ ਜਾਂਦੀ ਨੂੰ ਵਰਜਿਆ ਕਰ। ਡਮਾਗ ਈ ਭੋਰਾ ਘੱਟ ਆ। ਊਂ ਤਾਂ ਸੁੱਖ ਨਾਲ ਬਥੇਰੀ ਬਣਦੀ-ਤਣਦੀ ਆ। "

"ਅੰਬੋ ! ਰੰਗ-ਰੂਪ ਚਾਹੇ ਰੱਬ ਘੱਟ ਦੇ ਲੈਂਦਾ। ਰੰਗ ਦਾ ਕੀ ਸੀ? ਸੋਝੀ ਹੁੰਦੀ ਤਾਂ ਕਿਤੇ ਵਿਔਣ ਜੋਗੇ ਹੁੰਦੇ। ਅੱਜ ਤੋਰ ਦਿੰਦੀ ਭਾਵੇਂ।" ਦੁੱਖਾਂ ਦੀ ਗੱਠੜੀ ਨੂੰ ਸਿਰ 'ਤੇ ਚੁੱਕ ਲੈ ਕੇ ਗਈ ਸੀ। ਥੋੜ੍ਹਾ ਵਾਧਾ ਕਰਦੀ ਗਲੀ ਦੀ ਭੁੱਬ 'ਚ ਹੰਝੂ ਕੁਰੇਰਦੀ ਘਰ ਪਰਤ ਆਈ।

ਬਿੱਕਰ ਨੇ ਨੀਂਹ ਰੱਖੀ ਸੀ। ਉਹ ਰੋਜ ਵਾਗਰਾਂ ਇਕ ਇਕ ਇੱਟ ਧਰਦਾ ਜਾ ਰਿਹਾ ਸੀ। ਰਾਮ ਬਚਨ ਤਾਂ ਤੂੜੀ ਦਾ ਟੋਕਰਾ ਭਰਨ ਗਿਆ ਸੀ। ਉਸ ਨੂੰ ਕੀ ਪਤਾ ਸੀ ਅੰਦਰ ਕੀ ਖੇਡ ਚੱਲ ਰਹੀ ਸੀ? ਬੇਸ਼ੱਕ ਕਮਲੋ ਉਹਦੀ ਧੀ ਨਹੀਂ ਸੀ। ਪਰ ਅੱਖੀਂ ਵੇਖ ਕੇ ਮੱਖੀ ਕਿਵੇਂ ਨਿਗਲ ਲੈਂਦਾ। ਬਿੱਕਰ ਨੇ ਤਾਂ ਰਾਮ ਬਚਨ ਨੂੰ ਵਹਿੰਦੀ ਗੰਗਾ ਵਿਚ ਟੁੱਭੀ ਮਾਰਨ ਲਈ ਕਿਹਾ ਸੀ ਕਿ ਤੇਰਾ ਖੂਨ ਕਿਹੜਾ ਇਹਦੀਆਂ ਰਗਾਂ 'ਚ ਵਗਦਾ।

ਤੇ ਫਿਰ ਬਿੱਕਰ ਨੇ ਪਿੰਡ ਸਾਹਮਣੇ ਲੀੜੇ 'ਚ ਵਲੇਟ ਕੇ ਲਾਸ਼ ਰੱਖੀ ਸੀ। "ਸੱਪ ਲੜ ਗਿਆ ਰਾਮ ਬਚਨ ਦੇ। ਛੇਤੀ ਸਸਕਾਰ ਕਰ ਦੇਈਏ। ਜ਼ਹਿਰ ਫੈਲ ਰਿਹਾ। " ਤੇ ਸ਼ੀਲੋ ਰੋਟੀ ਦੇਣ ਵਾਲੇ ਤੋਂ ਵੀ ਸੱਖਣੀ ਹੋ 'ਗੀ। ਬਿੱਕਰ ਲਈ ਹੋਰ ਖੁੱਲ੍ਹ ਬਣ ਗਈ। ਬਾਹਰ ਜਵਾਕਾਂ ਦੀਆਂ ਖੇਡਾਂ 'ਚ ਵੀ ਚਾਰ ਹੋਰ ਖੇਡ ਰਚਾ ਗਏ।

ਕਦੇ ਕਦੇ ਸ਼ੀਲੋ ਪਿੰਡੋਂ ਬਾਹਰ ਵਗਦੇ ਨਹਿਰੀ ਪਾਣੀ ਦੇ ਖਾਲ ਤੋਂ ਕੱਪੜੇ ਧੋਣ ਚਲੀ ਜਾਂਦੀ। ਬੁੱਧਵਾਰ ਦੇ ਬੁੱਧਵਾਰ ਖਾਲ ਵਗਦਾ ਹੁੰਦਾ ਸੀ। ਜਦੋਂ ਵੱਡੇ ਕੱਪੜੇ ਖਾਸ ਧੋਣੇ ਹੁੰਦੇ। ਸ਼ੀਲੋ ਨੇ ਤਿੰਨ ਚਾਰ ਦਿਨਾਂ ਦੇ ਕੱਪੜੇ ਇਕੱਠੇ ਕਰ ਖਾਲ 'ਤੇ ਜਾ ਬੈਠੀ। ਕਮਲੋ ਦੇ ਕੱਪੜੇ ਜਦੋਂ ਉਹਦੇ ਹੱਥ ਆਏ ਤਾਂ ਇਕ ਅਜੀਬ ਜੇਹੀ ਹਵਾੜ ਨਾਲ ਉਸ ਨੇ ਨੱਕ ਵੱਟਿਆ। ਸ਼ੀਲੋ ਨੇ ਕਮਲੋ ਦੀ ਸਲਵਾਰ ਨੂੰ ਧਿਆਨ ਨਾਲ ਦੇਖਿਆ। ਹੱਡ

ਬੀਤੀਆਂ ਦੀਆਂ ਸੜਾਂਦ ਬੀਤੇ ਤੇ ਵਰਤਮਾਨ ਨੂੰ ਇਕ ਦੂਜੇ 'ਚ ਮਿਲਾਉਣ ਲੱਗੀ। ਕਮਲੋ ਪਰ੍ਹਾਂ ਬੈਠੀ ਪਾਣੀ ਨਾਲ ਹਠਖੇਲ੍ਹੀਆਂ ਕਰ ਰਹੀ ਸੀ। ਕਮਲੋ ਆਹ ਕੀ ਭਾਣਾ ਵਰਤ ਰਿਹਾ ਸੀ। ਤੇਰੇ ਨਾਲ? ਪੁੱਛਣ ਜੋਗੀ ਵੀ ਨਹੀਂ। ਕੌਣ ਖੇਡ ਰਿਹਾ ਤੇਰੇ ਨਾਲ? ਸ਼ਰਮ ਨੀਂ ਆਉਂਦੀ ਹੋਣੀ ਉਸ ਨੂੰ। ਭੁੱਖਿਆਂ ਨੂੰ ਭੁੱਖ ਨਾਲ ਮਤਲਬ ਕਿਸੇ ਭੋਲੇ ਪੰਛੀ ਨਾਲ ਕੀ ਵਾਹ-ਵਾਸਤਾ? ਛੇਤੀ ਨਾਲ ਉਸ ਨੇ ਕੱਪੜੇ ਸਮੇਟੇ। ਅੰਦਰੋਂ ਉਹ ਪੂਰੀ ਤਪ ਰਹੀ ਸੀ। ਵੱਡ ਕੇ ਨੋਚ ਖਾਣ ਲਈ ਤੜਫ਼ ਰਹੀ ਸੀ। ਹਰਾਮੀ ਦਾ ਪਤਾ ਲੱਗੇ।

ਸ਼ੀਲੋ ਨੂੰ ਸਿਰ ਤੇ ਰੱਖੀ ਗਿੱਲੇ ਲੀੜਿਆਂ ਦਾ ਬੱਠਲ ਪਹਾੜ ਲੱਗ ਰਿਹਾ ਸੀ। ਉਸ ਦੀਆਂ ਅੱਖਾਂ ਅੱਗੇ ਹਨੇਰਾ ਸੀ। ਇਸ ਹਨੇਰੇ 'ਚ ਉਸ ਦੀ ਥਾਂ ਕਮਲੋ ਸੀ। ਕਿੰਨੇ ਹੱਥਾਂ 'ਚੋਂ ਵਿਕਦੀ-ਵਕੇਂਦੀ ਉਹ ਬਾਰ੍ਹਾਂ ਵਰ੍ਹੇ ਪਹਿਲਾਂ ਇਸ ਪਿੰਡ 'ਚ ਆਈ ਸੀ। ਰਾਮ ਬਚਨ ਬਿਨ ਮਾਪਿਆਂ ਤੋਂ ਮਜ਼ਬੂਰੀ ਵੱਸ ਖਰੀਦ ਕੇ ਲਿਆਇਆ ਸੀ। ਰਾਮ ਬਚਨ ਨੂੰ ਨਿੱਕੇ ਹੁੰਦੇ ਤੋਂ ਛੜੇ ਤਾਏ ਪੂਰਨ ਨੇ ਪਾਲਿਆ ਸੀ। ਤਾਏ ਪੂਰਨ ਨੇ ਬਥੇਰਾ ਜੋਰ ਮਾਰਿਆ ਸੀ ਕੋਈ ਰਿਸ਼ਤਾ ਹੋ ਜੇ ਰਾਮ ਬਚਨ ਨੂੰ। ਪਰ ਬੇਬੱਸੀ ਦੇ ਮਾਰੇ ਨੇ ਅੱਕ ਚੱਬਿਆ। ਪਿੰਡ ਚੋਂ ਮੌਲਾ ਗੁੱਜਰ ਪਹਿਲੇ ਪਹਿਲ ਮੁੱਲ ਦੀ ਤੀਵੀਂ ਲੈ ਕੇ ਆਇਆ ਸੀ ਇਸ ਪਿੰਡ 'ਚ। ਉਸੇ ਨੂੰ ਕਹਿ- ਕੁਹਾ ਕੇ ਪੂਰਨ ਨੇ ਰਾਮ ਬਚਨ ਦੇ ਘਰ ਰੋਟੀ ਪਕਦੀ ਕੀਤੀ ਸੀ। ਸ਼ੀਲੋ ਆਪਣੇ ਨਾਲ ਦੋ ਸਾਲ ਦੀ ਕਮਲੋ ਨੂੰ ਨਾਲ ਲੈ ਕੇ ਆਈ ਸੀ।

ਕਈ ਘਾਟਾਂ ਦਾ ਪਾਣੀ ਪੀਣ ਵਾਲੀ ਸ਼ੀਲੋ ਤੋਂ ਕੀ ਗੁੱਝਾ ਸੀ। ਸਮਝ ਗਈ ਸੀ ਉਹ, "ਕੁੜੀ ਨਾਲ ਮਾੜਾ ਹੋ ਰਿਹਾ। ਕਾਰਾ ਕਰ ਕੌਣ ਰਿਹਾ ਸੀ?" ਇਹੀ ਸਵਾਲ ਉਹਦੇ ਦਿਮਾਗ ਨੂੰ ਚੜ੍ਹ ਗਏ।

ਸ਼ੀਲੋ, ਦਾਈ ਮਿੰਦੋ ਦੇ ਦੁਆਰ ਜਾ ਖੜ੍ਹੀ। ਉਸ ਦੀ ਸਾਰੀ ਵਿਥਿਆ ਸੁਣੀ। "ਜੇ ਤਿੰਨ ਮਹੀਨੇ ਪਹਿਲਾਂ ਕੁੜੀ ਨਾਤ੍ਰੀ ਸੀ ਤਾਂ ਕੋਈ ਉਚ-ਨੀਚ ਤਾਂ ਨੀਂ ਵਾਪਰੀ " ਉਸ ਨੇ ਕਮਲੋ ਨੂੰ ਲਿਟਾ ਕੇ ਪੇਟ ਦੇਖਿਆ। ਚੰਗੀ ਤਰ੍ਹਾਂ ਟੋਹਿਆ। ਤਸੱਲੀ ਹੋਣ ਮਗਰੋਂ ਦਾਈ ਮਿੰਦੋ ਬੋਲੀ, "ਦੇਖ ਭਾਈ ਕੁੜੇ। ਗੱਲ ਸਾਫ ਕਹੂਗੀ ਮੈਂ। ਕੁੜੀ ਦੇ ਅੰਦਰ ਤਾਂ ਹੈਨੀ ਕੁਛ। ਇਉਂ ਦੱਸ ਬਈ ਤੈਨੂੰ ਕੀ ਯਕੀਨ ਐ ਕਿ ਕੁੜੀ ਨਾਤ੍ਰੀ ਸੀ।"

"ਲੈ ਬੀਬੀ ਮੈਂ ਆਪ ਧੋਤੇ ਆ ਲੀੜੇ ਇਹਦੇ ਹੋਰ ਏਦੂ ਵੱਧ ਕੀ ਯਕੀਨ?" ਸ਼ੀਲੋ ਪੂਰੀ ਤਸੱਲੀ ਨਾਲ ਕਹਿ ਰਹੀ ਸੀ।

"ਗੱਲ ਸੁਣ ਭਾਈ ਕੁੜੀਏ। ਇਹਨੂੰ ਕੋਈ ਲੀੜੇ ਲੂੜੇ ਨੀਂ ਆਏ ਲੱਗਦੇ ਮੇਰੀ ਸੋਚੇ ਤਾਂ। ਜਿਹੜੀ ਜਾਚੇ ਤੂੰ ਆਖਨੀਂ ਏ ਉਸ ਹਸਾਬ ਨਾਲ ਕੁੜੀ ਨਾਲ ਕੋਈ ਗੰਦੀ ਖੇਡ ਖੇਡਿਆ। ਉਹ ਦਾਗ਼ ਤੈਨੂੰ ਭੁਲੇਖਾ ਲਾਉਂਦੇ ਨੇ।"

"ਇਹ ਕੀ ਆਖਦੀ ਏ ਬੀਬੀ ਰਾਣੀ?" ਸ਼ੀਲੋ ਹੈਰਾਨ ਸੀ।

"ਮੇਰੀ ਜਾਚੇ ਤੇਰੀ ਕੁੜੀ ਕੀਹਦੇ ਹੱਥੀਂ ਚੜ੍ਹੀ ਇਹ ਦੇਖ। ਬੋਚ ਕੇ ਰੱਖਣਾ ਸੀ ਝੱਲੀਏ। ਦਾਗ਼ੀ ਕਰ ਛੱਡਿਆ ਇਹਨੂੰ। ਜਿੱਥੋਂ ਤੀਕ ਮੇਰਾ ਡਮਾਗ ਕੈਹਦਾ ਇਹਨੂੰ ਕੋਈ ਮ੍ਹੀਨਾ-ਮੂਨਾ ਨੀਂ ਆਉਣ ਲੱਗਿਆ।"

ਦਾਈ ਮਿੰਦੋ ਦੀਆਂ ਗੱਲਾਂ ਦਾ ਗੋਲਾ ਮਨ 'ਚ ਲੈ ਸ਼ੀਲੋ ਆਪਣੀ ਧੀ ਨੂੰ ਲੈ ਤੁਰ ਪਈ। ਸੱਚ ਨਾਲ ਮੱਥਾ ਲਾ ਕੇ ਡਾਢੀ ਦੁਖੀ ਸੀ। ਇੱਕ ਸੱਚ ਜੋ ਉਸ ਨੇ ਹੰਢਾਇਆ ਸੀ। ਦੂਜਾ ਉਸ ਦੀ ਧੀ ਵੀ ਭੁਗਤ ਰਹੀ ਸੀ। ਉਹ ਤਾਂ ਇਸ ਝੂਠ ਦੀ ਦੁਨੀਆ ਦਾ ਕਰੂਰ ਚਿਹਰਾ ਪਹਿਚਾਨਦੀ ਵੀ ਨਹੀਂ ਸੀ। ਉਹ ਆਪ ਤਾਂ ਸੰਭਾਲ ਲਿਆਈ ਸੀ ਆਪਣੇ ਵਜੂਦ ਨੂੰ ਇਥੋਂ ਤੀਕ। ਪਰ ਉਹਦੀ ਧੀ ਇਸ ਪਹਾੜ ਨੂੰ ਕਿਵੇਂ ਚੁੱਕੇਗੀ ਮੋਢਿਆਂ 'ਤੇ? ਸ਼ੀਲੋ ਦੇ ਚੇਤਿਆਂ 'ਚ ਆਪਣਾ ਅਤੀਤ ਖੌਲਿਆ। ਉਹਦੀ ਮਾਂ ਕਿਤੇ ਦੋ-ਚਾਰ ਵਰ੍ਹੇ ਅਜੇ ਹੋਰ ਕੱਢ ਜਾਂਦੀ ਤਾਂ ਕੁਝ ਹੋਰ ਹੋਣਾ ਸੀ। ਆਪਣੇ ਹੱਥੀਂ ਵਿਆਹ ਜਾਂਦੀ ਸ਼ੀਲੋ। ਮਤਰੇਈ ਮਾਂ ਨੇ ਆਉਂਦਿਆਂ ਹੀ ਦੁੰਬ ਚੱਕ ਲਈ।

"ਲੈ ਸ਼ੀਲੋ! ਇਥੇ ਬੈਠ। ਹੁਣੇ ਆਈ ਮੈਂ। ਲੈ ਕੇ ਜਾਨੀਂ ਆਂ।" ਇਹ ਆਖ ਕੇ ਬਿਠਾ ਕੇ ਗਈ ਸੀ ਗੰਗਾ ਦੀਆਂ ਪੌੜੀਆਂ ਮਤਰੇਈ ਮਾਂ। ਆਖਰ ਸ਼ੀਲੋ ਨੂੰ ਹਰਿਦੁਆਰ ਦੀ ਅਣਜਾਣ ਭੀੜ 'ਚ ਛੱਡ ਗਈ। ਜਾ ਕੇ



ਪਿਉ ਨੂੰ ਆਖ ਦਿੱਤਾ ਹੋਣਾ, "ਬਾਹਲੀ ਅੱਲਵੀ ਸੀ ਕੁੜੀ। ਪਤਾ ਨੀਂ ਕਿਵੇਂ ਬਾਂਹ ਛੁੱਟ ਗਈ। ਬਥੇਰਾ ਲੱਭਿਆ। ਨਹੀਂ ਥਿਆਈ।" ਮਗਰਮੱਛ ਦੇ ਹੰਝੂਆਂ ਦਾ ਠੱਪਾ ਝੂਠ ਨੂੰ ਸੱਚ ਬਣਾ ਦਿੰਦੈ। ਪਿਉ ਨੂੰ ਕਿਹੜਾ ਮੇਰਾ ਹੇਜ਼ ਜਾਗਿਆ ਹੋਣੈ? ਮਾਂ ਨੇ ਮਰਨਾ ਈ ਕਿਉਂ ਸੀ ਜੇ ਪਿਉ ਚੱਜ ਦਾ ਹੁੰਦਾ। "

ਸ਼ੀਲੋ ਨੇ ਸੱਚ ਜਾਨਣਾ ਚਾਹਿਆ। ਉਸਨੇ ਤਗੜਾ ਜਿਗਰਾ ਕੀਤਾ। ਕਮਲੋ ਨੂੰ ਅੰਦਰ ਲੈ ਬੂਹਾ ਭੇੜ ਲਿਆ

"ਕੀ ਪੁੱਛੇ? ਕਿਵੇਂ ਪੁੱਛੇ?" ਸਵਾਲਾਂ ਦੀ ਉਥਲ-ਪੁੱਥਲ ਚੱਲੀ। ਇਕ ਲੰਬਾ ਸਾਹ ਲਿਆ। ਉਸ ਨੇ ਕਮਲੋ ਦੀ ਸਲਵਾਰ ਦਾ ਨਾਲਾ ਖਿੱਚ ਦਿੱਤਾ। ਸਲਵਾਰ ਹੇਠਾਂ ਡਿੱਗ ਪਈ। ਕਮਲੋ ਚੁੱਪ ਖੜ੍ਹੀ ਸੀ। ਉਸ ਨੇ ਉਸ ਨੂੰ ਮੰਜੇ ਤੇ ਲਿਟਾ ਦਿੱਤਾ। ਤੇ ਮੁੜ ਹੱਥ ਲਾ ਲਾ ਪੁੱਛਣ ਲੱਗੀ, "ਕਮਲੋ! ਦੱਸ ਮੇਰੀ ਧੀ? ਤੈਨੂੰ ਕੌਣ ਛੇੜਦਾ ਇਥੇ? ਐਉ ਹੱਥ ਲਾਉਂਦਾ ਕੋਈ।"

ਕਮਲੋ ਦੇ ਬਦਲੇ ਹਾਵ-ਭਾਵਾਂ ਨੇ ਸ਼ੀਲੋ ਨੂੰ ਹੈਰਾਨ ਕਰ ਦਿੱਤਾ ਸੀ। ਉਸ ਨੇ ਛੇਤੀ ਨਾਲ ਸਲਵਾਰ ਉੱਤੇ ਕਰ ਨਾਲਾ ਬੰਨ੍ਹ ਦਿੱਤਾ।

"ਆਹੂ। ਸ਼ਾਰੇ ਨੰਦੇ ਹੁੰਦੇ ਆ ਬੀਬੀ। "

ਮੁੜ ਕਮਲੋ ਨੇ ਬੇ-ਜਿਝਕ ਜੋ ਨਾਂ ਲਏ ਸ਼ੀਲੋ ਦੇ ਸਾਹ ਸੂਤ ਲਏ।

ਬਾਕੀ ਤਾਂ ਸੱਤ ਪਰਾਏ। ਉਹ ਕੀ ਲੱਗਦੇ ਕਮਲੋ ਦੇ? ਆਪਣੀ ਭੁੱਖ ਲਈ ਵਰਤ ਸਕਦੇ ਨੇ। ਪਰ ਬਿੱਕਰ ਦਾ ਨਾਂ ਉਹਦੇ ਸੰਘੋਂ ਨੀਂ ਉੱਤਰ ਰਿਹਾ ਸੀ।

ਅਸਲ 'ਚ ਸ਼ੁਰੂਆਤ ਕਿੱਥੋਂ ਹੋਈ। ਇਹ ਭੇਤ ਕੌਣ ਖੋਲੇ?

ਸ਼ੀਲੋ ਦੀਆਂ ਸੋਚਾਂ ਵਾਲੀ ਫਿਰਕੀ ਘੁੰਮੀ। ਉਸ ਨੇ ਉਸ ਦਿਨ ਦੀ ਗੱਲ ਨੂੰ ਮਨੋ ਕਿਉ ਭੁਲਾ ਛੱਡਿਆ। ਰਾਮ ਬਚਨ ਕੁੱਤੇ ਨਲਕੇ ਹੇਠ ਨਹਾ ਰਿਹਾ ਸੀ। ਅਕਸਰ ਹੀ ਉਹ ਜਦੋਂ ਨਹਾਉਂਦਾ ਕਮਲੋ ਨਲਕਾ ਗੇੜਦੀ ਸੀ। ਉਸ ਦਿਨ ਜਿਵੇਂ ਹੀ ਰਾਮ ਬਚਨ ਨਹਾ ਕੇ ਪਿੰਡੇ ਨੂੰ ਹੱਥਾਂ ਨਾਲ ਝਾੜ ਕੇ ਪੂੰਝਦਾ ਹੈ। ਬੇਧਿਆਨੇ ਹੋਏ ਰਾਮ ਬਚਨ ਦਾ ਕਮਲੋ ਨੇ ਤੇੜ ਬੰਨ੍ਹਿਆ ਪਰਨਾ ਖਿੱਚ ਦਿੱਤਾ। ਉਸ ਦੇ ਅੰਗ ਵੱਲ ਵੇਖ ਤਾੜੀਆਂ ਮਾਰ ਉੱਛਲਣ ਲੱਗੀ, "ਅੰਗਾ! ਅੰਗਾ!!" ਆਖਦੀ। ਰਾਮ ਬਚਨ ਨੇ ਛੇਤੀ ਨਾਲ ਪਰਨਾ ਚੁੱਕ ਵਲੇਟਾ ਮਾਰਿਆ। ਸ਼ੀਲੋ ਦੀ ਨਿਗ੍ਹਾ ਕੰਧੋਲੀ 'ਚੋਂ ਬਣੀ ਮੋਰੀ ਵਿਚ ਦੀ ਗਈ। ਹੱਕੀ-ਬੱਕੀ ਰਹਿ ਗਈ। ਇਹ ਹਰਕਤ ਬਚਕਾਨਾ ਨਾ ਲੱਗੀ ਉਸ ਨੂੰ।

ਸ਼ੀਲੋ ਨੂੰ ਕਈ ਹੋਰ ਗੱਲਾਂ ਵੀ ਵੱਖਰੀਆਂ ਲੱਗੀਆਂ। ਉਸ ਨੂੰ ਲੱਗਿਆ ਸ਼ਾਇਦ ਕੁੜੀ ਵੱਡੀ ਹੁੰਦੀ ਸਮਝਦਾਰ ਹੋ ਰਹੀ ਹੋਵੇ ਹੁਣ ਤੱਕ ਉਹ ਸ਼ੀਲੋ ਨਾਲ ਹੀ ਨਹਾਉਂਦੀ ਆ ਰਹੀ ਸੀ। ਕੱਚਾ ਜੇਹਾ ਛੋਟਾ ਜੇਹਾ ਖੁਰ੍ਹਾ ਸੀ। ਜਿਸ ਨੂੰ ਖਾਲੀ ਬੋਰੀ ਨੂੰ ਲਟਕਾ ਕੇ ਬੂਹੇ ਵਰਗਾ ਉਹਲਾ ਕੀਤਾ ਹੋਇਆ ਸੀ। ਕਮਲੋ ਉਸ ਨਾਲ ਨਹਾਉਣ ਤੋਂ ਇਨਕਾਰ ਕਰਨ ਲੱਗੀ। ਕੱਲੀ ਨਹਾਉਣ ਚਲੀ ਜਾਂਦੀ। ਕਿੰਨਾ ਕਿੰਨ ਚਿਰ ਸ਼ੀਲੋ ਆਵਾਜ਼ਾਂ ਮਾਰਦੀ ਰਹਿੰਦੀ ਅੰਦਰੋਂ ਉਹ, " ਹਾਂ..ਅ ਅ।" ਆਖ ਜਵਾਬ ਦਿੰਦੀ ਰਹਿੰਦੀ।

ਗੱਲ ਇਥੇ ਹੀ ਖਤਮ ਨਹੀਂ ਸੀ। ਅਗਲੀ ਗੱਲ ਸ਼ੀਲੋ ਨੂੰ ਹੋਰ ਵੀ ਹੈਰਾਨ ਕਰਦੀ ਜਾ ਰਹੀ ਸੀ ਅਕਸਰ ਹੀ ਕਮਲੋ ਸੁੱਤੇ ਪਇਆਂ ਉਸ ਦੇ ਹੱਥ ਨਾਲ ਸਪਰਸ਼ ਕਰਦੀ ਰਹਿੰਦੀ ਸੀ। ਸ਼ੀਲੋ ਨੂੰ ਸੁੱਤੀ ਹੋਈ ਨੂੰ ਢਿੱਡ 'ਤੇ ਕਿਸੇ ਹੱਥ ਦੀ ਛੂਹ ਮਹਿਸੂਸ ਹੋਈ। ਤਦ ਕਮਲੋ ਉਸ ਦੇ ਪੇਟ 'ਤੇ ਹੱਥ ਫੇਰ ਰਹੀ ਸੀ। ਸਾਰੇ ਦਿਨ ਦੀ ਥੱਕੀ ਹਾਰੀ ਸ਼ੀਲੋ ਭਾਵੇਂ ਗੂੜ੍ਹੀ ਨੀਂਦ 'ਚ ਸੀ। ਪਰ ਹੱਥ ਦੇ ਸਖਤ ਸਪਰਸ਼ ਨਾਲ ਉਹ ਚੌਕੰਨੀ ਹੋਈ। ਹੱਥ ਪਾਸੇ ਕਰਨ ਦੀ ਬਜਾਏ ਉਹ ਸੁੱਤ-ਉਨੀਂਦਰੇ ਹੀ ਪਈ ਰਹੀ। ਕੁਝ ਦੇਰ ਬਾਅਦ ਹੀ ਕਮਲੋ ਦਾ ਹੱਥ ਸ਼ੀਲੋ ਦੀ ਸਲਵਾਰ ਵਿਚ ਸੀ। ਸ਼ੀਲੋ ਇਕ ਦਮ ਤ੍ਰਬਕ ਕੇ ਉੱਠੀ। ਉਸ ਦਾ ਹੱਥ ਪਰ੍ਹਾਂ ਕੀਤਾ। ਉਸ ਦੀ ਪੂਰੀ ਦੇਹੀ ਕੰਬ ਰਹੀ ਸੀ।

ਪਿੱਤਲ ਦੇ ਭਾਂਡਿਆਂ ਨੂੰ ਸ਼ੀਲੋ ਨਲਕੇ ਕੋਲ ਬੈਠੀ ਲੱਸੀ ਪਾ-ਪਾ ਕੇ ਸਾਫ ਕਰ ਰਹੀ ਸੀ। ਉਸ ਨੇ ਕਮਲੋ

ਨੂੰ ਦੋ-ਤਿੰਨ ਆਵਾਜ਼ਾਂ ਵੀ ਮਾਰੀਆਂ, "ਕਮਲੋ ਆ ਕੇ ਨਲਕਾ ਗੇੜ ਦੇ।" ਪਰ ਉਸ ਨੇ ਅੱਗੋਂ ਕੋਈ ਜਵਾਬ ਨਾ ਦਿੱਤਾ।ਸ਼ੀਲੋ ਨੂੰ ਪਤਾ ਸੀ ਉਹ ਮਰਜ਼ੀ ਦੀ ਮਾਲਕ ਹੈ ਦਿਲ ਕੀਤਾ ਤਾਂ ਆ ਜਾਵੇਗੀ ।ਨਹੀਂ ਤਾਂ ਉਹ ਆਪਈ ਧੁਨ 'ਚ ਮਗਨ ਹੋਏਗੀ।ਸ਼ੀਲੋ ਕਾਫੀ ਸਮੇਂ ਮਗਰੋਂ ਲੱਕ ਤੇ ਹੱਥ ਧਰ ਉੱਠੀ।ਭਾਂਡੇ ਉਸ ਨੇ ਕੰਧੋਲੀ ਉੱਤੇ ਜਾ ਟਿਕਾਏ।ਹੌਲੀ ਹੌਲੀ ਉਹ ਅੰਦਰ ਵੱਲ ਆਈ ਕਮਲੋ ਸੰਦੂਕ 'ਤੇ ਲੱਗੇ ਸ਼ੀਸ਼ੇ 'ਚੋਂ ਆਪਾ ਦੇਖ-ਦੇਖ ਖੁਸ਼ ਹੋ ਰਹੀ ਸੀ।ਪਰ ਉਸ ਦੇ ਸਰੀਰ 'ਤੇ ਕੋਈ ਕੱਪੜਾ ਨਹੀਂ ਸੀ।

ਸ਼ੀਲੋ ਨੇ ਕਈ ਵੇਰ ਉਸ ਨੂੰ ਲੀਰਾਂ ਦੀ ਗੁੱਡੀ ਬਣਾ ਕੇ ਦਿੱਤੀ ਸੀ।ਪਰ ਉਹ ਜਦ ਗੁੱਸੇ 'ਚ ਹੁੰਦੀ ।ਗੁੱਡੀ ਦੀ ਲੀਰ-ਲੀਰ ਖਿਲਾਰ ਦਿੰਦੀ, "ਬਾਅਰ 'ਗੀ ਦੁੱਡੀ।ਅੰਦੀ ਸ਼ੀ।" ਆਪਣੀ ਮਰਜ਼ੀ ਨਾਲ ਘੋਟਣਾ ਚੁੱਕ ਲੈਂਦੀ ਤੇ ਉੱਤੇ ਕੋਈ ਚੁੰਨੀ ਦੇ ਲੈਂਦੀ ਅਗਲੇ ਪਲ ਉਤਾਰ ਕੇ ਸੁੱਟ ਦਿੰਦੀ।

ਸ਼ੀਲੋ ਜਾਣ ਗਈ ਸੀ ਕਮਲੋ ਕਮਲੀ ਨਹੀਂ ਭੁੱਖੀਆਂ ਦੇਹਾਂ ਲਈ।ਇਹ ਲਾਗ ਕਮਲੋ ਨੂੰ ਵੀ ਲੱਗ ਚੁੱਕੀ ਸੀ।

ਤੜਕਸਾਰ ਗੁਰਦੁਆਰੇ ਭੋਗ ਪੈਣ ਮਗਰੋਂ ਆਏ ਹੋਕੇ ਨਾਲ ਸਾਰੇ ਪਿੰਡ ਦੇ ਜਿਵੇਂ ਸਾਹ ਸੂਤੇ ਗਏ ਹੋਣ।

"ਹਾਏ ਕਮਲੋ !!!"

ਕਮਲੋ ਪਿੰਡ ਤੋਂ ਸਦਾ ਲਈ ਵਿਦਾ ਹੋ ਰਹੀ ਸੀ।ਹਰ ਕਿਸੇ ਲਈ ਕਮਲੋ ਨੂੰ ਹਰਿਦੁਆਰ ਛੱਡ ਕੇ ਆਉਣਾ ਹਜ਼ਮ ਨਹੀਂ ਹੋ ਰਿਹਾ ਸੀ।ਆਖਰ ਸ਼ੀਲੋ ਨੇ ਐਡਾ ਵੱਡਾ ਫੈਸਲਾ ਕਿਵੇਂ ਲੈ ਲਿਆ ਸੀ? ਉਹ ਤਾਂ ਮਾਂ ਸੀ।ਕੋਈ ਇਹ ਵੀ ਤਾਂ ਨਹੀਂ ਜਾਣਦਾ ਸੀ ਕਿ ਸ਼ੀਲੋ ਆਪ ਵੀ ਹਰਿਦੁਆਰ ਦੇ ਆਸ਼ਰਮ 'ਚੋਂ ਕਿਵੇਂ ਇਥੇ ਪਹੁੰਚੀ ਸੀ ।ਸ਼ੀਲੋ ਨੂੰ ਉਸ ਰਾਹ ਤੋਂ ਬਿਨਾਂ ਕੁਝ ਹੋਰ ਨਜ਼ਰ ਵੀ ਨਹੀਂ ਆ ਰਿਹਾ ਸੀ।

ਪਿੰਡ ਵਾਸੀਆਂ ਨੇ ਬਣਦਾ ਸਰਦਾ ਜਾਂਦੀ ਕਮਲੋ ਨੂੰ ਦਾਨ-ਪੁੰਨ ਕੀਤਾ

"ਭੈਣੋ-ਬੀਬੀਓ ! ਕੀ ਕਰਾਂ ਇਸ ਝੱਲੀ ਦਾ? ਸੋਚਿਆ ਛੱਡ ਆਉਨੀਂ ਆਂ ਉਥੇ ਰੈਣ-ਬਸੇਰੇ 'ਚ। ਆਵਦੇ ਸਾਹਾਂ ਦਾ ਕੀ ਭਰੋਸਾ? ਕਿੱਧਰ ਜਾਊ ਇਹ ਸਿੱਧਰੀ। "

ਸਾਰਾ ਪਿੰਡ ਕਈ ਦਿਨ ਉਡੀਕਦਾ ਰਿਹਾ।ਸ਼ੀਲੋ ਆਪ ਵਾਪਸ ਨਹੀਂ ਮੁੜੀ ਸੀ।

ਆਪ੍ਰੇਸ਼ਨ ਹੋ ਚੁੱਕਿਆ ਸੀ।ਬਿੱਕਰ ਸਿਉਂ ਦੀ ਹਿੰਮਤ ਨਹੀਂ ਪੈ ਰਹੀ ਸੀ ਉਸ ਦੇ ਸਾਹਮਣੇ ਜਾਣ ਦੀ। ਤੇ ਪੋਤੀ ਹਰਜੀਤ ।ਉਸ ਲਈ ਸ਼ਰਮ-ਹਯਾ ਦੇ ਸਾਰੇ ਪਰਦੇ ਬੇਪਰਦ ਸਨ।ਉਹ ਤਾਂ ਇਹ ਭੇਤ ਲੁਕਾ ਲੈਣਾ ਚਾਹੁੰਦੀ ਸੀ।ਪਰ ਐਨ ਵਕਤ ਕਿਸੇ ਨੇ ਉਸ ਦਾ ਸਾਥ ਨਹੀਂ ਦਿੱਤਾ।ਪਹਿਲਾਂ ਹੀ ਤਿੰਨ ਵਾਰ ਆਬੌਸ਼ਨ ਕਰਵਾ ਚੁੱਕੀ ਲਈ ਇਹ ਕੰਮ ਔਖਾ ਨਹੀਂ ਸੀ।ਇਸ ਵੇਰ ਬੱਚਾ ਟਿਊਬ ਵਿਚ ਸੀ।ਤੇ ਨਾਲ ਵਾਲੀ ਸਹੇਲੀ ਨੇ ਸਾਥ ਨਹੀਂ ਦਿੱਤਾ।

ਘਰ ਤੋਂ ਪੜ੍ਹਨ ਲਈ ਆਖ ਕੇ ਆਈ ਕਦੋਂ ਉਹ ਕਾਲ ਗਰਲ ਬਣੀ? ਬਿੱਕਰ ਸਿਉਂ ਤੇ ਹਰਜੀਤ ਦੀ ਮਾਂ ਕੀ ਜਾਨਣ?

ਵੱਡੀ ਨਰਸ ਦੇ ਮੂੰਹੋਂ ਕਾਲ ਗਰਲ ਸ਼ਬਦ ਸੁਣ ਬਿੱਕਰ ਸਿਉਂ ਨੂੰ ਅਜੀਬ ਨਾ ਲੱਗਿਆ।ਪਰ ਜਦੋਂ ਉਸ ਨੇ ਇਸ ਦੀ ਪਰਿਭਾਸ਼ਾ ਸਮਝਾਈ ਬਿੱਕਰ ਨੂੰ ਘੁੰਮਣ-ਘੇਰੀਆਂ ਚੜ੍ਹ ਗਈਆਂ,

"ਸਰ ! ਅਪਨੇ ਆਪ ਕੋ ਸਮਭਾਲੀਏ ।ਅਗਰ ਆਪ ਇਸ ਤਰ੍ਹੈ ਸੇ ਬੇਹੋਸ਼ ਹੋਗੇ ਤੋਂ ਪੇਸ਼ੰਟ ਕੋ ਕੌਣ ਸਮਭਾਲੇਗਾ?" ਲੱਗੀ ਹੋਈ ਬੋਤਲ 'ਚ ਟੀਕਾ ਮਿਲਾ ਰਹੀ ਛੋਟੀ ਨਰਸ ਨੇ ਕਿਹਾ।

"ਟੇਕ ਕੇਅਰ।" ਆਖ ਮੁਸਕਰਾਹਟ ਬਖੇਰਦੀ ਨਰਸ ਵਿੱਚੋਂ ਬਿੱਕਰ ਸਿਉਂ ਨੂੰ ਸ਼ੀਲੋ ਦਾ ਭੁਲੇਖਾ ਪਿਆ।

**ਸੰਪਰਕ-82889-13513**



# ਕਹਾਣੀ/ ਮਛਲੀ ਜਲ ਕੀ ਰਾਨੀ ਹੈ / -ਵਿਪਨ ਗਿੱਲ

*(ਏਸ ਕਹਾਣੀ ਦੀ ਮੂਲ ਸਮੱਸਿਆ ਦੀ ਜੜ੍ਹ ਤੇ ਬਿਮਾਰੀ 'ਸਿਉਂਕ' ਹੈ ਜੋ ਵੱਡੇ ਤੋਂ ਵੱਡੇ ਗਿਆਨ ਦੇ ਸਰੋਤ ਨੂੰ ਮਿੱਟੀ ਕਰ ਦਿੰਦੀ ਹੈ। ਇਹ ਸਿਉਂਕ ਗਰੀਬੀ, ਲਚਾਰੀ, ਬੇਬਸੀ ਹੈ। ਕਹਾਣੀ ਦੀ ਮੁੱਖ ਪਾਤਰ ਨਵਨੀਤ ਨਾਂ ਦੀ ਸੂਝਵਾਨ ਕੁੜੀ ਨੂੰ ਇਹ ਸਿਉਂਕ ਜਕੜ ਲੈਂਦੀ ਹੈ। ਜੋ ਉਹਦੀਆਂ ਖ਼ਾਹਿਸ਼ਾਂ ਤੇ ਮਨ ਦੀ ਅਜ਼ਾਦੀ ਨੂੰ ਮਿੱਟੀ ਕਰ ਦਿੰਦੀ ਹੈ। ਸਾਡੇ ਭਾਰਤੀ ਪਰਿਵਾਰ ਦੀ ਸੱਤਾ ਪਿਤਰੀ ਰਹੀ ਹੈ। ਪਰਿਵਾਰ ਦੀ ਵੰਸ਼ ਪ੍ਰੰਪਰਾ ਮਰਦ ਨਾਲ ਅੱਗੇ ਤੁਰਦੀ ਹੈ। ਵੰਸ਼ ਨੂੰ ਤੋਰਨ ਲਈ 'ਮੰਮੀ' ਇਕ ਯੋਜਨਾ ਬਣਾਉਂਦੀ ਹੈ। ਯੋਜਨਾ ਰੂਪੀ ਜਾਲ਼ ਵਿਚ ਨਵਨੀਤ ਆਪੇ ਫਸ ਜਾਂਦੀ ਹੈ, ਫਿਰ ਨਿਕਲਣ ਲਈ ਤਰਲੋ ਮੱਛੀ ਹੁੰਦੀ ਹੈ। ਇਹ ਔਰਤ ਦੇ ਸਫ਼ਰ ਦੀ ਕਹਾਣੀ ਹੈ। ਮਨ ਤੇ ਤਨ ਦੀ ਪੀੜ ਇਸ ਸਫ਼ਰ ਦੀ ਕੇਂਦਰੀ ਚੂਲ ਹੈ। -ਸੰਪਾਦਕ)*

**1**

ਸ਼ੀਸ਼ੇ ਦੇ ਗੋਲ ਅਕਵੇਰੀਅਮ ਵਿਚ ਸੁਨਹਿਰੀ ਗੋਲ-ਗੋਲ ਚੱਕਰ ਕੱਟ ਰਹੀ ਹੈ।ਮੈਂ ਸੋਫ਼ੇ ਤੋਂ ਉੱਠ ਕੇ ਉਸਦੇ ਕੋਲ ਖੜ੍ਹੀ ਹੋ ਜਾਂਦੀ ਹਾਂ ਤੇ ਆਪਣੀ ਸੱਜੀ ਉਂਗਲ ਸ਼ੀਸ਼ੇ ਦੇ ਨਾਲ ਜੋੜ ਲੈਂਦੀ ਹਾਂ।ਸੁਨਹਿਰੀ ਵੀ ਰਤਾ ਕੁ ਖਲੋ ਕੇ ਆਪਣੀਆਂ ਖੰਭੜੀਆਂ ਫੜਫੜਾਉਣ ਲੱਗਦੀ ਹੈ। ਮੈਂ ਉਸਦੀ ਸੰਤਰੀ ਰੰਗੀ ਭੂਰੇ ਧੱਬਿਆਂ ਵਾਲੀ ਕੰਬਦੀ ਕਾਇਆ ਨੂੰ ਅਣਗੌਲਿਆ ਕਰਕੇ ਸਿਰਫ਼ ਉਸ ਦੀਆਂ ਅੱਖਾਂ ਵੱਲ ਦੇਖ ਰਹੀ ਹਾਂ। ਸੁਨਹਿਰੀ ਦੀਆਂ ਮਾਸੂਮ ਸਲੇਟੀ ਰੰਗੀਆਂ ਅੱਖਾਂ ਜਿਵੇਂ ਮੈਨੂੰ ਪੁੱਛ ਰਹੀਆਂ ਹੋਣ-ਕਿੰਨੇ ਚੱਕਰ ?

ਕਿੰਨੇ...? ਸ਼ਾਇਦ ਚੌਰਾਸੀ ਲੱਖ।

ਕਿੰਨੇ ਕਾਲ ?

ਸ਼ਾਇਦ ਅਨੰਤ ਕਾਲ।

ਕਾਲ ਕਿ ਜਾਲ਼ ?

ਭਰਮ ਜਾਲ਼...ਮਹਾਂ ਜੰਜਾਲ।

ਕਦੇ ਕਦੇ ਜੀ ਕਰਦਾ ਕਿ ਸੁਨਹਿਰੀ ਨੂੰ ਅਕਵੇਰੀਅਮ ਵਿਚੋਂ ਕੱਢ ਕੇ ਕਿਤੇ ਦੂਰ ਵਗਦੇ ਪਾਣੀ 'ਚ ਛੱਡ ਆਵਾਂ।

"ਇਹ ਡੂੰਘੇ ਸਮੁੰਦਰ ਦੀ ਮੱਛੀ ਹੈ। ਦਰਿਆਵਾਂ 'ਚ ਇਹੋ ਜਿਹੀਆਂ ਮੱਛੀਆਂ ਕਿੱਥੇ ਹੁੰਦੀਆਂ ?" ਇਕ ਦਿਨ ਮੇਰਾ ਸਹੁਰਾ ਮੰਮੀ ਜੀ ਨੂੰ ਦੱਸ ਰਿਹਾ ਸੀ।

'ਸੁਨਹਿਰੀ' ਸੰਨੀ ਦਾ ਸਪੈਸ਼ਲ ਗਿਫ਼ਟ ਹੈ ਜੋ ਮੰਮੀ ਜੀ ਨੇ ਉਸਦੇ ਜਨਮ ਦਿਨ 'ਤੇ ਖ਼ਰੀਦ ਕੇ ਦਿੱਤਾ ਸੀ। ਸੰਨੀ ਸੁਨਹਿਰੀ ਨਾਲ ਬਹੁਤ ਤੇਹ ਕਰਦਾ ਹੈ। ਉਹ ਇਹਦੇ ਕੋਲ ਖੜ੍ਹਾ ਹੋ ਕੇ ਕਿੰਨਾ-ਕਿੰਨਾ ਚਿਰ ਤੱਕਦਾ ਰਹਿੰਦਾ ਹੈ ਤੇ ਕਦੇ-ਕਦੇ ਇਹ ਕਵਿਤਾ ਵੀ ਗੁਣਗੁਣਾਉਣ ਲੱਗ ਪੈਂਦਾ ਹੈ-

ਮਛਲੀ ਜਲ ਕੀ ਰਾਨੀ ਹੈ, ਜੀਵਨ ਉਸਕਾ ਪਾਨੀ ਹੈ, ਹਾਥ ਲਗਾਓ...ਡਰ ਜਾਏਗੀ, ਬਾਹਰ ਨਿਕਾਲੋ...ਮਰ ਜਾਏਗੀ

ਅਕਸਰ ਉਸਦੀ ਕਵਿਤਾ ਸੁਣ ਕੇ ਮੰਮੀ ਜੀ ਵੀ ਖ਼ੁਸ਼ ਹੋ ਜਾਂਦੀ ਹੈ ਤੇ ਉਹ ਵੀ ਲੈਅ 'ਚ ਗੁਣਗੁਣਾਉਣ ਲੱਗਦੀ ਹੈ...ਬਾਹਰ ਨਿਕਾਲੋ ਮਰ ਜਾਏਗੀ...ਮਰ ਜਾਏਗੀ... ਮਰ ਜਾਏਗੀ।

ਮੰਮੀ ਜੀ ਮੱਛੀਆਂ ਦੀ ਫ਼ਿਤਰਤ ਨੂੰ ਚੰਗੀ ਤਰ੍ਹਾਂ ਜਾਣਦੀ ਹੈ।ਉਹ ਖ਼ੁਦ ਵੀ ਤਾਂ ਜਾਲ਼ ਬੁਣਨ 'ਚ ਮਾਹਿਰ ਹੈ।ਉਹ ਚੁੱਪ-ਚੁਪੀਤੀ ਜਾਲ਼ ਬੁਣਦੀ ਰਹਿੰਦੀ ਹੈ ਤੇ ਜਦੋਂ ਕੋਈ ਮੱਛੀ ਉਸਦੇ ਕੋਲ ਆਉਂਦੀ ਹੈ ਤਾਂ ਜਾਲ਼ ਵਿਛਾ ਕੇ ਝਪੱਟਾ ਮਾਰ ਕੇ ਮੱਛੀ ਫੜ ਲੈਂਦੀ ਹੈ।ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਉਸਨੇ ਮੈਨੂੰ ਵੀ ਕਿੰਝ ਫਸਾਇਆ ਸੀ।

"ਨੀਤ ਦੇਖੀਂ ਜ਼ਰਾ, ਕਾਕਾ ਉੱਠ ਗਿਆ ਜਾਪਦੈ," ਮੰਮੀ ਜੀ ਦੀ ਆਵਾਜ਼ ਸੁਣ ਕੇ ਮੈਂ ਬੈੱਡਰੂਮ ਵੱਲ ਤੁਰ ਪੈਂਦੀ ਹਾਂ।

ਪ੍ਰਤੀਕ ਜਾਗ ਪਿਆ ਹੈ। ਉਹ ਬੈੱਡ 'ਤੇ ਬੈਠਾ ਸੰਨੀ ਨਾਲ ਖੇਡ ਰਿਹਾ ਹੈ। ਮੈਂ ਉਸ ਨੂੰ ਚੁੱਕ ਕੇ ਉਸਦਾ ਮੱਥਾ ਚੁੰਮਦੀ ਹਾਂ ਤੇ ਉਸ ਨੂੰ ਆਪਣੀ ਛਾਤੀ ਨਾਲ ਲਾ ਕੇ ਘੁੱਟ ਲੈਂਦੀ ਹਾਂ। ਸੰਨੀ ਇਕ ਟਕ ਮੇਰੇ ਵੱਲ ਦੇਖ ਰਿਹਾ ਹੈ। ਮੈਂ ਥੋੜ੍ਹਾ ਜਿਹਾ ਝੁਕ ਕੇ ਉਸਦਾ ਮੱਥਾ ਵੀ ਚੁੰਮ ਲੈਂਦੀ ਹਾਂ। ਮੈਂ ਬੈੱਡ ਦੀ ਨੁੱਕਰ 'ਤੇ ਬੈਠ ਕੇ ਪ੍ਰਤੀਕ ਨੂੰ ਗੋਦੀ 'ਚ ਬਿਠਾ ਕੇ ਉਸ ਨਾਲ ਲਾਡ-ਦੁਲਾਰ ਕਰਨ ਲੱਗ ਪਈ ਹਾਂ। ਮੈਨੂੰ ਉਸ ਨਾਲ ਰੁੱਝੀ ਦੇਖ ਕੇ ਸੰਨੀ ਚੁੱਪਚਾਪ ਇਕ ਖਿਡੌਣਾ ਚੁੱਕ ਕੇ ਉਸ ਨਾਲ ਖੇਡਣ ਲੱਗ ਪਿਆ ਹੈ।

ਦਰਅਸਲ ਸੰਨੀ ਉਰਫ਼ ਸਨਦੀਪ ਸਿੰਘ ਮਾਨ ਯਾਨਿ ਕਿ ਮੇਰਾ ਹਸਬੈਂਡ ਇਨ ਲਾਅ, ਡਾਊਨ ਸਿੰਡਰੋਮ ਰੋਗ ਤੋਂ ਪੀੜਤ ਹੈ। ਮਾਪਿਆਂ ਦਾ ਇਕਲੌਤਾ ਲਾਡਲਾ ਅਠਾਈ ਵਰ੍ਹਿਆਂ ਦਾ ਇਹ ਬੱਚਾ ਦੀਨ ਦੁਨੀਆਂ ਤੋਂ ਬੇਖ਼ਬਰ ਹੋ ਆਪਣੀ ਦੁਨੀਆਂ 'ਚ ਮਸਤ ਰਹਿੰਦਾ ਹੈ। ਕਦੇ-ਕਦੇ ਮੇਰੇ ਮਨ 'ਚ ਵਹਿਮ ਜਿਹਾ ਉੱਠਦੈ ਕਿ ਕਿਤੇ ਪ੍ਰਤੀਕ ਵੀ ਇਹਦੇ ਵਾਂਗ...ਸ਼ਾਇਦ ਉਦੋਂ ਮੈਂ ਭੁੱਲ ਜਾਂਦੀ ਹਾਂ ਕਿ ਪ੍ਰਤੀਕ ਇਹਦਾ ਪੁੱਤ ਨਹੀਂ ਹੈ। ਉਂਝ ਮੈਨੂੰ ਸੰਨੀ ਨਾਲ ਬੜਾ ਮੋਹ ਆਉਂਦਾ ਰਹਿੰਦਾ ਹੈ। ਭਾਵੇਂ ਉਹ ਅਠਾਈ ਵਰ੍ਹਿਆਂ ਦਾ ਹੈ ਪਰ ਹੈ ਤਾਂ ਮਹਿਜ਼ ਇਕ ਬੱਚਾ ਹੀ...ਨਿਰਛਲ...ਨਿਰਸੁਆਰਥੀ। ਉਹ ਵੀ ਮੇਰੇ ਮੋਹ ਨੂੰ ਮਹਿਸੂਸ ਕਰਦਾ ਹੈ। ਉਹ ਅਕਸਰ ਝਟਪਟ ਹੀ ਉਤਾਵਲਾ ਹੋ ਕੇ ਮੈਨੂੰ ਚਿੰਬੜ ਜਾਂਦਾ ਹੈ। ਉਹ ਮੇਰੀਆਂ ਗੱਲ੍ਹਾਂ ਨਾਲ ਗੱਲ੍ਹਾਂ ਛੁਹਾਉਂਦਾ ਹੈ...ਮੇਰੇ ਬੁੱਲ੍ਹਾਂ ਨਾਲ ਬੁੱਲ੍ਹ...ਤੇ ਫਿਰ ਮੇਰੀ ਧੌਣ ਨੂੰ ਚੁੰਮਣ ਲੱਗ ਪੈਂਦਾ ਹੈ...ਆਪਣਾ ਨੱਕ ਮੇਰੇ ਨੱਕ ਨਾਲ ਘਸਾਉਂਦਾ ਹੈ ਤੇ ਮੈਂ ਉਸਦਾ ਸਿਰ ਆਪਣੀ ਹਿੱਕ ਨਾਲ ਲਾ ਕੇ ਘੁੱਟ ਲੈਂਦੀ ਹਾਂ। ਮੇਰਾ ਦਿਲ ਧਕ-ਧਕ ਕਰਨ ਲੱਗ ਪੈਂਦਾ ਹੈ। ਮੇਰੀ ਧੜਕਣ ਸੁਣ ਕੇ ਉਹ ਡਰ ਜਾਂਦਾ ਹੈ ਤੇ ਮੈਨੂੰ ਧੱਕਾ ਦੇ ਕੇ ਦੌੜ ਜਾਂਦਾ ਹੈ। ਮੈਂ ਬੇਵੱਸ ਹੋਈ ਸਿਰਫ਼ ਉਸਦੀ ਪਿੱਠ ਤੱਕਦੀ ਰਹਿ ਜਾਂਦੀ ਹਾਂ। ਪਰ ਇਸ ਵਿਚ ਭਲਾ ਸੰਨੀ ਦਾ ਕੀ ਕਸੂਰ ਹੈ ? ਆਖ਼ਿਰ ਸਾਰੀਆਂ ਸਥਿਤੀਆਂ ਨੂੰ ਹਾਜ਼ਰ ਨਾਜ਼ਰ ਜਾਣ ਕੇ ਇਸ ਜ਼ਿੰਦਗੀ ਦੀ 'ਚੋਣ' ਮੈਂ ਖ਼ੁਦ ਹੀ ਤਾਂ ਕੀਤੀ ਸੀ।

ਮੇਰੀ ਦਾਦੀ ਬੜੀ ਸਿਆਣੀ ਸੀ। ਅਕਸਰ ਉਸ ਦੀਆਂ ਗੱਲਾਂ 'ਚ ਸਿਆਣਪ ਝਲਕਦੀ ਸੀ। ਕਦੇ ਕਦੇ ਉਹ ਕਹਿੰਦੀ ਹੁੰਦੀ ਸੀ-'ਮਾਇਆ ਮੋਹਣੀ ਹੁੰਦੀ ਆ। ਸਭ ਨੂੰ ਮੋਹ ਲੈਂਦੀ ਹੈ। ਇਹਦੇ ਤੋਂ ਤਾਂ ਵੱਡੇ ਵੱਡੇ ਭਗਤ ਤੇ ਦੇਵਤੇ ਵੀ ਨਹੀਂ ਬਚੇ ਸਨ ਅਤੇ ਅਸੀਂ ਮਿੱਟੀ ਦੇ ਪੁਤਲੇ ਕੀਹਦੇ ਪਾਣੀਹਾਰ ਹਾਂ'। ਸ਼ਾਇਦ ਜੇ ਦਾਦੀ ਜਿਊਂਦੀ ਹੁੰਦੀ ਤਾਂ ਉਹ ਮੈਨੂੰ ਕਦੇ ਵੀ ਇਸ ਅੰਨ੍ਹੇ ਖੂਹ 'ਚ ਛਾਲ ਨਾ ਮਾਰਨ ਦਿੰਦੀ। ਉਸਦੇ ਅਸੂਲ ਬੜੇ ਪੱਕੇ ਸਨ। ਮੈਨੂੰ ਹਾਲੇ ਵੀ ਯਾਦ ਹੈ ਕਿ ਜਦੋਂ ਭੂਆ ਦੀ ਨਿੱਕੀ ਕੁੜੀ ਮੱਦੋ ਨੂੰ ਬਾਹਰੋਂ ਆਏ ਅੱਧਖੜ੍ਹ ਦਹਾਜੂ ਦਾ ਰਿਸ਼ਤਾ ਆਇਆ ਸੀ ਤਾਂ ਕਿੰਝ ਉਹ ਸਾਰਿਆਂ ਦੇ ਖ਼ਿਲਾਫ਼ ਝੰਡਾ ਚੁੱਕ ਕੇ ਖੜ੍ਹੀ ਹੋ ਗਈ ਸੀ ਤੇ ਰਿਸ਼ਤਾ ਸਿਰੇ ਨਹੀਂ ਸੀ ਚੜ੍ਹਨ ਦਿੱਤਾ। ਦਰਅਸਲ ਭੂਆ ਲੋਭ 'ਚ ਆ ਗਈ ਸੀ। ਉਸ ਨੂੰ ਲੱਗਦਾ ਸੀ ਕਿ ਮੱਦੋ ਸਾਰੇ ਟੱਬਰ ਨੂੰ ਵਲਾਇਤ ਸੱਦ ਲਵੇਗੀ ਤੇ ਘਰ ਦੀ ਕੰਗਾਲੀ ਕੱਟੀ ਜਾਊਗੀ। ਪਰ ਦਾਦੀ ਨੇ ਕੜਕ ਕੇ ਆਖਿਆ ਸੀ, "ਮੈਂ ਆਪਣੇ ਜੀਂਦੇ ਜੀਅ ਕੁੜੀ ਨੂੰ ਉਸ ਬੁੱਚੜ ਦੇ ਹੱਥਾਂ 'ਚ ਨਹੀਂ ਦੇਣ ਦਿਆਂਗੀ। ਤੁਸੀਂ ਸਾਰੇ ਰਿਜ਼ਕ ਨੂੰ ਰੋਂਦੇ ਹੋ। ਰਿਜ਼ਕ ਤਾਂ ਉਹ ਪੱਥਰ ਦੇ ਕੀੜੇ ਦੇ ਮੂੰਹ 'ਚ ਪਾਉਂਦਾ।" ਇੰਝ ਉਸਨੇ ਭੂਆ ਦੇ ਸਾਰੇ ਧਰੇ-ਧਰਾਏ 'ਤੇ ਪਾਣੀ ਪਾ ਦਿੱਤਾ ਸੀ। ਭੂਆ ਕੰਨ ਵਲੇਟ ਕੇ ਆਪਣੇ ਘਰ ਤੁਰ ਗਈ ਸੀ ਤੇ ਮੱਦੋ ਦੇ ਰਿਸ਼ਤੇ ਦਾ ਇਥੇ ਹੀ ਭੋਗ ਪੈ ਗਿਆ ਸੀ। ਜੇ ਦਾਦੀ ਜਿਊਂਦੀ ਹੁੰਦੀ ਤਾਂ ਅੱਜ ਮੈਂ ਵੀ ਸ਼ਾਇਦ ਇਸ ਮਾਇਆ ਦੇ ਮਹਿਲ 'ਚ ਨਾ ਖੜ੍ਹੀ ਹੁੰਦੀ। ਪਰ ਮਾਂ ਦੀ ਸੋਚ ਮੇਰੇ ਵਰਗੀ ਸੀ। ਉਸ ਦੀਆਂ ਅੱਖਾਂ ਵੀ ਇਸ ਮਹਿਲਨੁਮਾ ਘਰ ਦੀ ਲਿਸ਼ਕੋਰ ਨਾਲ ਚੁੰਧਿਆ ਗਈਆਂ ਸਨ। ਮੇਰਾ ਸਾਕ ਪੱਕਾ ਕਰਕੇ ਆਉਣ ਤੋਂ ਬਾਅਦ ਘਰ ਆ ਕੇ ਉਸਨੇ ਹੁੱਬ ਕੇ ਭਾਪੇ ਨੂੰ ਦੱਸਿਆ ਸੀ, 'ਰਿਜ਼ਕ ਨਾਲ ਭਰਿਆ ਘਰ ਹੈ। ਨੀਤ ਰਾਜ ਕਰੂਗੀ ਓਥੇ। ਘਰ ਕਾਹਦਾ, ਮਹਿਲ ਆ ਮਹਿਲ। ਅਸੀਂ ਉਨ੍ਹਾਂ ਦੇ ਪਾਣੀਹਾਰ ਕਿੱਥੇ ?'



'ਹੂੰ', ਭਾਪੇ ਨੇ ਬੇਵਸੀ 'ਚ ਬਸ ਇੰਨਾ ਕੁ ਹੁੰਗਾਰਾ ਹੀ ਭਰਿਆ ਸੀ ਤੇ ਪਾਸਾ ਪਰਤ ਕੇ ਮੂੰਹ ਕੰਧ ਵੱਲ ਭਵਾਂ ਲਿਆ ਸੀ। ਉਸ ਵੇਲੇ ਬਿਮਾਰੀ ਨਾਲ ਮਾਰੀ ਉਸਦੀ ਮਰੀਅਲ ਦੇਹ ਮੈਨੂੰ ਬੇਹੱਦ ਬੇਵੱਸ ਜਾਪੀ ਸੀ।

ਮੈਨੂੰ ਹਮੇਸ਼ਾ ਜਾਪਦਾ ਸੀ ਕਿ ਭਾਪੇ ਨੂੰ ਅਸੀਂ ਦੋਵੇਂ ਭੈਣਾਂ ਬੋਝ ਜਾਪਦੀਆਂ ਸਾਂ ਤੇ ਉਹ ਨਿੱਕੇ ਵੀਰ ਲਾਡੀ ਨਾਲ ਹੀ ਬਹੁਤਾ ਮੋਹ ਕਰਦਾ ਸੀ। ਮੇਰਾ ਤੇ ਮੇਰੀ ਛੋਟੀ ਭੈਣ ਜੋਤੀ ਦਾ ਮਸਾਂ ਦੋ ਸਾਲ ਦਾ ਫ਼ਰਕ ਸੀ। ਅਸੀਂ ਦੋਵੇਂ ਭੈਣਾਂ ਪੜ੍ਹਨ 'ਚ ਹੁਸ਼ਿਆਰ ਸਾਂ ਪਰ ਭਾਪੇ ਨੂੰ ਇਸ ਗੱਲ ਦਾ ਕੀ ਫ਼ਰਕ ਪੈਂਦਾ ਸੀ। ਉਸਨੇ ਤਾਂ ਸਾਨੂੰ ਕਦੇ ਸਾਡੀ ਪੜ੍ਹਾਈ ਲਿਖਾਈ ਬਾਰੇ ਪੁੱਛਿਆ ਹੀ ਨਹੀਂ ਸੀ। ਮਾਂ ਹਮੇਸ਼ਾ ਗਲੀ ਗੁਆਂਢ ਦੀਆਂ ਤੀਵੀਆਂ ਨੂੰ ਹੁੱਬ ਕੇ ਦੱਸਦੀ, 'ਮੇਰੀਆਂ ਧੀਆਂ ਹਮੇਸ਼ਾ ਪਹਿਲੇ ਨੰਬਰ 'ਤੇ ਆਉਂਦੀਆਂ ਜਮਾਤ 'ਚੋਂ।'

ਮੈਂ ਹਾਲੇ ਦਸਵੀਂ 'ਚ ਹੀ ਪੜ੍ਹਦੀ ਸੀ ਜਦੋਂ ਦਾਦੀ ਪੂਰੀ ਹੋ ਗਈ। ਜੇ ਸ਼ਾਇਦ ਉਦੋਂ ਜਿਊਂਦੀ ਹੁੰਦੀ ਤਾਂ ਮੈਨੂੰ ਗਿਆਰਵੀਂ 'ਚ ਦਾਖ਼ਲ ਹੋਣ ਲਈ ਭਾਪੇ ਦੀਆਂ ਐਨੀਆਂ ਮਿੰਨਤਾਂ ਨਾ ਕਰਨੀਆਂ ਪੈਂਦੀਆਂ। ਮੈਨੂੰ ਹਾਲੇ ਵੀ ਯਾਦ ਹੈ ਜਦੋਂ ਮੈਂ ਦਸਵੀਂ ਤੋਂ ਬਾਅਦ ਗਿਆਰਵੀਂ 'ਚ ਦਾਖ਼ਲ ਹੋਣ ਲਈ ਭਾਪੇ ਨੂੰ ਪੁੱਛਿਆ ਸੀ ਤਾਂ ਉਹ ਮੈਨੂੰ ਟੁੱਟ ਕੇ ਪੈ ਗਿਆ ਸੀ। ਉਸਨੇ ਮਾਂ ਨੂੰ ਗੁੱਸੇ ਨਾਲ ਕਿਹਾ ਸੀ, 'ਮੈਥੋਂ ਨ੍ਹੀਂ ਹੋਰ ਪੜ੍ਹਾਈਆਂ ਜਾਂਦੀਆਂ। ਇਨ੍ਹਾਂ ਨੂੰ ਪੜ੍ਹਾਵਾਂ ਕਿ ਵਿਆਵਾਂ ? ਦੱਸ, ਇੰਨੇ ਖਰਚੇ ਕਿੱਥੋਂ ਚੁੱਕਾਂ ?' ਪਰ ਮਾਂ ਨੇ ਮੇਰੇ ਹੰਝੂਆਂ ਤੇ ਹਉਕਿਆਂ ਨੂੰ ਆਪਣੀ ਮਮਤਾ ਦੇ ਧਰਵਾਸੇ ਨਾਲ ਥੰਮ੍ਹ ਲਿਆ ਤੇ ਮੈਨੂੰ ਅਗਾਂਹ ਪੜ੍ਹਨੇ ਪਾ ਦਿੱਤਾ। ਪਰ ਇਹੀ ਭਸੂੜੀ ਦੋ ਸਾਲ ਬਾਦ ਦੁਬਾਰਾ ਪੈ ਗਈ ਸੀ ਜਦੋਂ ਮੈਂ ਬਾਰ੍ਹਵੀਂ ਤੋਂ ਬਾਅਦ ਕਾਲਜ 'ਚ ਦਾਖ਼ਲ ਹੋਣਾ ਚਾਹੁੰਦੀ ਸੀ। ਇਸ ਵਾਰ ਭਾਪੇ ਨੇ ਸਾਫ਼ ਨਾਂਹ ਕਰ ਦਿੱਤੀ ਸੀ ਕਿਉਂਕਿ ਜੋਤੀ ਨੂੰ ਗਿਆਰਵੀਂ 'ਚ ਦਾਖ਼ਲ ਕਰਵਾਉਣਾ ਸੀ। ਘਰ ਦੀ ਤੰਗੀ ਕਰਕੇ ਭਾਪੇ ਲਈ ਦੋਵਾਂ ਦੀ ਪੜ੍ਹਾਈ ਦਾ ਬੋਝ ਚੁੱਕਣਾ ਔਖਾ ਸੀ ਪਰ ਮੈਂ ਭਾਪੇ ਦੀਆਂ ਤਰਲੇ-ਮਿੰਨਤਾਂ ਕੱਢ ਕੇ ਬੀ.ਏ. ਭਾਗ ਪਹਿਲਾ ਦਾ ਪ੍ਰਾਈਵੇਟ ਦਾਖ਼ਲਾ ਭਰ ਦਿੱਤਾ ਤੇ ਇਸ ਤਰ੍ਹਾਂ ਇਕ ਵਾਰ ਫਿਰ ਮੇਰੀ ਪੜ੍ਹਾਈ ਵਾਲੀ ਗੱਡੀ ਲੀਹੇ ਚੜ੍ਹ ਗਈ ਤੇ ਮੈਂ ਬੀ.ਏ. ਕਰ ਲਈ। ਬੀ.ਏ. ਕਰਨ ਤੋਂ ਬਾਅਦ ਫਿਰ ਉਹ ਸੁਆਲ ਮੇਰੇ ਜ਼ਿਹਨ 'ਚ ਫਿਰਕੀ ਵਾਂਗ ਘੁੰਮਣ ਲੱਗਾ ਕਿ ਹੁਣ ਅੱਗੇ ਕੀ ਕਰਾਂ? ਬੀ.ਏ. ਕਰਦਿਆਂ ਇਨ੍ਹਾਂ ਤਿੰਨਾਂ ਸਾਲਾਂ 'ਚ ਮੈਨੂੰ ਕਈ ਸਾਕ ਆਏ ਸਨ ਪਰ ਰੱਬ ਦਾ ਸ਼ੁਕਰ ਸੀ ਕਿ ਕੋਈ ਵੀ ਸਿਰੇ ਨਹੀਂ ਸੀ ਚੜ੍ਹਿਆ। ਜਦੋਂ ਘਰ 'ਚ ਮੇਰੇ ਰਿਸ਼ਤੇ ਦੀ ਗੱਲ ਚੱਲਦੀ ਤਾਂ ਮੈਨੂੰ ਧੁੜਕੂ ਲੱਗ ਜਾਂਦਾ ਕਿ ਕਿਤੇ ਮੇਰੀ ਪੜ੍ਹਾਈ ਅੱਧ ਵਿਚਕਾਰ ਨਾ ਛੁੱਟ ਜਾਵੇ ਤੇ ਜਦੋਂ ਕੋਈ ਸਾਕ ਸਿਰੇ ਨਾ ਚੜ੍ਹਦਾ ਤਾਂ ਮੈਂ ਖ਼ੁਸ਼ੀਆਂ ਮਨਾਉਂਦੀ। ਦਰਅਸਲ, ਜਿੰਨੇ ਵੀ ਰਿਸ਼ਤੇ ਆਏ ਉਨ੍ਹਾਂ ਦੇ ਮੂੰਹ ਦਾਜ ਲੈਣ ਲਈ ਗੱਲ੍ਹਾਂ ਤਕ ਪਾਟੇ ਹੋਏ ਸਨ ਤੇ ਉਨ੍ਹਾਂ ਮੂੰਹਾਂ ਨੂੰ ਭਰਨ ਦੀ ਭਾਪੇ 'ਚ ਗੁੰਜਾਇਸ਼ ਨਹੀਂ ਸੀ।

ਕਦੇ-ਕਦੇ ਮੈਨੂੰ ਭਾਪੇ 'ਤੇ ਬੜਾ ਤਰਸ ਆਉਂਦਾ ਹੈ। ਭਾਪੇ ਵੱਲ ਦੇਖ ਕੇ ਮੈਨੂੰ ਆਪਣਾ ਬੱਗਾ ਵਹਿੜਕਾ ਯਾਦ ਆ ਜਾਂਦਾ ਹੈ ਜਿਸ ਨੂੰ ਜਦੋਂ ਪਹਿਲੀ ਵਾਰ ਭਾਪੇ ਨੇ ਧਿੰਗੋਜ਼ੋਰੀ ਗੱਡੇ ਅੱਗੇ ਜੋਇਆ ਸੀ ਤਾਂ ਉਹ ਗੁੱਸੇ 'ਚ ਗੱਡੇ ਨੂੰ ਧੂੰਹਦਾ ਹੋਇਆ ਅੰਨ੍ਹੇਵਾਹ ਕਮਾਦ ਦੀ ਪੈਲ਼ੀ ਦੇ ਅੱਧ ਵਿਚਕਾਰ ਜਾ ਖਲੋਤਾ ਤੇ ਉਸਦਾ ਸਾਰਾ ਪਿੰਡਾ ਆਗਾਂ ਨਾਲ ਪੱਛਿਆ ਗਿਆ ਪਰ ਭਾਪੇ ਨੇ ਤਾਂ ਚੁੱਪਚਾਪ ਆਪਣਾ ਸਿਰ ਜੂਲੇ ਹੇਠਾਂ ਦੇ ਦਿੱਤਾ ਸੀ। ਭਾਪਾ ਹਾਲੇ ਛੋਟਾ ਜਿਹਾ ਹੀ ਸੀ ਜਦੋਂ ਉਸਦਾ ਪਿਉ ਮਰ ਗਿਆ। ਭਾਪੇ ਦੇ ਸਿਰ ਉੱਤੇ ਛੋਟੀ ਉਮਰੇ ਹੀ ਵੱਡੀ ਕਬੀਲਦਾਰੀ ਦਾ ਬੋਝ ਪੈ ਗਿਆ। ਉਦੋਂ ਦੋਵੇਂ ਭੂਆ ਵੀ ਹਾਲੇ ਵਿਆਹੁਣ ਵਾਲੀਆਂ ਸਨ ਤੇ ਇੰਝ ਥੋੜ੍ਹੀ ਜ਼ਮੀਨ ਨਾਲ ਵੱਡੀ ਕਬੀਲਦਾਰੀ ਦਾ ਜੂਲਾ ਚੁੱਕਦੇ ਚੁੱਕਦੇ ਭਾਪਾ ਜੁਆਨੀ 'ਚ ਹੀ ਬੁੱਢਾ ਹੋ ਗਿਆ ਸੀ ਤੇ ਭਾਪਾ ਉਸ ਦਿਨ ਆਪਣੀ ਪਹਿਲੀ ਜੰਗ ਹਾਰ ਗਿਆ ਜਿਸ ਦਿਨ ਕਰਜ਼ੇ ਦੀ ਗੰਢ ਨੂੰ ਸਿਰ ਤੋਂ ਲਾਹੁਣ ਲਈ ਉਸ ਨੂੰ ਦੋ ਕਿੱਲੇ ਗਹਿਣੇ ਧਰਨੇ ਪਏ ਸਨ। ਉਸ ਦਿਨ ਭਾਪਾ ਬਹੁਤ ਰੋਇਆ ਸੀ ਪਰ ਹੌਲੀ ਹੌਲੀ ਉਸ ਨੂੰ ਨਿੱਕੀਆਂ ਮੋਟੀਆਂ ਜੰਗਾਂ ਹਾਰਨ ਦੀ ਆਦਤ ਪੈ ਗਈ ਸੀ। ਮੇਰੀਆਂ ਸੋਚਾਂ ਦੀ ਲੜੀ ਟੁੱਟ ਗਈ ਹੈ। 'ਬਾਹਰ...ਬਾਹਰ' ਕਹਿੰਦਾ ਹੋਇਆ ਪ੍ਰਤੀਕ ਮੇਰੀ ਉਂਗਲ ਫੜ ਕੇ ਬਾਹਰਲੇ ਦਰਵਾਜ਼ੇ ਵੱਲ ਤੁਰ ਪਿਆ ਹੈ। ਮੈਂ ਸੰਨੀ ਤੇ ਪ੍ਰਤੀਕ ਨੂੰ ਨਾਲ ਲੈ ਕੇ ਘਰ ਦੇ ਬਾਹਰਵਾਰ

ਬਣੇ ਗ੍ਰੀਨ ਬੈਲਟ ਨੁਮਾ ਪਾਰਕ 'ਚ ਆ ਕੇ ਸੀਮਿੰਟ ਦੀ ਸੀਟ 'ਤੇ ਬੈਠ ਗਈ ਹਾਂ। ਸੰਨੀ ਅਤੇ ਪ੍ਰਤੀਕ ਗੇਂਦ ਨਾਲ ਖੇਡ ਰਹੇ ਹਨ। ਸੰਨੀ ਵਾਰ ਵਾਰ ਪ੍ਰਤੀਕ ਕੋਲੋਂ ਗੇਂਦ ਖੋਹ ਕੇ ਉਸ ਨੂੰ ਚਿੜਾ ਰਿਹਾ ਹੈ। ਉਨ੍ਹਾਂ ਦੋਵਾਂ ਨੂੰ ਖੇਡਦਿਆਂ ਦੇਖ ਕੇ ਮੈਨੂੰ ਇੰਝ ਲੱਗਦੈ...ਜਿਵੇਂ ਮੇਰਾ ਇਕ ਨਹੀਂ, ਦੋ ਬੱਚੇ ਹੋਣ।

ਪਾਰਕ ਤੋਂ ਪੰਦਰਾਂ ਕੁ ਫੁੱਟ ਪਰ੍ਹਾਂ ਕੰਡਿਆਲੀ ਤਾਰ ਲੱਗੀ ਹੋਈ ਹੈ। ਤਾਰ ਦੇ ਉਸ ਪਾਰ ਵੱਡਾ ਖੁੱਲ੍ਹਾ ਮੈਦਾਨ ਹੈ। ਜਿਥੇ ਗਰੀਬ ਬਸਤੀਆਂ ਦੇ ਬੱਚੇ ਕ੍ਰਿਕਟ ਖੇਡ ਰਹੇ ਹਨ। ਇਨ੍ਹਾਂ ਬੱਚਿਆਂ ਦੀ ਬੇਪਰਵਾਹੀ ਅਤੇ ਅਵਾਰਗੀ ਦੇਖ ਕੇ ਮੈਨੂੰ ਹੈਰਾਨੀ ਹੁੰਦੀ ਹੈ ਕਿਉਂਕਿ ਇਹ ਖੇਡਦੇ-ਖੇਡਦੇ ਇਕ ਦੂਜੇ ਨੂੰ ਸ਼ਰੇਆਮ ਨੰਗੀਆਂ ਗਾਲ੍ਹਾਂ ਕੱਢਣ ਲੱਗ ਪੈਂਦੇ ਹਨ। ਅਚਾਨਕ ਇਕ ਮੁੰਡੇ ਨੇ ਜ਼ੋਰ ਨਾਲ ਛੱਕਾ ਮਾਰਿਆ ਤੇ ਗੇਂਦ ਮੇਰੇ ਕਦਮਾਂ ਤੋਂ ਕੁਝ ਕੁ ਦੂਰ ਆ ਕੇ ਡਿੱਗ ਪਈ। ਉਨ੍ਹਾਂ ਦੀ ਖੇਡ ਰੁਕ ਗਈ ਹੈ ਤੇ ਸਭ ਦੀਆਂ ਨਜ਼ਰਾਂ ਕੰਡਿਆਲੀ ਤਾਰ ਦੇ ਅੰਦਰਵਾਰ ਗੇਂਦ ਨੂੰ ਲੱਭ ਰਹੀਆਂ ਹਨ। ਮੈਂ ਇਕ ਮੁੰਡੇ ਨੂੰ ਇਸ਼ਾਰੇ ਨਾਲ ਗੇਂਦ ਬਾਰੇ ਦੱਸਦੀ ਹਾਂ।

"ਆਂਟੀ ਜੀ, ਤੁਸੀਂ ਫੜਾ ਦਿਓ।" ਉਹ ਮੇਰਾ ਤਰਲਾ ਕੱਢਦਾ ਹੈ। ਮੈਂ ਚਿੱਕੜ ਨਾਲ ਲਿਬੜੀ ਗੇਂਦ ਦੇਖ ਕੇ ਫੜਾਉਣ ਤੋਂ ਇਨਕਾਰ ਕਰ ਦਿੰਦੀ ਹਾਂ।

"ਚੱਲ ਬਈ ਕਾਲੂ, ਤੈਨੂੰ ਤਾਰ ਟੱਪਣੀ ਪਊ। ਚੱਲ ਬਾਊ, ਸੰਨੀ ਦਿਉਲ ਬਣ ਕੇ ਲੈ ਆ ਗੇਂਦ, ਬਾਡਰ ਪਾਰ ਤੋਂ।" ਉਹ ਹਾਸਾ ਮਜ਼ਾਕ ਕਰਦੇ ਹੋਏ ਕਾਲੂ ਨੂੰ ਤਾਰ ਦੇ ਅੰਦਰ ਵਾੜ ਦਿੰਦੇ ਹਨ।

ਕਾਲੂ ਵੀ ਮਜ਼ਾਕ ਦੇ ਰੌਂਅ ਵਿਚ ਹੈ। ਉਹ ਟਿੱਚਰ ਕਰਦਾ ਹੋਇਆ ਕਹਿੰਦਾ ਹੈ, "ਓਏ ਸਾਲਿਓ ! ਜੇ ਮੈਨੂੰ ਉਥੋਂ ਕੋਈ ਕੁੱਤਾ ਪੈ ਗਿਆ ?"

"ਕੋਈ ਨਾ, ਤੂੰ ਕੁੱਤੇ ਨੂੰ ਪੈ ਜਾਈਂ।" ਦੂਜਾ ਮੁੰਡਾ ਵੀ ਐਵੇਂ ਸ਼ਰਾਰਤਾਂ ਰੇੜ੍ਹੀ ਜਾ ਰਿਹਾ ਹੈ। ਸਾਰੇ ਮੁੰਡੇ ਉਨ੍ਹਾਂ ਦੀਆਂ ਗੱਲਾਂ ਦਾ ਮਜ਼ਾ ਲੈਂਦੇ ਹੋਏ ਹਿੜ-ਹਿੜ ਕਰੀ ਜਾ ਰਹੇ ਹਨ। ਕਾਲੂ ਗੇਂਦ ਚੁੱਕਣ ਲਈ ਸਾਡੇ ਵੱਲ ਆਉਂਦਾ ਹੈ ਪਰ ਉਸਦੇ ਗੇਂਦ ਚੁੱਕਣ ਤੋਂ ਪਹਿਲਾਂ ਹੀ ਸੰਨੀ ਦੌੜ ਕੇ ਗੇਂਦ ਚੁੱਕ ਲੈਂਦਾ ਹੈ। ਮੈਂ ਸੰਨੀ ਨੂੰ ਰੋਕਦੀ ਹਾਂ ਤੇ ਉਸ ਕੋਲੋਂ ਗੇਂਦ ਖੋਹ ਕੇ ਕਾਲੂ ਨੂੰ ਦੇਣ ਦੀ ਕੋਸ਼ਿਸ਼ ਕਰਦੀ ਹਾਂ ਪਰ ਸੰਨੀ ਟੱਸ ਤੋਂ ਮੱਸ ਨਹੀਂ ਹੋ ਰਿਹਾ। ਉਹ ਗੇਂਦ ਨੂੰ ਦੋਵਾਂ ਹੱਥਾਂ ਵਿਚਾਲੇ ਘੁੱਟ ਕੇ ਫੜ ਲੈਂਦਾ ਹੈ। ਕਾਲੂ ਖਿਝ ਕੇ ਝਪੱਟਾ ਮਾਰਦਾ ਹੈ ਤੇ ਗੇਂਦ ਖੋਹ ਲੈਂਦਾ ਹੈ। ਵਾਪਸ ਜਾਂਦਾ ਹੋਇਆ ਉਹ ਮੈਨੂੰ ਤਾਕੀਦ ਦੇ ਤੌਰ 'ਤੇ ਕਹਿੰਦਾ ਹੈ, "ਆਂਟੀ, ਸਾਂਭ ਕੇ ਰੱਖਿਆ ਕਰੋ ਆਪਣੇ ਇਸ ਸ਼ੁਦਾਈ ਨੂੰ।" ਉਸਦੀ ਤਾਕੀਦ ਸੁਣ ਕੇ ਮੇਰੀਆਂ ਅੱਖਾਂ ਅੱਗੇ ਭੰਬੂਤਾਰੇ ਨੱਚਣ ਲੱਗ ਪੈਂਦੇ ਹਨ। ਕਾਲੂ ਦੀ ਮਾਂ ਸ਼ਾਇਦ ਇਸ ਕਾਲੋਨੀ 'ਚ ਕੰਮ ਕਰਨ ਆਉਂਦੀ ਹੋਵੇਗੀ ਤਾਂ ਹੀ ਉਸ ਨੂੰ ਸੰਨੀ ਬਾਰੇ..., ਮੈਂ ਕਿਆਸ ਲਾਉਂਦੀ ਹਾਂ। ਕੁਝ ਚਿਰ ਕਾਲੂ ਦਾ ਵਿਅੰਗ ਮੇਰੇ ਦਿਮਾਗ਼ 'ਚ ਗੂੰਜਦਾ ਰਹਿੰਦਾ ਹੈ ਪਰ ਫਿਰ ਮੈਂ ਸਾਰੀ ਸ਼ਰਮਿੰਦਗੀ ਭੁਲਾ ਕੇ ਸੰਨੀ ਤੇ ਪ੍ਰਤੀਕ ਨਾਲ ਖੇਡਣ 'ਚ ਰੁੱਝ ਜਾਂਦੀ ਹਾਂ।

2

ਆਮ ਦਿਨਾਂ ਵਰਗੀ ਸਵੇਰ ਹੈ। ਰੋਜ਼ ਵਾਂਗ ਮੈਂ, ਸੰਨੀ ਤੇ ਮੰਮੀ ਜੀ ਨਾਸ਼ਤਾ ਕਰਨ ਲਈ ਡਾਇਨਿੰਗ ਟੇਬਲ 'ਤੇ ਬੈਠੇ ਹੋਏ ਹਾਂ ਤੇ ਨੇਪਾਲੀ ਬਾਵਰਚੀ ਸਾਨੂੰ ਨਾਸ਼ਤਾ ਕਰਵਾਉਣ 'ਚ ਰੁੱਝਾ ਹੋਇਆ ਹੈ। ਮੈਂ ਮੰਮੀ ਜੀ ਦਾ ਚਿਹਰਾ ਨਿਹਾਰ ਰਹੀ ਹਾਂ। ਭਾਵੇਂ ਮੇਰੇ ਸਹੁਰੇ ਦੇ ਜੇਲ੍ਹ ਜਾਣ ਤੋਂ ਬਾਅਦ ਉਹ ਕਾਫ਼ੀ ਮੁਰਝਾ ਗਏ ਸਨ ਪਰ ਅੱਜ ਫਿਰੋਜ਼ੀ ਰੰਗ ਦੀ ਸ਼ਿਫਾਨ ਦੀ ਸਾੜ੍ਹੀ ਵਿਚ ਬੇਹੱਦ ਦਿਲਕਸ਼ ਲੱਗ ਰਹੇ ਹਨ। ਨਾਸ਼ਤਾ ਕਰਦੇ ਹੋਏ ਉਹ ਅਖ਼ਬਾਰ ਦੀਆਂ ਸੁਰਖੀਆਂ ਵੀ ਪੜ੍ਹੀ ਜਾ ਰਹੇ ਹਨ। ਪੜ੍ਹਦੇ ਹੋਏ ਵਿਚ ਵਿਚਾਲੇ ਉਹ ਆਪਣੇ ਖੱਬੇ ਹੱਥ ਦੀ ਉਂਗਲ ਨਾਲ ਨੱਕ ਤੋਂ ਹੇਠਾਂ ਡਿੱਗਦੀ ਸੁਨਹਿਰੀ ਫਰੇਮ ਵਾਲੀ ਐਨਕ ਨੂੰ ਉਤਾਂਹ ਚੁੱਕ ਕੇ ਨੱਕ ਦੀ ਘੋੜੀ 'ਤੇ ਟਿਕਾ ਦਿੰਦੇ ਹਨ। ਸ਼ੁਕਰ ਹੈ ਕਿਤੇ ਉਨ੍ਹਾਂ ਦਾ ਧਿਆਨ ਮੇਰੇ ਵੱਲ ਨਹੀਂ ਗਿਆ। ਇਹ ਸੋਚ ਕੇ ਮੈਂ ਆਪਣੀ ਨਿਗਾਹ ਨਾਸ਼ਤੇ ਵਾਲੀ ਪਲੇਟ ਉੱਪਰ ਗੱਡ ਲੈਂਦੀ ਹਾਂ। 'ਮੰਮੀ ਜੀ ਦੀ ਨਿਗਾਹ ਕਿਹੜੀ ਕਿਸੇ ਬਾਜ਼ ਤੋਂ ਘੱਟ ਹੈ', ਅਚਾਨਕ ਮੇਰੇ ਮਨ 'ਚ ਖ਼ਿਆਲ ਆਉਂਦਾ ਹੈ।

ਉਹ ਉੱਠ ਕੇ ਕਾਲਜ ਲਈ ਤੁਰ ਪਏ ਹਨ। ਮੈਂ ਉਨ੍ਹਾਂ ਦੀ ਪਿੱਠ ਤੱਕਦੀ ਹਾਂ... ਮੋਢੇ ਉੱਤੇ ਝੂਲਦਾ



ਮਹਿੰਗਾ ਬ੍ਰੈਂਡਡ ਸ਼ੋਲਡਰ ਬੈਗ ਤੇ ਹੱਥ 'ਚ ਫੜੀਆਂ ਹੋਈਆਂ ਦੋ-ਤਿੰਨ ਕਿਤਾਬਾਂ। ਡਰਾਈਵਰ ਨੇ ਗੱਡੀ ਸਟਾਰਟ ਕਰ ਲਈ ਹੈ। ਮੈਂ ਉੱਠ ਕੇ ਦਰਵਾਜ਼ਾ ਬੰਦ ਕਰ ਲੈਂਦੀ ਹਾਂ। 'ਸ਼ਾਇਦ ਅਗਲੇ ਸਾਲ ਮੈਂ ਵੀ ਕਾਲਜ ਜੁਆਇਨ ਕਰ ਲਵਾਂ...', ਇਹ ਸੋਚਦਿਆਂ ਹੋਇਆਂ ਮੈਂ ਸੋਫ਼ੇ ਉੱਤੇ ਬੈਠ ਜਾਂਦੀ ਹਾਂ। ਸੰਨੀ ਕਾਰਟੂਨ ਦੇਖਣ ਲੱਗ ਪਿਆ ਹੈ। ਪ੍ਰਤੀਕ ਹਾਲੇ ਸੁੱਤਾ ਪਿਆ ਹੈ। ਮੈਂ ਉੱਠਦੀ ਹਾਂ ਤੇ ਡਾਇਨਿੰਗ ਟੇਬਲ ਤੋਂ ਅਖ਼ਬਾਰ ਚੁੱਕ ਕੇ ਮੁੜ ਸੋਫ਼ੇ ਉੱਤੇ ਆ ਬੈਠਦੀ ਹਾਂ ਪਰ ਮੇਰਾ ਧਿਆਨ ਅਖ਼ਬਾਰ ਪੜ੍ਹਨ ਦੀ ਬਜਾਇ ਕਿਤੇ ਹੋਰ ਅਟਕ ਗਿਆ ਹੈ। ਤੋਸ਼ੀ...ਹਾਂ ਤੋਸ਼ੀ ! ਮੈਨੂੰ ਅਚਾਨਕ ਤੋਸ਼ੀ ਦਾ ਖ਼ਿਆਲ ਆ ਗਿਆ ਹੈ। ਮੈਂ ਅੱਖਾਂ ਬੰਦ ਕਰਕੇ ਅਤੀਤ ਦੀਆਂ ਘੁੰਮਣਘੇਰੀਆਂ 'ਚ ਗੁਆਚ ਜਾਂਦੀ ਹਾਂ। ਯਾਦਾਂ ਦੀ ਪਟਾਰੀ ਹੌਲੀ ਹੌਲੀ ਖੁੱਲ੍ਹਣ ਲੱਗ ਪੈਂਦੀ ਹੈ।

ਉਸ ਦਿਨ ਆਥਣ ਵੇਲੇ ਮੈਂ, ਮਾਂ ਤੇ ਜੋਤੀ ਮੰਜੇ ਉੱਤੇ ਬੈਠੀਆਂ ਮੱਟਰ ਕੱਢ ਰਹੀਆਂ ਸੀ ਕਿ ਉਸੇ ਵੇਲੇ ਭਾਪਾ ਘਰ ਆਇਆ। ਉਸਨੇ ਸਾਇਕਲ ਪਿੱਛਿਓਂ ਪੱਠਿਆਂ ਦੀ ਪੰਡ ਲਾਹ ਕੇ ਟੋਕੇ ਅੱਗੇ ਸੁੱਟੀ ਤੇ ਮੈਨੂੰ ਪੁੱਛਣ ਲੱਗਾ-"ਨੀਤ ਤੇਰੇ ਕਿੰਨੇ ਨੰਬਰ ਆਏ ਬੀ.ਏ. 'ਚੋਂ ? ਮੈਨੂੰ ਸੁਰਜਣ ਕਹਿੰਦਾ...ਭਾਅ ਤੇਰੀ ਕੁੜੀ ਤਾਂ ਬਾਹਲੇ ਨੰਬਰ ਲੈ ਕੇ ਪਾਸ ਹੋਈ ਆ...ਤੂੰ ਤੋਸ਼ੀ ਤੋਂ ਵੱਧ ਨੰਬਰ ਲਏ ਆ ?"

"ਹਾਂ ਭਾਪਾ, ਮੇਰੇ ਪਝੱਤਰ ਪਰਸੈਂਟ ਨੰਬਰ ਆਏ," ਮੈਂ ਹੁੱਬ ਕੇ ਦੱਸਿਆ।

"ਉਹ ਕਿੰਨੇ ?" ਭਾਪੇ ਨੇ ਫਿਰ ਪੁੱਛਿਆ।

"ਭਾਪਾ ਬਹੁਤ ਜ਼ਿਆਦਾ। ਮੇਰੇ ਪੰਜ ਸੌ ਪੱਚੀ ਨੰਬਰ ਆਏ ਆ ਤੇ ਤੋਸ਼ੀ ਦੇ ਤਾਂ ਸਾਢੇ ਚਾਰ ਸੌ ਆਏ ਨੇ।" ਮੈਂ ਭਾਪੇ ਨੂੰ ਸਮਝਾਇਆ।

ਮੇਰੀ ਗੱਲ ਸੁਣ ਕੇ ਭਾਪੇ ਦਾ ਚਿਹਰਾ ਚਮਕ ਉੱਠਿਆ। ਉਸਨੇ ਕੋਲ ਆ ਕੇ ਮੇਰਾ ਸਿਰ ਪਲੋਸਿਆ ਤੇ ਪੁੱਛਿਆ, "ਤੂੰ ਅੱਗੇ ਪੜ੍ਹਨਾ ? ਮੈਂ ਤੈਨੂੰ ਅੱਗੇ ਪੜ੍ਹਨੇ ਪਾਉਣਾ। ਸੁਰਜਣ ਕਹਿੰਦਾ ਸੀ ਕਿ ਤੇਰੀ ਕੁੜੀ ਤਾਂ ਚੰਗੇ ਨੰਬਰ ਲੈਂਦੀ ਆ। ਉਹਨੂੰ ਕਿਤੇ ਨੌਕਰੀ ਮਿਲ ਸਕਦੀ ਆ 'ਗਾਹਾਂ।" ਭਾਪੇ ਨੇ ਜਿਵੇਂ ਆਪਣਾ ਫ਼ੈਸਲਾ ਸੁਣਾ ਦਿੱਤਾ ਸੀ।

"ਪਰ...?" ਮਾਂ ਦੇ ਮੂੰਹੋਂ ਅਚਾਨਕ ਨਿਕਲਿਆ।

"ਪਰ ਪੁਰ ਕੁਝ ਨੀਂ। ਬਸ ਆਪਣੀ ਨੀਤ ਐੱਮ.ਏ. ਕਰੂਗੀ ਤੋਸ਼ੀ ਨਾਲ। ਜਦ ਜੋਤੀ ਬੀ.ਏ. ਕਰ ਲਊ, ਇਹਦੇ ਬਾਰੇ ਵੀ ਸੋਚੂੰਗਾ।"

ਮੈਨੂੰ ਉਸ ਦਿਨ ਭਾਪਾ ਬਹੁਤ ਚੰਗਾ ਲੱਗਾ। ਮੈਂ ਤਾਂ ਮਾਨੋ ਹਵਾ 'ਚ ਉੱਡ ਰਹੀ ਹੋਵਾਂ। ਮੇਰੇ ਕਾਲਜ 'ਚ ਪੜ੍ਹਨ ਦਾ ਸੁਪਨਾ ਸਾਕਾਰ ਹੋਣ ਜਾ ਰਿਹਾ ਸੀ। ਕਿੰਨਾ ਸੋਹਣਾ ਦਿਨ ਸੀ ਉਹ। ਜਿਵੇਂ ਮੇਰੇ ਵਜੂਦ 'ਤੇ ਨਿੱਕੇ ਨਿੱਕੇ ਖੰਭ ਉੱਗ ਆਏ ਹੋਣ ਤੇ ਮੈਂ ਧਰਤੀ ਤੋਂ ਚੱਪਾ-ਚੱਪਾ ਉਤਾਂਹ ਤੁਰ ਰਹੀ ਹੋਵਾਂ। ਉਨ੍ਹਾਂ ਦਿਨਾਂ 'ਚ ਮੈਂ ਮਾਂ ਅਤੇ ਭਾਪੇ ਨਾਲ ਭੱਜ-ਭੱਜ ਕੇ ਕੰਮ ਕਰਵਾਉਂਦੀ ਫਿਰਦੀ ਤੇ ਰਤਾ ਵੀ ਨਾ ਥੱਕਦੀ। ਇਕ ਦਿਨ ਤੋਸ਼ੀ ਸਾਡੇ ਘਰ ਆਈ ਤੇ ਉਸਨੇ ਦੱਸਿਆ ਕਿ ਕਾਲਜ ਵਿਚ ਦਾਖ਼ਲਾ ਸ਼ੁਰੂ ਹੋ ਗਿਆ ਹੈ।

3

ਉਸ ਦਿਨ ਮੈਂ ਤੇ ਤੋਸ਼ੀ ਪਿੰਡੋਂ ਬੱਸ ਫੜ ਕੇ ਸ਼ਹਿਰ ਨੂੰ ਚੱਲ ਪਈਆਂ। ਉਂਝ ਜਿਸ ਕਾਲਜ ਵਿਚ ਅਸੀਂ ਦਾਖ਼ਲਾ ਲੈਣਾ ਸੀ ਉਸ ਨੂੰ ਮੈਂ ਪਹਿਲਾਂ ਵੀ ਦੂਰੋਂ-ਦੂਰੋਂ ਕਈ ਵਾਰ ਤੱਕਿਆ ਸੀ। ਮੇਰੀ ਭੂਆ ਦੇ ਪਿੰਡ ਲਾਲੋਕਿਆਂ ਨੂੰ ਜਾਣ ਲਈ ਬੱਸ ਕਾਲਜ ਦੇ ਮੂਹਰਿਓਂ ਹੋ ਕੇ ਲੰਘਦੀ ਸੀ ਤੇ ਭੂਆ ਦੇ ਪਿੰਡ ਜਾਣ ਸਮੇਂ ਮੈਂ ਬੱਸ ਦੀ ਬਾਰੀ 'ਚੋਂ ਕਾਲਜ ਦੀ ਇਮਾਰਤ ਨੂੰ ਨਿਹਾਰਦੀ ਰਹਿੰਦੀ ਸੀ।

ਕਾਲਜ ਪਹੁੰਚ ਕੇ ਅਸੀਂ ਦਫ਼ਤਰ 'ਚੋਂ ਪ੍ਰਾਸਪੈਕਟਸ ਖਰੀਦਿਆ ਤੇ ਵਿਕਲੋਤਰੀ ਜਿਹੀ ਥਾਂ ਲੱਭ ਕੇ ਵੇਰਵੇ ਪੜ੍ਹਨ ਲੱਗ ਪਈਆਂ। ਫੀਸਾਂ ਦਾ ਵੇਰਵਾ ਪੜ੍ਹ ਕੇ ਮੇਰਾ ਮੂੰਹ ਉਤਰ ਗਿਆ ਕਿਉਂਕਿ ਇਹ ਮੇਰੇ ਅਨੁਮਾਨ ਤੋਂ ਕਾਫ਼ੀ ਵੱਧ ਸਨ। ਮੈਂ ਆਪਣਾ ਨੰਬਰ ਕਾਰਡ ਵਿਖਾ ਕੇ ਫ਼ੀਸ ਕਲਰਕ ਨੂੰ ਆਪਣੀ ਮਜ਼ਬੂਰੀ

ਦੱਸੀ। ਉਸਨੇ ਮੇਰੇ ਨੰਬਰਾਂ ਦੀ ਡਿਟੇਲ ਨੂੰ ਗਹੁ ਨਾਲ ਦੇਖਿਆ ਤੇ ਪ੍ਰਿੰਸੀਪਲ ਨੂੰ ਮਿਲਣ ਦੀ ਸਲਾਹ ਦਿੱਤੀ। ਮੈਂ ਡਰਦੀ ਤੇ ਝਿਜਕਦੀ ਹੋਈ ਆਗਿਆ ਲੈ ਕੇ ਮੈਡਮ ਦੇ ਸਾਹਮਣੇ ਜਾ ਕੇ ਖੜ੍ਹੀ ਹੋ ਗਈ ਤੇ ਡਰਦੀ ਡਰਦੀ ਨੇ ਆਪਣਾ ਨੰਬਰ ਕਾਰਡ ਮੈਡਮ ਦੇ ਮੇਜ਼ ਉੱਤੇ ਰੱਖ ਦਿੱਤਾ।

"ਮੈਡਮ, ਮੇਰੀ ਮਜ਼ਬੂਰੀ ਹੈ। ਮੇਰੇ ਮਾਪੇ ਇੰਨੀ ਫੀਸ ਨਹੀਂ ਭਰ ਸਕਦੇ। ਕੀ ਮੈਨੂੰ ਕੁਝ ਰਿਆਇਤ ਮਿਲ ਸਕਦੀ ਹੈ। ਮੇਰੀ ਕੁਝ ਫੀਸ ਮੁਆਫ਼ ਹੋ ਸਕਦੀ ਹੈ ?"

"ਅਨੁਸੂਚਿਤ ਜਾਤੀ...?"

"ਨਹੀਂ ਜੀ, ਜਨਰਲ ਹਾਂ ਪਰ ਮੈਮ ਅਸੀਂ ਉਨ੍ਹਾਂ ਵਰਗੇ ਹੀ ਹਾਂ। ਘਰ ਦੀ ਆਰਥਿਕ ਹਾਲਤ ਬਹੁਤ ਮਾੜੀ ਹੈ।"

"ਅੱਛਾ...?" ਮੈਡਮ ਨੇ ਤਿਊੜੀ ਪਾ ਕੇ ਮੇਰੇ ਵੱਲ ਦੇਖਿਆ ਤੇ ਫਿਰ ਉਸਨੇ ਮੇਰੇ ਸਰਟੀਫ਼ਿਕੇਟ ਦੇਖ ਕੇ ਦਾਖ਼ਲਾ ਫਾਰਮ ਉੱਤੇ ਫੀਸ ਦੀ ਰਿਆਇਤ ਬਾਰੇ ਟਿੱਪਣੀ ਲਿਖੀ ਦਿੱਤੀ। ਮੈਨੂੰ ਜਾਪਿਆ ਜਿਵੇਂ ਮੇਰੀ ਮਿਹਨਤ ਦਾ ਮੁੱਲ ਪੈ ਗਿਆ ਹੋਵੇ। ਮੇਰੇ ਵਧੀਆ ਨੰਬਰਾਂ ਕਰਕੇ ਮੈਨੂੰ ਫੀਸ ਵਿਚ ਰਿਆਇਤ ਮਿਲ ਗਈ ਸੀ ਤੇ ਮੇਰੀ ਵਿੰਗ-ਤੜਿੰਗੇ ਰਾਹਾਂ ਤੇ ਲੀਰਾਂ ਦੀ ਖਿੱਦੋ ਵਰਗੀ ਰਿੜਦੀ ਖੁੜ੍ਹਦੀ ਜ਼ਿੰਦਗੀ ਲੀਹ 'ਤੇ ਪੈ ਗਈ ਸੀ।

ਕਾਲਜ ਵਿਚ ਪਹਿਲੇ ਕੁਝ ਦਿਨ ਤਾਂ ਮੈਂ ਸੰਗਦੀ ਝਿਜਕਦੀ ਤੋਸ਼ੀ ਨਾਲ ਚਿੰਬੜੀ ਰਹੀ ਪਰ ਹੌਲੀ ਹੌਲੀ ਮੇਰੀ ਝਕ ਖੁੱਲ੍ਹ ਗਈ ਤੇ ਮੈਂ ਵੀ ਬਾਕੀ ਮੁੰਡੇ ਕੁੜੀਆਂ ਵਾਂਗ ਅਧਿਆਪਕਾਂ ਕੋਲੋਂ ਸੁਆਲ ਪੁੱਛਣ ਲੱਗ ਪਈ ਸੀ। ਇਕ ਦਿਨ ਕਲਾਸ ਵਿਚ ਸਾਡੇ ਨਾਟਕ ਵਾਲੇ ਅਧਿਆਪਕ ਨਾਟਕ ਵਿਧੀਆਂ ਬਾਰੇ ਸਮਝਾ ਰਹੇ ਸਨ ਤੇ ਮੈਂ ਉਨ੍ਹਾਂ ਤੋਂ ਕੁਝ ਪੁੱਛਣ ਲਈ ਹਾਲੇ ਹੱਥ ਖੜ੍ਹਾ ਕਰਕੇ ਉੱਠਣ ਲੱਗੀ ਸੀ ਕਿ ਇਕ ਹੋਰ ਮੁੰਡਾ ਝੱਟ ਖੜ੍ਹਾ ਹੋ ਕੇ ਪ੍ਰਸ਼ਨ ਪੁੱਛਣ ਲੱਗ ਪਿਆ। ਮੈਂ ਝਕਦੀ ਹੋਈ ਬੈਂਚ 'ਤੇ ਬੈਠ ਗਈ ਤੇ ਜਦੋਂ ਪੀਰੀਅਡ ਖ਼ਤਮ ਹੋਣ ਤੋਂ ਬਾਅਦ ਮੈਂ ਤੇ ਤੋਸ਼ੀ ਕਲਾਸ ਦੇ ਬਾਹਰ ਖੜ੍ਹੀਆਂ ਗੱਲਾਂ ਕਰ ਰਹੀਆਂ ਸੀ ਤਾਂ ਅਚਾਨਕ ਉਹ ਮੁੰਡਾ ਸਾਡੇ ਕੋਲ ਆ ਗਿਆ ਤੇ ਮੇਰੇ ਵੱਲ ਹੱਥ ਵਧਾਉਂਦਾ ਹੋਇਆ ਕਹਿਣ ਲੱਗਾ-

"ਹੈਲੋ, ਮੈਂ ਸੁਖਜੀਤ ਹਾਂ। ਤੁਹਾਡਾ ਨਾਂ ਸ਼ਾਇਦ...?"

"ਨਵਨੀਤ" ਮੈਂ ਜਵਾਬ ਦਿੱਤਾ ਪਰ ਆਪਣਾ ਹੱਥ ਹੇਠਾਂ ਹੀ ਲਮਕਾਈ ਰੱਖਿਆ।

"ਨਾਈਸ ਟੂ ਮੀਟ ਯੂ।" ਕਹਿ ਕੇ ਉਹ ਉਥੋਂ ਚਲਾ ਗਿਆ।

"ਨੀ ਨੀਤ...ਇਹ ਉਹੀ ਹੈ...ਮਿਸਟਰ ਇੰਟੈਲੀਜੈਂਟ...ਜੀਹਦੇ ਬਾਰੇ ਮੈਂ ਤੈਨੂੰ ਦੱਸਦੀ ਹੁੰਦੀ ਆਂ।" ਤੋਸ਼ੀ ਨੇ ਮੇਰੇ ਲੱਕ 'ਤੇ ਕੂਹਣੀ ਮਾਰ ਕੇ ਕਿਹਾ।

ਸੁਖਜੀਤ ਉਰਫ਼ ਸੁਖਜੀਤ ਸਿੰਘ ਢਿੱਲੋਂ ਵਿਦਿਆਰਥੀ ਯੂਨੀਅਨ ਦਾ ਲੀਡਰ ਅਤੇ ਜ਼ਹੀਨ ਮੁੰਡਾ ਸੀ। ਉਹ ਅਕਸਰ ਪ੍ਰੋਫ਼ੈਸਰਾਂ ਨਾਲ ਚੁੰਝ ਅੜਾਉਂਦਾ ਤੇ ਤਰਕ ਵਿਤਰਕ ਕਰਦਾ ਰਹਿੰਦਾ ਸੀ। ਮੁੰਡਿਆਂ ਦਾ ਵੀ ਉਹ ਚਹੇਤਾ ਹੀਰੋ ਸੀ। ਉਹ ਕਾਲਜ ਵਿਚ ਜਿਥੇ ਵੀ ਖਲੋਂਦਾ, ਇਕ ਦੋ ਮਿੰਟ ਬਾਅਦ ਉਸਦੇ ਆਲੇ-ਦੁਆਲੇ ਇਕ ਨਿੱਕਾ ਜਿਹਾ ਝੁੰਡ ਬਣ ਜਾਂਦਾ ਜਿਹੜਾ ਉਹਦੇ ਵਿਚਾਰਾਂ ਨੂੰ ਸੁਣ ਰਿਹਾ ਹੁੰਦਾ।

"ਕਈ ਸੜ ਭੁੱਜ ਗਈਆਂ ਹੋਣੀਆਂ ਅੱਜ ਤਾਂ...।" ਤੋਸ਼ੀ ਨੇ ਮੈਨੂੰ ਮਸ਼ਕਰੀ ਕੀਤੀ ਤੇ ਅਸੀਂ ਹੱਸਦੀਆਂ ਤੇ ਮਜ਼ਾਕ ਕਰਦੀਆਂ ਬੱਸ ਅੱਡੇ ਵੱਲ ਤੁਰ ਪਈਆਂ।

ਤੇ ਫਿਰ ਕੁਝ ਦਿਨਾਂ ਬਾਅਦ ਮੇਰੀ ਅਤੇ ਸੁਖਜੀਤ ਵਿਚਾਲੇ ਬਣੀ ਹੋਈ ਝਿਜਕ ਮੁੱਕ ਗਈ। ਅਸੀਂ ਦੋਵੇਂ ਪੜ੍ਹਾਈ ਅਤੇ ਹੋਰ ਸਮਾਜਿਕ ਵਿਸ਼ਿਆਂ ਬਾਰੇ ਖੁੱਲ੍ਹ ਕੇ ਚਰਚਾ ਕਰਨ ਲੱਗ ਪਏ। ਉਂਝ ਕਈ ਵਾਰ ਉਹਦੀਆਂ ਗੱਲਾਂ ਮੇਰੇ ਪੱਲੇ ਨਹੀਂ ਪੈਂਦੀਆਂ ਸੀ ਤੇ ਸਿਰ ਉੱਤੋਂ ਦੀ ਲੰਘ ਜਾਂਦੀਆਂ ਸਨ। ਦਰਅਸਲ ਇਸ ਤੋਂ ਪਹਿਲਾਂ ਮੈਂ ਪ੍ਰਾਈਵੇਟ ਪੜ੍ਹਾਈ ਕਰਦੀ ਰਹੀ ਸੀ ਤੇ ਇਸ ਲਈ ਮੇਰਾ ਅਨੁਭਵ ਸਿਰਫ਼ ਸਿਲੇਬਸ ਤਕ ਹੀ ਸੀਮਤ ਸੀ ਜਦ ਕਿ ਸੁਖਜੀਤ ਹਮੇਸ਼ਾਂ ਸਿਲੇਬਸ ਤੋਂ ਬਾਹਰਲੀਆਂ ਕਿਤਾਬਾਂ ਪੜ੍ਹਦਾ ਤੇ ਉਨ੍ਹਾਂ ਦਾ



ਜ਼ਿਕਰ ਕਰਦਾ। ਚਿੰਤਨ ਅਤੇ ਫ਼ਿਲਾਸਫ਼ੀ ਉਸਦੇ ਮਨਭਾਉਂਦੇ ਵਿਸ਼ੇ ਸਨ। ਜਦੋਂ ਉਹ ਮੇਰੇ ਨਾਲ ਕਾਮੂ, ਸਾਰਤਰ, ਮਾਰਕਸ ਅਤੇ ਫੂਕੋ ਵਰਗੇ ਵੱਡੇ ਵਿਦਵਾਨਾਂ ਦੇ ਵਿਚਾਰ ਸਾਂਝੇ ਕਰਦਾ ਤਾਂ ਮੈਨੂੰ ਲੱਗਦਾ ਕਿ ਮੈਂ ਤਾਂ ਨਿਰੀ ਅਨਪੜ੍ਹ ਹੋਵਾਂ।

ਇਕ ਦਿਨ ਮੈਂ, ਤੋਸ਼ੀ ਅਤੇ ਸੁਖਜੀਤ ਕਾਲਜ ਦੇ ਲਾਅਨ 'ਚ ਬੈਠੇ ਕਿਸੇ ਵਿਸ਼ੇ 'ਤੇ ਵਿਚਾਰ ਵਟਾਂਦਰਾ ਕਰ ਰਹੇ ਸੀ। ਉਸੇ ਵੇਲੇ ਮੈਡਮ ਮਾਨ ਸਾਡੇ ਕੋਲੋਂ ਲੰਘੀ। ਉਸਨੇ ਉਂਗਲ ਨਾਲ ਐਨਕ ਨੂੰ ਉਤਾਂਹ ਚੁੱਕ ਕੇ ਮੇਰੇ ਵੱਲ ਦੇਖਿਆ ਤੇ ਅਗਾਂਹ ਤੁਰ ਪਈ। ਅਸੀਂ ਵੀ ਘੰਟੀ ਵੱਜਣ ਦੀ ਆਵਾਜ਼ ਸੁਣ ਕੇ ਅਗਲਾ ਪੀਰੀਅਡ ਲਾਉਣ ਲਈ ਕਲਾਸ ਵੱਲ ਤੁਰ ਪਏ। ਅਗਲੇ ਦਿਨ ਮੈਡਮ ਨੇ ਚਪੜਾਸੀ ਹੱਥ ਸੁਨੇਹਾ ਭੇਜ ਕੇ ਮੈਨੂੰ ਦਫ਼ਤਰ ਵਿਚ ਬੁਲਾਇਆ। ਜਦੋਂ ਮੈਂ ਦਫ਼ਤਰ 'ਚ ਗਈ ਤਾਂ ਉਹ ਆਪਣੇ ਅੱਗੇ ਪਈਆਂ ਫਾਈਲਾਂ ਦੇਖਣ 'ਚ ਰੁੱਝੇ ਹੋਏ ਸਨ। ਮੇਰੇ 'ਗੁੱਡ ਮੌਰਨਿੰਗ' ਦੇ ਜੁਆਬ 'ਚ ਉਨ੍ਹਾਂ ਨੇ ਸਿਰ ਉਤਾਂਹ ਚੁੱਕਿਆ ਤੇ ਕਿਹਾ, "ਨਵਨੀਤ, ਤੂੰ ਬਹੁਤ ਸਿਆਣੀ ਅਤੇ ਹੋਣਹਾਰ ਵਿਦਿਆਰਥਣ ਏਂ। ਸਾਨੂੰ ਤੇਰੇ ਤੋਂ ਬਹੁਤ ਆਸਾਂ ਹਨ। ਤੂੰ ਇਸ ਵਾਰ ਵੀ ਚੰਗੇ ਨੰਬਰ ਲੈ ਕੇ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿਚ ਆ ਕੇ ਇਸ ਕਾਲਜ ਦਾ ਮਾਣ ਵਧਾਉਣਾ ਹੈ। ਸਾਰੇ ਅਧਿਆਪਕ ਵੀ ਤੇਰੀ ਬਹੁਤ ਤਾਰੀਫ਼ ਕਰਦੇ ਹਨ।"

"ਜੀ ਮੈਡਮ," ਮੈਡਮ ਦੀਆਂ ਤਾਰੀਫ਼ਾਂ ਸੁਣ ਕੇ ਮੈਂ ਅੰਦਰੋ-ਅੰਦਰ ਖ਼ੁਸ਼ੀ ਵਿਚ ਫੁੱਲੀ ਨਹੀਂ ਸਮਾ ਰਹੀ ਸੀ।

"ਪਰ ਤੈਨੂੰ ਬਹੁਤ ਜ਼ਿਆਦਾ ਕੌਂਨਸਨਟ੍ਰੇਸ਼ਨ ਦੀ ਲੋੜ ਹੈ। ਸੁਖਜੀਤ ਵਰਗੇ ਯੂਨੀਅਨ ਲੀਡਰਾਂ ਤੋਂ ਥੋੜ੍ਹਾ ਡਿਸਟੈਂਸ ਰੱਖਿਆ ਕਰ। ਇਹ ਨਾ ਤਾਂ ਆਪ ਪੜ੍ਹਨਗੇ ਤੇ ਨਾ ਹੀ ਕਿਸੇ ਨੂੰ ਪੜ੍ਹਨ ਦੇਣਗੇ।" ਮੈਡਮ ਨੇ ਦੋ ਟੁਕ ਗੱਲਾਂ ਮੁਕਾ ਕੇ ਮੈਨੂੰ ਤੋਰ ਦਿੱਤਾ।

ਮੈਨੂੰ ਮੈਡਮ ਦੀਆਂ ਗੱਲਾਂ ਕੁਝ ਹੱਦ ਤਕ ਠੀਕ ਜਾਪੀਆਂ ਪਰ ਮੈਨੂੰ ਇਹ ਸਮਝ ਨਹੀਂ ਆਈ ਕਿ ਆਖਿਰ ਉਨ੍ਹਾਂ ਦਾ ਮੈਨੂੰ ਬੁਲਾ ਕੇ ਇਹ ਗੱਲਾਂ ਦੱਸਣ ਦਾ ਮਕਸਦ ਕੀ ਸੀ, ਜਦੋਂ ਕਿ ਸਾਰੇ ਅਧਿਆਪਕ ਵੀ ਜਾਣਦੇ ਸਨ ਕਿ ਸੁਖਜੀਤ ਸਟੂਡੈਂਟ ਯੂਨੀਅਨ ਦਾ ਲੀਡਰ ਹੋਣ ਦੇ ਬਾਵਜੂਦ ਵੀ ਇਕ ਹੋਣਹਾਰ ਮੁੰਡਾ ਸੀ। 'ਸ਼ਾਇਦ ਮੈਡਮ ਮੇਰੇ ਨਾਲੋਂ ਵੱਧ ਜਾਣਦੇ ਹੋਣਗੇ', ਇਹ ਸੋਚ ਕੇ ਮੈਂ ਇਹ ਗੱਲ ਅਣਗੌਲੀ ਕਰ ਦਿੱਤੀ ਤੇ ਆਪਣਾ ਸਾਰਾ ਧਿਆਨ ਸਾਲਾਨਾ ਇਮਤਿਹਾਨਾਂ 'ਤੇ ਕੇਂਦ੍ਰਿਤ ਕਰ ਲਿਆ। ਮੈਂ ਖ਼ੂਬ ਮਿਹਨਤ ਕੀਤੀ ਤੇ ਮੈਡਮ ਦੀ ਆਸ ਮੁਤਾਬਕ ਯੂਨੀਵਰਸਿਟੀ ਵਿਚੋਂ ਦੂਜੇ ਨੰਬਰ 'ਤੇ ਆਈ। ਮੈਂ ਸੁਖਜੀਤ ਤੋਂ ਇਕ ਦੂਰੀ ਬਣਾ ਲਈ ਸੀ। ਉਹ ਜਦੋਂ ਵੀ ਮੇਰੇ ਸਾਹਮਣੇ ਆਉਂਦਾ ਤਾਂ ਮੈਂ ਨੀਵੀਂ ਪਾ ਕੇ ਪਾਸਾ ਵੱਟ ਅਗਾਂਹ ਲੰਘ ਜਾਂਦੀ। ਉਹ ਮੇਰੇ ਵਿਵਹਾਰ ਤੋਂ ਹੈਰਾਨ ਪ੍ਰੇਸ਼ਾਨ ਹੋ ਗਿਆ ਸੀ। ਉਸਨੇ ਇਸ ਬਾਰੇ ਤੋਸ਼ੀ ਨਾਲ ਵੀ ਗੱਲ ਕੀਤੀ। ਜਦੋਂ ਤੋਸ਼ੀ ਨੇ ਮੇਰੇ ਕੋਲੋਂ ਇਸ ਬਾਬਤ ਪੁੱਛਿਆ ਤਾਂ ਮੈਂ ਦੋ-ਟੁੱਕ ਜੁਆਬ ਦੇ ਕੇ ਕਿਹਾ, "ਮੈਂ ਸਿਰਫ਼ ਪੜ੍ਹਾਈ 'ਤੇ ਕੌਂਨਸਨਟ੍ਰੇਟ ਕਰਨਾ ਚਾਹੁੰਦੀ ਹਾਂ। ਉਹਦੀਆਂ ਫੋਕੀਆਂ ਫ਼ਿਲਾਸਫ਼ੀਆਂ ਵਾਲੀਆਂ ਗੱਲਾਂ ਮੈਨੂੰ ਸਿਲੇਬਸ ਤੋਂ ਪਰ੍ਹੇ ਕਰ ਦਿੰਦੀਆਂ ਹਨ। ਮੇਰੇ ਕੋਲ ਫ਼ਜ਼ੂਲ ਦੋਸਤੀਆਂ ਨਿਭਾਉਣ ਲਈ ਟਾਈਮ ਨਹੀਂ।"

ਦਾਦੀ ਕਹਿੰਦੀ ਹੁੰਦੀ ਸੀ ਕਿ ਸੁੱਖ ਦਾ ਸਮਾਂ ਤਾਂ ਮਸਾਂ ਚਿੜੀ ਦੇ ਪੌਂਚੇ ਜਿੱਡਾ ਹੁੰਦਾ। ਸਾਲ ਕੁ ਪਹਿਲਾਂ ਸਾਡੇ ਘਰ 'ਤੇ ਆਈ ਖੁਸ਼ਹਾਲੀ ਦੀ ਨਿੱਕੀ ਜਿਹੀ ਲਹਿਰ ਨੂੰ ਜਿਵੇਂ ਕਿਸੇ ਦੀ ਨਜ਼ਰ ਲੱਗ ਗਈ ਹੋਵੇ। ਉਸ ਦਿਨ ਭਾਪਾ ਤਿੰਨ ਕੁ ਵਜੇ ਖੇਤਾਂ 'ਚੋਂ ਵਾਪਸ ਆ ਕੇ ਮੰਜੇ ਉੱਤੇ ਲੰਮਾ ਪੈ ਗਿਆ ਸੀ। ਜਦ ਦਿਨ ਢਲਿਆਂ ਤਕ ਵੀ ਉਹ ਮੰਜੇ ਤੋਂ ਨਾ ਉੱਠਿਆ ਤਾਂ ਮਾਂ ਨੂੰ ਫ਼ਿਕਰ ਹੋਇਆ। ਉਸਨੇ ਮੋਢੇ ਤੋਂ ਫੜ ਕੇ ਝੰਜੋੜ ਕੇ ਬੁਲਾਇਆ। ਜੁਆਬ ਦੇਣ ਵੇਲੇ ਭਾਪੇ ਤੋਂ ਬੋਲਿਆ ਨਹੀਂ ਸੀ ਜਾ ਰਿਹਾ। ਉਸਦੀ ਜ਼ੁਬਾਨ ਵਲ ਖਾ ਰਹੀ ਸੀ। ਭਾਪੇ ਨੂੰ ਅਧਰੰਗ ਦਾ ਦੌਰਾ ਪੈ ਚੁੱਕਾ ਸੀ। ਅਸੀਂ ਘਬਰਾਈਆਂ ਹੋਈਆਂ ਕਾਹਲੀ ਕਾਹਲੀ ਭਾਪੇ ਨੂੰ ਟੈਂਪੂ 'ਚ ਲੱਦ ਕੇ ਸ਼ਹਿਰ ਦੇ ਹਸਪਤਾਲ 'ਚ ਲੈ ਆਈਆਂ ਤੇ ਦਾਖ਼ਲ ਕਰਵਾ ਦਿੱਤਾ। ਅੱਠ ਕੁ ਦਿਨਾਂ ਦੇ ਇਲਾਜ ਤੋਂ ਬਾਅਦ ਭਾਵੇਂ ਉਸ ਨੂੰ ਹਸਪਤਾਲੋਂ ਛੁੱਟੀ ਮਿਲ ਗਈ ਸੀ ਪਰ ਉਸਦੀ ਦੇਹ ਦਾ

ਸੱਜਾ ਪਾਸਾ ਹਾਲੇ ਵੀ ਸੁੰਨ ਅਤੇ ਲਮਕਿਆ ਹੋਇਆ ਸੀ। ਭਾਪਾ ਮੰਜੇ ’ਤੇ ਪੈ ਗਿਆ ਸੀ ਤੇ ਕੰਮ ਤੋਂ ਆਜ਼ੀ ਹੋ ਗਿਆ ਸੀ। ਉਹ ਮੰਜੇ ਉੱਤੇ ਪਿਆ ਸਾਰਾ ਦਿਨ ਝੁਰਦਾ ਰਹਿੰਦਾ ਸੀ। ਘਰ-ਬਾਹਰ ਦੇ ਕੰਮ ਦਾ ਬੋਝ ਮਾਂ ਦੇ ਸਿਰ ’ਤੇ ਪੈ ਗਿਆ। ਮੇਰਾ ਕਾਲਜ ਛੁੱਟ ਗਿਆ। ਮੈਂ ਤੇ ਜੋਤੀ ਮਾਂ ਨਾਲ ਖੇਤੀ ਦੇ ਕੰਮ ਕਾਰ ’ਚ ਹੱਥ ਵਟਾਉਂਦੀਆਂ। ਲਾਡੀ ਭਾਵੇਂ ਨਿਆਣਾ ਸੀ ਪਰ ਉਹ ਵੀ ਸਾਡੇ ਨਾਲ ਨਿੱਕਾ ਮੋਟਾ ਕੰਮ ਕਰਾਉਂਦਾ ਰਹਿੰਦਾ ਸੀ। ਭਾਪੇ ਦੀ ਬਿਮਾਰੀ ਤੇ ਹੋਏ ਖਰਚ ਨਾਲ ਘਰ ’ਚ ਪੈਸੇ ਦੀ ਇੰਨੀ ਤੰਗੀ ਆ ਗਈ ਸੀ ਕਿ ਲਾਡੀ ਨੂੰ ਪ੍ਰਾਈਵੇਟ ਸਕੂਲ ’ਚੋਂ ਹਟਾ ਕੇ ਸਰਕਾਰੀ ਸਕੂਲ ’ਚ ਪੜ੍ਹਨੇ ਪਾ ਦਿੱਤਾ ਸੀ। ਉਂਝ ਘਰ ਦੇ ਕੰਮ ਕਾਰ ਕਰਦਿਆਂ ਮੈਂ ਕਾਲਜ ਦੇ ਦਿਨਾਂ ਨੂੰ ਚੇਤੇ ਕਰਕੇ ਝੂਰਦੀ ਰਹਿੰਦੀ ਸਾਂ। ਕਦੇ ਕਦਾਈਂ ਤੋਸ਼ੀ ਮੇਰੇ ਕੋਲ ਆ ਜਾਂਦੀ ਤੇ ਅਸੀਂ ਕਾਲਜ ਦੀਆਂ ਯਾਦਾਂ ਨੂੰ ਚੇਤੇ ਕਰਕੇ ਹਾਸਾ ਮਜ਼ਾਕ ਕਰਦੀਆਂ ਰਹਿੰਦੀਆਂ। ਮੈਂ ਕਿਸਮਤ ਨਾਲ ਸਮਝੌਤਾ ਕਰਕੇ ਹੌਲੀ-ਹੌਲੀ ਆਪਣਾ ਮਨ ਪੱਕਾ ਕਰਨ ਦੀ ਕੋਸ਼ਿਸ਼ ਕਰਨ ਲੱਗ ਪਈ ਸੀ।

ਇਕ ਦਿਨ ਆਥਣ ਵੇਲੇ ਮੈਂ ਤੇ ਜੋਤੀ ਟੋਕੇ ’ਤੇ ਪੱਠੇ ਕੁਤਰ ਰਹੀਆਂ ਸੀ ਕਿ ਤੋਸ਼ੀ ਆ ਗਈ। ਉਸਨੇ ਮੈਨੂੰ ਦੱਸਿਆ ਕਿ ਮੈਡਮ ਮਾਨ ਉਸ ਕੋਲੋਂ ਮੇਰੇ ਬਾਰੇ ਪੁੱਛ ਰਹੇ ਸਨ ਤੇ ਉਨ੍ਹਾਂ ਨੇ ਮੈਨੂੰ ਕਾਲਜ ਆਉਣ ਲਈ ਵੀ ਕਿਹਾ ਸੀ।

ਦੋ ਕੁ ਦਿਨਾਂ ਬਾਅਦ ਮੈਂ ਕਾਲਜ ਗਈ ਤੇ ਆਪਣੀ ਸਾਰੀ ਦਾਸਤਾਨ ਮੈਡਮ ਮਾਨ ਅੱਗੇ ਬਿਆਨ ਕਰ ਦਿੱਤੀ। ਮੈਡਮ ਮਾਨ ਚੁੱਪਚਾਪ ਸੁਣਦੇ ਰਹੇ ਤੇ ਅਖ਼ੀਰ ਮੈਨੂੰ ਹੌਂਸਲਾ ਦਿੰਦੇ ਹੋਏ ਕਿਹਾ-“ਨਵਨੀਤ, ਜੇ ਤੂੰ ਚਾਹਵੇਂ ਤਾਂ ਆਪਣੀ ਪੜ੍ਹਾਈ ਜਾਰੀ ਰੱਖ ਸਕਦੀ ਏਂ। ਤੂੰ ਇਕ ਹੋਣਹਾਰ ਵਿਦਿਆਰਥਣ ਹੋਣ ਕਰਕੇ ਮੈਂ ਤੇਰੀ ਹਰ ਸੰਭਵ ਸਹਾਇਤਾ ਕਰਨ ਨੂੰ ਤਿਆਰ ਹਾਂ। ਤੂੰ ਆਪਣੀ ਪੜ੍ਹਾਈ ਇੰਝ ਅਧੂਰੀ ਨਾ ਛੱਡ। ਵੈਸੇ ਵੀ ਹੁਣ ਸਾਲਾਨਾ ਇਮਤਿਹਾਨ ਵਿਚ ਬਹੁਤ ਥੋੜ੍ਹਾ ਵਕਤ ਰਹਿ ਗਿਆ ਹੈ। ਤੂੰ ਕੱਲ੍ਹ ਤੋਂ ਕਾਲਜ ਆਉਣਾ ਸ਼ੁਰੂ ਕਰ।”

ਤੇ ਉਸ ਰਾਤ ਮੈਂ ਤੇ ਜੋਤੀ ਨੇ ਮੰਮੀ ਨੂੰ ਮੇਰੇ ਦੁਬਾਰਾ ਕਾਲਜ ਪੜ੍ਹਨ ਜਾਣ ਲਈ ਮਨਾ ਲਿਆ। ਭਾਪਾ ਕੁਝ ਨਾ ਬੋਲਿਆ। ਪਰ ਉਸ ਦੀਆਂ ਬੇਵਸ ਅੱਖਾਂ ’ਚੋਂ ਪਾਣੀ ਦੀ ਤਤੀਰੀ ਵਗ ਕੇ ਗੱਲ੍ਹਾਂ ਤਕ ਆ ਗਈ ਸੀ। ਮੈਂ ਦੁਬਾਰਾ ਕਾਲਜ ਜਾਣ ਲੱਗ ਪਈ। ਹੁਣ ਮੈਂ ਮੈਡਮ ਮਾਨ ਦੀ ਪਹਿਲਾਂ ਨਾਲੋਂ ਵੀ ਵੱਧ ਇੱਜ਼ਤ ਕਰਨ ਲੱਗ ਪਈ ਸੀ। ਉਹ ਮੈਨੂੰ ਕੋਈ ਰੱਬੀ ਰੂਹ ਜਾਪਦੇ ਸਨ। ਮੈਂ ਜਦੋਂ ਵੀ ਉਨ੍ਹਾਂ ਨੂੰ ਕਾਲਜ ਕੈਂਪਸ ’ਚ ਘੁੰਮਦਿਆਂ ਦੇਖਦੀ ਤਾਂ ਮੇਰੀਆਂ ਨਜ਼ਰਾਂ ਉਨ੍ਹਾਂ ਦੀਆਂ ਧੰਨਵਾਦੀ ਹੋ ਕੇ ਨਮ ਹੋ ਜਾਂਦੀਆਂ। ਮੈਨੂੰ ਲੱਗਦਾ ਸੀ ਜਿਵੇਂ ਉਹ ਮੇਰੇ ਲਈ ਰੱਬ ਬਣ ਕੇ ਬਹੁੜੇ ਹੋਣ।

ਸਾਲਾਨਾ ਪ੍ਰੀਖਿਆਵਾਂ ’ਚ ਬਸ ਥੋੜ੍ਹੇ ਜਿਹੇ ਦਿਨ ਹੀ ਰਹਿ ਗਏ ਸਨ। ਇਕ ਦਿਨ ਮੈਡਮ ਨੇ ਮੈਨੂੰ ਫਿਰ ਆਪਣੇ ਦਫ਼ਤਰ ਵਿਚ ਬੁਲਾਇਆ ਤੇ ਕਿਹਾ-“ਨਵਨੀਤ, ਮੈਨੂੰ ਤੇਰੇ ਤੋਂ ਬਹੁਤ ਆਸ ਹੈ। ਇਸ ਵਾਰ ਵੀ ਤੂੰ ਚੰਗੇ ਨੰਬਰ ਲੈ ਕੇ ਮੈਰਿਟ ਵਿਚ ਆਉਣਾ ਹੈ। ਤੈਨੂੰ ਕਿਸੇ ਵੀ ਚੀਜ਼ ਦੀ ਮੁਸ਼ਕਿਲ ਹੋਵੇ ਤਾਂ ਮੈਨੂੰ ਜ਼ਰੂਰ ਦੱਸੀਂ।” ਉਸ ਦਿਨ ਮੈਡਮ ਨੇ ਮੈਨੂੰ ਘਰ ਆਉਣ ਦਾ ਵੀ ਸਰਸਰੀ ਜਿਹਾ ਸੱਦਾ ਦਿੱਤਾ। ਜਦੋਂ ਮੈਂ ਤੋਸ਼ੀ ਨੂੰ ਇਸ ਬਾਰੇ ਦੱਸਿਆ ਤਾਂ ਉਹ ਵੀ ਮੇਰੇ ਨਾਲ ਮੈਡਮ ਦੇ ਘਰ ਜਾਣ ਲਈ ਝਟਪਟ ਤਿਆਰ ਹੋ ਗਈ।

4

ਅਗਲੇ ਦਿਨ ਮੈਂ ਤੇ ਤੋਸ਼ੀ ਕਾਲਜ ਤੋਂ ਵਿਹਲੀਆਂ ਹੋ ਕੇ ਮੈਡਮ ਦੇ ਘਰ ਵੱਲ ਤੁਰ ਪਈਆਂ। ਉਨ੍ਹਾਂ ਦਾ ਘਰ ਕਾਲਜ ਦੇ ਨਜ਼ਦੀਕ ਹੀ ਸੀ। ਉਸ ਮਹਿਲਨੁਮਾ ਘਰ ਦੇ ਬਾਹਰ ਅਸੀਂ ਪੰਜ-ਸੱਤ ਮਿੰਟ ਜਕੋਤਕੀ ’ਚ ਖੜ੍ਹੀਆਂ ਰਹੀਆਂ ਤੇ ਫਿਰ ਹੌਂਸਲਾ ਕਰਕੇ ਬੈੱਲ ਵਜਾਈ। ਅੰਦਰੋਂ ਇਕ ਨੌਕਰ ਬਾਹਰ ਆਇਆ ਤੇ ਉਹ ਸਾਨੂੰ ਅੰਦਰ ਲੈ ਗਿਆ। ਡਰਾਇੰਗ ਰੂਮ ਵਿਚ ਜਾ ਕੇ ਉਸਨੇ ਸਾਨੂੰ ਬੈਠਣ ਲਈ ਕਿਹਾ ਤੇ ਆਪ ਚਲਾ ਗਿਆ। ਅਸੀਂ ਦੋਵੇਂ ਨਰਮ ਗੱਦੇਦਾਰ ਸੋਫਿਆਂ ’ਤੇ ਬੈਠੀਆਂ ਹੋਈਆਂ ਚਾਰ- ਚੁਫ਼ੇਰੇ ਨਜ਼ਰਾਂ ਘੁਮਾ ਕੇ ਡਰਾਇੰਗ ਰੂਮ ’ਚ ਪਈਆਂ ਕੀਮਤੀ ਤੇ ਅਨੋਖੀਆਂ ਸ਼ੈਆਂ ਵੱਲ ਦੇਖ ਕੇ ਹੈਰਾਨ ਹੋਈ ਜਾ ਰਹੀਆਂ ਸੀ।



ਉਂਝ ਅਸੀਂ ਮੈਡਮ ਦੇ ਪਰਿਵਾਰ ਬਾਰੇ ਥੋੜ੍ਹਾ ਬਹੁਤ ਕਾਲਜ ’ਚ ਇਧਰੋਂ ਉਧਰੋਂ ਸੁਣਿਆ ਹੋਇਆ ਸੀ ਕਿ ਮੈਡਮ ਦਾ ਘਰਵਾਲਾ ਪੁਲਿਸ ਮਹਿਕਮੇ ’ਚ ਡੀ.ਐੱਸ.ਪੀ. ਹੈ ਤੇ ਇਕਲੌਤਾ ਸਿੱਧੜ ਬੇਟਾ ਹੈ। ਥੋੜ੍ਹੇ ਚਿਰ ਪਿੱਛੋਂ ਮੈਡਮ ਮਾਨ ਵੀ ਸਾਡੇ ਕੋਲ ਆ ਕੇ ਬੈਠ ਗਏ। ਉਨ੍ਹਾਂ ਦਾ ਨੌਕਰ ਚਾਹ ਅਤੇ ਬਿਸਕੁਟ ਮੇਜ਼ ਉੱਤੇ ਰੱਖ ਗਿਆ ਸੀ। ਕੁਝ ਚਿਰ ਪਿੱਛੋਂ ਇਕ ਖ਼ੂਬਸੂਰਤ ਨੌਜਵਾਨ ਮੁੰਡਾ ਆਇਆ ਤੇ ਮੈਡਮ ਨਾਲ ਚਿੰਬੜ ਕੇ ਬੈਠ ਗਿਆ। ਪਲ ਕੁ ਮਗਰੋਂ ਉਹ ਮੈਡਮ ਦੀ ਚੁੰਨੀ ਖਿੱਚਦਾ ਹੋਇਆ ਕਿਸੇ ਚੀਜ਼ ਲਈ ਜ਼ਿੱਦ ਕਰਨ ਲੱਗਾ ਤੇ ਮੈਡਮ ਨੇ ਉਸ ਨੂੰ ਵਰਚਾ ਕੇ ਵਾਪਸ ਕਮਰੇ ਵਿਚ ਭੇਜ ਦਿੱਤਾ।

“ਇਹ ਮੇਰਾ ਬੇਟਾ ਸਨਦੀਪ ਹੈ।” ਮੈਡਮ ਨੇ ਮੁਸਕਰਾ ਕੇ ਕਿਹਾ।

“ਜੀ…”, ਸਾਡੇ ਦੋਹਾਂ ਦੇ ਮੂੰਹੋਂ ਇਕੱਠੀ ਆਵਾਜ਼ ਨਿਕਲੀ।

ਮੈਡਮ ਨੇ ਆਪਣੀ ਗੱਲਬਾਤ ਦਾ ਵਿਸ਼ਾ ਇਕਦਮ ਬਦਲ ਕੇ ਕਿਹਾ, “ਬੇਟਾ, ਇਸ ਵਾਰ ਤੁਸੀਂ ਵਧੀਆ ਨੰਬਰ ਲੈਣੇ ਹਨ। ਨਵਨੀਤ, ਮੈਨੂੰ ਤੇਰੇ ਤੋਂ ਬਹੁਤ ਆਸਾਂ ਹਨ। ਮੈਂ ਤੈਨੂੰ ਕਾਲਜ ’ਚ ਪ੍ਰੋਫ਼ੈਸਰ ਲੱਗਿਆਂ ਦੇਖਣਾ ਚਾਹੁੰਦੀ ਹਾਂ। ਤੇਰੀ ਐੱਮ.ਏ. ਕੰਪਲੀਟ ਹੋ ਜਾਵੇ ਤਾਂ ਮੈਂ ਤੇਰੇ ਬਾਰੇ ਕੁਝ ਸੋਚਾਂਗੀ। ਤੈਨੂੰ ਕਿਤੇ ਅਡਜਸਟ ਕਰਵਾਉਣ ਦੀ ਕੋਸ਼ਿਸ਼ ਕਰਾਂਗੀ। ਮੈਂ ਤਾਂ ਚਾਹੁੰਦੀ ਹਾਂ ਕਿ ਤੂੰ ਪੀਐੱਚ. ਡੀ. ਕਰ ਲਵੇਂ।”

“ਪਰ ਮੈਡਮ, ਮੇਰੇ ਘਰ ਦੇ ਹਾਲਾਤ ਤੁਹਾਡੇ ਕੋਲੋਂ ਗੁੱਝੇ ਨਹੀਂ।”

“ਘਰ ਦੇ ਹਾਲਾਤਾਂ ਬਾਰੇ ਬੇਟਾ ਅਸੀਂ ਕੀ ਕਹਿ ਸਕਦੇ ਹਾਂ। ਬੰਦੇ ਨੂੰ ਹਾਲਾਤਾਂ ਨਾਲ ਜੂਝਣਾ ਪੈਂਦਾ…ਲੜਨਾ ਪੈਂਦਾ। ਹਰ ਬੰਦੇ ਨੂੰ ਆਪਣੇ ਹਿੱਸੇ ਦੇ ਫ਼ਿਕਰ ਅਤੇ ਚਿੰਤਾਵਾਂ ਮਿਲਦੀਆਂ ਹਨ। ਹੁਣ ਸਾਡੇ ਕੋਲ ਸਭ ਕੁਝ ਹੈ…ਪੈਸਾ, ਧਨ, ਦੌਲਤ, ਸ਼ੁਹਰਤ ਪਰ ਸੰਨੀ ਦਾ ਫ਼ਿਕਰ ਹਰ ਵੇਲੇ ਵੱਢ-ਵੱਢ ਕੇ ਖਾਂਦਾ ਰਹਿੰਦਾ। ਉਂਝ ਤਾਂ ਲੋਕੀ ਬਥੇਰੇ ਰਿਸ਼ਤਿਆਂ ਦੀ ਦੱਸ ਪਾਉਂਦੇ ਰਹਿੰਦੇ ਨੇ ਪਰ ਸਾਨੂੰ ਇਸ ਘਰ ਲਈ ਇਕ ਸਿਆਣੀ ਸਮਝਦਾਰ ਕੁੜੀ ਦੀ ਲੋੜ ਹੈ ਜੋ ਸੰਨੀ ਨੂੰ ਤੇ ਇਸ ਘਰ ਨੂੰ ਚੰਗੀ ਤਰ੍ਹਾਂ ਸਾਂਭ ਸਕੇ।” ਮੈਡਮ ਨੇ ਮੇਰੀਆਂ ਅੱਖਾਂ ’ਚ ਅੱਖਾਂ ਪਾ ਕੇ ਕਿਹਾ। ਮੈਨੂੰ ਮੈਡਮ ਦੀਆਂ ਅੱਖਾਂ ਕੁਝ ਟੋਂਹਦੀਆਂ ਜਾਪੀਆਂ।

ਘਰ ਆ ਕੇ ਮੈਨੂੰ ਵਾਰ ਵਾਰ ਮੈਡਮ ਦੀਆਂ ਟੋਂਹਦੀਆਂ ਅੱਖਾਂ ਦਾ ਖ਼ਿਆਲ ਆਉਂਦਾ ਰਿਹਾ। ਆਖ਼ਿਰ ਉਹ ਕੀ ਕਹਿਣਾ ਚਾਹੁੰਦੀ ਸੀ। ਮੈਡਮ ਦੇ ਘਰ ਦੀ ਸ਼ਾਨੋ-ਸ਼ੌਕਤ ਦੇਖ ਕੇ ਮੇਰਾ ਮਨ ਵੀ ਭਟਕ ਗਿਆ ਸੀ। ‘ਕਾਸ਼ ਮੈਂ ਹੀ…’ ਇਕ ਅਜੀਬ ਜਿਹਾ ਖ਼ਿਆਲ ਮੇਰੇ ਮਨ ਉੱਤੇ ਵਾਰ-ਵਾਰ ਚੁੰਝ ਮਾਰ ਕੇ ਟਕੋਰ ਰਿਹਾ ਸੀ। ਮੈਂ ਮੈਡਮ ਦੀਆਂ ਗੱਲਾਂ ਦੇ ਆਪਣੇ ਅਨੁਕੂਲ ਅਰਥ ਕੱਢਣ ਦੀ ਕੋਸ਼ਿਸ਼ ਕਰ ਰਹੀ ਸੀ। ਵਾਰ ਵਾਰ ਇਕੋ ਖ਼ਿਆਲ ਆ ਰਿਹਾ ਸੀ-ਕਿਤੇ ਮੈਡਮ ਮੇਰੇ ਬਾਰੇ ਤਾਂ ਨਹੀਂ ਸੋਚ ਰਹੇ। ਦੋ ਕੁ ਦਿਨਾਂ ਬਾਅਦ ਮੇਰੇ ਸ਼ੰਕੇ ਨਵਿਰਤ ਹੋ ਗਏ।

ਸਾਲਾਨਾ ਇਮਤਿਹਾਨ ਸ਼ੁਰੂ ਹੋ ਗਏ ਸਨ ਤੇ ਉਸ ਦਿਨ ਮੈਂ ਕਾਲਜ ਦੇ ਲਾਅਨ ’ਚ ਸੀਮਿੰਟ ਦੇ ਬਣੇ ਬੈਂਚ ਉੱਤੇ ਬੈਠੀ ਪੜ੍ਹ ਰਹੀ ਸੀ ਕਿ ਅਚਾਨਕ ਮੈਡਮ ਮਾਨ ਮੇਰੇ ਕੋਲ ਆਣ ਕੇ ਖੜ੍ਹੇ ਹੋ ਗਏ। ਉਨ੍ਹਾਂ ਨੂੰ ਦੇਖ ਕੇ ਮੈਂ ਵੀ ਉੱਠ ਖੜ੍ਹੀ ਹੋ ਗਈ। ਦੋ-ਚਾਰ ਪੜ੍ਹਾਈ ਦੀਆਂ ਸਰਸਰੀ ਗੱਲਾਂ ਕਰਨ ਤੋਂ ਬਾਅਦ ਉਹ ਮੁੱਖ ਮੁੱਦੇ ’ਤੇ ਆ ਗਏ ਤੇ ਕਹਿਣ ਲੱਗੇ, “ਨਵਨੀਤ, ਮੈਂ ਤੇਰੇ ਨਾਲ ਇਕ ਗੱਲ ਕਰਨੀ ਸੀ। ਮੈਨੂੰ ਸੰਨੀ ਲਈ ਤੇਰੇ ਵਰਗੀ ਸਾਊ ਤੇ ਸੁੱਘੜ ਕੁੜੀ ਦੀ ਲੋੜ ਹੈ। ਤੇਰੀ ਪੜ੍ਹਾਈ ’ਚ ਕਿਸੇ ਕਿਸਮ ਦੀ ਰੁਕਾਵਟ ਨਹੀਂ ਪਵੇਗੀ। ਮੈਂ ਤੈਨੂੰ ਪ੍ਰੋਫ਼ੈਸਰ ਲੱਗੀ ਦੇਖਣਾ ਚਾਹੁੰਦੀ ਹਾਂ।”

“ਜੀ !” ਮੇਰੇ ਮੂੰਹੋਂ ਬਸ ਇੰਨਾ ਹੀ ਨਿਕਲਿਆ। ਉਂਝ ਮੇਰੇ ਅੰਦਰ ਲੱਡੂ ਫੁੱਟ ਰਹੇ ਸਨ। ਪਤਾ ਨਹੀਂ ਉਦੋਂ ਮੇਰੀ ਮੱਤ ਨੂੰ ਕੀ ਹੋ ਗਿਆ ਸੀ। ਮੈਂ ਆਪਣੇ ਪੈਰੀਂ ਜਿਵੇਂ ਖ਼ੁਦ ਕੁਹਾੜਾ ਮਾਰਿਆ ਸੀ। ਮੈਂ ਆਪਣੀ ਸਿਰਜੀ ਅਜੀਬ ਜਿਹੀ ਰੁਮਾਨੀ ਦੁਨੀਆ ’ਚ ਸੁਪਨਮਈ ਉਡਾਰੀਆਂ ਮਾਰ ਰਹੀ ਸਾਂ ਤੇ ਸੰਨੀ ਦੇ ਯਥਾਰਥ ਨੂੰ ਬਿਲਕੁਲ ਹੀ ਭੁੱਲ ਗਈ ਸਾਂ। ਜੇ ਕਦੇ ਸੰਨੀ ਦੇ ਸਿੱਧੜਪੁਣੇ ਦਾ ਖ਼ਿਆਲ ਆਉਂਦਾ ਤਾਂ ਮੈਂ ਝੱਟ ਕਾਟਾ

ਮਾਰ ਦਿੰਦੀ ਤੇ ਆਪਣੇ ਆਪ ਨੂੰ ਸਮਝਾਉਂਦੀ ਤਾਂ ਕੀ ਹੋਇਆ ਜੇ ਸੰਨੀ ਸਧਾਰਨ ਹੈ...ਇੰਨੀ ਜ਼ਮੀਨ ਜਾਇਦਾਦ ਦਾ ਇਕਲੌਤਾ ਵਾਰਿਸ ਵੀ ਤਾਂ ਹੈ...ਮਹਾਰਾਣੀਆਂ ਵਾਂਗ ਰਹਾਂਗੀ ਸਾਰੀ ਉਮਰ।

ਮਾਂ ਵੀ ਮੇਰੇ ਨਾਲ ਸਹਿਮਤ ਹੋ ਗਈ ਸੀ। ਅਸਲ 'ਚ ਘਰ ਦੀ ਆਰਥਿਕ ਮੰਦਹਾਲੀ ਨੇ ਸਾਨੂੰ ਇੰਨੀ ਬੁਰੀ ਤਰ੍ਹਾਂ ਝੰਜੋੜ ਛੱਡਿਆ ਸੀ ਕਿ ਇਹ ਰਿਸ਼ਤਾ ਸਾਨੂੰ ਇਕ ਕ੍ਰਾਂਤੀ ਵਾਂਗ ਨਜ਼ਰ ਆ ਰਿਹਾ ਸੀ। ਹੁਣ ਕਦੇ-ਕਦੇ ਮੈਨੂੰ ਇਹ ਸੋਚ ਕੇ ਹੈਰਾਨੀ ਹੁੰਦੀ ਹੈ ਕਿ ਭੁੱਖ ਬੰਦੇ ਨੂੰ ਕਿੰਨਾ ਲਾਚਾਰ ਬਣਾ ਦਿੰਦੀ ਹੈ। ਉਨ੍ਹਾਂ ਦਿਨਾਂ 'ਚ ਅਸੀਂ ਇਕ ਇਕ ਪੈਸੇ ਨੂੰ ਤਰਸ ਰਹੇ ਸੀ। ਖ਼ੈਰ, ਮੇਰੇ ਇਮਤਿਹਾਨ ਖ਼ਤਮ ਹੋਣ ਤੋਂ ਬਾਅਦ ਇਕ ਦਿਨ ਮਾਂ ਤੇ ਭੂਆ ਮੈਡਮ ਦੇ ਘਰ ਗਈਆਂ ਤੇ ਮੇਰੇ ਤੇ ਸੰਨੀ ਦੇ ਰਿਸ਼ਤੇ ਲਈ ਹਾਂ ਕਰ ਆਈਆਂ। ਮਾਂ ਖ਼ੁਸ਼ ਸੀ। ਮਹਿਲ ਵਰਗੇ ਘਰ ਅਤੇ ਕੀਮਤੀ ਚੀਜ਼ਾਂ ਦੀ ਲਿਸ਼ਕੋਰ ਨਾਲ ਉਸ ਦੀਆਂ ਅੱਖਾਂ ਚੁੰਧਿਆ ਗਈਆਂ ਸਨ ਪਰ ਭਾਪਾ ਚੁੱਪ ਸੀ। ਉਹ ਨਾ ਖ਼ੁਸ਼ ਸੀ ਤੇ ਨਾ ਉਦਾਸ। ਉਹ ਮੰਜੇ 'ਤੇ ਪਿਆ ਡੈਂਬਰਿਆਂ ਵਾਂਗ ਦੇਖਦਾ ਰਹਿੰਦਾ ਸੀ।

ਫਿਰ ਇਕ ਨਿਯਤ ਦਿਨ ਮੈਡਮ ਆਪਣੇ ਕੁਝ ਰਿਸ਼ਤੇਦਾਰਾਂ ਨਾਲ ਆਈ। ਮੇਰਾ ਚੁੰਨੀ ਚੜ੍ਹਾਵਾ ਕਰਕੇ ਲੈ ਗਈ। ਅਗਲੇ ਦਿਨ ਉਨ੍ਹਾਂ ਨੇ ਆਪਣੇ ਘਰ ਇਕ ਵੱਡੀ ਸ਼ਾਨਦਾਰ ਰਿਸੈਪਸ਼ਨ ਪਾਰਟੀ ਕੀਤੀ। ਮੇਰੇ ਰਿਸ਼ਤੇਦਾਰੀ 'ਚੋਂ ਜੋ ਥੋੜ੍ਹੇ ਬਹੁਤ ਆਏ ਸਨ ਉਨ੍ਹਾਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਕਿੰਨੀ ਅਜੀਬ ਰਾਤ ਸੀ। ਰੰਗ ਬਰੰਗੀਆਂ ਜਗਮਗ ਕਰਦੀਆਂ ਰੌਸ਼ਨੀਆਂ 'ਚ ਗਹਿਣਿਆਂ ਨਾਲ ਲੱਦੀ ਬੈਠੀ ਨੂੰ ਮੈਨੂੰ ਪਹਿਲੀ ਵਾਰ ਇਨ੍ਹਾਂ ਰੌਸ਼ਨੀਆਂ ਤੋਂ ਦੂਰ ਪਰ੍ਹੇ ਹਨੇਰੇ ਦਾ ਅਹਿਸਾਸ ਹੋਇਆ ਸੀ। ਪਤਾ ਨਹੀਂ ਕਿਉਂ, ਉਸ ਰਾਤ ਮੈਨੂੰ ਦਾਦੀ ਬਹੁਤ ਯਾਦ ਆਈ ਸੀ। ਜਦੋਂ ਪਾਰਟੀ ਖ਼ਤਮ ਹੋਣ ਤੋਂ ਬਾਅਦ ਮੈਂ ਸੁਹਾਗ ਸੇਜ ਉੱਤੇ ਇਕ ਬੱਚੇ ਨਾਲ ਲੰਮੀ ਪਈ ਸਾਂ ਤਾਂ ਮੇਰੇ ਸੁਨਹਿਰੀ ਸੁਪਨਿਆਂ ਨੂੰ ਇਕਦਮ ਝਟਕਾ ਜਿਹਾ ਲੱਗਾ ਤੇ ਕੁਝ ਤ੍ਰੇੜਾਂ ਆ ਗਈਆਂ ਸਨ।

'ਜੇ ਦਾਦੀ ਜਿਊਂਦੀ ਹੁੰਦੀ ਤਾਂ ਸ਼ਾਇਦ ਮੈਨੂੰ ਇਸ ਅੰਨ੍ਹੇ ਖੂਹ 'ਚ ਛਾਲ ਮਾਰਨੋਂ ਰੋਕ ਲੈਂਦੀ।' ਇਹ ਸੋਚ ਕੇ ਮੇਰੀਆਂ ਅੱਖਾਂ ਗਿੱਲੀਆਂ ਹੋ ਗਈਆਂ ਸਨ। ਅੱਧੀ ਕੁ ਰਾਤ ਵੇਲੇ ਮੈਨੂੰ ਆਪਣੇ ਕੱਪੜੇ ਗਿੱਲੇ ਗਿੱਲੇ ਮਹਿਸੂਸ ਹੋਏ। ਮੈਂ ਉੱਠ ਕੇ ਦੇਖਿਆ, ਸੰਨੀ ਨੇ ਪੇਸ਼ਾਬ ਕਰਕੇ ਸਾਰਾ ਬਿਸਤਰਾ ਭਿਉਂ ਦਿੱਤਾ ਸੀ ਤੇ ਆਪ ਬੇਖ਼ਬਰ ਹੋ ਬੜੇ ਆਰਾਮ ਨਾਲ ਸੁੱਤਾ ਪਿਆ ਸੀ। 'ਹੁਣ ਕੀ ਕਰਾਂ ?' ਮੈਂ ਸੋਚਿਆ ਪਰ ਅੱਧੀ ਰਾਤ ਨੂੰ ਹੋਰ ਕੀ ਕਰ ਸਕਦੀ ਸੀ। ਖ਼ੈਰ, ਮੈਂ ਨੱਕ ਸੁੰਗੇੜ ਕੇ ਪਾਸਾ ਪਰਤਿਆ ਤੇ ਸੌਣ ਦੀ ਕੋਸ਼ਿਸ਼ ਕਰਨ ਲੱਗੀ ਪਰ ਮੇਰੀਆਂ ਅੱਖਾਂ 'ਚ ਨੀਂਦਰ ਕਿੱਥੇ ਸੀ ? ਸਾਰੀ ਰਾਤ ਸੋਚਾਂ 'ਚ ਪਈ ਰਹੀ। ਸਵੇਰੇ ਜਦੋਂ ਮੈਡਮ ਮਾਨ (ਜੋ ਹੁਣ ਮੇਰੀ ਮੰਮੀ ਜੀ ਬਣ ਚੁੱਕੀ ਸੀ) ਕਮਰੇ ਵਿਚ ਆਈ ਤਾਂ ਗਿੱਲਾ ਬਿਸਤਰਾ ਵੇਖ ਕੇ ਪ੍ਰੇਸ਼ਾਨ ਹੋ ਗਈ ਤੇ ਕਹਿਣ ਲੱਗੀ, "ਨਵਨੀਤ, ਰਾਤੀਂ ਮੈਂ ਰੌਲੇ ਰੱਪੇ 'ਚ ਤੈਨੂੰ ਦੱਸਣਾ ਭੁੱਲ ਗਈ ਸੀ। ਇਹਨੂੰ ਰਾਤ ਨੂੰ ਇਕ ਦੋ ਵਾਰ ਉਠਾ ਕੇ ਪੇਸ਼ਾਬ ਕਰਾਉਣਾ ਪੈਂਦਾ। ਅੱਗੇ ਤੋਂ ਖ਼ਿਆਲ ਰੱਖੀਂ।"

ਇੰਝ ਹੌਲੀ ਹੌਲੀ ਮੈਨੂੰ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਸਮਝ ਆਉਣ ਲੱਗ ਪਈਆਂ ਸਨ। ਅਸਲ 'ਚ ਮੈਂ ਵਿਆਹ ਦੇ ਨਾਂ 'ਤੇ ਇਕ ਜ਼ਿੰਮੇਵਾਰੀ ਨਾਲ ਪਰਨਾਈ ਗਈ ਸੀ। ਮੈਂ ਚੰਗੀ ਤਰ੍ਹਾਂ ਸਮਝ ਗਈ ਸੀ ਕਿ ਮੈਨੂੰ ਪਤੀ ਦੇ ਨਾਂ 'ਤੇ ਇਕ ਪਲਿਆ ਪਲਾਇਆ ਬੱਚਾ ਮਿਲ ਗਿਆ ਸੀ ਜਿਸ ਨੇ ਸਾਰੀ ਉਮਰ ਬੱਚਾ ਹੀ ਬਣਿਆ ਰਹਿਣਾ ਸੀ।

5

ਵਕਤ ਦੀ ਮੱਠੀ ਤੇ ਨਿਰੰਤਰ ਤੋਰ ਸੰਗ ਮੇਰੇ ਸੁਪਨਿਆਂ ਦਾ ਮੁਲੰਮਾ ਵੀ ਹੌਲੀ ਹੌਲੀ ਉਤਰਨ ਲੱਗ ਪਿਆ ਸੀ। ਹੌਲੀ ਹੌਲੀ ਮੈਨੂੰ ਮੰਮੀ ਜੀ ਦਾ ਵਿਵਹਾਰ ਵੀ ਸਮਝ ਆਉਣ ਲੱਗ ਪਿਆ ਸੀ। ਉਨ੍ਹਾਂ ਦਾ ਮੇਰੇ ਨਾਲ ਕੋਈ ਭਾਵਨਾਤਮਕ ਲਗਾਓ ਨਹੀਂ ਸੀ ਬਲਕਿ ਉਸਨੇ ਆਪਣੇ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਮੈਨੂੰ ਇਸ ਘਰ ਵਿਚ ਬਹੂ ਬਣਾ ਕੇ ਲਿਆਂਦਾ ਸੀ ਤੇ ਹੁਣ ਇਸ ਘਰ 'ਚ ਮੇਰੀ ਹੈਸੀਅਤ ਇਕ ਨੌਕਰਾਣੀ



ਵਾਲੀ ਸੀ। ਮੰਮੀ ਜੀ ਤਾਂ ਜਿਵੇਂ ਸਨਦੀਪ ਨੂੰ ਮੇਰੇ ਪੱਲੇ ਬੰਨ੍ਹ ਕੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਸੁਰਖ਼ਰੂ ਹੋ ਗਏ ਸਨ। ਉਹ ਸਵੇਰੇ ਤਿਆਰ ਹੋ ਕੇ ਕਾਲਜ ਚਲੇ ਜਾਂਦੇ ਤੇ ਸ਼ਾਮ ਨੂੰ ਆਪਣੇ ਫਰੈਂਡ ਸਰਕਲ ਦੀਆਂ ਪਾਰਟੀਆਂ 'ਚ ਬਿਜ਼ੀ ਰਹਿੰਦੇ। ਮੇਰੇ ਸਹੁਰੇ ਦੀ ਪੋਸਟਿੰਗ ਰੋਪੜ 'ਚ ਸੀ। ਉਹ ਹਫ਼ਤੇ ਪੰਦਰੀਂ ਦਿਨੀਂ ਘਰ ਗੇੜਾ ਮਾਰਦੇ ਸਨ।

ਮੰਮੀ ਜੀ ਤਾਂ ਜਿਵੇਂ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਗਏ ਸਨ ਤੇ ਮੈਂ ਸਵੇਰ ਤੋਂ ਸ਼ਾਮ ਤਕ ਸਾਰਾ ਦਿਨ ਘਰ ਦੇ ਝਮੇਲਿਆਂ 'ਚ ਪਈ ਰਹਿੰਦੀ ਸੀ। ਭਾਵੇਂ ਘਰ ਵਿਚ ਦੋ ਨੌਕਰ ਮੌਜੂਦ ਸਨ ਪਰ ਉਨ੍ਹਾਂ ਨੌਕਰਾਂ ਤੋਂ ਕੰਮ ਕਰਵਾਉਣ ਦੀ ਜ਼ਿੰਮੇਵਾਰੀ ਮੇਰੀ ਸੀ। ਜਦੋਂ ਕਦੇ ਕਦਾਈਂ ਘਰ ਦੇ ਕੰਮਾਂ ਤੋਂ ਘੜੀ ਪਲ ਆਰਾਮ ਕਰਨ ਦੀ ਵਿਹਲ ਮਿਲਦੀ ਤਾਂ ਸਨਦੀਪ ਮੈਨੂੰ ਸਤਾ ਛੱਡਦਾ। ਉਹ ਮੈਨੂੰ ਆਪਣੇ ਨਾਲ ਖੇਡਣ ਲਈ ਜ਼ੋਰ ਪਾਉਂਦਾ। ਜਦੋਂ ਕਦੇ ਮੇਰੇ ਦਿਲ 'ਚ ਉਹਦੇ ਲਈ ਪਿਆਰ ਉਮੜਦਾ ਤਾਂ ਮੈਂ ਉਸ ਨੂੰ ਘੁੱਟ ਕੇ ਜੱਫੀ ਪਾ ਲੈਂਦੀ ਤੇ ਉਸ ਦੀਆਂ ਚੁੰਮੀਆਂ ਲੈਂਦੀ। ਉਹ ਮੇਰੇ ਵੱਲ ਵੇਖ ਕੇ ਖਿੜਖਿੜਾ ਕੇ ਹੱਸਣ ਲੱਗ ਪੈਂਦਾ ਪਰ ਕਦੇ ਕਦੇ ਗੁੱਸੇ 'ਚ ਮੇਰੇ ਸਿਰ ਦੇ ਵਾਲ਼ ਪੁੱਟਣ ਲੱਗ ਪੈਂਦਾ ਜਾਂ ਫਿਰ ਮੇਰੇ ਦੰਦੀ ਵੱਢ ਕੇ ਭੱਜ ਜਾਂਦਾ। ਭਾਵੇਂ ਉਸ ਨੂੰ ਨਹਾਉਣ ਧੋਣ ਦੀ ਥੋੜ੍ਹੀ ਬਹੁਤ ਸਮਝ ਸੀ ਪਰ ਫਿਰ ਵੀ ਉਸ ਵੇਲੇ ਮੈਨੂੰ ਉਸਦੇ ਨਾਲ ਰਹਿਣਾ ਪੈਂਦਾ ਸੀ। ਜਦੋਂ ਉਹ ਨਹਾਉਂਦਾ ਤਾਂ ਮੈਂ ਉਸਦੀ ਗੋਰੀ ਤੇ ਕੂਲੀ ਦੇਹ ਉੱਤੇ ਸਾਬਣ ਮਲ਼ਦੀ...ਉਸਦੇ ਸਿਰ, ਪਿੱਠ, ਲੱਤਾਂ, ਬਾਹਾਂ ਨੂੰ ਮਲ ਮਲ ਧੋਂਦੀ ਤੇ ਉਦੋਂ ਇਕ ਜਵਾਨ ਔਰਤ ਦੇ ਮਨ 'ਚ ਇਕ ਮਰਦ ਦੀ ਛੂਹ ਤਰੰਗਤ ਹੁੰਦੀ ਪਰ ਉਸ ਵੇਲੇ ਮੈਂ ਮਨ ਹੀ ਮਨ ਝੂਰਨ ਲੱਗ ਪੈਂਦੀ ਕਿਉਂਕਿ ਇਹ ਮਰਦ ਤਾਂ ਮਹਿਜ਼ ਇਕ ਬੱਚਾ ਸੀ। ਜਦੋਂ ਮੈਂ ਉਸਦੀ ਸਿੱਲੀ ਤੇ ਭਿੱਜੀ ਸੁਗੰਧਿਤ ਦੇਹ ਦੇ ਆਲਿੰਗਨ ਨਾਲ ਆਨੰਦਿਤ ਹੋ ਰਹੀ ਹੁੰਦੀ ਤਾਂ ਮੇਰੇ ਪਿਆਰ ਤੋਂ ਬੇਖ਼ਬਰ ਉਹ ਬੱਚਾ ਪਾਣੀ ਦੇ ਭਰੇ ਟੱਬ 'ਚ ਹੱਥ ਮਾਰ ਕੇ ਛਿੱਟੇ ਉਡਾਉਂਦਾ ਖ਼ੁਸ਼ ਹੋ ਰਿਹਾ ਹੁੰਦਾ।

ਉਨ੍ਹਾਂ ਦਿਨਾਂ 'ਚ ਮੈਂ ਥੋੜ੍ਹੀ ਜਿਹੀ ਸੁਚੇਤ ਹੋ ਰਹੀ ਸੀ। ਮੈਨੂੰ ਇਹ ਚਿੰਤਾ ਸਤਾਉਣਾ ਲੱਗ ਪਈ ਸੀ ਕਿ ਆਖ਼ਿਰ ਮੇਰਾ ਭਵਿੱਖ ਕੀ ਹੋਏਗਾ ? ਕੀ ਮੈਂ ਸਾਰੀ ਉਮਰ ਇਸ ਪਤੀ ਰੂਪੀ ਬੱਚੇ ਨੂੰ ਖਿਡਾਉਂਦੀ ਵਰਚਾਉਂਦੀ ਰਹਾਂਗੀ। ਆਖ਼ਿਰ ਮੈਨੂੰ ਇਸ ਖਲਜਗਣ 'ਚੋਂ ਨਿਕਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮੈਨੂੰ ਮੰਮੀ ਜੀ ਦਾ ਉਹ ਵਾਅਦਾ ਚੇਤੇ ਆਉਂਦਾ ਜਿਸ ਮੁਤਾਬਕ ਉਨ੍ਹਾਂ ਨੇ ਮੈਨੂੰ ਅੱਗੇ ਪੜ੍ਹਾਉਣ ਦੀ ਹਾਮੀ ਭਰੀ ਸੀ ਪਰ ਮੰਮੀ ਜੀ ਤਾਂ ਇਕ ਕੂਟਨੀਤਕ ਨੇਤਾ ਵਾਂਗ ਪਿਛਲੇ ਵਾਅਦੇ ਭੁੱਲ ਚੁੱਕੇ ਸਨ।

ਇਕ ਦਿਨ ਐਤਵਾਰ ਸਵੇਰੇ ਮੰਮੀ ਜੀ ਲੌਬੀ ਦੇ ਸੋਫ਼ੇ 'ਤੇ ਬੈਠੇ ਅਖ਼ਬਾਰ ਪੜ੍ਹ ਰਹੇ ਸਨ। ਮੈਂ ਵੀ ਉਨ੍ਹਾਂ ਦੇ ਕੋਲ ਜਾ ਕੇ ਬੈਠ ਗਈ। ਉਨ੍ਹਾਂ ਨੇ ਮੁਸਕਰਾਉਣ ਦਾ ਦਿਖਾਵਾ ਕਰਦਿਆਂ ਮੇਰੇ ਵੱਲ ਦੇਖਿਆ ਤੇ ਪੁੱਛਿਆ, "ਕੀ ਗੱਲ ਹੈ ਨੀਤ ?"

"ਕੁਝ ਨਹੀਂ ਮੰਮੀ ਜੀ, ਬਸ ਐਵੇਂ ਹੀ...।"

ਮੈਂ ਮੰਮੀ ਜੀ ਤੋਂ ਡਰਦੀ ਮਾਰੀ ਇਕਦਮ ਘਬਰਾ ਗਈ ਤੇ ਗੱਲ ਨੂੰ ਟਾਲਣ ਦੀ ਕੋਸ਼ਿਸ਼ ਕੀਤੀ। ਭਾਵੇਂ ਪਿਛਲੀ ਸਾਰੀ ਰਾਤ ਮੈਂ ਮਨ ਹੀ ਮਨ 'ਚ ਮੰਮੀ ਜੀ ਅੱਗੇ ਆਪਣੇ ਮਨ ਦੀ ਗੱਲ ਕਹਿਣ ਦਾ ਅਭਿਆਸ ਕਰਦੀ ਰਹੀ ਸੀ।

"ਦੱਸ ਬੇਟਾ, ਕੀ ਗੱਲ ਹੈ ਤੇਰੇ ਮਨ 'ਚ ?" ਮੰਮੀ ਜੀ ਨੇ ਪਿਆਰ ਨਾਲ ਪੁੱਛਿਆ।

ਉਨ੍ਹਾਂ ਦੇ ਪਿਆਰ ਵਾਲੇ ਰਵੱਈਏ ਵੱਲ ਦੇਖ ਕੇ ਮੈਂ ਇਕਦਮ ਫਿਸ ਪਈ ਤੇ ਰੋਂਦਿਆਂ ਹੋਇਆਂ ਕਿਹਾ ਕਿ ਮੈਂ ਅੱਗੇ ਪੜ੍ਹਨਾ ਚਾਹੁੰਦੀ ਹਾਂ ਤੇ ਪੀਐੱਚ. ਡੀ. ਕਰਨਾ ਚਾਹੁੰਦੀ ਹਾਂ।

ਮੰਮੀ ਜੀ ਕੁਝ ਚਿਰ ਚੁੱਪਚਾਪ ਬੈਠੇ ਰਹੇ ਜਿਵੇਂ ਮਨ ਵਿਚ ਅਗਲੀ ਰਣਨੀਤੀ ਉਲੀਕ ਰਹੇ ਹੋਣ। ਫਿਰ ਉਨ੍ਹਾਂ ਨੇ ਮੇਰਾ ਸਿਰ ਪਲੋਸ ਕੇ ਕਿਹਾ, "ਤੂੰ ਜ਼ਰੂਰ ਪੜ੍ਹੇਂਗੀ ਅੱਗੇ, ਮੈਂ ਪੜ੍ਹਾਵਾਂਗੀ ਤੈਨੂੰ...ਤੂੰ ਫ਼ਿਕਰ ਨਾ ਕਰ।"

ਉਨ੍ਹਾਂ ਦਾ ਜਵਾਬ ਸੁਣ ਕੇ ਮੈਂ ਨਿਸਚਿੰਤ ਹੋ ਗਈ ਤੇ ਆਪਣੇ ਕੰਮ ਕਾਰ 'ਚ ਰੁੱਝ ਗਈ। ਦੋ-ਤਿੰਨ ਦਿਨ ਮੈਂ ਉੱਡ-ਉੱਡ ਕੇ ਕੰਮ ਕਰਦੀ ਰਹੀ ਪਰ ਉਸ ਦਿਨ...।

ਉਸੇ ਹਫ਼ਤੇ ਮੇਰਾ ਸਹੁਰਾ ਘਰ ਆਇਆ ਹੋਇਆ ਸੀ ਤੇ ਉਸ ਸ਼ਾਮ ਉਹ ਆਪਣੇ ਕਮਰੇ ਵਿਚ ਬੈਠਾ ਸ਼ਰਾਬ ਪੀ ਰਿਹਾ ਸੀ। ਮੰਮੀ ਜੀ ਵੀ ਉਸ ਕੋਲ ਬੈਠੇ ਹੋਏ ਸਨ। ਮੈਂ ਕਿਚਨ 'ਚ ਕੰਮ ਕਰ ਰਹੀ ਸੀ। ਅਚਾਨਕ ਮੰਮੀ ਜੀ ਨੇ ਮੈਨੂੰ ਆਵਾਜ਼ ਮਾਰ ਕੇ ਬੁਲਾਇਆ ਤੇ ਕਿਚਨ 'ਚੋਂ ਕੁਝ ਖਾਣ ਦਾ ਸਾਮਾਨ ਲਿਆਉਣ ਲਈ ਕਿਹਾ। ਜਦੋਂ ਮੈਂ ਦੁਬਾਰਾ ਸਾਮਾਨ ਲੈ ਕੇ ਉਸ ਕਮਰੇ 'ਚ ਗਈ ਤਾਂ ਉਸ ਆਦਮੀ ਨੇ ਮੈਨੂੰ ਘੂਰ ਕੇ ਦੇਖਿਆ। ਮੈਨੂੰ ਉਸ ਦੀਆਂ ਅੱਖਾਂ 'ਚੋਂ ਅਸ਼ਲੀਲਤਾ ਨਜ਼ਰ ਆਈ। ਮੈਂ ਕਾਹਲੀ ਕਾਹਲੀ ਟ੍ਰੇਅ ਮੇਜ਼ ਉੱਤੇ ਰੱਖ ਕੇ ਆਪਣੇ ਕਮਰੇ ਵਿਚ ਆ ਗਈ। ਥੋੜ੍ਹੇ ਚਿਰ ਬਾਅਦ ਮੰਮੀ ਜੀ ਮੇਰੇ ਕਮਰੇ 'ਚ ਆਏ ਤੇ ਸੰਨੀ ਨੂੰ ਆਪਣੇ ਨਾਲ ਲੈ ਕੇ ਚਲੇ ਗਏ। ਪਤਾ ਨਹੀਂ ਕਿਉਂ, ਮੇਰੇ ਦਿਲ 'ਚ ਅਜੀਬ ਜਿਹਾ ਡਰ ਪੈਦਾ ਹੋ ਰਿਹਾ ਸੀ। ਮੇਰੇ ਜ਼ਿਹਨ 'ਚ ਵਾਰ ਵਾਰ ਮੇਰੇ ਸਹੁਰੇ ਦੀਆਂ ਕਾਮੁਕਤਾ ਨਾਲ ਗਲਤਾਨ ਅੱਖਾਂ ਘੁੰਮ ਰਹੀਆਂ ਸਨ। ਮੇਰਾ ਰੋਟੀ ਖਾਣ ਨੂੰ ਦਿਲ ਨਾ ਕੀਤਾ ਤੇ ਮੈਂ ਬੈੱਡ ਉੱਤੇ ਲੰਮੀ ਪੈ ਗਈ ਤੇ ਸੰਨੀ ਨੂੰ ਉਡੀਕਣ ਲੱਗੀ। ਹੌਲੀ ਹੌਲੀ ਮੇਰੀਆਂ ਅੱਖਾਂ 'ਚ ਨੀਂਦ ਭਰਨ ਲੱਗ ਪਈ ਸੀ। ਅਚਾਨਕ ਮੈਨੂੰ ਪੈੜ ਚਾਪ ਸੁਣਾਈ ਦਿੱਤੀ ਤੇ ਮੇਰੀ ਨੀਂਦ ਖੁੱਲ੍ਹ ਗਈ। ਮੇਰਾ ਸਹੁਰਾ ਦਰਵਾਜ਼ੇ ਵਿਚ ਖੜ੍ਹਾ ਸੀ। ਮੈਂ ਬੈੱਡ ਤੋਂ ਉੱਠਣ ਹੀ ਲੱਗੀ ਸੀ ਕਿ ਉਸਨੇ ਇਕਦਮ ਦਰਵਾਜ਼ੇ ਨੂੰ ਬੰਦ ਕਰਕੇ ਅੰਦਰੋਂ ਕੁੰਡੀ ਲਾ ਦਿੱਤੀ ਤੇ ਬੱਤੀ ਬੁਝਾ ਦਿੱਤੀ। ਇਸ ਤੋਂ ਪਹਿਲਾਂ ਕਿ ਮੈਂ ਕੋਈ ਪ੍ਰਤੀਕਰਮ ਕਰਦੀ ਉਸਨੇ ਮੈਨੂੰ ਬੈੱਡ 'ਤੇ ਢਾਅ ਲਿਆ। ਮੈਂ ਚੀਕਦੀ, ਕੁਰਲਾਉਂਦੀ ਤਰਲੇ ਮਿੰਨਤੇ ਕਰਦੀ ਰਹੀ ਪਰ ਉਸ ਜ਼ਾਲਮ ਅੱਗੇ ਮੇਰੀ ਕੋਈ ਵਾਹ ਨਾ ਗਈ। ਮੈਂ ਮੰਮੀ ਜੀ ਤੇ ਸਨਦੀਪ ਨੂੰ ਵੀ ਆਵਾਜ਼ਾਂ ਮਾਰੀਆਂ ਪਰ ਕਿਸੇ ਨੇ ਮੇਰੀ ਆਵਾਜ਼ ਨਾ ਸੁਣੀ ਜਾਂ ਜਾਣ ਬੁਝ ਕੇ ਮੇਰੀਆਂ ਆਵਾਜ਼ਾਂ ਨੂੰ ਅਣਸੁਣਿਆ ਕਰ ਦਿੱਤਾ ਗਿਆ। ਉਹ ਕਸਾਈਆਂ ਵਾਂਗ ਮੈਨੂੰ ਕੋਂਹਦਾ ਰਿਹਾ ਤੇ ਮੈਂ ਰੋਂਦੀ ਤੜਪਦੀ ਰਹੀ।

ਅਸਲ 'ਚ ਇਹ ਸਭ ਕੁਝ ਉਸ ਸਾਜ਼ਿਸ਼ ਦੇ ਅੰਤਰਗਤ ਕੀਤਾ ਗਿਆ ਸੀ ਜਿਸ ਦਾ ਮਕਸਦ ਮੇਰੇ ਅੰਦਰਲੀ ਉਸ ਸੁਚੇਤ ਤੇ ਸਾਬਤ ਔਰਤ ਦੀ ਭੰਨ ਤੋੜ ਕਰਕੇ ਖੇਰੂੰ ਖੇਰੂੰ ਕਰਨਾ ਸੀ, ਜੋ ਥੋੜ੍ਹੀ ਬਹੁਤ ਆਪਣੇ ਹੱਕਾਂ ਪ੍ਰਤੀ ਜਾਗਰੂਕ ਸੀ। ਉਹ ਮੇਰੇ ਵਜੂਦ ਦੇ ਇੰਨੇ ਜ਼ਿਆਦਾ ਟੁਕੜੇ ਕਰ ਦੇਣਾ ਚਾਹੁੰਦਾ ਸੀ ਤਾਂ ਜੋ ਮੈਂ ਦੁਬਾਰਾ ਉਨ੍ਹਾਂ ਟੁਕੜਿਆਂ ਨੂੰ ਇਕੱਠੇ ਕਰਕੇ ਆਪਣਾ ਵਜੂਦ ਨਾ ਘੜ ਸਕਾਂ। ਪਰ ਸਵੇਰੇ ਤੜਕਸਾਰ ਹੀ ਮੇਰੀ ਵਲੂੰਧਰੀ ਦੇਹ 'ਚੋਂ ਇਕ ਸ਼ੀਹਣੀ ਨੇ ਦਹਾੜ ਮਾਰੀ ਤੇ ਸਾਜ਼ਿਸ਼ਕਾਰੀਆਂ ਦੀ ਨੀਂਦ ਉਖੇੜ ਦਿੱਤੀ। ਮੈਨੂੰ ਉਸ ਘਰ ਦੀ ਹਰੇਕ ਚੀਜ਼ ਨਾਲ ਇੰਨੀ ਨਫ਼ਰਤ ਹੋ ਗਈ ਸੀ ਕਿ ਉਸ ਵੇਲੇ ਉਥੇ ਇਕ ਪਲ ਵੀ ਰੁਕਣਾ ਮੇਰੇ ਲਈ ਔਖਾ ਹੋ ਰਿਹਾ ਸੀ। ਮੈਂ ਫ਼ੈਸਲਾ ਕਰ ਲਿਆ ਸੀ ਕਿ ਇਨ੍ਹਾਂ ਦੀਆਂ ਕਰਤੂਤਾਂ ਨੂੰ ਜੱਗ ਜ਼ਾਹਰ ਕਰਾਂਗੀ ਤੇ ਪੁਲਿਸ ਥਾਣੇ ਜਾ ਕੇ ਆਪਣੇ ਨਾਲ ਹੋਏ ਬਲਾਤਕਾਰ ਦੀ ਰਿਪੋਰਟ ਲਿਖਵਾਵਾਂਗੀ। ਇਹ ਫ਼ੈਸਲਾ ਕਰਨ ਉਪਰੰਤ ਜਦੋਂ ਮੈਂ ਘਰੋਂ ਬਾਹਰ ਨਿਕਲਣ ਲੱਗੀ ਤੇ ਮੰਮੀ ਜੀ ਨੇ ਮੇਰੀ ਬਾਂਹ ਫੜ ਕੇ ਮੈਨੂੰ ਰੋਕ ਲਿਆ। ਜਦੋਂ ਮੈਂ ਝਟਕਾ ਮਾਰ ਕੇ ਉਸ ਕੋਲੋਂ ਬਾਂਹ ਛੁਡਵਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸਨੇ ਤਰਲੇ ਕੱਢਦਿਆਂ ਕਿਹਾ, "ਨੀਤ, ਮੇਰੀ ਇਕ ਗੱਲ ਸੁਣ ਲੈ ਪਲੀਜ਼।"

"ਹਾਂ," ਮੈਂ ਬਾਂਹ ਛੁਡਾਉਂਦਿਆਂ ਕਿਹਾ।

"ਤੂੰ ਇਹ ਘਰ ਛੱਡ ਕੇ ਨਾ ਜਾਹ।" ਉਸ ਦੀਆਂ ਅੱਖਾਂ 'ਚ ਤਰਲਾ ਸੀ ਪਰ ਉਸਨੇ ਹਾਲੇ ਵੀ ਮੇਰੀ ਬਾਂਹ ਘੁੱਟ ਕੇ ਫੜੀ ਹੋਈ ਸੀ।

"ਤਾਂ ਕਿ ਉਹ ਹਰਾਮਜ਼ਾਦਾ ਮੈਨੂੰ ਕੋਂਹਦਾ ਰਹੇ... ਮੇਰੀ ਇੱਜ਼ਤ ਲੁੱਟਦਾ ਰਹੇ। ਮੈਂ ਨਹੀਂ ਹੁਣ ਰੁਕਣ ਲੱਗੀ। ਤੁਹਾਡੀਆਂ ਕਰਤੂਤਾਂ ਸਭ ਦੇ ਸਾਹਮਣੇ ਲਿਆਵਾਂਗੀ।" ਮੈਂ ਗੁੱਸੇ ਵਿਚ ਦਹਾੜੀ।

ਉਨ੍ਹਾਂ ਨੇ ਮੇਰੀ ਬਾਂਹ ਛੱਡ ਦਿੱਤੀ ਤੇ ਕਹਿਣ ਲੱਗੀ, "ਤੈਨੂੰ ਪਤਾ ਇਹ ਕਿੰਨਾ ਜ਼ਾਲਮ ਬੰਦਾ ਹੈ। ਇਸ ਨੇ ਤਾਂ ਆਪਣੀ ਮਾਂ ਨੂੰ ਵੀ...। ਇਸ ਨੇ ਤੇਰੇ ਮਾਪਿਆਂ ਨੂੰ ਵੀ ਕੋਹ ਕੋਹ ਕੇ ਮਾਰਨਾ। ਤੇਰਾ ਪਿਉ, ਭਰਾ...।



ਤੂੰ ਨਹੀਂ ਜਾਣਦੀ ਇਹਨੂੰ।" ਮੰਮੀ ਜੀ ਆਪਣੀਆਂ ਮੋਮੋਠੱਗਣੀਆਂ ਗੱਲਾਂ ਅਤੇ ਡਰਾਵਿਆਂ ਨਾਲ ਮੈਨੂੰ ਰੋਕਣ ਦੀ ਕੋਸ਼ਿਸ਼ ਕਰ ਰਹੀ ਸੀ।

"ਆਪਣੇ ਭਾਪੇ ਬਾਰੇ ਸੋਚ...ਆਪਣੇ ਵੀਰ ਬਾਰੇ। ਰੁਕ ਜਾ ਬੇਟਾ।" ਉਹ ਲਗਾਤਾਰ ਤਰਲੇ ਪਾ ਕੇ ਮੈਨੂੰ ਰੋਕਣ ਦੀ ਕੋਸ਼ਿਸ਼ ਕਰ ਰਹੀ ਸੀ।

ਮੈਂ ਕਿੰਨਾ ਚਿਰ ਬਾਹਰਲੇ ਗੇਟ ਨਾਲ ਢੋਅ ਲਾ ਕੇ ਖੜ੍ਹੀ ਰਹੀ, ਫਿਰ ਥੱਕ ਹਾਰ ਕੇ ਉਥੇ ਹੀ ਬੈਠ ਗਈ। ਲਗਾਤਾਰ ਰੋਣ ਕਰਕੇ ਮੇਰੀਆਂ ਅੱਖਾਂ ਦੇ ਕੋਏ ਪੀੜ ਕਰਨ ਲੱਗ ਪਏ ਸਨ। ਸੜਕ 'ਤੇ ਹੋਰ ਕੋਈ ਆਉਂਦਾ ਜਾਂਦਾ ਮੈਨੂੰ ਘੂਰ ਕੇ ਲੰਘਦਾ ਸੀ। ਮੰਮੀ ਜੀ ਸ਼ਰਮ ਦੇ ਮਾਰੇ ਮੇਰੇ ਤਰਲੇ ਕੱਢ ਕੇ ਮੈਨੂੰ ਘਰ ਦੇ ਅੰਦਰ ਲਿਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਮੇਰੇ ਜ਼ਿਹਨ 'ਚ ਇਕ ਸੋਚ ਠੂੰਏ ਵਾਂਗ ਡੰਗ ਮਾਰ ਰਹੀ ਸੀ, ਜੇ ਇਸ ਪਾਪੀ ਨੇ ਮੇਰੇ ਮਾਪਿਆਂ ਨੂੰ...। ਮੈਨੂੰ ਢਿੱਲੀ ਪਈ ਦੇਖ ਕੇ ਮੰਮੀ ਜੀ ਨੇ ਮੈਨੂੰ ਬਾਂਹੋਂ ਫੜ ਕੇ ਉਠਾਇਆ ਤੇ ਮੇਰੇ ਮੋਢੇ ਨੂੰ ਪਲੋਸਦਿਆਂ ਕਿਹਾ, "ਕੱਲ੍ਹ ਰਾਤ ਤੇਰੇ ਨਾਲ ਜੋ ਕੁਝ ਵੀ ਹੋਇਆ, ਉਸਦੇ ਲਈ ਮੈਂ ਵੀ ਤੇਰੀ ਗੁਨਾਹਗਾਰ ਹਾਂ ਪਰ ਮੈਂ ਉਸ ਸ਼ੀਂਹ ਤੋਂ ਡਰਦੀ ਕੁਝ ਨਹੀਂ ਕਰ ਰਹੀ ਸੀ। ਤੈਨੂੰ ਕੀ ਦੱਸਾਂ ? ਭਰਿਆ ਰਿਵਾਲਵਰ ਸੀ ਉਹਦੇ ਕੋਲ। ਮੈਂ ਡਰ ਗਈ ਸੀ ਕਿ ਕਿਤੇ ਸਾਰੇ ਟੱਬਰ ਨੂੰ ਹੀ ਨਾ ਮੁਕਾ ਸੁੱਟੇ।" ਮੰਮੀ ਜੀ ਅਜੀਬੋ ਗਰੀਬ ਨਾਟਕ ਕਰ ਰਹੀ ਸੀ।

"ਚੰਗਾ ਹੁੰਦਾ...ਜੇ ਮੁਕਾ ਦਿੰਦਾ," ਮੈਂ ਦੰਦ ਕਰੀਚ ਕੇ ਕਿਹਾ।

"ਨਾ ਪੁੱਤ...ਇੰਝ ਨਾ ਕਹਿ। ਚੱਲ ਉੱਠ, ਅੰਦਰ ਚਲੀਏ ਹੁਣ। ਅੱਗੇ ਤੋਂ ਨ੍ਹੀਂ ਹੋਣ ਦਿੰਦੀ ਮੈਂ ਇਹੋ ਜਿਹਾ ਕੁਝ।"

"ਪਰ ਜੋ ਹੋ ਗਿਆ...ਹਾਇਓ ਰੱਬਾ।" ਮੈਂ ਬੇਬਸੀ 'ਚ ਆਖ਼ਿਰੀ ਧਾਹ ਮਾਰ ਕੇ ਅੰਦਰ ਤੁਰ ਪਈ ਜਿਵੇਂ ਤੀਵੀਆਂ ਸਿਵਿਆਂ ਤੋਂ ਵਾਪਸ ਮੁੜਨ ਵੇਲੇ ਬੇਵਸੀ 'ਚ ਉੱਚੀ ਧਾਹ ਮਾਰਦੀਆਂ ਹਨ।

ਇਕ ਜ਼ਖ਼ਮੀ ਸ਼ੀਹਣੀ ਹਾਰ ਗਈ ਸੀ। ਮਾਪਿਆਂ ਦੀ ਜਾਨ ਦੇ ਖ਼ੌਫ਼ ਨੇ ਉਸ ਨੂੰ ਕਾਇਰ ਬਣਾ ਦਿੱਤਾ ਸੀ। ਮੈਂ ਆਪਣੇ ਕਮਰੇ 'ਚ ਆ ਕੇ ਬੈੱਡ 'ਤੇ ਧੜੰਮ ਕਰ ਕੇ ਲੰਮੀ ਪੈ ਗਈ ਤੇ ਡੁਸਕਣ ਲੱਗ ਪਈ।

ਇਸ ਹਾਦਸੇ ਨੇ ਮੈਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ ਸੀ ਤੇ ਇਕ ਭਿਆਨਕ ਸਦਮੇ ਦੇ ਭੰਵਰ 'ਚ ਜਿੰਦ ਹਰ ਵੇਲੇ ਡਿੱਕੋਡੋਲੇ ਖਾਂਦੀ ਰਹਿੰਦੀ ਸੀ। ਮੇਰੀ ਹਾਲਤ ਨੀਮ ਪਾਗ਼ਲਾਂ ਵਰਗੀ ਹੋ ਗਈ। ਨਾ ਦਿਨੇ ਚੈਨ ਸੀ ਤੇ ਨਾ ਰਾਤੀਂ ਨੀਂਦ। ਮੈਂ ਇਕ ਨਿਰਜੀਵ ਸ਼ੈਅ ਵਾਂਗ ਬੈੱਡ 'ਤੇ ਡਿੱਗੀ ਰਹਿੰਦੀ। ਸਾਰਾ ਦਿਨ ਅਜੀਬੋ ਗਰੀਬ ਸੋਚਾਂ 'ਚ ਘਿਰੀ ਰਹਿੰਦੀ। ਕਦੇ ਕਦੇ ਜੀਅ ਕਰਦਾ ਕਿ ਸਭ ਕੁਝ ਮਾਂ-ਭਾਪੇ ਨੂੰ ਦੱਸ ਦੇਵਾਂ ਪਰ ਫਿਰ ਹਸ਼ਰ ਸੋਚ ਕੇ ਜੀਅ ਦਹਿਲ ਜਾਂਦਾ। ਕਈ ਦਿਨ ਮੈਂ ਇਸੇ ਦਵੰਦ ਦੀ ਮਨੋਸਥਿਤੀ ਨੂੰ ਭੋਗਦੀ ਰਹੀ। ਮੈਨੂੰ ਭੁੱਖ ਲੱਗਣੋਂ ਹਟ ਗਈ। ਅੱਖਾਂ ਤਣਾਅ ਨਾਲ ਖਿੱਚੀਆਂ ਰਹਿੰਦੀਆਂ। ਇੰਜ ਜਾਪਦਾ ਜਿਵੇਂ ਇਸ ਤਣਾਅ ਨਾਲ ਇਕ ਦਿਨ ਅੱਖਾਂ ਦੁਆਲੇ ਦੀ ਚਮੜੀ ਪਾਟ ਕੇ ਡੇਲੇ ਹੇਠਾਂ ਕਿਰ ਜਾਣਗੇ। ਮੇਰਾ ਵਜੂਦ ਸੁੰਗੜ ਰਿਹਾ ਜਾਂ ਇਉਂ ਕਹਿ ਲਓ ਕਿ ਇਕ ਲਾਸ਼ 'ਚ ਵਟ ਰਿਹਾ ਸੀ। ਫਿਰ ਮੰਮੀ ਨੇ ਮੈਨੂੰ ਇਕ ਨਿੱਕੀ ਜਿਹੀ ਗੋਲੀ ਸਵੇਰੇ ਸ਼ਾਮ ਦੇਣੀ ਸ਼ੁਰੂ ਕਰ ਦਿੱਤੀ ਤੇ ਮੈਨੂੰ ਨੀਂਦ ਆਉਣ ਲੱਗ ਪਈ। ਮੈਂ ਦਿਨ ਵੇਲੇ ਵੀ ਤਿੰਨ ਚਾਰ ਘੰਟੇ ਸੁੱਤੀ ਰਹਿੰਦੀ ਤੇ ਜਦੋਂ ਜਾਗਦੀ ਵੀ ਹੁੰਦੀ ਤਾਂ ਸੁਸਤ ਦੇਹ ਨੂੰ ਘੜੀਸ ਘੜੀਸ ਕੇ ਤੁਰਦੀ। ਲਗਭਗ ਦੋ ਮਹੀਨੇ ਮੈਂ ਇਸ ਮੋਇਆਂ ਵਰਗੀ ਭਿਆਨਕ ਮਨੋਸਥਿਤੀ ਨਾਲ ਜੂਝਦੀ ਰਹੀ ਤੇ ਫਿਰ ਇਕ ਸਵੇਰੇ ਹਾਲੇ ਮੈਂ ਕੱਪ 'ਚੋਂ ਚਾਹ ਦਾ ਪਹਿਲਾ ਘੁੱਟ ਹੀ ਭਰਿਆ ਸੀ ਕਿ ਮੈਨੂੰ ਉਬਕਾਈ ਜਿਹੀ ਮਹਿਸੂਸ ਹੋਈ। ਮੈਂ ਕਾਹਲੀ ਨਾਲ ਭੱਜ ਕੇ ਬਾਥਰੂਮ 'ਚ ਗਈ ਤੇ ਉਲਟੀ ਕਰ ਦਿੱਤੀ। ਪਰ ਉਲਟੀ ਤੋਂ ਬਾਅਦ ਵੀ ਮੇਰਾ ਦਿਲ ਕੱਚਾ ਕੱਚਾ ਜਿਹਾ ਹੋਈ ਜਾ ਰਿਹਾ ਸੀ। ਉਸ ਦਿਨ ਛੁੱਟੀ ਸੀ ਤੇ ਮੰਮੀ ਜੀ ਘਰ ਹੀ ਸਨ। ਉਹ ਕੁਝ ਚਿਰ ਸੋਚਾਂ 'ਚ ਡੁੱਬੇ ਰਹੇ। ਫਿਰ ਮੈਨੂੰ ਲੇਡੀ ਡਾਕਟਰ ਕੋਲ ਲੈ ਗਏ। ਮੇਰਾ ਚੈਕਅਪ ਕਰਨ ਤੋਂ ਬਾਅਦ ਡਾਕਟਰ ਨੇ ਮੁਸਕਰਾਉਂਦਿਆਂ ਹੋਇਆਂ ਮੰਮੀ ਜੀ ਨੂੰ ਮੇਰੇ ਮਾਂ ਬਣਨ ਦੀ ਖ਼ੁਸ਼ਖ਼ਬਰੀ ਦਿੱਤੀ ਪਰ

ਓਧਰ ਮੰਮੀ ਜੀ ਮੇਰੇ ਚਿਹਰੇ ਦੇ ਹਾਵ ਭਾਵ ਪਰਖ ਰਹੇ ਸਨ। ਮੈਂ ਉਨ੍ਹਾਂ ਵੱਲ ਵੇਖ ਕੇ ਮੁਸਕਰਾ ਪਈ। ਮੇਰੀ ਮੁਸਕਾਨ ਨੇ ਉਨ੍ਹਾਂ ਦੇ ਦਿਲ ਤੋਂ ਮਣਾਂ ਮੂੰਹੀਂ ਬੋਝ ਲਾਹ ਦਿੱਤਾ ਤੇ ਉਨ੍ਹਾਂ ਨੇ ਹੱਥ ਜੋੜ ਅੱਖਾਂ ਮੀਟ ਕੇ ਆਪਣੇ ਰੱਬ ਦਾ ਸ਼ੁਕਰਾਨਾ ਕੀਤਾ ਤੇ ਸੁਖ ਦਾ ਸਾਹ ਲਿਆ। ਪਤਾ ਨਹੀਂ ਕਿਉਂ, ਉਸ ਵੇਲੇ ਮੇਰੇ ਮਨ 'ਚ ਅਚਾਨਕ ਇਹ ਆਇਆ ਕਿ ਇਨ੍ਹਾਂ ਅਮੀਰ ਲੋਕਾਂ ਦਾ ਰੱਬ ਵੀ ਇਨ੍ਹਾਂ ਵਰਗਾ ਰਿਸ਼ਵਤਖੋਰ ਹੋਵੇਗਾ ਜੋ ਬੜੀ ਸੌਖ ਨਾਲ ਇਨ੍ਹਾਂ ਦੇ ਕੁਕਰਮਾਂ 'ਤੇ ਪਰਦੇ ਪਾ ਦਿੰਦਾ ਹੈ।

ਅਸਲ 'ਚ ਉਸ ਵੇਲੇ ਮੈਂ ਆਪਣੇ ਅੰਦਰ ਬੈਠੀ ਉਸ ਕਮਜ਼ੋਰ ਔਰਤ ਤੋਂ ਕੰਨੀਂ ਛੁਡਾ ਕੇ ਚੱਜ ਨਾਲ ਜ਼ਿੰਦਗੀ ਜੀਣ ਦਾ ਫ਼ੈਸਲਾ ਕਰ ਚੁੱਕੀ ਸੀ। ਉਸ ਵੇਲੇ ਮੈਂ ਪਾਪ-ਪੁੰਨ ਦੀਆਂ ਉਲਝਣਾਂ ਤੋਂ ਮੁਕਤ ਹੋਈ ਮਮਤਾ 'ਚ ਨ੍ਹਾਤੀ ਬੁੱਧ ਬਣੀ ਬੈਠੀ ਸੀ। ਮੈਂ ਅਨੋਖੇ ਵਿਸਮਾਦ 'ਚ ਸੀ। ਮੇਰੇ ਅੰਦਰਲਾ ਮੁਰਦਾ ਵਜੂਦ ਮੁੜ ਤੋਂ ਪੁੰਗਰ ਰਿਹਾ ਸੀ ਤੇ ਮੈਂ ਵਾਰ ਵਾਰ ਆਪਣੀ ਧੁੰਨੀ 'ਤੇ ਹੱਥ ਰੱਖ ਕੇ ਉਸ ਪੁੰਗਾਰੇ ਨੂੰ ਮਹਿਸੂਸ ਕਰਨ ਦਾ ਯਤਨ ਕਰ ਰਹੀ ਸੀ। ਅਸਲ 'ਚ ਔਰਤ ਦੀਆਂ ਮੁੱਢਲੀਆਂ ਕਮਜ਼ੋਰੀਆਂ 'ਚ ਉਸਦੇ ਜ਼ਰਖ਼ੇਜ਼ ਹੋਣ ਦਾ ਮਾਣ ਵੀ ਸ਼ਾਮਿਲ ਹੁੰਦਾ ਹੈ।

ਦਿਨੋਂ-ਦਿਨੀਂ ਮੰਮੀ ਜੀ ਦੇ ਮਨਸੂਬੇ ਕਾਮਯਾਬ ਹੋ ਰਹੇ ਸਨ। ਉਹ ਅੰਦਰੋਂ-ਅੰਦਰੀਂ ਬਹੁਤ ਖ਼ੁਸ਼ ਸੀ ਪਰ ਮੇਰੇ ਗੁੱਸੇ ਤੋਂ ਡਰਦੀ ਆਪਣੀ ਖ਼ੁਸ਼ੀ ਜ਼ਾਹਰ ਨਹੀਂ ਸੀ ਕਰਦੀ। ਉਂਝ ਉਹ ਮੇਰੀ ਸਿਹਤ ਦਾ ਬਹੁਤ ਖ਼ਿਆਲ ਰੱਖਣ ਲੱਗ ਪਈ ਸੀ। ਇਸ ਘਰ 'ਚ ਅਗਲੇ ਰੌਸ਼ਨ ਚਿਰਾਗ਼ ਦਾ ਆਗਮਨ ਹੋਣ ਜਾ ਰਿਹਾ ਸੀ, ਚਾਹੇ ਉਹ ਚਿਰਾਗ਼ ਇਕ ਕੁਕਰਮ ਦਾ ਸਿੱਟਾ ਹੀ ਸੀ।

ਦਾਦੀ ਇਕ ਕਹਾਣੀ ਸੁਣਾਉਂਦੀ ਹੁੰਦੀ ਸੀ ਜਿਸ ਵਿਚ ਇਕ ਤਾਂਬੇ ਦਾ ਦੇਸ਼ ਸੀ ਤੇ ਉਸ ਸਰਾਪੇ ਦੇਸ਼ 'ਚ ਸੱਪਾਂ-ਸੱਪਣੀਆਂ ਤੇ ਉਨ੍ਹਾਂ ਦੇ ਬੱਚਿਆਂ ਤੋਂ ਬਿਨਾਂ ਕੋਈ ਨਹੀਂ ਸੀ ਰਹਿੰਦਾ। ਉਸ ਧਰਤੀ ਉੱਤੇ ਚਾਰ ਚੁਫ਼ੇਰੇ ਸੱਪ-ਸੱਪਣੀਆਂ ਹੀ ਹਰਲ-ਹਰਲ ਕਰਦੇ ਫਿਰਦੇ ਤੇ ਭੁੱਖ ਲੱਗਣ 'ਤੇ ਮਾਪੇ ਬੱਚਿਆਂ ਨੂੰ ਖਾ ਲੈਂਦੇ ਸਨ ਤੇ ਬੱਚੇ ਮਾਪਿਆਂ ਨੂੰ। ਉਦੋਂ ਮੈਨੂੰ ਦਾਦੀ ਦੀ ਇਹ ਕਥਾ ਮੂਲੋਂ ਹੀ ਕਲਪਨਾ ਲੱਗਦੀ ਸੀ ਪਰ ਹੁਣ ਸੋਚਦੀ ਹਾਂ ਕਿ ਇਹੋ ਜਿਹੀ ਧਰਤੀ ਜ਼ਰੂਰ ਕਿਤੇ ਹੋਵੇਗੀ। ਕਦੇ ਕਦੇ ਮੈਨੂੰ ਵੀ ਆਪਣੀ ਪਿੱਠ ਉੱਤੇ ਨਿੱਕੇ ਨਿੱਕੇ ਸਪੋਲੀਏ ਰੀਂਘਦੇ ਮਹਿਸੂਸ ਹੁੰਦੇ ਹਨ।

**6**

ਤੇ ਫਿਰ ਉਹ ਦਿਨ ਵੀ ਆ ਗਿਆ... ਉਸ ਦਿਨ ਮੈਂ ਜਣੇਪੇ ਦੀਆਂ ਪੀੜਾਂ ਤੋਂ ਨਿਜ਼ਾਤ ਪਾ ਕੇ ਹਸਪਤਾਲ ਦੇ ਬੈੱਡ 'ਤੇ ਨਿਢਾਲ ਪਈ ਸੀ ਤੇ ਨਿੱਕਾ ਗੋਭਲੂ ਜਿਹਾ ਪ੍ਰਤੀਕ ਮੇਰੇ ਬੈੱਡ ਕੋਲ ਪੰਘੂੜੇ 'ਤੇ ਪਿਆ ਆਰਾਮ ਨਾਲ ਸੌਂ ਰਿਹਾ ਸੀ। ਮੇਰੇ ਕੋਲ ਕੁਰਸੀ 'ਤੇ ਬੈਠੀ ਮੰਮੀ ਜੀ ਦੇ ਚਿਹਰੇ ਉੱਤੇ ਅਨੋਖਾ ਜਲੌਅ ਦਿਸ ਰਿਹਾ ਸੀ। ਉਹ ਮੰਦ-ਮੰਦ ਮੁਸਕਰਾ ਰਹੇ ਸਨ ਤੇ ਮੇਰੇ ਬੈੱਡ ਦੀ ਪੁਆਂਦੀ 'ਤੇ ਬੈਠਾ ਸਨਦੀਪ ਡੌਰ-ਭੌਰ ਹੋਇਆ ਬੈਠਾ ਸੀ। ਉਹ ਸਾਡੇ ਸਾਰਿਆਂ ਦੇ ਚਿਹਰਿਆਂ ਵੱਲ ਦੇਖ ਰਿਹਾ ਸੀ। ਮੈਂ ਉਸਦੀ ਮਨੋਸਥਿਤੀ ਸਮਝਣ ਦੀ ਕੋਸ਼ਿਸ਼ ਕਰ ਰਹੀ ਸੀ। ਖ਼ੈਰ, ਮੰਮੀ ਜੀ ਦੀ ਚਾਲ ਕਾਮਯਾਬ ਹੋ ਗਈ ਸੀ।

ਜਦੋਂ ਪਿੰਡ ਮਾਂ ਨੂੰ ਪਤਾ ਲੱਗਾ ਤਾਂ ਉਹ ਭੱਜੀ ਆਈ। ਉਹਨੇ ਪਹਿਲਾਂ ਪ੍ਰਤੀਕ ਦਾ ਤੇ ਫਿਰ ਮੇਰਾ ਮੱਥਾ ਚੁੰਮਿਆ ਤੇ ਮੈਨੂੰ ਢੇਰ ਸਾਰੀਆਂ ਦੁਆਵਾਂ ਦਿੱਤੀਆਂ। ਦੋ ਦਿਨ ਬਾਅਦ ਹਸਪਤਾਲ ਤੋਂ ਰੁਖ਼ਸਤੀ ਹੋ ਗਈ। ਹਸਪਤਾਲੋਂ ਤੁਰਨ ਵੇਲੇ ਮੈਂ ਮੰਮੀ ਜੀ ਨੂੰ ਆਪਣੇ ਸਹੁਰੇ ਬਾਰੇ ਸਖ਼ਤ ਤਾੜਨਾ ਕਰਦਿਆਂ ਕਿਹਾ ਸੀ, "ਖ਼ਬਰਦਾਰ, ਜੇ ਉਹ ਮੇਰੇ ਕੋਲ ਆਇਆ ਜਾਂ ਇਸ ਬੱਚੇ ਨੂੰ ਛੂਹਣ ਦੀ ਕੋਸ਼ਿਸ਼ ਕੀਤੀ, ਤਾਂ...ਸਾਡੇ ਤੋਂ ਪਰ੍ਹੇ ਰੱਖੀਂ ਉਸ ਨੂੰ...।"

"ਤੂੰ ਫ਼ਿਕਰ ਨਾ ਕਰ ਨੀਤ...ਜਿਵੇਂ ਤੂੰ ਕਹੇਂਗੀ, ਓਵੇਂ ਹੋਵੇਗਾ।" ਮੰਮੀ ਜੀ ਨੇ ਡਰਦਿਆਂ ਡਰਦਿਆਂ ਕਿਹਾ ਸੀ। ਪ੍ਰਤੀਕ ਦੇ ਆਉਣ ਨਾਲ ਮੇਰੀ ਜ਼ਿੰਦਗੀ ਫਿਰ ਲੀਹ 'ਤੇ ਪੈ ਗਈ ਸੀ। ਮੈਂ ਸਾਰਾ ਦਿਨ ਪ੍ਰਤੀਕ ਨੂੰ ਸਾਂਭਦੀ ਤੇ ਸਨਦੀਪ ਦਾ ਵੀ ਖ਼ਿਆਲ ਰੱਖਦੀ। ਉਂਝ ਮੰਮੀ ਜੀ ਨੇ ਪ੍ਰਤੀਕ ਲਈ ਇਕ ਵੱਖਰੀ ਖਿਡਾਵੀ ਵੀ ਰੱਖ ਲਈ ਸੀ। ਮੇਰਾ ਸਹੁਰਾ ਹਫ਼ਤੇ ਦਸੀਂ ਦਿਨੀਂ ਘਰ ਆਉਂਦਾ ਪਰ ਉਸਦੀ ਇੰਨੀ ਹਿੰਮਤ



ਨਹੀਂ ਸੀ ਕਿ ਮੇਰੇ ਨਾਲ ਅੱਖਾਂ ਮਿਲਾ ਸਕਦਾ। ਮੰਮੀ ਜੀ ਨੇ ਉਸ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਸੀ। ਉਹ ਵੀ ਮੇਰੇ ਅੰਦਰਲੀ ਗੁੱਸੈਖੋਰ ਔਰਤ ਤੋਂ ਭਲੀਭਾਂਤ ਜਾਣੂ ਹੋ ਗਿਆ ਸੀ ਤੇ ਖਿਲਾਰਾ ਪੈਣ ਤੋਂ ਡਰਦਾ ਸੀ। ਅਸਲ 'ਚ ਇਸ ਜ਼ਿੰਦਗੀ ਦੀ ਚੋਣ ਇਕ ਲਾਲਚ ਹਿਤ ਮੈਂ ਖ਼ੁਦ ਹੀ ਕੀਤੀ ਸੀ ਤੇ ਇਸ ਨੂੰ ਸਹੀ ਲੀਹ ਉੱਤੇ ਮੈਨੂੰ ਆਪ ਹੀ ਪਾਉਣਾ ਪੈਣਾ ਸੀ। ਮੈਂ ਮੰਮੀ ਜੀ ਦੀਆਂ ਮੋਮੋਠੱਗਣੀਆਂ ਚਾਲਾਂ ਨੂੰ ਸਮਝਣਾ ਸਿੱਖ ਗਈ ਸੀ। ਮੈਨੂੰ ਪਤਾ ਲੱਗ ਚੁੱਕਾ ਸੀ ਕਿ ਮੇਰੇ ਨਾਲ ਉਸ ਰਾਤ ਜੋ ਕੁਝ ਵਾਪਰਿਆ ਸੀ, ਉਹ ਮੰਮੀ ਜੀ ਦੀ ਮਿਲੀਭੁਗਤ ਦਾ ਸਿੱਟਾ ਸੀ ਤੇ ਫਿਰ ਮੈਂ ਵੀ ਇਕ ਚਾਲ ਚੱਲੀ।

ਜਦੋਂ ਪ੍ਰਤੀਕ ਡੇਢ ਸਾਲ ਦਾ ਹੋ ਗਿਆ ਤਾਂ ਮੈਂ ਮੰਮੀ ਨੂੰ ਆਪਣੀ ਪੀਐੱਚ. ਡੀ. ਲਈ ਮਨਾ ਲਿਆ। ਰਜਿਸਟ੍ਰੇਸ਼ਨ ਕਰਾਉਣ ਤੋਂ ਬਾਦ ਮੈਨੂੰ ਆਪਣੇ ਵਿਸ਼ੇ ਨਾਲ ਸੰਬੰਧਤ ਕਿਤਾਬਾਂ ਅਤੇ ਹੋਰ ਸਮੱਗਰੀ ਲੱਭਣ ਲਈ ਅਕਸਰ ਯੂਨੀਵਰਸਿਟੀ ਦੀ ਲਾਇਬ੍ਰੇਰੀ 'ਚ ਜਾਣਾ ਪੈਂਦਾ ਸੀ। ਉਥੇ ਹੀ ਇਕ ਦਿਨ ਮੇਰੀ ਮੁਲਾਕਾਤ ਸੁਖਜੀਤ ਨਾਲ ਹੋਈ ਸੀ। ਉਹ ਵੀ ਪੀਐੱਚ. ਡੀ. ਕਰ ਰਿਹਾ ਸੀ। ਮੈਨੂੰ ਦੇਖਦਿਆਂ ਸਾਰ ਹੀ ਉਹ ਹੈਰਾਨੀ ਨਾਲ ਪੁੱਛਣ ਲੱਗਾ, "ਨਵਨੀਤ, ਤੂੰ ਇਥੇ...?"

"ਹਾਂ, ਲਾਇਬ੍ਰੇਰੀ ਆਈ ਸਾਂ। ਮੈਡਮ ਸਤਿੰਦਰ ਗੋਚਰੇ ਵੀ ਥੋੜ੍ਹਾ ਜਿਹਾ ਕੰਮ ਸੀ।"

"ਹੱਛਾ...ਕੀ ਤੂੰ ਵੀ...?"

"ਹਾਂ, ਪੀਐੱਚ. ਡੀ. ਸ਼ੁਰੂ ਕੀਤੀ ਹੈ।" ਮੈਂ ਉਸਦੀ ਗੱਲ ਨੂੰ ਵਿਚੋਂ ਟੋਕਦਿਆਂ ਆਖਿਆ।

ਫਿਰ ਅਸੀਂ ਕਿੰਨਾ ਚਿਰ ਲਾਇਬ੍ਰੇਰੀ ਦੇ ਬਾਹਰ ਬਣੀ ਕੰਟੀਨ 'ਚ ਬੈਠੇ ਗੱਲਾਂ ਕਰਦੇ ਰਹੇ। ਗੱਲਾਂ ਕਰਦਿਆਂ ਕਰਦਿਆਂ ਹੌਲੀ-ਹੌਲੀ ਅਸੀਂ ਪਰਿਵਾਰਕ ਵਿਸ਼ਿਆਂ 'ਤੇ ਗੱਲਾਂ ਛੋਹ ਲਈਆਂ ਸਨ।

"ਨਵਨੀਤ, ਤੇਰੇ ਵਿਆਹ ਬਾਰੇ ਸੁਣ ਕੇ ਬੜਾ ਦੁੱਖ ਹੋਇਆ ਮੈਨੂੰ। ਇਹ ਹੋਇਆ ਕਿਵੇਂ...?" ਅਚਾਨਕ ਸੁਖਜੀਤ ਨੇ ਪੁੱਛਿਆ।

ਮੈਂ ਨੀਵੀਂ ਪਾ ਕੇ ਚੁੱਪ ਬੈਠੀ ਰਹੀ। ਭਲਾ ਕੀ ਜਵਾਬ ਦਿੰਦੀ। ਇਹ ਤਾਂ ਮੇਰੀ ਆਪ ਸਹੇੜੀ ਮੁਸੀਬਤ ਸੀ। ਗੱਲਾਂ ਗੱਲਾਂ 'ਚ ਉਸਨੇ ਆਪਣੀ ਮੰਗਣੀ ਬਾਰੇ ਵੀ ਦੱਸਿਆ। ਮੈਂ ਗੱਲ ਹੋਰ ਪਾਸੇ ਪਾਉਣ ਲਈ ਉਸ ਨੂੰ ਛੇੜਨ ਵਾਲੇ ਅੰਦਾਜ਼ ਨਾਲ ਪੁੱਛਿਆ, "ਤੂੰ ਤਾਂ ਆਪਣੇ ਵਰਗੀ ਲੱਭੀ ਹੋਣੀ ਆ...ਸਮਾਰਟ ਐਂਡ ਇੰਟੈਲੀਜੈਂਟ...?"

"ਨਹੀਂ, ਉਹ ਸਾਧਾਰਨ ਜਿਹੀ ਕੁੜੀ ਹੈ। ਰਿਸ਼ਤੇਦਾਰੀ ਦਾ ਮਾਮਲਾ ਸੀ। ਨਾਂਹ ਨਹੀਂ ਕਰ ਸਕਿਆ।" ਉਸ ਗੰਭੀਰਤਾ ਨਾਲ ਦੱਸਿਆ ਤੇ ਫਿਰ ਨਿਗਾਹ ਮੇਰੇ ਚਿਹਰੇ 'ਤੇ ਟਿਕਾ ਕੇ ਹੱਸਦਾ ਹੋਇਆ ਕਹਿਣ ਲੱਗਾ, "ਤੇਰੇ ਵਰਗੀ ਖ਼ੂਬਸੂਰਤ ਤੇ ਇੰਟੈਲੀਜੈਂਟ ਨਹੀਂ।"

"ਪਰ ਮੈਂ ਤਾਂ...।" ਮੈਂ ਕੁਝ ਕਹਿਣ ਲੱਗੀ ਸੀ ਪਰ ਝਿਜਕ ਕਾਰਨ ਕਹਿ ਨਾ ਸਕੀ।

ਤੇ ਇਸ ਤਰ੍ਹਾਂ ਮੇਰਾ ਅਤੇ ਸੁਖਜੀਤ ਦਾ ਮੇਲ ਮਿਲਾਪ ਦੁਬਾਰਾ ਸ਼ੁਰੂ ਹੋ ਗਿਆ। ਉਹ ਮੇਰੇ ਕੋਲੋਂ ਮੇਰੀਆਂ ਪਰਿਵਾਰਕ ਪਰਿਸਥਿਤੀਆਂ ਬਾਰੇ ਪੁੱਛਦਾ ਤੇ ਹਮਦਰਦੀ ਜਤਾਉਂਦਾ। ਹੌਲੀ ਹੌਲੀ ਉਹ ਮੈਨੂੰ ਚੰਗਾ ਲੱਗਣ ਲੱਗ ਪਿਆ ਤੇ ਅਸੀਂ ਇਕ ਦੂਜੇ ਦੇ ਬਹੁਤ ਨੇੜੇ ਹੋ ਗਏ ਤੇ ਫਿਰ ਨੇੜਤਾ ਨੇ ਦੋਹਾਂ ਦੀਆਂ ਵਲਗਣਾਂ ਵੀ ਤੋੜ ਸੁੱਟੀਆਂ। ਜ਼ਿੰਦਗੀ 'ਚ ਪਹਿਲੀ ਵਾਰ ਮੈਂ ਇੰਨੀ ਖ਼ੁਸ਼ ਸੀ। ਰੂਹ ਖਿੜੀ ਖਿੜੀ ਰਹਿੰਦੀ ਤੇ ਮੈਂ ਇਕ ਤਿਤਲੀ ਵਾਂਗ ਰੁਮਾਨੀ ਦੁਨੀਆ 'ਚ ਉਡਾਰੀਆਂ ਮਾਰਦੀ ਰਹਿੰਦੀ। ਘਰ ਵੱਲੋਂ ਮੈਂ ਬਿਲਕੁਲ ਅਵੇਸਲੀ ਹੋ ਗਈ ਸੀ ਤੇ ਮੇਰੀ ਲਾਪਰਵਾਹੀ ਸਦਕਾ ਪ੍ਰਤੀਕ ਅਕਸਰ ਬਿਮਾਰ ਰਹਿਣ ਲੱਗ ਪਿਆ। ਮੈਨੂੰ ਸਨਦੀਪ ਤੋਂ ਵੀ ਖਿਝ ਚੜ੍ਹਨ ਲੱਗ ਪਈ ਸੀ। ਜਦੋਂ ਉਹ ਮੇਰੇ ਨਾਲ ਲਾਡ ਕਰਨ ਦੀ ਕੋਸ਼ਿਸ਼ ਕਰਦਾ, ਮੈਂ ਝਿੜਕ ਕੇ ਪਰ੍ਹਾਂ ਭਜਾ ਦਿੰਦੀ। ਇਕ ਦੋ ਵਾਰ ਤਾਂ ਮੈਂ ਉਸ ਉੱਤੇ ਹੱਥ ਵੀ ਚੁੱਕਿਆ। ਮੰਮੀ ਜੀ ਮੇਰੇ ਸੁਭਾਅ 'ਚ ਆ ਰਹੀਆਂ ਤਬਦੀਲੀਆਂ ਤੋਂ ਦੁਖੀ ਸੀ ਪਰ ਮੈਨੂੰ ਕੁਝ ਕਹਿਣ ਤੋਂ ਬੇਵੱਸ ਸੀ।

ਇਹ ਸਿਲਸਿਲਾ ਚਾਰ ਕੁ ਮਹੀਨੇ ਇੰਝ ਹੀ ਲਗਾਤਾਰ ਚੱਲਦਾ ਰਿਹਾ। ਇਕ ਦਿਨ ਮੈਂ ਆਪਣੇ

ਥੀਸਿਸ ਦੇ ਸੰਬੰਧ ਵਿਚ ਲਾਇਬ੍ਰੇਰੀ ਗਈ ਹੋਈ ਸੀ ਤੇ ਮੈਂ ਸੁਖਜੀਤ ਨੂੰ ਫ਼ੋਨ ਕਰਕੇ ਬੁਲਾ ਲਿਆ। ਉਸ ਦਿਨ ਉਹ ਮੈਨੂੰ ਕੁਝ ਬਦਲਿਆ ਬਦਲਿਆ ਜਾਪਿਆ। ਮੇਰੇ ਪੁੱਛਣ 'ਤੇ ਉਸਨੇ ਹਿਚਕਚਾਉਂਦੇ ਹੋਏ ਦੱਸਿਆ ਕਿ ਅਗਲੇ ਮਹੀਨੇ ਉਸਦਾ ਵਿਆਹ ਹੈ। ਉਸਦੀ ਗੱਲ ਸੁਣ ਕੇ ਮੈਨੂੰ ਇਕਦਮ ਘੇਰਨੀ ਆ ਗਈ, "ਸੁਖਜੀਤ, ਇਹ ਕਿੱਦਾਂ ਹੋ ਸਕਦਾ ? ਪਲੀਜ਼ ਤੂੰ ਵਿਆਹ ਤੋਂ ਨਾਂਹ ਕਰ ਦੇ। ਮੈਂ ਤੇਰੇ ਬਿਨਾਂ ਨਹੀਂ ਜੀ ਸਕਦੀ। ਮੈਂ ਵੀ ਸਨਦੀਪ ਤੋਂ ਤਲਾਕ ਲੈ ਲੈਂਦੀ ਹਾਂ। ਆਪਾਂ ਦੋਵੇਂ ਇਕੱਠੇ ਜੀਵਾਂਗੇ।" ਮੈਂ ਰੋਂਦੀ ਹੋਈ ਪਤਾ ਨਹੀਂ ਕੀ ਕੁਝ ਕਹੀ ਜਾ ਰਹੀ ਸੀ।

"ਨਹੀਂ, ਇਹ ਮੇਰੀ ਰਿਸ਼ਤੇਦਾਰੀ ਦਾ ਮਾਮਲਾ ਹੈ। ਮੈਂ ਨਾਂਹ ਨਹੀਂ ਕਰ ਸਕਦਾ। ਉਂਞ ਵੀ ਮੇਰੇ ਘਰ ਵਾਲਿਆਂ ਨੇ ਤੈਨੂੰ ਕਦੇ ਸਵੀਕਾਰ ਨਹੀਂ ਕਰਨਾ।"

"ਤੇ ਤੂੰ ?" ਮੈਂ ਹੰਝੂ ਪੂੰਝ ਕੇ ਆਖਿਆ।

"ਜ਼ਿੱਦ ਨਾ ਕਰ। ਮੈਂ...ਮੈਂ ਮਜ਼ਬੂਰ ਹਾਂ। ਮੈਂ ਉਨ੍ਹਾਂ ਤੋਂ ਬਾਹਰਾ ਹੋ ਕੇ ਕੁਝ ਨਹੀਂ ਕਰ ਸਕਦਾ।"

"ਤੇ ਫਿਰ ਮੇਰੇ ਕੋਲ ਕੀ ਲੈਣ ਆਇਆ ਸੀ। ਤੂੰ ਮੈਨੂੰ ਗੁੰਮਰਾਹ ਕਿਉਂ ਕੀਤਾ ?"

"ਮੈਂ ਤੇਰੇ ਕੋਲ ਨਹੀਂ ਆਇਆ ਸੀ, ਤੂੰ ਹੀ ਮੇਰੇ ਕੋਲ ਆਈ ਸੀ। ਤੇਰੀਆਂ ਆਪਣੀਆਂ ਲੋੜਾਂ ਸਨ। ਤੂੰ ਮੈਨੂੰ ਦੋਸ਼ ਨਹੀਂ ਦੇ ਸਕਦੀ। ਤੇਰੇ ਵਰਗੀ ਤੀਵੀਂ ਜੋ ਲਾਲਚ ਵੱਸ ਕਿਸੇ ਪਾਗਲ ਨਾਲ ਵਿਆਹ ਕਰਾ ਸਕਦੀ ਆ, ਉਹ ਹੋਰ ਕਿਸੇ ਮਰਦ ਨੂੰ ਭੋਗਣ ਲਈ ਕਿਸੇ ਵੀ ਹੱਦ ਤੀਕ ਜਾ ਸਕਦੀ ਹੈ। ਮੈਨੂੰ ਤੇਰਾ ਇਤਬਾਰ ਨਹੀਂ।" ਸੁਖਜੀਤ ਕੌੜੀਆਂ ਕੁਸੈਲੀਆਂ ਗੱਲਾਂ ਕਰਕੇ ਅਗਾਂਹ ਤੁਰ ਗਿਆ ਸੀ ਪਰ ਉਸ ਦੀਆਂ ਗੱਲਾਂ ਨੇ ਮੇਰੇ ਦਿਮਾਗ਼ ਨੂੰ ਸੁੰਨ ਕਰ ਦਿੱਤਾ। ਉਹਦੇ ਸ਼ਬਦ ਮੇਰੇ ਦਿਮਾਗ਼ ਵਿਚ ਗੂੰਜ ਰਹੇ ਸਨ...'ਤੇਰੇ ਵਰਗੀ ਤੀਵੀਂ'। ਉਹ ਮੈਨੂੰ ਆਪਣੇ ਸਹੁਰੇ ਤੋਂ ਵੀ ਘਟੀਆ ਆਦਮੀ ਲੱਗਾ। ਕੁਝ ਚਿਰ ਮੈਂ ਉਥੇ ਖਲੋਤੀ ਅੱਥਰੂ ਪੂੰਝਦੀ ਰਹੀ। ਫਿਰ ਥੱਕ ਹਾਰ ਕੇ ਘਰ ਆ ਗਈ।

ਬਾਹਰਲੇ ਗੇਟ ਕੋਲ ਖੜ੍ਹਾ ਸਨਦੀਪ ਮੈਨੂੰ ਉਡੀਕ ਰਿਹਾ ਸੀ। ਮੈਂ ਉਸ ਨੂੰ ਘੁੱਟ ਕੇ ਜੱਫੀ ਪਾ ਲਈ ਤੇ ਉੱਚੀ ਉੱਚੀ ਰੋਣ ਲੱਗ ਪਈ। ਉਹ ਡੌਰ ਭੌਰ ਹੋਇਆ ਮੇਰੀ ਬਾਂਹ ਫੜ ਕੇ ਮੈਨੂੰ ਅੰਦਰ ਲੈ ਗਿਆ। ਉਸ ਦਿਨ ਮੈਨੂੰ ਮਹਿਸੂਸ ਹੋਇਆ ਕਿ ਸਾਰੀ ਦੁਨੀਆ 'ਚੋਂ ਸਿਰਫ਼ ਇਹੋ ਇਕ ਮਰਦ ਹੈ ਜੋ ਮੇਰੇ ਨਾਲ ਨਿਰਛਲ ਮੁਹੱਬਤ ਕਰਦਾ ਹੈ। ਇਹ ਆਪਣੇ ਆਪ ਨੂੰ ਸਿਆਣੇ ਕਹਾਉਂਦੇ ਕਾਮ ਪੂਰਤੀ ਲਈ ਭਟਕਦੇ ਉਨ੍ਹਾਂ ਅਪਾਹਜ ਕਾਮੀ ਕੀੜਿਆਂ ਨਾਲੋਂ ਹਜ਼ਾਰ ਗੁਣਾ ਬਿਹਤਰ ਹੈ।

ਅਗਲੇ ਕੁਝ ਦਿਨਾਂ 'ਚ ਮੈਂ ਆਪਣੇ ਆਪ ਨੂੰ ਫਿਰ ਸੰਭਾਲ ਲਿਆ ਤੇ ਆਪਣੀ ਅਗਲੀ ਜ਼ਿੰਦਗੀ 'ਚ ਅੱਖਾਂ ਤੇ ਦਿਮਾਗ਼ ਖੋਲ੍ਹ ਕੇ ਹਰ ਕਦਮ ਪੁੱਟਣ ਦਾ ਫ਼ੈਸਲਾ ਕੀਤਾ। ਇਨ੍ਹਾਂ ਦਿਨਾਂ 'ਚ ਇਕ ਹੋਰ ਘਟਨਾ ਵਾਪਰੀ, ਜਿਸ ਨੇ ਮੇਰੇ ਵਜੂਦ 'ਤੇ ਸੰਜੀਵਨੀ ਬੂਟੀ ਵਰਗਾ ਅਸਰ ਕੀਤਾ।

ਕਹਿੰਦੇ ਨੇ ਕਿ ਪਾਪ ਦੇ ਭਰੇ ਘੜੇ ਨੇ ਆਖ਼ਿਰ ਇਕ ਦਿਨ ਟੁੱਟ ਹੀ ਜਾਣਾ ਹੁੰਦਾ। ਮੇਰੇ ਸਹੁਰੇ ਦੀਆਂ ਕਰਤੂਤਾਂ ਦਾ ਘੜਾ ਵੀ ਕਾਫ਼ੀ ਚਿਰ ਤੋਂ ਉੱਛਲ ਰਿਹਾ ਸੀ। ਉਹ ਆਪਣੇ ਕਾਲੇ ਕਾਰਨਾਮਿਆਂ ਅਤੇ ਰਿਸ਼ਵਤਖੋਰੀ ਕਰਕੇ ਆਪਣੇ ਮਹਿਕਮੇ 'ਚ ਪਹਿਲਾਂ ਹੀ ਕਾਫ਼ੀ ਬਦਨਾਮ ਸੀ ਤੇ ਫਿਰ ਇਕ ਦਿਨ ਉਸਦੇ ਪਾਪਾਂ ਦਾ ਘੜਾ ਵੀ ਅਜਿਹਾ ਟੁੱਟਿਆ ਕਿ ਠੀਕਰੇ ਦੂਰ ਦੂਰ ਤਕ ਖਿੱਲਰ ਗਏ। ਅਸਲ 'ਚ ਕਾਫ਼ੀ ਚਿਰ ਤੋਂ ਉਸ ਦੀਆਂ ਕਰਤੂਤਾਂ ਉੱਤੇ ਖੁਫ਼ੀਆ ਏਜੰਸੀਆਂ ਦੀ ਅੱਖ ਸੀ ਤੇ ਇਕ ਦਿਨ ਉਨ੍ਹਾਂ ਨੇ ਉਸ ਨੂੰ ਗੁਆਂਢੀ ਦੇਸ਼ ਦੀਆਂ ਖੁਫ਼ੀਆ ਏਜੰਸੀਆਂ ਨੂੰ ਆਪਣੇ ਦੇਸ਼ ਦੇ ਰੱਖਿਆ ਮਹਿਕਮੇ ਦੀ ਗੁਪਤ ਜਾਣਕਾਰੀ ਦੇਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕੋਲ ਉਸਦੇ ਖ਼ਿਲਾਫ਼ ਕਾਫ਼ੀ ਸਬੂਤ ਸਨ। ਇਸ ਲਈ ਮੰਮੀ ਜੀ ਵੀ ਕੁਝ ਨਾ ਕਰ ਸਕੇ। ਬਹੁਤ ਜ਼ਿਆਦਾ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਜ਼ਮਾਨਤ ਨਾ ਹੋ ਸਕੀ ਤੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। ਇਸ ਘਟਨਾ ਦਾ ਮੰਮੀ ਜੀ ਨੂੰ ਗਹਿਰਾ ਸਦਮਾ ਲੱਗਾ। ਉਹ ਕਿੰਨੇ ਦਿਨ ਸੋਫ਼ੇ 'ਤੇ ਬੈਠੇ ਰੋਂਦੇ ਤੇ ਝੂਰਦੇ ਰਹੇ। ਅਸਲ 'ਚ ਖ਼ੁਫ਼ੀਆ ਏਜੰਸੀਆਂ ਦੇ ਕਰਿੰਦਿਆਂ ਨੇ ਘਰ ਦੀ ਹਰੇਕ



ਨੁੱਕਰ ਨੂੰ ਛਾਣ ਛਾਣ ਕੇ ਤਲਾਸ਼ੀ ਲਈ ਤੇ ਘਰ 'ਚ ਲੁਕਾਏ ਧਨ ਦੇ ਕੁਬੇਰ ਨੂੰ ਆਪਣੇ ਕਬਜ਼ੇ 'ਚ ਕਰ ਲਿਆ। ਇਹ ਧਨ ਕੁਬੇਰ ਮੇਰੇ ਸਹੁਰੇ ਦੀ ਸਾਰੀ ਉਮਰ ਦੀ ਕਮਾਈ ਸੀ ਜਿਸ ਨੂੰ ਸੰਭਾਲਣ 'ਚ ਮੰਮੀ ਜੀ ਦਾ ਵੀ ਭਰਪੂਰ ਯੋਗਦਾਨ ਸੀ।

ਵਿਚਾਰੇ ਮੰਮੀ ਜੀ ! ਉਨ੍ਹਾਂ ਨੇ ਹੌਲੀ ਹੌਲੀ ਆਪਣੇ ਆਪ ਨੂੰ ਸੰਭਾਲਿਆ ਤੇ ਕਾਲਜ ਜਾਣਾ ਸ਼ੁਰੂ ਕਰ ਦਿੱਤਾ। ਪਰ ਉਥੇ ਵੀ ਉਨ੍ਹਾਂ ਨੂੰ ਆਪਣੇ ਕੁਲੀਗਜ਼ ਦੀ ਟੀਕਾ ਟਿੱਪਣੀ ਸੁਣਨੀ ਪੈਂਦੀ ਸੀ। ਕਦੇ ਕਦੇ ਕਿਵੇਂ ਬੰਦੇ ਦੀਆਂ ਆਪਣੀਆਂ ਚਾਲਾਂ ਹੀ ਪੁੱਠੀਆਂ ਪੈ ਜਾਂਦੀਆਂ ਹਨ।

ਉਂਞ ਹੁਣ ਮੰਮੀ ਜੀ ਦੇ ਸੁਭਾਅ 'ਚ ਕਾਫ਼ੀ ਫ਼ਰਕ ਪੈ ਗਿਆ ਹੈ। ਉਹ ਚਾਹੁੰਦੇ ਹਨ ਕਿ ਅਗਲੇ ਸ਼ੈਸ਼ਨ ਤੋਂ ਮੈਂ ਵੀ ਕੋਈ ਕਾਲਜ ਜੁਆਇਨ ਕਰ ਲਵਾਂ। ਮੈਂ ਵੀ ਇਹੋ ਸੋਚਦੀ ਹਾਂ ਕਿ ਆਪਣੀ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕਰਾਂ। ਸਭ ਤੋਂ ਪਹਿਲਾਂ ਤਾਂ ਮੈਂ ਆਪਣੀ ਪੀਐੱਚ. ਡੀ. ਪੂਰੀ ਕਰਾਂਗੀ ਤੇ ਫਿਰ ਕੋਈ ਕਾਲਜ ਜੁਆਇਨ ਕਰਾਂਗੀ।

ਜਦੋਂ ਕਦੇ ਪਿਛਾਂਹ ਮੁੜ ਕੇ ਦੇਖਦੀ ਹਾਂ ਤਾਂ ਇੰਜ ਜਾਪਦਾ ਹੈ ਜਿਵੇਂ ਇਨ੍ਹਾਂ ਢਾਈ ਸਾਲਾਂ 'ਚ ਢਾਈ ਯੁੱਗ ਲੰਘ ਆਈ ਹੋਵਾਂ।

"ਮੰਮਾ" ਪ੍ਰਤੀਕ ਦਾ ਹਾਸਾ ਇਕ ਛਣਕਣੇ ਵਾਂਗ ਛਣਕਦਾ ਹੈ। ਉਸਦੀ ਕਿਲਕਾਰੀ ਨੇ ਮੇਰੀਆਂ ਸੋਚਾਂ ਦੀਆਂ ਤੰਦਾਂ ਨੂੰ ਤੋੜ ਦਿੱਤਾ ਹੈ। ਸਨਦੀਪ ਉਸਦੀ ਉਂਗਲ ਫੜ ਕੇ ਉਸ ਨੂੰ ਮੇਰੇ ਵੱਲ ਲਿਆ ਰਿਹਾ ਹੈ। ਮੈਂ ਦੋਵਾਂ ਨੂੰ ਜ਼ਿੰਦਗੀ ਵਾਂਗ ਕਲਾਵੇ 'ਚ ਲੈ ਲੈਂਦੀ ਹਾਂ।

ਹਾਂ ਸੱਚ, ਕੱਲ੍ਹ ਮਾਂ ਆਈ ਸੀ। ਦੱਸ ਰਹੀ ਸੀ ਕਿ ਭਾਪਾ ਹੁਣ ਪਹਿਲਾਂ ਨਾਲੋਂ ਕਾਇਮ ਹੋ ਗਿਆ ਹੈ। ਹੁਣ ਉਹ ਖੇਤਾਂ 'ਚ ਮਾੜਾ ਮੋਟਾ ਕੰਮ ਵੀ ਕਰਨ ਲੱਗ ਪਿਆ ਹੈ। ਉਸਨੇ ਇਹ ਵੀ ਦੱਸਿਆ ਕਿ ਐਤਕੀਂ ਸਬਜ਼ੀਆਂ ਦਾ ਸੀਜ਼ਨ ਬੜਾ ਮਾੜਾ ਰਿਹਾ। ਮਟਰਾਂ ਦੇ ਭਾਅ ਇੰਨੇ ਡਿੱਗ ਪਏ ਕਿ ਲੋਕਾਂ ਕੋਲੋਂ ਤੁੜਾਈ ਦਾ ਖਰਚਾ ਵੀ ਪੂਰਾ ਨਹੀਂ ਹੋ ਸਕਿਆ। ਇਸ ਲਈ ਭਾਪੇ ਨੇ ਮਟਰਾਂ ਤੇ ਵਹਾਈ ਕਰਾ ਕੇ ਪਿਛੇਤੀ ਕਣਕ ਬੀਜ ਦਿੱਤੀ ਹੈ। ਉਂਞ ਪਿਛੇਤੀ ਕਣਕ 'ਚੋਂ ਵੀ ਹੁਣ ਕੀ ਨਿਕਲਣਾ।" ਮਾਂ ਨੇ ਹਉਕਾ ਭਰ ਕੇ ਕਿਹਾ ਸੀ।

ਉਹ ਪ੍ਰਤੀਕ ਲਈ ਸਵੈਟਰ ਉਣ ਕੇ ਲਿਆਈ ਸੀ। ਪ੍ਰਤੀਕ ਨੂੰ ਸਵੈਟਰ ਪਾਉਂਦਿਆਂ ਹੱਸਦੀ ਹੱਸਦੀ ਕਹਿਣ ਲੱਗੀ, "ਰੱਬ ਤੇਰੀ ਜੋੜੀ ਬਣਾਵੇ।"

ਮਾਂ ਨੇ ਇੰਝ ਕਿਉਂ ਕਿਹਾ ?

ਕੀ ਮਾਂ ਨਹੀਂ ਜਾਣਦੀ ਕਿ ਮੇਰਾ ਇਹ ਬੱਚਾ ਪਤੀ ਬੱਚੇ ਪੈਦਾ ਕਰਨ ਦੇ ਯੋਗ ਹੈ ?

ਕੀ ਮਾਂ ਜਾਣ ਬੁਝ ਕੇ ਅਣਜਾਣ ਬਣੀ ਹੋਈ ਹੈ ?

ਕੀ ਉਹ ਵੀ ਇਸ ਦੰਭ ਵਿਚ ਸ਼ਾਮਿਲ ਹੈ ?

ਮਾਂ ਦੀ ਗੱਲ ਸੁਣ ਕੇ ਮੰਮੀ ਜੀ ਕਿਉਂ ਹੱਸ ਪਈ ?

ਨਹੀਂ...ਨਹੀਂ...ਇਹ ਕੁਕਰਮ ਮੈਂ ਦੁਬਾਰਾ ਨਹੀਂ ਹੋਣ ਦਿਆਂਗੀ...ਹੱਥ ਵੱਢ ਕੇ ਰੱਖ ਦਿਆਂਗੀ ਉਹਦੇ...ਇਸ ਘਰ ਨੂੰ ਅੱਗ ਲਾ ਦਿਆਂਗੀ।

ਇਹ ਮੈਂ ਕੀ ਸੋਚ ਰਹੀ ਹਾਂ...

ਮੈਨੂੰ ਗੁੱਸਾ ਆ ਰਿਹਾ ਹੈ...

ਮੈਨੂੰ ਇੰਨਾ ਗੁੱਸਾ ਕਿਉਂ ਆ ਰਿਹਾ ਹੈ...

ਹਾਂ, ਹੁਣ ਮੈਨੂੰ ਠੰਡਾ ਪਾਣੀ ਪੀਣਾ ਚਾਹੀਦਾ...

ਹਾਂ, ਇਹੀ ਠੀਕ ਰਹੇਗਾ।

(**ਸੰਪਰਕ 94636-13986**)

# ਕਹਾਣੀ / ਸ਼ਤਰੰਜ / -ਕਮਲ ਸੇਖੋਂ

*('ਸ਼ਤਰੰਜ' ਵਿਚ ਉਹ ਔਰਤ ਪੇਸ਼ ਹੋਈ ਏ, ਜਿਹੜੀ ਆਪਣੀਆਂ ਦੈਹਿਕ ਲੋੜਾ ਕਾਰਨ ਪਹਿਲਾਂ ਵਿਆਹ ਬਾਹਰੇ ਸੰਬੰਧ ਦੇ ਜਾਲ਼ ਵਿਚ ਫਸਦੀ ਹੈ ਫਿਰ ਉਸੇ ਜਾਲ਼ ਵਿਚੋਂ ਨਿਕਲਣ ਲਈ, ਉਸ ਨਾਲ ਸਬੰਧ ਬਣਾਉਣ ਵਾਲੇ 'ਅੰਬਰਦੀਪ' ਦਾ ਆਸਰਾ ਭਾਲਦੀ ਹੈ। ਪਰ ਸਮਾਜਿਕ ਸਿਸਟਮ ਵਿਚ ਡੌਮੀਨੇਟ ਕਰਨ ਵਾਲੇ ਮਰਦ ਪ੍ਰਧਾਨ ਸਮਾਜ ਵਿਚ ਵਿਚਰਦੇ ਅੰਬਰਦੀਪ ਨੂੰ ਇਹ ਅਨੈਤਿਕ ਕਾਰਜ ਲੱਗਦਾ ਹੈ। ਜਿਸ ਕਾਰਨ ਉਹ ਉਸ ਔਰਤ ਨੂੰ ਆਪਣੀ ਪਤਨੀ ਬਣਾਉਣ ਤੋਂ ਇਨਕਾਰੀ ਹੋ ਜਾਂਦਾ ਹੈ। ਵਿਆਹ ਬਾਹਰੇ ਸੰਬੰਧ ਸੁਰਜੀਤ ਕੌਰ ਦਾ ਸਾਰਾ ਜੀਵਨ ਉਥਲ ਪੁੱਥਲ ਕਰ ਦਿੰਦਾ ਹੈ। -ਸੰਪਾਦਕ)*

ਜੇਠ ਮਹੀਨੇ ਦਾ ਤਿੱਖੜ ਦੁਪਹਿਰਾ , ਉੱਤੋਂ ਕਹਿਰ ਦੀ ਗਰਮੀ ਸੀ ਜਦੋਂ ਮੈਂ ਰਾਣੋ ਦੇ ਘਰੋਂ ਮੁੜੀ , ਡਰਾਇਵਰ ਨੇ ਕਿਸੇ ਕੰਮ ਜਾਣਾ ਸੀ ਇਸ ਲਈ ਉਹ ਮੈਨੂੰ ਗਲੀ ਦੇ ਮੋੜ 'ਤੇ ਉਤਾਰ ਗਿਆ। ਗਲੀ ਵਿਚ ਵੜਦਿਆਂ ਹੀ ਪੰਜਵੀਂ ਕੋਠੀ ਮੇਰੀ ਆ। ਗਰਮੀ ਕਰਕੇ ਪੂਰੀ ਗਲੀ ਸੁੰਨੀ ਪਈ ਹੈ।

ਮਨ ਬਹੁਤ ਉਦਾਸ ਆ ਮੈਂ ਅੰਬਰਦੀਪ ਬਾਰੇ ਈ ਸੋਚੀ ਜਾਨੀ ਆ ਬੰਦੇ ਪਰਖਣ 'ਚ ਤਾਂ ਮੈਂ ਮਾਹਰ ਆ ਫਿਰ ਉਹਦੀਆਂ ਅੱਖਾਂ ਵਿਚ ਝਾਕ ਕੇ ਕਿਵੇਂ ਭੁਲੇਖਾ ਖਾ ਗਈ। ਏਦਾਂ ਉਹਨੇ ਮੇਰੇ ਨਾਲ ਕਿਉਂ ਕੀਤਾ? ... ਆਖਰ ਕੀ ਕਮੀ ਆ ਮੇਰੇ 'ਚ ?... ਸੋਹਣੀ - ਸੁਨੱਖੀ ਆ... ਉਹਦੇ ਨਾਲ ਜੱਚਦੀ ਆ ... ਉਂਝ ਤਾਂ ਮੇਰੀਆਂ ਲਾਲਾ ਚੱਟਣ ਤੀਕ ਜਾਂਦੈ ... ਵਿਆਹ ਦੇ ਨਾਂ 'ਤੇ ਪਤਾ ਨਹੀਂ ਕਿਉਂ ਪਿੱਸੂ ਪੈ ਗਏ ... ਜਦੋਂ ਦਾ ਉਹ ਮੇਰੀ ਜ਼ਿੰਦਗੀ 'ਚ ਆਇਆ ਉਹ ਤੋਂ ਬਾਅਦ ਮੈਂ ਆਪਣੇ ਸਰੀਰ ਨੂੰ ਕਿਸੇ ਦਾ ਹੱਥ ਨੀਂ ਲੱਗਣ ਦਿੱਤਾ। ਇਹ ਵੀ ਉਹ ਚੰਗੀ ਤਰ੍ਹਾਂ ਜਾਣਦੈ।... ਆਪਣੇ ਆਪ ਨਾਲ ਸਵਾਲਾਂ ਵਿਚ ਉਲਝੀ ਮੈਂ ਕੋਠੀ ਤੀਕ ਕਦ ਪਹੁੰਚ ਗਈ ਪਤਾ ਈ ਨਾ ਲੱਗਾ।

ਕਾਲੋਨੀ ਵਿਚ ਸਭ ਤੋਂ ਸ਼ਾਨਦਾਰ ਕੋਠੀ ਮੇਰੀ ਹੀ ਹੈ। ਮੈਂ ਬਾਹਰ ਖੜ੍ਹ ਕੇ ਕੋਠੀ ਨੂੰ ਨਿਹਾਰਦੀ ਹਾਂ। ਬਲੈਕ ਗਰੇਨਾਈਟ ਪੱਥਰ 'ਤੇ ਪਿੱਤਲ ਨਾਲ ਲਿਖੀ 'ਸੁਰਜੀਤ ਕੌਰ' ਵਾਲੀ ਨੇਮ ਪਲੇਟ ਦੇਖ ਕੇ ਜਾਣੀ ਰੂਹ ਖਿੜ ਜਿਹੀ ਗਈ ਪਰ ਕੀ ਕਰਾਂ ਘਰ ਤਾਂ ਪਰਿਵਾਰ ਨਾਲ ਹੁੰਦੈ । ਉਦਾਸ ਹੋਈ ਨੇ ਨੇਮ ਪਲੇਟ ਕੋਲ ਲੱਗੀ ਬੈੱਲ ਵਜਾਈ। ਸ਼ਾਂਤੀ ਨੇ ਗੇਟ ਖੋਲ੍ਹਿਆਂ ਗਰਮੀ ਨਾਲ ਹੱਫਦੀ ਹੋਈ ਅੰਦਰ ਵੜੀ ਤਾਂ ਅੱਖਾਂ ਮੂਹਰੇ ਇਕਦਮ 'ਨ੍ਹੇਰਾ ਜਿਹਾ ਆ ਗਿਆ। ਧੜੰਮ ਕਰਕੇ ਡਰਾਇੰਗ ਰੂਮ 'ਚ ਸੋਫੇ 'ਤੇ ਬੈਠ ਗਈ। ਏਨੇ ਨੂੰ ਸ਼ਾਂਤੀ ਪਾਣੀ ਲੈ ਆਈ। ਮੈਂ ਗਟਾਗਟ ਕਰਕੇ ਪਾਣੀ ਪੀਤਾ ਜਿਵੇਂ ਕਈ ਵਰ੍ਹਿਆਂ ਦੀ ਤਿਹਾਈ ਹੋਵਾਂ। ਸ਼ਾਂਤੀ ਨੇ ਚਾਹ ਲਈ ਪੁੱਛਿਆਂ। ਉਹਨੂੰ ਮਨ੍ਹਾ ਕਰਕੇ ਮੈਂ ਉੱਠ ਕੇ ਆਪਣੇ ਰੂਮ ਵਿਚ ਆ ਗਈ। ਏ. ਸੀ. ਆਨ ਕਰਕੇ ਬੈੱਡ 'ਤੇ ਲੇਟ ਅਤੀਤ ਦਾ ਪਿਟਾਰਾ ਖੋਲ੍ਹ ਬਹਿ ਗਈ।

...ਦਸਵੀਂ ਕਰ ਕੇ ਹਟੀ ਹੀ ਸਾਂ ਕਿ ਮਾਪਿਆ ਨੇ ਵਿਆਹੁਣ ਦੀ ਕੀਤੀ। ਪ੍ਰਹੁਣਾ ਫ਼ੌਜੀ ਮਿਲ ਗਿਆ ਸੀ। ਫ਼ੌਜੀ ਥੋੜ੍ਹੀ ਛੁੱਟੀ ਆਇਆ ਸੀ , ਸੋ ਛੇਤੀ-ਛੇਤੀ ਵਿਆਹ ਕਰ 'ਤਾ ਜਿੰਨਾਂ ਚਿਰ ਫ਼ੌਜੀ ਕੋਲ ਰਿਹਾ, ਦਿਨ ਤੀਆਂ ਵਾਂਗੂੰ ਲੰਘੇ। ਉਹਦੇ ਜਾਣ ਬਾਅਦ ਮਨ ਉਦਾਸ ਰਹਿਣ ਲੱਗਾ। ਕਿਤੇ ਵੀ ਜੀਅ ਨਾ ਲੱਗਿਆ ਕਰੇ। ਉਦਾਸ ਵੇਖ ਸੱਸ ਨੇ ਪੰਦਰਾਂ ਦਿਨਾਂ ਲਈ ਪੇਕੇ ਭੇਜ ਦਿੱਤਾ।

ਬੀਬੀ ਨੇ ਮੇਰੇ ਆਉਣ ਦਾ ਲਾਹਾ ਲਿਆ। ਨਿੱਕੀ ਨੂੰ ਮੇਰੇ ਕੋਲ ਛੱਡ ਕੇ ਬੀਬੀ ਤੇ ਪਾਪਾ ਬੀਮਾਰ ਨਾਨੀ ਦਾ ਪਤਾ ਲੈਣ ਮੇਰੇ ਨਾਨਕੇ ਰਾਜਸਥਾਨ ਚਲੇ ਗਏ ਬੀਬੀ ਹੁਰਾਂ ਨੂੰ ਤੋਰ ਕੇ ਮੈਂ ਤੇ ਨਿੱਕੀ ਜ਼ੈਲਦਾਰਾਂ ਦੇ ਖੇਤੋਂ ਸਾਗ ਤੋੜਨ ਚੱਲੀਆਂ ਗਈਆ। ਖੇਤ ਵਿਚ ਜਿੰਦਰ ਨੂੰ ਵੇਖ ਮੇਰਾ ਮਨ ਖਿੜ ਗਿਆ। ਸਕੂਲ ਵਿਚ ਮੈਂ ਤੇ ਜਿੰਦਰ 'ਕੱਠੇ ਪੜ੍ਹਦੇ ਸੀ। ਦੱਸਵੀਂ ਦੇ ਪੇਪਰਾਂ ਵਿਚ ਜਿੰਦਰ ਨੇ ਮੈਨੂੰ ਲਵ ਲੈਟਰ ਫੜਾਇਆਂ।



ਮੈਂ ਕੋਈ ਜੁਆਬ ਦਿੰਦੀ ਉਹਤੋਂ ਪਹਿਲਾਂ ਮੇਰੀ ਫ਼ੌਜੀ ਨਾਲ ਮੰਗਣੀ ਹੋ ਗਈ ਸਾਡੀ ਲਵ ਸਟੋਰੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਖਤਮ ਹੋ ਗਈ।

"ਬਾਈ ਸਾਗ ਤੋੜ ਲਈਏ ?" ਨਿੱਕੀ ਨੇ ਉੱਚੀ ਅਵਾਜ਼ ਮਾਰ ਜਿੰਦਰ ਤੋਂ ਪੁੱਛਿਆ।

"ਤੋੜ ਲੋ ਬੁੱਗੇ, ਥੋਡਾ ਈ ਖੇਤ ਆ।" ਜਿੰਦਰ ਮੇਰੇ ਵੱਲ ਵੇਖ ਖੱਚਰੀਂ ਜਿਹੀ ਹਾਸੀ ਹੱਸਿਆਂ। ਅੱਗੋਂ ਮੈਂ ਵੀ ਹੱਸ ਪਈ ਤਾਂ ਉਹਦਾ ਹੌਂਸਲਾ ਵੱਧ ਗਿਆ। ਉਹ ਮੇਰੇ ਹੋਰ ਨੇੜੇ ਆ ਗਿਆ। ਨਿੱਕੀ ਪਰਲੇ ਪਾਸੇ ਸਾਗ ਤੋੜਦੀ ਸੀ। ਉਹਦਾ ਸਾਰਾ ਧਿਆਨ ਸਾਗ ਤੋੜਨ ਵੱਲ ਸੀ।

"ਕਿਵੇਂ ਆ ?"

"ਠੀਕ ਆ ... ਅਸੀਂ ਘਰੇ 'ਕੱਲੀਆਂ ਆ, ਰਾਤ ਨੂੰ ਆ ਜੀ ਸਾਢੇ ਦਸ ਵਜੇ।"

ਮੈਂ ਜੇਰਾ ਕਰ ਹੌਲੀ ਜਿਹੀ ਉਹਦੇ ਨੇੜੇ ਹੋ ਕੇ ਆਖਿਆ।

ਉਹ ਅੱਖ ਮਾਰ ਕੇ ਹੱਸਦਾ ਹੋਇਆ ਅੱਗੇ ਲੰਘ ਗਿਆ।

ਸਿਆਲਾਂ ਦੇ ਦਿਨ ਛੋਟੇ ਹੁੰਦੇ ਆ ਮੈਂ ਤੇ ਨਿੱਕੀ ਨੇ ਵੇਲੇ ਸਿਰ ਰੋਟੀ ਬਣਾ ਕੇ ਖਾ ਲਈ ਬਾਹਰਲੇ ਗੇਟ ਨੂੰ ਜਿੰਦਰਾ ਮਾਰ ਅਸੀਂ ਦੋਵੇਂ ਆਪੋ-ਆਪਣੇ ਬਿਸਤਰਿਆਂ ਵਿਚ ਵੜ ਗਈਆ।

ਨਿੱਕੀ ਆਪਣੀਆਂ ਸਕੂਲ ਦੀਆਂ ਗੱਲਾਂ ਸੁਣਾਈ ਜਾਵੇ। ਮੇਰਾ ਧਿਆਨ ਉਹ ਦੀਆਂ ਗੱਲਾਂ ਵੱਲ ਘੱਟ, ਕੰਧ 'ਤੇ ਲੱਗੀ ਘੜੀ ਵੱਲ ਵੱਧ ਸੀ।

"ਸੌਂ ਜਾਹ ਹੁਣ, ਮੈਨੂੰ ਵੀ ਨੀਂਦ ਆਈ ਜਾਂਦੀ ਆ।" ਦਸ ਵੱਜਣ ਵਾਲੇ ਦੇਖ ਮੈਂ ਨਿੱਕੀ ਨੂੰ ਝਿੜਕ ਦਿੱਤਾ। ਛੇਤੀ ਹੀ ਉਹ ਨਿੱਕੇ-ਨਿੱਕੇ ਘੁਰਾੜੇ ਮਾਰਨ ਲੱਗੀ। ਮੈਂ ਸੁੱਖ ਦਾ ਸਾਹ ਲਿਆ। ਬਿਸਤਰੇ 'ਚੋਂ ਨਿਕਲ ਕੇ ਮੈਂ ਬਾਹਰ ਦੀਆਂ ਬਿੜਕਾਂ ਲੈਣ ਲੱਗੀ। ਠੰਢ ਪੂਰੇ ਜੋਬਨ 'ਤੇ ਸੀ। ਪਿੰਡ ਵਾਲੇ ਰਜਾਈਆਂ ਨਿੱਘੀਆਂ ਕਰ ਨੀਂਦ ਦੀ ਬੁੱਕਲ ਵਿਚ ਚਲੇ ਗਏ ਸਨ। ਬਾਹਰ ਏਨਾਂ ਸੰਨਾਟਾ ਸੀ ਕਿ ਮੈਨੂੰ ਆਵਦੇ ਤੇਜ਼-ਤੇਜ਼ ਧੜਕਦੇ ਦਿਲ ਦੀ ਧੜਕਣ ਵੀ ਸਾਫ਼ ਸੁਣਾਈ ਦੇ ਰਹੀ ਸੀ ।

ਵਿਹੜੇ ਵਿਚ ਥੋੜ੍ਹਾ ਜਿਹਾ ਖੜਕਾਂ ਹੋਇਆ, ਮੈਂ ਚੁਕੰਨੀ ਹੋ ਗਈ। ਸ਼ਾਇਦ ਜਿੰਦਰ ਕੰਧ ਟੱਪ ਕੇ ਵਿਹੜੇ ਵਿਚ ਆ ਗਿਆ ਸੀ। ਲੋਈ ਦੀ ਬੁੱਕਲ ਨਾਲ ਉਹਨੇ ਆਪਣਾ ਮੂੰਹ ਸਿਰ ਢੱਕਿਆ ਹੋਇਆ ਸੀ ਪਰ ਫਿਰ ਵੀ ਮੈਨੂੰ ਪੱਕਾ ਯਕੀਨ ਸੀ ਕੀ ਇਹ ਜਿੰਦਰ ਹੀ ਹੈ। ਮੈਂ ਨਿੱਕੀ ਵੱਲ ਦੇਖਿਆ। ਉਹ ਘੂਕ ਸੁੱਤੀ ਪਈ ਸੀ।

ਉਸ ਕਮਰੇ ਨੂੰ ਬਾਹਰੋਂ ਕੁੰਡੀ ਲਾ ਜਿੰਦਰ ਨੂੰ ਮੈਂ ਨਾਲ ਵਾਲੇ ਕਮਰੇ ਵਿਚ ਲੈ ਗਈ। ਦੂਜੇ ਦਿਨ ਉਸੇ ਵੇਲੇ ਆਉਣ ਦਾ ਵਾਅਦਾ ਕਰ ਜਿੰਦਰ ਚਲਾ ਗਿਆ।

ਉੱਦਣ ਤੋਂ ਮੇਰੀ ਉਦਾਸੀ ਖੰਭ ਲਾ ਕੇ ਉੱਡ ਗਈ। ਬੀਬੀ ਹੁਰਾਂ ਨੇ ਹਾਲੇ ਹਫ਼ਤੇ ਤੀਕ ਮੁੜਨਾ ਸੀ। ਉਹ ਹਫ਼ਤਾ ਮੈਂ ਤੇ ਜਿੰਦਰ ਘਰੇ ਹੀ ਮਿਲਦੇ ਰਹੇ। ਜਦੋਂ ਬੀਬੀ ਹੁਰੀਂ ਆ ਗਏ ਤਾਂ ਮੈਂ ਦਿਨ 'ਚ ਕੋਈ ਨਾ ਕੋਈ ਬਹਾਨਾ ਲਾ ਕੇ ਜਿੰਦਰ ਨੂੰ ਉਹਨਾਂ ਦੀ ਮੋਟਰ 'ਤੇ ਮਿਲਣ ਲੱਗੀ।

ਪੰਦਰਾਂ ਦਿਨ ਹੋ ਗਏ ਸੀ ਆਈ ਨੂੰ ਜਦੋਂ ਸੱਸ ਦਾ ਸੁਨੇਹਾ ਆ ਗਿਆ। ਜਿੰਦਰ ਨੂੰ ਛੱਡ ਕੇ ਜਾਣ ਨੂੰ ਮੇਰਾ ਜੀਅ ਨਾ ਕਰੇ । ਜਾਣਾ ਤਾਂ ਪੈਣਾ ਸੀ। ਪਾਪਾ ਮੈਨੂੰ ਸਹੁਰੇ ਛੱਡ ਆਇਆ।

ਤੀਜੇ, ਚੌਥੇ ਦਿਨ ਮੇਰਾ ਦਿਲ ਘਬਰਾਈ ਜਾਵੇ । ਸੱਸ ਨੇ ਦੀਪੇ ਡਾਕਟਰ ਨੂੰ ਦਵਾਈ ਦੇਣ ਲਈ ਘਰ ਹੀ ਬੁਲਾ ਲਿਆ। ਦੀਪਾ ਫ਼ੌਜੀ ਦੇ ਤਾਏ ਦਾ ਮੁੰਡਾ ਸੀ । ਆਰ. ਐਮ.ਪੀ ਡਾਕਟਰ ਸੀ। ਪਿੰਡ ਵਿਚ ਹੀ ਉਹਦੀ ਦੁਕਾਨ ਬਹੁਤ ਚੰਗੀ ਚੱਲਦੀ ਸੀ। ਸਾਰਾ ਪਿੰਡ ਉਹ ਤੋਂ ਦਵਾਈ ਲੈਂਦਾ ਸੀ। ਜੋ ਮਰੀਜ਼ ਦੁਕਾਨ 'ਤੇ ਨਹੀਂ ਆ ਸਕਦਾ ਸੀ। ਦੀਪਾ ਉਹਨੂੰ ਘਰ ਜਾ ਕੇ ਦਵਾਈ ਦੇ ਆਉਂਦਾ। ਦੀਪਾ ਡਾਕਟਰ ਸੀ , ਮੇਰੇ ਮਰਜ਼ ਬਾਰੇ ਉਹ ਛੇਤੀ ਹੀ ਸਮਝ ਗਿਆ। ਬਸ ਫਿਰ ਕੀ ਸੀ , ਸੱਸ ਦੇ ਦੁੱਧ ਵਿਚ ਨੀਂਦ ਦੀਆਂ ਗੋਲੀਆਂ ਪਾ। ਮੈਂ ਦੇ ਦੀਪਾ ਸਾਰੀ ਰਾਤ ਐਸ਼ ਕਰਦੇ।

ਮੇਰਾ ਮਨ ਲੁੱਡੀਆਂ ਪਾਉਂਦਾ। ਪੇਕੇ ਜਾਂਦੀ ਤਾਂ ਜਿੰਦਰ , ਸਹੁਰੇ ਦੀਪਾ। ਫ਼ੌਜੀ ਦੀ ਕਮੀ ਹੁਣ ਮੈਨੂੰ ਮਹਿਸੂਸ ਨਹੀਂ ਹੁੰਦੀ ਸੀ। ਉਹ ਕਿਤੇ ਛੇ ਮਹੀਨਿਆਂ ਬਾਅਦ ਮਹੀਨੇ ਦੀ ਛੁੱਟੀ ਆਉਂਦਾ, ਉਦੋਂ ਵੀ ਦੀਪਾ ਉਹਨੂੰ ਲੋੜੋਂ ਵੱਧ ਪਿਆ ਕੇ ਟੱਲੀ ਕਰਕੇ ਪਾ ਦਿੰਦਾ ਤੇ ਆਪ ਮੈਨੂੰ ਆਂਵਦੇ ਵੱਲ ਖਿੱਚ ਲੈਂਦਾ।

ਢਾਈ ਸਾਲ ਤਿਉਹਾਰ ਵਾਂਗ ਨਿਕਲੇ ਇਹਦੇ ਵਿਚ ਫ਼ੌਜੀ ਵੀ ਚਾਰ ਗੇੜੇ ਲਾ ਗਿਆ। ਉਹਦੇ ਆਏ ਦੀ ਨਾ ਮੈਨੂੰ ਖੁਸ਼ੀ ਹੁੰਦੀ ਤੇ ਨਾ ਹੀ ਗਏ ਤੋਂ ਦੁੱਖ, ਮੈਂ ਮਸਤ-ਮੌਲਾ ਜ਼ਿੰਦਗੀ ਜਿਉਂ ਰਹੀ ਸੀ ।

ਇੱਕ ਦਿਨ ਤਾਏ ਕੇ ਬਾਰ ਮੂਹਰੇ ਤਿੰਨ ਚਾਰ ਕਾਰਾਂ ਰੁੱਕੀਆਂ। ਤਾਈ ਬੀਬੀ ਨੂੰ ਘੁਸਰ-ਮੁਸਰ ਜਿਹੀ ਕਰਕੇ ਨਾਲ ਲੈ ਗਈ। ਸੁੱਖੀ ਭੱਜੀ-ਭੱਜੀ ਆਈ, "ਭਾਬੀ ਛੇਤੀ-ਛੇਤੀ ਤਿਆਰ ਹੋ ਜਾਹ, ਦੀਪੇ ਵੀਰੇ ਨੂੰ ਸ਼ਗਨ ਲੱਗਣੈ। ਸੁਣ ਕੇ ਮੇਰੇ ਤਾਂ ਜਾਣੀ ਹਿੱਕ 'ਤੇ ਸੱਪ ਲਿੱਟਣ ਲੱਗੇ। ਅਣਮੰਨੇ ਜਿਹੇ ਮਨ ਨਾਲ ਤਿਆਰ ਹੋ ਕੇ ਮੈਂ ਤਾਏ ਕੇ ਘਰ ਗਈ। ਖੁਸ਼ ਤੇ ਤਿਆਰ ਹੋਏ ਦੀਪੇ ਨੂੰ ਵੇਖ ਮੇਰੇ ਸੱਤੀ ਕੱਪੜੀ ਅੱਗ ਲੱਗ ਗਈ। ਸਿਰ ਦੁੱਖਦੇ ਦਾ ਬਹਾਨਾ ਕਰ, ਮੈਂ ਛੇਤੀ ਹੀ ਉਥੋਂ ਖਿਸਕ ਆਈ।

"ਤੇਰੀ ਸਹੁੰ ਭਾਬੀ, ਮੈਨੂੰ ਜਵਾ ਪਤਾ ਨਈਂ ਸੀ, ਉਹਨਾਂ ਦੇ ਆਉਣ ਦਾ। ਮੈਂ ਦੁਕਾਨ 'ਤੇ ਸੀ ਜਦੋਂ ਪਾਪਾ ਮੈਨੂੰ ਬੁਲਾ ਕੇ ਲਿਆਇਆ। ਮੈਂ ਤਾਂ ਮੰਨਦਾ ਈ ਨਈਂ ਸੀ ਪਰ ਬੀਬੀ ਬਾਹਲਾ ਮਗਰ ਪੈ ਗਈ। ਭਾਵੇਂ ਕੁਝ ਹੋ ਜੇ ਤੈਨੂੰ ਪਿੱਠ ਨ੍ਹੀਂ ਵਿਖਾਉਂਦਾ। ਤੇਰੇ ਨਾਲ ਏਦਾਂ ਹੀ ਨਿਭਾਊ।" ਰਾਤ ਨੂੰ ਦੀਪਾ ਸਫ਼ਾਈਆਂ ਦੇਈ ਜਾਵੇ ਊਂ ਅੰਦਰੋਂ-ਅੰਦਰੀ ਉਹ ਬਹੁਤ ਖੁਸ਼ ਸੀ।

ਵਿਆਹ ਤੋਂ ਬਾਅਦ ਦੀਪਾ ਪੂਰੀ ਤਰ੍ਹਾਂ ਬਦਲ ਗਿਆ। ਕੋਈ ਵੀ 'ਕਰਾਰ ਉਹਨੂੰ ਯਾਦ ਨਾ ਰਿਹਾ। ਤਾਜ਼ੀ ਦਾਲ ਸਾਹਮਣੇ ਬੇਹੀ ਕੌਣ ਖਾਂਦਾ? ਮੈਂ ਵੀ ਆਪਣਾ ਮਨ ਸਮਝਾ ਲਿਆ। ਬਿੱਲੀ ਨੂੰ ਜਿਵੇਂ ਚੂਹਿਆਂ ਦੇ ਸੁਫ਼ਨੇ ਆਉਂਦੇ ਆ ਉਦਾਂ ਹੀ ਮੈਨੂੰ ਬੰਦਿਆਂ ਦੇ ਸੁਫ਼ਨੇ ਆਈ ਜਾਣ।

ਉਹਨਾਂ ਹੀ ਦਿਨਾਂ ਵਿਚ ਸੱਸ ਬਹੁਤ ਬੀਮਾਰ ਹੋ ਗਈ। ਉਹਦੀ ਵਿਗੜਦੀ ਹਾਲਤ ਦੇਖ ਕੇ ਉਹਨੂੰ ਸ਼ਹਿਰ ਦੇ ਹਸਪਤਾਲ ਵਿਚ ਦਾਖਲ ਕਰਾਉਣਾ ਪਿਆ। ਮੈਂ ਸਾਰਾ ਦਿਨ ਹਸਪਤਾਲ ਉਹਦੇ ਕੋਲ ਹੀ ਰਹਿੰਦੀ। ਉਥੇ ਹੀ ਮੈਨੂੰ ਰਾਣੋ ਮਿਲੀ। ਉਹਦਾ ਵੀ ਕੋਈ ਰਿਸ਼ਤੇਦਾਰ, ਉਸ ਹਾਸਪਤਾਲ ਵਿਚ ਦਾਖਲ ਸੀ। ਉਹ ਉਸ ਦਾ ਪਤਾ ਲੈਣ ਆਉਂਦੀ ਸੀ। ਉਪਰੋ-ਉਪਰੋ ਤਾਂ ਉਹ ਸਮਾਜ ਸੇਵਕਾਂ ਸੀ ਪਰ ਅੰਦਰ ਖਾਤੇ ਉਹ ਵੱਡੇ ਅਫਸਰਾਂ ਜਾਂ ਲੋੜਵੰਦਾਂ ਨੂੰ ਉਹਨਾਂ ਦੀ ਡਿਮਾਂਡ ਅਨੁਸਾਰ ਕੁੜੀਆਂ ਸਪਲਾਈ ਕਰਦੀ ਸੀ।

ਸੱਸ ਦੀ ਹਾਲਤ ਵਿਚ ਕੋਈ ਸੁਧਾਰ ਨਾ ਵੇਖ ਕੇ ਮੈਂ ਫ਼ੌਜੀ ਨੂੰ ਫੋਨ ਕਰ 'ਤਾ। ਉਹ ਝੱਟ ਹੀ ਛੁੱਟੀ ਲੈ ਕੇ ਆ ਗਿਆ।

"ਬਸ ਘਰ ਲਿਜਾ ਕੇ ਸੇਵਾ ਕਰੋ।" ਆਖ ਡਾਕਟਰ ਨੇ ਸੱਸ ਨੂੰ ਛੁੱਟੀ ਦੇ ਦਿੱਤੀ। ਪੰਜਾਂ ਦਿਨਾਂ ਪਿੱਛੋਂ ਸੱਸ ਟੁਰ ਗਈ। ਫ਼ੌਜੀ ਮੈਨੂੰ 'ਕੱਲੀ ਨਹੀਂ ਛੱਡਣਾ ਚਾਹੁੰਦਾ ਸੀ ਸੋ ਉਹਨੇ ਟਾਇਮ ਤੋਂ ਪਹਿਲਾਂ ਰਿਟਾਇਰਮੈਂਟ ਲੈ ਲਈ।

ਮੈਨੂੰ ਰੱਸਾ ਚੱਬਣ ਦੀ ਆਦਤ ਪੈ ਗਈ ਸੀ। ਮੈਥੋਂ ਰਿਹਾ ਨਾ ਜਾਂਦਾ। ਫ਼ੌਜੀ ਨੂੰ ਬਹਾਨਾ ਮਾਰ ਕੇ ਮੈਂ ਰਾਣੋ ਕੋਲ ਜਾ ਆਉਂਦੀ। ਰਾਣੋ ਨੂੰ ਮੈਂ ਪਹਿਲਾ ਹੀ ਆਪਣੀ ਸਹੇਲੀ ਬਣਾ ਕੇ ਫ਼ੌਜੀ ਨਾਲ ਮਿਲਾ ਚੁੱਕੀ ਸੀ। ਰਾਣੋ ਨਾਲ ਜਦੋਂ ਪਹਿਲੀ ਵਾਰ ਗਈ ਤਾਂ ਉਹਨੇ ਆਪਣਾ ਕਮੀਸ਼ਨ ਕੱਟ ਕੇ ਮੇਰਾ ਹੱਕ ਮੇਰੀ ਤਲੀ 'ਤੇ ਧਰ 'ਤਾ। ਮੈਨੂੰ ਇਹ ਕੰਮ ਨਾਲੇ ਪੁੰਨ ਨਾਲੇ ਫੱਲੀਆਂ ਵਾਂਗ ਲੱਗਿਆ।

ਲੰਮਾ ਸਮਾਂ ਮੇਰੀ ਢੱਕੀ ਰਿਝਦੀ ਰਹੀ। ਪਰ ਹੁਣ ਮੁਸ਼ਕ ਬਾਹਰ ਆਉਣ ਲੱਗ ਪਿਆ। ਬਦਨਾਮੀ ਦੀ ਕਾਲਖ ਮੇਰੇ ਮੂੰਹ 'ਤੇ ਲੱਗਣ ਲੱਗੀ। ਸ਼ਰੀਫ ਘਰਾਂ ਦੀਆਂ ਕੁੜੀਆਂ ਤੇ ਔਰਤਾਂ ਮੇਰੇ ਕੋਲੋਂ ਮੂੰਹ ਵਟ ਕੇ ਲੰਘਦੀਆਂ। ਮੈਨੂੰ ਤਾਂ ਕਿਸੇ ਦੀ ਪ੍ਰਵਾਹ ਹੈ ਈ ਨਈਂ ਸੀ। ਮੁੜਨ ਦੀ ਬਜਾਇ ਮੈਂ ਉਸ ਦਲਦਲ ਵਿਚ ਧੱਸਦੀ ਹੀ ਚਲੀ ਗਈ।

ਉੱਡਦੀਆ-ਉੱਡਦੀਆ ਗੱਲਾਂ ਫ਼ੌਜੀ ਦੇ ਕੰਨਾਂ ਤੀਕ ਵੀ ਪਹੁੰਚ ਗਈਆ। ਉਦਾ ਸ਼ੱਕ ਤਾਂ ਉਹਨੂੰ



ਪਹਿਲਾ ਵੀ ਸੀ। ਉਹ ਭਲਾ ਬੰਦਾ ਸੀ। ਉਹਨੇ ਅੰਦਰ ਵਾੜ ਕੇ ਮੈਨੂੰ ਬੜਾ ਸਮਝਿਆਂ, ਬੜਾ ਵਰਜਿਆਂ ਪਰ ਨਾ ਮੈਂ ਮੁੜਨਾ ਸੀ ਤੇ ਨਾ ਹੀ ਮੈਂ ਮੁੜੀ।

ਇੱਕ ਦਿਨ ਫ਼ੌਜੀ ਨੇ ਅੱਕੇ ਹੋਏ ਨੇ ਪੁੜਪੁੜੀ ਵਿਚ ਗੋਲੀ ਮਾਰ ਕੇ ਜੀਵਨ ਲੀਲਾ ਖਤਮ ਕਰ ਲਈ। ਮੈਂ ਘਰ ਨਈਂ ਸੀ। ਇਸ ਲਈ ਕਿਸੇ ਵੀ ਕੇਸ ਤੋਂ ਮੇਰਾ ਬਚਾਅ ਹੋ ਗਿਆ। ਬਾਕੀ ਰਾਣੋ ਦਾ ਹੱਥ ਸੀ ਮੇਰੇ ਸਿਰ 'ਤੇ।

ਪਿੰਡ 'ਚ ਭੋਗ 'ਤੇ ਆਏ ਹੋਏ ਬੀਬੀ ਹੁਰਾਂ ਨੂੰ ਵੀ ਮੇਰੇ ਕੰਮ ਦਾ ਪਤਾ ਲੱਗ ਗਿਆ। ਬੀਬੀ ਨੇ ਵੀ ਬੜਾ ਸਮਝਾਇਆ। ਜਦੋਂ ਮੈਂ ਨਾ ਮੁੜੀ ਤਾਂ ਬੀਬੀ ਹੁਰਾਂ ਨੇ ਵੀ ਮੇਰੇ ਨਾਲੋਂ ਹਰ ਰਿਸ਼ਤਾਂ ਤੋੜ ਲਿਆ। ਆਜ਼ਾਦੀ ਮੈਂ ਚਾਹੁੰਦੀ ਸੀ ਉਹ ਮੈਨੂੰ ਮਿਲ ਗਈ।

ਪਿੰਡੋਂ ਨਿੱਤ ਸ਼ਹਿਰ ਆਉਣ ਦਾ ਮੈਂ ਯੱਭ ਹੀ ਮੁਕਾ ਦਿੱਤਾ। ਉਥੋਂ ਘਰ-ਬਾਰ ਤੇ ਜ਼ਮੀਨ ਵੇਚ ਕੇ ਮੈਂ ਸ਼ਹਿਰ ਢਾਈ ਸੌ ਗਜ ਦੀ ਅਲੀਸ਼ਾਨ ਕੋਠੀ ਬਣਾ ਲਈ। ਕੋਠੀ ਵਿਚ ਐਸ਼ੋ ਅਰਾਮ ਦਾ ਸਾਰਾ ਸਮਾਨ ਸੀ। ਕੰਮ ਨੂੰ ਫੁੱਲ ਟਾਈਮ ਮੇਡ ਰੱਖੀ ਹੋਈ ਸੀ। ਚੰਗਾ ਖਾਣ, ਪਹਿਨਣ ਨੂੰ ਸੀ। ਮੈਂ ਗਾਹਕ ਨੂੰ ਕਦੇ ਘਰ ਨਹੀਂ ਬੁਲਾਇਆ ਸੀ। ਕਾਲੋਨੀ ਵਾਲਿਆ ਲਈ ਮੈਂ ਸਮਾਜ ਸੇਵਕਾ ਹੀ ਸੀ। ਟਾਇਮ ਟਾਇਮ 'ਤੇ ਮੈਂ ਉਹਨਾਂ ਦੀ ਮਦਦ ਵੀ ਕਰ ਦਿੰਦੀ ਸੀ।

"ਤੇਰੇ ਕੋਲ ਪੰਜ ਸੱਤ ਸਾਲ ਨੇ ਦੱਬ ਕੇ ਪੈਸੇ ਕਮਾਉਣ ਨੂੰ ... ਜਿਆਦਾ ਤੋਂ ਜਿਆਦਾ ਕਮਾ ਲੈ ... ਉਮਰ ਬੀਤਣ 'ਤੇ ਬਹਿ ਕੇ ਖਾਈ।" ਰਾਣੋ ਮੈਨੂੰ ਸਮਝਾਉਂਦੀ ਰਹਿੰਦੀ। ਮੈਂ ਕੋਈ ਗਾਹਕ ਖਾਲੀ ਨਾ ਜਾਣ ਦਿੱਤਾ। ਦਿਨ ਵਿਚ ਚਾਰ -ਚਾਰ ਵੀ ਭੁਗਤਾਏ। ਤੱਕੜੇ -ਤੱਕੜੇ ਘਰਾਂ ਦੇ ਮਾਲਕ ਮੇਰੀਆ ਲਾਲਾ ਚੱਟਣ ਤੀਕ ਜਾਂਦੇ।

ਪੈਸਿਆਂ ਦਾ ਮੀਂਹ ਵਰਦਾ। ਬੈਂਕ ਬੈਲਸ ਵੀ ਚੰਗਾ ਹੋ ਗਿਆ ਸੀ। ਰਾਣੋ ਪੂਰੀ ਇਮਾਨਦਾਰੀ ਨਾਲ ਮੇਰਾ ਬਣਦਾ ਹੱਕ ਮੇਰੀ ਤਲੀ 'ਤੇ ਧਰ ਦਿੰਦੀ। ਮੈਂ ਵੀ ਰਾਣੋ ਨਾਲ ਪੂਰੀ ਵਫ਼ਾਦਾਰੀ ਨਿਭਾਈ। ਉਹਨੇ ਮੈਨੂੰ ਕਿਹਾ ਹੋਇਆ ਸੀ ਕਿ "ਬੰਦ ਕਮਰੇ 'ਚੋਂ ਗਾਹਕ ਦੀ ਜੇਬ ਵਿਚੋਂ ਜੋ ਤੂੰ ਕਢਵਾਏਗੀ, ਉਹ ਸਭ ਤੇਰਾ ਹੋਵੇਗਾ।"

ਇਸ ਤਰ੍ਹਾਂ ਮੇਰੇ ਕੋਲ ਮਹਿੰਗੇ ਗਿਫ਼ਟ ਵੀ ਬਥੇਰੇ ਹੋ ਗਏ ਸਨ। ਦਿਨ ਤਿਉਹਾਰ 'ਤੇ ਉਹਨਾਂ ਗਿਫਟਾਂ ਵਿਚੋਂ ਕੁਝ ਗਿਫਟ ਰਾਣੋ ਨੂੰ ਦੇ ਦਿੰਦੀ। ਏਨੇ ਨਾਲ ਉਹ ਮੇਰਾ ਹੋਰ ਵੀ ਧਿਆਨ ਰੱਖਦੀ।

ਪਿਛਲੇ ਕੁਝ ਸਮੇਂ ਤੋਂ ਮੈਂ ਆਪਣੇ ਆਪ ਵਿਚ ਕੁਝ ਬਦਲਾਅ ਮਹਿਸੂਸ ਕਰਦੀ ਹਾਂ। ਕਦੇ ਮਨ ਵਿਚ ਵਿਆਹ ਦਾ ਵਿਚਾਰ ਆਉਣ ਲੱਗਦਾ ਤੇ ਹੁਣ ਜਦੋਂ ਦੀ ਮੈਂ ਰਾਣੋ ਦੀ ਨਵੀ ਆਈ ਮੇਡ ਮੋਨਿਕਾ ਦੀ ਸਾਲ ਕੁ ਦੀ ਬੇਟੀ ਪਰੀ ਦੇਖੀ ਆ ਉਦੋ ਦੀ ਮੇਰੇ ਅੰਦਰ ਮਾਂ ਬਣਨ ਦੀ ਲਲਕ ਪੈਦਾ ਹੋ ਗਈ। ਮੈਂ ਰਾਣੋ ਘਰ ਜਾਣ ਲੱਗੀ ਪਰੀ ਲਈ ਕੁਝ ਨਾ ਕੁਝ ਖਾਣ ਲਈ ਜਾਂ ਖਿਲੌਣੇ ਲੈ ਕੇ ਜਾਨੀ ਆ।

ਪਰੀ ਆਪਣੀ ਮਾਂ ਦੀ ਬੁੱਕਲ 'ਚੋਂ ਨਿਕਲ ਕੇ ਮੇਰੇ ਵੱਲ ਬਾਹਾਂ ਕੱਢਦੀ ਮੈਨੂੰ ਬਹੁਤ ਪਿਆਰੀ ਲੱਗਦੀ। ਮੈਂ ਉਹਨੂੰ ਘੁੱਟ ਕੇ ਸੀਨੇ ਨਾਲ ਲਾਉਨੀ ਆ ਫਿਰ ਉਪਰ ਨੂੰ ਉਛਾਲਦੀ ਹਾਂ ਤਾਂ ਪਰੀ ਖਿੜ ਖਿੜ ਕੇ ਹੱਸਦੀ ਆ। ਪਰੀ ਸਿਰਫ ਮਮਾ ਮਮਾ ਹੀ ਬੋਲਦੀ ਆ। ਉਹ ਸਭ ਨੂੰ ਹੀ ਮਮਾ ਕਹਿੰਦੀ ਆ। ਜਦੋਂ ਉਹ ਮੈਨੂੰ ਮਮਾ ਕਹਿੰਦੀ ਆ ਤਾਂ ਮੇਰੇ ਸੀਨੇ ਠੰਢ ਪੈ ਜਾਂਦੀ ਆ। ਉਸ ਨੰਨ੍ਹੀ ਜਿਹੀ ਜਾਨ ਨੇ ਮੇਰੇ ਅੰਦਰ ਮਮਤਾ ਜਗਾ ਦਿੱਤੀ।

ਕੋਈ ਸਾਲ ਕੁ ਪਹਿਲਾਂ ਦੀ ਗੱਲ ਆ ਕਿ ਮੈਂ ਰਾਣੋ ਕੇ ਘਰ ਗਈ ਹੋਈ ਸੀ। ਅਸੀਂ ਦੋਵੇਂ ਗੱਲਾਂ ਵਿਚ ਮਸਤ ਸੀ ਕਿ ਡੋਰ ਬੈੱਲ ਵੱਜੀ। ਰਾਣੋ ਦੀ ਮੇਡ ਛੁੱਟੀ 'ਤੇ ਸੀ। ਰਾਣੋ ਨੇ ਆਪ ਗੇਟ ਖੋਲ੍ਹਿਆਂ। ਰਾਣੋ ਮੇਰੇ ਕੋਲ ਆਈ ਤੇ ਦੋ ਕੱਪ ਚਾਹ ਬਣਾ ਕੇ ਡਰਾਇੰਗ ਰੂਮ ਵਿਚ ਲੈ ਕੇ ਆਉਣ ਲਈ ਕਹਿ ਗਈ।

ਮੈਂ ਚਾਹ ਬਣਾ ਕੇ ਡਰਾਇੰਗ ਰੂਮ ਵਿਚ ਗਈ ਤਾਂ 'ਉਹਦਾ' ਧਿਆਨ ਗੱਲਾਂ ਵਿਚ ਸੀ। ਮੈਂ ਸਤਿ ਸ੍ਰੀ ਅਕਾਲ ਬੁਲਾ ਚਾਹ ਵਾਲੀ ਟਰੇ 'ਉਹਦੇ' ਅੱਗੇ ਕਰ ਦਿੱਤੀ। ਮੈਨੂੰ ਵੇਖਦਿਆਂ ਹੀ ਉਹਦੀਆਂ ਅੱਖਾਂ ਮੇਰੇ

ਚਿਹਰੇ ’ਤੇ ਗੱਢੀਆਂ ਰਹਿ ਗਈਆ। ਆਪਣੇ ਸੁਭਾਅ ਅਨੁਸਾਰ ਮੈਂ ਉਹਦੇ ਵਲ ਵੇਖ ਮੁਸਕਰਾਈ। ਉਹ ਪੰਜਤਾਲੀ ਕੁ ਸਾਲਾਂ ਦਾ ਉੱਚਾ ਲੰਮਾ ਤੇ ਸੋਹਣਾ ਸੁਨੱਖਾ ਆਦਮੀ ਸੀ। ਉਹ ਇੰਨਾਂ ਸੋਹਣਾ, ਕਿ ਕੋਈ ਵੀ ਉਸ ਦੀ ਪਰਸਨੈਲਟੀ ’ਤੇ ਮਰ ਮਿਟ ਸਕਦੀ ਸੀ।

ਦੂਜੇ ਦਿਨ ਹੀ ‘ਉਹਨੇ’ ਰਾਣੋ ਕੋਲ ਮੇਰੀ ਡਿਮਾਂਡ ਕੀਤੀ ਤਾਂ ਮੇਰੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਹਦੇ ਬਾਰੇ ਮੈਂ ਬਹੁਤਾ ਤਾਂ ਨਹੀਂ ਜਾਣਦੀ ਬਸ ਇਹ ਪਤਾ ਹੈ ਕਿ ਉਹ ਸਰਕਾਰੀ ਮਹਿਕਮੇ ’ਚ ਉੱਚੇ ਆਹੁਦੇ ’ਤੇ ਹੈ। ਤਲਾਕਸ਼ੁਦਾ ਹੈ ।ਬਹੁਤਾ ਬੋਲਦਾ ਨਹੀਂ ਬਸ ਆਪਣੇ ਕੰਮ ਨਾਲ ਮਤਲਬ ਰੱਖਦਾ ਆ। ਅੰਬਰਦੀਪ ਨਾਂ ਹੈ ਉਸਦਾ। ਹੁਣ ਅੰਬਰਦੀਪ ਹਰ ਸ਼ਨੀਵਾਰ ਨੂੰ ਆਉਂਦਾ ਤੇ ਰਾਣੋ ਕੋਲ ਸਿਰਫ ਮੇਰੀ ਡਿਮਾਂਡ ਕਰਦਾ ਆ।

ਸੱਚ ਤਾਂ ਇਹ ਹੈ ਕਿ ਮੈਨੂੰ ਵੀ ਉਹਦਾ ਸਾਥ ਬੜਾ ਚੰਗਾ ਲੱਗਦੈ। ਜੋ ਵੀ ਹੈ ਹੁਣ ਹਰ ਸ਼ਨੀਵਾਰ ਮੇਰੇ ਲਈ ਖਾਸ ਹੁੰਦਾ ਆ। ਮੈਂ ਉਸ ਲਈ ਖਾਸ ਤਿਆਰ ਹੋ ਕੇ ਜਾਨੀ ਆ।

ਮੈਂ ਚਾਲੀਆਂ ਨੂੰ ਢੁਕਣ ਵਾਲੀਆ ਆ ਤੇ ਹੁਣ ਇਸ ਉਮਰ ਵਿਚ ਲੱਗਦੈ ਕਿ ਮੈਨੂੰ ਅੰਬਰਦੀਪ ਨਾਲ ਪਿਆਰ ਹੋ ਗਿਆ ਏ। ਦਿਨ-ਰਾਤ ਮੈਨੂੰ ਬਸ ਉਹਦਾ ਹੀ ਧਿਆਨ ਰਹਿੰਦਾ ਹੈ। ਜੀਅ ਕਰਦਾ ਉਹਦੇ ਨਾਲ ਹੀ ਰਹਾਂ। ਉਹਦੇ ਨਾਲ ਵਿਆਹ ਕਰਾ ਲਵਾਂ। ਘਰ ਵਸਾਵਾਂ, ਪਰੀ ਵਰਗੀ ਧੀ ਜੰਮਾਂ। ਬੜੇ ਦਿਨਾਂ ਦੀ ਉਹਦੇ ਨਾਲ ਇਹ ਗੱਲ ਕਰਨ ਬਾਰੇ ਸੋਚਦੀ ਹਾਂ ਪਰ ਹਰ ਵਾਰ ਟਾਲ ਜਾਂਨੀ ਆ। ਅੱਜ ਸ਼ਨੀਵਾਰ ਹੈ। ਮੈਂ ਰਾਣੋ ਦੇ ਘਰ ਅੰਬਰਦੀਪ ਨੂੰ ਮਿਲਣਾ ਆ। ਮੈਂ ਮਨ ਪੱਕਾ ਕਰ ਲਿਆ ਕਿ ਅੱਜ ਉਹਦੇ ਨਾਲ ਵਿਆਹ ਦੀ ਗੱਲ ਜ਼ਰੂਰ ਕਰਨੀ ਆ। ਤਿਆਰ ਹੋ ਕੇ ਰਾਣੋ ਦੇ ਘਰ ਪਹੁੰਚੀ।

“ਮੈਡਮ ਆਪ ਕੀ ਕਬ ਸੇ ਵੇਟ ਕਰ ਰੀ ਹੈ।” ਮੋਨਿਕਾ ਨੇ ਗੇਟ ਖੋਲ੍ਹਦਿਆ ਹੀ ਡਰਾਇੰਗ ਰੂਮ ਵੱਲ ਇਸ਼ਾਰਾ ਕਰਦਿਆਂ ਕਿਹਾ। ਮੈਂ ਪਰੀ ਨੂੰ ਚੁੰਮ ਕੇ ਚਾਕਲੇਟ ਫੜਾ ਫੱਟਾ ਫੱਟ ਡਰਾਇੰਗ ਰੂਮ ਵਲ ਜਾਨੀ ਆ।

ਡਰਾਇੰਗ ਰੂਮ ਵਿਚ ਅੰਬਰਦੀਪ ਵੇਖ ਮੇਰੀ ਰੂਹ ਫੁੱਲ ਵਾਂਗੂੰ ਖਿੜ ਗਈ ਆਪ ਮੁਹਾਰੇ ਬੁੱਲਾਂ ’ਤੇ ਮੁਸਕਰਾਹਟ ਆ ਗਈ। ਮੈਂ ਸਭ ਕੁਝ ਭੁੱਲ ਕੇ ਉਹਨੂੰ ਜਾ ਗਲਵੱਕੜੀ ਪਾਈ। ਮੈਨੂੰ ਪੂਰਾ ਯਕੀਨ ਆ ਕਿ ਉਹ ਮੰਨ ਜਾਊ। ਮੈਂ ਅੱਜ ਬਹੁਤ ਖੁਸ਼ ਹਾਂ।

ਰਾਣੋ ਮੇਰੇ ਮਨ ਦੀ ਗੱਲ ਸਮਝਦੀ ਹੈ। ਉਹਨੇ ਸਾਨੂੰ ਛੇਤੀ ਰੂਮ ਵਿਚ ਭੇਜ ਦਿੱਤਾ।

“ਥੋਨੂੰ ਪਤਾ, ਤੁਹਾਨੂੰ ਦੇਖਦਿਆਂ ਹੀ ਥੋਡੇ ਨਾਲ ਪਿਆਰ ਹੋ ਗਿਆ ਸੀ ਮੈਨੂੰ।” ਮੈਂ ਪਿਆਰ ਨਾਲ ਅੰਬਰਦੀਪ ਦੇ ਗਲ ਵਿਚ ਬਾਹਾਂ ਪਾ ਕੇ ਕਿਹਾ।

“ਮੈਨੂੰ ਵੀ।” ਉਹਨੇ ਮੇਰੀ ਕਮਰ ਦੁਆਲੇ ਬਾਹਾਂ ਦਾ ਘੇਰਾ ਬਣਾ ਲਿਆ।

“ਹੁਣ ਦੂਰੀ ਸਹੀ ਨਹੀਂ ਜਾਂਦੀ।”

“ਹੁਣ ਦੂਰੀ ਹੈ ਕਿੱਥੇ ?” ਉਹ ਬਿਨਾਂ ਅੱਖਾਂ ਝਪਕਾਇਆਂ ਮੇਰੇ ਵੱਲ ਦੇਖੀ ਜਾਵੇ।

“ਇਹ ਗੱਲ ਕਹਾ?” ਕੁਝ ਕਹਿਣ ਤੋਂ ਪਹਿਲਾਂ ਮੈਂ ਉਹਦੀ ਪਰਮੀਸ਼ਨ ਚਾਹੁੰਦੀ ਸੀ।

“ਇੱਕ ਕਿਉਂ ਭਾਵੇਂ ਸੌ ਕਹਿ , ਮੇਰੀ ਜਾਨ।” ਉਹਨੇ ਪਿਆਰ ਨਾਲ ਮੇਰੇ ਮੱਥੇ ਨੂੰ ਚੁੰਮ ਲਿਆ।

“ਚਲੋਂ ਆਪਾਂ ਵਿਆਹ ਕਰਾਂ ਲਈਏ ?” ਮੈਂ ਉਹਦੀ ਅੱਖਾਂ ਵਿਚ ਅੱਖਾਂ ਪਾ ਕੇ ਕਿਹਾ।

ਅੰਬਰਦੀਪ ਦੇ ਮੱਥੇ ’ਤੇ ਤਿਉੜੀ ਪੈ ਗਈ ਤੇ ਉਹਨੇ ਕਮਰ ਦੀ ਪਕੜ ਇਕਦਮ ਢਿੱਲੀ ਕਰ ਦਿੱਤੀ। ਉਹਦੇ ਇਸ ਤਰ੍ਹਾਂ ਕਰਨ ’ਤੇ ਮੈਨੂੰ ਬੜੀ ਹੈਰਾਨੀ ਹੋਈ। ਮੈਨੂੰ ਉਸ ਤੋਂ ਇਸ ਤਰ੍ਹਾਂ ਦੀ ਉਮੀਦ ਤਾਂ ਬਿਲਕੁਲ ਹੀ ਨਹੀਂ ਸੀ। ਮੇਰੇ ਕੋਲ ਬੈਠਾ ਹਮੇਸ਼ਾ ਉਹ ਆਈ ਲਵ ਯੂ ... ਆਈ ਲਵ ਯੂ ... ਅਲਾਪਦਾ ਰਹਿੰਦਾ ਸੀ। ਹੁਣ ਉਹਨੂੰ ਕੀ ਹੋ ਗਿਆ? ਆਸ ਤੋਂ ਉਲਟ ਜਵਾਬ ਨੇ ਮੈਨੂੰ ਜੜ੍ਹ ਤੋਂ ਹਿਲਾ ਦਿੱਤਾ।

“ਇਹ ਨਹੀਂ ਹੋ ਸਕਦਾ। ਮੈਨੂੰ ਛੱਡ ਕੇ ਉਹ ਕੋਲ ਪਏ ਸੋਫੇ ’ਤੇ ਬੈਠ ਗਿਆ।

“ਕਿਉਂ ? ... ਕਿਉਂ ਨਹੀਂ ਹੋ ਸਕਦਾ ।” ਮੈਂ ਵੀ ਉਹਦੇ ਨਾਲ ਸੋਫੇ ’ਤੇ ਬਹਿ ਗਈ।



“ਤੈਨੂੰ ਵੀ ਪਤਾ ਆ।” ਬਹਿਸ ਘੱਟਣ ਦੀ ਬਜਾਇ ਵੱਧਣ ਲੱਗ ਪਈ।

“ਨਹੀਂ , ਮੈਨੂੰ ਨੀ ਪਤਾ।” ਮੈਂ ਸਭ ਜਾਣਦਿਆ ਹੋਇਆ ਵੀ ਉਹਦੇ ਮੂੰਹੋਂ ਸੁਣਨਾ ਚਾਹੁੰਦੀ ਸੀ।

“ਤੇਰੇ ਨਾਲ ਵਿਆਹ ਨੀ ਕਰ ਸਕਦਾ ਮੈਂ।”

“ਕਿਉਂ, ਮੈਂ ਤੁਹਾਨੂੰ ਪਸੰਦ ਨਹੀਂ ਜਾਂ ਤੁਸੀਂ ਮੈਨੂੰ ਪਿਆਰ ਨੀ ਕਰਦੇ ?”

ਉਹ ਚੁੱਪ ਹੈ।

“ਮੈਂ ਤੁਹਾਨੂੰ ਬਹੁਤ ਪਿਆਰ ਕਰਦੀ ਹਾਂ, ਘਰ ਵਸਾ ਕੇ ਤੁਹਾਡੇ ਬੱਚਿਆਂ ਦੀ ਮਾਂ ਬਣਨਾ ਚਾਹੁੰਦੀ ਆ।” ਮੈਂ ਤਰਲੇ ਜਿਹੇ ਕਰਦੀ ਹਾਂ। ਹਰ ਤਰ੍ਹਾਂ ਨਾਲ ਮੈਂ ਉਹਨੂੰ ਮਨਾਉਣਾ ਚਾਹੁੰਦੀ ਹਾਂ।

“ਮੇਰਾ ਵੀ ਕੋਈ ਸਟੇਟਸ ਆ। ਜੇ ਮੈਂ ਤੇਰੇ ਵਰਗੀ ਨਾਲ ਵਿਆਹ ਕਰਾ ਲਿਆ ਤਾਂ ਸਭ ਖਤਮ ਹੋ ਜੂ।” ‘ਤੇਰੇ ਵਰਗੀ’ ਤੇ ਉਹਨੇ ਕੁਝ ਜ਼ਿਆਦਾ ਜ਼ੋਰ ਦੇ ਕੇ ਕਿਹਾ।

“ਜਦੋਂ ਮੇਰੇ ਵਰਗੀ ਦੀਆਂ ਲਾਲਾ ਚੱਟਦਾ ਸੀ। ਉਦੋਂ ਤੇਰਾ ਸਟੇਟਸ ਕਿੱਥੇ ਗਿਆ ਸੀ ? ਨਾਲੇ ਜੇ ਮੇਰੇ ’ਚ ਕਾਣ ਆ ਤਾਂ ਤੇਰਾ ਵੀ ਤਾਂ ਤਲਾਕ ਹੋਇਆ ਏ।” ਮੈਂ ਵੀ ਗੁੱਸੇ ਵਿਚ ਤੁਸੀਂ ਤੋਂ ਤੂੰ ’ਤੇ ਆ ਗਈ।

ਉਹਨੇ ਜ਼ੋਰ ਨਾਲ ਟੇਬਲ ’ਤੇ ਮੁੱਕੀ ਮਾਰੀ ਤੇ ਫਿਰ ਗੁੱਸੇ ਵਿਚ ਉੱਠ ਕੇ ਚਲਾ ਗਿਆ। ਉਹਦੇ ਜਾਣ ਤੋਂ ਬਾਅਦ ਰੋਕ ਕੇ ਰੱਖਿਆ ਹੰਝੂਆਂ ਦਾ ਹੜ੍ਹ ਵਹਿ ਤੁਰਿਆ। ਪਹਿਲੀ ਵਾਰ ਇੰਨਾਂ ਰੋਈ ਹਾਂ ...ਪਹਿਲੀ ਵਾਰ ਮੇਰਾ ਦਿਲ ਦੁੱਖਿਆਂ ... ਪਹਿਲੀ ਵਾਰੀ ਕਿਸੇ ਚੀਜ਼ ਨੂੰ ਖੋਂ ਜਾਣ ਦਾ ਦੁੱਖ ਹੋਇਆ .. ਪਹਿਲੀ ਵਾਰ ਆਪਣੇ ਕੀਤੇ ’ਤੇ ਪਛਤਾਵਾਂ ਹੋਇਆ ... ਪਿਆਰ ਵੀ ਤਾਂ ਪਹਿਲੀ ਵਾਰ ਹੀ ਹੋਇਆ ਏ।

ਥੱਕ ਕੇ , ਸਭ ਕੁਝ ਹਾਰ ਕੇ ਮੈਂ ਘਰ ਆ ਗਈ। ਉਦਾਸ ਹੋਈ ਆਪਣੀਆਂ ਗਲਤੀਆਂ ’ਤੇ ਝੂਰੀ ਜਾਂਦੀ ਆ। ਜ਼ਿੰਦਗੀ ਦਾ ਸਾਰਾ ਸਫ਼ਰ ਫਿਲਮ ਦੀ ਰੀਲ ਵਾਂਗੂੰ ਮੇਰੀਆਂ ਅੱਖਾਂ ਮੂਹਰਿਓ ਲੰਘ ਗਿਆ। ਮੇਰੇ ਕੋਲ ਪਛਤਾਂਵਿਆਂ ਤੋਂ ਬਿਨਾਂ ਕੁਝ ਨਹੀਂ ਸੀ ਬਚਿਆ।

ਮੇਰਾ ਮੂਡ ਬਹੁਤ ਅੱਪਸੈਟ ਆ। ਦਰਦ ਨਾਲ ਸਿਰ ਫੱਟ ਰਿਹਾ। ਸਾਰੀ ਰਾਤ ਮੈਂ ਅੰਬਰਦੀਪ ਨੂੰ ਮਨਾਉਣ ਦੀਆਂ ਸਕੀਮਾਂ ਘੜ੍ਹਦੀ ਰਹੀ। ਸਵੇਰੇ ਛੇ ਵਜੇ ਬਿਸਤਰ ’ਚ ਉੱਠ ਕੇ ਸ਼ਾਂਤੀ ਨੂੰ ਚਾਹ ਬਣਾਉਣ ਲਈ ਕਹਿੰਦੀ ਹਾਂ। ਆਪ ਫਰੈਸ਼ ਹੋ ਕੇ ਮੋਬਾਇਲ ਚੁੱਕ ਕੇ ਉਹਦਾ ਨੰਬਰ ਮਿਲਾਉਦੀ ਹਾਂ ਜੋ ਮੈਂ ‘ਜਾਨ’ ਨਾਂ ਨਾਲ ਫੀਡ ਕੀਤਾ ਹੋਇਆ ਹੈ। ਰਿੰਗ ਜਾਂਦੀ ਹੈ ਪਰ ਉਹ ਕੋਈ ਰਿਸਪਾਂਸ ਨਹੀਂ ਦਿੰਦਾ। ਸ਼ਾਂਤੀ ਚਾਹ ਤੇ ਬਿਸਕੁਟਾਂ ਵਾਲੀ ਟਰੇ ਟੇਬਲ ’ਤੇ ਰੱਖ ਗਈ ਹੈ। ਮੈਂ ਦੂਜੀ ਵਾਰ ਫਿਰ ਫੋਨ ਟਰਾਈ ਕਰਦੀ ਹਾਂ। ਚੌਥੀ ਕੁ ਰਿੰਗ ‘ਤੇ ਉਹ ਫੋਨ ਚੁੱਕ ਲੈਂਦਾ ਹੈ।

“ਹੂੰ !” ਅੰਬਰਦੀਪ ਹਾਲੇ ਵੀ ਗੁੱਸੇ ਨਾਲ ਭਰਿਆ ਪਿਆ ਆ।

“ਉੱਠੋਂ ਜੀ ਥੋਡੀ ਜਾਨ ਗੁੱਡ ਮੋਰਨਿੰਗ ਕਹਿੰਦੀ ਆ।” ਮੈਂ ਗੀਤ ਗਾ ਕੇ ਉਹਨੂੰ ਖੁਸ਼ ਕਰਨਾ ਚਾਹੁੰਦੀ ਆ।

“ਬਕਵਾਸ ਨਾ ਕਰ ਜੋ ਕਹਿਣਾ ਛੇਤੀ ਕਹਿ।” ਆਵਾਜ਼ ਵਿਚ ਹੋਰ ਵੀ ਜ਼ਿਆਦਾ ਬੇਰੁੱਖੀ ਸੀ। ਮੇਰਾ ਦਿਲ ਬਹੁਤ ਦੁੱਖੀ ਹੋਇਆ ਤੇ ਅੱਖਾਂ ਵਿਚ ਵੀ ਅੱਥਰੂ ਆ ਗਏ। ਫਿਰ ਵੀ ਕੰਟਰੋਲ ਜਿਹਾ ਕਰਕੇ ਮੈਂ “ਸੌਰੀ” ਕਿਹਾ।

“ਸਾਲੀਏ ਦੋ ਕੌਡੀ ਦੀ ਤੂੰ , ਕੱਲ੍ਹ ਮੇਰੇ ’ਚ ਕਾਣ ਕੱਢਦੀ ਸੀ। ਤੇਰੇ ਵਰਗੀਆਂ ਪੰਜਾਹ ਖਰੀਦ ਸਕਦਾ ਮੈਂ ਆਥਣ ਨੂੰ। ਅੱਜ ਤੋਂ ਬਾਅਦ ਮੈਨੂੰ ਕੋਈ ਫੋਨ ਨਾ ਕਰੀ।” ਉਹਦਾ ਗੁੱਸਾ ਸਿਖਰ ’ਤੇ ਸੀ ਪਟੱਕ ਦੇਣੇ ਉਹਨੇ ਫੋਨ ਕੱਟ ’ਤਾ ਮੈਂ ਟੇਬਲ ’ਤੇ ਪਈ ਚਾਹ ਵਾਂਗ ਠੰਢੀ ਹੋ ਗਈ।

(**ਸੰਪਰਕ**-62845-07527)

# ਕਹਾਣੀ / ਬੌਗਨਵਿਲੀਆ /- ਜਸਪਾਲ ਕੌਰ

*( 'ਬੌਗਨਵਿਲੀਆ' ਉਸ ਔਰਤ ਦੀ ਕਹਾਣੀ ਹੈ ਜਿਸ ਦੇ ਮਨ ਦੀਆਂ ਅੱਥਰੀਆਂ ਰੀਝਾਂ ਦਾ ਗਲਾ ਔਰਤ ਦੇ ਚੁਗਿਰਦੇ ਦਾ ਬੁਣਿਆ ਜਾਲ਼ ਘੁੱਟ ਦਿੰਦਾ ਹੈ। ਸੂਖ਼ਮ ਮਨ 'ਚ ਇਹ ਸੰਨੇਹ, ਮਨ ਦੀ ਸਾਂਝ ਮਰਦੀ ਨਹੀਂ। ਭਾਰਤੀ ਲੋਕਾਂ ਦਾ ਸਮਾਜਿਕ ਸਿਸਟਮ ਨਾਰੀ ਦੀਆਂ ਉਮੰਗਾਂ, ਚਾਹਤਾਂ ਅਤੇ ਰੀਝਾ ਨੂੰ ਆਪਣੇ ਅੰਦਰ ਆਤਮ ਸਾਤ ਕਰ ਲੈਂਦਾ ਹੈ। ਇਕ ਕਹਾਣੀ ਦੀ ਨਾਰੀ ਪਾਤਰ ਦੇ ਤਨ 'ਤੇ ਤਾਂ ਭਾਵੇਂ ਉਹਦਾ ਪਤੀ ਰਾਜ ਕਰਦਾ ਹੈ ਪਰ ਮਨ 'ਤੇ ਉਹਦਾ ਤੇਜਬੀਰ ਹੀ ਰਾਜ ਕਰਦਾ ਹੈ। ਕਹਾਣੀ 'ਚ ਬਹੁਤ ਸੂਖ਼ਮ ਅਹਿਸਾਸ ਤੇ ਤਰੰਗਾ ਦਾ ਬਰਤਾਂਤ ਪੇਸ਼ ਹੋਇਆ ਹੈ। ਭਾਸ਼ਾ ਖਿੱਚ ਭਰਪੂਰ ਹੈ। -ਸੰਪਾਦਕ)*

ਨਵੇਂ ਸਾਲ ਦੇ ਆਏ ਸੁਨੇਹਿਆਂ ਵਿਚੋਂ ਇੱਕ ਸੁਨੇਹਾ ਐਸਾ ਜਿਹਦੀ ਦਿਲ ਨੂੰ ਉਡੀਕ ਸੀ ਤੇ ਉਹ ਆ ਗਿਆ, ਬੱਸ ਫੇਰ ਕੀ ਸੀ ਉਸ ਸੁਨੇਹੇ ਦੇ ਜਵਾਬ ਵਿੱਚ ਕਈ ਸੁਨੇਹਿਆਂ ਦਾ ਆਉਣ ਜਾਣ ਰੋਜ਼ ਦਾ ਕੰਮ ਹੋ ਗਿਆ, ਇਕ ਰੋਮਾਂਚ ਭਰੀ ਉਡੀਕ , ਖਿੱਚ ਤੇ ਤਾਜ਼ਗੀ ਜ਼ਿਹਨ ਤੇ ਸਰੀਰ ਨੂੰ ਮਹਿਕਾਈ ਰੱਖਦੀ, ਜਿਵੇਂ ਕੁਝ ਗਵਾਚਿਆ ਫੇਰ ਪੱਲੇ ਪੈ ਗਿਆ ਹੋਵੇ। ਸ਼ੋਸ਼ਲ ਮੀਡੀਆ ਦੇ ਇਸ ਵਰਤਾਰੇ ਵਿੱਚ ਤਾਂ ਰਿਸ਼ਤਿਆਂ ਦੀ ਸ਼ੁਰੂਆਤ ਤੇ ਅੰਤ ਵੀ ਮੈਸੇਜ ਰਾਹੀਂ ਹੀ ਹੁੰਦਾ, ਪਰ ਮੈਨੂੰ ਤਸੱਲੀ ਸੀ ਕਿ ਮੈਂ ਉਸਨੂੰ ਪਹਿਲਾਂ ਮਿਲ ਚੁੱਕੀ ਸੀ।

ਲੱਖ ਵਾਰੀ ਸਲਾਮ ਹੈ ਉਸ ਖ਼ੂਬਸੂਰਤ ਸਰਦ ਸ਼ਾਮ ਨੂੰ, ਜਦੋਂ ਉਹ ਮੇਰੇ ਸਾਹਮਣੇ ਸੀ, ਪੰਜਾਹ ਕੁ ਬੰਦਿਆਂ ਨਾਲ ਸੇਜ ਹਾਲ ਵਿੱਚ ਜਿੱਥੇ ਵਿਚਾਰ ਚਰਚਾਵਾਂ ਹੋ ਰਹੀਆਂ ਸੀ ਪਰ ਮੇਰੇ ਅੰਦਰ ਠਹਿਰਾਵ, ਅੰਤਾਂ ਦੀ ਤਸੱਲੀ ਜਿਵੇਂ ਵਰਿਆਂ ਪਿਛੋਂ ਉਹ ਤਸਵੀਰ ਮੇਰੇ ਸਾਹਮਣੇ ਆਈ ਹੋਵੇ ਜਿਸ ਦੇ ਨਕਸ਼ ਕਦੇ ਮੇਰੇ ਜ਼ਿਹਨ ਚ ਸੀ। ਕਾਲੇ ਕੋਟ ਪੈਂਟ ਤੇ ਗੂੜ੍ਹੀ ਹਰੀ ਮੂੰਗੀਆ ਪੱਗ 'ਚ ਉਹਦਾ ਸਾਂਵਲਾ ਰੰਗ ਇਸ਼ਕੇ ਦੀ ਪਾਣ ਚਾੜ੍ਹ ਰਿਹਾ ਸੀ। ਸਿਰਫ਼ ਇੱਕ ਵਾਰ ਪਲ ਭਰ ਲਈ ਉਹਦੀ ਨਜ਼ਰ ਮੇਰੇ 'ਤੇ ਪਈ ਤੇ ਮੇਰਾ ਉਹਨੂੰ ਰੱਜ ਰੱਜ ਵੇਖਿਆ ਸਾਕਾਰ ਹੋ ਗਿਆ ਮਿੱਠੀਆਂ-ਮਿੱਠੀਆਂ ਪਿਆਰ ਦੀਆਂ ਗੱਲਾਂ ਤੇ ਸੱਚੇ ਪਿਆਰ ਦੇ ਦਾਅਵੇ ਰਿਸ਼ਤੇ ਨੂੰ ਚਾਸ਼ਨੀ ਚ ਲਪੇਟ ਚੂਸਦੇ ਰਹੇ ਤੇ ਤਲਬ ਹੋਰ ਤੀਬਰ ਹੋ ਜਾਂਦੀ। ਉਹਦੀ ਅਵਾਜ਼ ਜਿਵੇਂ ਕੰਨਾਂ 'ਚ ਰਸ ਘੋਲ ਰਹੀ ਹੋਵੇ ਜਰਾ ਜਿੰਨਾ ਉਹਦਾ ਮੈਸੇਜ ਲੇਟ ਆਉਣਾ ਜਾਂ ਨਾ ਆਉਣਾ ਤੇ ਸਰੀਰ 'ਚੋਂ ਸੱਤਿਆ ਈ ਮੁੱਕ ਜਾਣੀ,

ਤੇਜਬੀਰ ਤੂੰ ਕਿੱਥੇ ਸੀ?

ਹੇਅਰ ਓਨਲੀ ਮੇਰੀ ਜਾਨ ਮੈਂ ਤੇ ਮਰਨ ਵਾਲੀ ਹੋ ਗਈ ਸੀ

ਅੱਛਾ ਜੀ

ਕਦੋਂ ਮਿਲਾਂਗੇ

ਬਹੁਤ ਛੇਤੀ

ਉਹਦੇ ਛੋਟੇ-ਛੋਟੇ ਜਵਾਬ ਦਿਲ ਨੂੰ ਸੱਟ ਜਿਹੀ ਮਾਰਦੇ, ਕਿਉਂ ਨਹੀਂ ਇਹ ਖੁੱਲ ਕੇ ਗੱਲ ਕਰਦਾ ਰੋਜ਼ ਦੀ ਤਰ੍ਹਾਂ ਤਿਆਰ ਹੋ ਕੇ ਸਕੂਲ ਪਹੁੰਚੀ ਮੇਰੀ ਕੁਲੀਗ ਦੀਪ ਫਰੀ ਪੀਰੀਅਡ ਚ ਮੇਰੇ ਕੋਲ ਆਈ.. ਕੀ ਗੱਲ ਅੱਜ ਬੜੀ ਨਿੱਖਰੀ ਪਈ ਐਂ, ਹੱਸਦੇ ਬੁੱਲ ਤੇ ਸੁਪਨਈ ਅੱਖੀਆਂ, ਨਵੇਂ ਸਾਲ ਨਵੇਂ ਰੰਗ, ਕਿਉਂ ਬਦਲੇ ਨੇ ਜਨਾਬ ਦੇ ਢੰਗ ਕੁਝ ਵੀ ਨਹੀਂ ਬੱਸ, ਭਾਵੇਂ ਸਾਡੀ ਹਰ ਗੱਲ ਸਾਂਝੀ ਸੀ ਪਰ ਤੇਜਬੀਰ ਬਾਰੇ ਦੱਸਣ ਤੋਂ ਮੈਂ ਟਲਣਾ ਚਾਹੁੰਦੀ ਸੀ, ਮੈਂ ਕਿਸੇ ਵੱਖਰੇ ਵੇਗ ਵਿੱਚ ਸੀ , ਮੇਰੀ ਅਵਾਜ਼ ਤੇ ਸੰਤੁਸ਼ਟ ਬੇਪਰਵਾਹ ਚਿਹਰਾ ਕਈ ਕੁਝ ਬਿਆਨ ਕਰ ਗਿਆ, ਜਿਸ ਨੂੰ ਦੀਪ ਨੇ ਭਲੀ-ਭਾਂਤ ਸਮਝ ਲਿਆ ਪਰ ਕੁਝ ਨਹੀਂ, ਕੁਝ ਨਹੀਂ ਕਹਿਣ



ਵਿੱਚ ਸ਼ਾਇਦ ਦੱਸਣ ਦੀ ਕਾਹਲ ਸੀ ਕਿ ਇਹ ਮਜਬੂਰ ਕਰੇ ਤੇ ਮੈਂ ਜ਼ਰੂਰ ਦੱਸਾਂ। ਮੈਂ ਉਸਨੂੰ ਰੋਕ ਲਿਆ...ਦੀਪ ਕੁਝ ਦਿਨ ਪਹਿਲਾਂ ਇਕ ਪ੍ਰੋਗਰਾਮ ਵਿੱਚ ਮੈਂ ਤੇਜਬੀਰ ਨੂੰ ਮਿਲੀ ਸੀ।

ਹਾਂ ਤਾਂ ਫੇਰ... ਕੌਣ ਏ ਉਹ?

ਤੇ ਮੈਂ ਉਸ ਠੰਢੀ ਯਖ ਸ਼ਾਮ ਨੂੰ ਕੀਤਾ ਜ਼ੁਰਮ ਏ ਇਸ਼ਕ ਕਬੂਲ ਕਰ ਲਿਆ।

"ਹੈਂ ! ਇਹ ਤੂੰ ਬੋਲ ਰਹੀ, ਸ਼ਰਮ ਕਰ ਕੁਝ, ਨੌਟੀ ਆਫਟਰ ਫੌਰਟੀ।"

ਹਾਂ ਜੀ,ਉਮਰ ਕਹਿੰਦੀ ਏ ਹੁਣ ਸਮਝਦਾਰੀ ਹੋ ਜਾਵੇ,ਪਰ ਦਿਲ ਕਹਿੰਦਾ ਕੁਝ ਨਾਦਾਨੀਆਂ ਹੋਰ ਕਰ ਲਈਏ, ਮੈਂ ਮਚਲ ਕੇ ਆਖਿਆ,

"ਮੈਨੂੰ ਨਾਦਾਨੀਆਂ ਕਰਨ ਦਾ ਮੌਕਾ ਜੁ ਨਹੀਂ ਮਿਲਿਆ ਜ਼ਿੰਦਗੀ 'ਚ, ਮੇਰੇ ਪਿਉ ਨੇ ਸਾਂਭ ਸਾਂਭ ਰੱਖਿਆ ਸੀ ਮੈਨੂੰ, ਤੂੰ ਬਹੁਤ ਪਛਤਾਵੇਂਗੀ ਜੀਤ, ਤੈਨੂੰ ਨਹੀਂ ਪਤਾ ਤੂੰ ਕੀ ਕਰ ਰਹੀ ਏ, ਕਦੇ ਕਿਸੇ ਬੇਗਾਨੇ ਮਰਦ ਨੇ ਔਰਤ ਦੀ ਇੱਜ਼ਤ ਕੀਤੀ ! ਤੈਨੂੰ ਉਹ ਕਿਉਂ ਪਿਆਰ ਕਰੇਗਾ ! ਉਮਰ ਦੇ ਚਾਰ ਦਹਾਕੇ ਪਾਰ ਕਰਕੇ ਮੁਹੱਬਤ ਕਿਵੇਂ ਹੋ ਸਕਦੀ?

ਕਿਉਂ ਨਹੀਂ ਹੋ ਸਕਦੀ, ਬੜਾ ਫ਼ਾਲਤੂ ਡਾਇਲਾਗ ਹੈ। ਹਿੰਦੀ ਫ਼ਿਲਮਾਂ ਦਾ ਕਿ 'ਮੁਹੱਬਤ ਜ਼ਿੰਦਗੀ ਮੇਂ ਏਕ ਹੀ ਬਾਰ ਹੋਤੀ ਹੈ' ਇਹ ਹੋ ਸਕਦੀ ਭੈਣੇ, ਉਸੇ ਸ਼ਾਨ ਤੇ ਤਾਜ਼ਗੀ ਨਾਲ ਫੇਰ। ਅਹਿਸਾਸ ਦੁਬਾਰਾ ਵੀ ਜਾਗ ਸਕਦੇ, ਤੇਜਬੀਰ ਦਾ ਤਾਂ ਨਾਂ ਸੁਣਕੇ ਈ ਇਕ ਖਣਕ ਜਿਹੀ ਗੂੰਜੀ ਸੀ ਮੇਰੇ ਕੰਨਾਂ ਵਿੱਚ । ਜੇ ਕੋਈ ਰੰਗਰੇਜ ਆਪਣੇ ਰੰਗਾਂ 'ਚ ਰੰਗ ਜਾਵੇ ਤਾਂ ਕੀ ਕਰੇ ਕੋਈ। ਤੈਨੂੰ ਰੋਂਦੀ ਨੂੰ ਕੋਈ ਮੋਢਾ ਨਹੀਂ ਲੱਭਣਾ ਸਿਰ ਰੱਖਣ ਲਈ, ਪਰ ਕੋਈ ਨੀਂ ਮੈਂ ਤੈਨੂੰ ਫੇਰ ਵੀ ਹੌਸਲਾ ਦਿਆਂਗੀ, ਇਹ ਜਿਹੜੀ ਤੂੰ ਪੰਜਤਾਲੀਆਂ ਤੋਂ ਪੈਂਤੀਆਂ ਦੀ ਲਗਦੀ, ਛੇਤੀ ਪੰਜਵੰਜਾ ਦੀ ਲੱਗੇਂਗੀ, ਕਰ ਲੈ ਮਨ ਆਈਆਂ, ਤੂੰ ਉਹ ਗੱਲ ਨਹੀਂ ਸੁਣੀ, ਕਿ ਇਕ ਕੁੜੀ ..ਘਰ ਕਿੱਲੇ ਬੱਝੀ ਘੋੜੀ ਖੋਲ ਕੇ ਆਪਣੇ ਆਸ਼ਕ ਨਾਲ ਸਵਾਰ ਹੋ ਕੇ ਤੁਰ ਜਾਂਦੀ, ਅਧਵਾਟੇ ਜਾ ਕੇ ਘੋੜੀ ਬਹਿ ਜਾਂਦੀ, ਕੁੜੀ ਦੇ ਮੂੰਹੋਂ ਸੁਭਾਵਿਕ ਨਿਕਲਦਾ ਕਿ ਜਦੋਂ ਮੇਰੀ ਮਾਂ ਮੇਰੇ ਪਿਉ ਨਾਲ ਘਰੋਂ ਭੱਜੀ ਸੀ ਤਾਂ ਇਸੇ ਘੋੜੀ ਦੀ ਮਾਂ ਵੀ ਰਾਹ 'ਚ ਬਹਿ ਗਈ ਸੀ।

ਸੁਣ ਕੇ ਮੁੰਡੇ ਦੇ ਦਿਮਾਗ ਨੇ ਮੋੜਾ ਖਾਧਾ ਤੇ ਕੁੜੀ ਨੂੰ ਕਹਿੰਦਾ ਤੂੰ ਆਪਣੇ ਘਰ ਚੱਲ,ਜੇ ਇਹ ਘੋੜੀ ਆਪਣੀ ਮਾਂ ਤੇ ਅਤੇ ਤੂੰ ਆਪਣੀ ਮਾਂ ਤੇ ਗਈ, ਤੇ ਕੱਲ ਨੂੰ ਮੇਰੀ ਧੀ ਵੀ ਇਸੇ ਤਰ੍ਹਾਂ ਤੇਰੇ ਵਾਂਗ ਘਰੋਂ ਭੱਜੇਗੀ ਸਮਝੀ ਮੈਡਮ ਜੀਤ ਮਰਦ ਆਪਣੇ ਘਰ ਲਈ ਹੋਰ ਤੇ ਦੂਜੀ ਔਰਤ ਲਈ ਹੋਰ ਤਰ੍ਹਾਂ ਦੇ ਖਿਆਲ ਰੱਖਦਾ।"ਨਾਲੇ ਮੁੰਡੇ ਰੰਨਾਂ ਭਾਲਦੇ, ਨਾਲੇ ਕੁੜੀਆਂ ਜੰਮਣ ਤੋਂ ਡਰਦੇ।"

ਬਾਕੀ ਤੇਰੀ ਮਰਜ਼ੀ, ਬੈਸਟ ਆਫ ਲੱਕ !

ਤੇਰੀ ਅੱਖ ਅੱਗੇ ਕੱਖ ਆ ਗਿਆ, ਹਾਲੇ ਤੈਨੂੰ ਕੁਝ ਨਜ਼ਰ ਨਹੀਂ ਆਉਣਾ, ਸਿਵਾਏ ਛੇ ਫੁੱਟ ਲੰਬੇ ਤੇ ਸੁਹਣੀ ਪੱਗ ਦਿਆਂ ਪੇਚਾਂ ਤੋਂ !

ਕਹਿ ਕੇ ਉਹ ਚਲੀ ਗਈ। ਉਹਦੀ ਗੱਲ ਮੈਨੂੰ ਮਾਯੂਸ ਜਿਹਾ ਕਰ ਗਈ, ਫੋਨ ਤੇ ਮੈਸੇਜ ਟੋਨ ਵੱਜੀ ਤੇ ਬੀਰ ਪੁੱਛ ਰਿਹਾ ਸੀ, "ਵਟਸ ਆਪ ਜਾਨ?

ਬੱਸ ਤੇਰੀ ਯਾਦ, ਤੇਰਾ ਨਾਮ।"

ਆ ਜਾਓ !

ਜੀ ਬੀਰ, ਤੇਰੀ ਬਾਹਾਂ 'ਚ ਕੈਦ ਹੋਣ ਨੂੰ ਜੀ ਕਰਦਾ, ਤੇਰੇ ਮੱਥੇ ਹੋਂਠ ਛਹਾਉਣ ਨੂੰ ਜੀ ਕਰਦਾ !

ਉਹਦੇ ਪਿਆਰ ਨੇ ਫ਼ਿਲਹਾਲ ਦੀਪ ਨੂੰ ਮੇਰੇ ਦਿਮਾਗ ਚੋਂ ਕੱਢ ਦਿੱਤਾ ਸੀ ਜਦੋਂ ਪਹਿਲੀ ਵਾਰ ਤੜਕੇ ਬੀਰ ਦਾ ਮੈਸੇਜ ਆਇਆ, "ਕੈਨ ਆਈ ਕਾਲ ਯੂ'?'... ਤਾਂ ਮੈਂ ਇੱਕ ਦਮ ਘਬਰਾ ਗਈ, "ਇਸ ਵੇਲੇ ਨਹੀਂ, ਮੈਂ ਕਰਾਂਗੀ ਫੋਨ...।

ਏਨੀ ਛੇਤੀ ਮੈਂ ਕੀ ਗੱਲ ਕਰਾਂਗੀ, ਇੰਞ ਲੱਗਦਾ ਜਿਵੇਂ ਮੈਂ ਜ਼ਿੰਦਗੀ 'ਚ ਪਹਿਲੀ ਵਾਰ ਇਸ਼ਕ ਕੀਤਾ

ਹੋਵੇ ਉਹੀ ਅਹਿਸਾਸ ਜੋ ਅੱਜ ਤੋਂ ਵੀਹ ਸਾਲ ਪਹਿਲਾਂ ਸੀ, ਮੈਂ ਕਿਸੇ ਵੱਖਰੇ ਈ ਸਰੂਰ 'ਚ ਗੁਆਚੀ ਹੋਈ ਸੀ। ਮੈਨੂੰ ਯਾਦ ਹੈ ਜਦੋਂ ਕਿਸੇ ਪਰਿਵਾਰਕ ਪ੍ਰੋਗਰਾਮ ਤੇ ਇਕ ਦੂਰ ਦੀ ਰਿਸ਼ਤੇਦਾਰੀ ਵਿਚੋਂ ਇਕ ਮੁੰਡਾ ਮੈਨੂੰ ਚੰਗਾ ਲੱਗਦਾ ਸੀ। ਉਸ ਉਮਰ 'ਚ ਆਪਣਾ ਹਾਣ ਹਰ ਇਕ ਨੂੰ ਚੰਗਾ ਲੱਗਦਾ ,ਪਰ ਜਿਹੋ ਜਿਹੇ ਸੰਸਕਾਰਾਂ ਵਿੱਚ ਸਾਡੀ ਪਾਲਣਾ ਹੋਈ, ਕਦੇ ਅੱਗੇ ਵਧਣ ਦਾ ਹੀਆ ਨਹੀਂ ਕੀਤਾ। ਹਮੇਸ਼ਾਂ ਡੈਡੀ ਦੀਆਂ ਗੁੱਸੇ ਭਰੀਆਂ ਅਣਖੀ ਜਿਹੀਆਂ ਨਜ਼ਰਾਂ ਤੋਂ ਡਰ ਲਗਦਾ ਤੇ ਅਜਿਹਾ ਖਿਆਲ ਅੱਖਾਂ ਰਾਹੀਂ ਦਿਲ 'ਚ ਵੜਨ ਈ ਨਹੀਂ ਦਿੱਤਾ। ਤੇ ਨਾ ਹੀ ਅਗਲੇ ਦੀ ਸ਼ਖ਼ਸੀਅਤ ਵਿੱਚ ਏਨਾ ਦਮ ਸੀ, ਸਾਡੀਆਂ ਨਜ਼ਰਾਂ ਰਾਹੀਂ ਦਿਲ 'ਚ ਉਤਰਨ ਦਾ। ਪਰ ਬੀਰ ਦੇ ਤਾਂ ਨਾਂ ਦੀ ਖਣਕ ਨੇ ਹੀ ਰਾਹ ਬਣਾ ਲਿਆ ਸੀ , ਇਕ ਪਲ ਨਾ ਲਾਇਆ ਤੇ ਚੌਵੀ ਘੰਟੇ ਦਿਮਾਗ 'ਤੇ ਕਬਜ਼ਾ ਕਰੀ ਰੱਖਦਾ ਆਖਰ ਮੈਂ ਫੋਨ ਕੀਤਾ ਤਾਂ ਉਹਦੇ ਨਸ਼ਿਆਏ ਜਿਹੇ ਬੋਲ ਮੇਰੇ ਜਿਸਮ 'ਚ ਬਰਫ਼ ਦੇ ਤੋਦੇ ਵਾਂਗ ਘੁਲ ਰਹੇ ਸੀ, ਜਿਵੇਂ ਇਕ ਪਲ ਲਈ ਦੁਨੀਆਂ ਦੇ ਸਾਰੇ ਸੁੱਖ ਮੇਰੀ ਮੁੱਠੀ ਵਿੱਚ ਹੋਣ ਪਿਆਰ ਦੀਆਂ ਪਰਿਭਾਸ਼ਾਵਾਂ ਆਪਣੀ ਆਪਣੀ ਸਮਝ ਅਨੁਸਾਰ ਸਾਂਝੀਆਂ ਕਰਦੇ ਰਹੇ,

"ਇਸ ਦੁਨੀਆ ਵਿੱਚ ਕੋਈ ਕਿਸੇ ਤੇ ਕਿਵੇਂ ਯਕੀਨ ਕਰ ਸਕਦਾ।"

"ਕਰਕੇ ਵੇਖੋ, ਸਿਰ ਦੀ ਪੱਗ ਬਣਾ ਕੇ ਰੱਖੂੰਗਾ, ਬਹੁਤ ਸੰਭਾਲ ਕੇ ਰੱਖੂੰਗਾ।" ਤੁਹਾਨੂੰ ਮਿਲ ਕੇ ਮੈਨੂੰ ਵੀ ਇਵੇਂ ਈ ਲੱਗਾ ਸੀ, ਜਿਵੇਂ ਮੇਰਾ ਕੋਈ ਆਪਣਾ ਮੇਰੇ ਕੋਲ ਆਇਆ ਹੋਵੇ,

ਇਹ ਸ਼ਬਦ ਸੁਣਦਿਆਂ ਜਿਵੇਂ ਮੈਨੂੰ ਖੰਭ ਲੱਗ ਗਏ ਹੋਣ ਤੇ ਦੀਪ ਦੀਆਂ ਗੱਲਾਂ ਮੈਨੂੰ ਫਜ਼ੂਲ ਲਗਦੀਆਂ ਜੀ, ਪਿਆਰ ਤਾਂ ਰੂਹ ਦਾ ਰਿਸ਼ਤਾ ਏ ਪਰ ਸਰੀਰਕ ਰਿਸ਼ਤੇ ਤੋਂ ਬਿਨਾਂ ਰੂਹ ਦਾ ਰਿਸ਼ਤਾ ਵੀ ਅਧੂਰਾ ਹੈ ਕੀ ਮਤਲਬ? ਮੈਂ ਥੋੜ੍ਹਾ ਜਿਹਾ ਤ੍ਰਭਕੀ ਮਤਲਬ ਕਿ ਜਦੋਂ ਕਿਸੇ ਨਾਲ ਤੁਹਾਡੇ ਕੋਈ ਖਾਸ ਅਹਿਸਾਸ ਜੁੜੇ ਨੇ ਤਾਂ ਉਥੇ ਸਭ ਜਾਇਜ਼ ਏ, ਜਦੋਂ ਇਕੱਠੇ ਚੱਲਣਾ ਹੈ , ਫੇਰ ਤਾਂ ਸਭ ਕੁਝ ਹੋਵੇਗਾ ਮੇਰੀ ਜਾਨ!

ਇਹ ਗੱਲ ਸੁਣਦਿਆਂ ਮੇਰੀ ਸੁਰਤ ਇਕਦਮ ਅਰਸ਼ੋਂ ਫਰਸ਼ ਤੇ ਆ ਗਈ ਕਿ ਆਖਰ ਬੀਰ ਨੇ ਆਪਣੇ ਦਿਲ ਦੀ ਗੱਲ ਕਹਿ ਦਿੱਤੀ ਉਹ ਅਕਸਰ ਅਜਿਹੇ ਵਿਸ਼ਿਆਂ 'ਤੇ ਗੱਲਾਂ ਕਰਨਾ ਚਾਹੁੰਦਾ ਪਰ ਮੈਂ ਗੱਲ ਦਾ ਰੁਖ਼ ਕਿਸੇ ਹੋਰ ਪਾਸੇ ਮੋੜ ਲੈਂਦੀ ਮੈਂ ਅਕਸਰ ਪੁੱਛਦੀ ਰਹਿੰਦੀ, ਕਿੱਥੇ ਆ ਮੇਰਾ ਚੰਨ!

ਆਫਿਸ, ਹੋਮ.... ਅਜਿਹੇ ਜਵਾਬ ਆਉਂਦੇ ਤੇ ਰਿਸ਼ਤਾ ਪਿਆਰ ਨਾਲ ਅੱਗੇ ਵਧਦਾ ਰਿਹਾ।

ਇਕ ਦਿਨ ਸ਼ਾਮ ਨੂੰ ਫੋਨ 'ਤੇ ਗੱਲ ਕਰਦਿਆਂ ਉਸਨੇ ਸਿਰਫ਼ ਇੱਕ ਵਾਰ ਮੇਰਾ ਨਾਮ ਲਿਆ 'ਜੀਤ'।

ਪਰ ਮੈਂ ਜਿੰਨੀ ਵਾਰ ਵੀ ਬਲਾਉਣਾ ਬੀਰ, ਤੇਜਬੀਰ,... ਮੇਰੇ ਬੁੱਲਾਂ ਤੇ ਇਹ ਨਾਂ ਅਕਸਰ ਖੇਡਦਾ ਰਹਿੰਦਾ...।

ਕੀ ਬਣਦਾ ਜਨਾਬ!

ਤੈਨੂੰ ਯਾਦ ਕਰ ਰਹੀ ਸੀ

ਕੀ ਸੋਚ ਰਹੀ ਸੀ, ਰਾਤੀਂ ਮੈਂ ਤੇਰੇ ਨਾਲ ਪਿਆਰ ਚ ਸੀ,ਆਈ ਵਾਸ ਲਿਕਿੰਗ ਯੂ, ਸਕਿੰਗ ਯੂ, ਮੈਂ ਤੈਨੂੰ ਸਾਰੀ ਰਾਤ ਪਿਆਰ ਕਰ ਸਕਦਾ ਸਿਰ ਤੋਂ ਪੈਰਾਂ ਤੱਕ ਤੁਸੀਂ ਕਦੇ ਮਹਿਸੂਸ ਕੀਤਾ ਆਪਣੇ ਖਿਆਲਾਂ ਚ, ਮੈਨੂੰ!

ਤੁਸੀਂ ਹਮੇਸ਼ਾਂ ਮੇਰੇ ਮਾਈਂਡ ਚ ਹੁੰਦੇ ਹੋ ਬੀਰ, ਤੁਸੀਂ ਮੇਰੀ ਜ਼ਿੰਦਗੀ ਦੀ ਖ਼ੂਬਸੂਰਤ ਹਕੀਕਤ ਹੋ ਜਿਸ ਨੇ ਕਈ ਖ਼ੁਆਬ ਸਿਰਜ ਦਿੱਤੇ ਨੇ। ਉਹਦੀਆਂ ਗੱਲਾਂ ਚੰਗੀਆਂ ਲੱਗਦੀਆਂ ਪਰ ਦਿਲ ਕੰਬ ਰਿਹਾ ਸੀ, ਦਿਮਾਗ ਸੁੰਨ ਵੀ ਹੋ ਰਿਹਾ ਸੀ।

ਮੈਂ ਕੀ ਬੋਲਾਂ ਬੀਰ।

ਯਾਰ ਮੈਂ ਆਪਣੇ ਪਾਰਟਨਰ ਨਾਲ ਗੱਲ ਕਰ ਰਿਹਾਂ, ਤੈਨੂੰ ਮੇਰੇ ਨਾਲ ਕਾਹਦੀ ਸ਼ਰਮ?

ਜਦੋਂ ਮੈਂ ਜਵਾਬ ਨਾ ਦਿੰਦੀ ਤਾਂ ਉਸਨੂੰ ਬੁਰਾ ਲੱਗਦਾ ਉਹ ਗੱਲਾਂ ਕਿਥੇ ਗਵਾਚ ਗਈਆਂ ਜੋ ਮੈਂ ਕਰਨਾ



ਚਾਹੁੰਦੀ ਸੀ, ਕਾਲਜ ਲਾਈਫ ਦੀਆਂ, ਕਿਤਾਬਾਂ ਦੀਆਂ, ਘਰ ਪਰਿਵਾਰ ਦੀਆਂ ਪਰ ਸਵੇਰ ਦੇ 'ਗੁੱਡ ਮੌਰਨਿੰਗ ਸਵੀਟ ਹਾਰਟ' ਨਾਲ ਸਭ ਫੇਰ ਆਮ ਵਾਂਗ ਹੋ ਜਾਂਦਾ। ਤੇ ਬੀਰ ਤੋਂ ਪਹਿਲਾਂ ਮੈਨੂੰ ਸੱਚੀਂ ਕਦੇ ਵੀ ਕਿਸੇ ਨੇ ਸਵੀਟ ਹਾਰਟ ਨਹੀਂ ਕਿਹਾ। ਕਿੰਨਾ ਸਵੀਟ ਲਗਦਾ ਉਹਦੇ ਮੂੰਹੋਂ ਸਵੀਟ ਹਾਰਟ

ਉਹਦਾ ਇੰਝ ਕਹਿਣਾ ਮੈਨੂੰ ਅੰਬਰਾਂ 'ਤੇ ਚਾੜ੍ਹੀ ਰੱਖਦਾ ਹੌਲੀ ਹੌਲੀ ਗੱਲਬਾਤ ਘੱਟ ਹੋ ਗਈ ਉਸ ਨੂੰ ਮੇਰੇ ਵੱਲੋਂ ਖੁੱਲ ਕੇ ਗੱਲ ਨਾ ਕਰਨ ਦਾ ਗੁੱਸਾ ਸੀ ਮੇਰਾ ਉਹਨੂੰ ਮਿਲਣ ਨੂੰ ਬੜਾ ਜੀਅ ਕਰਦਾ, ਉਹਦਾ ਵਕਤ ਕਦੇ ਮੇਰੇ ਹਿਸਾਬ ਨਾਲ ਨਾ ਹੁੰਦਾ।

"ਚੰਨਾ ਮੈਂ ਮਿਲਾਂਗੀ ਪਰ ਮੈਂ ਸ਼ਾਮ ਨੂੰ ਸਹੀ ਵਕਤ 'ਤੇ ਘਰ ਹੋਣਾ ਚਾਹਵਾਂਗੀ।"

ਸੁਹਣੀ ਤਾਂ ਰਾਤ ਨੂੰ ਵੀ ਕੱਚੇ ਘੜੇ 'ਤੇ ਤੈਰ ਕੇ ਆ ਜਾਂਦੀ ਸੀ।

ਓਹ! ਫੇਰ ਤਾਂ ਮਰਨਾ ਪੈਣੇ ਪਰ ਜੇ ਅੱਗੇ ਤੇਰੇ ਵਰਗਾ ਸੀਨੇ ਲਾਉਣ ਲਈ ਨਾ ਖੜਾ ਹੋਇਆ ਤਾਂ ਫੇਰ??

"ਥੈਂਕਸ ਫਾਰ ਟਰਸਟ।"

ਉਹਦਾ ਜਵਾਬ ਮੇਰੀ ਦਲੀਲ ਨੂੰ ਹਰਾ ਗਿਆ। ਤੇ ਮੇਰਾ 'ਟਰਸਟ' ਹੋਰ ਵਧ ਗਿਆ, ਮੈਨੂੰ ਆਪਣਾ ਆਪ ਗ਼ਲਤ ਲੱਗਾ, ਜਿਵੇਂ ਮੈਂ ਵਿਸ਼ਵਾਸ ਨਾ ਕਰਕੇ ਆਪਣੇ ਚੰਨ ਦਾ ਅਪਮਾਨ ਕੀਤਾ ਹੋਵੇ।

ਜ਼ੁਲਮੀ ਹਤਿਆਰਾ ਮਾਹੀ।

ਫਿਰ ਵੀ ਏ ਪਿਆਰਾ ਮਾਹੀ।

ਲੱਭਣਾ ਨਹੀਂ ਉਹਦੇ ਵਰਗਾ ਸਾਰਾ ਜੱਗ ਟੋਲੇ ਤੋਂ..

ਯੂ ਟਿਊਬ 'ਤੇ ਗਾਣਾ ਸੁਣਦੀ ਹਾਂ। ਮੈਂ ਤੇ ਬੀਰ ਅਕਸਰ ਆਪਣੇ ਮਨਪਸੰਦ ਗਾਣੇ ਇਕ ਦੂਜੇ ਨਾਲ ਸਾਂਝੇ ਕਰਦੇ ਮੇਰਾ ਮਿਲਣ ਨੂੰ ਜੀਅ ਕਰਦਾ।

ਤੇ ਮੈਂ ਭਾਵਕ ਹੋ ਕੇ ਲਿਖਦੀ.. 'ਲੰਮੀਆਂ ਉਡੀਕਾਂ ਰਿਸ਼ਤਿਆਂ ਵਿਚ ਦੂਰੀਆਂ ਪੈਦਾ ਕਰਦੀਆਂ ਹਨ, ਦੂਰੀਆਂ ਪਤਾ ਨਹੀਂ ਕਦੋਂ ਬੇਗਾਨਗੀ 'ਚ ਵੱਟ ਜਾਂਦੀਆਂ ਤੇ ਬੇਗਾਨਗੀ ਹੌਲੀ ਹੌਲੀ ਰਿਸ਼ਤਾ ਹੀ ਮੁਕਾ ਦਿੰਦੀ ਹੈ।'

ਆਈ ਕੈਨ ਕਮ ਟੂ ਯੂਅਰ ਹਾਊਸ ਰਾਈਟ ਨਾਓ!

ਬੀਰ ਅਕਸਰ ਆਪਣੀ ਗੱਲ ਅੰਗਰੇਜ਼ੀ 'ਚ ਹੀ ਕਹਿੰਦਾ,ਪਰ ਮੈਨੂੰ ਇੰਝ ਲੱਗਦਾ ਕਿ ਪਿਆਰ ਮੁਹੱਬਤ ਦੀਆਂ ਗੱਲਾਂ ਤਾਂ ਆਪਣੀ ਬੋਲੀ 'ਚ ਹੀ ਜ਼ਿਆਦਾ ਅਸਰਦਾਰ ਹੁੰਦੀਆਂ ਉਂਝ ਉਹਦੀ ਪੰਜਾਬੀ ਪੂਰੀ ਜੱਟਾਂ ਵਾਲੀ ਬੜਾ ਚੰਗਾ ਲੱਗਦਾ ਉਹਦਾ ਇਹ ਜਵਾਬ ਕਿ ਸਚਮੁੱਚ ਆ ਜਾਵੇ! ਮੈਂ ਡਰਾਇੰਗ ਰੂਮ ਚ ਬਿਠਾਵਾਂ ਤੇ ਆਪ ਉਹਦੇ ਸਾਹਮਣੇ ਕਦਮਾਂ ਚ ਬੈਠ ਜਾਵਾਂ,ਆਪੇ ਉਠਾ ਕੇ ਸੀਨੇ ਲਾ ਲਏਗਾ ਅਗਲੇ ਹੀ ਪਲ ਰਿਸ਼ਤੇਦਾਰਾਂ ਚੋਂ ਤਿੰਨ ਕੁ ਸਾਲ ਪਹਿਲਾਂ ਵਿਆਹੀ ਕੁੜੀ ਯਾਦ ਆਉਂਦੀ ਜੀਹਦੇ ਕਈਆਂ ਨਾਲ ਸੰਬੰਧਾਂ ਦੇ ਚਰਚੇ।ਉਹਦੇ ਬਾਰੇ ਅਕਸਰ ਗਾਲ੍ਹਾਂ 'ਚ ਹੀ ਗੱਲ ਹੁੰਦੀ,'ਮਾਂਈਜਾ..ਗੰਦ ਪਾਇਆ, ਯਾਰਾਂ ਨੂੰ ਘਰ ਵਾੜਦੀ, ਚੀਰ ਕੇ ਲੰਘ ਜਾਂ ਵਿਚੋਂ ਦੀ ਇਹੋ ਜਿਹੀ ਬਦਜਾਤ ਦੇ...।"

ਮੈਂ ਸੋਚਦੀ, ਮੇਰੀ ਵਰ੍ਹਿਆਂ ਦੀ ਵਫ਼ਾਦਾਰੀ ਤੇ ਸਵਾਲੀਆ ਨਿਸ਼ਾਨ ਲੱਗ ਜਾਣਾ ਮੈਨੂੰ ਮੇਰਾ ਪਿਆਰ ਮੀਰਾ ਵਰਗਾ ਲੱਗਦਾ, ਕ੍ਰਿਸ਼ਨ ਜਿਸਦੇ ਰੋਮ ਰੋਮ ਚ ਤਾਂ ਸੀ,ਪਰ ਦਰਸ਼ਨਾਂ ਲਈ ਉਡੀਕਾਂ।ਉਹ ਮੈਥੋਂ ਦੂਰ ਰਹਿ ਕੇ ਵੀ ਏਨਾ ਨੇੜੇ ਸੀ ਜਿਵੇਂ ਸਾਹ ਹੀ ਉਹ ਹੋਵੇ 'ਤੇ ਮੈਂ ਉਹਦੀ ਨਾ ਹੋ ਕੇ ਵੀ ਉਸੇ ਦੀ ਸੀ

ਤੇ ਆਖਰ ਇਕ ਦਿਨ ਅਸੀਂ ਸ਼ਾਮ ਨੂੰ ਕੁਝ ਵਕ'ਤ ਬਿਤਾਇਆ, ਲੰਬੀ ਡਰਾਈਵ ਤੇ ਸਿਰਫ਼ ਖਾਮੋਸ਼ੀ ਤੇ ਅਹਿਸਾਸ ਨਾਲ ਸੀ।

ਬੀਰ ਮੈਨੂੰ ਬਹੁਤ ਡਰ ਵੀ ਲਗਦਾ।

ਮੇਰੇ ਹੁੰਦਿਆਂ ਡਰ ਵਾਲੀ ਗੱਲ ਨਹੀਂ ਕਰਨੀ,

ਆਪਾਂ ਕਿਸੇ ਨੂੰ ਬਿੜਕ ਵੀ ਨਹੀਂ ਲੱਗਣ ਦੇਣੀ

ਉਹ ਬੜੇ ਵਿਸ਼ਵਾਸ ਨਾਲ ਕਹਿੰਦਾ।

ਪਰ ਮੇਰਾ ਤੇ ਜੀ ਕਰਦਾ ਢੋਲ ਵਜਾ ਦਿਆਂ।

ਵਜਾ ਦਿਓ, ਮੈਂ ਤਾਂ ਤੁਹਾਡੀ ਇੱਜ਼ਤ ਲਈ ਕਹਿ ਰਿਹਾਂ।ਤੁਸੀਂ ਮੇਰੀ ਜਿੰਮੇਵਾਰੀ ਵੀ ਹੋ ਐਸੀ ਘੜੀ ਇੱਕ ਵਾਰ ਫੇਰ ਆਈ ਕੋਈ ਦੋ ਮਹੀਨੇ ਪਿਛੋਂ,ਬੀਰ ਨੂੰ ਕੁਝ ਕਿਤਾਬਾਂ ਦੀ ਲੋੜ ਸੀ ਜੋ ਮੇਰੇ ਕੋਲ ਸੀ, ਅੰਦਰੋਂ ਡਰਦੀ ਨੇ ਮੈਂ ਉਸਨੂੰ ਆਉਣ ਦੀ ਹਾਂ ਕਰ ਤਾਂ ਦਿੱਤੀ,ਪਰ ਅੰਦਰ ਨਾ ਬੁਲਾ ਸਕੀ,ਉਹ ਦੋ ਪਲ ਮੁਕੰਮਲ ਸੀ ਆਪਣੇ ਆਪ 'ਚ, ਮੈਂ ਫੇਰ ਉੱਡ ਰਹੀ ਸੀ ਘਰ ਦਾ ਵਿਹੜਾ ਤੇ ਹਰ ਚੀਜ਼ ਮਹਿਕੀ ਤੇ ਰੰਗੀਲੀ ਲਗ ਰਹੀ ਸੀ

ਜਿਹੜੀਆਂ ਗੱਲਾਂ ਕਰਨ ਤੋਂ ਮੈਂ ਕਦੇ ਘਬਰਾਉਂਦੀ ਸੀ, ਹੁਣ ਉਹ ਮੈਨੂੰ ਚੰਗੀਆਂ ਲਗਦੀਆਂ, ਬੀਰ ਦੇ ਨਜ਼ਰੀਏ ਤੋਂ ਵੇਖਦੀ ਤਾਂ ਇਹ ਉਹਦਾ ਹੱਕ ਲਗਦਾ

ਹੁਣ ਤਾਂ ਮੈਂ ਵੀ ਉਸਨੂੰ ਛੇੜ ਲੈਂਦੀ ਕਦੇ ਕਦੇ

ਉਹਦੀ ਹਿੰਮਤ ਨੂੰ ਵੰਗਾਰਦੀ

ਬੜੀ ਹਿੰਮਤ ਆ ਜੱਟ ਦੇ ਪੁੱਤ ਚ,ਉਹ ਅਕਸਰ ਕਹਿੰਦਾ।

ਤਿੰਨ ਕੁ ਮਹੀਨਿਆਂ ਬਾਅਦ ਦੀਪ ਦਾ ਫੋਨ ਆਇਆ, ਕੀ ਗੱਲ ਸਰਦਾਰਨੀਏ, ਕਿਹੜੇ ਦੇਵਤਿਆਂ ਪੀਰਾਂ ਨੂੰ ਧਿਆਉਣਾ ਸ਼ੁਰੂ ਕਰਤਾ !

ਕੀ ਮਤਲਬ?

ਤੇਰੀ ਫੋਟੋ ਵੇਖੀ ਵਟਸਐਪ ਤੇ !

ਹਾਂ ਜੀ, ਬੁੱਲੇ ਸ਼ਾਹ ਕੀ ਹਾਸਲ ਕੀਤਾ, ਜੇ ਤੂੰ ਯਾਰ ਨਾ ਰੱਖਿਆ ਰਾਜ਼ੀ...

ਬੀਰ ਸਾਈਂ ਬਾਬਾ ਦੇ ਮੰਦਰ ਜਾਂਦੇ ਤੇ ਕਦੇ ਕਦੇ ਮੈਂ ਵੀ ਸਾਈਂ ਬਾਬਾ ਦੀ ਫੋਟੋ ਆਪਣੇ ਡਿਸਪਲੇਅ 'ਤੇ ਲਾ ਲੈਂਦੀ।ਪਤਾ ਨਹੀਂ ਕਿਵੇਂ ਲੱਗ ਜਾਂਦੀ ਆਪੇ।

ਸੌਰੀ ਜੀਤ ਮੈਂ ਤੈਨੂੰ ਉਸ ਦਿਨ ਬਹੁਤ ਕੁਝ ਕਹਿ ਦਿੱਤਾ, ਮੈਂ ਵੀ ਤਾਂ ਇੰਦਰਪ੍ਰੀਤ ਨਾਲ ਪਿਛਲੇ ਤਿੰਨ ਸਾਲ ਤੋਂ ਖੂਬਸੂਰਤ ਰਿਸ਼ਤੇ 'ਚ ਬੱਝੀ ਹੋਈ ਹਾਂ,ਪਰ ਮੈਂ ਤਾਂ ਉਸਨੂੰ ਸਕੂਲ ਟਾਈਮ ਤੋਂ ਜਾਣਦੀ, ਮੈਨੂੰ ਯਕੀਨ ਉਹਦੇ ਤੇ, ਮੈਨੂੰ ਤੇਰਾ ਫ਼ਿਕਰ ਸੀ ਇਸ ਲਈ। ਕਈ ਵਾਰ ਸਚਮੁੱਚ ਵੱਸ ਨਹੀਂ ਰਹਿੰਦਾ ਤੇ ਹਰ ਦਲੀਲ ਝੂਠੀ ਲਗਦੀ, ਅਜਿਹੇ ਅਹਿਸਾਸਾਂ ਸਾਹਮਣੇ।ਮੈਨੂੰ ਨਹੀਂ ਪਤਾ ਉਸ ਦਿਨ ਮੈਂ ਤੈਨੂੰ ਸਮਝਾ ਰਹੀ ਸੀ ਜਾਂ ਆਪਣੇ ਆਪ ਨੂੰ।

ਦੀਪ ਸ਼ਾਇਦ ਅੱਜ ਦੁਖੀ ਜਿਹੀ ਲੱਗ ਰਹੀ ਸੀ।ਉਹਦਾ ਮਨ ਕਦੇ ਵੀ ਆਪਣੇ ਹਬੀ ਨਾਲ ਮਿਲਿਆ ਨਾ, ਰੂਹ ਤੇ ਜਿਸਮ ਦਾ ਜੋ ਇਕਰਾਰ ਹੁੰਦਾ ਉਹ ਕਿਤੇ ਗਾਇਬ ਸੀ। ਤੇ ਅਜਿਹੇ ਹੀ ਕਿਸੇ ਸਮੇਂ ਉਹਦੇ ਚੈਨ ਨੂੰ ਕਰਾਰ ਦੇਣ ਲਈ ਇੰਦਰਪ੍ਰੀਤ ਆ ਬਹੁੜਿਆ।

"ਤੂੰ ਮੇਰਾ ਫ਼ਿਕਰ ਨਾ ਕਰ ਦੀਪ, ਤੇਜਬੀਰ ਬਹੁਤ ਰੌਸ਼ਨ ਦਿਮਾਗ਼ ਹੈ, ਉਹਦੇ ਖਿਆਲ ਵੀ ਉਨੇ ਈ ਸੁਹਣੇ, ਜਿੰਨਾ ਉਹ ਆਪ, ਰੱਬ ਨੇ ਪੂਰੀ ਰੀਝ ਨਾਲ ਘੜਿਆ ਉਹਨੂੰ। ਤੇਜਬੀਰ ਆਪਣੇ ਕਿਸੇ ਵੀ ਤਰ੍ਹਾਂ ਦੇ ਸ਼ੌਂਕ ਬੜੀ ਅਸਾਨੀ ਨਾਲ ਪੂਰੇ ਕਰ ਸਕਦਾ, ਪਰ ਉਹ ਤਮੀਜ਼ ਤੇ ਤਹਿਜ਼ੀਬ ਦਾ ਕਦਰਦਾਨ ਵੀ ਏ।

ਸਾਡਾ ਕਰੈਕਟਰ ਸਮਾਜ ਦੀ ਸੋਚ 'ਤੇ ਪਹਿਰੇਦਾਰੀ ਦਾ ਮੁਹਤਾਜ਼ ਨਹੀਂ, ਸਾਡੇ ਮੁਲਕ ਵਿੱਚ ਤਾਂ ਕਰੈਕਟਰ ਦਾ ਸਿੱਧਾ ਸੰਬੰਧ ਧੁਨੀ ਤੋਂ ਛੇ ਇੰਚ ਥੱਲੇ ਤੱਕ ਹੀ ਹੁੰਦਾ। ਚਰਿੱਤਰ 'ਚ ਹੋਰ ਕੁਝ ਵੀ ਸ਼ਾਮਲ ਨਹੀਂ... ਨਾ ਮਰਦਾਂ ਵੱਲੋਂ ਕੀਤੇ ਬਲਾਤਕਾਰ, ਘਰੇਲੂ ਹਿੰਸਾ , ਚੋਰੀ, ਡਾਕੇ, ਭ੍ਰਿਸ਼ਟਾਚਾਰੀ, ਅਖੌਤੀ ਲੀਡਰਾਂ ਦੇ ਝੂਠੇ ਵਾਅਦੇ, ਆਪੇ ਬਣੇ ਧਰਮ ਗੁਰੂਆਂ ਦੇ ਉਪਦੇਸ਼ ਤੇ ਔਰਤ ਭਗਤਣੀਆਂ ਦਾ ਪ੍ਰੇਮ।

ਪਰ ਔਰਤ ਦੇ ਨਸੀਬਾਂ ਵਿੱਚ ਕਿਸੇ ਨਾਲ ਹੱਸ ਕੇ ਬੋਲਣਾ ਵੀ ਸੌ ਸਵਾਲ ਖੜੇ ਕਰ ਜਾਂਦਾ।ਸਾਰੀ ਉਮਰ



ਡਰ, ਸੰਕੋਚ, ਟੋਕਰੇ ਭਰ ਭਰ ਲੱਦੀ ਹਯਾ ਤੇ ਅਖੌਤੀ ਮਰਿਆਦਾ... ਜਿਸ ਦੀ ਤਵੱਕੋ ਖਾਸ ਤੌਰ 'ਤੇ ਔਰਤ ਵਲੋਂ ਹੀ ਕੀਤੀ ਜਾਂਦੀ ਹੈ... ਦੀਆਂ ਵਲਗਣਾਂ 'ਚ ਵਲੀ , ਅਖੀਰ ਆਪਣੇ ਸਾਹ ਵਲ ਜਾਂਦੀ ਹੈ।

ਇਹ ਵਕਤੀ ਘਟਨਾਵਾਂ ਨਹੀਂ, ਸਗੋਂ ਚਰਿੱਤਰ ਤੇ ਐਸੇ ਬਰੀਕ ਬਖੀਏ ਵੱਜਦੇ ਨੇ ਕਿ ਕੋਈ ਹੋਰ ਸੂਈ ਉਹਨੂੰ ਉਧੇੜ ਨਹੀਂ ਸਕਦੀ ਤੇ

"ਜੇ ਤੂੰ ਏਨੀ ਸਮਝ ਰੱਖਦੀਂ ਏ ਤਾਂ ਫੇਰ ਇਹ ਬਖੀਆ ਤੂੰ ਕਿਉਂ ਚਰਿੱਤਰ ਨਾਲ ਜੋੜ ਰਹੀਂ ਏ।" ਦੀਪ ਹਾਲੇ ਵੀ ਮੈਨੂੰ ਦੁਬਾਰਾ ਸੋਚਣ ਲਈ ਕਹਿ ਰਹੀ ਸੀ।

"ਬਖੀਆ ਨਹੀਂ ਦੀਪ ਕੌਰ, ਇਹ ਤਾਂ ਡਿਜ਼ਾਇਨਰ ਸੀਣ ਹੈ, ਮੇਰੇ ਸਾਫ਼ ਸੁਥਰੇ ਚਰਿੱਤਰ ਤੇ ਫੈਸ਼ਨੇਬਲ ਸਟ੍ਰਿਪ, ਜਿਵੇਂ ਕੇਕ ਤੇ ਆਇਸਿੰਗ।" ਮੈਂ ਹੱਸਦੀ ਹੋਈ ਮਚਲਦੀ ਆਂ।

ਤੇ ਜਿਹੜੀਆਂ ਟਾਕੀਆਂ ਮੇਰੀ ਆਤਮਾ 'ਤੇ ਲੱਗੀਆਂ ਉਹ ਵੇਖ ਜਰਾ... ਵਿਆਹ ਦੇ ਸਤਾਰਾਂ ਸਾਲ ਮੈਂ ਸਭ ਨੂੰ ਵਫ਼ਾ, ਪਿਆਰ ਤੇ ਇੱਜ਼ਤ ਦਿੱਤੀ, ਇਹ ਵੱਖਰੀ ਗੱਲ ਏ ਕਿ ਮੈਨੂੰ ਮੁੜਿਆ ਬਹੁਤ ਘੱਟ। ਜ਼ਿੰਦਗੀ ਦੇ ਸੁਹਣੇ ਦਿਨ ਇਕ ਨਸ਼ਈ ਆਦਮੀ ਦੀ ਤਾਮੀਰਦਾਰੀ ਤੇ ਤਰਲਿਆਂ ਵਿੱਚ ਗਵਾ ਦਿੱਤੇ।

ਤੰਬਾਕੂ , ਸਿਗਰਟ , ਸ਼ਰਾਬ ਤੇ ਹਰ ਤਰ੍ਹਾਂ ਦੇ ਨਸ਼ੇ ਨੂੰ ਅੰਤਾਂ ਦੀ ਨਫ਼ਰਤ ਕਰਨ ਵਾਲ਼ੀ ਮੈਂ, ਮੈਨੂੰ ਅਣਜਾਣੇ 'ਚ ਇਹ ਜੂਠ ਹੰਢਾਉਣੀ ਪਈ, ਫਿਰ ਵੀ ਮੈਂ ਹਜ਼ਾਰ ਤਰਲੇ ਕੀਤੇ ਕਿ ਇਸ ਤੋਂ ਨਿਜ਼ਾਤ ਪਾ ਲਵੇ, ਮੈਂ ਭੁੱਲ ਜਾਵਾਂਗੀ ਸਭ, ਮੈਂ ਅੰਦਰੇ ਅੰਦਰ ਰਿਝਦੀ ਰਹੀ, ਪਰ ਉਹਨੇ ਇਹ ਜਹਾਨ ਦੀ ਜੂਠ ਨਾ ਛੱਡੀ ਤੇ ਫੇਰ ਬੁਰੀ ਤਰ੍ਹਾਂ ਥੱਕ ਕੇ ਹਮੇਸ਼ਾ ਲਈ ਉਹਦੀ ਹਰ ਤਰ੍ਹਾਂ ਦੀ 'ਜੂਠ' ਛੱਡ ਦਿੱਤੀ।

ਕਿਉਂ ਇਕ ਮਰਦ ਔਰਤ ਦੀਆਂ ਇਹਨਾਂ ਜ਼ਰੂਰਤਾਂ ਦਾ ਖਿਆਲ ਨਹੀਂ ਰੱਖਦਾ। ਤੇ ਮੈਂ ਪੰਦਰਾਂ ਸਾਲ ਆਪਣੇ ਸਬਰ ਤੇ ਕਾਬੂ ਰੱਖਿਆ। ਮੈਂ ਆਪਣੇ ਬੁੱਲਾਂ ਨੂੰ ਬਚਾ ਬਚਾ ਰੱਖਦੀ ਇਸ ਜੂਠ ਤੋਂ, ਹੁਣ ਤੇ ਬਕਬਕਾ ਲਗਦਾ ਇਹ ਅੱਧਾ ਅਧੂਰਾ ਸਵਾਦ ! ਜਿਵੇਂ ਮੈਂ ਅੰਦਰੋਂ ਛਿੱਲੀ ਜਾ ਰਹੀ ਹੋਵਾਂ।

ਮੈਂ ਤਾਂ ਪਲ ਪਲ ਪਪੀਹੇ ਵਾਂਗੂੰ ਤਰਸੀ ਸਵਾਂਤੀ ਬੂੰਦ ਲਈ ਪਰ ਹੁਣ ਤਾਂ ਜੀਹਨੇ ਕੀਲਿਆ ਮੈਂ ਉਹਦੇ ਹੱਥੋਂ ਈ ਬੁੱਕ ਭਰ ਭਰ ਪੀਣੇ। ਤੇ ਉਹਦੇ ਮਾਰੇ ਡੰਗਾਂ ਦਾ ਜ਼ਹਿਰ ਵੀ ਉਹਨੂੰ ਹੀ ਚੜਾਉਣਾ ਵਾਪਸ। ਮੈਨੂੰ ਆਪਣੇ ਬੁੱਲ ਤਪਦੇ, ਜ਼ੁਲਫ਼ਾਂ ਮਹਿਕੀਆਂ ਤੇ ਛਾਤੀ ਉਬਲਦੀ ਜਾਪਦੀ। ਮੇਰਾ ਬੀਰ ਨਾਲ ਰਿਸ਼ਤਾ ਕੋਈ ਮਿਥਿਆ ਹੋਇਆ ਨਹੀਂ ਸੀ । ਇੰਝ ਤਾਂ ਰੋਜ਼ ਮੈਨੂੰ ਕਈ ਫੇਸਬੁੱਕੀ ਮਜਨੂੰਆਂ ਦੇ ਮੈਸੇਜ ਆਉਂਦੇ,ਪਰ ਮੈਂ ਕਦੇ ਕਿਸੇ ਨੂੰ ਜਵਾਬ ਨਹੀਂ ਦਿੱਤਾ, ਰੂਹਾਂ ਦੇ ਹਾਣੀ ਸੋਸ਼ਲ ਮੀਡੀਆ 'ਤੇ ਨਹੀਂ ਲੱਭੇ ਜਾਂਦੇ, ਨਾ ਹੀ ਕੋਈ ਵਾਹਯਾਤ ਰਿਸ਼ਤਾ ਮੈਂ ਕਿਸੇ ਨਾਲ ਬਣਾ ਸਕਦੀ ਸੀ।

ਚੱਲ ਭਰ ਲੈ ਘੁੱਟਾਂ ਇਸ਼ਕੇ ਦੀਆਂ, ਜੱਟਾਂ ਦਾ ਪੁੱਤ ਛੈਲ ਛਬੀਲਾ, ਕੋਲੋਂ ਦੀ ਲੰਘ ਗਿਆ ਚੁੱਪ ਕਰਕੇ, ਮੇਰਾ ਲੈ ਗਿਆ ਕਾਲਜਾ ਰੁੱਗ ਭਰਕੇ...ਦੀਪ ਛੇੜਦੀ ਹੋਈ ਫੋਨ ਕੱਟ ਦੇਂਦੀ ਹੈ।

ਮੇਰਾ ਤੇ ਸੱਚੀਂ ਹੀ ਰੁੱਗ ਭਰਿਆ ਗਿਆ ਸੀ। ਪਤਾ ਨਹੀਂ ਕਿਹੜੇ ਵੇਲੇ ਜਿੰਦ ਉਹਦੇ ਨਾਂ ਲਿਖੀ ਗਈ ਸੀ।

ਇਹਨਾਂ ਪਿਆਰ ਕਦੇ ਮੈਂ ਆਪਣੇ ਹੱਬੀ ਨੂੰ ਵੀ ਕੀਤਾ ਸੀ, ਮੈਨੂੰ ਚੰਗੀ ਤਰ੍ਹਾਂ ਯਾਦ ਏ ਜਦੋਂ ਅਸੀਂ ਘੰਟਿਆਂ ਬੱਧੀ ਫੋਨ ਤੇ ਗੱਲਾਂ ਕਰਦੇ ਸੀ, ਵਿਆਹ ਤੋਂ ਬਾਅਦ ਦੁਨੀਆ ਉਦੋਂ ਵੀ ਏਨੀ ਹੀ ਸੁਹਣੀ ਲਗਦੀ ਸੀ, ਪਰ ਸਾਲ ਕੁ ਬਾਅਦ ਜਦੋਂ ਨਕਲੀ ਸੋਨੇ ਤੋਂ ਮੁਲੰਮਾ ਉਤਰਿਆ ਤਾਂ ਆਪਣੇ ਨਾਲ ਹੋਈ ਠੱਗੀ ਨੂੰ ਅੰਦਰ ਵੜ ਕੇ ਜਰ ਲਿਆ। ਸੁਹਣੀ ਦੁਨੀਆ ਮਕਾਰ ਲੱਗਣ ਲੱਗ ਪਈ ਤੇ ਹਰ ਉਹ ਬੰਦਾ ਆਪਣਾ ਗੁਨਾਹਗਾਰ ਲਗਦਾ, ਜੋ ਵੀ ਉਸ ਦਿਨ ਮੈਨੂੰ ਬਣ ਫੱਬ ਲੈਣ ਗਿਆ ਸੀ। ਬਾਪ ਵਿਹੂਣੀ ਧੀ ਕਿਸੇ ਹੋਰ ਦੇ ਸਿਰ ਤੇ ਆਕੜ ਨਹੀਂ ਸਕਦੀ, ਤੇ ਆਪਣੇ ਭਰਾ ਦਾ ਉਹ ਡਾਇਲਾਗ ਮੇਰੇ ਸਿਰ ਹਥੌੜੇ ਵਾਂਗ ਵੱਜਦਾ, "ਰਜਨੀ ਨੇ ਵੀ ਤਾਂ ਪਿੰਗਲਾ ਸਾਂਭਿਆ ਈ ਸੀ।"

ਤੇ ਫੇਰ ਮੈਂ ਰਜਨੀ ਬਣ ਕੇ ਕਈ ਵਾਰ ਹਸਪਤਾਲ ਦੇ ਛੋਟੇ ਜਿਹੇ ਬੈੱਡ ਤੇ ਆਪਣੀਆਂ ਰਾਤਾਂ ਜਾਗ ਬੈਠ

ਕੇ ਕੱਟਦੀ।

"ਇਹ ਤੇਰੇ ਕਰਮ ਨੇ ਧੀਏ।" ਪਤਾ ਨਹੀਂ ਲੋਕ ਹੌਂਸਲਾ ਦਿੰਦੇ ਸੀ ਕਿ ਹਮਦਰਦੀ ਕਰਦੇ ਸੀ।

ਇਹ ਰੱਬ ਨੇ ਮੇਰੀ ਕੇਹੀ ਡਿਊਟੀ ਲਾਈ ਏ, "ਛੱਡੇ ਤਾਂ ਅੰਨਾ ਖਾਵੇ ਤਾਂ ਕੋਹੜੀ।" ਵਾਪਸੀ ਦਾ ਕੋਈ ਰਾਹ ਨਹੀਂ ਸੀ। ਸੋਚਦੀ ਸਿਆਣੇ ਠੀਕ ਕਹਿੰਦੇ ਸਦਾ ਚੰਗੀ ਗੱਲ ਮੂੰਹੋਂ ਕੱਢੋ, ਪਰ ਮੈਂ ਤਾਂ ਬੜੇ ਅਨਭੋਲ ਜਿਹੇ ਕਿਹਾ ਸੀ ਕਿ ਪਿਆਰ ਨਾਲ ਹਰ ਚੀਜ਼ ਠੀਕ ਹੋ ਜਾਂਦੀ, ਜਦੋਂ ਕਿਸੇ ਸ਼ਾਮ ਨੂੰ ਸਹੇਲੀਆਂ ਨਾਲ ਸੈਰ ਕਰਦਿਆਂ ਇਕ ਮੁੰਡਾ ਬਜ਼ਾਰ 'ਚ ਫਰਸ਼ 'ਤੇ ਬੈਠਾ ਊਂਘਦਾ ਅਕਸਰ ਵੇਖਿਆ, ਤਾਂ ਪਤਾ ਲੱਗਾ ਕਿ ਇਸ ਦੀ ਮਹਿਬੂਬਾ ਇਸ ਨੂੰ ਇਸੇ ਕਰਕੇ ਛੱਡ ਗਈ ਕਿ ਇਹ ਨਸ਼ੇੜੀ ਬਣ ਗਿਆ।

"ਤਾਂ ਕੀ! ਉਹ ਇਸ ਨੂੰ ਠੀਕ ਕਰ ਲਵੇ।"

ਕੀ ਮੇਰੀ ਉਸ ਵੇਲੇ ਦੀ ਕਹੀ ਗੱਲ ਅੱਜ ਇਮਤਿਹਾਨ ਬਣ ਕੇ ਸਾਹਮਣੇ ਆ ਗਈ ਤੇ ਮੈਂ ਇਸ ਪ੍ਰੀਖਿਆ ਚੋਂ ਸੌ ਪ੍ਰਤੀਸ਼ਤ ਨੰਬਰਾਂ ਵਿਚੋਂ ਇਕ ਹੀ ਘੱਟ ਲਿਆ। ਮੈਂ ਸਚਮੁੱਚ ਰਜਨੀ ਸਾਬਤ ਹੋਈ ਪਰ ਇਕ ਘੱਟ ਨੰਬਰ ਨੇ ਮੈਨੂੰ ਰਜਨੀ ਵਾਲੀ ਸੋਚ ਤੋਂ ਬਾਹਰ ਕੱਢ ਦਿੱਤਾ, ਏਨੀ ਮਿਹਨਤ ਦੇ ਬਾਵਜੂਦ ਧੂੰਆਂ ਤੇ ਬਦਬੂ ਮੇਰੇ ਨਾਲ ਸੀ। ਹੁਣ ਮੈਂ ਸਿਰਫ਼ ਜੀਤ ਹਾਂ।

ਵੈਸੇ ਤਾਂ ਮੈਂ ਤੇਜਬੀਰ ਨਾਲ ਹੋਈ ਗੱਲਬਾਤ ਨਾਲ ਦੀ ਨਾਲ ਹੀ ਡੀਲੀਟ ਕਰਦੀ ਆਂ, ਪਰ ਕਿਤੇ ਉਹਦੇ ਵਲੋਂ ਲਿਖਿਆ 'ਓਕੇ ਡੀਅਰ' ਰਹਿ ਗਿਆ, ਪਤਾ ਨਹੀਂ ਕਿਵੇਂ ਕੋਈ ਬੈਂਕ ਦਾ ਮੈਸੇਜ ਵੇਖਣ ਲੱਗਿਆਂ ਮੇਰੇ ਹਬੀ ਦੇ ਨਜ਼ਰੀਂ ਬੀਰ ਦਾ ਮੈਸੇਜ ਵੀ ਪੈ ਗਿਆ।

ਲੋਹੀ ਲਾਖੀ ਅਵਾਜ਼ ਵਿੱਚ... ਆ ਕਿਹੜੇ ਤੇਰੇ ਯਾਰ ਮੈਸੇਜ ਕਰਦੇ ਤੈਨੂੰ ਕੁੱਤੀਏ, ਗਸ਼ਤੀਏ... ਮੈਨੂੰ ਤੇਰੇ ਚਾਲੇ ਕਈ ਦਿਨਾਂ ਤੋਂ ਦਿਸਦੇ ਸੀ, ਹਰਾਮਜ਼ਾਦੀਏ ਮੇਰੇ ਸਾਹਮਣੇ ਤੇ ਲਾਸ਼ ਵਾਂਗੂੰ ਪਈ ਹੁੰਦੀ, ਮੀਟਰ ਦੀ ਦੂਰੀ ਬਣਾ ਕੇ ਸੌਂਦੀ ਏ।"

ਮੇਰੇ ਵਾਲਾਂ ਨੂੰ ਹੱਥ ਪਾਇਆ ਈ ਸੀ ਤੇ ਮੈਂ ਬੜੇ ਈ ਪਿਆਰ ਨਾਲ ਵੇਖ ਕੇ ਹੱਥ ਪਿਛਾਂਹ ਕੀਤਾ, ਉਹ ਹਫ਼ਿਆ ਪਿਆ ਸੀ ਪਰ ਮੈਂ ਸ਼ਾਂਤ! ਮੈਨੂੰ ਕੋਈ ਗੁੱਸਾ ਨਹੀਂ ਆ ਰਿਹਾ ਸੀ। ਮਹਾਤਮਾ ਬੁੱਧ ਜੀ ਕਹਿੰਦੇ ਕਿ ਕਿਸੇ ਦੀ ਦਿੱਤੀ ਚੀਜ਼ ਅਗਰ ਤੁਸੀਂ ਕਬੂਲਦੇ ਨਹੀਂ ਤਾਂ ਉਹ ਦੇਣ ਵਾਲੇ ਦੀ ਹੀ ਹੋਵੇਗੀ।

"ਮੂਰਖ ਨਾਲ ਨਾ ਲੁੰਝੀਏ!" ਵਰਗੇ ਵਿਚਾਰਾਂ ਨੇ ਦਿਮਾਗ ਨੂੰ ਟਿਕਾਣੇ ਰੱਖਿਆ ਸੀ।

"ਇਹ ਕੋਈ ਵੱਡੀ ਗੱਲ ਨਹੀਂ, ਕਈ ਲੋਕਾਂ ਦਾ ਸਟਾਈਲ ਹੁੰਦਾ ਡੀਅਰ ਕਹਿ ਕੇ ਗੱਲ ਕਰਨ ਦਾ, ਅੱਜ ਕੱਲ ਇਹ ਤਾਂ ਆਮ ਗੱਲ ਏ।"

"ਅਸੀਂ ਤੇ ਕਦੇ ਕਿਸੇ ਭੈਣਚੋ... ਨੂੰ ਕਿਹਾ ਨਹੀਂ।"

"ਤੁਸੀਂ ਵੀ ਕਹੋ, ਕੋਈ ਸਮੱਸਿਆ ਨਹੀਂ, ਸੁਣਨ ਵਾਲੇ ਨੂੰ ਵਧੀਆ ਲਗਦਾ ਨਾਲੇ, ਪਿਆਰ ਦਿਓ ਪਿਆਰ ਲਓ,ਕੀ ਲੈ ਜਾਣਾ ਦੁਨੀਆ ਤੋਂ।

ਤੇ ਵੈਸੇ ਵੀ ਮੈਂ ਅਜਿਹਾ ਕੁਝ ਹੁਣ ਕਿਉਂ ਕਰੂੰਗੀ, ਜਦੋਂ ਕਰਨ ਦਾ ਵੇਲਾ ਸੀ ਮੈਂ ਤਾਂ ਉਦੋਂ ਵੀ ਦੁਨੀਆ ਨੂੰ ਨਜ਼ਰ ਅੰਦਾਜ਼ ਕਰਕੇ ਤੁਹਾਡਾ ਸਾਥ ਦਿੱਤਾ...।

ਤੇ ਹੁਣ ਸ਼ਾਇਦ ਉਹਦੀਆਂ ਅੱਖਾਂ ਅੱਗਿਉਂ ਮੇਰੀਆਂ ਸਾਰੀਆਂ ਵਫਾਵਾਂ, ਜ਼ਿੰਮੇਵਾਰੀਆਂ ਤੇ ਕੁਰਬਾਨੀਆਂ ਦੀ ਤਸਵੀਰ ਲੰਘ ਰਹੀ ਸੀ... ਉਹਦੀ ਮੱਥੇ ਦੀ ਤਰੇਲੀ ਭੇਦ ਖੋਲ ਰਹੀ ਸੀ।

ਉਹ ਤਾਂ ਮੈਨੂੰ ਪਤਾ ਤੂੰ ਵਫ਼ਾਦਾਰ ਰਹੀਂ ਏ ਹਮੇਸ਼ਾਂ!

'ਹੈ ਕੌਣ ਇਹ?' ਦਹਾੜ ਵਰਗੀ ਅਵਾਜ਼ ਅਚਾਨਕ ਮਰੀਅਲ ਜਿਹੀ ਹੋ ਗਈ।

"ਮਿਲੇ ਸੀ ਕਿਸੇ ਸਰਕਲ ਚ, ਵਧੀਆ ਇਨਸਾਨ ਨੇ, ਮਿਲਾਵਾਂਗੀ ਕਦੀ।"

ਤੂੰ ਮਿਹਰ ਕਰ ਮੈਂ ਏਨਾ ਮੌਡ ਨਹੀਂ ਹੈਗਾ, ਦਿਨੋ ਦਿਨ ਤਾਂਹ ਚੜ੍ਹਦੀ ਜਾਂਦੀ, ਜਿੰਨੀ ਇਜਾਜ਼ਤ ਦਿੱਤੀ ਓਹਨੀ ਬੜੀ। ਮੁਸਕਰਾ ਕੇ ਸੁਣ ਲਿਆ। ਹੁਣ ਮੈਨੂੰ ਕਿਸੇ ਦੀ ਇਜਾਜ਼ਤ ਦੀ ਲੋੜ ਨਹੀਂ, ਮੈਂ ਆਪਣੀ ਬੌਸ



ਆਪ ਹਾਂ।

ਸ਼ੁਕਰ ਸੀ ਕਿ ਬੱਚਿਆਂ ਦੇ ਘਰ ਆਉਣ ਤੋਂ ਪਹਿਲਾਂ ਤੂਫ਼ਾਨ ਆ ਕੇ ਥਮ ਗਿਆ ਸੀ ਤੇ ਠੰਢੀ ਹਵਾ ਮੈਨੂੰ ਜਿਵੇਂ ਅੱਖ ਮਾਰ ਕੇ ਛੇੜ ਰਹੀ ਹੋਵੇ ਕਿ "ਜੀਤ ਅੱਜ ਤੂੰ ਤਿੰਨ ਸੌ ਪੈਂਹਠ ਚਲਿੱਤਰ ਨਾਰ ਦੇ।" ਸਾਬਤ ਕਰਤੇ।

ਮੈਂ ਚਲਿੱਤਰ ਕਰਕੇ ਅੱਜ ਆਪਣਾ 'ਚਰਿੱਤਰ' ਬਚਾਇਆ ਸੀ।

ਇਹ ਮੈਂ ਕੀ ਸੋਚ ਰਹੀ ਹਾਂ 'ਚਰਿੱਤਰ ਬਚਾਇਆ' ਸੀ।

ਕੀ ਬੀਰ ਦੀ ਮੁਹੱਬਤ ਮੇਰਾ ਚਰਿੱਤਰ ਖ਼ਰਾਬ ਕਰ ਰਹੀ? ਅਗਰ ਅਜਿਹਾ ਹੋਵੇ ਤਾਂ ਮੇਰਾ ਮਨ ਮੈਨੂੰ ਲਾਹਣਤ ਜ਼ਰੂਰ ਪਾਵੇ।

ਮੈਂ ਆਪਣੇ ਆਪ ਨਾਲ ਸੰਵਾਦ ਰਚਾਉਂਦੀ।


ਉਸ ਨੇ ਤਾਂ ਸਗੋਂ ਮੈਨੂੰ ਨਵੇਂ ਸਿਰਿਉਂ ਸਿਰਜਿਆ ਹੈ।

ਬੀਰ ਦਾ ਮੇਰੀ ਜ਼ਿੰਦਗੀ 'ਚ ਹੋਣਾ ਸਿਰਫ਼ ਇੱਕ ਇਤਫ਼ਾਕ ਤਾਂ ਨਹੀਂ, ਕਿਸੇ ਡੂੰਘੀ ਸਾਂਝ ਦਾ ਸੰਕੇਤ ਹੈ, ਰੱਬ ਕਰੇ ਇਹ ਸਾਂਝ ਏਨੀ ਲੰਮੀ ਹੋਵੇ ਕਿ ਮੈਂ ਚਾਂਦੀ ਰੰਗੇ ਵਾਲਾਂ ਦੇ ਸੁਹਣੇ ਜਿਹੇ ਹੇਅਰ ਕੱਟ ਤੇ ਉਮਰ ਦੇ ਕੌੜੇ, ਫਿੱਕੇ, ਮਿੱਠੇ ਤੇ ਇਸ਼ਕੀਆ ਅਹਿਸਾਸਾਂ ਦੀਆਂ ਗੂੜ੍ਹੀਆਂ ਰੇਖਾਵਾਂ ਉਕਰੇ ਚਿਹਰੇ ਨਾਲ ਸਰਦਾਰ ਤੇਜਬੀਰ ਸਿੰਘ ਦੀ ਬਗਲ 'ਚ ਕਿਸੇ ਬੋਗਨਵਿਲੀਆ ਗਾਰਡਨ 'ਚ ਬੈਠੀ ਹੋਵਾਂ।

**(ਸੰਪਰਕ 90230-78868)**


## ਕਹਾਣੀ ਧਾਰਾ ਦੇ ਪੁਰਾਣੇ ਅੰਕ ਪੜ੍ਹੋ






**Google Website:**
**Kahani Dhara-Parwaz Parkashan**

ਕਹਾਣੀ ਧਾਰਾ ਦੇ ਪੁਰਾਣੇ ਅੰਕ (ਅਪ੍ਰੈਲ 2006 ਤੋਂ ਦਸੰਬਰ, 2020 ਤੱਕ) ਪਾਠਕ 'ਕਹਾਣੀ ਧਾਰਾ' ਦੀ ਵੈਬਸਾਇਟ 'ਤੇ ਜੇ ਕੇ ਪੜ੍ਹ ਸਕਦੇ ਹਨ। ਸਾਰੇ ਅੰਕਾਂ ਦੀਆਂ ਪੀਡੀਐੱਫ ਫਾਈਲਾਂ ਆਪਣੇ ਕੰਪਿਊਟਰ 'ਚ ਰੱਖ ਸਕਦੇ ਹਨ। ਇਸ ਪਰਚੇ ਤੋਂ ਪਹਿਲਾਂ ਗਲਪ ਨੂੰ ਸਮਰਪਤ 'ਸੁਰ ਸਾਂਝ' ਦੇ ਛੇ ਅੰਕ (ਮਈ, 2005 ਤੋਂ ਮਾਰਚ 2006 ਤੱਕ) ਵੀ ਪ੍ਰਕਾਸ਼ਤ ਕੀਤੇ ਸਨ। ਉਨ੍ਹਾਂ ਸਾਰੇ ਛੇ ਅੰਕਾਂ ਨੂੰ ਵੀ ਪਾਠਕ ਏਸ ਵੈੱਬ ਸਾਈਟ ਉੱਤੇ ਪੜ੍ਹ ਸਕਦੇ ਹਨ।

Google ਸਰਚ ਇੰਜਨ ਤੇ ਜਾ ਕੇ Kahani Dhara ਟਾਈਪ ਕਰੋ... ਤੇ Kahani Dhara-Parwaz Parkashan ਨੂੰ ਕਲਿਕ ਕਰੋ... ਵੈਬ ਸਾਇਟ ਖੁੱਲ੍ਹ ਜਾਵੇਗੀ। ਚੇਤੇ ਰਹੇ 'ਕਹਾਣੀ ਧਾਰਾ' ਦੇ ਵੈਬ ਪੇਜ਼ ਤੇ ਜਾ ਕੇ ਤੁਸੀਂ ਪਿਛਲੇ ਪੰਦਰਾਂ ਸਾਲ ਦੇ ਸਾਰੇ ਅੰਕ ਆਪਣੇ ਕੰਪਿਊਟਰ ਸਾਂਭ ਸਕਦੇ ਹੋ। 'ਕਹਾਣੀ ਧਾਰਾ' ਦੀ ਸਾਈਟ ਸਾਡੀ ਮੁੱਖ ਵੈੱਬ ਸਾਈਟ 'ਪਰਵਾਜ਼ ਪ੍ਰਕਾਸ਼ਨ' ਨਾਲ ਜੁੜੀ ਹੋਈ ਹੈ।

**- ਭਗਵੰਤ ਰਸੂਲਪੁਰੀ, ਸੰਪਾਦਕ 'ਕਹਾਣੀ ਧਾਰਾ'**

# ਕਹਾਣੀ/ ਦੂਰ ਦਿਸੇਂਦੀ ਰੋਸ਼ਨੀ/ ਗੁਰਮੀਨ ਕੌਰ

(ਗੁਰਮੀਨ ਕੌਰ ਦੀਆਂ ਕੁਝ ਕਹਾਣੀਆਂ 'ਪੰਜਾਬੀ ਟ੍ਰਿਬਿਊਨ' 'ਚ ਛਪ ਚੁੱਕੀਆਂ ਹਨ। ਉਸ ਦੀ ਇਹ ਕਹਾਣੀ ਨੂੰਹ ਸੱਸ ਦਾ ਤਣਾਓ ਨੂੰ ਪੇਸ਼ ਕਰਦੀ ਹੈ। ਕਹਾਣੀ ਦੀ ਨਾਰੀ ਪਾਤਰ ਨੂੰ ਜਦੋਂ 'ਘਰ' 'ਚ ਸਪੇਸ ਨਹੀਂ ਮਿਲਦੀ ਤਾਂ ਉਹ ਮਨ ਦੀ ਸਾਂਝ ਲਈ ਤੜਫ਼ ਉੱਠਦੀ ਹੈ ਤੇ ਆਪਣੇ ਨਾਲ ਕੰਮ ਕਰਦੇ ਸਾਥੀ ਨਾਲ ਮਨ ਦੀ ਸਾਂਝ ਪਾ ਲੈਂਦੀ ਹੈ, ਇਹ ਸਾਂਝ ਉਨ੍ਹਾਂ ਦੇ ਰਿਸ਼ਤਿਆਂ 'ਚ ਸੰਕਟ ਖੜਾ ਕਰ ਦਿੰਦੀ ਹੈ। ਸਹੁਰੇ ਪਰਿਵਾਰ ਵਿਚ ਵਿਚਰਦੀ ਨੂੰਹ ਕੋਈ ਵੀ ਆਪਣੇ ਪੱਧਰ 'ਤੇ ਫ਼ੈਸਲਾ ਨਹੀਂ ਲੈ ਸਕਦੀ। ਪਰਿਵਾਰ ਉਸ ਦੀਆਂ ਭਾਵਨਾਵਾਂ ਨੂੰ ਦਬਾਉਂਦਾ ਹੈ। ਗੁਰਮੀਨ ਸੰਭਾਵਨਾ ਭਰਪੂਰ ਕਹਾਣੀਕਾਰ ਹੈ। -ਸੰਪਾਦਕ)

"ਲੈ ਵੀਰਾ! ਵੇਖ ਲਾ ਤੂੰ ਵੀ ਕਰਤੂਤਾਂ ਇਸ ਬਲੱਛਣੀ ਦੀਆਂ। ਖੇਹ ਪਵਾਉਣ ਡਈ ਸਾਡੇ ਸਿਰ 'ਚ। ਔਂਤਰੀ-ਨਖੱਤੀ ਖਣੀ ਕਿਥੋਂ ਰੱਖੀ ਸੀ ਸਾਡੇ ਕਰਮਾਂ ਵਿੱਚ।" ਭੂਆ ਕਰਤਾਰੋ ਮੇਨ ਗੇਟ ਲੰਘਦਿਆਂ ਹੀ ਰੌਲਾ ਪਾਉਣ ਲੱਗ ਗਈ ਸੀ। ਮੈਂ ਕਾਕੇ ਨੂੰ ਨਵਾ ਕੇ ਸਵਾਂ ਰਹੀ ਸੀ। ਥੋੜ੍ਹੀ ਦੇਰ ਬਾਅਦ ਜਦ ਮੈਂ ਬਾਹਰ ਗਈ ਤਾਂ ਭੂਆ ਲੌਬੀ ਵਿੱਚ ਬੈਠੀ ਜੋਰ-ਜੋਰ ਦੀ ਬਾਂਹਾਂ ਮਾਰ-ਮਾਰ ਬੋਲ ਰਹੀ ਸੀ ਤੇ ਉਸਦੇ ਨਾਲ ਉਸਦੀ ਵੱਡੀ ਨੂੰਹ ਸਹਿਮੀ ਬੈਠੀ ਸੀ। ਉਹ ਮੂੰਹੋਂ ਕੁਝ ਨਹੀਂ ਸੀ ਬੋਲ ਰਹੀ ਪਰ ਉਸਦੇ ਅੱਖਾਂ ਵਿੱਚੋਂ ਵਗਦੇ ਹੰਝੂ ਸ਼ਾਇਦ ਬਹੁਤ ਕੁਝ ਬੋਲ ਰਹੇ ਸੀ।। ਡੈਡੀ(ਮੇਰੇ ਸਹੁਰਾ ਸਾਬ੍ਹ) ਭੂਆ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੇ ਸੀ ਪਰ ਭੂਆ ਵਿੱਚ ਤਾਂ ਜਿਵੇਂ ਕੋਈ ਜਿੰਨ-ਭੂਤ ਆ ਗਿਆ ਹੋਵੇ। ਉਹਨਾਂ ਲਈ ਲਿਆਂਦਾ ਗਿਆ ਪਾਣੀ ਵੀ ਜਿਓਂ ਦਾ ਤਿਓਂ ਹੀ ਮੇਜ 'ਤੇ ਪਿਆ ਸੀ। ਮੈਨੂੰ ਲਗਦਾ ਆਪ ਓਹਨੇ ਪੀਤਾ ਨਹੀਂ ਹੋਣਾ ਤੇ ਨੂੰਹ ਨੂੰ ਪੀਣ ਨਹੀਂ ਦਿੱਤਾ ਹੋਣਾ। ਮੰਮੀ ਜੀ(ਮੇਰੀ ਸੱਸ) ਨੇ ਮੈਨੂੰ ਅੰਦਰ ਜਾਣ ਦਾ ਇਸ਼ਾਰਾ ਕੀਤਾ ਤੇ ਮੈਂ ਵਾਪਿਸ ਚੁੱਪ-ਚਾਪ ਆਪਣੇ ਕਮਰੇ ਵਿੱਚ ਆ ਗਈ ਪਰ ਮੈਨੂੰ ਅਜੇ ਵੀ ਉਹਨਾਂ ਦੀਆਂ ਗੱਲਾਂ ਸਾਫ-ਸਾਫ ਸੁਣ ਰਹੀਆਂ ਸੀ।

"ਭੈਣੇ! ਦਸੇਂਗੀ ਕੁਝ ਕਿ ਰੌਲਾ ਪਾਈ ਜਾਵੇਂਗੀ ਸਾਡਾ ਸ਼ਹਿਰਦਾਰੀ ਦਾ ਕੰਮ ਆ, ਆਂਢ-ਗੁਆਂਢ ਸੁਣਦਾ ਹੋਊ ਤਾਂ ਕੀ ਕਹਿੰਦਾ ਹੋਊ।" ਡੈਡੀ ਭੂਆ ਨੂੰ ਪੂਰਾ ਖਿਝ ਕੇ ਕਹਿ ਰਹੇ ਸੀ।

"ਅੱਛਾ ਜੀ! ਆਪਣੀ ਇੱਜਤ ਦੀ ਤੈਨੂੰ ਬੜੀ ਫਿਕਰ ਆ ਕਿ ਕੋਈ ਸੁਣੂ ਤੇ ਕੀ ਕਹੂ ਤੇ ਜਿਹੜੀ ਇਹ ਸਾਡੀ ਇੱਜਤ ਰੋਲਦੀ ਫਿਰਦੀ ਉਹਦਾ ਕੀ? ਤੂੰ ਈ ਬਣਦਾ ਹੁੰਦਾ ਸਾਂ ਇਸ ਕੰਜਰੀ ਦਾ ਹਮਾਇਤੀਆ 'ਤੇ ਭੂਆ ਨੇ ਸ਼ਾਇਦ ਆਪਣੀ ਨੂੰਹ 'ਤੇ ਹੱਥ ਵੀ ਚੁੱਕ ਦਿੱਤਾ ਸੀ।

"ਭੈਣ ਜੀ! ਬਹਿ ਕੇ ਜਿਹੜੀ ਗੱਲ ਕਰਨੀ ਕਰੋ ਪਰ ਏਦਾਂ ਨੂੰਹ-ਧੀ 'ਤੇ ਹੱਥ ਚੁੱਕਣ ਦਾ ਕੋਈ ਕੰਮ ਨਹੀਂ ਤੇ ਜੇ ਤੁਸੀਂ ਇਹੋ ਕੁਝ ਕਰਨਾ ਤਾਂ ਆਪਣੇ ਘਰ ਜਾਓ।" ਇਸ ਵਾਰ ਮੰਮੀ ਬੋਲੇ ਸੀ ਸ਼ਾਇਦ ਉਹਨਾਂ ਅੱਗੇ ਹੋਕੇ ਭੂਆ ਨੂੰ ਰੋਕਿਆ ਹੋਵੇ ।

"ਨਾ ਕੀ ਗੱਲ ਕਰਾਂ ਮੈਂ? ਦੱਸ? ਮੈਨੂੰ ਤੇ ਆਪਣੇ ਮੂੰਹੋਂ ਕਹਿੰਦੀ ਨੂੰ ਸ਼ਰਮ ਆਉਂਦੀ। ਇਹਦੇ ਕੋਲੋਂ ਈ ਪੁਛੋ ਕਿ ਕੀਹਦੇ ਨਾਲ ਖੇਹ ਖਾਂਦੀ ਇਹ। ਰਾਤੀਂ ਵੀ ਸਾਨੂੰ ਡਿਊਟੀ ਦਾ ਝੂਠ ਮਾਰਕੇ ਗਈ ਸੀ ਪਰ ਓਥੇ ਨਹੀਂ ਪਹੁੰਚੀ ਇਹ। ਪਤਾ ਨਹੀਂ ਕਿਹੜੇ ਯਾਰ ਨਾਲ ਤੁਰੀ-ਫਿਰਦੀ ਰਹੀ।।ਵੀਰਾ! ਤੂੰ ਈ ਕਹਿੰਦਾ ਹੁੰਦਾ ਸਾਂ ਨਾ ਕਿ ਇਹਦੇ ਨਾਲ ਪਿਆਰ ਨਾਲ ਰਿਹਾ ਕਰੋ ਮੈਨੂੰ 'ਤੇ ਪਹਿਲੇ ਦਿਨ ਤੋਂ ਹੀ ਇਹਦੇ ਲੱਛਣਾਂ ਦਾ ਪਤਾ ਸੀ ਕੀ ਰਹਿੰਦੇ ਇਹਦੇ ਨਾਲ ਪਿਆਰ ਨਾਲ।ਹੁਣ ਤੂੰ ਦੱਸ ਕੀ ਕਰਨਾ ਇਹਦਾ? ਮੈਂ ਤੇ ਇਹਨੂੰ ਘਰ 'ਚ ਨਹੀਂ ਰੱਖਣਾ ਹੁਣ ਤੂੰ ਰੱਖ ਹੁਣ ਇਹਨੂੰ ਕੋਲ ਆਪਦੇ ।" ਤੇ ਏਨਾ ਆਖ ਜਿਵੇਂ ਭੂਆ ਨੇ ਆਪਣਾ ਆਖਰੀ ਫੈਸਲਾ ਸੁਣਾ ਦਿੱਤਾ ਹੋਵੇ।

"ਲੈ! ਏਦਾਂ ਨਹੀਂ ਗੱਲਾਂ ਨਿਬੜਦੀਆਂ ਹੁੰਦੀਆਂ। ਇਹ ਕੋਈ ਖੇਡ ਥੋੜੀ ਆ। ਤੂੰ ਦੱਸ ਕੁੜੀਏ! ਸੱਸ



ਤੇਰੀ ਜੋ ਆਂਹਦੀ ਆ,ਉਹ ਸੱਚ ਆ?" ਡੈਡੀ ਨੇ ਭੂਆ ਦੀ ਨੂੰਹ ਰੱਜੀ ਨੂੰ ਪੁੱਛਿਆ ਸੀ ਪਰ ਜਵਾਬ ਵਿੱਚ ਭੂਆ ਬੋਲੀ ਸੀ।

"ਲੈ! ਸ਼ਾਬਾਸ਼ੇ ਤੇਰੇ ਵੀਰਾ! ਆਹ ਚੰਗੀ ਮੱਤ ਦੀ ਗੱਲ ਕੀਤੀ ਊ ਨਾ ਚੋਰ ਵੀ ਕਦੇ ਮੰਨਿਆ ਕਿ ਚੋਰੀ ਮੈਂ ਕੀਤੀ।"

"ਮੈਂ ਤੈਨੂੰ ਸਿੱਧੀ ਤੇ ਸਪਸ਼ਟ ਗੱਲ ਦੱਸ 'ਤੀ ਆ ਬਈ ਇਹਨੂੰ ਮੈਂ ਨਾਲ ਨਹੀਂ ਲਿਜਾ ਸਕਦੀ ਮੇਰੇ 'ਤੇ ਮੁੰਡਿਆ ਨੇ ਵੱਢ ਦੇਣਾ ਇਹਨੂੰ, ਇਥੇ ਹੀ ਰੱਖੋ ਇਹਨੂੰ ਹੁਣ।" ਤੇ ਭੂਆ ਨੇ ਜਿਵੇਂ ਆਪਣੇ ਗਲੋਂ ਫਾਹਾ ਲਾਹ ਮੰਮੀ-ਡੈਡੀ ਦੇ ਗਲ ਪਾ ਦਿੱਤਾ ਸੀ।

"ਭੈਣ ਜੀ! ਜੇ ਤੁਸੀਂ ਇਹੋ ਮਨ ਬਣਾ ਲਿਆ ਕਿ ਨਹੀਂ ਰੱਖਣਾ ਇਹਨੂੰ ਘਰ ਤਾਂ ਫੇਰ ਇਹਨੂੰ ਇਹਦੇ ਪੇਕਿਆਂ ਦੇ ਛੱਡ ਆਓ। ਅਸੀਂ ਏਨੀ ਵੱਡੀ ਜਿੰਮੇਵਾਰੀ ਨਹੀਂ ਲੈ ਸਕਦੇ।" ਮੰਮੀ ਨੇ ਵੀ ਅੱਗੋਂ ਜਵਾਬ ਦੇ ਦਿੱਤਾ ਸੀ।

"ਨਾ ਪੇਕੇ ਹੈਗੇ ਕਿੱਥੇ ਇਹਦੇ ਕੁਦੇਸਨ ਦੇ। ਹੁਣ ਉਹਨਾਂ ਜਣਦਿਆਂ ਨੂੰ ਕਿੱਥੇ ਰੋਣ ਜਾਈਏ? ਓਥੇ ਭਈਆਂ ਦੇ ਦੇਸ।" ਭੂਆ ਪੂਰੀ ਤਲਖ਼ੀ ਵਿੱਚ ਬੋਲ ਰਹੀ ਸੀ। ਜਿਵੇਂ ਇਸ ਸਾਰੇ ਵਿੱਚ ਮੰਮੀ-ਡੈਡੀ ਦੀ ਹੀ ਗਲਤੀ ਹੋਵੇ।

"ਪਰ ਕੋਈ ਤਾਂ ਹੋਊ ਇਹਦਾ ਏਧਰ ਪੰਜਾਬ। ਕੋਈ ਸਾਕ-ਸੰਬੰਧੀ, ਕੋਈ ਰਿਸ਼ਤੇਦਾਰ।" ਪਰ ਮੰਮੀ ਵੀ ਪਿਛਾਂਹ ਨਹੀਂ ਸੀ ਹਟੇ ਆਪਣੀ ਗੱਲ ਤੋਂ।

"ਤਾਏ ਦੀ ਧੀ ਹੈਗੀ ਇਹਦੀ ਇੱਕ ਰਿਸ਼ਤਾ ਵੀ ਉਹਨੇ ਈ ਕਰਵਾਇਆ ਸੀ। ਓਧਰ ਸੁੱਟ ਕੇ ਆਉਣੀ ਆ ਫਿਰ ਵਾਪਿਸ ਤੇ ਨਹੀਂ ਲੈਕੇ ਜਾਣਾ ਮੈਂ ਇਸ ਗੰਦ ਨੂੰ।" ਤੇ ਓਹਨੇ ਇੰਝ ਆਪਣੀ ਨੂੰਹ ਵੱਲ ਵੇਖਿਆ ਜਿਵੇਂ ਅੱਖਾਂ ਨਾਲ ਹੀ ਖਾ ਜਾਣਾ ਹੋਵੇ। ਮੈਂ ਵੀ ਕਮਰੇ ਵਿੱਚੋਂ ਨਿਕਲ ਕੇ ਬਾਹਰ ਆ ਗਈ ਸੀ ਤੇ ਭੂਆ ਦੇ ਇਸ ਰੂਪ ਨੂੰ ਵੇਖ ਕੇ ਡਰ ਗਈ ਸੀ। ਮੰਮੀ ਨੇ ਮੈਨੂੰ ਚਾਹ ਬਣਾਉਣ ਲਈ ਕਿਹਾ ਤਾਂ ਭੂਆ ਵਿੱਚੇ ਹੀ ਬੋਲ ਪਈ।

"ਚਾਹ ਲੰਘਦੀ ਆ ਮੇਰੇ ਸਾਡੇ ਤਾਂ ਕਲ੍ਹ ਦੀਆਂ ਨਾ ਕਿਸੇ ਪੱਕੀਆਂ ਤੇ ਨਾ ਕਿਸੇ ਖਾਧੀਆਂ।"

"ਲੈ ਭੈਣ ਜੀ ਰੋਟੀ ਤਿਆਰ ਕਰ ਲੈਣੇ ਆ।।ਜਾ ਸਿਮਰ! ਰੋਟੀ ਪਕਾ।" ਮੰਮੀ ਮੇਰੇ ਵੱਲ ਵੇਖਕੇ ਬੋਲੇ

"ਨਾ ਭਾਬੀ! ਕਿਸੇ ਚੀਜ ਦੀ ਨਹੀਂ ਲੋੜ। ਮੈਂ ਪਹਿਲਾਂ ਇਹਦਾ ਫਾਹਾ ਵੱਢਾ ਫੇਰ ਈ ਕੁਝ ਸੁਝਣੀ-ਔੜਣੀ ਆ ਮੈਨੂੰ।" ਤੇ ਉਹ ਉਠਕੇ ਤੁਰ ਪਈ।

"ਕਰਤਾਰ ਕੁਰੇ! ਇਹ ਕੋਈ ਹੱਲ ਨਹੀਂ ਇਸ ਗੱਲ ਦਾ। ਓਧਰ ਵੀ ਭਲਾ ਇਹ ਕਿੰਨਾ ਕੁ ਚਿਰ ਰਹੂ। ਤੂੰ ਐਵੇਂ ਗੱਲ ਨਾ ਵਧਾ। ਬਹਿਕੇ ਹੱਲ ਕੱਢੋ ਕੋਈ ਮਸਲੇ ਦਾ। ਨਾ ਜਲੂਸ ਕੱਢੋ ਏਦਾਂ ਆਪਣਾ ਇੱਜਤ ਆ ਤੁਹਾਡੀ ਅਕਸਰ ਨੂੰ ਤੇ ਨਾਲੇ ਜਵਾਕ ਆ ਚਾਰ ਸਾਲ ਦਾ,ਉਹ ਭਲਾ ਮਾਂ ਬਗੈਰ ਰਹਿ ਲੂ।" ਡੈਡੀ ਨੇ ਭੂਆ ਨੂੰ ਜਾਂਦੀ ਹੋਈ ਨੂੰ ਰੋਕਦਿਆਂ ਕਿਹਾ।

"ਨਾ ਕੀ ਹੱਲ ਕੱਢਾਂ ਦੱਸ ਹੋਰ ਥਾਂ-ਥਾਂ ਸਾਡੀ ਬੇਜਤੀ ਕਰਾ 'ਤੀ ਇਹਨੇ, ਕਾਹਦੀ ਇੱਜਤ ਸਾਡੀ ਰਹਿਗੀ ਜਵਾਕ ਦੀ ਫਿਕਰ ਨਾ ਕਰੇ ਕੋਈ, ਜਿਨ੍ਹਾਂ ਦੀਆਂ ਮਾਂਵਾਂ ਮਰ ਜਾਂਦੀਆਂ ਉਹ ਵੀ ਪਲ ਈ ਜਾਂਦੇ ਆ ਇਹ ਵੀ ਪਲ ਜੂ।" ਭੂਆ ਆਪਣੀ ਨੂੰਹ ਵੱਲ ਕੌੜਾ ਝਾਕਦੀ ਬੋਲੀ।

"ਅੱਛਾ! ਇਹਦੇ ਵਾਰੀ ਤੈਨੂੰ ਬੜਾ ਚੇਤੇ ਆ ਸਭ ਕੁਝ ਕਿ ਕੀ ਕਰਨਾ ਕੀ ਨਹੀਂ। ਪਿਛਲਾ ਤੈਨੂੰ ਸਭ ਚੇਤੇ ਭੁੱਲ ਗਿਆ?" ਡੈਡੀ ਪੂਰੇ ਤੈਸ਼ ਵਿੱਚ ਆ ਗਏ ਸੀ। ਮੈਂ ਉਹਨਾਂ ਨੂੰ ਪਹਿਲੀ ਵਾਰ ਇੰਝ ਗੁੱਸੇ ਵਿੱਚ ਦੇਖਿਆ ਸੀ ।

"ਚਲੋ ਸਰਦਾਰ ਜੀ! ਹੁਣ ਪਿਛਲੀਆਂ ਗੱਲਾਂ ਨੂੰ ਕੀ ਦੁਹਰਾਉਣਾ। ਹੁਣ ਦੀ ਗੱਲ ਕਰੋ।" ਮੰਮੀ ਸ਼ਾਇਦ ਗੱਲ ਸੰਭਾਲਣ ਦੀ ਕੋਸ਼ਿਸ਼ ਕਰ ਰਹੇ ਸੀ ਪਰ ਮੇਰੇ ਪੱਲੇ ਕੁਝ ਨਹੀਂ ਸੀ ਪਿਆ।

"ਕਿਉਂ ਨਾ ਦੁਹਰਾਵਾਂ ਸਰਦਾਰਣੀਏ! ਦੱਸੀਂ ਤੂੰ ਵੀ ਜਰਾ। ਹੱਦ ਹੋ ਗਈ ਇਹਦੇ ਵਾਲੀ ਤੂੰ ਅੱਖੀਂ ਵੇਖਿਆ ਇਹਦਾ ਕੁਝ। ਦੱਸ ਮੈਨੂੰ ਭਾਈਆ ਜੀ ਦਾ ਤਾਂ ਅੱਖੀਂ ਵੀ ਵੇਖਿਆ ਸੀ। ਤੂੰ ਸਭ ਕੁਝ ਸਾਰੀਆਂ

ਕਰਤੂਤਾਂ ਦਾ ਤੈਨੂੰ ਪਤਾ ਸੀ। ਇਹ ਵੀ ਪਤਾ ਤੈਨੂੰ ਕਿ ਉਹ ਚੰਦਰੀ ਬਿਮਾਰੀ ਨਾਲ ਮਰਿਆ ਸੀ। ਫੇਰ ਉਹਨੂੰ ਕਿਉਂ ਨਾ ਛੱਡ 'ਤਾ। ਤੂੰ ਜਾਂ ਘਰੋਂ ਕਿਉਂ ਨਾ ਕੱਢ 'ਤਾ। ਉਦੋਂ ਤਾਂ ਕਹਿੰਦੀ ਸਾਂ ਖਸਮਾਂ ਨੂੰ ਖਾਵੇ, ਮੈਂ ਆਪਣੇ ਬੱਚੇ ਲੈ ਕੇ ਬੈਠੀ ਆ, ਮੈਨੂੰ ਕੀ ਲਗੇ। ਹੁਣ ਇਹਦੇ ਵਾਰੀ ਕਨੂੰਨ ਹੋਰ ਹੋ ਗਏ? ਕਾਹਤੋਂ ਭਾਈ? ਉਹ ਔਰਤ ਜਾਤ ਤਾਂ ਕਰਕੇ ਕਿ ਉਹ ਗਰੀਬ ਘਰ ਦੀ ਆ ਤਾਂ? ਹਜੇ ਤੱਕ 'ਤੇ ਓਹਦਾ ਕੋਈ ਕਸੂਰ ਵੀ ਸਾਬਿਤ ਨਹੀਂ ਹੋਇਆ ਤੇ ਚੱਲ ਜੇ ਹੋ ਵੀ ਜਾਂਦਾ ਤਾਂ ਉਹਨੂੰ ਇੱਕ ਮੌਕਾ ਦਿਓ ਜੋ ਇਨਸਾਫ਼ ਬਣਦਾ।" ਡੈਡੀ ਗੁੱਸੇ ਵਿੱਚ ਕੰਬ ਰਹੇ ਸੀ।

ਭੂਆ ਬਿਨਾਂ ਕੁਝ ਬੋਲੇ, ਮਗਰਮੱਛ ਦੇ ਅੱਥਰੂ ਜਿਹੇ ਵਹਾਉਂਦੀ ਉੱਠ ਕੇ ਤੁਰ ਪਈ ਤੇ ਮਗਰੇ-ਮਗਰ ਉਹਦੀ ਨੂੰਹ।

ਡੈਡੀ ਵੀ ਗੁੱਸੇ ਵਿੱਚ ਉੱਠਕੇ ਆਪਣੇ ਕਮਰੇ ਵਿੱਚ ਚਲੇ ਗਏ ਉਹ ਦਿਲ ਦੇ ਬੜੇ ਸਾਫ਼, ਨੇਕ ਤੇ ਇਨਸਾਫ ਪਸੰਦ ਇਨਸਾਨ ਨੇ। ਉਹ ਕਿਸੇ ਨਾਲ ਜਿਆਦਤੀ ਹੁੰਦੀ ਨਹੀਂ ਦੇਖ ਸਕਦੇ। ਫਿਰ ਭਾਵੇਂ ਉਹ ਆਪਣਾ ਹੋਵੇ ਜਾਂ ਬਿਗਾਨਾ।

ਉਹਨਾਂ ਦੇ ਜਾਣ ਮਗਰੋਂ ਮੈਂ ਮੰਮੀ ਵੱਲ ਸਵਾਲੀਆ ਨਜਰਾਂ ਨਾਲ ਵੇਖਦਿਆਂ ਪੁੱਛਿਆ , "ਮੰਮੀ ! ਆਹ ਫੁੱਫੜ ਜੀ ਦੀ ਕੀ ਕਹਾਣੀ ਆ?"

"ਕੁਝ ਨਹੀਂ। ਡੈਡੀ ਤੇਰੇ ਵੀ ਐਵੇਂ ਗੁੱਸੇ 'ਚ ਆ ਜਾਂਦੇ ਬੜੀ ਛੇਤੀ। ਦੱਸ ਅਗਲਿਆਂ ਦੀ ਮਰਜੀ ਆ, ਜੋ ਕਰਨਾ ਕਰਨ ਇੱਕ ਤਾਂ ਇਹਨਾਂ ਨੂੰ ਹਮਦਰਦੀ ਬੜੀ ਹੋ ਜਾਂਦੀ ਸਭ ਨਾਲ।" ਮੰਮੀ ਨੇ ਗੱਲ ਗੋਲ-ਮੋਲ ਜਿਹੀ ਕਰਨੀ ਚਾਹੀ ਪਰ ਮੈਨੂੰ ਚੈਨ ਨਹੀਂ ਸੀ ਪੈ ਰਿਹਾ ਕਿ ਆਖਿਰ ਕੋਈ ਗੱਲ ਤਾਂ ਹੈ ਤੇ ਮੈਂ ਮੰਮੀ ਦੇ ਜਿਵੇਂ ਖਹਿੜੇ ਈ ਪੈ ਗਈ ਸਾਂ।

"ਕੀ ਦੱਸਾਂ ਹੁਣ ਤੈਨੂੰ ਗੰਦੀਆਂ ਆਦਤਾਂ ਸੀ ਬੰਦੇ ਦੀਆਂ। ਸਿਰੇ ਦਾ ਨਿਖੱਟੂ ਸੀ, ਸਾਰੀ ਉਮਰ ਵੇਹਲੀਆਂ ਖਾ ਛੱਡੀਆਂ ਬੱਸ। ਕਿਤੇ ਟਕਾ ਨਹੀਂ ਸੀ ਕਮਾਇਆ, ਪੈਲੀ ਬੰਨਾ ਨਖਤੇ ਦਾ ਓਂ ਨਹੀਂ ਸੀ ਹੈਗਾ। ਦੋ ਕਨਾਲਾ ਸੀ ਚੂੰਗੇ 'ਚ,ਉਹ ਵੀ ਵੇਚ ਵੱਟ ਕੇ ਖਾ ਪੀ ਲਈ। ਬੁੜੀਆਂ ਦਾ ਸ਼ਕੀਨ ਸੀ ਬੱਸ। ਉਹ ਤੇ ਆਂਹਦਾ ਸੀ ਭਾਵੇਂ ਨਿੱਤ ਨਵੀਂ ਮਿਲਜੇ। ਕਿੰਨੀ ਵਾਰ 'ਤੇ ਭੈਣ ਜੀ ਨੇ ਉੱਤੋਂ ਜਾ ਕੇ ਫੜਿਆ ਸੀ। ਕੋਈ ਨਾ ਕੋਈ ਦੱਸ ਦਿੰਦਾ ਹੁੰਦਾ ਸੀ, ਸੂਹ ਦੇ ਦੇਣੀ ਕਿਸੇ ਨੇ ਤੇ ਭੈਣ ਜੀ ਨੇ ਪਹੁੰਚ ਜਾਣਾ, ਕਲੇਸ਼ ਪੈਣੀ, ਕਈ ਕੁਝ ਹੋਣਾ ਛੇ-ਛੇ ਮਹੀਨੇ ਭੈਣ ਜੀ ਨੇ ਇਥੇ ਰਹਿ ਜਾਣਾ ਰੁੱਸਕੇ ਪਰ ਓਹਦੇ 'ਤੇ, ਬੇਸ਼ਰਮ 'ਤੇ ਕੋਈ ਅਸਰ ਨਾ ਹੋਣਾ। ਦੋ-ਚਾਰ ਦਿਨ ਚੰਗੇ ਰਹਿਣਾ ਤੇ ਫਿਰ ਉਹੀ ਹਾਲ। ਮੁੱਢਾਂ ਦੇ ਵਿਗੜੇ ਵੀ ਸੁਧਰੇ ਆ ਕਦੇ। ਏਡਜ਼ ਨਾਲ ਮਰਿਆ ਮੁੜਕੇ। ਘਰ ਵੀ ਬੀਜੀ-ਬਾਪੂ ਜੀ (ਮੇਰੇ ਦਾਦੀ ਸੱਸ ਤੇ ਦਾਦਾ ਸਹੁਰਾ) ਨੇ ਬਣਾ ਕੇ ਦਿੱਤਾ। ਸੌਦਾ ਹਰ ਮਹੀਨੇ ਤੇਰੇ ਡੈਡੀ ਸੁੱਟ ਕੇ ਆਉਂਦੇ ਸੀ। ਨਿਆਣਿਆਂ ਦੀਆਂ ਸਕੂਲ ਦੀਆਂ ਫੀਸਾਂ, ਵਰਦੀਆਂ ਤੇ ਹੋਰ ਸਾਰੇ ਨਿੱਕੇ ਮੋਟੇ ਖਰਚ ਇਥੋਂ ਈ ਹੁੰਦੇ ਰਹੇ। ਆਹ ਤੇ ਹੁਣ ਮੁੰਡੇ ਥੋੜੇ ਜਿਹੇ ਗੱਭਰੂ ਹੋਏ, ਆਪਣੇ ਮਾੜੇ-ਚੰਗੇ ਕੰਮਾਂ-ਧੰਦਿਆਂ 'ਤੇ ਲੱਗੇ ਆ ਤੇ ਇਹ ਆਪਣਾ ਗੁਜਾਰਾ ਕਰਨ ਲਗ ਗਏ। ਪੈਲੀ-ਬੰਨਾ ਤਾਂ ਹੈ ਨਹੀਂ ਸੀ ਕੋਈ ਨਾ ਕੋਈ ਚੰਗੀ ਤਕੜੀ ਨੌਕਰੀ ਸੀ, ਸਾਕ ਵੀ ਮੁੰਡਿਆਂ ਨੂੰ ਕਾਹਦੇ ਸਿਰ 'ਤੇ ਹੋਣੇ ਸੀ। ਸ਼ੁਕਰ ਨਹੀਂ ਕਰਦੀ ਕਿ ਮਾੜੇ-ਚੰਗੇ ਵਿਆਹੇ ਗਏ ਆ। ਇਹਨੇ ਸੱਚ-ਪੁੱਛੇ ਨਾ ਆਪਣੀ ਵੱਡੀ ਨੂੰਹ ਨੂੰ ਤੇ ਸ਼ੁਰੂ ਤੋਂ ਹੀ ਚੰਗਾ ਨਹੀਂ ਚਾਹਿਆ। ਜੋਂ ਉਹ ਵਿਆਹੀ ਆ ਬੱਸ ਓਹਦੇ ਤੇ ਵੈਰ ਈ ਪਈ ਰਹੀ। ਆਪਦੇ ਮੁੰਡੇ ਵੱਲ ਨਹੀਂ ਵਹਿੰਦੀ ਨਾ ਮੂੰਹ ਨਾ ਮੱਥਾ। ਕੁੜੀ ਵੇਖ ਕਿੱਡੀ ਸੋਹਣੀ ਆ ਪਰ ਕਰਮ ਚੰਦਰੀ ਦੇ ਸੋਹਣੇ ਨਹੀਂ।" ਤੇ ਮੰਮੀ ਨੇ ਇੱਕ ਹੌਕਾ ਜਿਹਾ ਲਿਆ।

"ਪਰ ਚੰਗਾ ਕਿਉਂ ਨਹੀਂ ਚਾਹੁੰਦੀ?" ਮੇਰਾ ਦਿਲ ਇਹ ਵੀ ਜਾਨਣ ਲਈ ਕਾਹਲਾ ਸੀ।

"ਇਹ ਤਾਂ ਉਹ ਜਾਣੇ ਪਰ ਓਹੀ ਗੱਲ ਭੁੱਖ ਨਹੀਂ ਨਿਕਲਦੀ ਇਹਦੀ। ਪਹਿਲਾਂ ਤਾਂ ਇਹੋ ਆਂਹਦੀ ਸੀ ਕਿ ਕੋਈ ਤਕੜੇ ਘਰ ਦੀ ਹੁੰਦੀ ਤਾਂ ਚਾਰ ਚੀਜ਼ਾਂ ਈ ਲਿਆਉਂਦੀ ਨਾਲ। ਡੈਡੀ ਤੇਰੇ ਨੇ ਤਾਂ ਬਥੇਰਾ ਸਮਝਾਇਆ ਸੀ ਕਿ ਕੁੜੀ ਨੇਕ ਆ, ਘਰ ਦੀ ਜਿੰਮੇਵਾਰੀ ਚੁੱਕ ਲਈ ਆ, ਆਪਣੀ ਮਾੜੀ-ਚੰਗੀ ਨੌਕਰੀ 'ਤੇ ਲੱਗੀ ਆ ਹੋਰ ਦੱਸ ਕੀ ਚਾਹੀਦਾ ਆਉਂਦੀ ਨੂੰ ਰੱਬ ਨੇ ਜੀਅ ਦੇ 'ਤਾ, ਹੋਰ ਪਤਾ ਨਹੀਂ ਲੋਕਾਂ ਨੂੰ ਕੀ



ਚਾਹੀਦਾ ਹੁੰਦਾ। ਓਹੋ ਗੱਲ ਕਿ ਭੱਲ ਈ ਨਹੀਂ ਪੱਚਦੀ।" ਮੰਮੀ ਨੇ ਮੱਥੇ 'ਤੇ ਤਿਊੜੀ ਜਿਹੀ ਪਾ ਕੇ ਕਿਹਾ ਕਿਉਂਕਿ ਉਹਨਾਂ ਨੂੰ ਭੂਆ ਕਰਤਾਰੋ 'ਤੇ ਗੁੱਸਾ ਆ ਰਿਹਾ ਸੀ।

ਮੈਂ ਉਸ ਦਿਨ ਸਾਰੀ ਰਾਤ ਨਾ ਸੁੱਤੀ। ਮੈਨੂੰ ਰਹਿ ਰਹਿ ਕੇ ਰੱਜੀ ਦਾ ਹੀ ਖਿਆਲ ਆਈ ਜਾ ਰਿਹਾ ਸੀ ਕਿ ਆਖਿਰ ਕੀ ਗੱਲ ਹੋਈ ਹੋਊ। ਹਾਏ ! ਵਿਚਾਰੀ ਆਪਣੇ ਜਵਾਕ ਬਿਨਾਂ ਕਿੰਝ ਰਹੂ।

ਅਗਲੇ ਦਿਨ ਸ਼ਾਮ ਦੇ 5 ਕੁ ਵੱਜੇ ਸੀ ਮੈਂ ਤੇ ਮੰਮੀ ਰਸੋਈ ਵਿੱਚ ਰਾਤ ਦੇ ਰੋਟੀ-ਪਾਣੀ ਦੇ ਆਹਰ ਵਿੱਚ ਲੱਗੀਆਂ ਸਾਂ ਕਿ ਬਾਹਰਲਾ ਕੁੰਡਾ ਖੜਕਿਆ। ਵੇਖਿਆ ਤਾਂ ਰੱਜੀ ਸੀ, ਹੱਥ ਵਿੱਚ ਨਿੱਕਾ ਜਿਹਾ ਬੈਗ ਸੀ ਸ਼ਾਇਦ ਕਪੜੇ ਹੋਣ ਵਿੱਚ। ਅੰਦਰ ਆ ਕੇ ਵਿਚਾਰੀ ਚੁੱਪ-ਚਾਪ ਲੌਬੀ ਵਿੱਚ ਡਿਠੇ ਮੰਜੇ 'ਤੇ ਬਹਿ ਗਈ। ਮੈਂ ਪਾਣੀ ਦਿੱਤਾ ਤਾਂ ਇੰਝ ਲਗਾ ਜਿਵੇਂ ਬੜੀ ਮੁਸ਼ਕਿਲ ਨਾਲ ਉਹਨੇ ਘੁੱਟ ਲੰਘਾਇਆ ਹੋਵੇ।

"ਭੈਣ ! ਚਾਹ ਬਣਾਵਾਂ ਕਿ ਰੋਟੀ ਖਾਏਂਗੀ?" ਮੈਨੂੰ ਪਤਾ ਨਹੀਂ ਕਿਉਂ ਇੰਝ ਲਗਾ ਜਿਵੇਂ ਓਹਨੇ ਸਵੇਰ ਦਾ ਕੁਝ ਨਾ ਖਾਧਾ ਹੋਵੇ। ਉਹ ਅੱਖਾਂ ਵਿੱਚ ਆਏ ਹੰਝੂ ਲੁਕਾਉਂਦੀ ਹੋਈ ਮਸਾਂ ਬੋਲੀ "ਨਹੀਂ ਭੈਣ ! ਕਿਸੇ ਚੀਜ ਦੀ ਲੋੜ ਨਹੀਂ।" ਤੇ ਫਿਰ ਏਧਰ-ਓਧਰ ਵੇਖਦੀ ਬੋਲੀ, "ਮਾਮਾ ਜੀ ਕਿਥੇ ਨੇ?"

"ਡੈਡੀ ਇਹਦੇ ਤਾਂ ਗੁਰਦੁਆਰੇ ਗਏ ਨੇ। ਕੋਈ ਨਾ ਆ ਜਾਂਦੇ ਨੇ। ਤੂੰ ਚਾਹ ਪਾਣੀ ਪੀ ਮੇਰੀ ਧੀ।" ਮੰਮੀ ਰਸੋਈ ਵਿੱਚੋ ਬਾਹਰ ਆਉਂਦੇ ਬੋਲੇ। ਸ਼ਾਮ ਨੂੰ ਡੈਡੀ ਨਾਲ ਪਤਾ ਨਹੀਂ ਓਹਦੀ ਕੀ ਗੱਲ ਹੋਈ ਤੇ ਕੀ ਨਹੀਂ ਬੱਸ ਮੈਨੂੰ ਓਹਦੇ ਹੌਕਿਆਂ ਦੀ ਅਵਾਜ਼ ਸੁਣ ਰਹੀ ਸੀ ਤੇ ਮੇਰਾ ਦਿਲ ਕਰ ਰਿਹਾ ਸੀ ਮੈਂ ਵੀ ਕੋਲ ਜਾ ਕੇ ਬਹਿਜਾ ਪਰ ਮੈਂ ਆਪਣੇ ਆਪ ਨੂੰ ਰੋਕ ਕੇ ਰੱਖਿਆ। ਰਾਤ ਨੂੰ ਸਾਰੇ ਕੰਮਾਂ ਤੋਂ ਵਹਿਲੀ ਹੋ ਕੇ ਤੇ ਕਾਕੇ ਨੂੰ ਸਵਾਂ ਕੇ ਮੈਂ ਉਹਦੇ ਕੋਲ ਚੱਲੀ ਗਈ। ਉਹ ਫੋਨ ਵਿੱਚ ਕੁਝ ਵੇਖ ਰਹੀ ਸੀ ਤੇ ਨਾਲ ਦੀ ਨਾਲ ਰੋ ਰਹੀ ਸੀ। ਮੈਂ ਕੋਲ ਜਾ ਕੇ ਬੈਠ ਗਈ ਤਾਂ ਉਹ ਫੋਨ ਮੇਰੇ ਵੱਲ ਨੂੰ ਕਰਕੇ ਵਿਖਾਉਣ ਲਗ ਪਈ "ਮੇਰਾ ਬੇਟਾ ਅਜੈਵੀਰ ਮੈਂ ਕਲ੍ਹ ਦਾ 100 ਵਾਰ ਫੋਨ ਲਾਇਆ ਕਿ ਓਹਦੇ ਨਾਲ ਗੱਲ ਕਰ ਸਕਾਂ ਪਰ ਕੋਈ ਮੇਰਾ ਫੋਨ ਈ ਨਹੀਂ ਚੁੱਕ ਰਿਹਾ।" ਤੇ ਉਹਦੀ ਜਿਵੇਂ ਭੁੱਬ ਨਿਕਲ ਗਈ ਸੀ।

"ਰੋ ਨਾ ਭੈਣੇ ! ਕੋਈ ਨਾ ਸਭ ਠੀਕ ਹੋ ਜੂ। ਤੂੰ ਆਪਣੇ ਤਾਏ ਦੀ ਧੀ ਨਾਲ ਨਹੀਂ ਗੱਲ ਕੀਤੀ। ਉਹ ਕਰੇ ਗੱਲ ਇਹਨਾਂ ਨਾਲ।" ਮੈਂ ਉਸਨੂੰ ਹੌਂਸਲਾ ਦਿੰਦੀ ਨੇ ਕਿਹਾ।

"ਓਹਨੇ ਖੇਹ ਤੇ ਸਵਾਹ ਗੱਲ ਕਰਨੀ ਉਹਨਾਂ ਦੇ ਘਰ ਤੇ ਮੈਂ ਇੱਕ ਰਾਤ ਰਹੀ ਆ ਤੇ ਮੈਨੂੰ ਓਹਨੇ ਰੋਟੀ ਨਹੀਂ ਪੁੱਛੀ ਕਿ ਕਿਤੇ ਮੈਂ ਉਹਨਾਂ ਦੇ ਗਲ਼ ਈ ਨਾ ਪੈ ਜਾ ਸਾਰੀ ਉਮਰ ਲਈ ਭੁੱਖਣ-ਭਾਣੀ ਆ ਗਈ ਓਧਰੋਂ।"

"ਹੈਂ ! ਫਿੱਟੇ ਮੂੰਹ !! ਇਹੋ ਜਿਹੀ ਦਾ।" ਮੈਨੂੰ ਓਹਦੀ ਤਾਏ ਦੀ ਕੁੜੀ 'ਤੇ ਗੁੱਸਾ ਆਇਆ ਤੇ ਫਿਰ ਮੈਂ ਝੱਕਦੀ ਜਿਹੀ ਨੇ ਉਹਨੂੰ ਪੁੱਛਿਆ, "ਵੈਸੇ ਇੱਕ ਗੱਲ ਪੁੱਛਾਂ?"

"ਇਹੀ ਨਾ ਕਿ ਮੇਰਾ ਸੱਚੀ ਕਿਤੇ ਚੱਕਰ ਆ?" ਤੇ ਉਹ ਹੱਸ ਪਈ। ਮੈਂ ਥੋੜੀ ਸ਼ਰਮਿੰਦਾ ਜਿਹੀ ਹੋ ਗਈ। ਫਿਰ ਉਹ ਬਿਨਾਂ ਮੇਰਾ ਜਵਾਬ ਉਡੀਕੇ ਆਪਣੀ ਕਹਾਣੀ ਆਪੇ ਸੁਣਾਉਣ ਲੱਗ ਗਈ।

"ਡੈਡੀ ਮੇਰੇ ਇੱਕ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਕਰਦੇ ਸੀ ਪੰਜਾਬੋਂ ਬਾਹਰ ਤੇ ਸਾਨੂੰ ਵੀ ਨਾਲ ਈ ਲੈ ਗਏ। ਅਸੀਂ ਤਿੰਨ ਭੈਣਾਂ ਤੇ ਇੱਕ ਭਰਾ। ਮੈਂ ਸਭ ਤੋਂ ਵੱਡੀ ਆ ਸਾਡੇ ਘਰ ਦਾ ਗੁਜ਼ਾਰਾ ਮਸਾਂ ਚੱਲਦਾ ਸੀ। ਮੈਂ ਔਖੀ-ਸੌਖੀ ਥੋੜਾ ਬਹੁਤ ਪੜ੍ਹ ਗਈ। ਮੇਰੇ ਤਾਏ ਦਾ ਜਵਾਈ ਇਹਨਾਂ ਨਾਲ ਨੌਕਰੀ ਕਰਦਾ ਸੀ ਤੇ ਉਹਨੇ ਦੱਸ ਪਾ ਦਿੱਤੀ ਡੈਡੀ ਨੇ ਵੀ ਸਿਰੋਂ ਭਾਰ ਲਾਹੁਣ ਦੀ ਕੀਤੀ। ਇਹ ਮੇਰੇ ਨਾਲੋਂ ਉਮਰ ਵਿੱਚ ਵੀ ਵੱਡੇ ਸੀ ਤੇ ਰੂਪ-ਰੰਗ ਦੇ ਵੀ ਸਾਂਵਲੇ ਜਿਹੇ ਪਰ ਚੱਲੋ ਲੇਖਾਂ ਦੀਆਂ ਲਿਖੀਆਂ ਸੀ ਤੇ ਨਾਲ ਮਾਂ ਕਹਿੰਦੀ ਸੀ, ਹੋਰ ਤੁਹਾਨੂੰ ਹੂਰ ਪਰੇ ਨਹੀਂ ਲੱਭਣ ਲਗੇ। ਮੇਰੇ ਵਿਆਹ ਨੂੰ ਚਾਰ ਦਿਨ ਈ ਹੋਏ ਸੀ ਕਿ ਮੰਮੀ ਨੇ ਤਾਹਣੇ-ਮਿਹਣੇ ਕੱਸਣੇ ਸ਼ੁਰੂ ਕਰ ਦਿਤੇ। ਅਖੇ ਭੁੱਖੇ-ਨੰਗਿਆਂ ਦੇ ਖਾਨਦਾਨ ਦੀ ਵਿਆਹ ਲਈ। ਅਸੀਂ ਤਾਂ ਕਿਤੇ ਚੱਜ ਦੀਆਂ ਟਾਕੀਆਂ ਨਹੀਂ ਦਿਤੀਆਂ ਗਈਆਂ। ਲੋਕੀਂ ਤਾਂ ਆਪਣੇ ਜਵਾਈਆਂ ਨੂੰ ਸੋਨੇ ਨਾਲ ਤੋਲ ਦਿੰਦੇ ਆ, ਇਹਨਾਂ ਕੰਜਰਾਂ ਨੇ ਇੱਕ ਛਾਪ ਪਾ ਕੇ ਸਾਰ 'ਤਾ ਤੇ ਹੋਰ ਜੋ ਮੂੰਹ ਆਇਆ ਬੋਲੀ ਗਈ। ਮੈਂ ਅੰਦਰ ਵੜ ਕੇ ਬੜਾ ਰੋਈ। ਨਾ ਕਿਸੇ ਨੂੰ ਕੁਝ ਦੱਸਣ ਜੋਗੀ ਨਾ ਹੋਰ। ਇਹਨਾਂ ਨੂੰ ਵੀ ਡਰਦੀ ਨੇ ਨਾ ਦੱਸਿਆ ਕਿ

ਆਖਣਗੇ ਆਉਂਦਿਆਂ ਈ ਮੇਰੀ ਮਾਂ ਦੇ ਖਿਲਾਫ ਬੋਲਣ ਲੱਗ ਗਈ। ਫਿਰ ਹੌਲੀ-ਹੌਲੀ ਮੰਮੀ ਦੀ ਆਦਤ ਬਣ ਗਈ ਤੇ ਇਹ ਹੁਣ ਰੋਜ ਦਾ ਕੰਮ ਸੀ। ਮੈਨੂੰ ਤਾਹਨੇ ਮਿਹਣੇ ਦੇਣੇ, ਨਿੱਕੀ-ਨਿੱਕੀ ਗੱਲ 'ਤੇ ਟੋਕਾ-ਟਾਕੀ। ਮੈਂ ਚੁੱਪ ਕੀਤੀ ਰਹਿਣਾ ਕਿ ਬੋਲ-ਬੁਲਾਰੇ ਨਾਲ ਗੱਲ ਵਧੂ ਤੇ ਮੰਮੀ ਦਾ ਜਿਵੇਂ ਰੋਜ ਦੀ ਰੋਜ ਝਾਕਾ ਖੁੱਲਦਾ ਜਾ ਰਿਹਾ ਸੀ। ਅਸੀਂ ਦੋਵੇਂ ਜੀਅ ਕਦੇ 'ਕੱਠੇ ਬਾਹਰ ਨਹੀਂ ਗਏ। ਨਾ ਕਦੀ ਕਿਤੇ ਬਜਾਰ, ਨਾ ਗੁਰਦੁਆਰੇ, ਨਾ ਕਿਸੇ ਰਿਸ਼ਤੇਦਾਰ। ਇਹ ਵੀ ਵੈਸੇ ਮਿੱਟੀ ਦਾ ਮਾਧੋ ਸੀ, ਜਿਥੇ ਮਾਂ ਨੇ ਕਹਿਣਾ ਬਹਿ ਜਾ ਇਹਨੇ ਬਹਿ ਜਾਣਾ, ਜਿਥੇ ਮਾਂ ਨੇ ਕਹਿਣਾ ਖਲੋ ਜਾ। ਇਹਨੇ ਖਲੋ ਜਾਣਾ। ਹੁਣ ਪਿਛਲੇ ਸਾਲ ਨਿੱਕਾ ਵਿਆਹਿਆ, ਉਹਨਾਂ ਦਾ ਨਿੱਤ ਦਾ ਨੇਮ ਈ ਆ ਬਾਹਰ ਘੁੰਮਣ-ਫਿਰਨ ਜਾਣਾ। ਉਹਦੇ ਤਾਂ ਮੰਮੀ ਵੀ ਸੁੱਤੀ ਦੇ ਸਿਰਹਾਣੇ ਚਾਹ ਰੱਖ ਆਉਂਦੀ। ਦਾਜ ਵਿੱਚ ਚਾਰ ਚੀਜਾਂ ਜੋ ਲਿਆਈ ਆ ਉਹ। ਇੱਕ ਵਾਰੀ ਦੀ ਗੱਲ ਆ, ਅਜੈਵੀਰ ਹੋਣ ਵਾਲਾ ਸੀ। ਮੈਂ ਥੋੜੀ ਢਿੱਲੀ-ਮੱਠੀ ਜਿਹੀ ਰਹਿੰਦੀ ਸੀ ਮੈਂ ਮੰਮੀ ਨੂੰ ਕਿਹਾ ਕਿ ਮਹੀਨਾ ਕੁ ਕੋਈ ਕੰਮ ਵਾਲੀ ਲਗਾ ਲਓ। ਮੇਰੇ ਕੋਲੋ ਬਹਿ ਕੇ ਕਪੜੇ ਨਹੀਂ ਧੁਪਦੇ ਤੇ ਨਾ ਸਫਾਈਆਂ ਹੁੰਦੀਆਂ। ਤਾਂ ਇਹ ਡਾਇਨ ਬੁੱਢੀ ਆਖਣ ਲੱਗੀ। ਪੇਕਿਆਂ ਨੇ ਜਿਹੜੀਆਂ ਭੇਜੀਆਂ ਨਾਲ ਨੌਕਰਾਣੀਆਂ ਉਹਨਾਂ ਕੋਲੋਂ ਕਰਵਾ ਲਾ ਜਾਂ ਜਿਹੜੀ ਮਸ਼ੀਨ ਦਿੱਤੀ ਕੱਪੜੇ ਧੋਣ ਨੂੰ ਓਹਦੇ ਨਾਲ ਧੋ ਲਿਆ ਕਰ। ਮੈਂ ਮਹੀਨਾ ਇੱਕ ਆਪਣੀ ਨਿੱਕੀ ਭੈਣ ਨੂੰ ਸੱਦ ਲਿਆ ਪਰ ਇਹਨਾਂ ਜਲਾਦਾਂ ਉਹਦਾ ਵੀ ਜੀਣਾ ਹਰਾਮ ਕਰ ਛੱਡਿਆ। ਅਜੈਵੀਰ ਹੋਇਆ ਤਾਂ ਮੈਨੂੰ ਲੱਗਾ ਸ਼ਾਇਦ ਹੁਣ ਈ ਮੇਰੀ ਸੁਣੀ ਜਾਵੇ। ਸ਼ਾਇਦ ਪੋਤਰੇ ਦੇ ਮੂੰਹ ਨੂੰ ਈ ਮੇਰੇ ਨਾਲ ਚੰਗੀ ਹੋਜੇ ਪਰ ਮੇਰੀ ਕਿਸਮਤ ਈ ਮਾੜੀ ਸੀ। ਪੋਤਰੇ ਨੂੰ ਤਾਂ ਬਥੇਰੇ ਲਾਡ ਲਡਾਉਂਦੀ ਪਰ ਮੈਨੂੰ ਸੂਈ ਕੁੱਤੀ ਵਾਂਗ ਹੀ ਪੈਂਦੀ। ਤੇਰਵੇਂ 'ਤੇ ਮੈਨੂੰ ਸੁਚਿਆ ਕਰਕੇ ਫੇਰ ਚੌਂਕੇ ਚਾੜ ਦਿੱਤਾ।" ਏਨੀ ਗੱਲ ਦੱਸ ਉਹਨੇ ਇੱਕ ਲੰਮਾ ਹੌਕਾ ਲਿਆ ਤੇ ਫਿਰ ਕੁਝ ਚਿਰ ਰੁੱਕ ਕੇ ਅੱਗੇ ਬੋਲੀ,

"ਅਜੈਵੀਰ ਛੇ ਕੁ ਮਹੀਨਿਆਂ ਦਾ ਸੀ ਕਿ ਮੈਨੂੰ ਕੋਲ ਹੀ ਇੱਕ ਹਸਪਤਾਲ ਵਿੱਚ ਨੌਕਰੀ ਮਿਲ ਗਈ। ਤਨਖਾਹ ਜਿਆਦਾ ਨਹੀਂ ਸੀ ਪਰ ਗੁਜਾਰੇ ਜੋਗੀ ਵਾਧੂ ਸੀ ਤੇ ਸਭ ਤੋਂ ਵੱਡੀ ਗੱਲ ਮੈਨੂੰ ਕੁਝ ਚਿਰ ਉਸ ਕੈਦ ਵਿੱਚੋਂ ਛੁਟਕਾਰਾ ਮਿਲ ਜਾਂਦਾ ਸੀ। ਪੈਸੇ ਦੇ ਲਾਲਚ ਨੂੰ ਇਹ ਵੀ ਮੰਨ ਗਏ ਤੇ ਮੰਮੀ ਵੀ ਮੰਨ ਗਈ ਮੁੰਡਾ ਸਾਂਭਣ ਨੂੰ ਪਰ ਘਰ ਦਾ ਸਾਰਾ ਕੰਮ ਮੈਨੂੰ ਸਵੇਰੇ ਕਰਕੇ ਜਾਣਾ ਪੈਂਦਾ ਤੇ ਆ ਕੇ ਵੀ ਸਾਰਾ ਕਰਨਾ ਪੈਂਦਾ। ਹੌਲੀ-ਹੌਲੀ ਮੈਂ ਓਥੇ ਰਚ-ਮਿਚ ਗਈ। ਇੱਕ-ਦੋ ਸਹੇਲੀਆਂ ਬਣ ਗਈਆਂ। ਓਥੇ ਹੀ ਲੈਬ ਵਿੱਚ ਇਕ ਮੁੰਡਾ ਕੰਮ ਕਰਦਾ ਸੀ, ਬੜੇ ਨਿੱਘੇ ਸੁਭਾਅ ਦਾ। ਵਿਚਾਰੇ ਦੀ ਮਾਂ ਨਹੀਂ ਹੈਗੀ, ਭੈਣ ਸੀ ਵੱਡੀ ਉਹ ਵੀ ਵਿਆਹੀ ਗਈ ਤੇ ਹੁਣ ਵਿਚਾਰਾ ਆਪ ਹੀ ਹੱਥ ਲੂੰਹਦਾ ਸੀ। ਆਪਣੀ ਤੇ ਪਿਓ ਦੀ ਰੋਟੀ ਪਕਾਉਣ ਲਈ। ਇਕ ਦਿਨ ਲੇਟ ਹੋ ਗਿਆ ਤੇ ਰੋਟੀ ਲੈ ਕੇ ਨਾ ਆਇਆ ਮੈਂ ਉਸਨੂੰ ਆਪਣਾ ਡੱਬਾ ਦੇ ਦਿੱਤਾ ਤੇ ਫਿਰ ਮੈਂ ਤਰਸ ਕਰਕੇ ਰੋਜ ਉਹਦੇ ਲਈ ਵੀ ਰੋਟੀ ਲੈ ਜਾਂਦੀ। ਅਸੀਂ ਆਪਸ ਵਿੱਚ ਚੰਗੇ ਦੋਸਤ ਬਣ ਗਏ ਸੌਂਹੁ ਲੈ ਲਾ ਭੈਣੇ ਅਜੈਵੀਰ ਦੀ, ਸਾਡੇ ਵਿੱਚ ਦੋਸਤੀ ਤੋਂ ਵੱਧ ਕੁਝ ਨਹੀਂ। ਮੇਰੇ ਅੰਦਰ ਵੀ ਖਾਲੀਪਣ ਸੀ, ਮੈਂ ਵੀ ਚਾਹੁੰਦੀ ਸੀ ਕੋਈ ਮੇਰੇ ਦੁਖ-ਤਕਲੀਫ ਨੂੰ ਸੁਣੇ, ਮੇਰੇ ਵਗਦੇ ਹੰਝੂ ਪੂੰਝੇ ਤੇ ਸ਼ਾਇਦ ਉਸਨੂੰ ਵੀ ਕੋਈ ਚਾਹੀਦਾ ਸੀ, ਜਿਹੜਾ ਥੋੜ੍ਹੀ ਬਹੁਤ ਉਹਦੀ ਦੇਖ-ਭਾਲ ਕਰੇ ਤੇ ਅਸੀਂ ਇੱਕ ਦੂਜੇ ਵਿੱਚੋਂ ਆਪਣੀ ਇਹ ਲੋੜ ਪੂਰੀ ਕਰਨ ਲਗ ਗਏ ਸੀ। ਮੈਂ ਆਪਣੇ ਮਨ ਦੀ ਗੱਲ ਉਸਨੂੰ ਦੱਸ ਕੇ ਹਲਕੀ ਹੋ ਜਾਂਦੀ ਸਾਂ। ਉਸ ਦਿਨ ਵੀ ਘਰ ਵਿੱਚ ਬੜਾ ਕਲੇਸ਼ ਪਿਆ ਸੀ। ਕਿਸੇ ਗੱਲ ਤੋਂ, ਮੈਂ ਰੋ ਕੇ ਹਟੀ ਸਾਂ ਕਿ ਹਸਪਤਾਲੋਂ ਫੋਨ ਆ ਗਿਆ ਕਿ ਕੋਈ ਕੁੜੀ ਛੁੱਟੀ 'ਤੇ ਆ ਮੈਂ ਉਹਦੀ ਜਗ੍ਹਾ ਡਿਊਟੀ 'ਤੇ ਆਜਾ ਮੈਂ ਹਸਪਤਾਲ ਚੱਲੀ ਗਈ ਤੇ ਪਿੱਛੋਂ ਮੰਮੀ ਨੇ ਸਾਰਿਆਂ ਨੂੰ ਮੇਰੇ ਖਿਲਾਫ ਭੜਕਾ ਦਿੱਤਾ ਕਿ ਮੈਂ ਝੂਠ ਬੋਲ ਕੇ ਕਿਤੇ ਹੋਰ ਗਈ ਆ ਸਾਰੇ ਸਟਾਫ਼ ਵਿੱਚ ਵੀ ਮੇਰਾ ਜਲੂਸ ਕੱਢ ਕੇ ਆਏ।" ਤੇ ਓਹਦੀਆਂ ਅੱਖਾਂ ਵਿੱਚੋਂ ਪਰਲ-ਪਰਲ ਹੰਝੂ ਡਿਗਣ ਲੱਗੇ ।

"ਤੂੰ ਏਨਾ ਕੁਝ ਕਿਉਂ ਸਹੀ ਗਈ ਤੇਰੀ ਚੁੱਪ ਨੇ ਤੈਨੂੰ ਇਥੋਂ ਤੱਕ ਪਹੁੰਚਾਇਆ।" ਮੈਨੂੰ ਉਸ ਉੱਤੇ ਵੀ ਖਿਝ ਆਈ ਕਿ ਜ਼ੁਲਮ ਸਹਿ ਕੇ ਉਹ ਨੇ ਖੁਦ ਜ਼ੁਲਮ ਨੂੰ ਵਧਾਵਾ ਦਿੱਤਾ।

"ਕੀਹਦੇ ਸਿਰ 'ਤੇ ਬੋਲਦੀ ਭੈਣੇ? ਉਸ ਮਿੱਟੀ ਦੇ ਮਾਧੋ ਦੇ ਸਿਰ 'ਤੇ ਜਿਹੜਾ ਮਾਂ ਦੇ ਆਖੇ ਬਿਨਾਂ ਮੂਤਦਾ



ਤੱਕ ਨਹੀਂ ? ਮਾਂ-ਪਿਓ ਮੇਰਾ ਤਾਂ ਪਹਿਲਾਂ ਹੀ ਪਰੇਸ਼ਾਨ ਰਹਿੰਦਾ। ਦੋ ਧੀਆਂ ਹਾਲੇ ਹੋਰ ਵਿਆਹੁਣੀਆਂ ਲੜ-ਰੁੱਸ ਕੇ ਉਹਨਾਂ ਦੇ ਬੂਹਾਂ ਜਾ ਕੇ ਕਿਵੇਂ ਬਹਿਜਾ।" ਤੇ ਉਹ ਲਾਚਾਰਾਂ ਵਾਂਗ ਮੇਰੇ ਵੱਲ ਵੇਖਣ ਲੱਗੀ।

"ਤੂੰ ਕਿਉਂ ਬਹਿਣਾ ਕਿਸੇ ਦੇ ਬੂਹੇ ਹਿੰਮਤ ਕਰ ਆਪੇ। ਤੂੰ ਕਮਾਉਂਦੀ ਆ ਖੁਦ। ਏਨਾ ਲਾਲਚੀਆਂ 'ਤੇ ਦੇ ਦਾਜ ਦਾ ਪਰਚਾ, ਤਲਾਕ ਦਾ ਕੇਸ ਠੋਕ। ਆਪਣਾ ਬੱਚਾ ਇਹਨਾਂ ਕੋਲੋਂ ਲੈ, ਆਪਣੀ ਕਮਾ ਤੇ ਖਾ।" ਮੈਂ ਵਕੀਲਾਂ ਵਾਂਗ ਉਸਨੂੰ ਸਮਝਾਇਆ।

"ਏਡਾ ਸੌਖਾ ਨਹੀਂ ਹੁੰਦਾ ਭੈਣੇ ਸਭ ਕੁਝ ਮੈਂ 'ਕੱਲੀ ਕੀ ਕਰ ਲਊਂ।" ਉਹ ਜਿਵੇਂ ਸਾਰੇ ਹਥਿਆਰ ਸੁੱਟੀ ਬੈਠੀ ਸੀ।

"ਲੈ ! 'ਕੱਲੀ ਨੂੰ ਤੈਨੂੰ ਕੀ ਆ? ਚੱਲ ਮੈਂ ਡੈਡੀ ਨਾਲ ਗੱਲ ਕਰੂੰ। ਅਸੀਂ ਦਿਆਂਗੇ ਤੇਰਾ ਸਾਥ।" ਮੈਂ ਉਸਨੂੰ ਪੂਰਾ ਹੌਂਸਲਾ ਦੇਣਾ ਚਾਹਿਆ।

"ਨਾ ! ਨਾ ਭੈਣੇ ! ਤੂੰ ਮਾਮਾ ਜੀ ਨੂੰ ਕੁਝ ਨਾ ਆਖੀ ਏਡੀ ਗੂੜੀ ਰਿਸ਼ਤੇਦਾਰੀ ਵਿੱਚ ਮੇਰੇ ਕਰਕੇ ਫਿਕ ਪਊ। ਮੈਂ ਮਾਮਾ ਜੀ ਨਾਲ ਜਿਹੜੀ ਗੱਲ ਕਰਨੀ ਸੀ ਉਹ ਕਰ ਲਈ। ਉਹ ਕਹਿੰਦੇ ਕਿ ਇੱਕ-ਦੋ ਦਿਨ ਹੋਰ ਪੈ ਲੈਣ ਦੇ। ਉਹ ਕਰਨਗੇ ਗੱਲ ਮੰਮੀ ਨਾਲ ਤੇ ਇਹਨਾਂ ਨਾਲ। ਮੇਰੀ ਜਿੰਦਗੀ ਏਦਾਂ ਈ ਲੰਘਣੀ ਅਜੈਵੀਰ ਵੱਡਾ ਹੋਊ ਤਾਂ ਖੌਰੇ ਮੇਰੀ ਵੀ ਸੁਣੀ ਜਾਵੇ।" ਤੇ ਓਹਦੀਆਂ ਅੱਖਾਂ ਵਿੱਚ ਇਸ ਝੂਠੇ ਜਿਹੇ ਸੁਪਨੇ ਨਾਲ ਹੀ ਚਮਕ ਆ ਗਈ ਸੀ।

"ਪਰ ਤੇਰੀ ਜ਼ਿੰਦਗੀ ਹੁਣ ਬਦ ਤੋਂ ਬਦਤਰ ਹੋ ਜਾਣੀ ਭੈਣੇ। ਤੂੰ ਇੱਕ ਮੁਜਰਿਮ ਵਾਂਗ ਰਹੇਂਗੀ ਉਸ ਘਰ ਵਿੱਚ। ਤੂੰ ਉਹ ਗਲਤੀ ਆਪਣੀ ਝੋਲੀ 'ਚ ਪਵਾ ਲਵੇਂਗੀ ਜੋ ਤੂੰ ਕੀਤੀ ਹੀ ਨਹੀਂ। ਕਿਉਂ ਆਪਣੀ ਜ਼ਿੰਦਗੀ ਨੂੰ ਨਰਕ ਬਣਾਉਣਾ ਤੂੰ।" ਮੈਨੂੰ ਸੱਚੀ ਉਸ 'ਤੇ ਤਰਸ ਆ ਰਿਹਾ ਸੀ ਤੇ ਗੁੱਸਾ ਵੀ।

"ਫਿਰ ਕੀ ਕਰਾਂ ਭੈਣੇ ਤੂੰ ਦੱਸ ਤੈਨੂੰ ਨਹੀਂ ਪਤਾ 'ਕੱਲੀ ਔਰਤ ਦਾ ਜਿਉਣਾ ਕੋਈ ਸੌਖਾ ਨਹੀਂ ਹੁੰਦਾ 'ਕੱਲੀ ਔਰਤ ਤਾਂ ਸਮਾਜ ਲਈ ਬੱਸ ਇੱਕ ਮਾਸ ਦੀ ਬੋਟੀ ਹੁੰਦੀ ਆ, ਜਿਸਨੂੰ ਖਾਣ ਲਈ ਕਈ ਹਲਕਾਏ ਕੁੱਤੇ ਦਾਅ 'ਤੇ ਰਹਿੰਦੇ ਨੇ।" ਉਹਨੇ ਸਮਾਜ ਦੀ ਇੱਕ ਕੌੜੀ ਸਚਾਈ ਪੇਸ਼ ਕੀਤੀ।

"ਹਾਂ ! ਮੈਨੂੰ ਪਤਾ ਇਹ ਏਨਾ ਸੌਖਾ ਨਹੀਂ ਬੜਾ ਮੁਸ਼ਕਿਲ ਹੈ ਪਰ ਘਟੋ-ਘਟ ਇਸ ਦਲਦਲ ਵਿੱਚੋਂ ਤਾਂ ਨਿਕਲੇਂਗੀ।" ਫਿਰ ਮੈਂ ਉਸਨੂੰ ਝੱਕਦੇ-ਝੱਕਦੇ ਪੁੱਛਿਆ , "ਉਹ ਜਿਹੜਾ ਮੁੰਡਾ ਲੈਬ ਵਾਲਾ ਜੇ ਉਹਦੇ ਨਾਲ...।"

"ਨਾ ਭੈਣੇ ! ਇਹ ਕੰਮ ਨਹੀਂ ਕਰਨਾ ਮੈਂ। ਮੈਨੂੰ ਉਹਦੇ ਦਿਲ ਦਾ ਭੇਤ ਨਹੀਂ ਪਤਾ ਪਰ ਮੈਂ ਇਹ ਕੰਮ ਕਰਕੇ ਆਪਣੇ 'ਤੇ ਬਦ-ਚਲਣੀ ਦੀ ਮੋਹਰ ਨਹੀਂ ਲਵਾਉਣੀ। ਮੇਰੀ ਸੱਸ ਨੇ ਤਾਂ ਹਿੱਕ ਠੋਕ-ਠੋਕ ਆਖਣਾ। ਵੇਖਿਆ ਮੈਂ ਨਾ ਕਹਿੰਦੀ ਸੀ ਇਹਦੀਆਂ ਕਰਤੂਤਾਂ ਨਹੀਂ ਚੰਗੀਆਂ ਮੇਰੇ ਮੁੰਡੇ ਨੂੰ ਛੱਡਕੇ ਉਹਦੇ ਵੱਸ ਗਈ ਤੇ ਸਾਰੇ ਜੱਗ ਵਿੱਚ ਮੈਂ ਝੂਠੀ ਤੇ ਉਹਨੇ ਸੱਚੀ ਹੋ ਜਾਣਾ।" ਉਹਨੇ ਆਪਣਾ ਡਰ ਜਾਹਿਰ ਕੀਤਾ।

"ਹੱਦ ਹੋ ਗਈ ਯਾਰ ! ਸਮਾਜ ਕੌਣ ਹੁੰਦਾ ਕਿਸੇ ਦੇ ਚਾਲ-ਚਲਣ 'ਤੇ ਮੋਹਰ ਲਾਉਣ ਵਾਲਾ। ਖੁਦ ਸਮਾਜ ਕਿੱਡਾ ਕੁ ਸਾਫ਼-ਸੁਥਰਾ ਦੱਸੀਂ ਭਲਾ। ਰਹੀ ਗੱਲ ਸੱਚੇ ਹੋਣ ਦੀ ਜਾਂ ਝੂਠੇ ਹੋਣ ਦੀ ਤਾਂ ਦਫਾ ਕਰ ਇਸਨੂੰ। ਕਿਸੇ ਨੂੰ ਕੋਈ ਇਨਾਮ ਨਹੀਂ ਮਿਲ ਜਾਣਾ ਇਸ ਦਾ। ਤੈਨੂੰ ਆਪਣੀ ਜ਼ਿੰਦਗੀ ਜਿਉਣ ਦਾ, ਆਪਣੀ ਜ਼ਿੰਦਗੀ ਦਾ ਫੈਸਲਾ ਲੈਣ ਦਾ ਪੂਰਾ ਹੱਕ ਆ। ਸਾਡਾ ਕੋਈ ਇੱਕ ਅੰਗ ਖਰਾਬ ਹੋ ਜਾਵੇ ਨਾ ਤਾਂ ਡਾਕਟਰ ਵੀ ਉਸਨੂੰ ਕੱਟ ਕੇ ਸੁੱਟ ਦਿੰਦੇ ਨੇ ਫਿਰ ਤੂੰ ਕਿਉਂ ਇਸ ਕੋਹੜ ਦੇ ਨਾਲ ਚਿੰਬੜਨਾ ਚਾਹੁੰਦੀ ਆ।"

"ਭੈਣੇ ! ਤੂੰ ਸੌਂ ਜਾ ਕੇ ਮੇਰੀ ਨਾ ਫ਼ਿਕਰ ਕਰ ਮੇਰੀ ਹਨੇਰ ਜ਼ਿੰਦਗੀ 'ਚ ਨਹੀਂ ਆਉਣੀ ਰੋਸ਼ਨੀ ਕਦੇ।" ਉਹਦੇ ਬੋਲਾਂ ਨਾਲ ਮੇਰੀ ਸੋਚਾਂ ਦੀ ਲੜੀ ਟੁੱਟ ਗਈ ਤੇ ਮੈਂ ਘੜੀ ਵੱਲ ਨਿਗਾਹ ਮਾਰੀ ਗਿਆਰਾਂ ਵੱਜ ਗਏ ਸੀ। ਮੈਂ ਜਾਂਦੀ ਹੋਈ ਨੇ ਓਹਦੇ ਸਿਰ 'ਤੇ ਹੱਥ ਰੱਖ ਬੱਸ ਏਨਾ ਹੀ ਕਿਹਾ "ਹਮਮਮ ! ਸੌਣ ਹੀ ਚੱਲੀ ਆ ਪਰ ਭੈਣੇ ਤੂੰ ਜਾਗ ਹੁਣ ਬਥੇਰਾ ਸੌਂ ਲਿਆ ਤੂੰ ਰੋਸ਼ਨੀ ਥੋੜ੍ਹੀ ਦੂਰ ਜ਼ਰੂਰ ਆ ਪਰ ਉਹਨੂੰ ਵੇਖ ਤਾਂ ਸਹੀ ਉਹ ਵੇਖ ਦੂਰ ਦਿਸੇਂਦੀ ਰੋਸ਼ਨੀ।" ਤੇ ਉਹ ਡੌਰ-ਭੌਰੀ ਹੋਈ ਮੈਨੂੰ ਵੇਖਦੀ ਰਹੀ ਜਿਵੇਂ ਮੇਰੀ ਗੱਲ ਦੇ ਅਰਥ ਸਮਝਣ ਦੀ ਕੋਸ਼ਿਸ਼ ਕਰ ਰਹੀ ਹੋਵੇ ।(**ਸੰਪਰਕ**-84371-84279)

# ਨਵੀਨ ਕਹਾਣੀ ਧਾਰਾ : 1

## ਕਹਾਣੀ / ਬੇਬਸੀ / -ਅਨੁਰਾਧਾ

*(‘ਨਵੀਨ ਕਹਾਣੀ ਧਾਰਾ’ ਨਵੇਂ ਕਾਲਮ ਵਿਚ ਅਸੀਂ ਕਾਲਜ, ਤੇ ਯੂਨੀਵਰਸਟੀਆਂ ਦੇ ਵਿਦਿਆਰਥੀਆਂ ਦੀਆਂ ਕਹਾਣੀਆਂ ਛਾਪ ਕੇ ਉਨ੍ਹਾਂ ਨੂੰ ਕਹਾਣੀ ਲਿਖਣ ਵੱਲ ਪ੍ਰੇਰਨਾ ਦਿਆ ਕਰਾਗੇ। ਕਾਲਜ ਤੇ ਯੂਨੀਵਰਸਿਟੀ ਦੇ ਅਧਿਆਪਕ ਤੇ ਖੁਦ ਲੇਖਕ ਵੀ ਇਸ ਕਾਲਮ ਲਈ ਕਹਾਣੀਆਂ ਭੇਜ ਸਕਦੇ ਹਨ। ਸਾਡਾ ਮੁੱਖ ਮਕਸਦ ਨਵੇਂ ਕਹਾਣੀਕਾਰਾਂ ਨੂੰ ਉਤਸਾਹ ਦੇਣਾ ਹੈ। ਇਸ ਕਾਲਮ ਦੀ ਪਹਿਲੀ ਕਹਾਣੀ ਅਸੀਂ ਅਨੁਰਾਧਾ ਦੀ ਛਾਪ ਰਹੇ ਹਾਂ। ਇਹ ਕਹਾਣੀ ਸਾਨੂੰ ਬਲਵੀਰ ਕੌਰ ਗੀਹਲ ਦੇ ਯਤਨਾ ਨਾਲ ਪ੍ਰਾਪਤ ਹੋਈ ਹੈ। ਅਨੁਰਾਧਾ ਖਾਲਸਾ ਕਾਲਜ ਮਹਿਲਪੁਰ ਵਿਚ ਬੀ. ਕੌਮ ਤੀਜੇ ਸਾਲ ਦੀ ਵਿਦਿਆਰਥਣ ਹੈ। ਉਸ ਦਾ ਜਨਮ 2000 ਦਾ ਹੈ।*

*‘ਬੇਬਸੀ’ ਕਹਾਣੀ ਜਵਾਨ ਨਾਰੀ ਦੇ ਸਮਾਜਿਕ ਸਰੋਕਾਰਾਂ ਵਾਲੇ ਅਹਿਸਾਸ ਹਨ। ਇਹ ਉਹ ਨਾਰੀ ਹੈ ਜੋ ਕਿ ਸਮਾਜ ਨੂੰ ਬਦਲ ਦੇਣਾ ਚਾਹੁੰਦੀ ਹੈ। ਇਕ ਪਾਸੇ ਉਹਦੇ ਮਨ ’ਚ ਆਪਣੇ ਸਾਥੀ ਪ੍ਰਤੀ ਸੰਨੇਹ ਹੈ ਦਾ ਜ਼ਜ਼ਬਾ ਹੈ ਦੂਜੇ ਪਾਸੇ ਚੰਗੇ ਸਮਾਜ ਨੂੰ ਸਿਰਜਣ ਦਾ ਜ਼ਜ਼ਬਾ ਹੈ। -ਸੰਪਾਦਕ)*

ਜਦੋਂ ਵੀ ਮੈਂ ਡਾਇਰੀ ਦਾ ਪੰਨਾ ਪਟਲਦੀ ਹਾਂ, ਉਹ ਖ਼ਾਲੀ ਪੰਨਾ ਮੈਨੂੰ ਮੇਰੀ ਮੌਤ ਨਜ਼ਰ ਆਉਂਦਾ ਹੈ। ਮੈਂ ਉਸ ਪੰਨੇ ਤੋਂ ਡਰ ਜਾਂਦੀ ਹਾਂ। ਜ਼ਿੰਦਗੀ ਦੇ ਹੁਸੀਨ ਪਲਾਂ ਨੂੰ ਡਾਇਰੀ ਦੇ ਖ਼ਾਲੀ ਪੰਨੇ ਦਾ ਸ਼ਿੰਗਾਰ ਕਰਦੀ ਹਾਂ। ਹਰ ਰੋਜ਼ ਦੇ ਲਿਖੇ ਉਹ ਸ਼ਬਦ ਮੈਨੂੰ ਮੇਰੀ ਜ਼ਿੰਦਗੀ ਉੱਪਰ ਹੋਈ ਜਿੱਤ ਜਾਪਦੇ ਹਨ। ਜਿਸ ਦਿਨ ਮੈਂ ਮੁੱਕ ਜਾਵਾਂਗੀ ਮੇਰੀ ਡਾਇਰੀ ਦਾ ਆਖਰੀ ਪੰਨਾ ਖ਼ਾਲੀ ਰਹਿ ਜਾਵੇਗਾ। ਉਹ ਆਖਰੀ ਪੰਨਾ ਮੇਰੀ ਮੌਤ ਹੈ।

ਸਵੇਰ ਦੇ ਪੰਜ ਵੱਜਦਿਆਂ ਹੀ ਮੈਨੂੰ ਜਾਗ ਆ ਜਾਂਦੀ ਹੈ। ਚਿੜੀਆਂ ਦੀ ਚੀਂ-ਚੀਂ, ਉਹਨਾਂ ਦਾ ਚਹਿਕਣਾ। ਮੇਰੇ ਛੱਤ ਉਪਰ ਜਾਂਦਿਆਂ ਚਿੜੀਆਂ ਦਾ ਮੇਰੇ ਦੁਆਲੇ ਘੇਰਾ ਪਾਉਣਾ ਮੇਰੇ ਅੰਦਰ ਖੁਸ਼ੀ ਭਰ ਦਿੰਦਾ ਹੈ। ਜਿਸ ਦਿਨ ਮੈਂ ਛੱਤ ਉੱਤੇ ਨਾ ਜਾ ਸਕਾਂ ਮੈਂ ਅਧੂਰੀ ਜਿਹੀ ਮਹਿਸੂਸ ਕਰਦੀ ਹਾਂ।

ਘਰ ਨੂੰ ਆਉਂਦਿਆਂ ਜਾਂਦਿਆਂ ਅਕਸਰ ਹੀ ਮੇਰਾ ਧਿਆਨ ਪਰੇਸ਼ਾਨ ਤੇ ਦੁੱਖੀ ਕਰਨ ਵਾਲੇ ਦ੍ਰਿਸ਼ਾਂ ’ਤੇ ਚਲੇ ਜਾਂਦਾ ਹੈ। ਘਰ ਵਿਚ ਕਦੇ ਦੁੱਖ ਵੇਖਿਆ ਹੀ ਨਹੀਂ ਸੀ। ਜਦੋਂ ਵੀ ਘਰੋਂ ਬਾਹਰ ਦੁੱਖ ਦੇ ਦ੍ਰਿਸ਼ ਵੇਖਦੀ ਹਾਂ ਤਾਂ ਉਹ ਮੈਨੂੰ ਆਪਣੇ ਵੱਲ ਖਿੱਚ ਲੈਂਦੇ ਹਨ ...ਸਾਡੇ ਘਰ ਦੇ ਪਿੱਛੇ ਵਾਲੀ ਕੋਠੀ ਵਿਚ ਇਕ ਔਰਤ ਦੀ ਦਸ਼ਾ ਮੈਨੂੰ ਸੋਚਣ ਲਈ ਮਜ਼ਬੂਰ ਕਰਦੀ ਹੈ। ਉਹਨੂੰ ਵੇਖ ਕੇ ਮੈਂ ਉਸ ਦੇ ਭਲੇ ਲਈ ਹੱਥ ਜ਼ਰੂਰ ਅੱਡਦੀ ਹਾਂ। ਉਹ ਪਾਗਲ ਤੇ ਝੱਲਿਆਂ ਵਾਂਗ ਹੋ ਗਈ ਸੀ। ਉਹਦੇ ਪੇਕੇ ਤੇ ਸਹੁਰੇ ਘਰਦਿਆਂ ਨੇ ਉਹਨੂੰ ਘਰੋਂ ਬਾਹਰ ਇਕ ਘਾਹ ਫੂਸ ਦੀ ਛੰਨ ਵਿਚ ਧੱਕ ਦਿੱਤਾ ਸੀ। ਉਥੇ ਹੀ ਉਹਦੇ ਅੱਗੇ ਰੋਟੀ ਸੁੱਟ ਦਿੱਤੀ ਜਾਂਦੀ ਸੀ। ਉਹਦੇ ਵੱਲ ਵੇਖ ਕੇ ਮੇਰਾ ਕੋਮਲ ਮੰਨ ਬਹੁਤ ਤੜਫਦਾ ਸੀ।

ਮੈਂ ਉਹਨੂੰ ਕਦੇ ਬੋਲਦਿਆਂ ਨਹੀਂ ਸੁਣਿਆ। ਛੱਤ ’ਤੇ ਚੜ੍ਹ ਕੇ ਉਹਨੂੰ ਵੇਖ ਲੈਂਦੀ ਸੀ। ਮੈਂ ਉਹਦੇ ਲਈ ਕੁਝ ਕਰਨਾ ਚਾਹੁੰਦੀ ਪਰ ਬੇਬਸੀ ਮੇਰੇ ਆਲੇ ਦੁਆਲੇ ਫੈਲ ਜਾਂਦੀ ਸੀ। ਬੱਚਿਆਂ ਵੱਲੋਂ ਦੁਰਕਾਰੇ ਮਾਪਿਆਂ ਦੀਆਂ ਗੱਲਾਂ ਸੁਣਦੀ। ਮੈਂ ਅੰਦਰੋਂ ਤੜਫਦੀ ਕਿ ਮੈਂ ਦੁਰਕਾਰੇ ਲੋਕਾਂ ਲਈ ਕੁਝ ਕਰ ਨਹੀਂ ਸਕਦੀ ਸੀ। ਮੇਰੇ ਅੰਦਰੋਂ ਉੱਠਿਆ ਇਹ ਤੁਫ਼ਾਨ ਤੇ ਦੁੱਖ ਮੈਨੂੰ ਚੈਨ ਨਾਲ ਜੀਣ ਨਹੀਂ ਦਿੰਦਾ ਸੀ। ਕਾਲਜ ’ਚ ਜਾਂਦਿਆਂ ਹੀ ਮੈਂ ਸੇਹਤ ਸੰਸਥਾਵਾਂ ਨਾਲ ਜੁੜਨਾ ਸ਼ੁਰੂ ਕਰ ਦਿੱਤਾ ਸੀ। ਘਰੋਂ ਪੈਸੇ ਮਸਾਂ ਹੀ ਮਿਲਦੇ ਸਨ। ਹੱਥ ਘੁੱਟ ਕੇ ਮੈਂ ਖਰਚਾ ਕਰਦੀ ਸੀ। ਐਮ. ਏ. ਕਰਨ ਤੋਂ ਬਾਅਦ ਮੈਂ ਨੈੱਟ ਪਾਸ ਕਰ ਲਿਆ ਤੇ ਉਸੇ ਹੀ ਕਾਲਜ ਵਿਚ



ਪੜ੍ਹਾਉਣ ਲੱਗ ਗਈ ਸੀ। ਮਾਂ ਮੇਰੀ ਨੌਕਰੀ ਲੱਗਣ ’ਤੇ ਬਹੁਤ ਖੁਸ਼ ਸੀ। ਮਾਂ ਨੇ ਕਦੇ ਸੁਪਨਾ ਲਿਆ ਸੀ ਕਿ ਮੈਂ ਕਿਸੇ ਕਾਲਜ ਵਿਚ ਬੱਚਿਆਂ ਨੂੰ ਪੜ੍ਹਾਵਾ। ਪਰ ਹਾਲਾਤ ਖਰਾਬ ਹੋਣ ਕਾਰਨ ਮਾਂ ਦਾ ਸੁਪਨਾ ਪੂਰਾ ਨਾ ਹੋ ਸਕਿਆ। ਪਰ ਹਿੰਮਤ ਨਾਲ ਜਿਉਣਾ ਮੈਂ ਆਪਣੀ ਮਾਂ ਕੋਲੋਂ ਹੀ ਸਿਖਿਆ ਸੀ। ਤੇ ਜਿਹੜਾ ਸੁਪਨਾ ਮਾਂ ਪੂਰਾ ਨਾ ਕਰ ਸਕੀ ਉਹਦਾ ਉਹ ਸੁਪਨਾ ਮੈਂ ਪੂਰਾ ਕਰ ਦਿੱਤਾ ਸੀ। ਕਾਲਜ ਤੋਂ ਛੁੱਟੀ ਕਰਕੇ ਜਦੋਂ ਘਰ ਆਉਂਦੀ ਤਾਂ ਮੈਨੂੰ ਬੁਖ਼ਾਰ ਹੋ ਜਾਂਦਾ ਸੀ। ਮੈਂ ਬੁਖ਼ਾਰ ਦੀਆਂ ਗੋਲੀਆਂ ਖਾ ਕੇ ਬੁਖ਼ਾਰ ਨੂੰ ਹਊ-ਪਰੇ ਕਰ ਦਿੰਦੀ ਸੀ।

ਕਾਲਜ ਵਿਚ ਲੈਕਚਰਾਰ ਲੱਗਣ ਕਰਕੇ ਮੈਂ ਕੋਸ਼ਿਸ਼ ਕਰਦੀ ਕਿ ਬੱਚਿਆਂ ਨੂੰ ਸਹੀ ਦਿਸ਼ਾ ਵੱਲ ਤੋਰ ਸਕਾਂ। ਇਕ ਦਿਨ ਕਾਲਜ ਤੋਂ ਮੈਂ ਘਰ ਆਣ ਲੱਗੀ ਤਾਂ ਇਕ ਕੁੜੀ ਨੇ ਮੈਨੂੰ ਪਿੱਛਿਓਂ ਆਵਾਜ਼ ਮਾਰ ਲਈ। ਘਰ ਤੱਕ ਅਸੀਂ ਗੱਲਾਂ ਕਰਦੀਆਂ ਆਈਆਂ। ਮੇਰੇ ਦਿਮਾਗ ਵਿਚ ਉਹਦੀ ਸ਼ਕਲ ਚੇਤੇ ਆਉਣ ਲੱਗ ਪਈ। ਪਰ ਉਹਦਾ ਨਾਂ ਭੁੱਲ ਗਈ ਸੀ।

ਆਟੋ ਵਿਚ ਜਦੋਂ ਕਦੇ ਸਫ਼ਰ ਕਰਦੀ ਘਰ ਵੱਲ ਜਾਂਦੀ ਤਾਂ ਖਿਆਲਾ ਵਿਚ ਆਪਣੇ ਹਮਸਫ਼ਰ ਦਾ ਚੇਤਾ ਕਰਦੀ ਜੋ ਮੈਨੂੰ ਕਾਫ਼ੀ ਸਮੇਂ ਤੋਂ ਜਾਣਦਾ ਸੀ। ਕਾਲਜ ਅਸੀਂ ਇਕੱਠੇ ਪੜ੍ਹਾਈ ਕੀਤੀ। ਉਸਦਾ ਮੈਨੂੰ ਹਮੇਸ਼ਾ ਸੁੰਦਰ ਕਹਿਣਾ ਹੀ ਮੇਰੇ ਚਿਹਰੇ ਤੇ ਖੂਬਸੂਰਤੀ ’ਤੇ ਨਿਖਾਰ ਲੈ ਆਉਂਦਾ ਸੀ। ਵਿਹਲੀ ਸਮੇਂ ਵਿਚ ਮੈਂ ਅਕਸਰ ਹੀ ਉਸਦੇ ਬਾਰੇ ਸੋਚਦਾ ਸੀ। ਉਸ ਨਾਲ ਸਾਰੇ ਬ੍ਰਹਿਮੰਡ ਦੀ ਸੈਰ ਕਰਦੀ ਸੀ। ਸ਼ਰਾਰਤਾਂ ਕਰਦੀ ਸੀ। ਕਦੇ ਕਦੇ ਇਹ ਅਹਿਸਾਸ ਸੁਪਨੇ ਵਿਚੋਂ ਜਾਗਣ ਵਾਂਗ ਹੁੰਦਾ ਸੀ। ਜਦੋਂ ਘਰ ਨੇੜੇ ਆ ਜਾਂਦਾ ਤਾਂ ਸਾਰੇ ਖਿਆਲ ਢਹਿ ਢੇਰੀ ਹੋ ਜਾਂਦੇ ਸਨ। ਹਕੀਕਤ ਮੇਰੇ ਸਾਹਮਣੇ ਖੜ ਜਾਂਦੀ ਸੀ।

ਘਰ ਪਹੁੰਚ ਕੇ ਮੇਰੀ ਮਾਂ ਮੈਨੂੰ ਆਪਣੇ ਕੋਲ ਬੁਲਾ ਲੈਂਦੀ ਸੀ। ਮੈਨੂੰ ਆਪਣੇ ਗਲ ਨਾਲ ਲਾ ਕੇ ਰੋਣ ਲੱਗ ਪੈਂਦੀ ਸੀ। ਉਸਦੀ ਜ਼ਿੰਦਗੀ ਦਾ ਦੁੱਖ ਮੈਂ ਪੂਰੀ ਤਰ੍ਹਾਂ ਖਤਮ ਤਾਂ ਨਾ ਕਰ ਸਕੀ ਪਰ ਘੱਟ ਜ਼ਰੂਰ ਕਰਨ ਦੀ ਕੋਸ਼ਿਸ਼ ਕਰਦੀ ਸੀ। ਆਪਣੇ ਪਿਤਾ ਦੇ ਦਿਹਾਂਤ ਤੋਂ ਉਪਰੰਤ ਘਰ ਹੋਰ ਵੀ ਸੁੰਨਾ ਜਾਪਣ ਲੱਗ ਪਿਆ ਸੀ। ਮੈਂ ਮਾਂ ਅੱਗੇ ਰੋਣਾ ਨਹੀਂ ਚਾਹੁੰਦੀ ਸੀ। ਇਕੱਲੀ ਹੋ ਕੇ ਰੋ ਲੈਂਦੀ ਸੀ।

ਮੇਰੀ ਜ਼ਿੰਦਗੀ ਵਿਚ ਆ ਰਹੀਆਂ ਤਬਦੀਲੀਆਂ ਮੈਨੂੰ ਸਮਝ ਨਹੀਂ ਆ ਰਹੀਆਂ ਸਨ। ਮੈਂ ਦਿਨੋਂ ਦਿਨ ਸਖ਼ਤ ਹੋ ਰਹੀ ਸੀ। ਰੁੱਖੀ ਜਿਹੀ ਹੋ ਰਹੀ ਸੀ। ਮਜਬੂਤ ਹੋ ਗਈ ਜਾਂ ਦੁਨੀਆ ਦੇ ਜ਼ੁਲਮ ਤੋਂ ਬਚਣ ਲਈ ਮੈਂ ਕਠੋਰ ਹੁੰਦੀ ਜਾ ਰਹੀ ਸੀ ਪਰ ਏਹੋ ਜਿਹਾ ਕਦੀ ਅਹਿਸਾਸ ਨਹੀਂ ਹੋਇਆ ਸੀ। ਅਕਸਰ ਕੰਮ ਕਾਰ ਕਰਦੇ ਸਮੇਂ ਮੈਂ ਏਨੀ ਰੁਝ ਜਾਂਦੀ ਸੀ ਕਿ ਕੋਈ ਆਵਾਜ਼ ਵੀ ਦੇਵੇ ਤਾਂ ਗੁੱਸੇ ’ਚ ਬਹੁਤ ਕੁੱਝ ਬੁਰਾ ਭਲਾ ਕਹਿਣ ਲੱਗ ਪੈਂਦੀ ਸੀ। ਫਿਰ ਪਛਤਾਉਣ ਲੱਗ ਪੈਂਦੀ ਸੀ। ਕਈ ਵਾਰ ਕੁਝ ਸਮਝ ਹੀ ਨਹੀਂ ਆਉਂਦਾ ਸੀ। ਮੈਂ ਆਪਣੀਆਂ ਹੀ ਸੋਚਾਂ ਦੇ ਦਰਿਆ ਵਿਚ ਡੁੱਬਦੀ ਜਾਂਦੀ ਸੀ।

ਸਾਈਕਲੌਜੀ ਮੇਰਾ ਪਸੰਦੀਦਾ ਵਿਸ਼ਾ ਰਿਹਾ। ਜਦੋਂ ਮੈਂ ਲੈਕਚਰ ਦੇਣ ਕਲਾਸ ਰੂਮ ਵਿਚ ਜਾਂਦੀ। ਪੜ੍ਹਾਉਣਾ ਸ਼ੁਰੂ ਕਰਦੀ ਤਾਂ ਅਚਾਨਿਕ ਥਕਾਵਟ ਮਹਿਸੂਸ ਹੋਣ ਲੱਗੀ ਬੋਲਣ ਵਿਚ ਤਕਲੀਫ਼ ਹੋਈ। ਸਮਝ ਹੀ ਨਹੀਂ ਲੱਗਾ ਕਿ ਮੇਰੇ ਨਾਲ ਕੀ ਹੋ ਰਿਹਾ ਹੈ। ਪਹਿਲੀ ਵਾਰ ਲੈਕਚਰ ਵਿਚੇ ਛੱਡ ਕੇ ਘਰ ਪਰਤ ਆਈ। ਆਪਣੀ ਡਾਇਰੀ ਚੁੱਕ ਕੇ ਕੁਝ ਲਿਖਣ ਦੀ ਕੋਸ਼ਿਸ਼ ਕਰਨ ਲੱਗ ਪੈਂਦੀ ਹਾਂ। ਪਰ ਕਲਮ ਤੁਰਦੀ ਨਹੀਂ। ਕੋਈ ਸ਼ਬਦ... ਕੋਈ ਵਾਕ ਮੈਨੂੰ ਅਹੁੜਦਾ ਹੀ ਨਹੀਂ। ਖਾਲੀ ਪੰਨੇ ਵੱਲ ਘੂਰ ਘੂਰ ਕੇ ਵੇਖਣ ਲੱਗ ਪੈਂਦੀ ਹਾਂ। ਸਵੇਰੇ ਚਿੜੀਆਂ ਦੀ ਚੀਂ ਚੀਂ ਸੁਣ ਕੇ ਮੇਰੀ ਜਾਗ ਨਹੀਂ ਖੁੱਲ੍ਹਦੀ। ਬੁਖ਼ਾਰ ਤੇ ਥਕਾਵਟ ਨਾਲ ਮੇਰੀ ਦੇਹ ਮਿੱਟੀ ਹੋ ਗਈ ਲੱਗਦੀ ਹੈ। ਮਾਂ ਦੇ ਮੱਥੇ ’ਤੇ ਚਿੰਤਾਂ ਗੂੜ੍ਹੀ ਹੋ ਜਾਂਦੀ ਹੈ। ਫਿਰ ਠੀਕ ਹੋ ਕੇ ਮੈਂ ਕਾਲਜ ਜਾਣ ਲੱਗ ਪੈਂਦੀ ਹਾਂ। ਇਕ ਦਿਨ ਕਾਲਜ ਗੇਟ ਅੰਦਰ ਵੜਦਿਆਂ ਹੀ ਮੈਂ ਚੱਕਰ ਖਾ ਕੇ ਡਿੱਗ ਪੈਂਦੀ ਹਾਂ। ਮੈਨੂੰ ਤੁਰੰਤ ਹਸਪਤਾਲ ਪਹੁੰਚਾ ਦਿੱਤਾ ਗਿਆ। ਹੋਸ਼ ਆਉਣ ਤੇ ਮੈਨੂੰ ਡਾਕਟਰ ਪੁੱਛਣ ਲੱਗੇ, “ਮਿਸ

...ਹੁਣ ਕਿਵੇਂ ਫੀਲ ਕਰ ਰਹੇ ਹੋ?" ਮੈਂ ਅੱਗੋ ਕੇਵਲ ਸਿਰ ਹਲਾਉਂਦੀ ਹਾਂ। ਉਹ ਅੱਗੇ ਬੋਲਦਾ ਹੈ,

"ਮੈਡਮ ਤੁਹਾਡੇ ਬਰੇਨ ਦੀ ਐੱਮ. ਆਰ. ਆਈ. ਕਰਨੀ ਜ਼ਰੂਰੀ ਹੈ।"

ਮੇਰੇ ਚਿਹਰੇ ਤੇ ਕੋਈ ਪ੍ਰਭਾਵ ਨਹੀਂ ਹੁੰਦਾ। ਪੀਲਾ ਹੋ ਗਿਆ ਚਿਹਰਾ ਸਥਿਰ ਹੋ ਜਾਂਦਾ ਹੈ। ਡਾਕਟਰ ਮੇਰੀ ਸਿਹਤ ਬਾਰੇ ਕੁਝ ਸਵਾਲ ਪੁੱਛਣ ਲੱਗ ਪੈਂਦੇ ਨੇ। ਮੈਂ ਕੇਵਲ ਹਾਂ ਜਾਂ ਨਾਹ ਕਹਿ ਸਕੀ ਸਾਂ। ਕਿਸੇ ਅਦਿੱਖ ਡਰ ਕਾਰਨ ਮੇਰੇ ਕੋਲੋਂ ਕੁਝ ਵੀ ਬੋਲਿਆ ਨਹੀਂ ਸੀ ਜਾ ਰਿਹਾ।

ਮੇਰੀ ਐਮ. ਆਰ. ਆਈ. ਦੀ ਰਿਪੋਰਟ ਵੇਖ ਕੇ ਡਾਕਟਰ ਨੇ ਮੈਨੂੰ ਦੂਜੇ ਸ਼ਹਿਰ ਦੇ ਬਰੇਨ ਦੇ ਹਸਪਤਾਲ ਭੇਜ ਦਿੱਤਾ। ਡਾਕਟਰ ਦੇ ਬੋਲਾਂ ਅਤੇ ਉਹਦੇ ਚਿਹਰੇ ਦੇ ਹਾਵ ਭਾਵ ਤੋਂ ਮੈਂ ਰਿਪੋਰਟ ਵਿਚ ਲਿਖੀ ਬਿਮਾਰੀ ਬਾਰੇ ਸੋਚਣ ਲੱਗ ਪਈ। ਮਾਂ ਨੂੰ ਝੂਠ ਬੋਲ ਕੇ ਮੈਂ ਦੂਜੇ ਸ਼ਹਿਰ ਹਸਪਤਾਲ ਚਲੇ ਗਈ। ਹਸਪਤਾਲ ਹੁੰਦੀਆਂ ਡਾਕਟਰਾਂ ਦੀਆਂ ਕਈ ਗੱਲਾਂ ਮੇਰੀ ਸਮਝ ਤੋਂ ਬਾਹਰ ਚਲੇ ਜਾਂਦੀਆਂ ਸਨ। ਹਸਪਤਾਲ ਦੀ ਭਿਆਨਿਕ ਮਸ਼ੀਨਰੀ ਵੇਖ ਵੇਖ ਕੇ ਮੈਂ ਡਰਨ ਲੱਗ ਪਈ ਸੀ। ਇਕ ਅਜੀਬ ਕਿਸਮ ਦੀ ਹਮਕ ਮੇਰੇ ਸਰੀਰ ਨਾਲ ਚਿਪਕਣ ਲੱਗ ਪਈ ਸੀ। ਸਟ੍ਰੈਚਰ ਤੇ ਏਧਰ ਉਧਰ ਘੁੰਮਦੇ ਮਰੀਜ਼ਾਂ ਦੀਆਂ ਅੱਖਾਂ ਵਿਚ ਮੌਤ ਦਾ ਖ਼ੌਫ਼ ਨਜ਼ਰ ਆਉਂਦਾ ਸੀ। ਕੁਝ ਪੱਥਰ ਹੋਏ ਸਰੀਰ ਏਧਰ ਉਧਰ ਘੁੰਮ ਰਹੇ ਸਨ। ਸੋਚਾਂ ਵਿਚ ਪਈ ਮੈਂ ਡਾ. ਰਾਹੁਲ ਕੋਲ ਪਹੁੰਚ ਗਈ ਸੀ। ਉਹ ਕੈਂਸਰ ਦੇ ਮਾਹਰ ਮੰਨੇ ਜਾਂਦੇ ਸਨ। ਉਨ੍ਹਾਂ ਨੇ ਮੇਰੀ ਰਿਪੋਰਟ ਬੜੇ ਧਿਆਨ ਨਾਲ ਵੇਖੀ। ਮੇਰੇ ਨਾਲ ਗੱਲਾਂ ਕੀਤੀਆਂ। ਤੇ ਮੈਨੂੰ ਚੁੰਬੜ ਗਈ ਆਪਣੀ ਬਿਮਾਰੀ ਬਾਰੇ ਦੱਸਿਆ। ਉਸ ਨੇ ਕਿਹਾ ਕਿ ਮੈਨੂੰ ਮੈਨਨੀਗੀਓਮਾ ਹੋ ਗਿਆ ਹੈ। ਮੈਂ ਇਹ ਸ਼ਬਦ ਪਹਿਲੀ ਵਾਰ ਸੁਣਿਆ ਸੀ। ਮੇਰਾ ਵਜੂਦ ਸਵਾਲ ਬਣ ਗਿਆ ਸੀ, "ਡਾਕਟਰ ਸਾਹਿਬ ਇਹ ਕਿਹੜੀ ਬਿਮਾਰੀ ਹੈ?"

ਡਾਕਟਰ ਨੇ ਸਹਿਜਤਾ ਨਾਲ ਮੈਨੂੰ ਕਿਹਾ ਸੀ, "ਮੈਡਮ ਜੀ ! ਮੈਂ ਬਸ ਏਨਾ ਕਹਿ ਸਕਦਾ ਹਾਂ ਕਿ ਤੁਹਾਡੀ ਬਿਮਾਰੀ ਲਾਸਟ ਸਟੇਜ 'ਤੇ ਹੈ। ਅਤੇ ਇਸਦਾ ਕੋਈ ਇਲਾਜ ਵੀ ਨਹੀਂ ਹੈ। ਕੋਸ਼ਿਸ਼ ਪੂਰੀ ਕੀਤੀ ਜਾਵੇਗੀ।"

"ਲਾਸਟ ਸਟੇਜ ਮਤਲਬ !!??" ਮੈਂ ਕੰਬੀ ਸੀ।

"ਤੁਹਾਨੂੰ ਬਰੇਨ ਟਿਊਮਰ ਹੈ। ਇਹ ਬਿਮਾਰੀ ਜ਼ਿਆਦਾਤਰ ਔਰਤਾਂ ਵਿਚ ਪਾਈ ਜਾਂਦੀ ਹੈ। ਇਸਦੇ ਲੱਛਣ ਆਸਾਨ ਤੇ ਨੌਰਮਲ ਜ਼ਿੰਦਗੀ ਵਾਲੇ ਹੁੰਦੇ ਹਨ। ਬੁਖਾਰ, ਥਕਾਨ ਹੋਣਾ, ਗੱਲਾਂ ਨੂੰ ਦੁਹਰਾਉਣਾ, ਚੀਜ਼ਾਂ ਰੱਖ ਕੇ ਭੁੱਲ ਜਾਣਾ... ਇਹੋ ਜਿਹੀ ਸਥਿਤੀ ਵਿਚ ਇਸ ਬਿਮਾਰੀ ਦੀ ਸ਼ੁਰੂਆਤ ਹੁੰਦੀ ਹੈ।" ਡਾਕਟਰ ਲੈਕਚਰ ਦੇ ਰਿਹਾ ਸੀ। ਉਹਦਾ ਚਿਹਰਾ ਪ੍ਰਭਾਵ ਹੀਣ ਸੀ। ਜਿਵੇਂ ਉਹਦੇ ਲਈ ਇਹ ਲੈਕਚਰ ਰੁਟੀਨ ਦਾ ਹਿੱਸਾ ਸੀ।

"ਤੁਸੀਂ ਮੈਨੂੰ ਦੱਸੋਂ ਮੈਂ ਠੀਕ ਹੋਵਾਗੀ ਜਾਂ ਨਹੀਂ??" ਤਲਖੀ ਮੇਰੇ ਅੰਦਰ ਫੈਲਣ ਲੱਗ ਪਈ ਸੀ। ਮੈਨੂੰ ਆਪਣੀ ਜ਼ਿੰਦਗੀ ਪਲ ਪਲ ਖਤਮ ਹੁੰਦੀ ਜਾਪਣ ਲੱਗ ਪਈ ਸੀ। ਮੈਨੂੰ ਲੱਗਣ ਲੱਗਾ ਜਿਵੇਂ ਮੈਂ ਇਕ ਸੁਪਨਾ ਜੀਅ ਰਹੀ ਹੋਵਾ। ਡਾਕਟਰ ਨੇ ਮੈਨੂੰ ਤੁਰੰਤ ਦਾਖਲ ਹੋਣ ਲਈ ਕਹਿ ਦਿੱਤਾ ਸੀ।

ਮੈਂ ਆਪਣੇ ਆਪ ਨੂੰ ਤਾਂ ਵੀ ਖੁਸ਼ਕਿਸਮਤ ਮਨ ਰਹੀ ਹਾਂ ।ਆਖਿਰ ਮੈਨੂੰ ਮੇਰੀ ਜ਼ਿੰਦਗੀ ਦੇ ਕੁਝ ਦਿਨ ਤਾਂ ਮਿਲੇ ਹੀ ਹਨ। ਜਿਉਣ ਲਈ। ਪਿਆਰ ਕਰਨ ਲਈ। ਮੈਂ ਭੋਲੀ ਵਾਂਗ ਹਰ ਸਮੇਂ ਮੌਤ ਲਈ ਦੁਆ ਤਾਂ ਨਹੀਂ ਕਰ ਰਹੀ। ਨਾ ਹੀ ਮੈਂ ਆਪਣੀ ਹੀ ਕੁੱਖੋਂ ਜਨਮੇ ਬੱਚਿਆਂ ਕੋਲੋਂ ਹੁੰਦੀ ਇਕ ਮਾਂ ਦੀ ਬੇਕਦਰੀ ਵੇਖਾ ਗੀ। ਨਾ ਹੀ ਮੈਂ ਆਪਣੇ ਜੀਵਨ ਸਾਥੀ ਦੇ ਜਾਣ ਮਗਰੋਂ ਉਸਦੇ ਵਿਯੋਗ ਵਿਚ ਜੀਵਾਂਗੀ। ਮੈਂ ਚੰਦ ਦਿਨਾਂ ਦੀ ਜ਼ਿੰਦਗੀ ਖੁਸ਼ੀ ਖੁਸ਼ੀ ਜੀਵਾਂਗੀ ਤੇ ਰੱਜ ਕੇ ਪਿਆਰ ਕਰਾਂਗੀ। ਆਪਣੇ ਆਪ ਨਾਲ ਤੇ ਲੋਕਾਂ ਨਾਲ।

ਪਰ ਮੈਂ ਹਸਪਤਾਲ ਦਾਖਲ ਹੋਣ ਦੀ ਥਾਂ ਘਰ ਆ ਗਈ ਸੀ। ਮੇਰੇ ਚਿਹਰੇ 'ਤੇ ਮੁਸਕਾਨ ਜਿਵੇਂ ਮੈਨੂੰ ਕਿਸੇ ਗੈਬੀ ਸ਼ਕਤੀ ਤੋਂ ਮਿਲੀ ਹੋਵੇ। ਮਾਂ ਮੈਨੂੰ ਖੁਸ਼ ਵੇਖ ਕੇ ਖੁਸ਼ ਸੀ।



ਸਵੇਰ ਦੀ ਚਿੜੀਆਂ ਦੀ ਚੀਂ ਚੀਂ ਮੈਨੂੰ ਹੋਰ ਵੀ ਚੰਗੀ ਲੱਗਣ ਲੱਗ ਪੈਂਦੀ ਹੈ। ਮੈਂ ਮਲਕ ਮਲਕ ਪੌੜੀਆਂ ਚੜ੍ਹ ਜਾਂਦੀ ਹਾਂ। ਮੇਰੇ ਦੋਸਤ ਪਰਿੰਦੇ.... ਚਿੜੀਆਂ ਮੈਨੂੰ ਮਿਲਣ ਆ ਗਈਆਂ ਹਨ। ਮੇਰੇ ਨਾਲ ਗੱਲਾਂ ਕਰਨ ਆ ਗਈਆਂ ਹਨ। ਮੇਰੇ ਆਲੇ ਦੁਆਲੇ ਇੰਝ ਫੁਦਕ ਰਹੇ ਹਨ ਜਿਵੇਂ ਮੇਰੇ ਵਿਆਹ ਦੇ ਸੁਹਾਗ ਗਾ ਰਹੇ ਹੋਣ।

ਮੇਰੇ ਘਰ ਦਾ ਉਹ ਬਗੀਚਾ ਜਿਸਨੂੰ ਮੈਂ ਪਿਤਾ ਨਾਲ ਪਾਣੀ ਦਿਆ ਕਰਦੀ ਸੀ। ਕਦੀ ਫੁੱਲ ਬੀਜਦੀ ਤੇ ਕਦੇ ਸਬਜ਼ੀਆਂ ਦੀ ਸਾਂਭ ਸੰਭਾਲ ਕਰਦੀ। ਉਹ ਗੁਲਾਬੀ ਗੁਲਾਬ ਜਿਸ ਨੂੰ ਮੈਂ ਪਿਤਾ ਨਾਲ ਲਗਾਇਆ, ਜੋ ਹਰ ਸਾਲ ਹੱਸਦੇ ਫੁੱਲ ਲੈ ਕੇ ਆਉਂਦਾ ਹੈ... ਸਾਇਦ ਮੇਰੇ ਤੋਂ ਬਾਅਦ ਵੀ ਖਿੜਦਾ ਰਹੇ... ਮਹਿਕ ਵੰਡਦਾ ਰਹੇ।

ਮੈਂ ਆਪਣੀ ਡਾਇਰੀ ਦਾ ਕੋਈ ਵੀ ਪੰਨਾ ਖਾਲੀ ਨਹੀਂ ਛੱਡਣਾ ਚਾਹੁੰਦੀ। ਉਸ ਉੱਤੇ ਆਪਣੇ ਅਹਿਸਾਸ ਲਿਖੀ ਜਾਂਦੀ ਹਾਂ। ਮੇਰੇ ਸਾਹ ਨਾਲ ਮੇਰੀਆਂ ਸੋਚਾਂ ਦੀ ਲੜੀ ਜੁੜਦੀ ਜਾ ਰਹੀ ਹੈ। ਮੈਂ ਆਖਰੀ ਪਲਾਂ ਵਿਚ ਉਸਦਾ ਦੀਦਾਰ ਕਰਨਾ ਚਾਹੁੰਦੀ ਹਾਂ। ਮੇਰੀ ਆਸ ਦੀ ਕਿਰਨ ਅਜੇ ਬੁੱਝੀ ਨਹੀਂ ਹੈ। ਉਸਨੂੰ ਅਕਸਰ ਹੀ ਮੇਰਾ ਰਾਂਝਾ ਕਹਿ ਕੇ ਛੇੜਿਆ ਜਾਂਦਾ ਸੀ। ਮੈਂ ਆਖਰੀ ਵਾਰ... ਅੰਤਲੇ ਸਮੇਂ... ਅੰਤਲੇ ਸਾਹ ਉਸ ਨੂੰ ਮਿਲਣਾ ਚਾਹੁੰਦੀ ਹਾਂ।

ਮੈਂ ਨਹਾ ਧੋ ਕੇ ਸਵੇਰ ਦੀ ਬੱਸ ਫੜ ਲੈਂਦੀ ਹਾਂ। ਸ਼ਾਇਦ ਮੇਰੀ ਆਖਰੀ ਮੁਲਾਕਾਤ ਹੋਵੇ। ਬੱਸ ਦੀ ਰਫ਼ਤਾਰ ਨਾਲ ਜ਼ਿੰਦਗੀ ਦੌੜ ਰਹੀ ਹੈ। ਲੋਕ ਦੌੜ ਰਹੇ ਹਨ। ਕਿਸੇ ਕੋਲ ਕਿਸੇ ਨਾਲ ਖੜ ਕੇ ਗੱਲ ਕਰਨ ਦਾ ਵਕਤ ਨਹੀਂ। ਮੇਰੇ ਕੋਲ ਵੀ ਖੁਦ ਲਈ ਵਕਤ ਨਹੀਂ ਰਿਹਾ। ਹਰ ਰੋਜ਼ ਦੇ ਜਾਣੇ ਪਛਾਣੇ ਚਿਹਰੇ .... ਸਕੂਲ ਨੂੰ ਜਾਂਦੀਆਂ ਬੱਚੀਆਂ... ਬਜ਼ੁਰਗ ਸਾਰੇ ਜਿਵੇਂ ਅਣਜਾਣ ਬਣ ਗਏ ਹਨ। ਉਹ ਬੱਚੇ ਜਿਹੜੇ ਮੈਨੂੰ ਅਕਸਰ ਹੀ ਮੈਡਮ ਜੀ ਕਿਹਾ ਕਰਦੇ ਸਨ ? ਟਿਕਟਾਂ ਵੰਡਣ ਵਾਲਾ ਕੰਡੈਕਟਰ ਵੀ ਮੈਨੂੰ ਆਣਜਾਣ ਲੱਗਣ ਲੱਗ ਪਿਆ ਹੈ। ਜੋ ਅਜੀਬ ਨਜ਼ਰਾਂ ਨਾਲ ਵੇਖ ਰਿਹਾ ਹੈ। ਮੈਂ ਝਟ ਡਾਇਰੀ ਖੋਲ੍ਹਦੀ ਹਾਂ ਤੇ ਲਿਖਣ ਦੀ ਕੋਸ਼ਿਸ਼ ਕਰਦੀ ਹਾਂ। ਅਚਾਨਕ ਬੱਸ ਰੁਕ ਜਾਂਦੀ ਹੈ। ਸਫ਼ਰ ਕਦੋਂ ਮੁੱਕਿਆ? ਪਤਾ ਹੀ ਨਹੀਂ ਲੱਗਿਆ। ਜ਼ਿੰਦਗੀ ਦਾ ਸਫ਼ਰ ਵੀ ਇੰਝ ਹੀ ਮੁਕ ਜਾਂਦਾ ਹੈ।

ਉਹ ਮੈਨੂੰ ਵੇਖ ਖੁਸ਼ ਹੁੰਦਾ ਹੈ। ਮੇਰੇ ਕੋਲ ਜਾਂਦਿਆ ਹੀ ਉਸਨੇ ਮੈਨੂੰ ਆਪਣੀਆਂ ਬਾਹਾਂ 'ਚ ਭਰ ਲਿਆ ਹੈ। ਉਸਦੀ ਨੇੜਤਾ ਦੇ ਅਹਿਸਾਸ ਤੋਂ ਉਪਜੀ ਖੁਸ਼ੀ ਮੇਰੇ ਲਈ ਅਥਾਹ ਹੈ। ਉਹਦੀਆਂ ਅੱਖਾਂ ਭਰ ਆਈਆਂ ਹਨ। ਭਰ ਮੇਰੀਆਂ ਵੀ ਆਈਆਂ ਹਨ।


ਅਚਾਨਕ ਮੇਰੀ ਅੱਖ ਖੁੱਲ੍ਹਦੀ ਹੈ। ਮੈਂ ਕਿੱਥੇ ਸਾਂ ਤੇ ਕਿੱਥੇ ਪਹੁੰਚ ਜਾਂਦੀ ਹਾਂ। ਮੈਂ ਹਸਪਤਾਲ ਦੇ ਬੈੱਡ 'ਤੇ ਲੰਮੀ ਪਈ ਹਾਂ। ਮੇਰਾ ਪਰਿਵਾਰ ... ਮੇਰੀ ਮਾਂ ਜਿਉਂਦੀਆਂ ਲਾਸ਼ਾਂ ਵਾਂਗ ਮੇਰੇ ਵੱਲ ਵੇਖ ਰਹੀਆਂ ਹਨ। ਜਿਵੇਂ ਪੱਥਰਾਂ ਗਈਆਂ ਹੋਣ। ਮਾਂ ਮੇਰੇ ਕੋਲ ਆ ਜਾਂਦੀ ਹੈ। ਉਹਦੇ ਚਿਹਰੇ ਉੱਤੇ ਉਦਾਸ ਮੁਸਕਾਨ ਫੈਲ ਜਾਂਦੀ ਹੈ। ਮੇਰੀਆਂ ਅੱਖਾਂ ਛਲਕ ਆਉਂਦੀਆਂ ਹਨ। ਸਾਇਦ ਮੈਂ ਪੱਥਰ ਹੋ ਗਈ ਹਾਂ। ਮੇਰੀ ਡਾਇਰੀ ਦਾ ਉਹ ਪੰਨਾ ਅੱਜ ਖ਼ਾਲੀ ਹੈ। ਮੇਰੇ ਅੰਦਰੋਂ ਇਕ ਕਵਿਤਾ ਫੁੱਟ ਤੁਰਦੀ ਹੈ, ਜਿਹੜੀ ਮੈਂ ਉਸ ਖਾਲੀ ਪੰਨੇ 'ਤੇ ਚਿਪਕਾ ਦੇਣਾ ਚਹੁੰਦੀ ਹਾਂ, ... ਰੱਖ ਸਾਂਭ ਮੈਂ ਲਵਾਂ/ ਤੇਰੀਆਂ ਹਰ ਮਿੱਠੀਆਂ ਕੌੜੀਆਂ ਯਾਦਾਂ ਨੂੰ/ ਸਾਂਭ ਰੱਖਾਂ ਤੇਰੇ ਹਰ ਅੱਥਰੂ ਨੂੰ/ ਤੇ ਸਮੇਟ ਲਵਾਂ ਆਪਣੇ ਅੰਦਰ ਤੱਕ।/ ਕਿ ਜਦੋਂ ਵੀ ਤੇਰਾ ਦੀਦਾਰ ਹੋਵੇ / ਤੂੰ ਉਂਝ ਹੀ ਹੱਸਦਾ ਮਿਲੇ / ਜਿਸ ਤਰ੍ਹਾਂ ਪਹਿਲੀ ਵਾਰ ਮਿਲਿਆ ਸੀ।

(**ਸੰਪਰਕ**-88727-64123

## ਆਲੋਚਨਾ ਲੇਖ:

# ਵਿਕੋਲਿਤਰੇ ਸਰੋਕਾਰਾਂ ਦਾ ਬਿਰਤਾਂਤ: ਸਿਆਸਤ ਖੇਡ ਸਿਆਸਤ /

- ਡਾ. ਮਿਨਾਕਸ਼ੀ ਰਾਠੌਰ




ਜਿੰਦਰ ਦੀ ਪੰਜਾਬੀ ਕਥਾ ਜਗਤ ਵਿਚ ਇਕ ਨਿਵੇਕਲੀ ਪਛਾਣ ਹੈ। ਉਹ ਅਜਿਹੀ ਪੁਖ਼ਤਾ ਸੋਚ ਤੇ ਸੁੱਘੜ ਜ਼ਹੀਨ ਬੁੱਧੀ ਵਾਲਾ ਕਹਾਣੀਕਾਰ ਹੈ, ਜੋ ਕਿਸੇ ਜਾਣ -ਪਛਾਣ ਦਾ ਮੁਹਤਾਜ ਵੀ ਨਹੀਂ।

ਉਸ ਦੀਆਂ ਕਹਾਣੀਆਂ ਵਿਸ਼ੇਗਤ ਉਹ ਵਿਭਿੰਨਤਾ ਦੇ ਬਹੁਪੱਖੀ ਸਰੋਕਾਰਾਂ ਦੀਆਂ ਲਖ਼ਾਇਕ ਹਨ। ਜਿਹਨਾਂ ਵਿਚ ਉਹ ਜੀਵਨ ਦੇ ਅਹਿਮ ਮਸਲੇ ਅਤੇ ਘਟਨਾਵਾਂ ਪੂਰੀ ਸੰਜੀਦਗੀ ਨਾਲ ਪਕੜਦਾ ਹੈ। ਉਥੇ ਸੁਹਜ ਅਤੇ ਕਲਾ ਪੱਖੋਂ ਵੀ ਬੇਜੋੜ ਹਨ। ਉਹ ਕਿਤੇ ਕਿਤੇ ਉਹ ਪ੍ਰਮੁੱਖ ਕਥਾ ਨੂੰ ਨਾਟਕੀ ਮੋੜ ਦੇਣ ਹਿਤ, ਦਵੰਦ ਸਿਰਜਣ ਹਿਤ, ਉਸ ਦੀ ਚਾਲ ਨੂੰ ਤਿੱਖਾ ਕਰਨ ਹਿਤ ਕੁਝ ਲਘੂ ਅਤੇ ਉਪ-ਕਥਾਵਾਂ ਨੂੰ ਵੀ ਸਫ਼ਲਤਾ ਪੂਰਵਕ ਉਸਾਰਦਾ ਹੈ।

ਹਥਲਾ ਕਹਾਣੀ ਸੰਗ੍ਰਹਿ 'ਸਿਆਸਤ ਖੇਡ ਸਿਆਸਤ' 2020 ਦਾ ਨਵਪ੍ਰਕਾਸ਼ਤ ਕਹਾਣੀ ਸੰਗ੍ਰਹਿ ਹੈ। ਜਿਸ ਵਿਚ ਕੁਲ 11 ਕਹਾਣੀਆਂ ਸੰਮਿਲਿਤ ਹਨ। ਇਸ ਕਹਾਣੀ ਸੰਗ੍ਰਹਿ ਵਿਚ ਉਸ ਨੇ ਵਿਕੋਲਿਤਰੇ ਵਿਸ਼ਿਆਂ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ ਹੈ। ਸਮਾਜਕ ਸੱਚ ਨੂੰ ਦੇਖਣ ਤੇ ਵਾਚਣ ਦਾ ਬਿਰਤਾਂਤਕਾਰ ਦਾ ਆਪਣਾ ਇਕ ਅੰਦਾਜ਼ ਤੇ ਸੋਹਜ ਹੈ। ਜਾਣੇ ਪਛਾਣੇ ਵਿਸ਼ਿਆਂ ਨੂੰ ਨਵੀਂ ਦ੍ਰਿਸ਼ਟੀ ਅਤੇ ਨਵੇਂ ਅੰਦਾਜ਼ ਵਿਚ ਪ੍ਰਤੱਖ ਕਰਨਾ ਉਸ ਦੀ ਕਲਾਤਮਕਤਾ ਦਾ ਮਹਤੱਵਪੂਰਨ ਪੱਖ ਹੈ। ਉਹ 21ਵੀਂ ਸਦੀ ਦਾ ਅਜਿਹਾ ਕਹਾਣੀਕਾਰ ਹੈ, ਜਿਸ ਦੀ ਆਧੁਨਿਕ ਯਥਾਰਥਵਾਦੀ ਰਚਨਾ ਦ੍ਰਿਸ਼ਟੀ ਵਿਭਿੰਨ ਕਿਸਮ ਦੇ ਸਰੋਕਾਰ ਆਪਣੇ ਕਲੇਵਰ ਵਿਚ ਸਮੋਈ ਬੈਠੀ ਹੈ। ਜਿਹਨਾਂ ਵਿਚ ਪ੍ਰੋਖ ਤੇ ਅਪ੍ਰੋਖ ਰੂਪ ਵਿਚ ਜੀਵਨ ਯਥਾਰਥ ਦੇ ਅਸਤਿੱਤਵੀ ਸੰਕਟ, ਬੇਗਾਨਗੀ, ਪੂੰਜੀਵਾਦੀ ਵਿਵਸਥਾ ਵਿਚ ਮਨੁੱਖੀ ਪਛਾਣ ਦੇ ਖ਼ੁਰਦੇ ਜਾਣ ਦੀ ਵੇਦਨਾ, ਔਰਤ ਮਰਦ ਦੇ ਸੰਬੰਧ, 1947 ਦੀ ਵੰਡ ਦਾ ਦੁਖਾਂਤ, ਨਾਰੀ ਚੇਤਨਾ, ਭ੍ਰਿਸ਼ਟ ਰਾਜਨੀਤੀ, ਖ਼ਪਤ ਸੱਭਿਆਚਾਰ, ਆਦਿ ਪ੍ਰਮੁੱਖ ਰੂਪ ਵਿਚ ਪੇਸ਼ ਹੁੰਦੇ ਹਨ। ਜਿਹਨਾਂ ਵਿਚ ਇਕ ਵਿਸ਼ੇਸ਼ ਬਿਰਤਾਂਤਕੀ ਵਿਧੀ ਤੇ ਗਲਪੀ ਤਰਕ ਵੀ ਛੁਪਿਆ ਹੈ। ਉਹ ਬਿਰਤਾਂਤਕੀ -ਪਾਠ ਨੂੰ ਸਿੱਧ ਪੱਧਰੇ ਰੂਪ ਅਥਵਾ ਲਕੀਰੀ ਬਿਰਤਾਂਤ ਰਾਹੀਂ ਪ੍ਰਸਤੁਤ ਨਹੀਂ ਕਰਦਾ ਸਗੋਂ ਆਪਣੀ ਕਹਾਣੀ ਸਿਰਜਣਾ ਵਿਚ ਵਿਭਿੰਨ ਕਥਾ ਜੁਗਤਾਂ ਦਾ ਪ੍ਰਯੋਗ ਕਰਦਾ ਹੈ ਜੋ 'ਮੈਂ' ਮੂਲਕ ਜੁਗਤ ਵਿਧੀ ਰਾਹੀਂ ਪਰਤ ਦਰ ਖੁੱਲ੍ਹਦੀਆਂ ਨਵੀਨ ਦਿਸਹੱਦੇ ਸਿਰਜਦੀਆਂ ਹਨ। ਉਹ ਵਰਤਮਾਨ ਸਮੇਂ ਦਰਪੇਸ਼ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਰਾਹੀਂ ਪ੍ਰਗਟਾਉਣ ਵਾਲਾ ਇਕ ਅਜਿਹਾ ਚੇਤੰਨ ਕਹਾਣੀਕਾਰ ਹੈ, ਜਿਸ ਦੀਆਂ ਬਹੁਤੀਆਂ ਕਹਾਣੀਆਂ ਕੋਈ ਨਾ ਕੋਈ ਜੀਵਨ ਸੇਧ ਵੀ ਦੇਂਦੀਆਂ ਪ੍ਰਤੀਤ ਹੁੰਦੀਆਂ ਹਨ। ਇਸ ਸੰਦਰਭ ਵਿਚ ਉਸ ਦੀ ਪਹਿਲੀ ਕਹਾਣੀ 'ਜੋਗੀ' ਧਿਆਨ ਆਕਰਸ਼ਿਤ ਕਰਦੀ ਹੈ। ਉੱਤਮ ਪੁਰਖੀ ਕਲਾ ਜੁਗਤ ਦੇ ਰਾਹੀਂ ਔਰਤ ਦੇ ਬਹੁਮੁਖੀ ਬਿੰਬਾਂ ਨੂੰ ਪੇਸ਼ਕ੍ਰਿਤ ਕਰ ਮਰਦ ਮਨ ਅੰਦਰ ਉਭਰਦੇ ਨਾਰੀ ਦੇ ਵਿਭਿੰਨ ਅਕਸ਼ਾਂ ਦੀ ਥਾਹ



ਪਾਉਣ ਦੀ ਕੋਸ਼ਿਸ਼ ਕੀਤੀ ਹੈ। ਰੇਸ਼ਮਾਂ ਤੋਂ ਲੈ ਕੇ ਕਮਲੇਸ਼ ਤੱਕ ਅਨੇਕਾਂ ਔਰਤਾਂ ਪੰਛੀਆਂ ਵਾਂਗ ਬਿਰਤਾਂਤਕਾਰ ਬਲਵੰਤ ਸਿਹੁੰ ਦੇ ਜੀਵਨ ਵਿਚ ਆਉਂਦੀਆਂ ਹਨ ਤੇ ਗਾਇਬ ਹੋ ਜਾਂਦੀਆਂ ਹਨ। ਉਸ ਦਾ ਮਾਂ ਮਹਿੱਟਰ ਹੋਣਾ ਜ਼ਿੰਦਗੀ ਦਾ ਸੰਤਾਪ ਬਣ ਜਾਂਦਾ ਹੈ। ਮਾਂ ਦੀ ਮੌਤ ਤੋਂ ਬਾਅਦ ਉਸ ਦਾ ਪਿਉ ਬਲਵੰਤ ਸਿਹੁੰ ਉਸ ਨੂੰ ਉਸ ਦੀ ਮਾਸੀ ਕੋਲ ਛੱਡ ਆਪ ਪਿੰਡ ਦੀ ਕਰਤਾਰੋ ਨਾਲ ਯੂ. ਪੀ. ਦੌੜ ਜਾਂਦਾ ਹੈ। ਇਥੋਂ ਹੀ ਬਲਵੰਤ ਸਿਹੁੰ ਦੇ ਮਨ ਅੰਦਰ ਔਰਤ ਦੇ ਪਿਆਰ ਲਈ ਭਟਕਣ ਸ਼ੁਰੂ ਹੋ ਜਾਂਦੀ ਹੈ। ਇਸ ਦੇ ਲਈ ਉਸ ਤੇ ਜ਼ਨਾਨੀਬਾਜ਼ ਹੋਣ ਦੀ ਤੁਹਮਤ ਵੀ ਲੱਗਦੀ ਹੈ। ਜਿਸ ਦੇ ਚਿਹਨਕੀ ਪਰਿਪੇਖ ਦਾ ਨਿਵਾਰਣ ਕਮਲਾ ਨਾਮ ਦੀ ਔਰਤ ਵਿਚ ਮਾਂ ਦੇ ਰੂਪ ਦੀ ਸ਼ਨਾਖ਼ਤ ਰਾਹੀਂ ਹੁੰਦਾ ਹੈ। ਕਮਲਾ ਜੋ ਚੜ੍ਹਦੀ ਜਵਾਨੀ ਵਿਚ ਹੀ ਵਿਧਵਾ ਹੋ ਜਾਂਦੀ ਹੈ। ਉਹ ਬਹੁਤ ਹੀ ਬੇਬਾਕ ਤੇ ਧੜੱਲੇ ਵਾਲੀ ਔਰਤ ਹੈ। ਕਮਲਾ 'ਮੈਂ' ਪਾਤਰ ਦੇ ਦਫ਼ਤਰ ਵਿਚ ਕੰਮ ਕਰਦੀ ਹੈ। ਜਿਸ ਨੂੰ ਬਾਅਦ ਵਿਚ ਉਹ ਆਪਣੇ ਘਰ ਦੇ ਕੰਮ ਧੰਦੇ ਲਈ ਰੱਖ ਲੈਂਦਾ ਹੈ। ਪਾਠ ਦੇ ਅੰਤ ਵਿਚ ਆਇਆ ਕਮਲਾ ਤੇ ਬਲਵੰਤ ਸਿਹੁੰ ਦਾ ਚਿਹਨਾਤਮਕ ਵਾਰਤਾਲਾਪੀ ਸੰਵਾਦ ਕਥਾ -ਪਾਠ ਵਿਚ ਭਾਵੁਕਤਾ ਦੇ ਅੰਸ਼ ਭਰ ਨਵੀਨ ਅਰਥਾਂ ਦਾ ਸਿਰਜਣ ਕਰਦਾ ਹੈ :

ਉਸ ਪੁੱਛਿਆ, " ਮੈਂ ਤਾਂ ਸੁਣਿਆ ਕਿ ਤੁਸੀਂ ਬੜੇ ਤਕੜੇ ਜਨਾਨੀਬਾਜ਼ ਹੋ।"

ਮੈਂ ਜਵਾਬ ਦੇਣ ਹੀ ਲੱਗਾ ਸੀ ਕਿ ਉਸ ਫੇਰ ਕਹਿਣਾ ਸ਼ੁਰੂ ਕਰ ਦਿੱਤਾ, " ਅੱਲ੍ਹਾ ਰਹਿਮਤ ਬਖ਼ਸ਼ੇ-ਕਿਸੇ ਬੱਚੇ ਦੀ ਮਾਂ ਨਾ ਮਰੇ। ਨ੍ਹੀ ਤਾਂ ਉਹ ਸਾਰੀ ਉਮਰ ਪਿਆਰ ਨੂੰ ਤਰਸਦਾ ਰਹਿੰਦਾ ਆ।" ਮੇਰੀਆਂ ਭੁੱਬਾਂ ਨਕਲ ਗਈਆਂ । ਮੈਂ ਉਸ ਨੂੰ ਜੱਫ਼ੀ ਪਾ ਲਈ । ਹਟਕੋਰੇ ਭਰਦਿਆਂ ਭਰਦਿਆਂ ਕਿਹਾ, "ਤੁਸੀਂ ਮੈਨੂੰ ਕੱਲੇ ਨੂੰ ਛੱਡ ਕੇ ਨਾ ਜਾਏਓ ।ਤੁਸੀਂ ਮੈਨੂੰ ਛੱਡ ਕੇ ਨਾ ਜਾਏਓ....।" (ਸਿਆਸਤ ਖੇਡ ਸਿਆਸਤ ਪੰਨਾ,19)

ਨਾਰੀ ਹੋਂਦ ਤੇ ਹੋਣੀ ਦਾ ਇਕ ਪੈਰਾਡਾਇਮ 'ਵਿਦਾਅ' ਕਹਾਣੀ ਸਿਰਜਦੀ ਹੈ ।ਜਿਸ ਵਿਚ 'ਰਣਜੀਤ' ਦਾ ਪਾਤਰ ਵਾਚਣਯੋਗ ਹੈ। ਇਥੇ ਰਣਜੀਤ ਇਕ ਦਬੰਗ ਔਰਤ ਦੇ ਰੂਪ ਵਿਚ ਉੱਭਰਦੀ ਹੈ। ਬਿਰਤਾਂਤਕਾਰ ਨੇ ਬਿਰਤਾਂਤਕੀ-ਪਾਠ ਵਿਚ ਰਣਜੀਤ ਦੇ ਔਰਤਮੁਖੀ ਸੁਰ ਤੋਂ ਮਰਦਮੁਖੀ ਸੁਰ ਵਿਚ ਤਬਦੀਲ ਹੋਣ ਤੱਕ ਦੇ ਸੰਦਰਭ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਉਸਾਰਿਆ ਹੈ। ਦਫ਼ਤਰ ਦੇ ਬਾਬੂਆਂ ਦੀ ਜਮਾਤ ਔਰਤ ਮਾਨਣ ਨੂੰ ਚੌਲਾਂ ਦਾ ਸਵਾਦ ਚਖ਼ਣਾ ਕਹਿੰਦੀ ਹੈ। ਬਾਬੂਆਂ ਦੇ ਇਸ ਪਰਿਪੇਖ ਵਿਚ ਔਰਤ ਦੀ ਸ਼ਨਾਖ਼ਤ ਮਾਨਵ ਵਜੋਂ ਨਹੀਂ ਸਗੋਂ ਦੇਹੀ ਆਨੰਦ ਦੀ ਕਾਮੁਕ ਵਸਤ ਵਜੋਂ ਹੁੰਦੀ ਹੈ। ਪਰ ਬਿਰਤਾਂਤਕਾਰ ਰਣਜੀਤ ਦੇ ਪਾਤਰ ਦੀ ਨੱਕਾਸ਼ੀ ਇਸ ਤਰੀਕੇ ਨਾਲ ਕਰਦਾ ਹੈ ਕਿ ਉਹ ਹਰ ਤਰ੍ਹਾਂ ਦੀ ਅਗਨੀ ਪ੍ਰੀਖਿਆ ਵਿਚੋਂ ਪਾਸ ਹੋ ਲੋਹੇ ਦੀ ਲੱਠ ਬਣ ਕੇ ਸਮਾਜ ਸਨਮੁਖ ਪੇਸ਼ ਹੁੰਦੀ ਹੈ। ਉਸ ਨੂੰ ਆਪਣਾ ਮੋਇਆ ਪਤੀ ਹੁਕਮ ਸਿੰਘ ਹੀ ਸੰਪੂਰਨ ਮਰਦ ਜਾਪਦਾ ਹੈ। ਇਸੇ ਲਈ ਰਣਜੀਤ ਨੂੰ ਲੱਗਦਾ ਹੈ ਕਿ ਮੌਤ ਤੋਂ ਬਾਅਦ ਵੀ ਉਸ ਦਾ ਪਤੀ ਉਸ ਦੇ ਅੰਗ ਸੰਗ ਹੈ। ਨਾ ਉਸ ਨੇ ਆਪਣੇ ਪਤੀ ਤੋਂ ਵਿਦਾਅ ਲਈ ਹੈ ਤੇ ਨਾ ਹੀ ਉਸ ਦਾ ਪਤੀ ਉਸ ਕੋਲੋਂ ਦੂਰ ਗਿਆ ਹੈ। ਇਸੇ ਤਰ੍ਹਾਂ ਦਾ ਕ੍ਰਮ ਉਸ ਦੀਆਂ ਕਹਾਣੀਆਂ 'ਹਾਫ਼ ਟਾਈਮ' ਤੇ 'ਆਊਟ ਸਾਈਡਰ' ਵਿਚੋਂ ਉੱਭਰਦਾ ਹੈ। ਜਿਸ ਵਿਚ ਉਦਾਸੀਨਤਾ ਦੇ ਚਿਹਨਾਂ ਦੀ ਪੇਸ਼ਕਾਰੀ ਕੇਂਦਰੀ ਔਰਤ ਪਾਤਰਾਂ ਦੇ ਵਿਧਵਾਪੁਣੇ ਦੇ ਦੁੱਖਾਂ ਦੇ ਅੰਸ਼ ਪੇਸ਼ ਕਰਦੀ ਹੈ। ਇਸੇ ਲਈ ਗਾਇਤਰੀ ਸਪੀਵਕ ਹਾਸ਼ੀਆਗਤ ਲੋਕਾਂ ਦੀ ਨਜ਼ਰਸ਼ਾਨੀ ਕਰਦੀ ਔਰਤਾਂ ਦੀਆਂ ਸਮੱਸਿਆਵਾਂ ਨੂੰ ਭਾਰਤੀ ਔਰਤ ਦੇ ਪ੍ਰਸੰਗ ਵਿਚ ਪੇਸ਼ ਕਰਦੀ ਸਵਾਲ ਖੜ੍ਹਾ ਕਰਦੀ ਹੈ ਕਿ ਕੀ ਹਾਸ਼ੀਆਗਤ ਵਰਗ ਬੋਲ ਸਕਦਾ ਹੈ ।ਉਸ ਅਨੁਸਾਰ ਹਾਸ਼ੀਆਗਤ ਸ਼੍ਰੇਣੀਆਂ ਦਾ ਕੋਈ ਇਤਿਹਾਸ ਹੀ ਨਹੀਂ। ਖ਼ਾਸ ਕਰਕੇ ਔਰਤ ਦੇ ਸੰਦਰਭ ਵਿਚ ਤਾਂ ਇਹ ਗੱਲ ਹੋਰ ਵੀ ਢੁਕਵੀਂ ਹੈ ਕਿਉਂਕਿ ਔਰਤ ਤਾਂ ਇਤਿਹਾਸਹੀਣ ਤੇ ਅਵਾਜ਼ਹੀਣ ਹੋਣ ਕਰਕੇ ਹਮੇਸ਼ਾਂ ਹਨੇਰੇ ਵਿਚ ਹੀ ਰਹੀ ਹੈ। ਸਪੀਵਕ ਹਾਸ਼ੀਆਗਤ ਵਰਗ ਦੇ ਬੋਲ ਸਕਣ ਉੱਤੇ ਸ਼ੰਕਾ ਜ਼ਾਹਰ ਕਰਦੀ ਉਹਨਾਂ ਦੀ ਅਵਾਜ਼ ਨਾਲੋਂ ਪਹਿਚਾਣ ਦੇ ਮਸਲੇ ਨੂੰ ਵਧੇਰੇ ਤਵੱਜੋ ਦੇਂਦੀ ਹੈ। 'ਹਾਫ਼ ਟਾਈਮ' ਵਿਚ 'ਮੈਂ' ਪਾਤਰ ਦੀ ਧੀ ਅਨੀਤਾ ਆਪਣੀ ਵਿਧਵਾ ਮਾਂ ਦੇ ਹੱਕਾਂ ਦੀ ਅਵਾਜ਼ ਤੇ ਪਹਿਚਾਣ ਬਣ ਜਸਬੀਰ ਨਾਮ ਦੇ ਮਰਦ ਨਾਲ ਉਸ ਦਾ ( ਮਾਂ ) ਰਿਸ਼ਤਾ ਪ੍ਰਵਾਨ ਚੜ੍ਹਾ ਉਸ

ਰਿਸ਼ਤੇ ਨੂੰ ਪਹਿਚਾਣ ਦਿੰਦੀ ਹੈ:

"ਹਾਂ -ਮੈਨੂੰ ਪਤਾ । ਮੈਂ ਸਭ ਸਮਝਦੀ ਆਂ। ਔਹ ਦੇਖੋ ਸਾਹਮਣੇ ਟੇਪ ਰਿਕਾਰਡਰ ਪਿਆ। ਕੈਸਿਟਾਂ ਦਾ ਢੇਰ ਪਿਆ। ਨਾਲ ਹੀ ਸੀ. ਡੀ. ਪਲੇਅਰ ਪਿਆ। ਦੱਸੋ-ਹੁਣ ਇਹ ਕਿਸ ਕੰਮ ਦੇ ਰਹੇ ਨੇ। ਮਰ ਗਿਆਂ ਨਾਲ ਰਿਸ਼ਤੇ ਮੁੱਕ ਜਾਂਦੇ ਹੁੰਦੇ ਨੇ।ਹੁਣ ਤੁਹਾਡੀ ਜ਼ਿੰਦਗੀ ਦੀ ਫ਼ਿਲਮ ਦਾ ਹਾਫ਼ ਟਾਈਮ ਸ਼ੁਰੂ ਹੋਣਾ। ਅਸੀਂ ਦਰਸ਼ਕ ਬਣ ਕੇ ਦੇਖਾਂਗੇ। ਮੁੱਕਦੀ ਗੱਲ -ਅੰਕਲ ਜਸਬੀਰ ਨੂੰ ਤੁਹਾਡੀ ਲੋੜ ਆ ਤੇ ਤੁਹਾਨੂੰ ਉਨ੍ਹਾਂ ਦੀ। ਫੇਰ ਝਿਝਕ ਕਾਸ ਦੀ? ਕਾਸ ਲਈ?" ( ਸਿਆਸਤ ਖੇਡ ਸਿਆਸਤ, ਪੰਨਾ, 77)

ਪਰ 'ਆਊਟ ਸਾਈਡਰ' ਕਹਾਣੀ ਦੀ ਪਾਤਰ ਸਿਮਰੋ ਦਾ ਇਹ ਸੰਤਾਪ ਨਿਰੰਤਰ ਪ੍ਰਵਾਹਮਾਨ ਰਹਿੰਦਾ ਹੈ। ਉਹ ਵਿਧਵਾ ਹੋਣ ਤੋਂ ਬਾਅਦ ਦੇਵ ( ਜਿਸ ਦੀ ਪਤਨੀ ਦੀ ਮੌਤ ਹੋ ਚੁੱਕੀ ਹੈ) ਦੇ ਉੱਜੜੇ ਘਰ ਨੂੰ ਆਬਾਦ ਤਾਂ ਕਰ ਦਿੰਦੀ ਹੈ। ਪਰ ਘਰ ਵਿਚ ਉਸ ਦੀ ਸਥਿਤੀ ਆਊਟਸਾਈਡਰ ਵਾਲੀ ਹੀ ਰਹਿੰਦੀ ਹੈ। ਉਹ ਭਾਵੇਂ ਦੇਵ ਦੇ ਬੱਚਿਆਂ ਨੂੰ ਵੀ ਮਾਂ ਵਾਲਾ ਪੂਰਾ ਪਿਆਰ ਦਿੰਦੀ ਹੈ ਪਰ ਬਦਲੇ ਵਿਚ ਬੇਗਾਨਗੀ ਤੋਂ ਇਲਾਵਾ ਕੁਝ ਪੱਲੇ ਨਹੀਂ ਪੈਂਦਾ।ਦੇਵ ਦੀ ਧੀ ਬਲਵਿੰਦਰ ਜ਼ਰੂਰ ਉਸ ਦੇ ਇਸ ਦੁੱਖ ਨੂੰ ਸਮਝਦੀ ਹੈ ਪਰ ਦੋਵੇਂ ਮੁੰਡੇ ਇਸ ਗੱਲੋਂ ਬੇਪਰਵਾਹ ਹੀ ਰਹਿੰਦੇ ਹਨ। ਦੂਜੇ ਪਾਸੇ ਸਿਮਰੋ ਦਾ ਆਪਣਾ ਪੁੱਤਰ ਸੰਦੀਪ ਜੋ ਪਹਿਲੇ ਪਤੀ ਗਿਆਨ ਤੋਂ ਹੈ, ਉਸ ਨੂੰ ਵੀ ਦੇਵ ਕਦੇ ਆਪਣਾ ਪਿਤਾ ਨਹੀਂ ਸਮਝਦਾ ਤੇ ਹਮੇਸ਼ਾਂ ਹੀ ਉਸ ਤੋਂ ਦੂਰੀ ਬਣਾ ਕੇ ਰੱਖਦਾ ਹੈ। ਇਸ ਤਰ੍ਹਾਂ ਸਿਮਰੋ ਤੇ ਦੇਵ ਦੋਹਾਂ ਦੇ ਬੱਚਿਆਂ ਲਈ ਦੋਵੇਂ ਹੀ ਆਊਟਸਾਈਡਰ ਹਨ ਪਰ ਸਿਮਰੋ ਨੂੰ ਇਸ ਦਾ ਵੱਡਾ ਖ਼ਮਿਆਜ਼ਾ ਭੁਗਤਣਾ ਪੈਂਦਾ ਹੈ। ਕਿਉਂਕਿ ਦੇਵ ਮਸਕਟ ਵਿਚ ਰਹਿੰਦਾ ਹੈ। ਪੂਰੀਆਂ ਮੌਜਾਂ ਮਾਣਦਾ ਹੈ ਤੇ ਸਾਲ ਵਿਚ ਇਕ ਦੋ ਵਾਰ ਹੀ ਇੰਡੀਆ ਆਉਂਦਾ ਹੈ ਪਰ ਸਿਮਰੋ ਦੇਵ ਦੇ ਘਰ ਵਿਚ ਇੰਡੀਆ ਰਹਿੰਦੀ ਹੈ। ਇਸ ਲਈ ਉਸ ਦਾ ਦੁੱਖ ਦੇਵ ਨਾਲੋਂ ਵਧੇਰੇ ਗਹਿਰਾ ਹੋ ਕੇ ਉੱਭਰਦਾ ਹੈ। ਜਿਸ ਨੂੰ ਸਿਮਰੋ ਬੜੀ ਸ਼ਿੱਦਤ ਨਾਲ ਮਹਿਸੂਸ ਵੀ ਕਰਦੀ ਹੈ :

"ਮੈਨੂੰ ਇਥੇ ਆਈ ਨੂੰ ਪੰਦਰਾਂ ਸਾਲ ਹੋ ਗਏ ਹਨ। ਅਜੇ ਤਾਈਂ ਇਹ ਘਰ ਮੇਰਾ ਘਰ ਨਹੀਂ ਬਣ ਸਕਿਆ। ਇਹ ਤਾਂ ਦੇਵ ਦਾ ਘਰ ਹੈ। ਦੇਵ ਦੇ ਦੋਹਾਂ ਮੁੰਡਿਆਂ ਦਾ ਘਰ ਹੈ। ਇਥੇ ਮੇਰਾ ਕੀ ਹੈ ? ਮੈਨੂੰ ਇਥੇ ਆ ਕੇ ਕੀ ਮਿਲਿਆ?" ( ਸਿਆਸਤ ਖੇਡ ਸਿਆਸਤ, ਪੰਨਾ, 82)

ਇਸ ਤਰ੍ਹਾਂ ਬਿਰਤਾਂਤਕੀ-ਪਾਠ ਵਿਚ ਸੰਗਠਿਤ ਚਿਹਨਾਂ ਦਾ ਪ੍ਰਬੰਧ , ਚਿਹਨੀਕਰਣ ਦੀ ਪ੍ਰਕ੍ਰਿਆ ਰਾਹੀਂ ਸਮਾਜਕ ਅਰਥਚਾਰੇ ਵਿਚ ਵਿਧਵਾ ਔਰਤ ਦੇ ਬਹੁਪਾਸਾਰੀ ਸੰਕਟ ਨੂੰ ਪੇਸ਼ ਕਰਦਾ ਹੈ। ਪਾਠ ਦੇ ਅੰਤ ਵਿਚ ਕਿਸੇ ਕਿਸਮ ਦੀ ਪੂਰਨਤਾ ਹਾਸਲ ਨਾ ਕਰਨ ਤੇ ਨਾਇਕਾ ਸੰਤਾਪ ਹੰਢਾਉਂਦੀ ਹੈ।

'ਮੈਨੂੰ ਸਭਾ ਪਤਾ' ਦੀ ਵਿਧਵਾ ਮਾਂ ਇਸ ਲਈ ਦੁਖੀ ਹੈ ਕਿ ਆਪਣੀ ਘਰ ਗ੍ਰਹਿਸਥੀ ਵਸਾਉਣ ਤੋਂ ਬਾਅਦ ਉਸੁ ਦੇ ਦੋਵੇਂ ਪੁੱਤਰ ਬਲਵੰਤ ਤੇ ਸੁਰਜੀਤ ਇਕ ਦੂਸਰੇ ਦੇ ਸ਼ਰੀਕ ਬਣ ਜਾਂਦੇ ਹਨ। ਆਪਸੀ ਵਰਤ-ਵਰਤਾਰਾ ਵੀ ਨਹੀਂ ਰਹਿੰਦਾ। ਪਰ ਮਾਂ ਦਾ ਦਿਲ ਦੋਵਾਂ ਲਈ ਤੜਫ਼ਦਾ ਹੈ। ਬਿਰਤਾਂਤਕੀ -ਪਾਠ ਵਿਚ ਮਾਂ ਦੇ ਪਾਤਰ ਰਾਹੀਂ ਸਾਂਝੇ ਪਰਿਵਾਰਾਂ ਦੇ ਖ਼ੁਰਨ ਦਾ ਦੁਖਾਂਤ ਬਾਖ਼ੂਬੀ ਉੱਭਰਦਾ ਹੈ। ਫ਼ਲੈਸ਼ਬੈਕ ਦੀ ਵਿਧੀ ਰਾਹੀਂ ਮਾਂ ਯਾਦਾਂ ਦੇ ਝਰੋਖੇ ਰਾਹੀਂ ਬੀਤੇ ਦੀ ਬਾਤ ਪਾਉਂਦੀ ਸੋਚਦੀ ਹੈ ਕਿ ਵਸਤੂਕਰਨ ਦੀ ਪ੍ਰਕ੍ਰਿਆ ਨੇ ਮਨੁੱਖ ਅਤੇ ਉਸ ਦੇ ਰਿਸ਼ਤਿਆਂ ਦਾ ਵੀ ਵਸਤੂਕਰਨ ਕਰ ਦਿੱਤਾ ਹੈ। ਜਿਸ ਦਾ ਨਿਘਾਰ ਤੇ ਨਿਰਦਈਪੁਣਾ ਪਰਿਵਾਰਕ ਰਿਸ਼ਤਿਆਂ ਵਿਚ ਵੀ ਪ੍ਰਵੇਸ਼ ਕਰ ਗਿਆ ਹੈ।ਭਾਵੇਂ ਵਾਧੂ ਪੂੰਜੀ ਦਾ ਖ਼ਾਸਾ ਸਾਂਝੇ ਪਰਿਵਾਰਾਂ ਦੇ ਟੁੱਟਣ ਦਾ ਐਲਾਨਨਾਮਾ ਲੈ ਕੇ ਆਉਂਦਾ ਹੈ ਪਰ ਬਿਰਤਾਂਤਕਾਰ ਦੀ ਗਹੁਮਈ ਦ੍ਰਿਸ਼ਟੀ ਮਾਂ ਦੇ ਪਾਤਰ ਰਾਹੀਂ ਪਰੰਪਰਕ ਜੀਵਨ ਮੁੱਲਾਂ ਦੀ ਭੰਜਕ ਨਾ ਹੋ ਕੇ ਪਰਿਵਾਰਕ ਸੰਬੰਧਾਂ ਤੇ ਰਿਸ਼ਤਿਆਂ ਨੂੰ ਸੁਦ੍ਰਿੜ੍ਹ ਕਰਨ ਦੇ ਹੱਕ ਵਿਚ ਭੁਗਤਦੀ ਹੈ।ਪਾਠ ਦੇ ਅੰਤ ਵਿਚ ਮਾਂ ਦਾ 'ਮੈਨੂੰ ਸਭ ਪਤਾ' ਹੋਣ ਦਾ ਚਿਹਨਾਤਮਕ ਪਰਿਪੇਖ ਇਸੇ ਗੱਲ ਦੀ ਗਵਾਹੀ ਭਰਦਾ ਹੈ।

ਔਰਤ ਦੇ ਇਕ ਵੱਖਰੇ ਪਰਿਪੇਖ ਨੂੰ ਉਭਾਰਨ ਵਾਲਾ ਬਿਰਤਾਂਤਕੀ -ਪਾਠ ' ਮੱਛੀ' ਤੇ ' ਮੱਛੀ -ਦੋ' ਦਾ



ਹੈ। ਇਹ ਕਹਾਣੀਆਂ ਕਾਲ- ਗ਼ਰਲ ਦੀ ਬਾਤ ਪਾਉਂਦੀਆਂ ਹਨ, ਜਿਸ ਕੋਲ ਪਾਕਿਸਤਾਨੀ, ਜਮੈਕੀਏ, ਗੋਰੇ, ਇਲਲੀਗਲ ਮੁੰਡੇ ਖੁੰਡੇ ਸਭ ਆਉਂਦੇ ਹਨ। 'ਮੈਂ' ਪਾਤਰ ਵਿਧਵਾ ਹੋਣ ਤੇ ਬੱਚਿਆਂ ਦੀ ਪਰਿਵਰਸ਼ ਲਈ ਥਾਂ ਥਾਂ ਧੱਕੇ ਖਾਂਦੀ ਹੈ ਪਰ ਅੰਤ ਸੈਕਸ ਵਰਕਰ ਬਣ ਪੈਸਾ ਤਾਂ ਬਹੁਤ ਕਮਾ ਲੈਂਦੀ ਹੈ ਪਰ ਸੰਤੁਸ਼ਟੀ ਕਿਧਰੇ ਨਹੀਂ ਮਿਲਦੀ। ਤਨ ਦੇ ਹਾਣੀ ਬਹੁਤ ਮਿਲਦੇ ਹਨ ਪਰ ਮਨ ਦਾ ਹਾਣੀ ਨਹੀਂ। 'ਮੱਛੀ ਦੋ' ਦੀ ਨਾਇਕਾ ਜਦੋਂ ਇੰਗਲੈਂਡ ਆਉਂਦੀ ਹੈ ਤਾਂ ਉਸ ਦੀ ਮੁਲਾਕਾਤ ਲਾਤੀਫ਼ ਨਾਮ ਦੇ ਇਕ ਸਖ਼ਸ਼ ਨਾਲ ਹੁੰਦੀ ਹੈ। ਜਿਸ ਕੋਲੋਂ ਉਹ ਅੱਸੀ ਹਜ਼ਾਰ ਪੌਂਡ ਲੈ ਕੇ ਇੰਡੀਆ ਵਿਚ ਆਪਣੇ ਮਾਪਿਆਂ ਲਈ ਆਲੀਸ਼ਾਨ ਘਰ ਬਣਵਾਉਂਦੀ ਹੈ।ਲਾਤੀਫ਼ ਜੋ ਆਪ ਵਿਆਹਿਆ ਹੋਇਆ ਹੈ , 'ਮੈਂ' ਪਾਤਰ ਨਾਲ ਵਿਆਹ ਬਾਹਰੀ ਸੰਬੰਧ ਬਣਾ ਪਿਆਰ ਕਰਨ ਦਾ ਡਰਾਮਾ ਕਰਦਾ ਹੈ। ਇਸ ਗੱਲ ਦਾ ਪਰਦਾਫ਼ਾਸ਼ ਉਦੋਂ ਹੁੰਦਾ ਹੈ ਜਦੋਂ ਲਾਤੀਫ਼ ਆਪਣੇ ਜਨਮ ਦਿਨ ਦੀ ਪਾਰਟੀ ਵਿਚ ਨਾਇਕਾ ਨੂੰ ਸ਼ਰਾਬ ਦੇ ਨਸ਼ੇ ਵਿਚ ਚੂਰ ਕਰ ਆਪਣੇ ਦੋਸਤਾਂ ਦੇ ਹੱਥੋਂ ਵੀ ਉਸ ਦਾ ਬਲਾਤਕਾਰ ਕਰਵਾ ਦਿੰਦਾ ਹੈ:

"ਕੱਪੜੇ ਪਾ ਕੇ ਹੇਠਾਂ ਆਉਣ ਲਈ ਪੌੜੀ ਕੋਲ ਹੀ ਆਈ ਸੀ ਕਿ ਮੈਨੂੰ ਸੁਲਤਾਨ ਦੀ ਗੱਲ ਸੁਣਾਈ ਦਿੱਤੀ। ਉਹ ਕਹਿ ਰਿਹਾ ਸੀ, "ਮੇਰੀ ਕਦੇ ਇੱਛਾ ਹੁੰਦੀ ਸੀ ਕਿ ਕਿਸੇ ਸਿੱਖੜੀ ਨਾਲ ਸੌਂਵਾਂ। ਲਾਤੀਫ਼ , ਮੇਰੇ ਭਾਈ ਤੂੰ ਮੇਰੀ ਇੱਛਾ ਅੱਜ ਪੂਰੀ ਕਰ ਦਿੱਤੀ। ਇਹ ਸੌਦਾ ਤਾਂ ਪੰਜ ਸੌ ਪਾਊਂਡ 'ਚ ਵੀ ਮਹਿੰਗਾ ਨ੍ਹੀ ਲੱਗਦਾ।"

ਲਾਤੀਫ਼ ਨੇ ਉਸ ਦਾ ਸਾਥ ਦਿੰਦਿਆਂ ਕਿਹਾ, "ਉਹ ਤਾਂ ਮੇਰੇ ਘੜੇ ਦੀ ਮੱਛੀ ਏ-ਜਦੋਂ ਚਾਹਾਂਗਾ ਘੰਡੀ ਮਰੋੜ ਕੇ ਸੁਆਦ ਲੈ ਲਵਾਂਗਾ।" ( ਸਿਆਸਤ ਖੇਡ ਸਿਆਸਤ, ਪੰਨਾ, 63)

ਇਸੇ ਤਰ੍ਹਾਂ ਹੀ 'ਜੂਠੀ' ਕਹਾਣੀ ਦੀ ਨਾਇਕਾ ਸਰੋਜ ਪਕਿਸਤਾਨੀ ਕਰਮਾਤ ਨਾਲ ਸੱਚਾ ਇਸ਼ਕ ਕਰਦੀ ਹੈ। ਇਕ ਫ਼ਿਲਮ ਦੀਆਂ ਸੀ. ਡੀਜੀ ਰਾਹੀਂ ਸਮੁੱਚਾ ਬਿਰਤਾਂਤ ਉਸਰਦਾ ਹੈ। ਉਹ ਹਰਨੇਕ ਨਾਲ ਵਿਆਹ ਕਰਵਾਉਣ ਤੋਂ ਪਹਿਲਾਂ ਕਰਾਮਾਤ ਅਲੀ ਕੋਲੋਂ ਜੂਠੀ ਹੋ ਜਾਣਾ ਚਾਹੁੰਦੀ ਹੈ। ਉਸ ਕੋਲੋਂ ਆਪਣੇ ਆਪ ਨੂੰ ਜੂਠੀ ਕਰਵਾ ਕੇ ਹੀ ਆਤਮਕ ਸੰਤੁਸ਼ਟੀ ਮਿਲਦੀ ਹੈ।

ਪਾਠ ਵਿਚ ਵਿਚਰਦਿਆਂ ਇਕ ਨੁਕਤਾ ਦੇਸ਼ ਵੰਡ ਦੁਆਰਾ ਦਿੱਤੇ ਜ਼ਖ਼ਮਾਂ ਦੇ ਦੁਖਾਂਤ ਦਾ ਬਣਦਾ ਹੈ। ਸੰਪਰਦਾਇਕ ਫ਼ਿਰਕਾਪ੍ਰਸਤੀ ਦਾ ਜਿਹੜਾ ਘਿਨੌਣਾ ਤੇ ਮਾਨਵ ਵਿਰੋਧੀ ਰੂਪ ਕਹਾਣੀ ਪਾਠ ਵਿਚ ਮਿਲਦਾ ਹੈ, ਉਸ ਦਾ ਇਕ ਰੂਪ ਦੇਸ਼ ਵੰਡ ਦੇ ਪ੍ਰਸੰਗ ਵਿਚ ਵੀ ਨਿਰੂਪਤ ਹੁੰਦਾ ਹੈ। ਜਿਸ ਦਾ ਬਿਰਤਾਂਤ ਬੜੇ ਸੰਘਣੇ ਤੇ ਕਠੋਰ ਯਥਾਰਥ ਦਾ ਲਖਾਇਕ ਹੋ ਸੱਤਾ ਦੀ ਸਿਆਸਤ ਦੇ ਬਖ਼ੀਏ ਵੀ ਉਧੇੜਦਾ ਹੈ ਕਿ ਕੌਣ ਕਦੋਂ ਅਲੱਗ ਹੋ ਜਾਣਾ ਚਾਹੁੰਦਾ ਸੀ ਪਰ ਅਗਲਿਆਂ ਕਰ ਦਿੱਤਾ।

ਬਿਰਤਾਂਤਕਾਰ 'ਕੰਡੇ' ਕਹਾਣੀ ਵਿਚ ਹਰਨੇਕ ਤੇ ਕਰਨੈਲ ਦੇ ਪਾਤਰਾਂ ਰਾਹੀਂ ਇਸੇ ਸੰਵਾਦ ਨੂੰ ਅੱਗੇ ਤੋਰਦਾ ਹੈ। ਹਰਨਾਮ ਤੇ ਕਰਨੈਲ ਇੰਗਲੈਂਡ ਦੀ ਧਰਤੀ ਤੇ ਇਕ ਦੂਜੇ ਨੂੰ ਮਿਲਦੇ ਹਨ। ਦੋਹਾਂ ਦੀ ਮਿਲਣੀ ਲੰਡਨ ਵਿਚ ਹੁੰਦੀ ਹੈ। ਇਹ ਮਿਲਣੀ ਕਦੋਂ ਪਿਆਰ ਵਿਚ ਬਦਲ ਜਾਂਦੀ ਹੈ , ਉਹਨਾਂ ਨੂੰ ਪਤਾ ਹੀ ਨਹੀਂ ਚੱਲਦਾ। ਇਹ ਨਜ਼ਦੀਕੀ ਇੰਨੀ ਵੱਧ ਜਾਂਦੀ ਹੈ ਕਿ ਦੋਵੇਂ ਇਕ ਦੂਜੇ ਨੂੰ ਮਿਲੇ ਬਿਨਾ ਨਹੀਂ ਰਹਿ ਸਕਦੇ।ਹਰਨਾਮ ਤੇ ਕਰਨੈਲ ਦੋਨਾਂ ਦੇ ਪੁੱਤਰ ਇੰਗਲੈਂਡ ਵਿਚ ਬਿਜਨਸ ਪਾਰਟਨਰ ਹਨ। ਉਹ ਮਿਲ ਕੇ ਸਟੋਰ ਚਲਾ ਰਹੇ ਹਨ।ਕਰਨੈਲ ਤੇ ਹਰਨਾਮ ਦੋਨਾਂ ਨੂੰ ਹੀ ਇੰਗਲੈਂਡ ਵਿਚ ਰਹਿੰਦਿਆਂ ਆਪਣੇ ਪਿੰਡਾਂ ਦੀ ਬਹੁਤ ਯਾਦ ਆਉਂਦੀ ਹੈ। ਉਹਨਾਂ ਦਾ ਪਹਿਲਾ ਉਜਾੜਾ 1947 ਵੇਲੇ ਹੁੰਦਾ ਹੈ ਜਦੋਂ ਅਚਾਨਕ ਖ਼ੂਨ-ਖ਼ਰਾਬਾ ਹੋ ਜਾਣ ਤੇ ਉਹਨਾਂ ਨੂੰ ਆਪਣੀ ਜੰਮਣ ਭੋਇੰ ਤਿਆਗਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਦੋਨਾਂ ਦੇ ਅੰਦਰ ਵੰਡ ਵੇਲੇ ਦੀਆਂ ਯਾਦਾਂ ਤੇ ਉਥੋਂ ਦਾ ਸਭਿਆਚਾਰ, ਪਹਿਰਾਵਾ, ਖਾਣ ਪੀਣ, ਸੰਗੀਤ ਸਭ ਕੁਝ ਮਨ ਦੀਆਂ ਡੂੰਘੀਆਂ ਤਹਿਆਂ ਵਿਚ ਘਰ ਕਰੀ ਬੈਠਾ ਹੈ।ਉਹਨਾਂ ਨੂੰ ਆਪਣਾ ਪਿਛੋਕੜ ਨਹੀਂ ਭੁੱਲਦਾ।ਗਾਇਕਾ ਸੋਮਾ ਤੇ ਨਰਗਿਸ ਨਹੀਂ ਭੁੱਲਦੀਆਂ। ਦੋਨੋਂ ਹੀ ਉਹਨਾਂ ਦੇ ਲਾਚੇ ਤੇ ਲੰਮੀ ਗੁੱਤ ਦੇ

ਮੁਰੀਦ ਹਨ। ਇਕ ਦਿਨ ਜਦੋਂ ਹਰਨਾਮ ਦਾ ਪੁੱਤਰ ਸੁਰਜੀਤ ਉਸ ਨੂੰ ਦੱਸਦਾ ਹੈ ਕਿ ਨਰਗਿਸ ਤੇ ਕੁਝ ਹੋਰ ਪਾਕਿਸਤਾਨੀ ਕਲਾਕਾਰ ਇੰਗਲੈਂਡ ਆ ਰਹੇ ਹਨ ਤਾਂ ਦੋਨੋਂ ਹੀ ਉਹਨਾਂ ਨੂੰ ਮਿਲਣ ਲਈ ਪੱਬਾਂ ਭਾਰ ਹੋ ਜਾਂਦੇ ਹਨ। ਵਾਸਤਵ ਵਿਚ ਵੰਡ ਦੇ ਜ਼ਖ਼ਮਾਂ ਵਿਚ ਇਕ ਇਸ਼ਕ ਦੀ ਟੀਸ ਵੀ ਹੈ ਜੋ ਕਰਨੈਲ ਤੇ ਹਰਨਾਮ ਦੋਨਾਂ ਦੇ ਦਿਲਾਂ ਅੰਦਰ ਚਸਕਦੀ ਰਹਿੰਦੀ ਹੈ। ਇਸ ਟੀਸ ਨੂੰ ਉਹ ਇਕ ਦਿਨ ਪੈੱਗ ਲਗਾ ਕੇ ਸਾਂਝਾ ਕਰਦੇ ਹਨ। ਕਰਨੈਲ ਦਾ ਅਰਾਈਆਂ ਦੀ ਕੁੜੀ ਬਰਕਤੇ ਨਾਲ ਇਸ਼ਕ ਸੀ, ਜੋ ਉਸ ਦੇ ਗੁਆਂਢ ਵਿਚ ਹੀ ਰਹਿੰਦੀ ਸੀ। ਹੱਲਿਆਂ ਵੇਲੇ ਕਰਨੈਲ ਦਾ ਵੱਡਾ ਭਰਾ ਕਰਤਾਰਾ ਹੀ ਪਿੰਡ ਦੇ ਮੁੰਡਿਆਂ ਨਾਲ ਮਿਲ ਕੇ ਬਰਕਤੇ ਨਾਲ ਦੁਸ਼ਕਰਮ ਕਰ ਉਸਦਾ ਕਤਲ ਕਰ ਦਿੰਦਾ ਹੈ। ਕਰਨੈਲ ਦੇ ਵੱਡੇ ਭਰਾ ਹੱਥੋਂ ਬਰਕਤੇ ਦਾ ਕਤਲ ਇਕ ਅਜਿਹਾ ਦਰਦ ਹੈ, ਜਿਸ ਨੂੰ ਉਹ ਕਦੇ ਨਹੀਂ ਭੁਲਾ ਪਾਇਆ। ਦੂਜੇ ਪਾਸੇ ਹਰਨਾਮ ਦਾ ਆਪਣੀ ਪ੍ਰੇਮਿਕਾ ਲਈ ਗੁੰਮੀਆਂ ਤੋੜ ਕੇ ਲਿਆਉਣਾ ਤੇ ਉਸ ਦੇ ਕੰਡਿਆਂ ਦੀ ਚੁਭਣ ਦਾ ਸੁਆਦ ਮਾਨਣਾ ਅਜਿਹੇ ਬਿਰਤਾਂਤਕੀ ਪਰਿਪੇਖ ਹਨ, ਜਿਹਨਾਂ ਵਿਚ ਵਿਕੋਲਿਤਰੀਆਂ ਮੋਹ ਦੀਆਂ ਤੰਦਾਂ ਉੱਭਰਦੀਆਂ ਹਨ। ਬਿਰਤਾਂਤਕੀ- ਪਾਠ ਵਿਚ ਪਿੰਡ ਵਿਚ ਵੱਸਦੇ ਹਿੰਦੂ, ਮੁਸਲਮਾਨ ਤੇ ਸਿੱਖਾਂ ਦੀ ਭਾਵੁਕ ਸਾਂਝ ਦੇ ਚਿਹਨਕੀ-ਜੁੱਟ ਇਹਨਾਂ ਵਿਕੋਲਿਤਰੀਆਂ ਮੋਹ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਦੇ ਹਨ। ਪਾਠ ਵਿਚ ਇਕ ਪਾਸੇ ਅੰਤਾਂ ਦੀ ਹਿੰਸਾ ਤੇ ਹੈਵਾਨੀਅਤ ਅਤੇ ਦੂਜੇ ਪਾਸੇ ਅੰਤਾਂ ਦੀ ਇਨਸਾਨੀਅਤ ਤੇ ਅਹਿੰਸਾ ਦੇ ਚਿਹਨ ਹਨ। ਜਿਸ ਵਿਚ ਇਹ ਨੁਕਤਾ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਦਹਿਸ਼ਤ ਤੇ ਆਤੰਕ ਦਾ ਕਦੇ ਕੋਈ ਧਰਮ ਤੇ ਮਜ਼ਹਬ ਨਹੀਂ ਹੁੰਦਾ। ਪਾਠ ਵਿਚ ਹਿੰਸਾ ਦੀ ਰਾਜਨੀਤੀ ਦਾ ਬਿਰਤਾਂਤ ਬੜੇ ਸੰਘਣੇ ਤੇ ਕਠੋਰ ਯਥਾਰਥ ਦਾ ਲਖਾਇਕ ਹੋ ਸੱਤਾ ਦੀ ਸਿਆਸਤ ਦੇ ਬਖ਼ੀਏ ਵੀ ਉਧੇੜਦਾ ਹੈ :

"ਆਪਣੀਆਂ ਕੁਰਸੀਆਂ ਦੀ ਖ਼ਾਤਿਰ ਸਾਡੇ ਲੋਕਾਂ ਦਾ ਇਹ ਹਾਲ ਕੀਤਾ। ਹੱਸਦੇ- ਵਸਦੇ ਘਰਾਂ ਨੂੰ ਉਜਾੜ ਕੇ ਰੱਖ ਦਿੱਤਾ।" ( ਸਿਆਸਤ ਖੇਡ ਸਿਆਸਤ, ਪੰਨਾ, 116)

ਵਾਸਤਵ ਵਿਚ ਹਰਨਾਮ ਤੇ ਕਰਨੈਲ ਦਾ ਵਾਰਤਾਲਾਪੀ ਸੰਵਾਦ ਭਾਈਚਾਰਕ ਸੰਕਲਪਨਾ ਨੂੰ ਪੁਨਰਸੁਰਜੀਤ ਕਰ ਲੋਕ ਮਨਾਂ ਅੰਦਰ ਆਪਸੀ ਸਾਂਝ ਤੇ ਮੁਹੱਬਤ ਦੇ ਬੀਜ ਨੂੰ ਮੁੜ ਪੁੰਗਰਿਤ ਵੀ ਕਰਦਾ ਹੈ। ਦੋਹਾਂ ਦੇਸ਼ਾਂ ਵਿਚਕਾਰ ਖਿੱਚੀਆਂ ਸਿਆਸੀ ਲਕੀਰਾਂ ਤੋਂ ਪਾਰ ਜਾ ਮਾਨਵਤਾ ਦਾ ਸਭਿਆਚਾਰ ਸਿਰਜਦਾ ਹੈ। ਇਹਨਾਂ ਲਕੀਰਾਂ ਨੂੰ ਅਸੀਂ ਮਿਟਾ ਤਾਂ ਨਹੀਂ ਸਕਦੇ ਪਰ ਕੁਝ ਸਮੇਂ ਲਈ ਨਿਜ਼ਾਤ ਜ਼ਰੂਰ ਪਾਈ ਜਾ ਸਕਦੀ ਹੈ। ਜਿਸ ਦੇ ਲਈ ਜਿੰਦਰ ਦਾ ਇਹ ਕਹਾਣੀ ਪਾਠ ਸੰਪਰਾਦਾਇਕਤਾ ਤੋਂ ਪਰ੍ਹੇ ਹਟ ਮਾਨਵਤਾ ਦੇ ਸਾਰੇ ਦੁਆਰ ਖੋਲ੍ਹ ਦੇਂਦਾ ਹੈ।

ਪਾਠ ਵਿਚ ਪੜ੍ਹਤ ਦੌਰਾਨ ਇਕ ਪਾਸਾਰ ਪਰਵਾਸ ਕਰਨ ਦੀ ਤੀਬਰ ਇੱਛਾ ਦੇ ਤ੍ਰਾਸ ਬੋਧ ਦਾ ਵੀ ਬਣਦਾ ਹੈ। ਜਿਸ ਵਿਚ ਬਿਹਾਰੀ ਭੱਈਆ ਪੰਜਾਬ ਵਿਚ ਆ ਕੇ ਬਸ਼ੇਸ਼ਰ ਨਾਥ ਤੋਂ ਬੰਤਾ ਸਿੰਘ ਤੇ ਪੰਜਾਬੀ ਬੰਦਾ ਇੰਗਲੈਂਡ ਜਾ ਕੇ ਬਾਸਟਰਡ ਭਈਏ ਬਣ ਜਾਂਦਾ ਹੈ 'ਬਨਵਾਸ' ਕਹਾਣੀ ਇਸੇ ਤਰ੍ਹਾਂ ਦੇ ਸੰਦਰਭ ਨੂੰ ਪੇਸ਼ ਕਰਦੀ ਹੈ, ਜਿਥੇ ਬਿਰਤਾਂਤਕਾਰ ਨੂੰ ਜਾਪਦਾ ਹੈ ਕਿ ਜਿਵੇਂ ਸਰਦਾਰ ਦਾ ਸਾਰਾ ਟੱਬਰ ਇੰਗਲੈਂਡ ਜਾ ਕੇ ਪਰਵਾਸੀ ਤੇ ਬਸ਼ੇਸ਼ਰ ਨਾਥ ਆਵਾਸੀ ਬਣ ਗਿਆ ਹੋਵੇ। ਬਸ਼ੇਸ਼ਰ ਤੋਂ ਹੀ ਸਰਦਾਰ ਨੂੰ ਪਿੰਡ ਦਾ ਹਾਲ - ਚਾਲ ਪਤਾ ਚੱਲਦਾ ਹੈ। ਹੁਣ ਬਸ਼ੇਸ਼ਰ ਨਾਥ ਹੀ ਸਾਰੇ ਘਰ ਦਾ ਮਾਲਕ ਹੈ। ਉਹ ਆਪਣਾ ਸਾਰਾ ਟੱਬਰ ਵੀ ਬਿਹਾਰ ਤੋਂ ਪਿੰਡ ਲੈ ਆਉਂਦਾ ਹੈ। ਸਰਦਾਰ ਉਸ ਨੂੰ ਪਿੰਡ ਦੇ ਬੱਸ ਅੱਡੇ ਕੋਲ ਮਕਾਨ ਬਣਾਉਣ ਲਈ ਪਲਾਟ ਵੀ ਦੇ ਦਿੰਦਾ ਹੈ। ਪਿੰਡ ਦੀ ਤਰਾਸਦੀ ਇਹ ਹੈ ਕਿ ਉਸ ਦਾ ਕੁਝ ਹਿੱਸਾ ਸ਼ਹਿਰ ਨੂੰ ਤੁਰ ਗਿਆ ਹੈ ਤੇ ਬਾਕੀ ਦਾ ਵਿਦੇਸ਼ਾਂ ਵਿਚ ਜਾ ਵਸਿਆ ਹੈ। ਆਪੋ-ਆਪਣੀ ਥਾਂ ਸਾਰੇ ਹੀ ਬਨਵਾਸ ਕੱਟ ਰਹੇ ਹਨ। ਨਵੀਂ ਪੀੜ੍ਹੀ ਵਾਪਸ ਪਰਤਣ ਲਈ ਤਿਆਰ ਨਹੀਂ ਪਰ ਪੁਰਾਣੀ ਪੀੜ੍ਹੀ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਤੇ ਮੁੜ ਜੰਮਣ ਭੋਇੰ ਵੱਲ ਪਰਤਣ ਲਈ ਤੱਤਪਰ ਹੈ। ਬੰਤਾ ਸਿੰਘ ਤੋਂ ਮੁੜ ਬਸ਼ੇਸ਼ਰ ਨਾਥ ਅਤੇ ਉਸ ਦਾ ਪੰਜਾਬੀ ਤੋਂ ਬਿਹਾਰੀ ਬੋਲਣ ਲੱਗ ਜਾਣ ਦਾ ਚਿਹਨਾਤਮਕ ਪਰਿਪੇਖ ਵੀ ਇਸੇ ਪਰਿਪੇਖ ਨੂੰ ਦਰਸਾਉਂਦਾ



ਹੈ :

ਬੰਤੇ ਨੇ ਕਿਹਾ, "ਸਰਦਾਰ ਜੀ, ਸਰਦਾਰ ਜੀ , ਹਮ ਤੋਂ ਬਹੁਤ ਕਰਮਾਵਾਲਾ...ਹਮਾਰੇ ਪਾਸ ਹਮਾਰਾ ਗਾਂਵ ਹਮ ਬਸ਼ੇਸ਼ਰਨਾਥ ਵਹੀਂ ਜਾ ਕੇ ਮਰਮਝਮਰਮ..ਮਰਮਝ"।(ਸਿਆਸਤ ਖੇਡ ਸਿਆਸਤ, ਪੰਨਾ, 128)

ਇਸ ਸੰਦਰਭ ਵਿਚ ਡਾ. ਆਤਮਜੀਤ ਦਾ ਲਿਖਿਆ ਨਾਟਕ 'ਕੈਮਲੂਪਸ ਦੀਆਂ ਮੱਛੀਆਂ' ਵੀ ਕਾਫ਼ੀ ਮਹਤੱਵਪੂਰਨ ਹੈ।ਆਤਮਜੀਤ ਪਰਵਾਸੀ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਉਹਨਾਂ ਦੀ ਗਤੀਸ਼ੀਲ ਸਮੁੱਚਤਾ ਵਿਚ ਬਿੰਦਰ ਕੌਰ ਤੇ ਹੈਰੀ ਦੇ ਪਾਤਰਾਂ ਰਾਹੀਂ ਰੂਪਮਾਨ ਕਰਦਾ ਕੈਮਲੂਪਸ ਦੀਆਂ ਮੱਛੀਆਂ ਦੀ ਬਾਤ ਪਾਉਂਦਾ ਹੈ ਜੋ ਸਾਲਾਂ ਬਾਅਦ ਆਪਣੀ ਉਮਰ ਹੰਢਾ ਕੇ ਉਥੇ ਹੀ ਆਂਡੇ ਦੇ ਕੇ ਮਰਦੀਆਂ ਹਨ , ਜਿਥੇ ਉਹ ਜੰਮੀਆਂ ਹੁੰਦੀਆਂ ਹਨ। 'ਬਨਵਾਸ' ਦੇ ਬਿਰਤਾਂਤਕੀ-ਪਾਠ ਵਿਚ ਪਰਵਾਸ ਦਾ ਇਹ ਪੱਖ ਕਾਫ਼ੀ ਸਸ਼ਕੱਤ ਹੋ ਕੇ ਉੱਭਰਦਾ ਹੈ।

ਜਿੰਦਰ ਦੇ ਬਿਰਤਾਂਤਕੀ-ਪਾਠ ਦਾ ਅਗਲਾ ਕਥਾ-ਪਾਠ 'ਹੋਂਦ' ਇਕ ਵੱਖਰੇ ਪਰਿਪੇਖ ਨੂੰ ਉਭਾਰਦਾ ਹੈ। 'ਮੈਂ' ਪਾਤਰ ਲਾਭ ਸਿਹੁੰ ਆਪਣੇ ਮਿੱਤਰ ਰਜਨੀਸ਼ ਨੂੰ ਚਿੱਠੀ ਲਿਖ ਕੇ ਆਪਬੀਤੀ ਸੁਣਾਉਂਦਾ ਹੈ। ਲਾਭ ਸਿਹੁੰ ਦੇ ਪਿਤਾ ਨੂੰ ਉਸ ਤੋਂ ਬਹੁਤ ਆਸਾਂ ਹਨ ਪਰ ਜਦੋਂ ਉਹ ਉਹਨਾਂ ਦੀਆਂ ਆਸਾਂ ਪੂਰੀਆਂ ਨਹੀਂ ਕਰ ਸਕਦਾ ਤਾਂ ਉਹ ਬਹੁਤ ਨਿਰਾਸ਼ ਹੋ ਜਾਂਦੇ ਹਨ। ਭਾਵੇਂ ਲਾਭ ਸਿਹੁੰ ਕਾਲਜ ਵਿਚ ਪੰਜਾਬੀ ਦਾ ਪਾਰਟ ਟਾਈਮ ਲੈਕਚਰਾਰ ਲੱਗ ਜਾਂਦਾ ਹੈ ਪਰ ਉਥੇ ਵੀ ਪੱਕੀ ਨੌਕਰੀ ਨਾ ਮਿਲਣ ਕਰਕੇ ਨਿਰਾਸ਼ਾ ਹੀ ਹੱਥ ਲੱਗਦੀ ਹੈ। ਪਾਰਟ ਟਾਈਮ ਨੌਕਰੀ ਦੇ ਨਾਲ ਅੰਗਰੇਜ਼ੀ ਦੀ ਐਮ. ਏ. ਕਰਨੀ ਸ਼ੁਰੂ ਕਰ ਦਿੰਦਾ ਹੈ ਤਾਂ ਜੋ ਟਿਊਸ਼ਨਾਂ ਪੜ੍ਹਾ ਕੇ ਆਪਣੀ ਆਮਦਨ ਵਧਾ ਸਕੇ। ਪਰ ਉਥੇ ਵੀ ਆਪਣੇ ਸੀਨੀਅਰ ਸਾਥੀ ਵੱਲੋਂ ਸ਼ੋਸ਼ਿਤ ਹੋ ਦੁਖੀ ਹੀ ਹੁੰਦਾ ਹੈ। ਚਮਚਾਗਿਰੀ ਕਰਨ ਦਾ ਉਸ ਵਿਚ ਮਾਦਾ ਨਹੀਂ ਹੈ। ਇਸ ਲਈ ਕਾਲਜ ਵਿਚ ਪੱਕੇ ਹੋਣ ਦੀ ਵੀ ਕੋਈ ਗੁੰਜ਼ਾਇਸ਼ ਨਜ਼ਰ ਨਹੀਂ ਆਉਂਦੀ। ਦੂਜਿਆਂ ਦੇ ਕਹਿਣ ਤੇ ਪੱਕੀ ਨੌਕਰੀ ਲਈ ਤਰ੍ਹਾਂ ਤਰ੍ਹਾਂ ਦੇ ਪਾਪੜ ਵੀ ਵੇਲਣ ਦੀ ਕੋਸ਼ਿਸ਼ ਕਰਦਾ ਹੈ ਪਰ ਫ਼ਿਰ ਵੀ ਸਫ਼ਲਤਾ ਹੱਥ ਨਹੀਂ ਲੱਗਦੀ। ਉਲਟਾ ਪ੍ਰਿੰਸੀਪਲ ਦੁਆਰਾ ਵੀ ਸ਼ੋਸ਼ਿਤ ਹੋ ਭਟਕਣ ਦਾ ਸ਼ਿਕਾਰ ਹੁੰਦਾ ਹੈ। ਰੈਗੂਲਰ ਪ੍ਰੋਫ਼ੈਸਰ ਮੌਜਾਂ ਮਾਣਦੇ ਹਨ ਤੇ ਲਾਭ ਸਿਹੁੰ ਤੋਂ ਐਡਹਾਕ ਤੇ ਹੋਣ ਕਰਕੇ ਥਾਂ ਪਰ ਥਾਂ ਵਾਧੂ ਕੰਮ ਲਿਆ ਜਾਂਦਾ ਹੈ।ਕਾਲਜ ਦੀ ਨੌਕਰੀ ਛੱਡ ਉਹ ਦੂਜੇ ਮਹਿਕਮਿਆਂ ਵਿਚ ਵੀ ਕੰਮ ਕਰਦਾ ਹੈ ਪਰ ਸੰਤੁਸ਼ਟੀ ਕਿਧਰੇ ਵੀ ਨਹੀਂ ਮਿਲਦੀ। ਸਿਲੈਕਸ਼ਨ ਵੇਲੇ ਵੀ ਭਾਈ ਭਤੀਜਾਵਾਦ ਤੇ ਸਿਫ਼ਾਰਸ਼ਾਂ ਉਸ ਦਾ ਪਿੱਛਾ ਨਹੀਂ ਛੱਡਦੀਆਂ। ਉਸ ਨੂੰ ਜਾਪਦਾ ਹੈ ਕਿ ਜਿਵੇਂ ਥਾਂ -ਥਾਂ ਧੱਕੇ ਖਾਣ ਤੇ ਇੰਟਰਵਿਊਜ਼ ਦੇਣ ਤੋਂ ਇਲਾਵਾ ਉਸ ਦੀ ਕੋਈ ਹੋਂਦ ਹੀ ਨਾ ਰਹਿ ਗਈ ਹੋਵੇ। ਉਹ ਅਣ ਹੋਇਆ ਦੀ ਜੂਨ ਹੰਢਾਉਂਣ ਹੀ ਇਸ ਧਰਤੀ ਤੇ ਆਇਆ ਹੋਵੇ।

ਬਿਰਤਾਂਤਕੀ -ਪਾਠ ਵਿਚ ਵਿਚਰਦਿਆਂ ਸਿਰਲੇਖ ਕਹਾਣੀ 'ਸਿਆਸਤ ਖੇਡ ਬਾਬਾ, ਸਿਆਸਤ' ਵੀ ਪਾਠਕ ਦਾ ਧਿਆਨ ਆਕਰਸ਼ਿਤ ਕਰਦੀ ਹੈ। ਜਿਸ ਵਿਚ ਪਿੰਡ ਦੇ ਗੁਰਦੁਆਰਿਆਂ ਤੋਂ ਲੈ ਕੇ ਸ਼ਾਮਲਾਟ ਜ਼ਮੀਨ ਤੱਕ ਹਰ ਥਾਂ ਸਿਆਸਤ ਹੀ ਸਿਆਸਤ ਫ਼ੈਲੀ ਹੋਈ ਹੈ। ਪਿੰਡ ਦੇ ਜੱਦੀ ਵਸਨੀਕ ਤੇ ਬਾਹਰੋਂ ਆ ਕੇ ਵਸੇ ਦਲਿਤ ਸਾਰੇ ਛੱਪੜ ਵਾਲੀ ਥਾਂ ਦੇ ਦਾਹਵੇਦਾਰ ਕਹਾਉਂਦੇ ਹਨ। ਪੂਰਾ ਪਿੰਡ ਵੱਖੋ-ਵੱਖਰੀਆਂ ਰਾਜਨੀਤਕ ਪਾਰਟੀਆਂ ਵਿਚ ਵੰਡਿਆ ਜਾਂਦਾ ਹੈ। ਦਲਿਤਾਂ ਵਿਚ ਵੀ ਆਪਣੇ ਹੱਕਾਂ ਪ੍ਰਤੀ ਜਾਗ੍ਰਿਤੀ ਆਉਣ ਲੱਗਦੀ ਹੈ। ਬਾਹਰਲੇ ਮੁਲਕਾਂ ਵਿਚ ਜਾ ਵਸੇ ਦਲਿਤ ਪਿੰਡ ਵਸਦੇ ਦਲਿਤਾਂ ਦੀ ਮੱਦਦ ਕਰਦੇ ਹਨ। ਉਹਨਾਂ ਵਿਚ ਸੁਰਿੰਦਰ ਨਾਮ ਦਾ ਪਾਤਰ ਪ੍ਰਮੁੱਖ ਰੂਪ ਵਿਚ ਉਹਨਾਂ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਕੁਝ ਸਾਲ ਪਹਿਲਾਂ ਕੈਲੇਫ਼ੋਰਨੀਆਂ ਵਿਚ ਜਾ ਕੇ ਵੱਸ ਜਾਂਦਾ ਹੈ। ਉਸ ਦੀ ਪਿੰਡ ਵਿਚ ਆਲੀਸ਼ਾਨ ਕੋਠੀ ਹੈ। ਵਾਸਤਵ ਵਿਚ ਇਹ ਵਰਤਾਰਾ ਬ੍ਰਾਹਮਣੀ ਸੋਚ ਦੇ ਉਛਾੜ ਨੂੰ ਉਤਾਰ ਕਿਰਤ ਦੇ ਮਹਤੱਵ ਨੂੰ ਗਰਦਾਨਦਾ ਹੈ। ਕਿਰਤ ਨੂੰ ਕਿਰਤ ਦੇ ਵਜੋਂ ਸਥਾਪਿਤ ਕਰਦਾ ਹੈ। ਕਿਰਤ ਨਾਲ ਜੁੜੀ ਊਚ ਨੀਚ ਦੀ ਬ੍ਰਾਹਮਣੀ ਸੋਚ ਨੂੰ ਨਕਾਰਦਾ ਹੋਇਆਂ ਕਿਰਤ ਦੇ ਸਵੈਮਾਣ ਦੀ ਮਹਾਨਤਾ ਨੂੰ ਸਥਾਪਿਤ ਕਰ

ਜਾਤੀ ਸਵੈਮਾਣ ਲਈ ਵੀ ਰਾਹ ਮੋਕਲਾ ਕਰਦਾ ਹੈ। ਇਸੇ ਲਈ ਜਦੋਂ ਸੁਰਿੰਦਰ ਪਿੰਡ ਦਾ ਗੇਟ ਬਣਵਾ ਕੇ ਉਸ ਉੱਤੇ ਆਪਣੇ ਬਜ਼ੁਰਗ ਦੀ ਮੂਰਤੀ ਲਗਵਾਉਣ ਦੀ ਗੱਲ ਕਰਦਾ ਹੈ ਤਾਂ ਜਰਨਲ ਕੈਟੇਗਰੀ ਵਿਚੋਂ ਸਰਪੰਚ ਬਣਿਆ ਪਾਸਾ ਵੱਟਣ ਲੱਗਦਾ ਹੈ। ਉਸ ਵਿਚ ਜਾਤ ਵਾਲੀ ਹਉਂ ਤੇ ਜੱਟ ਜਿਮੀਂਦਾਰਾਂ ਵਾਲਾ ਉੱਚਤਾ ਭਾਵ ਜਾਗ ਪੈਂਦਾ ਹੈ। ਪਾਠ ਵਿਚ ਆਇਆ ਇਹ ਬਿਰਤਾਂਤਕੀ ਸੰਦਰਭ ਸਮਕਾਲੀ ਪੰਜਾਬੀ ਕਹਾਣੀ ਦਾ ਵੀ ਸਭ ਤੋਂ ਉੱਭਰਵਾਂ ਤੇ ਪਛਾਣਯੋਗ ਪਹਿਲੂ ਬਣਦਾ ਹੈ। ਜਿਥੇ ਦਲਿਤ ਤੇ ਦਮਿਤ ਹਰ ਤਰ੍ਹਾਂ ਦੀ ਸਥਾਪਤੀ ਤੋਂ ਇਨਕਾਰੀ ਹੋ ਸਵੈ ਸ਼ਨਾਖ਼ਤ ਲਈ ਤੱਤਪਰ ਨਜ਼ਰ ਆਉਂਦਾ ਹੈ। ਜਿਸ ਵਿਚ ਜਾਤੀ ਪ੍ਰਬੰਧ ਦੇ ਨਾਲ ਨਾਲ ਸਮੁੱਚੇ ਉਸ ਕਦਰ ਪ੍ਰਬੰਧ ਅਤੇ ਦ੍ਰਿਸ਼ਟੀ ਦਾ ਵਿਦਰੋਹ ਵੀ ਜਾਗਦਾ ਹੈ, ਜਿਸ ਪਿੱਛੇ ਬ੍ਰਾਹਮਣਵਾਦੀ ਵਿਚਾਰਧਾਰਕ ਪਰਿਪੇਖ ਤੇ ਸੋਚ ਕਾਰਜਸ਼ੀਲ ਹੈ। ਬਿਰਤਾਂਤਕੀ-ਪਾਠ ਵਿਚ ਬ੍ਰਾਹਮਣੀ ਪ੍ਰਬੰਧ ਵੱਲੋਂ ਆਰੋਪਿਤ ਸੰਸਕਾਰਾਂ ਤੋਂ ਮਾਨਸਿਕ ਮੁਕਤੀ ਪ੍ਰਾਪਤ ਕਰਨ ਦੇ ਨਾਲ ਆਪਣੀ ਆਰਥਿਕਤਾ ਦੇ ਸੁਧਾਰ ਰਾਹੀਂ ਜਾਤੀ ਹੀਣਤਾ ਨਾਲੋਂ ਜਾਤੀ ਗੌਰਵ ਨਾਲ ਜਿਊਣ ਦਾ ਸੁਨੇਹਾ ਵੀ ਮਿਲਦਾ ਹੈ। ਪਰ ਦਲਿਤ ਤੇ ਦਮਿਤ ਦਾ ਸਿਆਸਤ ਦਾ ਸ਼ਿਕਾਰ ਹੋ ਆਪਣੇ ਰਾਹ ਤੋਂ ਭਟਕ ਜਾਣ ਦਾ ਚਿਹਨਾਤਮਕ ਪਰਿਪੇਖ ਭਵਿੱਖ ਮੁਖੀ ਹੋ ਰਾਜਨੀਤਕ ਚਾਲਾਂ ਤੋਂ ਬਚਣ ਦਾ ਸੰਦੇਸ਼ਵਾਹਕ ਵੀ ਬਣਦਾ ਹੈ। ਇਸੇ ਲਈ ਬਿਰਤਾਂਤਕੀ-ਪਾਠ ਵਿਚ ਸੁਰਿੰਦਰ ਵੀ ਬਾਬਾ ਜੀ ਨੂੰ ਜਦੋਂ ਸਮੇਂ ਨਾਲ ਬਦਲਣ ਦੀ ਤਾਕੀਦ ਕਰਦਾ ਸਿਆਸਤ ਖੇਡਣ ਦੀ ਗੱਲ ਕਰਦਾ ਹੈ ਤਾਂ ਬਾਬਾ ਜੀ ਦਾ ਬਜ਼ੁਰਗ ਮਨ ਇਸ ਸਭ ਕੁਝ ਤੋਂ ਇਨਕਾਰੀ ਹੋ ਆਪਣਾ ਆਦਰਸ਼ਵਾਦੀ ਰਾਹ ਤਿਆਗਣ ਲਈ ਤਿਆਰ ਨਹੀਂ :

ਸੁਰਿੰਦਰ ਕਹਿੰਦਾ ਕਿ "ਜੇ ਮਾਇਆਵਤੀ ਆਪਣੇ ਕੱਟੜ ਵਿਰੋਧੀਆਂ ਨਾਲ ਸਮਝੌਤਾ ਕਰ ਸਕਦੀ ਆ ਤਾਂ ਤੁਸੀਂ ਮੇਰੀ ਸਮਝਾਈ ਗੱਲ 'ਤੇ ਅਮਲ ਕਰੋ । ਸਿਆਸਤ ਖੇਡੋ ਬਾਬਾ ਜੀ ਸਿਆਸਤ ਇਹ ਵੇਲਾ ਸਿੱਧੀ ਲੜਾਈ ਦਾ ਨ੍ਹੀ-ਮੌਕੇ ਦਾ ਫਾਇਦਾ ਉਠਾਉਣ ਦਾ ਆ। ਐਵੇਂ ਅਖ਼ਬਾਰਾਂ 'ਚ ਖ਼ਬਰਾਂ ਨਾ ਲਵਾਈਓ।ਇਸ ਨਾਲ ਕੁਛ ਨ੍ਹੀ ਬਣਨਾ।ਚਾਰ ਦਿਨ ਰੌਲਾ ਪੈ ਸਕਦਾ। ਇਸ ਤੋਂ ਵੱਧ ਕੁਛ ਨ੍ਹੀ ਹੋਣਾ।"

"ਮੈਂ ਉਹਨੂੰ ਕਿੱਦਾਂ ਸਮਝਾਵਾਂ ਕਿ ਹਰ ਕੰਮ ਫਾਇਦਾ ਦੇਖ ਕੇ ਨ੍ਹੀ ਕੀਤਾ ਜਾਂਦਾ"।( ਸਿਆਸਤ ਖੇਡ, ਸਿਆਸਤ, ਪੰਨਾ, 106)

ਪਾਠ ਵਿਚਲਾ ਕਲਤਾਮਕ ਪੱਖ ਵੀ ਮਹਤੱਵਪੂਰਨ ਹੈ। ਉੱਤਮ ਪੁਰਖੀ ਵਿਧੀ ਵਿਚ ਰਚੀ ਲੰਮੀ ਕਹਾਣੀ ਪਾਠਕ ਦਾ ਧਿਆਨ ਖਿੱਚਦੀ ਹੈ। ਪਾਠ ਵਿਚਲੇ ਦਿਲਚਸਪ ਵੇਰਵੇ ਰੋਚਕਤਾ ਭਰ ਪਾਠਕੀ ਮਨ ਨੂੰ ਧੂੰਹਦੇ ਚਲੇ ਜਾਂਦੇ ਹਨ। ਯਥਾਰਥਕ ਛੋਹਾਂ ਨਾਲ ਆਪਣੇ ਅਨੁਭਵ ਨੂੰ ਪੇਸ਼ ਕਰਨਾ ਜਿੰਦਰ ਦੀ ਕਹਾਣੀ ਕਲਾ ਦੇ ਅਹਿਮ ਲੱਛਣ ਹਨ। ਕਥਾ ਰਸ, ਮਨੋਵਿਗਿਆਨਕ ਛੋਹਾਂ, ਜੀਵਨ ਕਾਰਜ ਦੇ ਜੀਵੰਤ ਚਿੱਤਰ ਸਿਰਜਣਾ, ਵਿਅੰਗ ਵਿਧੀ, ਸੰਗਠਿਤ ਕਥਾਨਕ ਰਾਹੀਂ ਰਸ ਪੈਦਾ ਕਰਨਾ ਆਦਿ ਉਸ ਦੀਆਂ ਪ੍ਰਮੁੱਖ ਬਿਰਤਾਂਤਕ ਜੁਗਤਾਂ ਹਨ। ਕਹਾਣੀਆਂ ਵਿਚਲੇ ਬਹੁਤੇ ਵੇਰਵੇ ਲੇਖਕ ਦੇ ਆਪਣੇ ਵਿਅਕਤੀਤੱਵ ਤੇ ਨਿੱਜਤੱਵ ਦਾ ਹੀ ਪ੍ਰਗਟਾਵਾ ਕਰਦੇ ਭਾਸਦੇ ਹਨ। ਪਰ ਫ਼ਿਰ ਵੀ ਉਹ ਕਹਾਣੀ ਰਸ ਨਾਲ ਪਾਠਕ ਉੱਤੇ ਆਪਣੀ ਪਕੜ ਮਜ਼ਬੂਤ ਕਰਨ ਵਿਚ ਸਫ਼ਲ ਰਹਿੰਦਾ ਹੈ।ਕਹਾਣੀਆਂ ਵਿਚ ਪੜ੍ਹਨਯੋਗਤਾ ਹੈ। ਬਿਰਤਾਂਤਕੀ-ਪਾਠ ਵਿਚ ਸਾਰੀਆਂ ਗੱਲਾਂ ਬੜੀ ਸਹਿਜਤਾ ਨਾਲ ਪੇਸ਼ ਹੁੰਦੀਆਂ ਹਨ। ਜਿਸ ਤੋਂ ਕਹਾਣੀ ਦੇ ਖੇਤਰ ਵਿਚ ਨਿਕਟ ਭਵਿੱਖ ਵਿਚ ਵੀ ਬਹੁਤ ਸਾਰੀਆਂ ਸੰਭਾਵਨਾਵਾਂ ਜਾਗਦੀਆਂ ਹਨ।

**ਸਹਾਇਕ ਪੁਸਤਕਾਂ:**

1. ਆਤਮਜੀਤ, ਕੈਮਲੂਪਸ ਦੀਆਂ ਮੱਛੀਆਂ, ਯੂਨੀਸਟਾਰ ਬੁੱਕਸ, ਚੰਡੀਗੜ੍ਹ, 2013
2. ਜਿੰਦਰ, ਸਿਆਸਤ ਖੇਡ ਸਿਆਸਤ, ਸੰਗਮ ਪਬਲੀਕੇਸ਼ਨਜ਼, ਪਟਿਆਲਾ, 2020
3. ਰਵਿੰਦਰ ਕੁਮਾਰ, ਔਰਤ ਤੇ ਦਲਿਤ, ਹਾਸ਼ੀਆਗਤ ਪ੍ਰਵਚਨ: ਨਵ-ਇਤਿਹਾਸਵਾਦੀ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005
4. ਰੰਧਾਵਾ, ਦਪਿੰਦਰਜੀਤ ਕੌਰ( ਡਾਂ.) , ਜੂਲੀਆ ਕ੍ਰਿਸਤੇਵਾ, ਪੰਜਾਬੀ ਅਕਾਦਮੀ, ਦਿੱਲੀ, 2009
5. ਰਾਕੇਸ਼ ਕੁਮਾਰ, ਨਾਰੀਵਾਦੀ ਵਿਮਰਸ਼, ਆਧਾਰ ਪ੍ਰਕਾਸ਼ਨ, ਪੰਚਕੂਲਾ, 2011
6. ਪਰਮਜੀਤ ਕੌਰ, ਨਾਰੀਵਾਦ ਤੇ ਸਮੀਖਿਆ ,ਆਬ ਪਬਲਿਕੇਸ਼ਨਜ਼, ਸਮਾਣਾ, 2013



# ਸੂਖਮ ਵਿਅੰਗ ਦੀ ਬੁਣਤੀ ਵਾਲੀਆਂ ਕਹਾਣੀਆਂ : ਜਨਾਨੀ ਪੌਦ /

- ਜਸਵਿੰਦਰ ਕੌਰ ਬਿੰਦਰਾ




ਕੇਸਰਾ ਰਾਮ ਪੰਜਾਬੀ ਦਾ ਅਜਿਹਾ ਹਸਤਾਖ਼ਰ ਹੈ, ਜਿਸ ਦੀ ਕਹਾਣੀ ਜੇ ਪਤ੍ਰਿਕਾ ਵਿੱਚ ਛੱਪੇ ਤਾਂ ਉਸ ਦੀ ਗਿਣਤੀ ਸਾਲ ਦੀਆਂ ਬਿਹਤਰੀਨ ਕਹਾਣੀਆਂ ਵਜੋਂ ਕਿੱਧਰੇ ਨਾ ਕਿੱਧਰੇ ਹੁੰਦੀ ਹੀ ਹੈ ਤੇ ਜੇ ਉਸ ਦਾ ਨਵਾਂ ਕਹਾਣੀ ਸੰਗ੍ਰਹਿ ਆ ਜਾਵੇ ਤਾਂ ਪੁਸਤਕ ਪੁਰਸਕਾਰ ਲੈ ਜਾਂਦੀ ਹੈ। ਇਸ ਨੌਜਵਾਨ ਕਹਾਣੀਕਾਰ ਦਾ ਨਵਾਂ ਕਹਾਣੀ ਸੰਗ੍ਰਹਿ 'ਜ਼ਨਾਨੀ ਪੌਦ'( **ਪ੍ਰਕਾਸ਼ਕ ਨਵਯੁਗ ਪਬਲਿਸ਼ਰਜ਼, 2019, ਮੁੱਲ 250/-, ਪੰਨੇ -155**) ਮੇਰੇ ਹੱਥਾਂ ਵਿੱਚ ਹੈ।ਲੰਮੀ ਕਹਾਣੀ ਲਿਖਣ ਵਾਲੇ ਇਸ ਕਹਾਣੀਕਾਰ ਦੇ ਨਵੇਂ ਸੰਗ੍ਰਹਿ ਵਿੱਚ ਛੇ ਤੋਂ ਵੱਧ ਕਹਾਣੀਆਂ ਨਹੀਂ।

ਸਾਹਿਤ ਰਚਨਾ ਇਕ ਗੰਭੀਰ ਕਾਰਜ ਹੈ, ਇਹ ਕਾਰਜ ਸਿਰਫ਼ ਆਪਣਾ ਛਪਿਆ ਹੋਇਆ ਨਾਂ ਦੇਖਣ ਦੀ ਉਤਸੁਕਤਾ ਰੱਖਣ ਵਾਲਿਆਂ ਲਈ ਭਾਵੇਂ ਕੋਈ ਬਹੁਤੀ ਅਹਿਮੀਅਤ ਨਾ ਰੱਖਦਾ ਹੋਏ, ਪਰ ਇਸ ਨਾਲ ਸੂਝ ਨਾਲ ਜੁੜੇ ਲੇਖਕਾਂ ਤੇ ਪਾਠਕਾਂ ਲਈ ਅਤਿਅੰਤ ਮਹੱਤਵਪੂਰਣ ਹੈ। ਚੰਗਾ ਲਿਖਣ-ਪੜ੍ਹਨ ਵਾਲਿਆਂ ਲਈ, ਲਿਖਣਾ ਵੀ ਜ਼ਿੰਮੇਵਾਰੀ ਭਰਿਆ ਕਾਰਜ ਹੈ। ਸਾਹਿਤਕਾਰ ਚਾਹੇ ਤਾਂ ਆਪਣੇ ਸ਼ਬਦਾਂ ਨਾਲ ਬਦਲਾਵ ਲਈ ਪ੍ਰੇਰਿਤ ਕਰ ਸਕਦਾ ਹੈ, ਆਪਣੇ ਵਿਚਾਰਾਂ ਨਾਲ ਕਰਾਂਤੀ ਲਿਆ ਸਕਦਾ ਹੈ। ਦੁਨੀਆ ਦੇ ਬਹੁਤ ਸਾਰੇ ਸਾਹਿਤਕਾਰ ਅੱਜ ਵੀ ਆਪਣੇ ਸ਼ਬਦਾਂ ਤੇ ਵਿਚਾਰਾਂ ਰਾਹੀਂ ਹੀ ਜਿਉਂਦੇ ਹਨ।

ਕੇਸਰਾ ਰਾਮ ਵੀ ਇਕ ਗੰਭੀਰ ਸਾਹਿਤਕਾਰ ਹੈ, ਕਿਉਂਕਿ ਉਸ ਦੀਆਂ ਕਹਾਣੀਆਂ ਅਜੋਕੇ ਸਮੇਂ ਦੇ ਮੁੱਦਿਆਂ ਨਾਲ ਜੁੜੀਆਂ ਹੁੰਦੀਆਂ ਹਨ। ਸੰਗ੍ਰਹਿ ਦੀਆਂ ਸਾਰੀਆਂ ਹੀ ਕਹਾਣੀਆਂ ਵੱਖ-ਵੱਖ ਵਿਸ਼ਿਆਂ ਨੂੰ ਲੈ ਕੇ ਰੱਚੀਆਂ ਗਈਆਂ ਹਨ। ਇਹ ਸਾਰੇ ਹੀ ਵਿਸ਼ੇ ਅਜੋਕੇ ਸਮੇਂ ਵਿੱਚ ਗੰਭੀਰ ਰੂਪ ਧਾਰਣ ਕਰ ਚੁੱਕੇ ਹਨ। ਚਾਹੀਦਾ ਦਾ ਤਾਂਸੀ ਕਿ ਕਥਿਤ ਆਧੁਨਿਕਤਮ ਤੇ ਉੱਤਰ ਆਧੁਨਿਕ ਦੌਰ ਵਿੱਚ ਸਾਨੂੰ ਦਕਿਆਨੂਸੀ ਵਿਚਾਰਾਂ ਨੂੰ ਸੜ੍ਹੇ-ਗਲੇ ਤੇ ਆਊਟਡੇਟਿਡ ਮੰਨ ਕੇ, ਆਪਣੇ ਤੋਂ, ਸਮਾਜ ਤੋਂ ਪਰ੍ਹੇ ਵਗਾਹ ਕੇ ਸੁੱਟ ਕੇ ਸੱਚਮੁੱਚ ਆਧੁਨਿਕ ਬਣਨਾ ਚਾਹੀਦਾ ਸੀ, ਪੜ੍ਹੇ-ਲਿਖੇ ਵਰਗਾਂ ਨੇ ਉਨ੍ਹਾਂ ਨੂੰ ਹੋਰ ਵੀ ਕਸ ਕੇ ਜੱਫਾ ਪਾ ਲਿਆ। ਪਰ ਕੁਝ ਗੱਲਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਸ਼ਾਇਦ ਅਸੀਂ ਲੋਕ ਬਦਲਣਾ ਹੀ ਨਹੀਂ ਚਾਹੁੰਦੇ। ਜਿੱਥੇ ਸਾਨੂੰ ਆਪਣੀ ਨਵੀਨ ਸੋਚ ਦਾ ਪ੍ਰਗਟਾਵਾ ਕਰ, ਅਗਾਂਹ ਵਧੂ ਹੋਣਾ ਚਾਹੀਦਾ ਹੈ, ਉੱਥੇ ਸਾਡੀ ਸੋਚ ਉਤੇ ਸੰਸਕਾਰਾਂ ਤੇ ਰੂੜ੍ਹੀਆਂ ਦੀ ਪਕੜ ਵਧੇਰੇ ਜਕੜੀ ਹੋਈ ਦਿੱਸਦੀ ਹੈ।ਲੇਖਕ ਜਿਨ੍ਹਾਂ ਆਪਣੇ ਆਲੇ-ਦੁਆਲੇ ਪ੍ਰਤੀ ਗ੍ਰਹਿਣਸ਼ੀਲ ਹੋਏਗਾ, ਉਨ੍ਹਾਂ ਹੀ ਅਣਸੁਖਾਵੇ ਵਰਤਾਰੇ ਉਸ ਨੂੰ ਬੇਆਰਾਮ ਕਰਦੇ ਹਨ। ਉਸ ਨੂੰ ਇਹ ਗੱਲ ਬੇਚੈਨ ਕਰਦੀ ਹੈ ਕਿ ਜਿਨ੍ਹਾਂ ਸਮੱਸਿਆਵਾਂ, ਮਸਲਿਆਂ ਉਤੇ ਸਮਾਜ ਦੇ ਸਾਰੇ ਵਰਗਾਂ, ਸ਼੍ਰੇਣੀਆਂ ਤੇ ਪਰਿਵਾਰਾਂ ਨੂੰ ਰਲਮਿਲ ਕੇ ਉਸ ਦਾ ਹੱਲ ਕੱਢਣ ਬਾਰੇ ਸੋਚਣਾ ਜਾਂ ਉਸ ਨਾਲ ਨਜਿੱਠਣ ਦੇ ਉਪਰਾਲੇ ਕਰਨੇ ਚਾਹੀਦੇ ਹਨ, ਸਮਾਜ ਸੌਖਿਆਂ ਹੀ ਉਨ੍ਹਾਂ ਨੂੰ ਅਪਨਾ ਰਿਹਾ ਹੈ। ਕਿਸੇ ਨੂੰ ਕੋਈ ਗੱਲ

ਅਸੁਭਾਵਿਕ ਪ੍ਰਤੀਤ ਹੀ ਨਹੀਂ ਹੁੰਦੀ।ਅਜਿਹੀ ਹਾਲਤ ਵਿੱਚ ਸੰਵੇਦਨਸ਼ੀਲ ਲੇਖਕ ਕੋਲ ਸ਼ਬਦਾਂ ਦਾ ਰਾਹ ਹੀ ਬਾਕੀ ਹੁੰਦਾ ਹੈ, ਜਿਸ ਉਤੇ ਚਲ ਕੇ ਉਹ ਆਪਣੇ ਵਲੋਂ, ਕਥਿਤ ਤੌਰ ਤੇ ਪੜ੍ਹੇ-ਲਿਖੇ ਲੋਕਾਂ ਨੂੰ ਸਮਝਾਉਣ ਲਈ ਮੱਥਾ ਮਾਰਨ ਦੀ ਬਜਾਏ, ਆਪਣੇ ਸਾਰੇ ਗੁਬਾਰ ਤੇ ਬੇਚੈਨੀ ਨੂੰ ਕਵਿਤਾ ਜਾਂ ਕਥਾ-ਕਹਾਣੀ ਵਿੱਚ ਉਲੱਦਕੇ ਦੱਸਣ ਦਾ ਜਤਨ ਕਰਦਾ ਹੈ।

ਸੰਗ੍ਰਹਿ ਦਾ ਸਿਰਲੇਖ **'ਜ਼ਨਾਨੀ ਪੌਦ'** ਇਕਦਮ ਧਿਆਨ ਖਿੱਚਦਾ ਹੈ।ਇਸ ਸਿਰਲੇਖ ਵਾਲੀ ਕਹਾਣੀ, ਸਦੀਆਂ ਪੁਰਾਣੀ ਸੋਚ ਕਿ ਔਰਤ ਮਾਂ ਬਣੇ ਤਾਂ ਬਸ ਮੁੰਡਾ ਹੀ ਜੰਮੇ, ਨਹੀਂ ਤਾਂ... ਵਿਡੰਬਨਾ ਇਹ ਹੈ ਕਿ ਨਿਪੁੱਤੀ ਤੇ ਬੇਔਲਾਦ ਵੀ ਉਹ ਰਹਿ ਨਹੀਂ ਸਕਦੀ।ਉਸ ਦੀ ਕਿਹੜੀ ਮਰਜ਼ੀ ਚਲਣੀ ਏਂ।ਪ੍ਰੀਤੀ ਅਤੇ ਸਵੀਟੀ ਦੋਵੇਂ ਵਿਆਹ ਤੋਂ ਪਹਿਲਾ ਜਿੰਨੀਆਂ ਚੰਚਲ ਤੇ ਬੇਬਾਕ ਸਨ, ਵਿਆਹ ਤੋਂ ਬਾਦ ਦੋਵਾਂ ਦੀ ਜ਼ਿੰਦਗੀ ਬਹੁਤ ਬਦਲ ਗਈ।ਪ੍ਰੀਤੀ ਦਾ ਵਿਆਹ ਪਿੰਡ ਦੇ ਖਾਂਦੇ-ਪੀਂਦੇ ਘਰ ਵਿੱਚ ਹੋਇਆ ਤੇ ਸਵੀਟੀ ਦਾ ਚੰਡੀਗੜ੍ਹ ਦੇ ਸਰਕਾਰੀ ਮੁਲਾਜ਼ਮ ਨਾਲ।ਪਰ ਸ਼ਹਿਰ ਹੋਵੇ ਭਾਵੇਂ ਪਿੰਡ, ਹਰ ਥਾਂ ਮਸਲਾ ਸਿਰਫ਼ ਮੁੰਡਾ ਜੰਮਣ ਨੂੰ ਲੈ ਕੇ ਹੀ ਵਾਧੂ ਹੈ।ਵਿਆਹ ਦੇ ਚਾਰ ਸਾਲ ਮਗਰੋਂ ਵੀ ਗੋਦ ਖਾਲੀ ਹੋਣ ਕਾਰਣ ਪ੍ਰੀਤੀ ਦਿਨੋਂ-ਦਿਨ ਸੁੱਕਣ ਤੇ ਮੁਰਝਾਉਣ ਲੱਗੀ, ਜਦਕਿ ਸਵੀਟੀ ਦੀ ਦੋ ਸਾਲ ਦੀ ਕੁੜੀ ਹੈ।ਪਰ ਤੀਸਰੀ ਵਾਰ ਉੱਮੀਦ ਲੱਗਣ ਤੇ ਪੇਕੀਂ ਫਿਰ ਲਿੰਗ-ਜਾਂਚ ਲਈ ਆਈ ਹੈ। ਦੇਸ ਦਾ ਕਾਨੂੰਨ ਭਾਵੇਂ ਲਿੰਗ-ਜਾਂਚ ਨੂੰ ਗ਼ੈਰ-ਕਾਨੂੰਨੀ ਮੰਨੇ, ਪਿੰਡਾਂ ਵਿੱਚ ਇਸ ਦੇ ਵੀ ਨਵੇਂ ਢੰਗ ਕੱਢ ਲਏ ਗਏ ਹਨ।ਇਸ ਕਹਾਣੀ ਵਿੱਚ ਕੇਸਰਾ ਰਾਮ ਨਵੇਂ ਤੇ ਪੁਰਾਣੇ ਦੋਵਾਂ ਢੰਗਾਂ ਨਾਲ ਇਸ ਸਮੱਸਿਆ ਨੂੰ ਨਜਿੱਠਣ ਦੀ ਕੋਸ਼ਿਸ਼ ਕਰਦਾ ਹੈ।ਟੈਸਟ-ਟਿਊਬ ਬੇਬੀ ਤੋਂ ਲੈ ਕੇ ਸੈਰੋਗੇਟ ਮਦਰ ਤੇ ਆਈ. ਵੀ. ਐਫ ਜਿਹੇ ਆਧੁਨਿਕ ਵਿਗਿਆਨਕ ਤਰੀਕਿਆਂ ਦੀ ਥੋੜ ਨਾ ਹੋਣ ਦੇ ਬਾਵਜੂਦ, ਬਾਬਿਆਂ-ਡੇਰਿਆਂ ਉਤੇ ਮੱਥਾ ਘਸਾਉਣ ਵਾਲੀਆਂ ਸੱਸਾਂ ਤੇ ਬਹੂਆਂ ਦੀ ਕੋਈ ਕਮੀ ਨਹੀਂ।ਚਾਹੁੰਦੇ-ਨਾ ਚਾਹੁੰਦੇ, ਇਹ ਸਿਲਸਿਲੇ ਇਸੇ ਤਰ੍ਹਾਂ ਚਲ ਰਹੇ ਹਨ।

ਕਹਾਣੀ ਵਿਅੰਗਾਤਮਕ ਅੰਦਾਜ਼ ਨਾਲ ਖੇਤੀ-ਫਲਾਂ ਲਈ ਜ਼ਨਾਨੇ ਪੌਦਿਆਂ ਦੀ ਨਵੀਂ ਤਕਨੀਕ ਦੀ ਕਾਢ ਬਾਰੇ ਦੱਸਦੀ ਹੈ, ਜੋ ਬੰਜਰ ਜ਼ਮੀਨ ਵਿੱਚ ਵੀ ਮੌਲ ਪੈਂਦੇ ਹਨ।'ਬੇਸ਼ਕ ਖੇਤੀ-ਬਾੜੀ ਯੂਨੀਵਰਸਿਟੀ 'ਚੋਂ ਪਤਾ ਕਰ ਲਓ।' ਘਰਾਂ ਵਿੱਚ ਦੁੱਧ ਦੇਣ ਲਈ ਵੀ ਲਵੇਰੀ ਚਾਹੀਦੀ ਹੈ, ਕੱਟਾ, ਵਹਿੜਕਾ ਕਿਸੇ ਕੰਮ ਦਾ ਨਹੀਂ।ਕੰਮਕਾਜ ਲਈ ਕਮਾਊ ਮਾਦਾ ਚਾਹੀਦੀ ਹੈ, ਪਰ ਘਰ ਵਿੱਚ ਮਾਦਾ, ਮਾਦਾ ਨੂੰ ਨਾ ਜੰਮੇ।ਜੇ ਜੰਮੇ ਤਾਂ ਹਰ ਵੇਲੇ ਕੁੱਟ ਖਾਏਂ, ਨਾ ਜੰਮੇ ਕੁੱਟ ਤਾਂ ਵੀ ਖਾਵੇਂ।ਆਪਸ ਵਿੱਚ ਸਹੇਲੀਆਂ ਭਾਵੇਂ ਇਕ-ਦੂਜੇ ਦੇ ਨਾਂ ਸੈਕਸ ਨਾਲ ਸੰਬੰਧਤ ਰੱਖ ਲੈਣ, ਸੱਸ ਬੇਧੜਕ ਬਹੂ ਨੂੰ ਕਿਸੇ ਬਾਬੇ ਕੋਲ ਲੈ ਜਾਵੇ, ਇਨ੍ਹਾਂ ਤਰੀਕਿਆਂ ਨਾਲ ਸਿਰਫ਼ ਭੜਾਸ ਕੱਢੀ ਜਾ ਸਕਦੀ ਹੈ ਜਾਂ ਮਨ ਨੂੰ ਭੁਲਾਵੇ ਵਿੱਚ ਪਾਇਆ ਜਾ ਸਕਦਾ ਹੈ।ਫਿਰ ਵੀ ਪ੍ਰੀਤੀ ਦਾ ਬਾਬੇ ਨੂੰ ਸਾਫ-ਸਾਫ ਮਨ੍ਹਾ ਕਰਕੇ ਵਾਪਸ ਆ ਜਾਣਾ, ਹਿੰਮਤ ਦੀ ਲੀਕ ਪੈਂਦੀ ਜ਼ਰੂਰ ਦਿਖਾਉਂਦਾ ਹੈ। ਪ੍ਰੀਤੀ ਦੇ ਪਤੀ ਬਖ਼ਸ਼ੀਸ਼ ਦਾ ਬੀਵੀ ਨੂੰ ਹਰ ਵੇਲੇ ਕੁੱਟਣਾ ਤੇ ਉਸ ਦੇ ਗਰਭਵਤੀ ਹੋਣ ਤੇ ਆਪ ਸੁੱਕਦੇ ਜਾਣਾ ਬਹੁਤ ਕੁਝ ਦੱਸ ਜਾਂਦਾ ਹੈ।ਕਹਾਣੀ ਨੱਥੇ ਤੇ ਜ਼ਨਾਨੀ ਪੌਦ ਨਾਲ ਬੰਜ਼ਰ ਜ਼ਮੀਨ ਨੂੰ ਭਾਗ ਲਾਉਣ ਦੇ ਇਸ਼ਾਰਿਆਂ ਵਿੱਚ ਬਹੁਤ ਛੁਪਾ ਕੇ, ਕਾਫੀ ਕੁਝ ਦੱਸਣ ਦਾ ਜਤਨ ਵੀ ਕਰਦੀ ਹੈ।

**'ਪਿੰਡਾਂ ਵਿਚੋਂ ਪਿੰਡ ਸੁਣੀਂਦਾ'** ਕਹਾਣੀ ਸਾਡੇ ਇਸ ਦੌਰ ਦੀ ਹੈ, ਜਿੱਥੇ ਪਿੰਡ ਸਿਰਫ਼ ਨਾਵਾਂ ਵਿੱਚ ਹੀ ਰਹਿ ਗਏ ਹਨ। ਤਕਨੀਕ ਤੇ ਆਧੁਨਿਕ ਸਹੂਲਤਾਂ ਦੀ ਭਰਮਾਰ ਨੇ ਪਿੰਡਾਂ ਦੀ ਸਾਦਗੀ, ਸਰਲਤਾ ਤੇ ਮਿੱਟੀ ਨਾਲ ਜੁੜੇ ਹੋਣ ਦੀ ਭਾਵਨਾ ਨੂੰ ਉਨ੍ਹਾਂ ਤੋਂ ਖੋਹ ਲਿਆ ਹੈ। ਬਿਹਾਰੀ ਆਦਮੀ ਦੀ ਪਛਾਣ ਸਾਡੇ ਲਈ ਸਿਰਫ਼ 'ਭਈਆ'ਤਕ ਸੀਮਿਤ ਹੈ।ਸੰਤੋਸ਼ ਅਨੰਦ ਝਾਅ ਜੇ.ਈ. ਬਣ ਚਾਰ ਸਾਲ ਪਹਿਲਾ ਪੰਜਾਬ ਦੇ ਸੰਗਰੂਰ ਇਲਾਕੇ ਵਿੱਚ ਆਇਆ।ਉਸ ਦੀ ਡਾਢੀ ਇੱਛਾ ਸੀ ਕਿ ਉਹ ਪੰਜਾਬ ਦੇ ਪਿੰਡਾਂ ਨੂੰ, ਉਨ੍ਹਾਂ ਦੀ ਜ਼ਿੰਦਗੀ, ਰੋਜ਼ਾਨਾ ਦੇ ਆਚਾਰ-ਵਿਹਾਰ ਨੂੰ ਨੇੜਿਓਂ ਹੋ ਕੇ ਦੇਖੇ।ਜਿਸ ਪੰਜਾਬ ਨੂੰ ਦੇਖਣ ਦੀ ਰੀਝ ਲੈ ਕੇ ਉਹ ਇੱਥੇ ਆਇਆ ਸੀ, ਉਹ ਅਸਲੀਅਤ ਵਿੱਚ ਉਸ ਨੂੰ ਕਿੱਧਰੇ ਵੀ ਦਿੱਸ ਨਹੀਂ ਰਹੀ ਸੀ।ਮੇਲੇ, ਜੱਟਾਂ ਦਾ ਜੀਵਨ, ਸ਼ਰਬਤ ਵਰਗਾ ਪਾਣੀ, ਜੀਵਨ ਦੀ ਸਭ ਤੋਂ ਅਹਿਮ ਘਟਨਾ ਵਿਆਹ, ਉਸ ਨਾਲ ਸੰਬੰਧਤ



ਰਵਾਇਤਾਂ..ਹੁਣ ਕੁਝ ਬਾਕੀ ਨਹੀਂ ਰਿਹਾ।ਚਾਰ ਸਾਲ ਵਿੱਚ ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਪੰਜਾਬੀ ਬੋਲਣੀ ਆ ਗਈ, ਜਦਕਿ ਪੰਜਾਬ ਦੇ ਭੁੱਲਦੇ ਜਾਂਦੇ ਹਨ। ਵਿਆਹਾਂ ਦੇ ਚਾਅ-ਮਲ੍ਹਾਰ, ਸਿਰਫ਼ ਮੈਰਿਜ ਪਲੈਸ ਤਕ ਲੰਮਾ ਸਮਾਂ ਲੱਗਾ ਕੇ, ਦੁਪਹਿਰ ਤਕ ਪਹੁੰਚਣ ਤੇ ਕਈ ਤਰ੍ਹਾਂ ਦੇ ਪਕਵਾਨ ਖਾ ਕੇ ਉਥੋਂ ਮੁੜਨ ਤਕ ਹੀ ਰਹਿ ਗਿਆ ਹੈ। ਹੁਣ ਰਸਮਾਂ, ਸ਼ਗਨਾਂ ਤੇ ਲੋਕਗੀਤਾਂ ਦੀ ਥਾਂ, ਫੋਟੋ ਸੈਸ਼ਨ, ਮੂਵੀ ਬਣਾਉਣ ਵਾਲਿਆਂ ਦੀ ਰੇਲ-ਪੇਲ, ਦਿਨ ਵੇਲੇ ਵੀ ਖੁੱਲ੍ਹੀ ਦਾਰੂ, ਸਟੇਜ ਤੇ ਨੱਚਦੀਆਂ ਆਰਕੇਸਟ੍ਰਾ ਤੇ ਡੀ.ਜੇ ਦੇ ਭਾਰੀ ਸ਼ੋਰ ਨੇ ਲੈ ਲਈ ਹੈ।ਆਪਣੇ ਸਾਹਬ ਨੂੰ ਪਿੰਡਾਂ ਦੀ ਅਸਲੀ ਝਲਕ ਦਿਖਾਉਣ ਵਿੱਚ ਅਸਮਰੱਥ ਰਿਹਾ ਪਾਤਰ ਉਸ ਨੂੰ ਪਿੰਡ ਦੀ ਕਲਾਕ੍ਰਿਤੀ ਦਾ ਅਜਿਹਾ ਮਾਸਟਰ ਪੀਸ ਤੋਹਫ਼ੇ ਵਜੋਂ ਦੇ ਰਿਹਾ ਹੈ, ਜੋ ਪਿੰਡ ਦੀ ਝਲਕ ਦਿਖਾਉਂਦਾ ਵੀ ਹੈ ਤੇ ਗਾਇਬ ਵੀ ਹੋ ਜਾਂਦਾ ਹੈ, ਫਿਰ ਭਰਮ ਸਿਰਜ ਕੇ, ਉਸ ਨੂੰ ਆਪਣੇ ਰੰਗਾਂ ਨਾਲ ਜਿਵੇਂ ਮਰਜ਼ੀ ਦੇਖ ਲਵੋ।ਸੰਗ੍ਰਹਿ ਦੀ ਇਕ ਬਹੁਤ ਹੀ ਬਿਹਤਰੀਨ ਕਹਾਣੀ, ਸਾਡੇ ਗਵਾਚੇ ਜਾਂਦੇ ਸਭਿਆਚਾਰ ਦੀ, ਜੋ ਆਉਣ ਵਾਲੇ ਸਮੇਂ ਵਿੱਚ ਇਹੋ ਜਿਹੀਆਂ ਕਲਾਕ੍ਰਿਤੀਆਂ ਵਿੱਚ ਹੀ ਦਿੱਸਣਗੇ ਤੇ ਪਿੰਡਾਂ ਦਾ ਅਸਲ ਜੀਵਨ, ਜੋ ਲੋਕ ਗੀਤਾਂ ਰਾਹੀਂ ਧੁੰਮਾਂ ਪਾਉਂਦਾ ਸੀ, ਫਿਲਮੀ ਤੇ ਲੱਚਰ ਗੀਤਾਂ ਦੇ ਰੌਲੇ-ਰੱਪੇ ਵਿੱਚ ਭਾਲਿਆ ਵੀ ਨਹੀਂ ਲੱਭਣਾ।

ਪਿੱਛਲੇ ਕੁਝ ਅਰਸੇ ਵਿੱਚ ਖਾਪ ਪੰਚਾਇਤਾਂ ਵਲੋਂ ਢਾਇਆ ਜਾਂਦਾ ਕਹਿਰ ਬਹੁਤ ਸੁਰਖ਼ੀਆਂ ਬਟੋਰਦਾ ਰਿਹਾ, ਜਿਸ ਨੇ **'ਔਨਰ ਕਿਲਿੰਗ'** ਦੇ ਨਾਂ ਹੇਠ ਪਤਾ ਨਹੀਂ ਕਿੰਨੇ ਨੌਜਵਾਨ ਪ੍ਰੇਮੀ ਦਿਲਾਂ ਨੂੰ ਬੁਰੀ ਤਰ੍ਹਾਂ ਨਾਲ ਮਧੋਲ ਸੁੱਟਿਆ, ਸਿਰਫ਼ ਆਪਣੀ ਨੱਕ ਦੇ ਵਾਲ ਨੂੰ ਉੱਚਾ ਰੱਖਣ ਖ਼ਾਤਿਰ। ਇਹ ਕਹਾਣੀ ਇਕ ਪਾਸੇ ਹਰਿਆਣਾ ਦੇ ਖੇਡਾਂ ਵਿੱਚ ਅੱਗੇ ਵੱਧਣ ਤੇ ਤਰੱਕੀ ਦੇ ਰਾਹ ਦੀ ਬਾਤ ਪਾਉਂਦੀ, ਉਥੇ ਵਿਆਹ ਵੇਲੇ ਅਜੇ ਵੀ ਇਨ੍ਹਾਂ ਖਾਪ ਬਾਬਿਆਂ ਦੀ ਦਬੰਗਤਾ ਨੂੰ ਸੁਰਮਤਾਈ ਸਮਝ ਕੇ ਅਪਨਾਉਂਦੀ ਹੈ।ਇੱਥੇ ਵਿਆਹ ਦੇ ਤਿੰਨ ਸਾਲਾਂ ਬਾਦ ਪਤੀ-ਪਤਨੀ ਨੂੰ ਭੈਣ-ਭਰਾ ਬਣ ਕੇ ਰਹਿਣ ਦਾ ਨਾਦਰਸ਼ਾਹੀ ਹੁਕਮ ਚਾੜ੍ਹਨ ਵਿੱਚ ਦੇਰ ਨਹੀਂ ਕਰਦੀ ਤੇ ਮਜ਼ੇ ਦੀ ਗੱਲ ! ਤਰੱਕੀ ਦੀ ਰਾਹ ਤੇ ਅੱਗੇ ਵੱਧਦੇ ਹਰਿਆਣੇ ਦੇ ਨੌਜਵਾਨ ਉਸ ਨਾਦਰਸ਼ਾਹੀ ਫਰਮਾਨ ਨੂੰ ਲਾਗੂ ਕਰਨਾ ਆਪਣੀ ਸ਼ਾਨ ਸਮਝਦੇ ਹਨ।ਫੌਜੀ ਪ੍ਰੇਮੀ ਵੇਦਪਾਲ ਨੂੰ ਆਪਣੀ ਦੇਸੀ ਮਾਸ਼ੂਕਾ ਨੂੰ ਜੈਨੀਫਰ ਦੇ ਨਾਂ ਨਾਲ ਯਾਦ ਕਰਨਾ ਪੈਂਦਾ ਤਾਂ ਕਿ ਕਿਤੇ ਸੂਹ ਨਾ ਨਿਕਲ ਜਾਏ ਕਿ ਉਹ ਆਪਣੇ ਹੀ ਪਿੰਡ ਦੀ ਕੁੜੀ ਨੂੰ ਪਿਆਰ ਕਰਦਾ ਹੈ। ਪੱਕੀ ਦੋਸਤੀ ਵਾਲੇ ਦੋ ਦੋਸਤਾਂ ਵਿਚੋਂ ਸ਼ਮਸ਼ੇਰ ਨੂੰ ਭੰਗ ਭਾਣੇ ਆਪਣੀ ਜਾਨ ਗੁਆਉਣੀ ਪਈ ਕਿਉਂਕਿ ਉਹ ਬਲਵਾਨ ਅੱਗੇ **'ਤੇਰੀ ਗੋਤਣ ਬਿਆਹ ਕੇਲਿਆਰਯਾ ਸੂੰ'** ਦਾ ਦਾਵਾ ਬੜੀ ਅਕੜ ਨਾਲ ਕਰਕੇ ਗਿਆ ਸੀ।ਸ਼ਮਸ਼ੇਰ ਦੀ ਮਾਂ ਕੋਲੋਂ ਇਕੋ ਥਾਲੀ ਵਿੱਚ ਖਾ ਕੇ ਵੱਡੇ ਹੋਏ ਬਲਵਾਨ ਨੂੰ, ਸ਼ਮਸ਼ੇਰ ਦੀ ਦਸਵੀਂ ਪੜ੍ਹਦੀ ਰੇਣੂ ਦੇਫਸਟ ਆਉਣ ਉਤੇ ਮਾਣ ਜ਼ਰੂਰ ਹੈ, ਪਰ ਆਪਣੇ ਦਾਦੇ ਦੇ ਖਾਪ ਰੁਤਬੇ ਨੂੰ ਉਹ ਚਾਚੀ ਤੇ ਰੇਣੂ ਦੀਆਂ ਮਿੰਨਤਾਂ ਉਤੇ ਕੁਰਬਾਨ ਨਹੀਂ ਕਰ ਸਕਦਾ।ਉਸ ਨੂੰ ਆਪਣੀ ਇੱਜ਼ਤ ਦਾ ਬਹੁਤ ਖ਼ਿਆਲ ਹੈ। ਵੇਦਪਾਲ ਜਦੋਂ ਤਕ ਫੌਜ ਤੋਂ ਛੁੱਟੀ ਲੈ ਕੇ ਇਸ ਦੋਸਤੀ ਅਤੇ ਮਸਲੇ ਨੂੰ ਬਚਾਉਣ ਲਈ ਪਹੁੰਚਿਆ, ਉਦੋਂ ਤਕ ਵਿਆਹੁਣ ਵਾਲੇ ਸ਼ਮਸ਼ੇਰ ਦਾ ਸੰਸਕਾਰ ਹੋ ਚੁੱਕਾ ਸੀ ਤੇ ਬਚਪਨ ਦਾ ਦੋਸਤ ਬਲਵਾਨ ਕਿਤੇ ਗਾਇਬ ਸੀ।ਅਜਿਹੇ ਹਾਲਾਤ ਵਿੱਚ ਰੇਣੂ ਜਾਣਨਾ ਚਾਹੁੰਦੀ ਹੈ, ਹੁਣ ਬਲਵਾਨ ਭਰਾ ਦੀ ਇੱਜ਼ਤ ਨੂੰ ਚਾਰ ਚੰਨ ਲੱਗ ਹਨ ?

ਭਾਰਤ ਸਰਕਾਰ ਵਲੋਂ ਸਫਾਈ ਮੁਹਿੰਮ ਦੇ ਤਹਿਤ ਸ਼ਹਿਰਾਂ, ਪਿੰਡਾਂ ਤੇ ਕਸਬਿਆਂ ਵਿੱਚ ਸ਼ੌਚਲਾਏ ਬਣਾਉਣ ਦਾ ਬੀੜਾ ਚੁੱਕਿਆ ਗਿਆ, ਤੇ ਇਕ ਵੱਡੇ ਮਹਾਨਾਇਕ ਵਲੋਂ **'ਦਰਵਾਜ਼ਾ ਬੰਦ'** ਦੀ ਹਾਕ ਮੀਡੀਆ ਵਲੋਂ ਬੜੇ ਜ਼ੋਰ-ਸ਼ੋਰ ਨਾਲ ਪ੍ਰਸਾਰਿਤ ਕੀਤੀ ਗਈ। ਇਸ ਮੁਹਿੰਮ ਦਾ ਅਸਲ ਹਾਲੇ-ਬਿਆਨ ਕੇਸਰਾ ਰਾਮ ਨੇ ਆਪਣੀ ਇਸ ਕਹਾਣੀ ਵਿੱਚ ਦੱਸਿਆ। ਸਾਰੇ ਮਹਾਨਗਰਾਂ ਵਿੱਚ ਗੰਦੀ ਬਸਤੀਆਂ ਦੀ ਭਰਮਾਰ, ਜਿਨ੍ਹਾਂ ਨੂੰ ਆਮ ਤੌਰ ਉਤੇ ਜੇ. ਜੇ. ਕਾਲੋਨੀ ਦਾ ਨਾਂ ਦਿੱਤਾ ਜਾਂਦਾ ਹੈ।ਉਥੇ ਖਾਣ ਲਈ ਭਾਵੇਂ ਭੰਗ ਭੁੰਜਦੀ ਹੋਵੇ ਪਰ ਗੰਦਗੀ, ਬਦਬੂਦਾਰ ਨਾਲੇ, ਬੀਮਾਰੀ ਤੇ ਅਪਰਾਧਾਂ, ਗਾਲ੍ਹਾਂ ਤੇ ਗੰਦੀ ਜ਼ਬਾਨ ਬੋਲਣ ਵਾਲਿਆਂ ਦੀ ਕੋਈ ਕਮੀ ਨਹੀਂ। ਇੱਥੇ ਘੁੱਗ ਵਸਦੀ ਗੰਦੀ ਬਸਤੀ ਵਿੱਚ ਲਾਲੇ ਦੀ ਕਿਰਾਨੇ ਦੀ ਦੁਕਾਨ

ਤੇ ਸ਼ਰਾਬ ਦੀ ਦੁਕਾਨ ਉਤੇ ਹਰ ਵੇਲੇ ਰੌਣਕ ਰਹਿੰਦੀ ਹੈ। ਇਨ੍ਹਾਂ ਦੋਵਾਂ ਵਪਾਰੀਆਂ ਲਈ ਇਹ ਬਸਤੀ ਉਨ੍ਹਾਂ ਦਾ ਰਾਜਭਾਗ ਹੈ, ਇਸਦੀ ਗੰਦਗੀ ਤੇ ਬਦਬੂ ਉਨ੍ਹਾਂ ਦੇ ਬੇਤਾਜ ਬਾਦਸ਼ਾਹਤ ਹੋਣ ਦੀ ਗਵਾਹੀ ਭਰਦੀ ਹੈ। ਇਸ ਬਾਦਸ਼ਾਹਤ ਨੂੰ ਉਹ ਕਿਸੇ ਵੀ ਤਰੀਕੇ ਹੱਥੋਂ ਜਾਣ ਨਹੀਂ ਦੇਣਾ ਚਾਹੁੰਦੇ। ਕਿਉਂਕਿ ਉਨ੍ਹਾਂ ਬਸਤੀਵਾਦੀਆਂ ਕੋਲ ਰੋਟੀ ਭਾਵੇਂ ਖਾਣ ਲਈ ਨਾ ਹੋਵੇ, ਪਊਆ ਪੀਣ ਤੇ ਮੋਬਾਇਲ ਦੇ ਸਿਮ ਖਰੀਦਣ ਲਈ ਪੈਸਾ ਹੁੰਦਾ ਹੀ ਹੁੰਦਾ ਹੈ। ਇਸ ਮਾਲਕੀਅਤ ਨੂੰ ਹੱਥੋਂ ਜਾਣ ਨਾ ਦੇਣ ਦੇ ਇਰਾਦੇ ਨਾਲ ਹੀ ਸ਼ਰਾਬ ਪੀਣ ਵਾਲੇ ਨੇ ਇੱਥੇ ਕਈ ਸ਼ੌਚਲਾਏ ਬਣਾਏ, ਜਿਸ ਨੂੰ ਇਕ ਬੁੱਢੀ ਨੇ ਆਪਣੇ ਭਗਵਾਨ ਦੀ ਮੂਰਤੀ ਰੱਖ ਕੇ, ਉਸ ਦਾ ਥਾਨ ਬਣਾ ਦਿੱਤਾ। ਇਨ੍ਹਾਂ ਲੋਕਾਂ ਨੂੰ ਹਮੇਸ਼ਾ ਖੁਸ਼ ਰੱਖਣ ਲਈ ਇਹ ਵਪਾਰੀ ਕਈ ਮੰਨੋਰੰਜਕ ਪ੍ਰੋਗਰਾਮ ਵੀ ਕਰਵਾਉਂਦਾ ਰਹਿੰਦਾ ਹੈ ਤੇ ਲਾਲਾ ਕਈ ਕੰਪਨੀਆਂ ਦੇ ਸਿਮ 'ਫਰੀ' ਦੇਂਦਾ ਹੈ। ਇਨ੍ਹਾਂ ਦੋਵਾਂ ਨੂੰ ਆਪਣੀ ਬਦਸ਼ਾਹਤ ਖੁੱਸਣ ਦਾ ਡਰ ਵੀ ਲੱਗ ਰਿਹਾ ਹੈ, ਜੇ ਕਿਸੇ ਵੱਡੀ ਕੰਪਨੀ ਦੀ ਨਜ਼ਰ ਪੈ ਗਈ ਤਾਂ ਇੱਥੇ ਸ਼ੌਪਿੰਗ ਮਾਲ ਬਣਨ ਵਿੱਚ ਦੇਰ ਨਹੀਂ ਲੱਗੇਗੀ। ਸਾਰਾ ਦਿਨ ਬਦਬੂ ਵਿੱਚ ਰਹਿਣ ਕਰਕੇ, ਡਿਓਰਿੰਡ ਜਿੰਨੀ ਵਾਰ ਮਰਜ਼ੀ ਛਿੜਕ ਲੈਣ, ਉਹ ਬਦਬੂ ਇਨ੍ਹਾਂ ਅੰਦਰ ਘਰ ਕਰ ਚੁੱਕੀ ਹੈ। ਪਰ ਇਹ ਅਨਪੜ੍ਹ ਲੋਕ ਐਨੇ ਸਿਆਣੇ ਹਨ ਕਿ ਹਰ ਸਰਕਾਰੀ ਯੋਜਨਾ ਦਾ ਤੋੜ ਲੱਭ ਹੀ ਲੈਂਦੇ ਹਨ। ਭਾਵੇਂ ਰਾਸ਼ਨ ਦੀਆਂ ਸਾਰਿਆਂ ਵਸਤਾਂ ਰਾਸ਼ਨਦਾਰ ਨੂੰ ਨਕਦ ਪੈਸੇ ਲੈ ਕੇ ਵੇਚਣ ਵਿੱਚ ਢਿੱਲ ਨਹੀਂ ਲਾਉਂਦੇ, ਫਿਰ ਭਾਵੇਂ ਦੂਣੇ-ਤੀਣੇ ਭਾਵ ਨਾਲ ਲਾਲੇ ਕੋਲੋਂ ਆਟਾ, ਚਾਵਲ ਤੇ ਚੀਨੀ ਜਿਹੀਆਂ ਵਸਤਾਂ ਲੈ ਕੇ ਆਉਂਦੇ ਰਹਿਣ। ਅਜਿਹੀਆਂ ਬਸਤੀਆਂ ਤੇ ਥਾਵਾਂ ਉਤੇ ਤਰੱਕੀ ਦਾ ਹਰ ਦਰਵਾਜ਼ਾ ਹਮੇਸ਼ਾ ਬੰਦ ਹੀ ਰਹਿਣਾ ਹੈ ਕਿਉਂਕਿ ਫਿਰ ਸਰਕਾਰ ਦੀਆਂ ਮਾੜੀਆਂ-ਮੋਟੀਆਂ ਯੋਜਨਾਵਾਂ ਦਾ ਲਾਭ ਵੀ ਕਿਵੇਂ ਮਿਲੇਗਾ।

ਧਰਮ ਨੇ ਭਾਰਤੀਆਂ ਦੇ ਦਿਲਾਂ, ਘਰਾਂ, ਰਾਜਨੀਤੀ ਗੱਲ ਕੀ ਹਰ ਥਾਂ ਬੜੀ ਗਹਿਰੀ ਪੈਠ ਬਣਾਈ ਹੋਈ ਹੈ। ਸਵੇਰੇ-ਸ਼ਾਮ ਘਰ ਬੈਠਿਆਂ ਕੰਨਾਂ ਵਿੱਚ ਗੁਰਬਾਣੀ ਤੇ ਭਜਨ ਸੁਣਨ ਨੂੰ ਮਿਲ ਜਾਣ ਤਾਂ ਲੋਕਾਂ ਨੂੰ ਲੱਗਦਾ ਹੈ, ਜਨਮ ਸਫਲ ਹੋ ਗਿਆ। ਅਜਿਹੇ ਮੁੱਹਲੇ ਵਿੱਚ ਮਕਾਨ ਮਿਲਣ ਤੇ ਜਿਹੜਾ ਗੁਪਤਾ ਪਰਿਵਾਰ ਅਤਿਅੰਤ ਖੁਸ਼ ਸੀ ਤੇ ਆਪਣੇ ਆਪ ਨੂੰ ਕਿਸਮਤ ਵਾਲਾ ਸਮਝ ਰਿਹਾ ਸੀ, ਉਹੀ ਪਰਿਵਾਰ ਡੇਢ ਸਾਲ ਬਾਦ ਹੀ ਇੱਥੋਂ ਜਾਣ ਲਈ ਆਪਣਾ ਸਾਰਾ ਸਾਮਾਨ ਬੰਨ੍ਹੀ ਬੈਠਾ ਹੈ। ਗਲੀ-ਮੁਹੱਲੇ ਵਾਲਾ ਇਲਾਕਾ, ਜਿੱਥੇ ਬਜ਼ਾਰ, ਸਕੂਲ, ਕਾਲਜ, ਬਸ ਅੱਡਾ ਸਭ ਨੇੜੇ -ਨੇੜੇ ਸੀ। ਜੋ ਪਹਿਲਾ ਇਹ ਮਕਾਨ ਲੈਣ ਦੀਆਂ ਵਿਸ਼ੇਸ਼ਤਾਵਾਂ ਬਣੀਆਂ ਸਨ, ਹੁਣ ਸਾਲ ਅੰਦਰ ਹੀ ਕੀ ਹੋ ਗਿਆ। ਜਦਕਿ ਇਲਾਕੇ ਵਿੱਚ ਗੁਰਦੁਆਰਾ ਤੇ ਦੋ ਮੰਦਰ ਵੀ ਕੋਲ ਹਨ। ਇਸ ਦੀ **ਪਲੇਸ ਵੈਲਿਉ** ਭਾਵੇਂ ਰਹਿਣ ਦੇ ਲਿਹਾਜ਼ ਨਾਲ ਬਹੁਤ ਚੰਗੀ ਹੈ, ਪਰ ਹਰ ਵੇਲੇ ਕੰਨ ਪਾੜਵੇਂ ਮੰਦਰ ਤੇ ਗੁਰਦੁਆਰਿਆਂ ਦੇ ਲਾਊਡਸਪੀਕਰਾਂ ਨੇ ਜਾਨ ਖਾ ਛੱਡੀ ਹੈ। ਨਾ ਦਿਨੇ ਚੈਨ ਤੇ ਨਾ ਹੀ ਰਾਤੀਂ। ਹਰ ਵੇਲੇ ਢੋਲ-ਢਮੱਕੇ ਵੱਜਦੇ ਹੀ ਰਹਿੰਦੇ ਹਨ। ਗੁਪਤਾ ਪਰਿਵਾਰ ਦੀ ਪਰੇਸ਼ਾਨੀ ਇਹ ਹੈ ਕਿ ਇਸ ਸਾਰੇ ਸ਼ੋਰ-ਸ਼ਰਾਬੇ ਵਿੱਚ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਹਰਜ਼ਾ ਹੋ ਰਿਹਾ ਹੈ। ਸਵੱਖਤੇ ਹੀ ਕਈ ਕਈ ਲਾਊਡ ਸਪੀਕਰਾਂ ਦਾ ਰੌਲਾ-ਰੱਪਾ ਨੀਂਦਰ ਪੂਰੀ ਨਹੀਂ ਹੋਣ ਦਿੰਦਾ। ਬੀਮਾਰ ਬੰਦਾ ਆਰਾਮ ਨਹੀਂ ਕਰ ਸਕਦਾ ਤੇ ਬੱਚੇ ਪੜ੍ਹ ਨਹੀਂ ਸਕਦੇ। ਪਹਿਲਾ ਉਹ ਸ਼ਹਿਰ ਤੋਂ ਬਾਹਰ ਨਵੀਂ ਕਲੋਨੀ ਵਿੱਚ ਜਾਣ ਲਈ ਤਿਆਰ ਨਹੀਂ ਸਨ, ਹੁਣ ਇੱਥੋਂ ਭੱਜਣ ਲਈ ਉਤਾਵਲੇ ਬੈਠੇ ਹਨ। ਧਰਮ ਤਾਂ ਪਹਿਲਾ ਵੀ ਸਾਰਿਆਂ ਦੇ ਜੀਵਨ ਵਿੱਚ ਵੱਡੀ ਥਾਂ ਮੱਲੀ ਬੈਠਾ ਸੀ, ਹੁਣ ਅਜਿਹਾ ਕੀ ਹੋ ਗਿਆ। ਹੁਣ ਧਰਮ ਦਾ ਬਜ਼ਾਰੀਕਰਣ ਹੋ ਗਿਆ ਹੈ, ਜੈ ਸ੍ਰੀ ਰਾਮ ਦੇ ਨਾਅਰਿਆਂ ਤੇ ਅਯੋਧਿਆ ਵਿੱਚ ਬਣ ਰਹੇ ਰਾਮ ਮੰਦਰ ਦੀ ਭਾਵਨਾ ਨੇ ਲੋਕਾਂ ਨੂੰ ਵਾਧੂ ਦਾ ਧਾਰਮਕ ਬਣਾ ਦਿੱਤਾ ਹੈ। ਜਿਸ ਵਿੱਚ ਸਭ ਤੋਂ ਵੱਧ ਮਦਦਗਾਰ ਮੀਡੀਆ ਹੈ। ਆਖਿਰ ਹਰ ਚੀਜ਼ ਦੀ ਅਤਿ ਮਾੜੀ ਹੀ ਹੁੰਦੀ ਹੈ। ਸੰਗ੍ਰਹਿ ਦੀ ਬਹੁਤ ਸੁਹਣੀ ਕਹਾਣੀ।

'ਬੇਟੀ ਕਾ ਬਾਪ' ਕਹਾਣੀ ਹਰਿਆਣਾ ਦੇ ਪਿਛੋਕੜ ਨਾਲ ਜੁੜੀ ਹੋਈ, ਜਿੱਥੇ ਕਿਸੇ ਨੂੰ ਸ਼ਰੀਫ ਅੰਦਾਜ਼ ਨਾਲ ਹੀਣਾ ਦਰਸਾਉਣਾ ਹੋਵੇ, ਉਸ ਨੂੰ 'ਬੇਟੀ ਦਾ ਬਾਪ' ਕਿਹਾ ਜਾਂਦਾ ਹੈ। ਫਿਰ ਜੇ ਇਕ ਡਾਕਟਰ, ਜਿਸ




ਦੀ ਪਹਿਲਾ ਵੀ ਇਕ ਧੀ ਹੋਵੇ, ਦੂਜੀ ਵਾਰ ਉਹ ਟੈਸਟ ਕਰਾਉਣ ਆਪਣੇ ਹੀ ਹਸਪਤਾਲ ਵਿੱਚ, ਆਪਣੀ ਕੁਲੀਗ ਡਾਕਟਰ ਕੋਲ ਲੈਕਚਰਾਰ ਬੀਵੀ ਨੂੰ ਲਿਆਵੇ ਤਾਂ ਸੁਭਾਵਿਕ ਜਾਪਦਾ ਹੈ ਕਿ 'ਮਾਮਲਾ ਗੜਬੜ ਹੈ।' ਕੁਲੀਗ ਨੇ ਟੈਸਟ ਕਰਨ ਮਗਰੋਂ ਆਪ ਹੀ ਬਹਾਨੇ ਨਾਲ ਪੁੱਛਿਆ, ਕੁਝ ਹੋਰ ਪੁੱਛਣਾ ਹੈ। ਉਨ੍ਹਾਂ ਨਹੀਂ ਕਿਹਾ। ਡਾਕਟਰ ਰਣਬੀਰ, ਜੋ ਡੀਲ-ਡੌਲ ਤੇ ਬੋਲੀ ਵਜੋਂ ਸਾਫ ਪਛਾਣਿਆ ਜਾਂਦਾ ਕਿ ਹਰਿਆਣਾ ਦਾ ਜਾਟ ਹੈ।ਦੋ ਧੀਆਂ ਬਾਦ ਤੀਜੀ ਵਾਰ ਬੀਵੀ ਹਸਪਤਾਲ ਆਈ ਤੇ ਡਿਲੀਵਰੀ ਬਾਦ ਮਿਠਾਈ ਵੰਡੀ ਜਾਣ ਲੱਗੀ, ਅਨੇਕ ਨਰਸਾਂ ਤੇ ਡਾਕਟਰਾਂ ਨੇ ਮਿਠਾਈ ਖਾਂਧੀ ਹੀ ਨਹੀਂ। ਉਨ੍ਹਾਂ ਨੂੰ ਪੱਕਾ ਯਕੀਨ ਸੀ ਕਿ ਇਸ ਵਾਰ ਇਸ ਜਾਟ ਡਾਕਟਰ ਨੇ ਜ਼ਰੂਰ ਲਿੰਗ-ਜਾਂਚ ਕਰਵਾਈ ਹੋਏਗੀ। ਪਰ ਅਗਲੇ ਦਿਨ ਭੇਦ ਖੁੱਲ੍ਹਿਆ ਕਿ ਰਣਬੀਰ ਦੀ ਇਕ ਹੋਰ ਧੀ ਜੰਮੀ ਹੈ। ਇਹ ਕਹਾਣੀ ਹਰਿਆਣਾ ਵਿੱਚ ਆਉਂਦੇ ਬਦਲਾਵ ਵੱਲ ਇਸ਼ਾਰਾ ਕਰਦੀ ਹੈ, ਉਹ ਹਰਿਆਣਾ, ਜੋ ਵਿਰੋਧਾਭਾਸਾਂ ਨਾਲ ਭਰਿਆ, ਖੇਡਾਂ ਨਾਲ ਆਪਣੀ ਪਛਾਣ ਬਣਾਉਂਦਾ, ਖਾਪ ਪੰਚਾਇਤਾਂ ਦੇ ਖ਼ੌਫ਼ ਵਿੱਚ ਵੀ ਅਜਿਹੀਆਂ ਛੋਟੀਆਂ ਛੋਟੀਆਂ ਘਟਨਾਵਾਂ ਰਾਹੀਂ ਵੱਡੇ ਬਦਲਾਵ ਦੀ ਨੀਂਵ ਤਿਆਰ ਕਰਦਾ ਦਿੱਸਦਾ ਹੈ।

ਸੰਗ੍ਰਹਿ ਦੀਆਂ ਸਾਰੀਆਂ ਹੀ ਕਹਾਣੀਆਂ ਇਕਦਮ ਚਰਚਿਤ ਤੇ ਜਵਲੰਤ ਵਿਸ਼ਿਆਂ ਨੂੰ ਕਥਾਨਕ ਅਧੀਨ ਲਿਆਉਂਦੀਆਂ ਹਨ। ਕੇਸਰਾ ਰਾਮ ਨੇ ਸੂਖਮ ਵਿਅੰਗ ਦੀ ਬੁਣਤੀ ਨਾਲ ਇਨ੍ਹਾਂ ਕਹਾਣੀਆਂ ਨੂੰ ਬੁਣਿਆ ਹੈ। ਧੁਨੀ ਪ੍ਰਦੂਸ਼ਣ ਦਾ ਮਸਲਾ, ਗੰਦੀ ਬਸਤੀ ਜਿਹੇ ਮਸਲੇ ਅਜਿਹੇ ਹਨ, ਜਿਨ੍ਹਾਂ ਵੱਲ ਸੌਖਿਆਂ ਸਾਰਿਆਂ ਦਾ ਧਿਆਨ ਨਹੀਂ ਜਾਂਦਾ।ਮੁੰਡੇ ਰਾਹੀਂ ਵੰਸ਼ ਨੂੰ ਅੱਗੇ ਤੋਰਨ ਦੇ ਪਰੰਪਰਿਕ ਵਿਸ਼ੇ ਨੂੰ ਨਵੇਂ-ਪੁਰਾਣੇ ਦੋਵੇਂ ਢੰਗਾਂ ਨਾਲ ਬਿਆਨ ਕੀਤਾ।ਪੰਜਾਬ ਦੀ ਪਛਾਣ ਰਹੇ ਪਾਣੀ ਪਹਿਲੇ ਉਸ ਤੋਂ ਖੁੰਝ ਗਏ, ਹੁਣ ਸਭਿਆਚਾਰ ਨੂੰ ਢਾਅ ਲੱਗਣ ਨਾਲ ਪਿੰਡ ਵੀ ਸ਼ਹਿਰਾਂ ਨੇ ਨਿਗਲ ਲਏ। ਇਸ ਵਿੱਚ ਕਸੂਰ ਸ਼ਹਿਰਾਂ ਦਾ ਨਹੀਂ, ਪਿੰਡਾਂ ਦਾ ਹੈ, ਜੋ ਹੁਣ ਪੇਂਡੂ ਦੀ ਥਾਂ ਸ਼ਹਿਰੀ ਜਾਂ ਪ੍ਰਵਾਸੀ ਅਖਵਾਉਣਾ ਚਾਹੁੰਦੇ ਹਨ।

ਬਸ ਚਾਹੀਦਾ ਹੈ ਕਿ ਕਹਾਣੀਆਂ ਦੀ ਲੰਬਾਈ ਕੁਝ ਘੱਟ ਹੋਵੇ, ਜਿਨ੍ਹਾਂ ਕੱਸ ਕੇ ਕਹਾਣੀ ਨੂੰ ਸਮੇਟਿਆ ਜਾਵੇ, ਉਸ ਦਾ ਪ੍ਰਭਾਵ ਵੱਧ ਪੈਂਦਾ ਹੈ। ਮੈਨੂੰ ਯਕੀਨ ਹੈ, ਕੇਸਰਾ ਰਾਮ ਜਿਹੇ ਕਹਾਣੀਕਾਰ ਲਈ ਇਸ ਜੁਗਤ ਨੂੰ ਅਪਨਾਉਣਾ ਮੁਸ਼ਕਿਲ ਨਹੀਂ। ਭੇਦ ਦੀ ਇਕ ਗੱਲ ਦੱਸਾਂ, ਲੰਮੀ ਕਹਾਣੀ ਦਾ ਅਨੁਵਾਦ ਹਿੰਦੀ ਪਤ੍ਰਿਕਾਵਾਂ ਵਾਲੇ ਸੌਖਾ ਲੈਂਦੇ ਵੀ ਨਹੀਂ...।

**ਮੋ. 9868182835**

---


**ਭਗਵੰਤ ਰਸੂਲਪੁਰੀ ਦੀ ਲੋਕ ਨਾਟ ਨਕਲਾਂ ਤੇ ਲਿਖੀ ਖੋਜ ਭਰਪੂਰ ਪੁਸਤਕ**


**ਲੋਕ-ਨਾਟ ਨਕਲਾਂ**
**ਇਤਿਹਾਸ, ਸਿਧਾਂਤ ਤੇ ਮੁਹਾਂਦਰਾ**

**ਪ੍ਰਕਾਸ਼ਕ: ਨੈਸ਼ਨਲ ਬੁੱਕ ਟਰੱਸਟ, ਇੰਡੀਆ**

**ਮੁੱਲ: 250 ਰੁਪਏ, ਪੰਨੇ: 254**
**ਸਾਲ: 2020**

# ਖੇਤੀ ਨਿਧਾਨ ਪੁਰਖਿਆਂ ਦੀ ਸੰਜੀਦਗੀ ਦਾ ਤ੍ਰਾਸਦੀਨਾਮਾ:ਆਖ਼ਰੀ ਬਾਬੇ

- ਡਾ. ਗੁਰਮੀਤ ਸਿੰਘ ਬੈਦਵਾਣ




ਅੱਜ ਗੁਰੂ ਨਾਨਕ ਬਾਬੇ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਣ ਵਾਲੇ ਸਮਾਗਮਾਂ ਦਾ ਤਾਂਤਾ ਲੱਗਿਆ ਨਜ਼ਰੀਂ ਪੈ ਰਿਹਾ ਹੈ। ਫ਼ਿਜ਼ਾ ਵਿੱਚ ਆਵਾਜ਼ ਵੀ ਇਹੋ ਗੂੰਜ ਰਹੀ ਐ। ਅਜਿਹੇ ਮੁਬਾਰਕ ਮੌਕੇ ਪੁਆਧੀ ਖੇਤਰ ਦੇ ਨਾਮਵਰ ਨਾਵਲਕਾਰ ਜਸਬੀਰ ਮੰਡ ਨੇ ਗੁਰੂ ਬਾਬੇ ਦੇ

"ਮਨੁ ਹਾਲੀ ਕਿਰਸਾਣੀ ਕਰਣੀ,
ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ,
ਰਖੁ ਗਰੀਬੀ ਵੇਸੁ॥"

ਵਾਲੇ ਪ੍ਰਵਚਨ ਨੂੰ ਹਥਲੇ ਨਾਵਲ 'ਆਖਰੀ ਬਾਬੇ' ਰਾਹੀਂ ਚਿਤਵਿਆ ਹੈ।

ਮੰਡ ਦੀ ਬਿਰਤੀ ਭਾਵੇਂ 1986 ਵਿੱਚ ਪਲੇਠੇ ਨਾਵਲ 'ਔੜ ਦੇ ਬੀਜ' ਤੋਂ ਹੀ ਇਸ ਵਿਧਾ ਵਿੱਚ ਟਿਕੀ ਹੋਈ ਹੈ, ਪਰ ਪਿੱਛੇ ਜਿਹੇ ਉਸ ਦੇ ਨਾਵਲ 'ਬੋਲ ਮਰਦਾਨਿਆ' ਨੇ ਧਰਮ ਦੀ ਅਸਲੀਅਤ ਨੂੰ ਜਾਣਨ ਦਾ ਮੌਕਾ ਸਾਨੂੰ ਪ੍ਰਦਾਨ ਕੀਤਾ ਹੈ। ਨਾਵਲ 'ਆਖਰੀ ਬਾਬੇ, 'ਬੋਲ ਮਰਦਾਨਿਆ' ਤੋਂ ਬਾਅਦ ਮਨੁੱਖੀ ਸੋਝੀਆਂ ਨੂੰ ਜਗਾਉਣ ਦਾ ਕੋਈ ਲੜੀਵਾਰ ਉਪਰਾਲਾ ਜਾਪਦਾ ਹੈ। ਖ਼ੈਰ, ਸਾਹਿਤਕਾਰ ਤਾਂ ਚੌਕੀਦਾਰ ਹੀ ਹੁੰਦੇ ਨੇ, ਕੋਈ ਜਾਗੇ ਨਾ ਜਾਗੇ, ਇਹ ਲੁੱਟੇ ਜਾਣ ਵਾਲੇ ਨੇ ਆਪ ਦੇਖਣਾ ਹੈ।

ਜਦੋਂ ਮੈਂ ਛੋਟਾ ਹੁੰਦਾ ਸੀ, ਤਾਂ ਅੱਸੂ ਕੱਤੇ ਵਿੱਚ ਮੱਕੀ ਦੀਆਂ ਭਰੀਆਂ ਖੇਤਾਂ 'ਚੋਂ ਘਰਾਂ ਨੇੜਲੇ ਵਾੜਿਆਂ ਵਿੱਚ ਢੋਣੀਆਂ ਹੁੰਦੀਆਂ ਸਨ। ਵੱਡੇ ਤੜਕੇ ਆਵਾਜ਼ ਪੈ ਜਾਣੀ ਕਿ ਚਲੋ ਬਈ ਮੰਜੇ ਛੱਡੋ, ਗੱਡੇ 'ਤੇ ਭਰੀਆਂ ਲੱਦ ਲਿਆਈਏ। ਜੇ ਮੈਂ ਕਹਿਣਾ ਕਿ ਬਾਪੂ ਜੀ ਅਜੇ ਤਾਂ ਹਨੇਰਾ ਹੈ, ਤਾਂ ਉਨ੍ਹਾਂ ਕਹਿਣਾ ਕਿ ਤੂੰ ਬਾਹਰ ਤਾਂ ਨਿਕਲ ਕੇ ਦੇਖ, ਚਾਨਣਾ ਤਾਂ ਤਾਰਿਆਂ ਦਾ ਹੀ ਬਹੁਤ ਐ। ਜੇ ਚੰਦ ਹੁੰਦਾ, ਤਾਂ ਉਸ ਦੇ ਚਾਨਣ ਨੂੰ ਦਿਨ ਵਰਗਾ ਚਾਨਣ ਕਹਿੰਦੇ। ਮੈਨੂੰ ਹੌਲੇ-ਹੌਲੇ ਸਮਝ ਲੱਗੀ ਕਿ ਜਿਸ ਦੀ ਸੁਰਤ ਵਿੱਚ ਚਾਨਣ ਹੋਵੇ, ਉਸ ਨੂੰ ਹਨੇਰਾ ਕੁਝ ਨਹੀਂ ਕਹਿੰਦਾ। ਹਨੇਰਾ ਸਗੋਂ ਚਾਨਣ ਤੋਂ ਡਰਦਾ ਭੱਜ ਜਾਂਦਾ ਹੈ। ਉਂਝ ਵੀ ਚਾਨਣ ਹਨੇਰੇ ਵਿੱਚ ਜਾ ਸਕਦਾ ਹੈ ਤੇ ਹਨੇਰਾ ਚਾਨਣ ਵਿੱਚ ਨਹੀਂ। ਕੁਦਰਤ ਨਾਲ ਪੁਰਖਿਆਂ ਦੀਆਂ ਅਜਿਹੀਆਂ ਇੱਕਸੁਰਤਾ ਵਾਲੀਆਂ ਬਾਰੀਕ ਤੰਦਾਂ ਦੀ ਹੋਰ ਸਾਫ਼ ਤਸਵੀਰ ਜਸਬੀਰ ਮੰਡ ਦੇ ਨਾਵਲ 'ਆਖਰੀ ਬਾਬੇ' ਵਿੱਚ ਭਲੀ-ਭਾਂਤ ਦ੍ਰਿਸ਼ਟੀਗੋਚਰ ਹੁੰਦੀ ਹੈ।

ਇਸ ਨਾਵਲ ਵਿੱਚ ਖੇਤਾਂ ਦੇ ਪੁੱਤ ਜਸਬੀਰ ਮੰਡ ਨੇ ਖੇਤੀ ਕਿਸਾਨੀ ਦੇ ਹੱਡੀਂ ਹੰਢਾਏ ਗੰਭੀਰ ਅਨੁਭਵਾਂ ਤੇ ਸੂਖਮ ਅਹਿਸਾਸਾਂ ਨੂੰ ਸਾਹਿਤਕ ਸ਼ਬਦਾਵਲੀ ਰਾਹੀਂ ਜੀਵੰਤ ਕਰ ਵਿਖਾਇਆ ਹੈ, ਉਸ ਦੇ ਪਲੇਠੇ ਨਾਵਲ 'ਔੜ ਦੇ ਬੀਜ' ਦਾ ਜਨਮ ਹਿਰਦਾਪੁਰ ਦੇ ਖੇਤਾਂ ਵਿੱਚ ਪਾਈ ਝੁੱਗੀ ਵਿੱਚ ਹੋਇਆ ਸੀ।



ਨਾਵਲ 'ਆਖਰੀ ਬਾਬੇ' ਦਾ ਮੰਨਣਾ ਹੈ ਕਿ ਖੇਤੀ ਕਿਸਾਨੀ ਜਿੰਨੀ ਦੇਰ ਕੁਦਰਤ ਨਾਲ ਜੁੜੀ ਰਹੀ ਉੱਨੀ ਦੇਰ ਇੱਕ ਲੋਕ ਕਹਾਵਤ ਸੀਨਾ-ਬ-ਸੀਨਾ ਇਸ ਤਰ੍ਹਾਂ ਤੁਰਦੀ ਰਹੀ ਹੈ ਕਿ:

ਉੱਤਮ ਖੇਤੀ,
ਮਧਮ ਵਪਾਰ,
ਨਿਖਿਧ ਚਾਕਰੀ।

ਅਜੋਕੇ ਸਮੇਂ ਇਹ ਸਾਰੀ ਸੋਚ ਹੀ ਸਿਰ ਭਾਰ ਹੋਈ ਪਈ ਹੈ। ਹੁਣ ਤਾਂ ਨੌਕਰੀਆਂ ਹਾਸਲ ਕਰਨ ਲਈ ਲੋਕ ਜ਼ਮੀਨਾਂ ਵੇਚਣ ਨੂੰ ਤਿਆਰ ਹਨ। ਜ਼ਮੀਨਾਂ ਅਤੇ ਨੌਜੁਆਨ ਪੀੜ੍ਹੀ ਦੇ ਜਹਾਜ਼ ਭਰ ਕੇ ਵਿਦੇਸ਼ਾਂ ਨੂੰ ਜਾ ਰਹੇ ਹਨ।

ਜਸਬੀਰ ਮੰਡ ਦੇ ਮਨ-ਮਸਤਕ ਵਿੱਚ ਸ਼ਾਇਦ ਇਹੋ ਸੋਚ ਉੱਸਲਵੱਟੇ ਲੈਂਦੀ ਰਹੀ ਹੋਵੇਗੀ ਕਿ ਅਕਸਰ ਅਸੀਂ ਕਿਉਂ ਆਪਣੇ ਪਿਤਾ-ਪੁਰਖੀ ਕਿੱਤੇ ਨੂੰ ਨਕਾਰਿਆ। ਨਾਵਲ ਦੇ ਕਥਾ-ਪਟ 'ਤੇ ਵਿਚਾਰ ਕਰਨ ਲਈ ਸਾਨੂੰ ਇਸ ਨਾਵਲ ਦੇ ਕੁਝ ਕਹੇ-ਅਣਕਹੇ ਸੰਦਰਭਾਂ ਵੱਲ ਵੀ ਜਾਣਾ ਪਵੇਗਾ।

ਅਸੀਂ ਜਾਣਦੇ ਹਾਂ ਕਿ ਅਜੋਕੀ ਕਿਸਾਨੀ ਦਾ ਸੰਕਟ ਦਿਨ ਪ੍ਰਤੀ ਦਿਨ ਗਹਿਰਾ ਹੁੰਦਾ ਜਾ ਰਿਹਾ ਹੈ। ਇਸ ਦਾ ਮੁੱਖ ਕਾਰਨ ਇਹੋ ਜਾਪਦਾ ਹੈ ਕਿ ਹਰੀ ਕ੍ਰਾਂਤੀ ਦੇ ਨਾਅਰੇ ਨੇ ਕੁਦਰਤੀ ਖੇਤੀ ਦੀ ਚਾਲ-ਢਾਲ ਨਾਲ ਜਿਹੜੀ ਛੇੜ-ਛਾੜ ਕੀਤੀ ਹੈ, ਉਸ ਨਾਲ ਸਾਰੇ ਕਾਸੇ ਦਾ ਤਵਾਜ਼ਨ ਡੋਲ ਗਿਆ ਹੈ।

ਕੁਦਰਤੀ ਜੈਵਿਕ ਖੇਤੀ ਵਾਲੀ ਇੱਕ ਪਰਪੱਕ ਸੋਚ ਨੂੰ ਅਖੌਤੀ ਖੇਤੀ ਵਿਗਿਆਨ ਦੀ ਸੋਚ ਨੇ ਅਨਪੜ੍ਹਤਾ ਤੇ ਪਛੜੀ ਹੋਈ ਸੋਚ ਦੀਆਂ ਤੁਹਮਤਾਂ ਲਾ ਕੇ ਨਕਾਰ ਦਿੱਤਾ, ਜਦੋਂ ਕਿ ਸਾਡੇ ਪੁਰਖਿਆਂ ਕੋਲ ਸਦੀਆਂ ਤੋਂ ਕਮਾਏ ਹੋਏ ਤਜਰਬਿਆਂ 'ਚੋਂ ਪੈਦਾ ਹੋਇਆ ਆਪਣਾ ਖੇਤੀ ਸੱਭਿਆਚਾਰ ਸੀ। ਅਸਲ ਵਿੱਚ ਖੇਤੀ ਸੱਭਿਆਚਾਰ ਹੀ ਪੰਜਾਬ ਦੇ ਅਸਲ ਸੱਭਿਆਚਾਰ ਦੀ ਜੜ੍ਹ ਬੁਨਿਆਦ ਹੈ। ਅਨਾਜ ਪੈਦਾ ਕਰਨਯੋਗ ਧਰਤੀ 'ਤੇ ਕੰਕਰੀਟ ਦੇ ਵਸਾਏ ਜੰਗਲਾਂ ਨੇ ਪੰਜਾਬੀ ਸੱਭਿਆਚਾਰ ਦੀਆਂ ਤਾਰਾਂ ਹੀ ਹਿਲਾ ਦਿੱਤੀਆਂ। ਲੁੱਕ ਅਤੇ ਸੀਮਿੰਟ ਦਾ ਸੰਤਾਪ ਭੋਗ ਰਹੇ ਲੋਕ ਮੰਡੀਆਂ ਵਿੱਚ ਜੈਵਿਕ ਅਨਾਜ ਭਾਲਦੇ ਫਿਰਦੇ ਵੇਖੇ ਜਾ ਸਕਦੇ ਹਨ।

ਅਜੋਕੇ ਕਿਸਾਨ ਦੀ ਝਾਕ ਹੁਣ ਬਿਗਾਨੇ ਅਦਾਰਿਆਂ 'ਤੇ ਰਹਿੰਦੀ ਹੈ। ਉੱਪਰੋਂ ਸੰਦ ਉਧਾਰ ਦੇ ਤੇ ਇਸ਼ਾਰੇ ਸਰਕਾਰ ਦੇ। ਪਰੰਪਰਾਗਤ ਖੇਤੀ ਧੁੱਪਾਂ 'ਚ ਆਪ ਪਿੰਡੇ ਸਾੜ ਕੇ ਅੰਮ੍ਰਿਤ ਵਰਗਾ ਅਨਾਜ ਪੈਦਾ ਕਰਦੀ ਸੀ ਤੇ ਹੁਣ ਏ.ਸੀ. ਕਮਰਿਆਂ 'ਚ ਬੈਠ ਕੇ ਤਿਆਰ ਕੀਤੀਆਂ ਖੇਤੀ ਤਜਵੀਜ਼ਾਂ ਦਾ ਰੇਹਾਂ, ਸਪਰੇਆਂ ਵਾਲੇ ਜ਼ਹਿਰੀਲੇ ਅਨਾਜ ਦੇ ਪ੍ਰਤੀ ਏਕੜ ਝਾੜ ਦੀ ਮਾਤਰਾ ਵਧਾਉਣ ਵੱਲ ਸਾਰਾ ਜ਼ੋਰ ਲੱਗਾ ਪਿਆ ਹੈ। ਬਾਬਿਆਂ ਨੇ ਖੇਤੀ ਨੂੰ ਕਦੇ ਵਾਧੇ ਘਾਟੇ ਦੀ ਨਿਗਾਹ ਨਾਲ ਨਹੀਂ ਦੇਖਿਆ। ਉਨ੍ਹਾਂ ਦੀ ਕਿਸਾਨੀ ਨੇ ਕਦੇ ਖ਼ੁਦਕੁਸ਼ੀ ਦਾ ਧੱਬਾ ਨਹੀਂ ਲਵਾਇਆ। ਹੁਣ ਤਾਂ ਸਪਰੇਆਂ ਵਾਲੀ ਦਵਾਈ ਘਰ-ਘਰ ਪਈ ਐ। ਇਸ ਨਾਵਲ ਵਿੱਚ ਤਾਂ ਸਗੋਂ ਸਪਰੇਆਂ ਵਾਲੀ ਦਵਾਈ ਸਬਸਿਡੀ 'ਤੇ ਮਿਲਦੀ ਦੱਸੀ ਐ। ਸਪਰੇਆਂ ਵਾਲੀ ਦਵਾਈ ਕਿਸੇ ਨੂੰ ਚੜ੍ਹਗੀ ਤੇ ਕਿਸੇ ਨੇ ਚੜ੍ਹਾ ਲਈ।

ਨਾਵਲ 'ਆਖਰੀ ਬਾਬੇ' ਇਹ ਵੀ ਇਸ਼ਾਰਾ ਕਰਦਾ ਹੈ ਕਿ ਪਰੰਪਰਾਗਤ ਖੇਤੀ ਮੌਕੇ ਮਿੱਟੀ ਦਾ ਸੁਭਾਅ ਕੁਦਰਤ ਦੇ ਸੁਭਾਅ ਨਾਲ ਕੱਦ ਮੇਚ ਕੇ ਚਲਦਾ ਸੀ। ਹਰੀ ਕ੍ਰਾਂਤੀ ਦੇ ਮਾਹਿਰਾਂ ਨੇ ਪਹਿਲਾਂ ਆਪਣੀਆਂ ਮਾਨਤਾਵਾਂ ਨਾਲ ਮਿੱਟੀ ਦੇ ਕੁਦਰਤੀ ਤੱਤਾਂ ਤੇ ਗ਼ੈਰਕੁਦਰਤੀ ਕਾਰਵਾਈਆਂ ਆਰੰਭੀਆਂ। ਜ਼ਮੀਨ ਨੂੰ ਸੰਨਮੀ ਛੱਡਣ ਦਾ ਰਿਵਾਜ ਹੀ ਖ਼ਤਮ ਕਰ ਦਿੱਤਾ। ਸਗੋਂ ਨਾਵਲ ਵਿੱਚ ਤਾਂ ਇੱਕ ਥਾਂ ਬਿਰਸਾ ਕਹਿੰਦਾ ਹੈ ਕਿ ਪੁੱਤ ਤੂੰ ਤਾਂ ਆਪਣੇ ਆਪ ਨੂੰ ਸੰਨਮਾ ਰੱਖਣਾ ਹੀ ਭੁੱਲ ਗਿਆ। ਦੋ ਦੀ ਥਾਂ ਤਿੰਨ-ਤਿੰਨ ਫ਼ਸਲਾਂ ਪੈਦਾ ਕਰਨ ਦਾ ਰੁਝਾਨ ਵੱਧ ਗਿਆ। ਨਵੀਂ ਆਈ ਮਸ਼ੀਨਰੀ ਦੀ ਰਫ਼ਤਾਰ ਵਾਂਗ ਕਿਸਾਨ ਦਾ ਦਿਮਾਗ ਵੀ ਫ਼ੁਰਤੀ ਤੇ ਤੇਜ਼ ਰਫ਼ਤਾਰੀ ਫੜਨ ਲੱਗਾ। ਨਸ਼ਿਆਂ ਦਾ ਸਹਾਰਾ ਲੈ ਕੇ ਉਹ ਤੇਜ਼ ਰਫ਼ਤਾਰੀ ਨਾਲ ਕਦਮ

ਮੋਚਣ ਲੱਗਾ। ਉਸ ਨੂੰ ਪਤਾ ਹੀ ਨਾ ਲੱਗਾ ਕਿ ਰਫ਼ਤਾਰ ਦੀ ਲੈਅ ਵਿੱਚ ਉਹ ਕਦੋਂ ਆਪਣੀ ਦੇਹ ਅੰਦਰ ਤਲਖ਼ੀ, ਤੇਜ਼ੀ ਤੇ ਅਸਹਿਣਸ਼ੀਲਤਾ ਦੇ ਬੀਜ ਬੀਜ ਕਰ ਬੈਠਾ।

ਸਿੱਟੇ ਵਜੋਂ ਪਰੰਪਰਾਗਤ ਖੇਤੀ ਅਤੇ ਖੇਤੀ ਦੇ ਸੰਦਾਂ ਵਾਂਗ ਹੀ ਉਸ ਨੂੰ ਘਰ ਦੇ ਬਜ਼ੁਰਗ ਵੀ ਫ਼ਾਲਤੂ-ਫ਼ਾਲਤੂ ਜਾਪਣ ਲੱਗੇ। ਨੀਲੇ ਟਰੈਕਟਰਾਂ ਦੀਆਂ ਬੋਹੜਾਂ, ਰੇਹਾਂ, ਕੀਟ ਨਾਸ਼ਕਾਂ ਅਤੇ ਆਟੋਮੈਟਿਕ ਬੰਬੀਆਂ ਦੇ ਪਾਣੀ ਨੇ ਸੋਨੇ ਦੇ ਆਂਡੇ ਵਾਲ਼ੀ ਮੁਰਗੀ ਵਾਂਗੂੰ ਧਰਤੀ ਦੀ ਸਾਰੀ ਤਾਕਤ ਨੂੰ ਇੱਕਦਮ ਬਾਹਰ ਖਿੱਚ ਲਿਆ। ਭਰਵੀਂ ਫ਼ਸਲ ਦੇ ਪੈਦਾ ਹੋਏ ਭਰਮ ਨੂੰ ਹੋਰ ਬੁਲੰਦੀਆਂ ’ਤੇ ਪਹੁੰਚਾਇਆ। ਗੀਤ ਨਿਕਲ਼ ਤੁਰੇ ‘ਮਿੱਤਰਾਂ ਦੀ ਮੋਟਰ ’ਤੇ, ਜੱਟ ਦੀ ਗਲਾਸੀ ਖੜਕੇ’, ‘ਜੱਟ ਦੀ ਗੰਡਾਸੀ ਖੜਕੇ’, ਅਤੇ ‘ਜਦੋਂ ਪੈਂਦੀ ਆ ਤਰੀਕ ਕਿਸੇ ਜੱਟ ਦੀ, ਕਚਹਿਰੀਆਂ ’ਚ ਮੇਲੇ ਲੱਗਦੇ।’ ਮੇਲਿਆਂ ’ਚ ਉੱਡਦੇ ਭਰਮ ਦੇ ਬੁਲਬੁਲਿਆਂ ਨੂੰ ਫੁੱਟਣ ਨੂੰ ਦੇਰ ਨਾ ਲੱਗੀ। ਦਾੜ੍ਹੀ ਨਾਲੋਂ ਮੁੱਛਾਂ ਵਧਣ ਲੱਗੀਆਂ। ਜਿਸ ਚਾਦਰ ਨੂੰ ਵੇਖ ਕੇ ਪੈਰ ਪਸਾਰਨੇ ਸਨ, ਉਸ ਵਿੱਚ ਥਾਂ-ਥਾਂ ’ਤੇ ਮਘੋਰੇ ਹੋ ਗਏ। ਬੇਕਾਰ ਹੋਈ ਚਾਦਰ ਦੇ ਰੱਸੇ ਵੱਟ ਕੇ ਖੇਤਾਂ ਵਿੱਚ ਹੀ ਫਾਹੇ ਲੈ ਲਏ। ਜੱਟਾਂ ਨੂੰ ਭੂਕ ਛਕਾਉਣ ਵਾਲ਼ੇ ਗੀਤ ਮੁੜ ਸੋਗ ਦੇ ਕੀਰਨੇ ਵੀ ਨਾ ਪਾ ਸਕੇ।

ਨਾਵਲ ਅਨੁਸਾਰ ਪੰਜ ਕੁ ਦਹਾਕੇ ਪਹਿਲਾਂ ਤੱਕ ਪਿਓ ਪੁੱਤ ਪੋਤਰੇ ਪਿਓ ਦਾਦਿਆਂ ਤੋਂ ਕੁਝ ਸਿੱਖਣ ਵਿੱਚ ਮਾਣ ਮਹਿਸੂਸ ਕਰਦੇ ਸਨ, ਪਰ ਅਜੋਕੀ ਪੀੜ੍ਹੀ ਜਿਵੇਂ ਮਾਂ ਦੇ ਗਰਭ ਵਿੱਚ ਹੀ ਸਾਰੇ ਕੋਰਸ ਪਾਸ ਕਰਕੇ ਆਈ ਹੋਵੇ। ਪੁਰਖਿਆਂ ਦੀ ਕਿਸੇ ਨਸੀਹਤ ਵੱਲ ਧਿਆਨ ਨਹੀਂ ਧਰਦੀ। ਕਹਿੰਦੇ, ‘ਸਾਨੂੰ ਸਭ ਕੁਝ ਪਤਾ।’ ਗਮਲੇ ਦੇ ਫੁੱਲ ਵੱਡੇ ਦਰਖ਼ਤ ਨਹੀਂ ਬਣ ਸਕਦੇ। ਜੜ੍ਹਾਂ ਧਰਤੀ ’ਚ ਲੱਗੀਆਂ ਹੋਣ, ਤਾਂ ਹੀ ਧਰਤੀ ਨਾਲ਼ ਸਾਂਝ ਬਣਦੀ ਹੈ। ਇਸ ਨਾਵਲ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਖੇਤੀ ਕਿਸਾਨੀ ਦੇ ਪਰੰਪਰਾਗਤ ਸੰਦਾਂ ਦੀ ਖੇਤੀ ਦੀ ਮਿੱਟੀ ਨਾਲ਼ ਸਾਂਝ, ਮਿੱਟੀ ਦੀ ਮਨੁੱਖੀ ਦੇਹਾਂ ਨਾਲ਼ ਸਾਂਝ, ਮਨੁੱਖੀ ਦੇਹ ਦੀ ਕਿਰਤ ਨਾਲ਼ ਸਾਂਝ ਅਮਿੱਟ ਤੇ ਅਮੁੱਕ ਰਹੀ ਹੈ। ਨਾਵਲ ਵਿੱਚ ਮਨੁੱਖੀ ਮਨੋਬਿਰਤੀਆਂ ਦਾ ਹਿੱਸਾ ਬਣੇ ਖੇਤੀ ਸੰਦ ਇਸ ਤਰ੍ਹਾਂ ਰਲ਼-ਗੱਡ ਹੋਏ ਪਏ ਹਨ ਕਿ ਸਰੀਰ ਦੇ ਅੰਗਾਂ ਵਾਂਗ ਉਨ੍ਹਾਂ ਨੂੰ ਅਲੱਗ ਕਰਕੇ ਵੇਖਣਾ ਸੰਭਵ ਹੀ ਨਹੀਂ ਜਾਪਦਾ। ਇਸੇ ਸੰਦਰਭ ਵਿੱਚ ਨਾਵਲ ਦੇ ਪੰਨਾ 56 ’ਤੇ ਦਰਜ ਤੇਜਾ ਸਿੰਘ ਦੇ ਹਵਾਲੇ ਨਾਲ਼ ਇਸ ਤਰ੍ਹਾਂ ਲਿਖਿਆ ਹੈ ਕਿ,

ਥੁਹਾੜੇ ਕੋਲ਼ ਕੋਈ ਪੁਰਾਣਾ ਸੰਦ ਹੈਗਾ? ਭਾਮੇਂ ਟੁੱਟਿਆ ਭੱਜਿਆ ਹੀ ਹੋਵੇ। ਤੈਂ ਕਿਆ ਕਰਨਾ? ਤਾਇਆ, ਉਹ ਬਾਪੂ ਮੂਹਰੇ ਗੇਰਨਾ ਪੈਂਦਾ। ਪੰਜ ਚਾਰ ਪੁਰਾਣੇ ਸੰਦ ਪਏ ਹੋਮੈਂ ਤਾਂ ਖੇਲ੍ਹੀਂ ਪਿਆ ਰਹਿੰਦਾ। ਨਹੀਂ ਫੇਰ ਰੱਸਾ ਤੁੜਾਈ ਜਾਂਦਾ। ਥੁਆੜੇ ਸੰਦ ਕਿੱਥੇ ਗਏ। ਹੈਗੇ ਤੇ ਕਦੇ-ਕਦੇ ਨਵਾਂ ਮੰਗ ਲੈਂਦਾ। ਅੱਜ ਕਹਿੰਦਾ ਤੰਗਲ਼ੀ ਚਾਹੀਦੀ ਐ। ਧੜ ਉਡਾਉਣੀ ਐ। ਨਾਲ਼ੇ ਕਿਹੜਾ ਪਤਾ ਤਾਂ ਵੀ ਸਦਾਈ ਹੋ ਕੈ ਸੰਦੇ ਮੰਗੂਗਾ। ਤੰਗਲ਼ੀ ਲੈ ਕੇ ਬੰਤ ਬੋਲਿਆ। ਲੈ ਬਣ ਗਿਆ ਕੰਮ। ਬਿਰਸਾ ਕਹਿੰਦਾ ਭਾਈ ਤੇਜਾ ਸਿਉਂ ਦੀ ਗੌਰ ਰੱਖੇ ਕਰੋ। ਬੰਤ ਬੋਲਿਆ ਆਹੋ, ਆ ਗੌਰ ਏ ਆ ਤਾਇਆ।

ਇੱਥੋਂ ਪਤਾ ਚਲਦਾ ਹੈ ਕਿ ਪੁਰਾਣੇ ਸੰਦਾਂ ਦੀ ਵਿਦਾਇਗੀ ਤਾਂ ਆਪਣੇ ਆਪ ਤੋਂ ਵਿਦਾਇਗੀ ਲੈਣ ਸਮਾਨ ਹੀ ਸੀ।

ਖ਼ਾਲੀ ਥਾਵਾਂ ਨੂੰ ਸੰਵਾਦ ਦੇਣਾ, ਉਨ੍ਹਾਂ ਦੀ ਚੁੱਪ ਨੂੰ ਤੋੜਨ ਵਿੱਚ ਜਸਬੀਰ ਮੰਡ ‘ਬੋਲ ਮਰਦਾਨਿਆ’ ਵਾਂਗ ਇੱਥੇ ਵੀ ਆਪਣੀ ਕਲਾ ਦੇ ਜੌਹਰ ਵਿਖਾ ਗਿਆ। ਚੁੱਪ ਦਾ ਸੰਵਾਦ ਬਿਰਸੇ ਤੋਂ ਵਸਤੂਆਂ ਤੱਕ ਤੇ ਵਸਤੂਆਂ ਤੋਂ ਬਿਰਸੇ ਤੱਕ ਦਿਨ ਰਾਤ ਗੇੜੇ ਕੱਢਦਾ ਰਹਿੰਦਾ। ਗੇੜਾ ਦਰ ਗੇੜਾ, ਪਰਤ ਦਰ ਪਰਤ ਖੁੱਲ੍ਹਦੀਆਂ ਗੰਢਾਂ ਵਿੱਚ ਜੀਵਨ ਜੁਗਤਾਂ ਦੀ ਤਲਾਸ਼ ਦੇ ਬੋਲ ਭਰੇ ਪਏ ਹਨ। ਵਿਰਸੇ ਮਈ ਕਦਰਾਂ-ਕੀਮਤਾਂ ਦਾ ਪਾਠ ਬਿਰਸੇ ਨੂੰ ਪਰੰਪਰਾਗਤ ਖੇਤੀਬਾੜੀ ਦਾ ਸਾਡਾ ਅਸਲੀ ਵਿਰਸਾ ਬਣਾ ਕੇ ਪੇਸ਼ ਕਰਾ ਗਿਆ ਹੈ। ਨਾਵਲ ਤਾਂ ਕੁਦਰਤ, ਮੌਸਮ, ਵਾਤਾਵਰਨ, ਹਵਾ ਦਾ ਰੁਖ਼, ਤਾਰਿਆਂ ਦੀ ਚਾਲ-ਢਾਲ, ਬੱਦਲੀਆਂ ਦੀ ਉਡਾਣ, ਮਿੱਟੀ ਦਾ ਮਿਜ਼ਾਜ, ਧਰਤੀ ਦੀ ਤਪਸ਼-ਠੰਢ ਵੀ ਆਖ਼ਰੀ ਬਾਬਿਆਂ ਦੇ ਭੂ-



ਵਿਗਿਆਨ ਨਾਲ਼ ਵੀ ਪੱਕੀ-ਪੀਡੀ ਸਾਂਝ ਪਵਾ ਗਿਆ ਹੈ।


ਨਾਵਲ ‘ਆਖਰੀ ਬਾਬੇ’ ਛੋਹ, ਸਪਰਸ਼, ਅਪਣੱਤ ਅਤੇ ਕਿਰਤ ਦੇ ਆਲਮ ਦੀਆਂ ਗੰਢਾਂ ਵੀ ਖੋਲ੍ਹਦਾ ਜਾਂਦਾ ਹੈ। ਨਾਵਲ ਦਾ ਉਦੇਸ਼ ਹੈ ਕਿ ਜਦੋਂ ਵੀ ਕੋਈ ਸਮਾਜ ਆਪਣੇ ਲਾਲਚਾਂ ਅਤੇ ਗ਼ੈਰਜ਼ਰੂਰੀ ਜ਼ਰੂਰਤਾਂ ’ਚ ਉਲਝ ਕੇ ਆਪਣੇ ਹੀ ਰਚੇ ਔਝੜਾਂ ’ਚ ਸਬਰ ਸੰਤੋਖ ਦੀਆਂ ਪਹੀਆਂ ਨੂੰ ਭੁੱਲ ਜਾਵੇ ਅਤੇ ਬੇਸਬਰੀ ਦੇ ਲਾਲਚ ਨਾਲ਼ ਆਪਣੀ ਧਰਤੀ ਨੂੰ ਭਾਂਤ-ਭਾਂਤ ਦੇ ਕੈਂਸਰਾਂ ਨਾਲ਼ ਲਿੱਪ ਲਵੇ, ਤਾਂ ਅਜਿਹੇ ਸਮੇਂ ਉਸ ਨੂੰ ਆਪਣੀਆਂ ਸੰਸਕ੍ਰਿਤਕ ਪਰੰਪਰਾਵਾਂ ਤੋਂ ਸੇਧ ਲੈਣੀ ਚਾਹੀਦੀ ਹੈ। ਸਭ ਤੋਂ ਉੱਤਮ ਕਿੱਤਾ ਕਿਸਾਨੀ ਹੀ ਸੀ। ਵਿਨੋਬਾ ਭਾਵੇ ਨੇ ਵੀ ਇੱਕ ਵਾਰ ਕਿਹਾ ਸੀ ਕਿ ਖੇਤੀ ਕਿਸਾਨੀ ਹੀ ਧਰਮ ਦਾ ਸਭ ਤੋਂ ਉਤਮ ਧਰਮ ਹੈ। ਸਾਡੇ ਗੁਰੂ ਬਾਬੇ ਨੇ ਵੀ ਤਮਾਮ ਉਦਾਸੀਆਂ ਪੂਰੀਆਂ ਕਰਕੇ ਕਰਤਾਰਪੁਰ ਸਾਹਿਬ ਵਿਖੇ ਖੇਤੀ ਕਿਸਾਨੀ ਨੂੰ ਹੀ ਆਪਣੇ ਰੁਜ਼ਗਾਰ ਦਾ ਸਾਧਨ ਬਣਾਇਆ ਸੀ। ਆਪਣੇ ਉਪਦੇਸ਼ ਵਿੱਚ ਉਨ੍ਹਾਂ ਮਿਹਨਤ ਅਤੇ ਸਬਰ ਸੰਤੋਖ ਦਾ ਪਾਠ ਪੜ੍ਹਾਇਆ।

ਬਲ਼ਦਾਂ ਦੀ ਜੋੜੀ, ਜੋ ਕਿਸੇ ਵੇਲ਼ੇ ਘਰ ਦੀ ਗਾਂ ਦੇ ਪੁੱਤਾਂ ਵਾਂਗੂੰ ਪਾਲ਼ੇ ਵੱਛੇ ਜਦੋਂ ਵਹਿੜਕੇ ਬਣਦੇ, ਤਾਂ ਉਹ ਵੱਡੇ ਬਲ਼ਦਾਂ ਦੀ ਕੰਨੀ ਲੱਗ ਕੇ ਗੱਡਿਆਂ ਤੇ ਹਲ਼ਾਂ ਵਿੱਚ ਤੁਰਨਾ ਸਿਖਦੇ। ਫੇਰ ਹੌਲ਼ੇ-ਹੌਲ਼ੇ ਭਾਰ ਵੀ ਖਿੱਚਣ ਲੱਗ ਪੈਂਦੇ। ਉਦੋਂ ਸਾਰਾ ਕੁਝ ਆਪਣਾ-ਆਪਣਾ ਤੇ ਆਪਣੀਆਂ ਜੜ੍ਹਾਂ ਤੇ ਮੂਲ਼ ਨਾਲ਼ ਜੁੜਿਆ ਜਾਪਦਾ। ਹੁਣ ਕੰਕਰੀਟ ਦੇ ਬਲ਼ਦ ਬਣਾ ਕੇ ਕੋਠੀਆਂ ਦੀਆਂ ਛੱਤਾਂ ’ਤੇ ਚੜ੍ਹਾ ਕੇ ਲੋਕ ਵਿਰਸੇ ਨੂੰ ਸੰਭਾਲਣ ਦਾ ਭਰਮ ਪਾਲ਼ ਰਹੇ ਹਨ। ਪਰ ਨਾਵਲ ਵਿਚਲਾ ਬਿਰਸਾ ਉਨ੍ਹਾਂ ਬਲ਼ਦਾਂ ਨੂੰ ਮਨ ਹੀ ਮਨ ਗਊ ਦੇ ਜਾਏ ਸਮਝ ਕੇ ਆਪੇ ਦੀ ਤਸੱਲੀ ਕਰਾਉਣ ਦੇ ਯਤਨਾਂ ਵਿੱਚ ਹੈ। ਖਾਲ਼ ਦੇ ਚੱਲਦੇ ਪਾਣੀ ਸੰਗ ਉਸ ਦੀ ਲੰਬੀ ਮੁਲਾਕਾਤ ਚਲਦੀ ਰਹਿੰਦੀ। ਤਰ੍ਹਾਂ-ਤਰ੍ਹਾਂ ਦੇ ਅਨੁਭਵ ਤੇ ਅਹਿਸਾਸ ਜੋ ਉਸ ਦੀ ਮਨੋ-ਕਲਪਨਾ ਦੇ ਉਤਰਾਅ-ਚੜ੍ਹਾਅ ਬਣਦੇ ਤੇ ਢਹਿੰਦੇ ਰਹਿੰਦੇ ਹਨ। ਇੱਕ ਦਿਨ ਖਾਲ਼ ਦੀ ਥਾਂ ਪਾਈਪਾਂ ਵਿੱਚੋਂ ਦੀ ਪਾਣੀ ਜਾਂਦਾ ਵੇਖ ਉਹ ਸੋਚ ਰਿਹਾ ਸੀ ਕਿ ਅੱਜ ਪਾਈਪਾਂ ਦਾ ਪਾਣੀ ਵੀ ਪੋਤਰੇ ਹਰਜੀਤ ਵਰਗਾ ਜਾਪ ਰਿਹਾ ਹੈ, ਜੋ ਬਿਨਾਂ ਮਿੱਟੀ ਨੂੰ ਛੂਹੇ ਜਗ੍ਹਾ ਬਦਲ ਰਿਹਾ ਸੀ। ਬੜੇ ਲੁਕਵੇਂ ਅਰਥ ਇਸ ਨਾਵਲ ਦੀ ਅਸੀਮ ਤਾਕਤ ਹਨ। ਮੱਧ ਸ਼੍ਰੇਣੀ ਕਿਸਾਨੀ ਪਰਿਵਾਰ ਦਾ ਜੰਮਪਲ ਹੋਣ ਕਰਕੇ ਮੈਨੂੰ ਇਹ ਨਾਵਲ ਬਹੁਤ ਹੀ ਅਪਣੱਤ ਭਰਿਆ ਲੱਗਿਆ। ਸ਼ੁਕਰ ਹੈ ਸਾਡੇ ਸਾਹਿਤਕਾਰਾਂ ਵਿੱਚੋਂ ਕਿਸੇ ਨੇ ਤਾਂ ਪੰਜਾਬ ਦੀ ਰੀੜ੍ਹ ਦੀ ਹੱਡੀ ਖੇਤੀ ਕਿਸਾਨੀ ਦੇ ਕਿੱਤੇ ਨੂੰ ਏਨੀ ਗੰਭੀਰਤਾ ਨਾਲ਼ ਲਿਆ ਹੈ।

ਆਪੇ ਨੂੰ ਕੁਠਾਲੀ ਵਿੱਚ ਢਾਲ਼ੇ ਬਿਨਾਂ ਸੱਚੇ-ਸੁੱਚੇ ਸਾਹਿਤ ਦੀ ਉਸਾਰੀ ਸੰਭਵ ਨਹੀਂ। ਜਸਬੀਰ ਮੰਡ ਨੇ ਆਪਣੇ ਆਪ ਨੂੰ ਕਈ ਸਾਲਾਂ ਤੱਕ ਖੇਤਾਂ ਦੇ ਹਵਾਲੀ ਕਰੀ ਰੱਖਿਆ। ਉਸ ਦੇ ਪਹਿਲੇ ਨਾਵਲ ਦਾ ਜਨਮ ਵੀ ਖੇਤਾਂ ਵਿੱਚ ਹੀ ਹੋਇਆ। ਉਸ ਦੇ ਇਸ ਨਾਵਲ ਵਿੱਚ ਸਬਰ, ਸੰਤੋਖ, ਮਿਹਨਤਕਸ਼ ਬਾਬਿਆਂ ਦੀ ਕਥਨੀ ਕਰਨੀ ਵਿੱਚ ਧੰਨੇ ਭਗਤ ਵਾਲ਼ੇ ਸਿਦਕ ਦਾ ਰੰਗ ਭਰਿਆ ਮਿਲਦਾ ਹੈ। ਕਿਰਤ ਸੱਭਿਆਚਾਰ ਦੇ ਜੱਸ ਨੂੰ ਗਾਉਂਦਿਆਂ ਜਸਬੀਰ ਮੰਡ ਅਜੋਕੀ ਕਿਸਾਨੀ ਦੇ ਟੁੱਟ ਰਹੇ ਸ਼ਤੀਰਾਂ ਨੂੰ ਥੰਮ੍ਹੀ ਦੇ ਗਿਆ ਹੈ। ਬਾਬਾ ਬਿਰਸਾ ਥੰਮ੍ਹੀ ਦਾ ਰੋਲ ਨਿਭਾ ਰਿਹਾ ਹੈ, ਨਾਲ਼ੇ ਛੱਤ ਦੇ ਭਾਰ ਥੱਲੇ ਸਿਰ ਫਸਾਈ ਖੜ੍ਹਾ ਹੈ ਤੇ ਹੱਸਦਾ ਹੋਇਆ ਆਪਣੀ ਪੀੜ ਨੂੰ ਮਹਿਸੂਸ ਵੀ ਨਹੀਂ ਹੋਣ ਦੇ ਰਿਹਾ। ਸੋ ਆਓ ਆਪਾਂ ਵੀ ਅਰਦਾਸ ਕਰੀਏ ਕਿ ਸਾਡੇ ਪੁਰਖਿਆਂ ਦੀ ਸੋਚ ਨੂੰ ਬੂਰ ਪਵੇ। ਅਸੀਂ ਜ਼ਹਿਰੀਲੇ ਅਨਾਜਾਂ ਦੀ ਮਾਰ ਤੋਂ ਬਚੀਏ, ਸਾਡੇ ਖੇਤ ਭੂ-ਮਾਫ਼ੀਏ ਦੀ ਨਜ਼ਰ ਤੋਂ ਬਚੇ ਰਹਿਣ, ਖੇਤੀ ਕਿਸਾਨੀ ਦਾ ਨਾਮੁਰਾਦ ਅਰਥ-ਸ਼ਾਸਤਰ ਸਾਡੇ ’ਤੇ ਅਸਰ ਨਾ ਕਰੇ ਅਤੇ ਜਲਦੀ ਹਿੰਮਤ ਕਰਕੇ ਖੇਤੀ ਕਿਸਾਨੀ ਨੂੰ ਸਬਰ ਸੰਤੋਖ ਦੇ ਥਮ੍ਹਲਿਆਂ ’ਤੇ ਉਸਾਰ ਕੇ ਅਸੀਂ ਬਾਬੇ ਬਿਰਸੇ ਨੂੰ ਭਾਰ ਮੁਕਤ ਕਰ ਸਕੀਏ।

**ਸੰਪਰਕ ਨੰ: 98550-16660**

# ਯਾਦੂਈ ਯਥਾਰਥਵਾਦ : ਅੰਬਰ ਪਰੀਆਂ /- ਡਾ. ਅਮਨਦੀਪ ਸਿੰਘ




ਬਲਜਿੰਦਰ ਨਸਰਾਲੀ ਪੰਜਾਬੀ ਗਲਪ ਵਿੱਚ ਬੇਹੱਦ ਨਾਮਣਾ ਖੱਟਣ ਵਾਲਾ ਗਲਪਕਾਰ ਹੈ। ਉਸਨੇ ਆਪਣੇ ਦੋ ਨਾਵਲਾਂ (ਹਾਰੇ ਦੀ ਅੱਗ, ਵੀਹਵੀਂ ਸਦੀ ਦੀ ਆਖ਼ਰੀ ਕਥਾ) ਅਤੇ ਦੋ ਕਹਾਣੀ ਸੰਗ੍ਰਹਿਆਂ (ਡਾਕਖਾਨਾ ਖ਼ਾਸ, ਔਰਤ ਦੀ ਸ਼ਰਣ ਵਿੱਚ) ਰਾਹੀਂ ਪੰਜਾਬੀ ਗਲਪ ਸਾਹਿਤ ਵਿੱਚ ਆਪਣੀ ਨਿੱਗਰ ਪਛਾਣ ਬਣਾਈ ਹੈ। 'ਅੰਬਰ ਪਰੀਆਂ' ਉਸਦਾ ਸੱਜਰਾ ਨਾਵਲ ਹੈ।

'ਅੰਬਰ ਪਰੀਆਂ' ਨਾਵਲ ਦੀ ਖ਼ਾਸੀਅਤ ਇਹ ਹੈ ਕਿ ਇਸਨੇ ਪੰਜਾਬੀ ਨਾਵਲ ਦੇ ਪਰੰਪਰਕ ਫਰੇਮ ਨੂੰ ਤੋੜਿਆ ਹੈ ਅਤੇ ਪੰਜਾਬੀ ਨਾਵਲ ਦੇ ਵਿਕਾਸ ਵੱਲ ਇੱਕ ਪੁਲਾਂਘ ਹੋਰ ਪੁੱਟੀ ਹੈ। ਇਹ ਨਾਵਲ 'ਜਾਦੂਈ ਯਥਾਰਥਵਾਦ' ਦੀ ਤਕਨੀਕ ਨਾਲ ਉਸਾਰਿਆ ਗਿਆ ਹੈ। ਇਸ ਸ਼ੈਲੀ ਵਿੱਚ ਯੂਟੋਪੀਆ, ਮਿੱਥ, ਫ਼ੈਂਟਸੀ, ਜਾਦੂ-ਟੂਣਾ, ਪਰੀ-ਕਥਾਵਾਂ, ਦੈਵੀ-ਸ਼ਕਤੀਆਂ ਵਿੱਚ ਵਿਸ਼ਵਾਸ ਅਤੇ ਸ਼ਗਨ-ਅਪਸ਼ਗਨ ਆਦਿ ਰਾਹੀਂ ਸਮਾਜਿਕ ਯਥਾਰਥ ਨੂੰ ਪ੍ਰਗਟ ਕੀਤਾ ਜਾਂਦਾ ਹੈ।

ਡਾ. ਸੁਰਜੀਤ ਸਿੰਘ ਪੰਜਾਬੀ ਨਾਵਲ ਦੇ ਕਾਵਿ-ਸ਼ਾਸਤਰ ਦੀ ਤਲਾਸ਼ ਕਰਦੇ ਹੋਏ ਪੰਜਾਬੀ ਨਾਵਲ ਦੀ ਰੂਪ-ਵਿਧਾ ਨੂੰ ਨਿਰੰਤਰ ਵਿਕਾਸਮਾਨ ਨਾ ਹੋ ਕੇ ਉਤਾਰ-ਚੜ੍ਹਾ ਤੇ ਵਿੰਗ-ਟੇਢ ਰਾਹੀਂ ਵੱਖ-ਵੱਖ ਪੜ੍ਹਾਵਾਂ ਵਿੱਚੋਂ ਗੁਜ਼ਰਦੀ ਹੋਈ ਮੰਨਦੇ ਹਨ। ਜਿਸਦਾ ਇੱਕ ਪਾਸਾਰ ਗੁਰਦਿਆਲ ਸਿੰਘ ਅਤੇ ਉਸ ਦੀ ਪਰੰਪਰਾ ਦੇ ਹੋਰ ਨਾਵਲਕਾਰਾਂ ਦੇ ਨਾਵਲਾਂ ਵਿੱਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ ਅਤੇ ਦੂਜਾ ਰੂਪ ਚੇਤਨਾ ਪ੍ਰਵਾਹ, ਆਂਤਰਿਕ-ਮਨਬਚਨੀ, ਫ਼ੈਂਟੇਸੀ, ਕਾਵਿ-ਪ੍ਰਤੀਕਾਤਮਕਤਾ ਆਦਿ ਪੱਛਮੀ ਵਿਧੀਆਂ ਦੇ ਹਵਾਲੇ ਨਾਲ ਸਾਹਮਣੇ ਆਉਂਦਾ ਹੈ।6

ਹੱਥਲਾ ਨਾਵਲ 'ਅੰਬਰ ਪਰੀਆਂ' ਇਸ ਦੂਸਰੇ ਪਾਸਾਰ ਦੀ ਇੱਕ ਪੁਲਾਂਘ ਹੋਰ ਅੱਗੇ ਦੀ ਸ਼ੈਲੀ ਵਾਲੀ ਨਾਵਲੀ ਰਚਨਾ ਹੈ। ਇਸ ਦੇ ਕੇਂਦਰ ਵਿੱਚ ਔਰਤ-ਮਰਦ ਪਿਆਰ ਸੰਬੰਧ ਅਤੇ ਵਿਆਹ-ਸੰਸਥਾ ਵਿਚਲੇ ਤਨਾਅ ਵਰਗੇ ਪੇਚੀਦਾ ਮਸਲੇ ਦੇ ਕਈ ਪੱਖਾਂ, ਕੋਨਾਂ ਅਤੇ ਪਰਤਾਂ ਦਾ ਬੋਧ ਹੁੰਦਾ ਹੈ। ਜਿਸ ਨੂੰ ਨਾਵਲਕਾਰ ਨੇ ਪੰਜਾਬ ਦੀਆਂ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਸਥਿਤੀਆਂ ਵਿੱਚੋਂ ਲੰਘਾ ਕੇ ਪੇਸ਼ ਕੀਤਾ ਹੈ। ਨਾਵਲਕਾਰ ਆਪਣੇ ਇਸ ਨੁਕਤੇ ਨੂੰ ਪੇਂਡੂ ਸਮਾਜ ਵਿਵਸਥਾ ਅਤੇ ਨਵ-ਪੂੰਜੀਵਾਦ ਕਦਰਾਂ-ਕੀਮਤਾਂ ਦੁਆਰਾ ਘੜੇ ਸ਼ਹਿਰੀ ਮੱਧਵਰਗੀ ਸਮਾਜ ਦੇ ਦੋ ਵੱਖੋ-ਵੱਖਰੇ ਲੜਾਂ ਰਾਹੀਂ ਵਿਉਂਤਦਾ ਹੈ।

ਪਹਿਲੇ ਲੜ ਦੇ ਅੰਤਰਗਤ ਨਾਵਲਕਾਰ ਪੇਂਡੂ ਸਮਾਜ ਵਿਵਸਥਾ ਵਿਚਲੀ ਵਿਆਹ ਸੰਸਥਾ ਦੇ ਮਹੱਤਵਪੂਰਨ ਜੁਜ਼ਾਂ (ਆਰਥਿਕ ਅਤੇ ਸਭਿਆਚਾਰਕ) ਦੇ ਰਾਹੀਂ ਇਸ ਦੇ ਸੱਚ ਨੂੰ ਬਿਆਨ ਕਰਦਾ ਹੈ।



ਪੇਂਡੂ ਸਮਾਜ ਵਿਵਸਥਾ ਦਾ ਆਧਾਰ ਖੇਤੀਬਾੜੀ ਹੈ। ਪਰ ਛੋਟੀ ਕਿਸਾਨੀ ਦੀਆਂ ਆਰਥਿਕ ਥੁੜਾਂ ਬਹੁਤ ਸਾਰੇ ਸੰਕਟਾਂ ਨੂੰ ਪੈਦਾ ਕਰਦੀਆਂ ਹਨ। ਜਿਵੇਂ ਨਾਵਲ ਵਿੱਚ ਅੰਬਰ ਦਾ ਬਾਪੂ ਅਮਰ ਸਿੰਘ ਅਤੇ ਤਾਇਆ ਅਰਜਣ ਸਿੰਘ ਦੋਵੇਂ ਭਰਾ ਸੱਤ ਕੀਲਿਆਂ ਦੇ ਮਾਲਕ ਸਨ। ਵੱਡੀਆਂ ਭੈਣਾਂ ਦੇ ਵਿਆਹ ਕਰਦਿਆਂ ਪਰਿਵਾਰ ਸਿਰ ਕਰਜ਼ਾ ਚੜ੍ਹ ਗਿਆ ਸੀ। ਦੂਸਰਾ ਜ਼ਮੀਨ ਦੀ ਮਾਲਕੀ ਦੇ ਹਿਸਾਬ ਨਾਲ ਦੋਵੇਂ ਭਰਾਵਾਂ ਦਾ ਵਿਆਹ ਹੋਣਾ ਅਸੰਭਵ ਸੀ। ਇਸ ਕਾਰਨ ਅਰਜਣ ਸਿੰਘ ਅਣਵਿਆਹਿਆ ਰਹਿ ਜਾਂਦਾ ਹੈ ਅਤੇ ਅਮਰ ਸਿੰਘ ਸਨੁੱਖਾ ਹੋਣ ਕਰਕੇ ਸ਼ਿੰਦਰ ਕੌਰ ਨਾਲ ਵਿਆਹਿਆ ਜਾਂਦਾ ਹੈ। ਪਰ ਆਪਣੀਆਂ ਸਰੀਰਕ ਲੋੜਾਂ ਵੱਸ ਅਰਜਣ ਸਿੰਘ, ਸ਼ਿੰਦਰ ਕੌਰ ਨਾਲ ਨਜ਼ਾਇਜ ਸੰਬੰਧਾਂ ਦੀ ਗ੍ਰਹਿਸਤ ਨਿਭਾਉਂਦਾ ਹੈ। "ਜ਼ਮੀਨ ਦੀਆਂ ਹੋਰ ਵੰਡੀਆਂ ਪੈਣ ਦੇ ਡਰੋਂ ਸਾਰਿਆਂ ਦਾ ਵਿਆਹ ਜ਼ਰੂਰੀ ਵੀ ਨਹੀਂ ਸਮਝਿਆ ਜਾਂਦਾ ਹੈ। ਸੋ ਭਰਾਵਾਂ ਵਿਚੋਂ ਕਿਸੇ ਇੱਕ ਦਾ ਵਿਆਹ ਹੀ ਸਾਰੇ ਭਰਾਵਾਂ ਦੀ ਭਾਵੁਕ ਪੂਰਤੀ ਦਾ ਸਾਧਨ ਸਮਝ ਲਿਆ ਜਾਂਦਾ ਹੈ। ਮਜ਼ਬੂਰੀ ਵਿੱਚੋਂ ਉਪਜਿਆ ਹੋਣ ਕਰਕੇ ਇਸ ਪ੍ਰਬੰਧ ਵਿੱਚ ਭਾਵੁਕ ਪਰਿਵਾਰਕ ਅਤੇ ਸਮਾਜਿਕ ਸੰਕਟ ਦੇ ਬੀਜ਼ ਵੀ ਨਿਹਿਤ ਹੁੰਦੇ ਹਨ।"7 ਇਹਨਾਂ ਸੰਬੰਧਾਂ ਕਾਰਨ ਮਜ਼੍ਹਬੀਆਂ ਦਾ ਭੂੰਨਾ, ਪਟਵਾਰੀ ਦਾ ਭਿੰਦਰ ਅੰਬਰ ਨੂੰ 'ਅਰਜਣ ਦਾ' ਆਖ ਕੇ ਖਿਝਾਉਂਦੇ ਹਨ ਅਤੇ ਉਸ ਅੰਦਰ ਪਿਉ ਬਾਹਰਾ ਹੋਣ ਦੀ ਹੀਣ ਭਾਵਨਾ ਭਾਰੂ ਹੋ ਜਾਂਦੀ ਹੈ। ਭਾਵੇਂ ਅਮਰ ਸਿੰਘ ਆਪਣੇ ਆਰਥਿਕ ਮੁਫ਼ਾਦ ਲਈ ਇਨ੍ਹਾਂ ਸੰਬੰਧਾਂ ਨੂੰ ਨਜ਼ਰ-ਅੰਦਾਜ਼ ਕਰ ਦਿੰਦਾ ਹੈ। ਪਰ ਹਮੇਸ਼ਾ ਅੰਦਰੋਂ-ਅੰਦਰੀ ਰਿਝਦਾ ਰਹਿੰਦਾ ਹੈ। ਪਰ ਜਦੋਂ ਉਸ ਉੱਪਰ ਸਮਾਜਿਕ ਨੈਤਿਕ ਕਦਰਾਂ-ਕੀਮਤਾਂ ਭਾਰੂ ਹੋ ਜਾਂਦੀਆਂ ਤਾਂ ਉਸਦਾ ਗੁੱਸਾ ਸ਼ਿੰਦਰ ਕੌਰ ਦੀ ਸਰੀਰਕ ਹਿੰਸਾ ਵਿੱਚ ਨਿਕਲਦਾ।

ਅਮਰ ਸਿੰਘ ਨੂੰ ਇਹ ਵੀ ਪਤਾ ਸੀ ਕਿ ਵੱਡੇ ਭਾਈ ਦੇ ਹਿੱਸੇ ਦੀ ਜ਼ਮੀਨ ਉਸਦੇ ਜੁਆਕਾਂ ਨੂੰ ਹੀ ਆਉਣੀ ਸੀ। ਇਹੀ ਕਾਰਨ ਸੀ ਉਹ ਭਰਾ ਦੇ ਖਿਲਾਫ਼ ਸਿੱਧਾ ਕਦੇ ਕੁਝ ਨਹੀਂ ਸੀ ਬੋਲਦਾ। (ਅੰਬਰ ਪਰੀਆਂ ਪੰਨਾ-34)

ਪੇਂਡੂ ਸਮਾਜ ਦੀ ਸਭਿਆਚਾਰਕ ਸੰਰਚਨਾ ਵੀ ਵਿਆਹ ਸੰਸਥਾ ਦੀ ਜਟਿਲਤਾ ਦਾ ਬੋਧ ਕਰਵਾਉਂਦੀ ਹੈ। ਕਿਸਾਨੀ ਸਮਾਜ-ਸਭਿਆਚਾਰ ਵਿੱਚ ਮਰਦ ਦੀ ਪ੍ਰਧਾਨਤਾ ਹਮੇਸ਼ਾ ਬਣੀ ਰਹੀ ਹੈ। ਜਿਸਨੇ ਜਾਇਦਾਦ ਦੇ ਉਤਰਾਧਿਕਾਰੀ ਵਜੋਂ ਪੁੱਤਰ ਦੀ ਲੋੜ ਕਾਰਨ ਔਰਤ ਦੀ ਸਥਿਤੀ ਨੂੰ ਪੇਤਲਾ ਵੀ ਕਰ ਦਿੱਤਾ ਹੈ। ਮਨੁੱਖੀ ਇਤਿਹਾਸ ਵਿੱਚ ਵਿਆਹ ਸੰਸਥਾ ਟੋਲੀ ਵਿਆਹ, ਜੋੜਾ ਵਿਆਹ ਅਤੇ ਇੱਕ ਪਤੀ-ਪਤਨੀ ਵਿਆਹ ਦੇ ਰੂਪ ਵਿੱਚ ਵਿਕਾਸ ਕਰਦੀ ਹੈ। ਇੱਕ ਪਤੀ-ਪਤਨੀ ਵਿਆਹ ਪ੍ਰਥਾ ਦਾ ਆਧਾਰ ਪਿਆਰ ਜਾਂ ਪਰਸਪਰ ਖਿੱਚ ਨਾ ਹੋ ਕੇ ਸਗੋਂ ਪੂਰਨ ਪਤੀ-ਵਰਤਾ ਔਰਤ ਪੈਦਾ ਕਰਦਾ ਸੀ, ਕਿਉਂਕਿ "ਇੱਕ ਵਿਆਹ ਪ੍ਰਥਾ ਕਿਸੇ ਨੈਤਿਕ ਚੇਤਨਾ ਜਾਂ ਔਰਤ-ਮਰਦ ਦੇ ਪਰਸਪਰ ਪਿਆਰ ਦੇ ਫਲਸਰੂਪ ਨਹੀਂ ਸਾਕਾਰ ਹੋਈ। ਪਿਤਾ ਦੀ ਜਾਇਦਾਦ ਨੂੰ ਭੋਗਣ ਵਾਲੇ ਸ਼ੁੱਧ ਉਤਰਾਧਿਕਾਰੀਆਂ ਨੂੰ ਜਨਮ ਦੇਣਾ ਹੀ ਇਸ ਪ੍ਰਥਾ ਦਾ ਮੁੱਖ ਪ੍ਰਯੋਜਨ ਸੀ।"8 ਇਸ ਤਰ੍ਹਾਂ ਵਿਆਹ ਤੋਂ ਬਾਅਦ ਔਰਤ ਦੁਆਰਾ ਪੁੱਤਰ ਜੰਮਣ ਨਾਲ ਹੀ ਪਰਿਵਾਰ ਵਿੱਚ ਉਸਦੀ ਜੜ੍ਹ ਲੱਗੀ ਸਮਝੀ ਜਾਂਦੀ ਅਤੇ ਵਿਆਹ-ਸੰਬੰਧ ਵੀ ਮਜ਼ਬੂਤ ਹੁੰਦੇ :

ਪਰ ਦੂਜਾ ਮੁੰਡਾ ਜੰਮਣ ਤੇ ਨਸੀਬ ਕੁਰ, ਸ਼ਿੰਦਰ ਪ੍ਰਤੀ ਕੁਝ-ਕੁਝ ਕੂਲੀ ਹੋਈ ਸੀ। (ਪੰਨਾ 34)

ਨਾਵਲਕਾਰ ਨੇ ਥੋੜ੍ਹੀ ਜ਼ਮੀਨੀ ਮਾਲਕੀ ਕਾਰਨ ਪੈਦਾ ਹੋਏ ਸੰਕਟਾਂ ਦੇ ਯਥਾਰਥ ਅਤੇ ਬਦਲ ਰਹੀਆਂ, ਸਮਾਜ-ਸਭਿਆਚਾਰਕ ਸਥਿਤੀਆਂ ਵਿੱਚ ਨਵੇਂ ਉਸਰ ਰਹੇ ਸਮਾਜਿਕ ਵਰਤਾਰਿਆਂ ਨੂੰ ਇਸ ਨਵੀਂ ਨਾਵਲੀ ਸ਼ੈਲੀ ਰਾਹੀਂ ਬਾਖ਼ੂਬੀ ਚਿਤਰਿਆ ਹੈ। ਜਿਵੇਂ ਜਦੋਂ ਅੰਬਰ ਦੀ ਦਾਦੀ ਨਸੀਬ ਕੁਰ ਗਲਤੀ ਨਾਲ ਧਰਮਰਾਜ ਦੀ ਕਚਹਿਰੀ ਪਹੁੰਚ ਜਾਂਦੀ ਹੈ ਤਾਂ ਉਸ ਦੀ ਮੁਲਾਕਾਤ ਆਪਣੇ ਮਰ ਚੁੱਕੇ ਪਤੀ ਦਸੌਂਧਾ ਸਿੰਘ ਨਾਲ ਹੁੰਦੀ ਹੈ। ਬਾਬਾ ਪੂਰੇ ਪਰਿਵਾਰ ਦਾ ਹਾਲ ਪੁੱਛਣ ਤੋਂ ਬਾਅਦ ਦੂਜੇ ਮੁੰਡੇ ਦੀ

ਆਮਦ (ਜਨਮ) ਬਾਰੇ ਸੁਣ ਕੇ ਖੁਸ਼ ਤਾਂ ਹੁੰਦਾ ਹੈ, ਪਰ ਨਸੀਬ ਕੁਰ ਨੂੰ ਪੁੱਛੇ ਸੁਆਲ ਵਿੱਚ ਛੋਟੀ ਕਿਸਾਨੀ ਦੇ ਸਾਹਮਣੇ ਖੜ੍ਹੇ ਸੰਕਟ ਦੀ ਤਸਵੀਰ ਸਾਫ਼ ਹੋ ਜਾਂਦੀ ਹੈ।

"ਜ਼ਮੀਨ ਘੱਟ ਐ ਦੋਵਾਂ ਨੂੰ ਰਿਸ਼ਤੇ ਹੋ ਜਾਣਗੇ?"

"ਤੇਰੀ ਮੌਤ ਪਿੱਛੋਂ ਬੜਾ ਕੁਸ਼ ਬਦਲ ਗਿਆ ਅਰਜਣ ਦੇ ਬਾਪੂ! ਹੁਣ ਲੋਕ ਸਰਕਾਰੀ ਨੌਕਰੀ ਵਾਲੇ ਨੂੰ ਵੀ ਪਸੰਦ ਕਰ ਲੈਂਦੇ ਨੇ, ਜ਼ਮੀਨ ਚਾਹੇ ਘੱਟ ਹੋਵੇ ...।"

ਨਾਵਲ ਦੇ ਦੂਸਰੇ ਲੜ ਦੀ ਗੱਲ ਅੰਬਰ ਦਾ ਪਿਉ ਬਾਹਰਾ ਹੋਣ ਦੀ ਹੀਣ ਭਾਵਨਾ, ਰੰਗ-ਰੂਪ ਪੱਖੋਂ ਸਨੁੱਖਾ ਨਾ ਹੋਣਾ ਅਤੇ ਆਰਥਿਕ ਥੁੜ੍ਹਾਂ ਭਰੇ ਬੀਤੇ ਬਚਪਨ ਤੋਂ ਆਰੰਭੀ ਜਾ ਸਕਦੀ ਹੈ। ਪਰ ਸਕੂਲ ਵਿੱਚ ਨਿਹੰਗ ਬਾਬੇ ਦੁਆਰਾ ਕਿਤਾਬਾਂ ਦੇ ਲੜ ਲਗਾਉਣ ਅਤੇ ਤਾਏ ਅਰਜਣ ਦੀ ਭਵਿੱਖੀ ਆਰਥਿਕ ਔਕੜਾਂ ਲਈ ਦਿੱਤੀ ਨਸੀਹਤ ਅੰਬਰ ਨੂੰ ਪੜ੍ਹਾਈ ਨਾਲ ਜੋੜੀ ਰੱਖਦੀ ਹੈ :

"ਦੇਖ ਅੰਬਰ ਆਹਾ ਜਿਹੜੇ ਤੈਨੂੰ ਖੇਤ ਦਿੱਸਦੇ ਨੇ, ਇਨ੍ਹਾਂ 'ਚੋਂ ਸੱਤ ਕੀਲੇ ਆਪਣੇ ਜੱਦੀ ਨੇ, ਇਕ ਅਸੀਂ ਖਰੀਦਿਆ। ਬਾਕੀ ਵੀਹ ਕੀਲੇ ਆਪਾਂ ਠੇਕੇ ਤੇ ਲਏ ਹੋਏ ਨੇ। ਤੇਰਾ ਚਾਰ ਕੀਲਿਆਂ 'ਤੇ ਕੋਈ ਗੁਜ਼ਾਰਾ ਨੀਂ ਹੋਣਾ। ਮੂਹਰੇ ਪੜ੍ਹੇ ਲਿਖੇ ਲੋਕਾਂ ਦਾ ਯੁੱਗ ਆ ਰਿਹੈ, ਇਸ ਲਈ ਮੱਲ ਬਣ ਕੇ ਪੜ੍ਹਜਾ" (ਪੰਨਾ-39)

ਇਸ ਹੱਲਾਸ਼ੇਰੀ ਨਾਲ ਅੰਬਰ ਸਕੂਲ ਤੋਂ ਕਾਲਜ ਅਤੇ ਕਾਲਜ ਤੋਂ ਯੂਨੀਵਰਸਿਟੀ ਤੱਕ ਉਚੇਰੀ ਸਿੱਖਿਆ ਪ੍ਰਾਪਤ ਕਰਦਾ ਹੈ। ਮਲੇਰਕੋਟਲੇ ਕਾਲਜ ਦੀ ਨੌਕਰੀ ਤੋਂ ਬਾਅਦ ਜੰਮੂ ਯੂਨੀਵਰਸਿਟੀ ਬਤੌਰ ਪ੍ਰੋਫ਼ੈਸਰ ਨਿਯੁਕਤ ਹੁੰਦਾ ਹੈ। ਫਲਸਰੂਪ ਪੇਂਡੂ ਸਮਾਜ ਵਿੱਚ ਜੰਮਿਆ ਪਲਿਆ ਇਹ ਮੁੱਖ ਪਾਤਰ ਉਦਯੋਗੀਕਰਨ, ਬਾਜ਼ਾਰੀਕਰਨ ਦੀਆਂ ਨੀਤੀਆਂ ਦੇ ਪ੍ਰਭਾਵ ਸਦਕਾ ਬਦਲ ਰਹੇ ਸਮੁੱਚੇ ਸਮਾਜ-ਸਭਿਆਚਾਰ ਵਿੱਚ ਬੱਝਵੇਂ ਵਿਆਹ ਸੰਬੰਧਾਂ ਵਰਗੇ ਪਰੰਪਰਿਕ ਮੁੱਲਾਂ ਅਤੇ ਰੂੜੀਆਂ ਨੂੰ ਤੋੜ ਕੇ ਨਵੇਂ ਸਮੇਂ ਵਿੱਚ ਖੁੱਲ੍ਹਾ ਸਾਹ ਲੈਣ ਦੀ ਅਕਾਂਖਿਆ ਲਈ ਤੜਫਦਾ ਹੈ। ਕਿਉਂਕਿ "ਸਰਮਾਏਦਾਰੀ ਨੇ ਵਿਸ਼ਵ ਵਿੱਚ ਐਸੀ ਚੜ੍ਹ ਮਚਾ ਦਿੱਤੀ ਕਿ ਦੁਨੀਆ ਵਸਤੂਆਂ ਦੇ ਹੜ੍ਹ ਵਿੱਚ ਗੁੰਮ ਗੁਆਚਣ ਲੱਗੀ। ਪੰਜਾਬੀ ਮਨੁੱਖ ਜੋ ਪੰਜਾਬ ਸੰਕਟ ਤੋਂ ਭੈਅ ਭੀਤ ਸੀ, ਉਸਨੂੰ ਅਮਨ-ਕਾਨੂੰਨ ਨੇ ਜਿੱਥੇ ਰਾਹਤ ਦਿੱਤੀ ਉਥੇ ਸਿੱਧੇ ਉਪਭੋਗਤਾ ਦੇ ਖੁੱਲ੍ਹੇ ਬਾਜ਼ਾਰ ਵਿਚ ਲਿਆ ਖੜ੍ਹਾ ਕੀਤਾ। ਇਕ ਪਾਸੇ ਵਲੂੰਧਰੀ ਮਾਨਸਿਕਤਾ, ਦੂਜੇ ਪਾਸੇ ਉਪਭੋਗਤਾ ਦਾ ਆਲਮ ਤੇ ਤੀਜਾ ਸਮਾਜਵਾਦੀ ਸਮਾਜ ਦਾ ਖਿੰਡਾਅ ਪੰਜਾਬੀ ਮਨੁੱਖ ਨੂੰ ਸਵੈ-ਕੇਂਦਰਿਤ ਸਰੋਕਾਰਾਂ ਵੱਲ ਧਕੇਲ ਕੇ ਲੈ ਗਿਆ।"9 ਇਨ੍ਹਾਂ ਨਵੇਂ ਸਮਿਆਂ ਵਿਚ ਬੰਦੇ ਉੱਪਰ ਵਿਅਕਤੀਗਤ ਸਵੈ ਭਾਰੂ ਹੋ ਜਾਂਦਾ ਹੈ ਅਤੇ ਉਹ ਸਮਾਜਕ ਅਤੇ ਸਮੂਹਿਕ ਰਿਸ਼ਤਾ-ਨਾਤਾ ਪ੍ਰਬੰਧ ਤੋਂ ਭੱਜਦਾ ਹੈ। ਇਸ ਲਈ ਵਿਸ਼ਵ-ਮੰਡੀ ਦੇ ਵਿਸਥਾਰ ਅਤੇ ਉਪਭੋਗੀ ਕਲਚਰ ਦੇ ਡੂੰਘੇ ਪ੍ਰਭਾਵਾਂ ਨੇ ਵਿਆਹ ਦੇ ਸਥਾਈ ਹੋਣ ਦੀ ਮਿੱਥ ਨੂੰ ਤਿੜ੍ਹਕਾ ਦਿੱਤਾ ਹੈ। ਦੂਸਰਾ ਅੰਬਰ ਮੱਧਵਰਗੀ ਜੀਵਨ ਦੀ ਲਾਚਾਰੀ/ਬੇਵੱਸੀ ਨਾਲ ਵੀ ਜੂਝਦਾ ਹੈ। ਫਲਸਰੂਪ ਆਪਣੀ ਐਡਹਾਕ ਦੀ ਨੌਕਰੀ ਸਮੇਂ ਉਸਨੂੰ ਘਰੇਲੂ ਕੁੜੀ ਕਿਰਨਜੀਤ ਨਾਲ ਵਿਆਹ ਕਰਵਾਉਣਾ ਪੈਂਦਾ ਹੈ ਜਿਹੜੀ ਨਾ ਬਹੁਤ ਸੋਹਣੀ ਸੀ ਅਤੇ ਨਾ ਹੀ ਬਹੁਤ ਜ਼ਿਆਦਾ ਪੜ੍ਹੀ ਲਿਖੀ ਸੀ। ਪਰ ਅੰਬਰ ਆਪਣੇ ਬਚਪਨ ਵਿਚ ਆਪਣੀ ਸਹਿਪਾਠਣ ਚਰਨੀ, ਜਸਵੀਰ ਅਤੇ ਫਿਰ ਮਲੇਰਕੋਟਲੇ ਤੋਂ ਆਉਂਦੀ ਸਮਾਜਿਕ ਸਿੱਖਿਆ ਦੀ ਅਧਿਆਪਕਾ ਨਾਦਿਰਾ ਖ਼ਾਨਮ, ਕਾਲਜ ਵਿਦਿਆਰਥਣ ਰਾਬੀਆ, ਆਪਣੀ ਕਾਲਜ ਸਹਿਕਰਮਣ ਮਿਊਜ਼ਿਕ ਟੀਚਰ ਅਵਨੀਤ ਅਤੇ ਜੰਮੂ ਵਿੱਚ ਮਿਲੀ ਜ਼ੋਇਆ ਵਰਗੀਆਂ ਪਰੀਆਂ ਨਾਲ ਉੱਡਣਾ ਚਾਹੁੰਦਾ ਹੈ। ਨਵੀਆਂ ਪੂੰਜੀਵਾਦੀ ਕਦਰਾਂ-ਕੀਮਤਾਂ ਦੇ ਅਸਰ ਕਾਰਨ ਅੰਬਰ ਦੇ ਅਵਚੇਤਨ ਵਿੱਚ ਵੱਡੀ ਉਥਲ-ਪੁਥਲ ਵਾਪਰਦੀ ਹੈ ਜਿਸ ਕਾਰਨ ਉਹ ਵਿਆਹ-ਸੰਸਥਾ ਦੇ ਮਕੱੜ ਜਾਲ ਤੋਂ ਬਚਣਾ ਲੋਚਦਾ ਹੈ। ਪਤਨੀ ਕਿਰਨਜੀਤ ਉਸਨੂੰ ਕਦੇ ਵੀ ਆਪਣੇ ਸੁਪਨਿਆਂ ਦੀ ਔਰਤ ਵਰਗੀ ਨਹੀਂ ਲੱਗਦੀ। ਪਰ ਕਿਰਨਜੀਤ ਅੰਬਰ ਦੇ ਹਾਣ ਦਾ ਹੋਣ ਲਈ



ਯਤਨ ਕਰਦੀ ਰਹਿੰਦੀ ਹੈ। ਖ਼ਾਸ ਕਰਕੇ ਉਹ ਆਪਣੀ ਮਿਹਨਤ ਨਾਲ ਐੱਮ.ਏ., ਪੀ.ਐੱਚ.ਡੀ. ਅਤੇ ਨੈੱਟ ਵਰਗੀਆਂ ਡਿਗਰੀਆਂ ਵੀ ਹਾਸਲ ਕਰ ਲੈਂਦੀ ਹੈ। ਅੰਬਰ ਨੂੰ ਕਿਰਨਜੀਤ ਕੇਵਲ ਘਰੇਲੂ, ਰੁੱਖੇ ਹੱਥਾਂ ਵਾਲੀ ਜਾਂ ਖਾਣ-ਪੀਣ ਦੀਆਂ ਆਪਣੇ ਤੋਂ ਉਲੱਟ ਆਦਤਾਂ ਵਾਲੀ ਔਰਤ ਹੀ ਨਹੀਂ ਜਾਪਦੀ ਹੈ, ਸਗੋਂ ਪਤੀ-ਪਤਨੀ ਕਾਮ-ਸੰਬੰਧਾਂ ਪੱਖੋਂ ਵੀ ਉਦਾਸੀਨ ਲੱਗਦੀ ਰਹਿੰਦੀ ਹੈ। ਭਾਵੇਂ ਇਸ ਤਰ੍ਹਾਂ ਦੀ ਮਾਨਸਿਕ ਅਵਸਥਾ ਪਿੱਛੇ ਔਰਤ ਉੱਪਰ ਥੋਪੀਆਂ ਸਦੀਆਂ ਪੁਰਾਣੀਆਂ ਲੈਂਗਿਕ ਸੰਬੰਧਾਂ ਦੀਆਂ ਵਰਜਨਾਵਾਂ ਅਤੇ ਮਰਿਆਦਾਵਾਂ ਵਿਚੋਂ ਖੋਜਿਆ ਜਾ ਸਕਦਾ ਹੈ। ਇਤਿਹਾਸਕ ਰੂਪ ਵਿੱਚ ਵਿਆਹ-ਪ੍ਰਥਾ ਟੋਲੀ ਵਿਆਹ, ਜੋੜਾ ਵਿਆਹ ਪ੍ਰਥਾ ਅਤੇ ਇਕ ਪਤੀ-ਪਤਨੀ ਵਿਆਹ ਪ੍ਰਥਾ ਵਿਚੋਂ ਗੁਜਰ ਦੀ ਹੈ। ਪਰ ਅਜੋਕੇ ਸਮੇਂ ਤੱਕ ਪਹੁੰਚਦਿਆਂ ਮਰਦ ਆਪਣੇ ਕਾਮੁਕ-ਸੰਬੰਧਾਂ ਲਈ ਕੁਝ ਰਿਆਇਤਾਂ ਹਾਸਲ ਕਰ ਲੈਂਦਾ ਹੈ। "ਦਰਅਸਲ ਇਸ ਬਹੁਗਮਨੀ ਦੇ ਸਮੇਂ ਵਿੱਚ ਪ੍ਰਾਪਤ ਹੁੰਦੀ ਕਾਮ-ਊਰਜਾ ਦੀ ਸਿਮਰਤੀ ਮਰਦ-ਔਰਤਾਂ ਦੋਹਾਂ ਦੇ ਸਮੂਹਕ-ਅਵਚੇਤਨ ਵਿੱਚ ਜਿਊਂਦੀ ਹੈ। ਇਹ ਵੱਖਰੀ ਗੱਲ ਹੈ ਕਿ ਔਰਤ ਦੀ ਕਾਮੁਕਤਾ ਨੂੰ ਪਿਤਰਕੀ-ਸੰਰਚਨਾਵਾਂ ਰਾਹੀਂ ਵਧੇਰੇ ਨਿਯੰਤਰਿਤ ਕਰ ਲਿਆ ਗਿਆ ਤੇ ਮਰਦ ਹਮੇਸ਼ਾਂ ਇੱਕ ਤੋਂ ਵਧੇਰੇ ਔਰਤਾਂ ਨਾਲ ਸੰਭੋਗ-ਇੱਛਾ ਦੀ ਪੂਰਤੀ ਲਈ ਯਤਨ ਕਰਦਾ ਰਿਹਾ।"10 ਕਿਰਨਜੀਤ ਦੇ ਅੰਦਰ ਅਜਿਹੀ ਮਾਨਸਿਕਤਾ ਦਾ ਉਪਜਣਾ ਸੁਭਾਵਿਕ ਜਾਪਦਾ ਹੈ :

ਅੰਬਰ ਤੇ ਕਿਰਨਜੀਤ ਵੀ ਹਮੇਸ਼ਾਂ ਬੱਤੀ ਬੁਝਾ ਕੇ ਹੀ ਮਿਲਦੇ ਹਨ। ਕਿਰਨਜੀਤ ਹੁਣ ਤੱਕ ਇਸ ਮਿਲਣੀ ਨੂੰ ਕਿਤੇ ਨਾ ਕਿਤੇ ਅਚੇਤ ਮਨ ਵਿੱਚ ਪਾਪ ਦੀ ਨਜ਼ਰ ਨਾਲ ਦੇਖਦੀ ਸੀ। ਇਸ ਮਸਲੇ ਨੂੰ ਲੈ ਕੇ ਉਸਦੇ ਮਨ ਵਿੱਚ ਪੀਡੀਆਂ ਗੰਢਾਂ ਸਨ। (ਪੰਨਾ - 98)

ਦੂਸਰੇ ਪਾਸੇ ਅੰਬਰ ਖੁੱਲ੍ਹੇ ਪਿਆਰ/ਕਾਮ ਸੰਬੰਧਾਂ ਦੀ ਹਮਾਇਤ ਕਰਦਾ ਹੋਇਆ ਅਜੋਕੀ ਵਿਆਹ-ਸੰਸਥਾ ਨੂੰ ਇਹਨਾਂ ਸੰਬੰਧਾਂ ਵਿਚਲੀ ਸਭ ਤੋਂ ਵੱਡੀ ਰੁਕਾਵਟ ਮੰਨਦਾ ਹੈ। ਬਚਪਨ ਵਿੱਚ ਚਰਨੀ, ਜਸਵੀਰ ਅਤੇ ਨਾਦਿਰਾ ਖ਼ਾਨਮ ਉਸਨੂੰ ਆਕਰਸ਼ਿਤ ਕਰਦੀਆਂ ਹਨ, ਉਥੇ ਕਾਲਜ ਵਿੱਚ ਨੌਕਰੀ ਕਰਦਿਆਂ ਛੇਵੇਂ ਅਸਮਾਨ ਦੀ ਪਰੀ ਮਿਊਜ਼ਿਕ ਅਧਿਆਪਕਾ ਅਵਨੀਤ ਨਾਲ ਜਿਸਮਾਨੀ ਸੰਬੰਧਾਂ ਵਿੱਚ ਬੱਝਦਾ ਹੈ ਅਤੇ ਫਿਰ ਜੰਮੂ ਯੂਨੀਵਰਸਿਟੀ ਵਿੱਚ ਜ਼ੋਇਆ ਵਰਗੀ ਸੱਤੇਂ ਅਸਮਾਨ ਦੀ ਪਰੀ ਨਾਲ ਪਿਆਰ-ਸੰਬੰਧ ਬਣਾਉਂਦਾ ਹੈ। ਅੰਬਰ ਅਤੇ ਜ਼ੋਇਆ ਦੇ ਪਿਆਰ-ਸੰਬੰਧਾਂ ਦੀ ਸਿਖ਼ਰ ਉਸ ਵੇਲੇ ਹੁੰਦੀ ਹੈ ਜਦੋਂ ਅੰਬਰ ਦੋ ਬੱਚਿਆਂ ਦੀ ਮਾਂ ਕਿਰਨਜੀਤ ਕੋਲੋਂ ਤਲਾਕ ਮੰਗ ਲੈਂਦਾ ਹੈ।

ਉਹ ਜ਼ੋਇਆ ਨੂੰ ਪ੍ਰੇਮਿਕਾ ਦੇ ਤੌਰ 'ਤੇ ਹਾਸਲ ਕਰਨ ਵਿੱਚ ਅਸਫ਼ਲ ਰਿਹਾ ਸੀ। ਉਸਦਾ ਪਿਆਰ ਹਾਸਲ ਕਰਨ ਲਈ ਉਸਨੂੰ ਪਤਨੀ ਬਣਾਉਣਾ ਹੋਵੇਗਾ। (ਪੰਨਾ - 180)

ਅੰਬਰ ਉਪਭੋਗੀ ਰੁਚੀਆਂ ਅਨੁਸਾਰ ਘੜਿਆ ਅਜੋਕਾ ਸ਼ਹਿਰੀ ਮੱਧਵਰਗੀ ਬੰਦਾ ਹੈ ਜਿਹੜਾ ਵਿਆਹ ਸੰਸਥਾ ਦੇ ਤਾਣੇ-ਬਾਣੇ ਨੂੰ ਨਕਾਰਦਾ ਹੈ ਅਤੇ ਖੁੱਲ੍ਹੇ ਪਿਆਰ ਸੰਬੰਧਾਂ ਨੂੰ ਭੋਗਣਾ ਲੋਚਦਾ ਹੈ। ਪਰ ਇਸ ਲੋਚਾ ਵਿੱਚ ਮਾਨਸਿਕ ਸੰਤੁਸ਼ਟੀ ਗ਼ੈਰ-ਹਾਜ਼ਰ ਨਜ਼ਰ ਆਉਂਦੀ ਹੈ। "ਅਸਲ ਵਿਚ 'ਪੱਛਮੀ ਸੁਹਜ ਮੁੱਲ' ਉਸ ਦੇ ਈਸੜੂ, ਮਲੇਰਕੋਟਲੇ ਅਤੇ ਜੰਮੂ ਰਹਿੰਦਿਆਂ ਵੀ ਉਸ ਦੇ ਅਚੇਤ ਦਾ ਹਿੱਸਾ ਬਣ ਚੁੱਕੇ ਹਨ। ਉਹ ਤਾਂ ਨਵੇਂ ਸਮਿਆਂ ਦੇ ਅਜਿਹੇ ਮੱਧਵਰਗੀ ਮਨੁੱਖ ਵਿੱਚ ਬਦਲ ਚੁੱਕਾ ਹੈ, ਜੋ 'ਸੱਤਵੇਂ ਅਸਮਾਨ' 'ਤੇ 'ਪਰੀਆਂ' ਨਾਲ ਘੁੰਮ-ਫਿਰ, ਮੌਜਾਂ ਮਾਣ ਕੇ ਵੀ ਸੰਤੁਸ਼ਟ ਨਹੀਂ ਹੈ। ਜੇ ਕੁਝ ਪਲਾਂ ਲਈ ਸੰਤੁਸ਼ਟ ਹੁੰਦਾ ਵੀ ਹੈ ਤਾਂ ਇਹ ਸੰਤੁਸ਼ਟੀ ਬੜੀ ਥੋੜ੍ਹ-ਚਿਰੀ ਹੈ। ਉਸਨੂੰ ਆਨੰਦ ਹੀ ਆਨੰਦ ਚਾਹੀਦਾ ਹੈ। ਉਹ ਕਿਸੇ 'ਪੂਰਨ ਆਨੰਦ' ਦੀ ਤਲਾਸ਼ ਵਿੱਚ ਹੈ। ਇਸ ਤਲਾਸ਼ ਵਿੱਚ ਭਟਕਣ ਹੈ।"11 ਜਦੋਂ ਕਿ ਅਜੋਕਾ ਸ਼ਹਿਰੀ, ਮੱਧਵਰਗੀ ਬੰਦਾ ਜਿੰਨ੍ਹਾਂ ਅਸੰਤੁਸ਼ਟ ਸਥਿਤੀਆਂ ਵਿੱਚ ਜਿਉਣ ਲਈ ਮਜਬੂਰ ਹੈ, ਉਨ੍ਹਾਂ ਸਥਿਤੀਆਂ ਵਿੱਚ ਪਿਆਰ ਕੋਈ ਵੱਡਾ ਮੁੱਲ ਨਹੀਂ ਹੁੰਦਾ, ਸਗੋਂ ਇਹ ਦੇਹ ਨੂੰ ਭੋਗਣ ਦੀ ਭੁੱਖ ਹੀ ਹੁੰਦੀ ਹੈ। ਅੰਬਰ ਦਾ ਜ਼ੋਇਆ ਨੂੰ ਵਿਆਹ ਤੋਂ ਬਿਨਾਂ ਪਿਆਰ ਸੰਬੰਧੀ ਬਣਾਈ ਰੱਖਣ ਲਈ

ਕਹਿਣਾ ਇਸ ਮਨਸ਼ਾ ਵੱਲ ਸੰਕੇਤ ਕਰਦਾ ਹੈ। "..... ਵਿਆਹ ਤੂੰ ਜਿੱਥੇ ਕਰਵਾਉਣਾ ਕਰਵਾ ਲਈ। ਇੱਕ ਵਾਰ ਮੇਰੇ ਨਾਲ ਇਸ ਰਿਸ਼ਤੇ ਚੋਂ ਲੰਘ ਕੇ ਤਾਂ ਦੇਖ।" (ਪੰਨਾ-157) ਇਸੇ ਤਰ੍ਹਾਂ ਉਸਦੀ ਅੰਦਰਲੀ ਅਵਾਜ਼ ਦਾ ਇਹ ਕਹਿਣਾ ਕਿ "ਮੈਨੂੰ ਬਥੇਰੀ ਤਰ੍ਹਾਂ ਦੀਆਂ ਔਰਤਾਂ ਮਿਲ ਜਾਣਗੀਆਂ। ਮੈਂ ਕਿਉਂ ਕਿਸੇ ਇੱਕ ਤੱਕ ਸੀਮਤ ਹੋਵਾ ....।" (ਪੰਨਾ - 263) ਜਾਂ ਅਵਨੀਤ, ਜ਼ੋਇਆ ਅਤੇ ਇਸ ਤੋਂ ਬਾਅਦ ਹੋਰ ਬਥੇਰੀਆਂ ਔਰਤਾਂ ਨੂੰ ਮਾਨਣ ਦੀ ਇੱਛਾ ਮਰਦ ਦੀ ਅੰਤਰੀਵੀ ਗਹਿਰੀ ਕਾਮੁਕ ਅਤ੍ਰਿਪਤੀ ਵੱਲ ਇਸ਼ਾਰਾ ਕਰਦੀ ਹੈ। ਕਿਉਂਕਿ "ਉਸ ਸੰਸਕ੍ਰਿਤੀ ਵਿੱਚ ਜਿਸ ਵਿੱਚ ਬਾਜ਼ਾਰ ਦੀ ਧਾਰਨਾ ਮਹੱਤਵਪੂਰਨ ਹੋਵੇ, ਅਤੇ ਜਿਸ ਵਿੱਚ ਭੌਤਿਕ ਸਫ਼ਲਤਾ ਸਭ ਤੋਂ ਵੱਡਾ ਮੁੱਲ ਹੋਵੇ - ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਮਨੁੱਖ ਦੇ ਪਿਆਰ-ਸੰਬੰਧ ਵੀ ਉਹੀ ਸਮੀਕਰਨ ਅਪਣਾ ਲੈਣ ਜਿਹੜੇ ਵਸਤੂਆਂ ਅਤੇ ਬਾਜ਼ਾਰ ਦੇ ਵਿੱਚ ਸਥਾਪਿਤ ਹਨ।"12 ਦੂਸਰੇ ਪਾਸੇ ਉਸਦੇ ਅੰਦਰ ਪਿੱਤਰਕੀ ਸੱਤਾ ਦੀ ਮਰਦਾਵੀਂ ਸੋਚ ਭਾਰੂ ਹੈ ਕਿਉਂਕਿ ਉਹ ਤਲਾਕ ਤੋਂ ਬਾਅਦ ਕਿਰਨਜੀਤ ਦੇ ਗ਼ੈਰ-ਮਰਦ ਨਾਲ ਸਰੀਰਕ ਸੰਬੰਧਾਂ ਬਾਰੇ ਸੋਚ ਕੇ ਪ੍ਰੇਸ਼ਾਨ ਹੋ ਜਾਂਦਾ ਹੈ।

ਵਿਆਹ ਸੰਸਥਾ ਦਾ ਤੀਜਾ ਪਾਸਾਰ ਨਾਵਲ ਵਿਚੋਂ ਪਿਆਰ ਵਿਆਹ ਦੇ ਪ੍ਰਸੰਗ ਵਿੱਚ ਸਾਹਮਣੇ ਆਉਂਦਾ ਹੈ। ਜਿਸ ਵਿੱਚ ਜ਼ੋਇਆ ਦੀ ਮਾਂ ਲਖਵੀਰ ਕੌਰ ਅਤੇ ਬਾਪ ਹਰਜੀਤ ਸਿੰਘ ਪ੍ਰੇਮੀ-ਪ੍ਰੇਮਿਕਾ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ। ਪਰ ਹੌਲੀ-ਹੌਲੀ ਦੋਵਾਂ ਵਿਚਲਾ ਪਿਆਰ-ਜਨੂੰਨ ਘੱਟ ਹੋ ਜਾਂਦਾ ਹੈ, ਜਿਸ ਕਰਕੇ ਲਖਵੀਰ ਕੌਰ ਪਿਆਰ ਵਿਆਹ ਕਰਵਾਉਣ ਦੇ ਆਪਣੇ ਫੈਸਲੇ ਨੂੰ ਅੰਦਰੋਂ ਅੰਦਰੀ ਕੋਸਦੀ ਰਹਿੰਦੀ ਹੈ। ਕਿਉਂਕਿ ਹਰਜੀਤ ਸਿੰਘ ਡੀ.ਐੱਸ.ਪੀ. ਬਣਨ ਲਈ ਆਪਣੇ ਪਿਆਰ ਅਤੇ ਅੰਦਰਲੀ ਮਨੁੱਖਤਾ ਦਾ ਘਾਣ ਕਰ ਦਿੰਦਾ ਹੈ। ਨਾਵਲ ਵਿੱਚ ਇੱਕ ਹੋਰ ਵਾਚਣਯੋਗ ਪੱਖ ਅਵਨੀਤ ਅਤੇ ਜੌਹਨ ਸੰਧੂ ਵਰਗੇ ਪਾਤਰਾਂ ਦੇ ਵਿਆਹ ਅਤੇ ਤਲਾਕ ਦੁਆਰਾ ਪੱਛਮੀ ਜੀਵਨ ਪੱਧਤੀ ਦੇ ਸੱਚ ਨੂੰ ਬਿਆਨਦਾ ਹੈ। ਜਿਥੇ ਡਾਈਵੋਰਸ ਨੂੰ ਆਮ ਜ਼ਿੰਦਗੀ ਦਾ ਹਿੱਸਾ ਮੰਨਿਆ ਜਾਂਦਾ ਹੈ ਅਤੇ ਡਾਈਵੋਰਸ ਸੈਲੀਬਰੇਸ਼ਨ ਪਾਰਟੀਆਂ ਕੀਤੀਆਂ ਜਾਂਦੀਆਂ ਹਨ।

ਵਿਆਹ-ਬਾਹਰੇ ਅਵੈਧ ਸੰਬੰਧਾਂ ਦਾ ਨੁਕਤਾ ਵੀ ਨਾਵਲਕਾਰ ਉਠਾਉਂਦਾ ਹੈ। ਵਿਆਹ-ਬਾਹਰੇ ਅਵੈਧ ਸੰਬੰਧ ਕੇਵਲ ਮਰਦ (ਅੰਬਰ) ਹੀ ਨਹੀਂ ਹੰਢਾਉਂਦਾ ਸਗੋਂ ਔਰਤਾਂ ਦੇ ਵਿਆਹ ਬਾਹਰੇ ਸੰਬੰਧਾਂ ਨੂੰ ਪ੍ਰਿੰਸੀਪਲ ਹਰਕਮਲ ਕੌਰ ਅਤੇ ਕਾਲਜ ਡਾਇਰੈਕਟਰ ਗੁਰਮੋਹਨ ਸਿੰਘ ਕਾਲੀਆ ਰਾਹੀਂ ਪ੍ਰਗਟ ਕੀਤਾ ਹੈ। ਇਨ੍ਹਾਂ ਅਵੈਧ ਸੰਬੰਧਾਂ ਦੀ ਸਿਖ਼ਰ ਉਦੋਂ ਹੁੰਦੀ ਹੈ ਜਦੋਂ ਇਹ ਗ਼ੈਰ-ਕੁਦਰਤੀ ਸੈਕਸ ਖਿਡੌਣਿਆਂ ਦਾ ਸਹਾਰਾ ਲੈਂਦੇ ਹਨ।

ਬਦਲੇ ਸਮਿਆਂ ਵਿੱਚ ਪੜ੍ਹੇ ਲਿਖੇ ਸ਼ਹਿਰੀ ਮੱਧਵਰਗੀ ਲੋਕ ਪਿਆਰ ਵਿਆਹ/ਕੋਰਟ ਮੈਰਿਜ਼ ਪ੍ਰਤੀ ਕੁੱਝ ਨਰਮ ਰਵੱਈਆ ਅਪਨਾਉਂਦੇ ਹਨ, ਪਰ ਪੇਂਡੂ ਸਮਾਜ ਵਿਚ ਅੱਜ ਵੀ ਅਣਖ ਖਾਤਰ ਕੁੜੀਆਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਇਸ ਸੰਬੰਧੀ ਜ਼ੋਇਆ ਦੇ ਅੰਬਰ ਨੂੰ ਆਖੇ ਸ਼ਬਦ ਮਹੱਤਵ ਤੋਂ ਖ਼ਾਲੀ ਨਹੀਂ। ".... ਤੁਹਾਡੇ ਜੱਟਾਂ ਦੇ ਵਿੱਚ ਜਿਵੇਂ ਹੁੰਦਾ, ਕੁੜੀ ਦਾ ਪਿੱਛਾ ਕਰਦੇ ਨੇ, ਮਾਰਨ ਤੱਕ ਜਾਂਦੇ ਨੇ, ਸਾਡੇ ਇਸ ਤਰ੍ਹਾਂ ਨਹੀਂ ਕਰਦੇ। ਕੁਝ ਸਾਲਾਂ ਤੱਕ ਸਾਡੇ ਆਉਣ ਜਾਣ ਵੀ ਲੱਗ ਜਾਣਗੇ।" (ਪੰਨਾ - 196)

ਇਸ ਸਮੁੱਚੀ ਸ਼ਿਲਪ ਜੜ੍ਹਤ ਵਿੱਚ ਜਟਿਲਤਾ ਅਤੇ ਵਾਸਤਵਿਕਤਾ ਨੂੰ ਮੂਰਤੀਮਾਨ ਕਰਨ ਲਈ ਨਾਵਲਕਾਰ ਨੇ ਆਦਿ-ਸਮਾਜ ਦੇ ਜੀਵਨ, ਧਰਮਰਾਜ ਦੀ ਕਚਹਿਰੀ, ਪਰੀਆਂ ਦਾ ਦੇਸ਼ ਅਤੇ ਉੱਡਣ ਖਟੋਲਾ, ਬਾਬਾ ਗਗਨ ਦੀ ਕਹਾਣੀ, ਭੂਤਾਂ, ਮਿੱਥਾਂ, ਸ਼ਹੀਦ ਕਰਨੈਲ ਸਿੰਘ ਦੀ ਆਤਮਾ, ਏਲੀਅਨ ਦਾ ਜ਼ਿਕਰ, ਤਾਰਾ ਵਿਗਿਆਨ, ਛੇਵੇਂ ਅਸਮਾਨ ਅਤੇ ਸੱਤਵੇਂ ਅਸਮਾਨ ਦੀ ਗੱਲ ਆਦਿ ਦਾ ਸਹਾਰਾ ਲਿਆ ਹੈ, ਜਿਹੜਾ ਇਸ ਦੀ ਵਿੱਲਖਣ ਬੁਣਾਵਟ ਦਾ ਆਧਾਰ ਬਣਦਾ ਹੈ।



ਇਸ ਤੋਂ ਇਲਾਵਾ ਨਾਵਲਕਾਰ ਨੇ ਦੂਸਰੇ ਵਿਸ਼ੇ ਜਿਵੇਂ ਉੱਚ ਵਿਦਿਅਕ ਸੰਸਥਾਵਾਂ ਵਿਚਲੇ ਨਿਘਾਰ, ਪੜ੍ਹੇ-ਲਿਖੇ ਨੌਜਵਾਨਾਂ ਦਾ ਐਡਹਾਕ ਵਰਗੀ ਨੌਕਰੀ ਦਾ ਸਰਾਪ ਭੋਗਣਾ, ਜੰਮੂ-ਕਸ਼ਮੀਰ ਵਿਚਲੇ ਲੋਕਾਂ ਦਾ ਭਾਰਤੀ/ ਪੰਜਾਬੀ ਲੋਕਾਂ ਪ੍ਰਤੀ ਰਵੱਈਆ, ਜੰਮੂ ਵਿੱਚਲੇ ਲੋਕਾਂ ਦਾ ਪੁਣਛੀ, ਮੁਜ਼ੱਫਰਾਵਾਦੀ ਤੇ ਕਸ਼ਮੀਰੀ ਆਂਚਲਾਂ ਵਿੱਚ ਵੰਡਿਆ ਹੋਣਾ, ਮਲੇਰਕੋਟਲਾ ਰਿਆਸਤ ਬਾਰੇ ਇਤਿਹਾਸਕ ਹਵਾਲਾ, ਵੱਡੀ ਕਿਸਾਨੀ ਦੁਆਰਾ ਛੋਟੀ ਕਿਸਾਨੀ ਦੀ ਜ਼ਮੀਨ ਹੜੱਪਣ ਸੰਬੰਧੀ ਬਚਿੱਤਰ ਸਿੰਹੁ ਆੜ੍ਹਤੀਏ ਅਤੇ ਜੱਦੀ ਜ਼ਮੀਨ ਵੇਚਣ ਵਾਲੇ ਅੰਬਰ ਦੇ ਭਰਾ ਮਨਦੀਪ ਦਾ ਚਿੱਤਰ, ਭਾਰਤੀ ਫ਼ੌਜ਼ ਦੁਆਰਾ ਕਸ਼ਮੀਰੀ ਔਰਤਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਨੂੰ ਅੰਬਰ ਦੇ ਕਸ਼ਮੀਰੀ ਦੋਸਤ ਅਕਬਰ ਦੁਆਰਾ ਪ੍ਰਗਟ ਕਰਨਾ, ਪੰਜਾਬੀਆਂ ਦੇ ਮਨਾਂ ਵਿੱਚ ਜੰਮੂ ਦੇ ਭਾਪਿਆਂ ਪ੍ਰਤੀ ਹਿਕਾਰਤ ਭਰੇ ਰੱਵਈਏ ਦਾ ਜ਼ਿਕਰ, ਕਸ਼ਮੀਰ ਦੇ ਲੋਕਾਂ ਦਾ ਸਭਿਆਚਾਰ ਅਤੇ ਭਾਈਚਾਰਕ ਸਾਂਝ ਅਤੇ ਸੰਸਾਰ ਪੱਧਰ 'ਤੇ ਕਮਿਊਨਿਸਟ ਲਹਿਰਾਂ ਵਿਚਲੀ ਖੜੋਤ ਬਾਰੇ ਮਿਲਦੇ ਸੰਕੇਤ ਨਾਵਲ ਦੇ ਬਿਰਤਾਂਤ ਦਾ ਹਿੱਸਾ ਬਣਦੇ ਹਨ।

ਭਾਸ਼ਾ ਪੱਖੋਂ ਨਾਵਲਕਾਰ ਨੇ ਦੋ ਵੱਖ-ਵੱਖ ਖਿੱਤਿਆਂ (ਪੰਜਾਬ ਅਤੇ ਜੰਮੂ) ਤੋਂ ਆਏ ਪਾਤਰਾਂ ਨੂੰ ਭਰਵੇਂ ਰੂਪ ਵਿੱਚ ਚਿਤਰਿਆ ਹੈ ਜਿਸ ਤੋਂ ਨਾਵਲਕਾਰ ਦੀ ਪੰਜਾਬੀ ਭਾਸ਼ਾ ਦੇ ਨਾਲ-ਨਾਲ ਜੰਮੂ ਦੀਆਂ ਸਥਾਨਕ ਭਾਸ਼ਾਵਾਂ ਦੀ ਸੂਖ਼ਮ ਪਛਾਣ ਹੀ ਨਹੀਂ ਸਗੋਂ ਗਹਿਰੀ ਸਮਝ ਦਾ ਪਤਾ ਲੱਗਦਾ ਹੈ। ਇਸ ਕੁਸ਼ਲਤਾ ਕਾਰਨ ਹੀ ਨਾਵਲ ਆਪਣੇ ਪਾਠਕਾਂ ਨੂੰ ਵੱਧ ਪ੍ਰਭਾਵਿਤ ਕਰ ਸਕਿਆ ਹੈ।

**ਹਵਾਲੇ ਅਤੇ ਟਿੱਪਣੀਆਂ**


1. ਡਾ. ਮੈਨੇਜਰ ਪਾਂਡੇ, "ਸਾਹਿਤਯ **ਕੇ ਸਮਾਜ ਸ਼ਾਸਤਰ ਕੀ ਭੂਮਿਕਾ**", ਪੰਨਾ - 265
2. ਡਾ. ਜੁਗਿੰਦਰ ਸਿੰਘ ਨਹਿਰੂ, "ਬਿਰਤਾਂਤਕ **ਗਲਪ : ਆਧੁਨਿਕ ਦ੍ਰਿਸ਼ਟੀ**", ਪੰਨਾ - 29
3. ਡਾ. ਮੈਨੇਜਰ ਪਾਂਡੇ, ਉਹੀ, ਪੰਨਾ - 273
4. ਜਗਵਿੰਦਰ ਜੋਧਾ, "ਸ਼ਬਦਾਂ ਦਾ ਜਾਦੂਗਰ ਗੈਬਰੀਅਲ ਗਾਰਸ਼ੀਆ ਮਾਰਕੁਏਜ਼", ਪੰਜਾਬੀ **ਟ੍ਰਿਬਿਊਨ**, 15 ਦਸੰਬਰ 2019, ਪੰਨਾ - 7
5. ਸੁਰਜੀਤ ਸਿੰਘ, "ਪੰਜਾਬੀ **ਨਾਵਲ : ਦ੍ਰਿਸ਼ ਅਤੇ ਦ੍ਰਿਸ਼ਟੀ**", ਪੰਨਾ - 17
6. ਉਹੀ, ਪੰਨੇ 22-25
7. ਡਾ. ਟੀ.ਆਰ. ਵਿਨੋਦ, "ਸੰਸਕ੍ਰਿਤੀ : **ਸਿਧਾਂਤ ਅਤੇ ਵਿਹਾਰ**", ਪੰਨਾ - 38
8. ਵ੍ਰਜਕੁਮਾਰ ਪਾਂਡੇ, "ਮਾਰਕਸਵਾਦੀ **ਚਿੰਤਨ**", ਪੰਨਾ - 175
9. ਡਾ. ਸਰਬਜੀਤ ਸਿੰਘ, "ਪੰਜਾਬੀ **ਕਵਿਤਾ : ਪ੍ਰਸੰਗ ਤੇ ਪ੍ਰਵਚਨ**" ਪੰਨਾ - 32
10. ਹਰਵਿੰਦਰ ਭੰਡਾਲ, "ਸਮਕਾਲੀ **ਪੰਜਾਬੀ ਕਵਿਤਾ : ਪ੍ਰਵਚਨ ਤੇ ਪ੍ਰਸ਼ਨ**", ਪੰਨਾ - 41
11. ਡਾ. ਸੁਖਪਾਲ ਸਿੰਘ ਥਿੰਦ, "ਪੂਰਨ ਆਨੰਦ ਪ੍ਰਾਪਤੀ ਦੀ ਤਲਾਸ਼", ਨਵਾਂ **ਜ਼ਮਾਨਾ** 'ਐਤਵਾਰਾ' 14 ਜੂਨ, 2020, ਪੰਨਾ - 3
12. ਏਰਿਕ ਫ਼ਰਾਮ, "ਪ੍ਰੇਮ **ਕਾ ਵਾਸਤਵਿਕ ਅਰਥ**", (ਹਿੰਦੀ ਅਨੁਵਾਦ) ਪੰਨਾ - 15


ਅਸਿਸਟੈਂਟ ਪ੍ਰੋਫੈਸਰ, ਆਰ.ਐਸ.ਡੀ.ਕਾਲਜ, ਫ਼ਿਰੋਜ਼ਪੁਰ ਸ਼ਹਿਰ

## ਹੁੰਗਾਰਾ

'ਕਹਾਣੀ ਧਾਰਾ' ਦਾ ਅੱਖਰ ਅੱਖਰ ਪੜ੍ਹ ਦਿੱਤਾ ਹੈ। ਬੜਾ ਯਾਦਗਾਰੀ ਤੇ ਸਾਂਭਣਯੋਗ ਅੰਕ ਹੈ। ਯਾਰ ਤੇਰੀ ਮਿਹਨਤ ਨੂੰ ਸਾਲਾਮ ਕਰਨਾ ਬਣਦਾ ਹੈ। ਕਈ ਖ਼ਤ ਤਾਂ ਇਤਿਹਾਸਕ ਮਹੱਤਵ ਵਾਲੇ ਹਨ। ਅਫ਼ਜ਼ਲ ਤੌਸੀਫ਼, ਗੁਰਦਿਆਲ ਸਿੰਘ, ਗੁਰਬਚਨ ਸਿੰਘ ਭੁੱਲਰ, ਵਰਿਆਮ ਸੰਧੂ, ਪ੍ਰੇਮ ਗੋਰਖੀ, ਗੁਰਦਿਆਲ ਸਿੰਘ ਫੁੱਲ, ਰਾਮ ਸਰੂਪ ਅਣਖੀ, ਰਘਬੀਰ ਢੰਡ, ਅਤਰਜੀਤ ਤੇ ਅੰਮ੍ਰਿਤਾ ਪ੍ਰੀਤਮ ਜੀ ਵਰਗੀਆਂ ਵੱਡੀਆਂ ਸਾਹਿਤਕ ਹਸਤੀਆਂ ਦੇ ਖ਼ਤ ਪੜ੍ਹ ਕੇ ਉਹਨਾਂ ਦੇ ਅੰਦਰਲੀ ਸਖ਼ਸ਼ੀਅਤ ਨੂੰ ਸਮਝਣ ਦਾ ਮੌਕਾ ਮਿਲਦਾ ਹੈ। ਇਸ ਨੇਕ ਕਾਰਜ ਲਈ 'ਕਹਾਣੀ ਧਾਰਾ' ਮੁਬਾਰਕਾਂ ਦਾ ਹੱਕਦਾਰ ਹੈ। ਸ਼ਾਇਦ ਇਹ ਕਿਸੇ ਪੰਜਾਬੀ ਮੈਗਜ਼ੀਨ ਵਲੋਂ ਕੀਤਾ ਗਿਆ ਪਹਿਲਾ ਕਦਮ ਹੈ।

'ਛਣ ਛਣ' ਪੜ੍ਹਦਿਆਂ ਮੇਰੇ ਤਾਂ ਆਪਣੇ ਅੰਦਰ ਛਣ ਛਣ ਹੋਣ ਲੱਗ ਪਈ ਹੈ। ਤੇਰੀ ਪ੍ਰੋਫਾਈਲ ਚੈੱਕ ਕਰ ਰਿਹਾਂ। ਮੈਂ ਵੀ ਫਰੈਂਡ ਰੀਕੁਐਸਟ ਭੇਜਣ ਬਾਰੇ ਸੋਚ ਰਿਹਾਂ। ਤੁਸੀਂ ਦੁਆਬੀਏ ਏਸ ਮਾਮਲੇ 'ਚ ਬਾਜ਼ੀ ਮਾਰ ਜਾਨੇ ਓ।

ਯਾਰ! ਲੀਜ਼ਾ ਦਾ ਕੀ ਬਣਿਆ? ਮੈਂ ਸੋਚਦੈਂ... ਲੀਜ਼ਾ ਦੀ ਆਈ ਡੀ ਵੀ ਜਾਅਲੀ ਹੈ ਤੇ ਇਸਨੂੰ ਸੋਹਣ ਸਨਕੀ ਦਾ ਦੋਸਤ ਤੋਖੀ ਹੀ ਚਲਾ ਰਿਹਾ ਹੋਵੇਗਾ। ਬਾਕੀ ਤੈਨੂੰ ਪਤਾ ਹੋਊ? ਮੇਰਾ ਵੀ ਇਕ ਅਨੁਭਵ ਹੈ... ਸੋਚਦਾਂ ਸਾਂਝਾ ਕਰਾਂ। ਕਿਤੇ ਕਰਾਂਗਾ।

ਇਹ ਅੰਕ 'ਚਿੱਠੀਆਂ ਵਿਸ਼ੇਸ਼ ਅੰਕ' ਹੈ ਤੇ ਇਹ ਕਹਾਣੀ 'ਛਣ-ਛਣ' ਵੀ ਚਿੱਠੀ ਵਾਲੀ ਸ਼ੈਲੀ ਵਿੱਚ ਹੀ ਪੇਸ਼ ਹੋਈ ਹੈ। ਸੰਪਾਦਕ ਅਨੁਸਾਰ ਪਰਚੇ ਲਈ ਆਈਆਂ ਚਿੱਠੀਆਂ ਪੜ੍ਹਦਿਆਂ ਹੀ ਉਸਦੇ ਦਿਮਾਗ਼ ਵਿੱਚ 'ਛਣ-ਛਣ' ਹੋਈ ਸੀ। ਇਸੇ ਤਰ੍ਹਾਂ ਦੀ 'ਛਣ-ਛਣ' ਪਾਠਕ ਨੂੰ ਪੜ੍ਹਦਿਆਂ ਸਾਰੀ ਕਹਾਣੀ 'ਚੋਂ ਸੁਣਾਈ ਦਿੰਦੀ ਰਹਿੰਦੀ ਹੈ।

ਕਹਾਣੀ ਬੁਢਾਪੇ ਵਿਚ ਪਹੁੰਚ ਗਏ ਮਰਦ ਅੰਦਰਲੀ ਟੁੱਟ ਭੱਜ ਨੂੰ ਪੇਸ਼ ਕਰਦੀ ਹੈ। ਸੋਹਣ ਸਨਕੀ ਜਿਹੇ ਬੰਦੇ ਜਿਹੜੇ ਜਵਾਨੀ ਦੀ ਦਹਿਲੀਜ਼ ਲੰਘ ਕੇ ਬੁਢਾਪੇ ਵਿੱਚ ਆ ਚੁੱਕੇ ਨੇ ਆਪਣੀ ਬਦਲੀ ਸਰੀਰਕ, ਸਮਾਜਿਕ ਤੇ ਪਰਿਵਾਰਕ ਸਥਿਤੀ ਨੂੰ ਸਵੀਕਾਰ ਕਰਨ ਲਈ ਮਾਨਸਿਕ ਤੌਰ 'ਤੇ ਤਿਆਰ ਹੀ ਨਹੀਂ ਹੁੰਦੇ ਜਿਸ ਕਰਕੇ ਉਹਨਾਂ ਅੰਦਰ ਗੰਥੀਆਂ ਬਣ ਜਾਂਦੀਆਂ ਹਨ ਜਿਸ ਕਰਕੇ ਉਹ ਇਧਰੋਂ ਉਧਰੋਂ ਮਸਨੂਈ ਖੁਸ਼ੀ ਦਾ ਜੁਗਾੜ ਕਰਨ ਵਿੱਚ ਲੱਗੇ ਰਹਿੰਦੇ ਹਨ। ਅਜਿਹੀ ਮਸਨੂਈ ਪਰ ਇਛੁੱਕ ਖੁਸ਼ੀ ਦੀ ਭਾਲ 'ਚ ਹੀ ਸੋਹਣ ਤੇ ਉਸਦਾ ਦੋਸਤ ਫੇਸਬੁੱਕ ਦਾ ਸਹਾਰਾ ਲੈਂਦੇ ਹੋਏ ਨੌਜਵਾਨ ਲੜਕੀਆਂ ਨੂੰ ਜਾਲ਼ ਵਿਚ ਫਸਾਉਣ ਦੀ ਖੇਡ 'ਚ ਲੱਗੇ ਰਹਿੰਦੇ ਹਨ। ਉਹਨਾਂ ਦੀ ਇਹ ਭਾਲ ਵੀ ਪਾਣੀ 'ਤੇ ਬੁਲਬੁਲੇ ਵਰਗੀ ਥੋੜ੍ਹਚਿਰੀ ਤੇ ਬਹੁਤੀ ਵਾਰ ਮਸਨੂਈ ਹੀ ਹੁੰਦੀ ਹੈ। ਇਹ ਵੀ ਤਾਂ ਹੋ ਸਕਦਾ ਹੈ ਕਿ ਉਹ ਜਿਸ ਨੂੰ ਨੌਜਵਾਨ ਲੜਕੀ ਸਮਝ ਕੇ ਚੈਟਿੰਗ ਕਰਦੇ ਨੇ, ਅੱਗਿਓਂ ਉਹ ਵੀ ਉਹਨਾਂ ਵਾਂਗ ਹੀ ਵਕਤ ਪਾਸ ਕਰਨ ਵਾਲੀ ਕੋਈ ਬੁੱਢੀ ਔਰਤ ਹੋਵੇ ਜਿਸਨੇ ਆਪਣੀ ਪ੍ਰੋਫਾਈਲ 'ਤੇ ਆਪਣੀ ਜਵਾਨੀ ਵੇਲੇ ਦੀ ਫੋਟੋ ਲਾਈ ਹੋਵੇ।

ਕਹਾਣੀ ਇਸ ਪੱਖੋਂ ਮਹੱਤਵਪੂਰਨ ਹੈ ਕਿ ਮਨੁੱਖ ਜਿਉਂਦੇ ਰਹਿਣ ਦੇ ਆਹਰ ਲਈ ਕਿੰਨੀ ਕਿਸਮ ਦੇ ਹਵਾਈ ਮਹਿਲ ਖੜ੍ਹੇ ਕਰਦਾ ਹੈ। ਆਪਣੀ ਪਤਨੀ ਦੀ ਮੌਤ ਤੋਂ ਬਾਅਦ ਤੋਖੀ ਵੱਲੋਂ ਫੇਸਬੁੱਕ ਨੂੰ ਵੀ ਜਿਉਂਦੇ ਰਹਿਣ ਦੇ ਆਹਰ ਵਜੋਂ ਵਰਤ ਲਿਆ ਹੈ। ਵਿਡੰਬਨਾ ਇਹ ਕਿ ਉਸਨੂੰ ਵੱਡਾ ਮੋਬਾਇਲ ਵੀ ਉਸਦੇ ਬੇਟੇ ਨੇ ਲੈ ਕੇ ਦਿੱਤਾ ਹੈ ਤੇ ਫੇਸ ਬੁੱਕ ਚਲਾਉਣੀ ਵੀ ਉਸੇ ਨੇ ਸਿਖਾਈ ਹੈ। ਦਰਅਸਲ ਨਵੀਂ ਪੀੜ੍ਹੀ ਇਸ ਮਾਮਲੇ ਵਿੱਚ ਵਧੇਰੇ ਤਾਰਕਿਕ ਜਾਂ ਖੁੱਲ੍ਹਦਿੱਲੀ ਵਾਲਾ ਨਜ਼ਰੀਆ ਆਪਨਾਉਂਦੀ ਹੈ। ਨਵੀਂ ਪੀੜ੍ਹੀ



ਨੂੰ ਬੁਢਾਪੇ ਦੀਆਂ ਲੋੜਾਂ ਦਾ ਵਧੇਰੇ ਗਿਆਨ ਜਾਪਦਾ ਹੈ।

ਕਹਾਣੀ ਜੰਗਾਂ, ਮਨੁੱਖਤਾ ਦੇ ਹੁੰਦੇ ਘਾਣ ਨੂੰ ਵੀ ਬਾਖ਼ੂਬੀ ਚਿਤਰਨ 'ਚ ਸਫ਼ਲ ਹੋਈ ਹੈ। ਜੰਗਾਂ ਭਾਵੇਂ ਸਮੁੱਚੀ ਮਾਨਵਤਾ ਲਈ ਤਬਾਹੀ ਲੈ ਕੇ ਆਉਂਦੀਆਂ ਨੇ ਪਰ ਇਸ ਦਾ ਸਭ ਤੋਂ ਵੱਧ ਸ਼ਿਕਾਰ ਔਰਤ ਜਾਤੀ ਹੁੰਦੀ ਹੈ। ਅੰਦਰੂਨੀ ਖਾਨਾਜੰਗੀ ਦੇ ਦੌਰ ਵਿੱਚ ਵੀ ਔਰਤਾਂ ਨੂੰ ਹੀ ਸਭ ਤੋਂ ਵੱਧ ਦੁੱਖ ਤੇ ਜ਼ਬਰ ਭੋਗਣਾ ਪੈਂਦਾ ਹੈ। ਸੀਰੀਆ ਸਮੇਤ ਖਾਨਾਜੰਗੀ ਦੇ ਸ਼ਿਕਾਰ ਬਹੁਤ ਸਾਰੇ ਦੇਸ਼ਾਂ ਵਿੱਚ ਅਜਿਹੀਆਂ ਘਟਨਾਵਾਂ ਵਾਪਰਨ ਦੀਆਂ ਖ਼ਬਰਾਂ ਸੁਨਣ ਨੂੰ ਮਿਲਦੀਆਂ ਰਹਿੰਦੀਆਂ ਹਨ। ਔਰਤਾਂ ਨਾਲ ਸਮੂਹਿਕ ਬਲਾਤਕਾਰ ਆਮ ਗੱਲ ਹੋ ਜਾਂਦੀ ਹੈ।

ਭਗਵੰਤ ਰਸੂਲਪੁਰੀ ਦੀ ਕਹਾਣੀ ਬਹੁ ਪਾਸਾਰੀ ਹੈ। ਹਾਂ ਲੇਖਕ ਇਸ ਬਾਰੇ ਸਪਸ਼ਟ ਨਹੀਂ ਕਰਦਾ ਕਿ ਫੇਸਬੁੱਕ ਤੇ ਵਟਸ ਐਪ ਵਰਤਣ ਵਾਲਾ ਸੋਹਣ ਸਨਕੀ ਹੁਣ ਵੀ ਚਿੱਠੀ ਨੂੰ ਗੂੰਦ ਕਿਉਂ ਲਾਉਂਦਾ ਹੈ? ਕੀ ਉਹ ਵਟਸ ਐਪ 'ਤੇ ਨਹੀਂ ਸੀ ਭੇਜ ਸਕਦਾ?

**-ਗੁਰਮੀਤ ਕੜਿਆਲਵੀ**, ਕੋਟ ਈਸੇ ਖਾ।

ਭਗਵੰਤ ਰਸੂਲਪੁਰੀ ਦੀਆਂ ਕਹਾਣੀਆਂ ਦੀ ਪਾਠਕ ਹੋਣ ਦੇ ਨਾਤੇ ਜਿੰਨਾ ਕੁ ਮੈਂ ਉਸ ਦੀ ਕਹਾਣੀ ਨੂੰ ਸਮਝਦੀ ਹਾਂ, ਉਸ ਦੀ ਇਹ ਨਵੀਂ ਕਹਾਣੀ 'ਛਣ-ਛਣ' (ਕਹਾਣੀ ਧਾਰਾ ਅੰਕ-59) ਉਸ ਦੀਆਂ ਪਹਿਲੀਆਂ ਲਿਖੀਆਂ ਕਹਾਣੀਆਂ ਨਾਲੋਂ ਵਿਸ਼ੇ, ਸ਼ੈਲੀ ਅਤੇ ਤਕਨੀਕ ਦੇ ਪੱਖ ਤੋਂ ਬਿਲਕੁਲ ਵੱਖਰੀ ਕਿਸਮ ਦੀ ਹੈ। ਜਦੋਂ ਉਹ 'ਆਦਿ ਡੰਕਾ', 'ਸੁੱਕੀਆਂ ਕੁੰਨਾਂ' ਜਾਂ 'ਜੜ੍ਹਾਂ' ਕਹਾਣੀਆਂ ਲਿਖਦਾ ਹੈ ਤਾਂ ਜਾਪਦਾ ਹੈ ਕਿ ਉਹ ਹਾਸ਼ੀਆਗਤ ਲੋਕਾਂ ਦੇ ਦੁੱਖ-ਦਰਦ ਨੂੰ ਆਪਣੀ ਕਲਮ ਨਾਲ ਸਮੇਟ ਰਿਹਾ ਹੈ। ਪਰ ਕਹਾਣੀ 'ਛਣ-ਛਣ' ਪੜ੍ਹਦਿਆਂ ਮੈਨੂੰ ਭਗਵੰਤ ਦੇ ਵੱਖਰੀ ਤਰ੍ਹਾਂ ਦੇ ਸਾਹਿਤਕ ਦ੍ਰਿਸ਼ਟੀਕੋਣ ਦਾ ਗਿਆਨ ਹੁੰਦਾ ਹੈ। ਇਹ ਇਕ ਬਹੁ ਪਰਤੀ ਕਹਾਣੀ ਹੈ। ਸ਼ੁਰੂ ਵਿੱਚ ਪਾਠਕ ਨੂੰ ਲਗਦਾ ਹੈ ਕਿ ਠਰਕੀ ਬੁੱਢਿਆਂ ਦੇ ਸ਼ੋਸ਼ਲ ਮੀਡੀਆ ਦੀ ਦੁਰਵਰਤੋਂ ਅਤੇ ਠਰਕ ਭੋਰਨ ਦੀ ਕਹਾਣੀ ਹੈ। ਬੇ-ਰਸੀ ਤੇ ਬੇ-ਸੁਰੀ ਜ਼ਿੰਦਗੀ ਵਿੱਚੋਂ ਛਣ-ਛਣ ਦੀ ਆਵਾਜ਼ ਉਨ੍ਹਾਂ ਨੂੰ ਜ਼ਿੰਦਗੀ ਜਿਉਣ ਦਾ ਹੱਥ-ਠੋਕਾਂ ਪ੍ਰਦਾਨ ਕਰਦੀ ਨਜ਼ਰੇ ਆਉਂਦੀ ਹੈ। ਪਰ ਅੱਗੇ ਚੱਲ ਕੇ ਕਹਾਣੀ ਵੱਖਰੇ ਮੋੜ 'ਤੇ ਪਹੁੰਚਦੀ ਹੈ। ਕਹਾਣੀ ਦੀ ਪਾਤਰ ਲੀਜ਼ਾ ਰਾਹੀਂ ਸੀਰੀਆ ਦੀ ਜੰਗ 'ਚ ਮਨੁੱਖਤਾ ਦੇ ਹੁੰਦੇ ਘਾਣ ਦਾ ਵਰਨਣ ਹੁੰਦਾ ਹੈ, ਤਾਂ ਫ਼ੌਜੀ ਨੂੰ ਆਪਣੇ ਦੇਸ਼ ਵਿੱਚ ਲੜੀਆਂ ਜੰਗਾਂ ਵਿੱਚ ਆਪਣੇ ਵਲੋਂ ਔਰਤਾਂ ਨਾਲ ਕੀਤੀਆਂ ਵਧੀਕੀਆਂ ਯਾਦ ਆਉਂਦੀਆਂ ਹਨ। ਗੱਲ ਕਿ ਜੰਗ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਹੋਵੇ ਉੱਥ ਔਰਤ ਸੁਰੱਖਿਅਤ ਨਹੀਂ ਹੈ। ਕਹਾਣੀ ਵਿੱਚ ਜੰਗ ਇਕ ਮੈਟਾਫਰ ਦੇ ਤੌਰ 'ਤੇ ਉਭਰ ਕੇ ਆਉਂਦਾ ਹੈ। ਇਕ ਜੰਗ, ਜੰਗ ਦੇ ਮੈਦਾਨ ਵਿਚ ਲੜੀ ਜਾ ਰਹੀ ਹੈ। ਇਕ ਜੰਗ ਰਿਟਾਇਰਡ ਫ਼ੌਜੀ ਆਪਣੇ ਆਪ ਨਾਲ ਲੜ ਰਿਹਾ ਹੈ। ਅਤੇ ਇਕ ਹੋਰ ਜੰਗ ਕਹਾਣੀ ਪੜ੍ਹਦਿਆਂ ਪਾਠਕ ਦੇ ਮਨ ਵਿੱਚ ਚਲ ਰਹੀ ਹੈ। ਖ਼ੂਬਸੂਰਤ ਕਹਾਣੀ ਲਈ ਭਗਵੰਤ ਰਸੂਲਪੁਰੀ ਨੂੰ ਬਹੁਤ ਬਹੁਤ ਮੁਬਾਰਕਾਂ।

**-ਤ੍ਰਿਪਤਾ ਕੇ. ਸਿੰਘ**, ਹੁਸਿਆਰਪੁਰ

'ਕਹਾਣੀ ਧਾਰਾ' ਮੈਗਜ਼ੀਨ ਦਾ ਚਿੱਠੀਆਂ ਅੰਕ ਪੜ੍ਹ ਰਿਹਾ ਹਾਂ, ਜਿਉਂ ਜਿਉਂ ਪੜ੍ਹ ਰਿਹਾ ਹਾਂ ਭਗਵੰਤ ਰਸੂਲਪੁਰੀ ਦੀ ਮਿਹਨਤ ਤੋਂ ਅਸ਼ਕੇ ਜਾ ਰਿਹਾ ਹਾਂ। ਹੁਣੇ ਸ਼ਿਵ ਕੁਮਾਰ ਬਟਾਲਵੀ ਦੇ ਰਾਵਲ ਸਿੰਘ ਧੂਤ ਨੂੰ ਲਿਖੇ ਖ਼ਤ ਅਤੇ ਰਘੁਬੀਰ ਢੰਡ ਦਾ ਮੋਹਨ ਭੰਡਾਰੀ ਨੂੰ ਲਿਖਿਆ ਖ਼ਤ ਪੜ੍ਹਿਆ ਹੈ, ਮਨ ਭਾਵੁਕ ਹੋ ਗਿਆ ਹੈ। ਖ਼ਤਾਂ ਬਾਰੇ ਗੱਲ ਤਾਂ ਬਾਅਦ ਵਿੱਚ ਕਰਾਂਗਾ ਅੱਜ ਤਾਂ ਮੱਲੋ ਮੱਲੀ ਇਸ ਅੰਕ ਬਾਰੇ ਗੱਲ ਕਰਨ ਨੂੰ ਮਨ ਕਰ ਆਇਆ ਹੈ। ਭਾਵੇਂ ਮੈਂ ਇਨ੍ਹਾਂ ਲੇਖਕਾਂ ਦੀਆਂ ਜੀਵਨੀਆਂ ਵੀ ਪੜ੍ਹੀਆਂ ਹਨ ਅਤੇ ਉਨ੍ਹਾਂ ਦੇ ਦੋਸਤਾਂ ਤੋਂ ਬਹੁਤ ਕੁਝ ਜਾਣਿਆ ਹੈ, ਪਰ ਜੋ ਖ਼ਤ ਪੜ੍ਹ ਕੇ ਉਨ੍ਹਾਂ ਦੀ ਮਾਨਸਿਕ ਹਾਲਤ ਅਤੇ ਹੋਰ ਪਹਿਲੂਆਂ ਬਾਰੇ ਪਤਾ ਲੱਗਦਾ ਹੈ, ਉਸ ਦਾ ਵਰਨਣ ਕੋਈ ਵੀ ਇਨ੍ਹਾਂ ਦੇ ਰੇਖਾ ਚਿੱਤਰਾਂ ਵਿੱਚ ਨਹੀਂ ਕਰ ਸਕਦਾ। ਭਗਵੰਤ ਨੇ ਇਹ ਖ਼ਤ ਇਕੱਠੇ ਕਰਕੇ ਅਤੇ ਛਾਪ ਕੇ ਇੱਕ ਬਹੁਤ ਵਧੀਆ ਖ਼ਜ਼ਾਨਾ ਸੰਭਾਲ ਲਿਆ ਹੈ। ਇਹ ਅੰਕ

ਸਾਂਭਣ ਯੋਗ ਹੈ, ਪੰਜਾਬੀ ਪਾਠਕਾਂ ਲਈ ਆਪਣੇ ਮਹਿਬੂਬ ਲੇਖਕਾਂ ਬਾਰੇ ਜੋ ਜਾਣਕਾਰੀ ਇਨ੍ਹਾਂ ਚਿੱਠੀਆਂ ਵਿੱਚੋਂ ਮਿਲੇਗੀ, ਉਹ ਹੋਰ ਕਿਤੋਂ ਨਹੀਂ ਮਿਲ ਸਕਦੀ। ਮੈਂ ਚਾਹੁੰਦਾ ਹਾਂ ਹਰੇਕ ਪੰਜਾਬੀ ਪਾਠਕ ਇਹ ਅੰਕ ਜ਼ਰੂਰ ਪੜ੍ਹੇ। ਭਗਵੰਤ ਨੂੰ ਫਿਰ ਇਨ੍ਹਾਂ ਖ਼ਤਾਂ ਨੂੰ ਸਾਂਭਣ 'ਤੇ ਵਧਾਈ ਦੇਂਦਾ ਹਾਂ ਤੇ ਪੰਜਾਬੀ ਪਾਠਕਾਂ ਵੱਲੋਂ ਧੰਨਵਾਦ ਕਰਦਾ ਹਾਂ। ਹੁਣ ਤੱਕ ਜਿਹੜੇ 50-55 ਖ਼ਤ ਪੜ੍ਹੇ ਹਨ। ਉਨ੍ਹਾਂ ਬਾਰੇ ਵੀ ਲਿਖਣ ਨੂੰ ਮਨ ਕਰਦਾ ਹੈ, ਪਰ ਇਸ ਸਭ ਕੁਝ ਲਈ ਘੱਟੋ ਘੱਟ 15 ਪੋਸਟਾਂ ਪਾਉਣੀਆਂ ਪੈਣਗੀਆਂ।

**- ਸਤਨਾਮ ਸਿੰਘ ਸ਼ੋਕਰ**, (ਫੇਸ ਬੁੱਕ ਵਾਲ ਤੋਂ)

'ਕਹਾਣੀ ਧਾਰਾ' ਦੇ ਜਨਵਰੀ-ਮਾਰਚ, 2020 ਅੰਕ ਵਿਚ ਛਪਿਆ ਡਾ. ਜਸਵਿੰਦਰ ਕੌਰ ਬਿੰਦਰਾ ਦਾ ਲੇਖ 'ਪੰਜਾਬੀ ਕਹਾਣੀ-ਮਾਂ-ਧੀ ਦੇ ਰਿਸ਼ਤੇ ਦੀ ਪੇਸ਼ਕਾਰੀ' ਬਹੁਤ ਵਧੀਆ ਲੇਖ ਸੀ। ਲੇਖ ਵਿਚ ਲਿਖੀਆਂ ਕਹਾਣੀਆਂ ਰਾਹੀਂ ਮਾਂ ਧੀ ਦੇ ਰਿਸ਼ਤੇ ਦੇ ਜੋ ਪਹਿਲੂ ਉਭਰਦੇ ਹਨ, ਉਨ੍ਹਾਂ ਤੋਂ ਇਲਾਵਾ ਕਈ ਅਜਿਹੇ ਪਹਿਲੂ ਵੀ ਇਸ ਰਿਸ਼ਤੇ ਨਾਲ ਸੰਬੋਧਿਤ ਹਨ ਜੋ ਅਜੇ ਕਹਾਣੀਆਂ ਵਿਚ ਆਏ ਨਹੀਂ ਜਾਂ ਅਜੇ ਲੇਖਕਾਂ ਦੀਆਂ ਰਚਨਾਵਾਂ ਸਾਡੇ ਤੱਕ ਪਹੁੰਚੀਆਂ ਨਹੀਂ। ਅੱਜ ਦੇ ਸਮੇਂ ਮਾਂ ਧੀ ਦੇ ਰਿਸ਼ਤੇ ਦੇ ਸੰਬੰਧ ਵਿਚ ਜੋ ਆਲੇ-ਦੁਆਲੇ ਘਟਨਾਵਾਂ ਵਾਪਰ ਰਹੀਆਂ ਹਨ ਉਨ੍ਹਾਂ ਨੇ ਕਈ ਪ੍ਰਸ਼ਨ ਚਿੰਨ, ਚਣੌਤੀਆਂ ਸਮਾਜ ਸਾਹਮਣੇ ਰੱਖ ਦਿੱਤੀਆਂ ਹਨ, ਮੈਂ ਖੁਦ ਇਹ ਲੇਖ ਪੜ੍ਹ ਕੇ ਬੜੀ ਬੇਚੈਨ ਹੋਈ ਤੇ ਦਿਲ ਕਰ ਰਿਹਾ ਹੈ ਕਿ ਮਾਂ ਧੀ ਦੇ ਰਿਸ਼ਤੇ ਦੇ ਹੋਰ ਪਹਿਲੂਆਂ ਬਾਰ ਜੋ ਘਟਨਾਵਾਂ ਮੈਂ ਹੰਢਾਈਆਂ ਹਨ, ਉਨ੍ਹਾਂ ਬਾਰੇ ਜ਼ਰੂਰ ਲਿਖਾਂ। ਲੇਖਿਕਾਂ ਨੂੰ ਵਧੀਆ ਲੇਖ ਲਿਖਣ ਲਈ ਵਧਾਈ ਦੇਂਦੇ ਹਾਂ।

**-ਹਰਕਮਲ ਕੌਰ, ਜਲੰਧਰ।**

'ਕਹਾਣੀ ਧਾਰਾ-56' ਅੰਕ ਪੜ੍ਹਿਆ। ਜਿੰਦਰ ਦੀ ਕਹਾਣੀ 'ਆਊਟ-ਸਾਈਡਰ' ਦੋ ਪਰਿਵਾਰਾਂ ਨਾਲ ਜੁੜੀ ਇੱਕ ਔਰਤ ਦੀ ਦਿਲ ਨੂੰ ਝੰਝੋੜ ਦੇਣ ਵਾਲੀ ਕਹਾਣੀ ਹੈ। ਜਿਸਦੇ ਜੀਵਨ 'ਚ ਉਥਲ-ਪੁਥਲ ਆਈ ਹੋਈ ਹੈ। ਪਹਿਲੇ ਪਤੀ ਦੇ ਅਚਾਨਕ ਮਰਨ ਤੋਂ ਬਾਅਦ ਨਵੇਂ ਪਤੀ 'ਚ ਸਮਤੋਲ ਬਣਾਈ ਰੱਖਣ ਲਈ ਸੰਘਰਸ਼ ਕਰ ਰਹੀ। ਤਣਾਓ ਭਰੀ ਇਹ ਗਾਥਾ ਅੱਧ ਤੋਂ ਬਾਅਦ ਸਿਖ਼ਰ ਵੱਲ ਵਧਦੀ ਹੈ, ਇੱਕ ਖ਼ੂਬਸੂਰਤ ਕਹਾਣੀ ਬਣ ਜਾਂਦੀ ਹੈ। ਅੰਤ ਵੱਲ ਪਹੁੰਚ ਕੇ ਸੋਚਣ ਲਈ ਮਜ਼ਬੂਰ ਕਰ ਦੇਂਦੀ ਹੈ।

ਮੇਜਰ ਮਾਂਗਟ ਸਾਡਾ ਸਾਹਣ ਕਹਾਣੀਕਾਰ ਹੈ। ਉਸਦਾ ਨਾਂ ਪੜ੍ਹਦਿਆਂ ਹੀ ਉਸਦੀ ਕਹਾਣੀ ਪੜ੍ਹਨ ਦੀ ਦਿਲਚਸਪੀ ਵਧ ਜਾਂਦੀ ਹੈ। 'ਮਿੱਟੀ ਨਹੀਂ ਮਰਦੀ' ਬਾਹਰ ਨੂੰ ਉੱਡ ਚੱਲੀ ਜਵਾਨੀ ਤੇ ਸਲਫ਼ਾਸਾਂ ਖਾ ਕੇ ਮਰਨ ਵਾਲੀ ਕਿਰਸਾਨੀ ਦਾ ਗਹਿਰਾ ਦੁਖਾਂਤ ਪੇਸ਼ ਕੀਤਾ ਗਿਆ ਹੈ। ਇਹ ਦੁੱਖ ਭਰਿਆ ਬਿਰਤਾਂਤ ਪੜ੍ਹ ਕੇ ਦਿਲ ਨੂੰ ਡੋਬੂ ਪੈਂਦੇ ਹਨ। ਕਰਨੈਲ ਸਿੰਘ ਵਜ਼ੀਰਾਬਾਦ ਦੀ ਕਹਾਣੀ 'ਕੇਸਰ ਦਾ ਕੁੰਦਨ' ਬੇਹੱਦ ਦਿਲਚਸਪ ਕਹਾਣੀ ਹੋ ਨਿਬੜੀ ਹੈ।

ਸਾਡੇ ਪਿਆਰੇ ਲੇਖਕ ਪ੍ਰੇਮ ਪ੍ਰਕਾਸ਼ ਹੁਰਾਂ ਦੇ ਲੇਖ 'ਬੁੱਢਾ ਹੋਇਆ ਸੇਖ ਫ਼ਰੀਦ' ਪੜ੍ਹ ਕੇ ਮਨ ਉਤਸ਼ਾਹ ਨਾਲ ਭਰ ਗਿਆ ਹੈ। ਪੰਜਾਬੀ ਸਾਹਿਤ ਤੋਂ ਹੁੰਦੀ ਕਮਾਈ ਬਾਰੇ ਲਿਖ ਕੇ ਉਸਨਾਂ ਨੇ ਪੰਜਾਬੀ ਸਾਹਿਤਕਾਰਾਂ ਦਾ ਖ਼ੂਨ ਕਿੱਲੋ ਕਿੱਲੋ ਜ਼ਰੂਰ ਵਧਾ ਦਿੱਤਾ ਹੈ ਕਿ ਮਿਹਨਤ ਨਾਲ ਆਪੋ-ਆਪਣੀ ਵਿਧਾ 'ਚ ਲਿਖੋ। ਫ਼ਲ ਅਵੱਸ਼ ਮਿਲੇਗਾ।

ਡਾ. ਲਕਸ਼ਮੀ ਨਰਾਇਣ ਭੀਖੀ ਦੀਆਂ ਯਾਦਾਂ ਵੀ ਰੋਚਕ ਸਨ। ਡਾ. ਜਗਤਾਰ ਹੁਰਾਂ ਦੀ ਰਚਨਾ ਦਾ ਸਫ਼ਰ ਬੜਾ ਸ਼ਾਨਦਾਰ ਸੀ। ਕਈ ਜਗ੍ਹਾ ਭਾਵੁਕ ਵੀ ਕਰਦਾ ਹੈ। ਪ੍ਰਸਿੱਧ ਆਲੋਚਕ ਡਾ. ਜਸਵਿੰਦਰ ਕੌਰ ਬਿੰਦਰਾ ਸਾਡੇ ਬੜੇ ਮਿਹਨਤੀ ਤੇ ਸਿੱਕੇਬੰਦ ਆਲੋਚਕ ਹਨ। ਉਹਨਾਂ ਦਾ ਲੇਖ 'ਪੰਜਾਬੀ ਕਹਾਣੀ 'ਚ ਮਾਂ ਧੀ ਦੇ ਰਿਸ਼ਤੇ ਦੀ ਪੇਸ਼ਕਾਰੀ' ਬੜੀ ਹੀ ਵਿਸਥਾਰ ਨਾਲ, ਵੱਖ ਵੱਖ ਕਹਾਣੀਕਾਰਾਂ ਦੀਆਂ ਚੰਗੀਆਂ ਕਹਾਣੀਆਂ 'ਚੋਂ ਕੋਡ ਕਰਕੇ ਇੱਕ ਸ਼ਾਨਦਾਰ ਵਿਸ਼ਲੇਸ਼ਣ ਕੀਤਾ ਹੈ।

ਬਾਕੀ ਪ੍ਰਸਿੱਧ ਲੇਖਕ ਗੁਰਬਚਨ ਸਿੰਘ ਭੁੱਲਰ ਹੁਰਾਂ ਦੀ ਪੁਸਤਕ 'ਬਚਨ-ਬਿਲਾਸ' 'ਚੋਂ ਕੁਝ ਕੁਝ ਸੁੰਦਰ ਲਾਈਨਾਂ ਵੀ ਥਾਂ ਕੁਥਾਂਹ ਛਾਪੀਆਂ ਹਨ। ਬਹੁਤ ਹੀ ਭਾਵਪੂਰਤ ਹਨ। ਇਹ ਪਿਆਰੀ ਤਕੜੀ ਪੁਸਤਕ ਮੈਂ ਕਾਫ਼ੀ ਸਮਾਂ ਪਹਿਲਾਂ ਖਰੀਦ ਕੇ ਪੜ੍ਹੀ ਹੈ। ਇਹ ਉਦੋਂ ਤੋਂ ਹੀ ਮੇਰੀ ਹਰਮਨ ਪਿਆਰੀ ਕਿਤਾਬ ਹੋ ਨਿਬੜੀ ਹੈ। ਇਸ ਵਿੱਚ ਹਰਭਜਨ ਸਿੰਘ ਹੁੰਦਲ ਹੁਰਾਂ ਨਾਲ ਵੀ ਵੱਡੀ ਇੰਟਰਵਿਊ ਹੈ। ਉਹਨਾਂ ਨਾਲ ਵੀ ਇਸ ਬਾਰੇ ਫੱਤੂ ਚੱਕ 'ਚ ਗੱਲਬਾਤ ਹੁੰਦੀ ਰਹੀ ਹੈ।

ਅੰਤ 'ਚ ਭਗਵੰਤ ਹੁਰਾਂ ਦੇ ਸਟੱਡੀ ਟੇਬਲ ਤੇ ਵੱਖ ਵੱਖ ਪੜ੍ਹੀਆਂ ਤੇ ਵਿਚਾਰੀਆਂ ਗਈਆਂ ਪੁਸਤਕਾਂ ਬਾਰੇ ਵੀ ਸੰਖੇਪ 'ਚ ਵਧੀਆ ਲਿਖਿਆ ਹੈ। ਕਹਾਣੀਕਾਰਾ ਨਰਿੰਦਰ ਕੌਰ ਭੱਚੂ ਨੇ ਝੱਟਪਟ ਹੀ ਦੋ ਕਹਾਣੀ ਸੰਗ੍ਰਹਿ ਛਪਵਾਅ ਕੇ ਪੰਜਾਬੀ ਕਹਾਣੀ ਦੀ ਝੋਲੀ ਪਾਉਣੇ ਇੱਕ ਮਾਰਅਕੇ ਵਾਲਾ ਕੰਮ ਕੀਤਾ ਹੈ।

**-ਡਾ. ਕਰਮਜੀਤ ਸਿੰਘ ਨਡਾਲਾ**, ਵਾਲੀਆ ਹਸਪਤਾਲ, ਨਡਾਲਾ

ਲੌਕ ਡਾਊਨ ਤੋਂ ਬਾਅਦ 'ਕਹਾਣੀ ਧਾਰਾ' ਦਾ ਅੰਕ ਅਪ੍ਰੈਲ-ਸਤੰਬਰ, 2020 ਮਿਲਿਆ। ਇਸ ਦਾ ਟਾਇਟਲ ਬਹੁਤ ਖ਼ੂਬਸੂਰਤ ਤਿਆਰ ਕੀਤਾ ਗਿਆ ਹੈ। ਇਹ ਨਿਰੋਲ ਕਹਾਣੀ ਦਾ ਪਰਚਾ ਹੈ। ਪਰ ਨਾਵਲ ਅੰਸ਼, ਸਵੈ ਬਿਰਤਾਂਤ ਅਤੇ ਅਨੁਵਾਦ ਕਹਾਣੀਆਂ ਵੀ ਸ਼ਾਮਿਲ ਕੀਤੀਆਂ ਜਾਂਦੀਆਂ ਹਨ। ਨਿਰੰਜਣ ਬੋਹਾ ਦੀ ਕਹਾਣੀ 'ਕੋਈ ਵੀ ਤਾਂ ਨਹੀਂ', ਇੱਛੂਪਾਲ ਦੀ ਕਹਾਣੀ 'ਸੁਪਨੇ ਰਿਸ਼ਤੇ ਅਤੇ ਜ਼ਿੰਦਗੀ', ਡਾ. ਕਰਮਜੀਤ ਸਿੰਘ ਨਡਾਲਾ ਦੀ ਕਹਾਣੀ 'ਬਣਵਾਸ' ਅਤੇ ਬਲਵੀਰ ਰੀਹਲ ਦੀ ਕਹਾਣੀ 'ਗੋਲਡਨ ਅੱਖਰ' ਸਮੇਤ ਸਾਰੀਆਂ ਹੀ ਕਹਾਣੀਆਂ ਬਹੁਤ ਉੱਚ ਪੱਧਰ ਦੀਆਂ ਹਨ। ਗੁਰਮੀਤ ਕੜਿਆਲਵੀ ਦੀ ਕਹਾਣੀ 'ਜਿਉਂਦਾ ਰਹਿ ਵੇ ਬੱਚੜਿਆ' ਅਤੇ ਉਸ ਦਾ ਸਵੈ ਬਿਰਤਾਂਤ 'ਦਹਿਸ਼ਤ ਭਰੇ ਦਿਨ 'ਚ' ਵੀ ਪੜ੍ਹਨਯੋਗ ਹੈ। ਜੇ. ਬੀ. ਸੇਖੋਂ ਅਤੇ ਡਾ. ਸਵਰਨਜੀਤ ਕੌਰ ਸੰਮੀ ਦੇ ਲੇਖ ਵੀ ਜਾਣਕਾਰੀ ਭਰਪੂਰ ਹਨ। ਮੈਂ ਇਸ ਰਸਾਲੇ ਦਾ ਮੁੱਢ ਤੋਂ ਪਾਠਕ ਹਾਂ। ਇਸ ਵਿਚ ਪੜ੍ਹਨਯੋਗ ਸਮੱਗਰੀ ਹੁੰਦੀ ਹੈ।


'ਕਹਾਣੀ ਧਾਰਾ' ਅੰਕ ਅਕਤੂਬਰ-ਦਸੰਬਰ, 2020 ਨੂੰ ਵਾਚਿਆ ਗਿਆ। ਇਸ ਅੰਕ ਵਿਚ ਕਰੀਬ 103 ਵਿਦਵਾਨਾਂ ਦੀਆਂ ਚਿੱਠੀਆਂ ਸ਼ਾਮਲ ਕੀਤੀਆਂ ਗਈਆਂ ਹਨ। ਪਿਛਲੇ ਪੰਜਾਹ ਸਾਲਾਂ ਤੋਂ ਇਕੱਤਰ ਕੀਤੀਆਂ ਗਈਆਂ ਚਿੱਠੀਆਂ ਨੂੰ ਸਾਮਿਲ ਕੀਤਾ ਗਿਆ ਹੈ। ਭਾਵੇਂ ਇਹਨਾਂ ਵਿਦਵਾਨਾਂ ਵਿਚ ਕਈ ਇਸ ਸਮੇਂ ਸਾਡੇ ਵਿਚਕਾਰ ਨਹੀਂ ਹਨ।

ਚਿੱਠੀਆਂ ਵੀ ਇਕ ਸਾਹਿਤ ਦਾ ਰੂਪ ਹੁੰਦਾ ਹੈ ਕਿਉਂਕਿ ਸਾਹਿਤਕ ਟਿੱਪਣੀਆਂ ਅਤੇ ਵਿਚਾਰਾਂ ਤੋਂ ਕੁਝ ਨਾ ਕੁਝ ਪ੍ਰਾਪਤ ਹੁੰਦਾ ਹੈ। ਹਰ ਇਨਸਾਨ ਦੇ ਮਨ ਦੇ ਵਲਵਲੇ ਹੁੰਦੇ ਹਨ ਜਿਨ੍ਹਾਂ ਨੂੰ ਸਾਹਿਤਕਾਰ ਲਿਖਤੀ ਰੂਪ ਵਿਚ ਦੂਜਿਆਂ ਦੇ ਸਨਮੁੱਖ ਕਰਦੇ ਹਨ। ਚਿੱਠੀਆਂ ਇਕ ਦੂਜੇ ਦੇ ਦੁੱਖ-ਸੁੱਖ ਸਾਝਾਂ ਕਰਨ ਵਿਚ ਕਾਫੀ ਮਹੱਤਵ ਪੂਰਨ ਰੋਲ ਅਦਾ ਕਰਦੀਆਂ ਹਨ। ਅੱਜ ਦੇ ਯੁਗ ਵਿਚ ਚਿੱਠੀਆਂ ਦੀ ਲੋੜ ਸ਼ੋਸ਼ਲ ਮੀਡੀਆ ਨੇ ਘਟਾ ਦਿੱਤੀ ਹੈ ਜਿਸ ਕਰਕੇ ਚਿੱਠੀਆਂ ਦਾ ਅਦਾਨ ਪ੍ਰਦਾਨ ਬਹੁਤ ਘਟ ਹੋ ਗਿਆ ਹੈ। ਸਾਰੀਆਂ ਗੱਲਾਂ ਅਸੀਂ ਫੇਸ ਬੁੱਕ ਅਤੇ ਵੱਟਸਐਪ ਰਾਹੀ ਕਰਦੇ ਹਾਂ ਪਰ ਫਿਰ ਵੀ ਕਈ ਅਜੇਹੀਆਂ ਚੀਜਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਚਿੱਠੀਆਂ ਰਾਹੀਂ ਰਜਿਸਟਰਡ ਪੋਸਟ ਜਾਂ ਕੋਰੀਅਰ ਰਾਹੀਂ ਪ੍ਰਾਪਤ ਕਰਨੀ ਪੈਂਦੀ ਹੈ। ਉਸ ਸਮੇਂ ਚਿੱਠੀਆਂ ਦੀ ਮਹੱਤਤਾ ਦਾ ਪਤਾ ਲੱਗਦਾ ਹੈ।


ਇਸ ਅੰਕ ਵਿਚ ਭਗਵੰਤ ਰਸੂਲਪੁਰੀ ਦੀ ਕਹਾਣੀ 'ਛਣ-ਛਣ' ਵੀ ਇਹਨਾਂ ਚਿੱਠੀਆਂ ਦੀ ਉਪਜ ਹੈ। ਉਹ ਆਪ ਕਹਿੰਦੇ ਹਨ ਕਿ ਚਿੱਠੀਆਂ ਪੜ੍ਹਦੇ ਪੜ੍ਹਦੇ ਉਹਨਾਂ ਦੀ ਕਹਾਣੀ ਨੇ ਵੀ ਚਿੱਠੀ ਦੀ ਸ਼ੈਲੀ ਦਾ ਰੂਪ ਧਾਰਨ ਕਰ ਲਿਆ ਹੈ। ਇਸ ਮੈਗਜ਼ੀਨ ਵਿਚ ਕੁਝ ਚਿੱਠੀਆਂ ਦੇ ਸੰਗ੍ਰਹਿਾਂ ਦਾ ਵੀ ਜਿਕਰ ਕੀਤਾ ਗਿਆ ਹੈ ਜਿਵੇਂ ਨਾਨਕ ਸਿੰਘ ਦੀ ਖ਼ਤੋ ਕਿਤਾਬਤ, ਪਿਆਰਿਓ, ਹਰਫ਼ ਬ ਹਰਫ਼, ਪ੍ਰੇਮ ਚੰਦ ਦੇ ਖ਼ਤ, ਮੰਟੋ ਦੇ ਖ਼ਤ ਆਦਿ। 'ਕਹਾਣੀ ਧਾਰਾ' ਦਾ ਹੱਥਲਾ ਅੰਕ ਸਲਾਹੁਣਯੋਗ ਉੱਦਮ ਹੈ। ਇਸ ਕਾਰਜ ਲਈ ਸੰਪਾਦਕ ਵਧਾਈ ਦਾ ਹੱਕਦਾਰ ਹੈ। ਭਵਿੱਖ 'ਚ ਵੀ ਅਜਿਹੇ ਕਾਰਜ ਚੱਲਦੇ ਰਹਿਣਗੇ।

**-ਤੇਜਿੰਦਰ ਚੰਡਿਹੋਕ**, ਰਿਟਾ. ਏ ਐਸ ਪੀ ਜੇਲ੍ਹ, ਬਰਨਾਲਾ

## ਪਰਵਾਜ਼ ਪ੍ਰਕਾਸ਼ਨ ਦੀਆਂ ਛਪੀਆਂ ਨਵੀਆਂ ਪੁਸਤਕਾਂ




ਖੌਫ਼ਨਾਕ ਪੈਂਡੇ
(ਯਾਤਰਾ ਬਿਰਤਾਂਤ)
ਨਰਿੰਦਰ ਕੌਰ ਭੱਚੂ
ਮੁੱਲ 200/-




ਵਾਰਿਸ
(ਨਾਵਲ)
ਰਜਿੰਦਰ ਸਿੰਘ ਢੱਡਾ
ਮੁੱਲ 200/-




ਜਦੋਂ ਤੂੰ ਚੁੱਪ ਸੀ
(ਕਵਿਤਾਵਾਂ)
ਮਨਦੀਪ ਰਿੰਮੀ
ਮੁੱਲ 200/-





ਇੱਕੀਵੀਂ ਸਦੀ ਦੇ ਪੰਜਾਬੀ
ਨਾਵਲ ਵਿੱਚ ਨਾਰੀ ਸਰੋਕਾਰ
(ਆਲੋਚਨਾ)
ਰਮਨੀਤ ਕੌਰ
ਮੁੱਲ 200/-

ਪਰਵਾਜ਼ ਪ੍ਰਕਾਸ਼ਨ
ਪਤਾ ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-144026
ਫੋਨ 94170-64350

Parwaz Parkashan
E.mail:parwazparkashan@gmail.com
Mob. 94170-64350

Year: 16 Issue No. 60 ISSN: 2321-4445
'KAHANI DHARA'(PUNJABI QUARTERLY) Jan.-Mar., 2021, R.N.I. Regd No. PUN PUN 2006 / 19971




## ਆਪਣੇ ਆਪਣੇ ਮਰਸੀਏ
### (ਕਹਾਣੀ ਸੰਗ੍ਰਹਿ)

ਸਰਘੀ ਨੇ ਆਪਣੇ ਏਸ ਕਹਾਣੀ ਸੰਗ੍ਰਹਿ ਵਿਚ ਸ਼ਾਮਿਲ 9 ਕਹਾਣੀਆਂ ਰਾਹੀਂ 21 ਵੀਂ ਸਦੀ ਦੀ ਓਸ ਨਾਰੀ ਨੂੰ ਪੇਸ਼ ਕੀਤਾ ਹੈ, ਜਿਹੜੀ ਨਾਰੀ 'ਨਿੱਜੀ ਜਾਇਦਾਦ' ਦੀ ਜਕੜ ਤੋਂ ਨਾਬਰੀ ਦੀ ਸੁਰ ਰੱਖਦੀ ਹੈ। 'ਰਾਡ' ਕਹਾਣੀ ਵਿਚ ਉਸ ਨੇ ਔਰਤ ਦੀ ਓਸ ਮਨੋਦਿਸ਼ਾ ਨੂੰ ਬਿਆਨ ਕੀਤਾ ਹੈ, ਜਿਹੜੀ ਮਨੋਦਿਸ਼ਾ ਮੀਡੀਆ ਘੜਦਾ ਹੈ। ਜੋ ਉਸ ਨੂੰ ਮਨੋਰੋਗੀ ਬਣਾ ਦਿੰਦਾ ਹੈ। ਸਰਘੀ 'ਆਪਣੇ ਆਪਣੇ ਮਰਸੀਏ' ਅਤੇ 'ਹੋਲੀਡੇ ਵਾਈਫ' ਕਹਾਣੀਆਂ 'ਚ ਔਰਤ ਦੇ ਸ਼ੋਸ਼ਣ ਦੀਆਂ ਵੱਖ-ਵੱਖ ਪਰਤਾਂ ਨਿੱਕੀਆਂ-ਨਿੱਕੀਆਂ ਛੋਹਾਂ ਨਾਲ ਬਿਆਨ ਕਰਦੀ ਹੈ।ਉਸ ਕੋਲ ਸਮਾਜ ਨੂੰ ਸਮਝਣ ਦਾ ਅਤੇ ਫਿਰ ਕਹਾਣੀ ਕਲਾ ਰਾਹੀਂ ਪੇਸ਼ ਕਰਨ ਦਾ ਵਿਸ਼ਾਲ ਅਨੁਭਵ ਹੈ। ਕਹਾਣੀ ਵਿਚ ਵਰਤੇ ਚਿਹਨ ਅਤੇ ਭਾਸ਼ਾ ਕਹਾਣੀ ਨੂੰ ਗਹਿਰੇ ਅਰਥ ਪ੍ਰਦਾਨ ਕਰਦੇ ਹਨ।'ਬਰਸੇ ਮੇਘ' ਜਿੱਥੇ ਔਰਤ 'ਹਾਣੀ ਅੰਬਰ' ਲਈ ਤਾਂਘਦੀ ਹੈ, ਉੱਥੇ ਇਹ ਸੁਰ ਵੀ ਬੁਲੰਦ ਕਰਦੀ ਦਿਖਾਈ ਦੇਂਦੀ ਹੈ ਕਿ ਔਰਤ ਕੋਈ ਸ਼ੈਅ ਨਹੀਂ ਹੁੰਦੀ। 'ਰਾਬਾਬੀ' ਕਹਾਣੀ ਅਕਾਦਮਿਕ, ਰਾਜਨੀਤਿਕ, ਧਾਰਮਿਕ ਵਰਤਾਰਿਆਂ ਦੀ ਨੇਰ ਗਰਦੀ ਨੂੰ ਯਥਾਰਥਕ ਢੰਗ ਨਾਲ ਪੇਸ਼ ਕਰਦੀ ਹੈ। ਮਰਦਾਨੇ ਦੀ ਜਾਤੀ ਵਾਲਾ ਗਿਆਨਵਾਨ ਅਧਿਆਪਕ ਪਾਤਰ ਪੈਰ-ਪੈਰ 'ਤੇ ਪੀੜਤ ਤੇ ਜ਼ਲੀਲ ਹੁੰਦਾ ਹੈ। 'ਹੌਂਟਡ ਹਾਊਸ', 'ਕੁੜੀਆਂ', 'ਜਿਸ ਦਿਹਾੜੇ ਮੇਰਾ ਹਰਿਆ ਨੀ...', 'ਸਭੁ ਦੇਸ ਪਰਾਇਆ' ਅਜੋਕੀ ਜ਼ਿੰਦਗੀ ਦੇ ਵਿਭਿੰਨ ਰੰਗਾਂ ਨੂੰ ਪਕੜਣ ਦੀ ਸਮਰੱਥਾ ਰੱਖਦੀਆਂ ਹਨ। ਪੰਜਾਬੀ ਕਹਾਣੀ ਵਿਚ 'ਆਪਣੇ ਆਪਣੇ ਮਰਸੀਏ' ਦਾ ਸਵਾਗਤ ਹੈ।

***ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ***
***ਮੁੱਲ: 200 , ਪੰਨੇ:120, ਸਾਲ: 2020***